

# ਭਗਤ ਸਿੰਘ: ਵਿਚਾਰਵਾਨ ਇਨਕਲਾਬੀ



ਚਮਨ ਲਾਲ



ਭਗਤ ਸਿੰਘ:
ਵਿਚਾਰਵਾਨ ਇਨਕਲਾਬੀ

ਭਗਤ ਸਿੰਘ : ਵਿਚਾਰਵਾਨ ਇਨਕਲਾਬੀ

# ਭਗਤ ਸਿੰਘ : ਵਿਚਾਰਵਾਨ ਇਨਕਲਾਬੀ

ਚਮਨ ਲਾਲ

ਨਵਯੁਗ

BHAGAT SINGH : VICHARVAN INQLABI

by

CHAMAN LAL
prof.chaman@gmail.com
bhagatsinghstudy.blogspot.com

Navyug Publishers
K-24, Hauz Khas, New Delhi-110 016

http://navyug.publishers.tripod.com

All rights reserved. No part of this Publication may be reproduced or transmitted in any form or by any means without prior
permission in writing from both the Author and Publisher.

ISBN 81-7599-196-8

© 2008

ਸਰਵਰਕ : ਇਮਰੋਜ਼

ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, K-24, ਹੌਜ਼ ਖ਼ਾਸ, ਨਵੀਂ ਦਿੱਲੀ-110 016

ਟਾਈਪਸੈਟਿੰਗ : ਜਨਤਕ ਪ੍ਰੈੱਸ, ਪਲੇਂਡੀਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110 006

ਛਾਪਕ : ਵਿਮਲ ਆਫਸੈਟ, ਨਵੀਨ ਸ਼ਾਹਦਰਾ, ਦਿੱਲੀ-110 032

ਮੁੱਲ : 450 ਰੁਪਏ

# ਸਮਰਪਣ

ਚੰਦਰ ਸ਼ੇਖਰ ਆਜ਼ਾਦ, ਭਗਵਤੀਚਰਣ ਵੋਹਰਾ,
ਮਹਾਵੀਰ ਸਿੰਘ ਅਤੇ ਜਤਿਨ ਦਾਸ ਦੀ
ਸ਼ਹਾਦਤ ਦੇ ਨਾਂ

# ਤਤਕਰਾ

ਭੂਮਿਕਾ—ਕਿਵੇਂ ਮਨਾਈਏ ਭਗਤ ਸਿੰਘ ਦੀ ਯਾਦ 9

ਭਾਗ-I

*(ਭਗਤ ਸਿੰਘ : ਇਨਕਲਾਬੀ ਚਿੰਤਨ)*

1. ਭਗਤ ਸਿੰਘ ਦਾ ਇਨਕਲਾਬੀ ਵਿਰਸਾ 13
2. ਭਗਤ ਸਿੰਘ : ਇਕ ਪਰਪੱਕ ਸਿਆਸੀ ਚਿੰਤਕ 34
3. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦਾ ਖ਼ਾਨਦਾਨ 43
4. ਭਗਤ ਸਿੰਘ : ਵਿਚਾਰਾਂ ਦੀ ਸਾਣ 'ਤੇ ਇਨਕਲਾਬ ਦੀ ਤਲਵਾਰ 50
5. ਅੱਜ ਦੀ ਦੁਨੀਆ ਅਤੇ ਭਗਤ ਸਿੰਘ ਦੇ ਵਿਚਾਰਾਂ ਦੀ ਪ੍ਰਾਸੰਗਿਕਤਾ 54
6. ਸ਼ਹੀਦ-ਇ-ਆਜ਼ਮ ਭਗਤ ਸਿੰਘ ਮੁਕੱਦਮਾ ਜੇਲ੍ਹ ਡਾਇਰੀ ਅਤੇ ਬਦਲਦੇ ਬਿੰਬ 58
7. ਸ਼ਹੀਦ-ਇ-ਆਜ਼ਮ ਦੀਆਂ ਅਤੇ ਉਨ੍ਹਾਂ ਬਾਰੇ ਦੁਰਲੱਭ ਲਿਖਤਾਂ 66
8. ਇਨਕਲਾਬੀਆਂ ਦੇ ਹੱਕ 'ਚ ਜਿਨਾਹ ਦਾ ਨਾਅਰਾ 69
9. ਭਗਤ ਸਿੰਘ ਅਤੇ ਸਭਿਆਚਾਰ 71
10. ਸਾਹਿਤ ਅਤੇ ਭਗਤ ਸਿੰਘ 80
11. ਭਗਤ ਸਿੰਘ ਅਤੇ ਪਾਸ਼ ਨੂੰ ਯਾਦ ਕਰਦਿਆਂ 83

12. ਬਾਲੀਵੁੱਡ ਵਿਚ ਸ਼ਹੀਦ ਭਗਤ ਸਿੰਘ 91
13. ਲਾਹੌਰ ਅਤੇ ਉਸ ਦੇ ਆਲੇ-ਦੁਆਲੇ ਦਾ ਇਕ ਜਜ਼ਬਾਤੀ ਸਫ਼ਰ 96

## ਭਾਗ-II

*(ਸਾਥੀਆਂ ਦੀ ਨਜ਼ਰ ਵਿਚ ਭਗਤ ਸਿੰਘ ਤੇ ਹੋਰ ਲਿਖਤਾਂ)*

14. ਲੇਬਰ ਸਰਕਾਰ ਨੇ ਤਿੰਨ ਭਾਰਤੀ ਬਾਗ਼ੀਆਂ ਨੂੰ ਫਾਂਸੀ ਦਿੱਤੀ —'ਡੇਲੀ ਵਰਕਰ', ਨਿਊਯਾਰਕ 113
15. ਮਹਾਨ ਭਤੀਜੇ ਦੇ ਮਹਾਨ ਦੇਸ਼ਭਗਤ ਚਾਚਾ ਅਜੀਤ ਸਿੰਘ 115
16. 'ਸ਼ਹੀਦਾਂ ਦੇ ਅੰਗ-ਸੰਗ' : ਸ਼ਿਵ ਵਰਮਾ 121
17. ਅੱਖਾਂ 'ਚੋਂ ਝਲਕਦੀ ਹੈ ਇਨਕਲਾਬ ਦੀ ਲੋਅ—ਜੈਦੇਵ ਕਪੂਰ 125
18. ਦੁਰਗਾ ਭਾਬੀ ਦੀਆਂ ਨਜ਼ਰਾਂ ਵਿਚ ਭਗਤ ਸਿੰਘ 128
19. ਕਾਮਰੇਡ ਕਿਸ਼ੋਰੀ ਲਾਲ, ਜਲੰਧਰ ਦੀਆਂ ਨਜ਼ਰਾਂ ਵਿਚ ਭਗਤ ਸਿੰਘ 142

## ਭਾਗ-III

*(ਭਗਤ ਸਿੰਘ ਦੀਆਂ ਕੁਝ ਚੋਣਵੀਆਂ ਲਿਖਤਾਂ)*

1. ਜ਼ਿੰਦਗੀ ਮੁਲਕ ਹਵਾਲੇ—1923 155
2. ਸ਼ਹੀਦ ਕਰਤਾਰ ਸਿੰਘ ਸਰਾਭਾ—1928 156
3. ਪੰਜਾਬ ਵਿਚ ਮਹਾਨ ਇਨਕਲਾਬ ਦੀ ਪਹਿਲੀ ਜਥੇਬੰਦੀ— ਕੂਕਾ ਲਹਿਰ—1928 163
4. ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦਾ ਪਹਿਲਾ ਉਭਾਰ—1931 175
5. ਮਜ਼੍ਹਬ ਅਤੇ ਸਾਡੀ ਆਜ਼ਾਦੀ ਦੀ ਮੰਗ—1928 184
6. ਫ਼ਿਰਕੂ ਫ਼ਸਾਦ ਅਤੇ ਉਨ੍ਹਾਂ ਦਾ ਇਲਾਜ—1929 188
7. ਅਛੂਤ ਦਾ ਸਵਾਲ—1928 193
8. ਨਵੇਂ ਲੀਡਰਾਂ ਦੇ ਜੁਦੇ-ਜੁਦੇ ਖ਼ਿਆਲਾਤ—1928 199
9. ਅਸੈਂਬਲੀ ਬੰਬ ਕੇਸ ਬਾਅਦ ਸੈਸ਼ਨ ਕੋਰਟ 'ਚ ਬਿਆਨ—1929 206
10. ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਕਿਉਂ—1929 213
11. ਵਿਦਿਆਰਥੀਆਂ ਨੂੰ ਸੰਦੇਸ਼—1929 215
12. ਅਸੂਲ ਜ਼ਿੰਦਗੀ ਤੋਂ ਅਮੁੱਲੇ ਹਨ—1930 216
13. 'ਕਿਤਾਬਾਂ ਭੇਜੋ'—1930 219
14. ਪ੍ਰੋਮਿਲਾ ਨੂੰ ਖ਼ਤ—1930 221
15. ਕੁਲਤਾਰ ਨੂੰ ਵਿਦਾਈ ਖ਼ਤ—1931 222
16. ਮੈਂ ਨਾਸਤਿਕ ਕਿਉਂ ਹਾਂ ?—1930 223
17. ਸਾਹਿਤ ਦੀ ਪਰਖ : 'ਡਰੀਮਲੈਂਡ ਦੀ ਭੂਮਿਕਾ'—1931 238
18. ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖ਼ਤ—1931 246
19. ਜੰਗ ਅਜੇ ਜਾਰੀ ਹੈ : ਫਾਂਸੀ ਨਹੀਂ, ਗੋਲੀ ਦੇ ਹੱਕਦਾਰ—20 ਮਾਰਚ, 1931 265
20. "ਮੈਂ ਹਿੰਦੋਸਤਾਨੀ ਇਨਕਲਾਬ ਦਾ ਚਿੰਨ੍ਹ"— 22 ਮਾਰਚ, 1931 268
21. ਭਗਤ ਸਿੰਘ ਦੀ ਜੇਲ੍ਹ ਨੋਟਬੁਕ ਦੇ ਕੁਝ ਚੋਣਵੇਂ ਅੰਸ਼ 269

***ਅੰਤਕਾਵਾਂ***

1. ਬੰਸਾਵਲੀਨਾਮਾ 293
2. ਭਗਤ ਸਿੰਘ ਦੇ ਜੀਵਨ ਦੀਆਂ ਪ੍ਰਮੁੱਖ ਤਾਰੀਖ਼ਾਂ 295
3. ਭਗਤ ਸਿੰਘ ਬਾਰੇ ਪੁਸਤਕ ਸੂਚੀ 298

# ਭੂਮਿਕਾ

## ਕਿਵੇਂ ਮਨਾਈਏ ਭਗਤ ਸਿੰਘ ਦੀ ਯਾਦ

ਤੇਈ ਮਾਰਚ 1931 ਨੂੰ ਸ਼ਾਮ ਦੇ ਸੱਤ ਵਜੇ ਬਰਤਾਨਵੀ ਬਸਤੀਵਾਦੀਆਂ ਨੇ ਇਕ ਬੋਗਸ ਮੁਕੱਦਮੇ ਬਾਅਦ ਜਦੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਤਾਂ ਭਗਤ ਸਿੰਘ ਉਸ ਸਮੇਂ ਸਿਰਫ਼ 23 ਸਾਲ ਤੇ ਕੁਝ ਮਹੀਨਿਆਂ ਦਾ ਭਰ-ਜਵਾਨ ਗੱਭਰੂ ਸੀ। ਉਂਜ, ਉਸ ਵੇਲੇ ਤਕ ਉਹ ਸਮੁੱਚੇ ਭਾਰਤੀਆਂ ਦੇ ਦਿਲਾਂ ਤੇ ਦਿਮਾਗਾਂ ਵਿਚ ਘਰ ਕਰ ਚੁੱਕਾ ਸੀ। ਬਰਤਾਨਵੀ ਹਾਕਮਾਂ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਦੇ ਬਾਵਜੂਦ, ਬਾਅਦ ਦੇ ਵਰ੍ਹਿਆਂ ਵਿਚ ਭਗਤ ਸਿੰਘ ਦਾ ਅਕਸ ਹੋਰ ਵਧੇਰੇ ਨਿੱਖਰਦਾ ਰਿਹਾ। ਵੈਸੇ 1947 ਤੋਂ ਬਾਅਦ ਹੀ ਭਗਤ ਸਿੰਘ ਦੀਆਂ ਆਪਣੀਆਂ ਲਿਖਤਾਂ ਛਪ ਕੇ ਸਾਹਮਣੇ ਆਉਣੀਆਂ ਸ਼ੁਰੂ ਹੋਈਆਂ ਅਤੇ ਵੀਹਵੀਂ ਸਦੀ ਦੇ ਆਖ਼ਰੀ ਕੁਝ ਦਹਾਕਿਆਂ ਦੌਰਾਨ ਹੀ, ਉਨ੍ਹਾਂ ਦੀਆਂ ਵਧੇਰੇ ਲਿਖਤਾਂ ਛਪੀਆਂ। ਹਿੰਦੀ ਵਿਚ ਤਾਂ ਹੁਣ ਤਕ ਦੇ ਲੱਭੇ ਭਗਤ ਸਿੰਘ ਦੇ ਸਾਰੇ ਦਸਤਾਵੇਜ਼ ਕਰੀਬ ਪੰਜ ਸੌ ਸਫ਼ਿਆਂ ਦੀ ਇਕ ਜਿਲਦ ਵਿਚ ਇਸ ਲੇਖਕ ਦੀ ਸੰਪਾਦਨਾ ਹੇਠ ਉਪਲਬਧ ਹਨ। ਦਸਤਾਵੇਜ਼ ਦੇ ਪ੍ਰਕਾਸ਼ਨ ਤੋਂ ਬਾਅਦ ਭਗਤ ਸਿੰਘ ਦਾ ਅਕਸ ਇਕ ਬਹਾਦਰ ਦੇਸ਼ਭਗਤ ਤੋਂ ਵੱਧ ਵਿਸਤਾਰ ਪਾ ਕੇ ਇਕ ਇਨਕਲਾਬੀ ਸਮਾਜਵਾਦੀ ਚਿੰਤਕ ਵਾਲਾ ਬਣ ਗਿਆ।

23 ਮਾਰਚ 2006 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਦੇ 75 ਵਰ੍ਹੇ ਪੂਰੇ ਚੁੱਕੇ ਹਨ। ਇਸ ਤੋਂ ਪਹਿਲਾਂ 27 ਫਰਵਰੀ 2006 ਨੂੰ ਭਗਤ ਸਿੰਘ ਦੇ ਸਾਥੀ ਚੰਦਰਸ਼ੇਖਰ ਆਜ਼ਾਦ ਦੀ ਸ਼ਹਾਦਤ ਦੇ ਵੀ 75 ਵਰ੍ਹੇ ਪੂਰੇ ਹੋ ਚੁੱਕੇ ਹਨ। ਪਹਿਲਾਂ 28 ਮਈ 2005 ਨੂੰ ਭਗਤ ਸਿੰਘ ਦੇ ਇਕ ਹੋਰ ਚਿੰਤਕ ਸਾਥੀ ਭਗਵਤੀ ਚਰਣ ਵੋਹਰਾ (ਦੁਰਗਾ ਭਾਬੀ ਦੇ ਜੀਵਨ ਸਾਥੀ) ਦੀ ਲਾਹੌਰ ਵਿਖੇ ਰਾਵੀ ਕੰਢੇ ਹੋਈ ਸ਼ਹਾਦਤ ਦੇ 75 ਵਰ੍ਹੇ ਅਣਗੌਲਿਆਂ ਹੀ ਲੰਘ ਗਏ। ਇਨ੍ਹਾਂ ਸ਼ਹੀਦਾਂ ਦੀ ਇਹ ਸ਼ਹਾਦਤ ਸਿਰਫ਼ ਬਸਤੀ-ਵਾਦੀਆਂ ਹੱਥੋਂ ਦੇਸ਼ ਦੀ ਮੁਕਤੀ ਤਕ ਹੀ ਸੀਮਿਤ ਨਹੀਂ ਸੀ, ਸਗੋਂ ਇਹ ਸ਼ਹਾਦਤ ਦੇਸੀ ਰਜਵਾੜਾਸ਼ਾਹੀ ਹੱਥੋਂ ਮੁਕਤੀ ਦਾ ਪੈਗ਼ਾਮ ਵੀ ਸੀ।

28 ਸਤੰਬਰ 2006 ਤੋਂ ਭਗਤ ਸਿੰਘ ਦਾ ਜਨਮ ਸ਼ਤਾਬਦੀ ਵਰ੍ਹਾ ਆਰੰਭ ਹੋ ਕੇ ਖ਼ਤਮ ਹੋ ਚੁੱਕਿਆ ਹੈ। ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਲਾਇਲਪੁਰ (ਹੁਣ ਪਾਕਿਸਤਾਨ) ਵਿਖੇ ਹੋਇਆ ਸੀ, ਭਾਵੇਂ ਕਿ ਉਨ੍ਹਾਂ ਦੇ ਪਰਿਵਾਰ ਦਾ ਜੱਦੀ ਪਿੰਡ ਨਵਾਂ ਸ਼ਹਿਰ ਜ਼ਿਲ੍ਹੇ ਦੇ ਕਸਬਾ ਬੰਗਾ ਨੇੜੇ ਖਟਕੜ ਕਲਾਂ ਹੈ। ਭਗਤ ਸਿੰਘ ਦਾ ਬਚਪਨ ਵਧੇਰੇ ਕਰ ਕੇ ਪਾਕਿਸਤਾਨੀ ਪੰਜਾਬ ਵਿਚ ਹੀ ਗੁਜ਼ਰਿਆ ਅਤੇ ਉਸ ਦੀ ਸਿੱਖਿਆ ਵੀ ਉਧਰ ਹੀ, ਖ਼ਾਸ ਕਰ ਲਾਹੌਰ ਵਿਖੇ ਹੋਈ। ਉਸ ਨੇ ਸ਼ਹਾਦਤ ਵੀ ਲਾਹੌਰ ਵਿਖੇ ਹੀ ਹਾਸਲ ਕੀਤੀ।

ਭਗਤ ਸਿੰਘ ਦਾ ਸਤਿਕਾਰ ਸਿਰਫ਼ ਭਾਰਤ ਵਿਚ ਹੀ ਨਹੀਂ, ਪਾਕਿਸਤਾਨ ਅਤੇ ਬੰਗਲਾਦੇਸ਼ ਵਿਚ ਵੀ ਹੈ। ਸ੍ਰੀਲੰਕਾ ਅਤੇ ਨੇਪਾਲ ਵਰਗੇ ਮੁਲਕਾਂ ਦੇ ਲੋਕਾਂ ਦੇ ਦਿਲਾਂ ਵਿਚ ਵੀ ਭਾਰਤ ਦੇ ਇਸ ਮਹਾਨ ਇਨਕਲਾਬੀ ਪ੍ਰਤੀ ਆਦਰ ਦੀ ਭਾਵਨਾ ਹੈ। ਅੰਤਰ-ਰਾਸ਼ਟਰੀ ਪੱਧਰ 'ਤੇ ਜੇ ਮਹਾਤਮਾ ਗਾਂਧੀ ਭਾਰਤ ਦੀ ਆਜ਼ਾਦੀ ਲਈ ਅਹਿੰਸਕ ਅਤੇ ਸ਼ਾਂਤਮਈ ਸੰਘਰਸ਼ ਦੇ ਪ੍ਰਤੀਕ ਬਣ ਕੇ ਉੱਭਰੇ ਤਾਂ ਭਗਤ ਸਿੰਘ ਦਾ ਨਾਂ ਲਾਤੀਨੀ ਅਮਰੀਕਾ ਦੇ ਮਹਾਨ ਇਨਕਲਾਬੀਆਂ ਬੋਲਿਵਾਰ ਤੇ ਚੇ-ਗੁਵੇਰਾ ਅਤੇ ਦੱਖਣੀ ਅਫ਼ਰੀਕਾ ਦੇ ਕੇਨ ਸਾਰੋ ਵੀਵਾ ਨਾਲ ਜੁੜਦਾ ਹੈ।

ਹੁਣ ਸਮਾਂ ਆ ਗਿਆ ਹੈ ਕਿ ਸਾਰੇ ਦੇਸ਼ਭਗਤ ਭਾਰਤੀ ਇਨ੍ਹਾਂ ਦਿਨਾਂ ਅਤੇ ਮੌਕਿਆਂ ਸਮੇਂ, ਭਗਤ ਸਿੰਘ ਅਤੇ ਉਨ੍ਹਾਂ ਦੇ ਇਨਕਲਾਬੀ ਸਾਥੀਆਂ, ਜਿਨ੍ਹਾਂ ਆਪਣੀ ਮਾਤਭੂਮੀ ਅਤੇ ਉਸ ਦੀ ਜਨਤਾ ਨੂੰ ਵਿਦੇਸ਼ੀ ਜੂਲੇ ਅਤੇ ਅੰਤਰਰਾਸ਼ਟਰੀ ਲੁੱਟ-ਖਸੁੱਟ ਤੋਂ ਮੁਕਤ ਕਰਵਾਉਣ ਲਈ ਸ਼ਹਾਦਤਾਂ ਦਿੱਤੀਆਂ, ਦੀਆਂ ਕੁਰਬਾਨੀਆਂ ਨੂੰ ਬਾਖ਼ਲੂਸ ਤਰੀਕੇ ਨਾਲ ਮਨਾਉਣ। ਇਸ ਦੇ ਲਈ ਪਹਿਲੀ ਲੋੜ ਹੈ ਕਿ ਭਗਤ ਸਿੰਘ ਦੇ ਵਿਚਾਰਾਂ ਦੇ ਪ੍ਰਚਾਰ ਲਈ ਉਨ੍ਹਾਂ ਦੀਆਂ ਦਸਤਾਵੇਜ਼ਾਂ ਨੂੰ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਰਾਹੀਂ ਪਹੁੰਚਾਇਆ ਜਾਵੇ। ਫ਼ਿਰਕਾਪ੍ਰਸਤੀ, ਛੂਤਛਾਤ ਆਦਿ ਦੇ ਖ਼ਿਲਾਫ਼ ਭਗਤ ਸਿੰਘ ਦੀਆਂ ਲਿਖਤਾਂ ਨੂੰ ਸਕੂਲਾਂ ਦੇ ਪਾਠਕ੍ਰਮ ਵਿਚ ਸ਼ਾਮਲ ਕਰਨ ਦੀ ਵੀ ਲੋੜ ਹੈ। ਭਾਰਤ ਦੀ ਪਾਰਲੀਮੈਂਟ ਵਿਚ ਭਗਤ ਸਿੰਘ ਅਤੇ ਹੋਰ ਮਹਾਨ ਸ਼ਹੀਦਾਂ ਦੀਆਂ ਤਸਵੀਰਾਂ ਵੀ ਲੱਗਣੀਆਂ ਚਾਹੀਦੀਆਂ ਹਨ।

ਪੂਰੇ ਭਾਰਤ ਵਿਚ ਕਈ ਤਰ੍ਹਾਂ ਦੇ ਅਜਿਹੇ ਪ੍ਰੋਗਰਾਮ ਕਰਨ ਦੀ ਲੋੜ ਹੈ, ਜਿਨ੍ਹਾਂ ਨਾਲ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਨੂੰ ਕੌਮੀ ਚੇਤਨਾ ਦੇ ਫੋਕਸ ਵਿਚ ਲਿਆਂਦਾ ਜਾਵੇ। ਭਗਤ ਸਿੰਘ ਦਹਿਸ਼ਤਪਸੰਦ ਨਹੀਂ ਸੀ, ਜਿਵੇਂ ਕਿ ਬਰਤਾਨਵੀ ਬਸਤੀਵਾਦੀਆਂ ਅਤੇ ਭਾਰਤ ਵਿਚ ਇਸ ਦੇ ਕੁਝ ਮੁਰੀਦਾਂ ਨੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਗਤ ਸਿੰਘ ਸਹੀ ਅਰਥਾਂ ਵਿਚ ਇਨਕਲਾਬੀ ਸਨ। ਉਨ੍ਹਾਂ ਦੇ ਵਿਚਾਰ ਇਸ ਦੇਸ਼ ਦੇ ਲੋਕਾਂ ਲਈ ਚਾਨਣ-ਮੁਨਾਰਾ ਹਨ ਅਤੇ ਇਸੇ ਲਈ ਭਗਤ ਸਿੰਘ ਦੇ ਵਿਚਾਰਾਂ ਨਾਲ ਆਪਣਾ ਰਾਹ ਰੁਸ਼ਨਾਉਣ ਦੀ ਬੜੀ ਸ਼ਿੱਦਤ ਨਾਲ ਲੋੜ ਹੈ, ਖ਼ਾਸ ਕਰ ਕੇ ਉਸ ਸਮੇਂ ਜਦੋਂ ਬਰਤਾਨਵੀ ਬਸਤੀਵਾਦ ਤੋਂ ਵੀ ਵੱਧ ਖ਼ਤਰਨਾਕ ਰੂਪ ਵਿਚ ਅਮਰੀਕੀ ਨਵ-ਬਸਤੀਵਾਦ ਦਾ ਖ਼ਤਰਾ ਭਾਰਤ ਦੇ ਸਿਰ ਉਤੇ ਮੰਡਲਾ ਰਿਹਾ ਹੈ।

23 ਮਾਰਚ ਦਾ ਦਿਨ ਭਾਰਤ ਤੇ ਪਾਕਿਸਤਾਨ ਦੇ ਲੋਕਾਂ ਵੱਲੋਂ ਸਾਂਝੇ ਤੌਰ 'ਤੇ ਲਾਹੌਰ ਵਿਖੇ ਵੱਡੀ ਪੱਧਰ 'ਤੇ ਮਨਾਇਆ ਜਾਣਾ ਚਾਹੀਦਾ ਹੈ। ਮੁੱਖ ਪ੍ਰੋਗਰਾਮ 23 ਮਾਰਚ ਨੂੰ ਸ਼ਾਮ ਦੇ ਸੱਤ ਵਜੇ ਉਸੇ ਥਾਂ 'ਤੇ ਹੋਣਾ ਚਾਹੀਦਾ ਹੈ ਜਿਥੇ ਬਰਤਾਨਵੀ ਬਸਤੀਵਾਦੀਆਂ ਨੇ 77 ਵਰ੍ਹੇ ਪਹਿਲਾਂ ਇਨ੍ਹਾਂ ਸ਼ਹੀਦਾਂ ਨੂੰ ਚੋਰੀ ਫਾਂਸੀ 'ਤੇ ਚੜ੍ਹਾ ਦਿੱਤਾ ਸੀ। ਲਾਹੌਰ ਵਿਖੇ ਜਿਸ ਥਾਂ 'ਤੇ ਕੇਂਦਰੀ ਜੇਲ੍ਹ ਅਤੇ ਬੋਰਸਟਲ ਜੇਲ੍ਹ ਸਥਿਤ ਸੀ, ਹੁਣ ਸ਼ਾਇਦ ਜੇਲ੍ਹਾਂ ਨੂੰ ਢਾਹ ਕੇ 'ਸ਼ਾਦਮਾਨ ਕਾਲੋਨੀ' ਬਣਾ ਦਿੱਤੀ ਗਈ ਹੈ। ਪਾਕਿਸਤਾਨੀ ਲੋਕ ਵੀ ਉਸ ਥਾਂ ਨੂੰ ਯਾਦਗਾਰ ਦਾ ਦਰਜਾ ਦੇਣਾ ਚਾਹੁੰਦੇ ਹਨ। ਇਹ 'ਯਾਦਗਾਰ' ਪੂਰੀ ਦੁਨੀਆ ਦੇ ਸੰਘਰਸ਼ਸ਼ੀਲ ਲੋਕਾਂ ਲਈ ਸਾਮਰਾਜ ਵਿਰੋਧੀਆਂ ਦੀ ਯਾਦਗਾਰ ਬਣ ਸਕਦੀ ਹੈ।

ਪਾਕਿਸਤਾਨ ਨੂੰ ਤਾਂ ਭਗਤ ਸਿੰਘ ਦੀ ਵਿਰਾਸਤ 'ਤੇ ਹੱਕ ਜਤਾਉਣ ਲਈ ਭਾਰਤ ਨਾਲ ਸਿਹਤਮੰਦ ਮੁਕਾਬਲਾ ਕਰਨਾ ਚਾਹੀਦਾ ਹੈ। ਭਗਤ ਸਿੰਘ ਦਾ ਜਨਮ ਤੇ ਸਿੱਖਿਆ ਮੌਜੂਦਾ ਪਾਕਿਸਤਾਨ ਵਾਲੇ ਇਲਾਕੇ ਵਿਚ ਹੋਈ। ਉਸ ਦੀ ਇਨਕਲਾਬੀ ਟਰੇਨਿੰਗ ਵੀ ਨੈਸ਼ਨਲ ਕਾਲਜ ਲਾਹੌਰ ਵਿਖੇ ਹੀ ਹੋਈ। ਮੌਜੂਦਾ ਭਾਰਤ ਵਿਚ ਉਸ ਨੇ ਜਾਂ ਤਾਂ ਕੇਂਦਰੀ ਅਸੈਂਬਲੀ ਵਿਚ ਬੰਬ ਸੁੱਟਿਆ ਸੀ ਜਾਂ ਸਿਰਫ਼ ਦਿੱਲੀ ਦੇ ਫਿਰੋਜ਼ਸ਼ਾਹ ਕੋਟਲਾ ਮੈਦਾਨ 28-29 ਸਤੰਬਰ ਨੂੰ ਇਨਕਲਾਬੀਆਂ ਦੀ ਮੀਟਿੰਗ ਕੀਤੀ ਸੀ। ਕਾਨ੍ਹਪੁਰ ਤੇ ਕਲਕੱਤਾ ਵਿਖੇ ਉਹ ਕੁਝ ਸਮਾਂ ਰਹੇ ਪਰ ਵਧੇਰੇ ਸਰਗਰਮੀ ਲਾਹੌਰ ਵਿਖੇ ਹੀ ਰਹੀ। ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਵੀ ਭਗਤ ਸਿੰਘ ਦੇ ਪ੍ਰਸੰਸਕ ਸਨ। ਪਾਕਿਸਤਾਨ ਨੂੰ ਤਾਂ ਭਗਤ ਸਿੰਘ ਨੂੰ ਅਪਨਾਉਣ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਫੈਲਾਉਣ ਵਿਚ ਆਗੂ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ।*

ਭਗਤ ਸਿੰਘ ਦਾ ਜਨਮ ਦਿਨ 28 ਸਤੰਬਰ ਨੂੰ ਕੌਮੀ ਨੌਜਵਾਨ ਦਿਹਾੜੇ ਦੇ ਰੂਪ ਵਿਚ ਐਲਾਨਿਆ ਜਾਣਾ ਚਾਹੀਦਾ ਹੈ। ਇਸ ਦਾ ਅਰਥ ਬਸਤੀਵਾਦੀ ਜੂਲੇ ਤੋਂ ਮੁਕਤੀ ਹਾਸਲ ਕਰਨ ਹਿਤ ਲੜੇ ਗਏ ਵੱਖ-ਵੱਖ ਇਨਕਲਾਬੀ ਸੰਘਰਸ਼ਾਂ ਨੂੰ ਮਾਨਤਾ ਦੇਣਾ ਹੋਵੇਗਾ। ਇਸ ਦੇ ਨਾਲ ਹੀ ਦੇਸ਼ ਦੇ ਨੌਜਵਾਨਾਂ ਵਿਚ ਇਸ ਵੇਲੇ ਦੇਸ਼ਭਗਤੀ ਦੀ ਭਾਵਨਾ ਜਗਾਉਣ ਦੀ ਬੜੀ ਸ਼ਿੱਦਤ ਨਾਲ ਲੋੜ ਹੈ। ਨੌਜਵਾਨਾਂ ਵਿਚ ਇਹ ਭਾਵਨਾ ਇਸ ਵੇਲੇ ਦੇਸ਼ਭਗਤੀ ਸੁਤੰਤਰਤਾ ਸੰਗਰਾਮ ਦੇ ਸਰਵਉੱਚ ਪ੍ਰਤੀਕ ਭਗਤ ਸਿੰਘ ਦੇ ਵਿਚਾਰਾਂ ਰਾਹੀਂ ਹੀ ਜਗਾਈ ਜਾ ਸਕਦੀ ਹੈ।

* *ਪ੍ਰਸਿੱਧ ਪਾਕਿਸਤਾਨੀ ਲੇਖਕਾ ਜ਼ਾਹਿਦਾ ਹਿਨਾ ਨੇ ਹਾਲ ਵਿਚ ਆਪਣੇ ਇਕ ਲੇਖ ਵਿਚ ਭਗਤ ਸਿੰਘ ਨੂੰ ਪਾਕਿਸਤਾਨ ਦਾ ਸਭ ਤੋਂ ਵੱਡਾ ਸ਼ਹੀਦ ਗਰਦਾਨਿਆ ਹੈ।*

# ਭਾਗ-I

# ਭਗਤ ਸਿੰਘ : ਇਨਕਲਾਬੀ ਚਿੰਤਨ

## ਭਗਤ ਸਿੰਘ ਦਾ ਇਨਕਲਾਬੀ ਵਿਰਸਾ

ਇਹ 8 ਅਪ੍ਰੈਲ 1929 ਈ. ਸੀ ਜਦ ਭਗਤ ਸਿੰਘ ਅਤੇ ਬੀ. ਕੇ. ਦੱਤ ਨੇ ਸੈਂਟਰਲ ਅਸੈਂਬਲੀ ਵਿਚ 'ਇਨਕਲਾਬ ਜ਼ਿੰਦਾਬਾਦ' ਅਤੇ 'ਬਰਤਾਨੀਆ ਦੀ ਤੌਸੀਅ-ਪਸੰਦੀ ਮੁਰਦਾਬਾਦ' ਦੇ ਨਾਅਰਿਆਂ ਨਾਲ ਲੋਕਾਂ ਦੇ ਜ਼ਿਹਨਾਂ ਨੂੰ ਕੀਲ ਦਿੱਤਾ। ਸ਼ਾਇਦ 1947 ਤੋਂ ਹੁਣ ਤਕ ਦੀ ਹਿੰਦੁਸਤਾਨ ਦੀ ਤ੍ਵਾਰੀਖ਼ ਵਿਚ ਇਨ੍ਹਾਂ ਨਾਅਰਿਆਂ ਦੀ ਅਹਿਮੀਅਤ ਇੰਨੀ ਕਦੇ ਨਹੀਂ ਸੀ ਜਿੰਨੀ ਅੱਜ ਏ, ਜਦੋਂ ਅਸੀਂ ਭਗਤ ਸਿੰਘ ਦਾ ਸੌਵਾਂ ਜਨਮ ਦਿਨ ਮਨਾ ਰਹੇ ਹਾਂ।

ਅਮਰੀਕਾ ਦੇ ਮਲਮਾਰੂ ਇਰਾਦੇ ਨਾ ਛੜਾ ਭਾਰਤ ਸਗੋਂ ਪੂਰੇ ਜੱਗ ਲਈ ਉਚੇਚੇ ਤੌਰ ਨਾਲ ਏਸ਼ੀਆ, ਅਫ਼ਰੀਕਾ, ਅਰਬ ਅਤੇ ਲਾਤੀਨੀ ਅਮਰੀਕਾ ਦੀਆਂ ਕੌਮਾਂ ਖ਼ਿਲਾਫ਼ ਹਕੀਕਤ ਦਾ ਰੂਪ ਧਾਰਦੇ ਪਏ ਨੇ। ਇਰਾਕ, ਲੇਬਨਾਨ ਅਤੇ ਫ਼ਲਸਤੀਨ ਵਿਚ ਇਸ ਖ਼ਤਰੇ ਨੇ ਸਿੱਧਾ ਸਾਵਾਂ ਅਮਰੀਕਾ ਅਤੇ ਇਜ਼ਰਾਇਲ ਦੀ ਫ਼ੌਜੀ ਮੁਦਾਖ਼ਲਤ ਦਾ ਰੂਪ ਧਾਰ ਲਿਆ ਏ। ਈਰਾਨ ਅਤੇ ਸ਼ੁਮਾਲੀ ਕੋਰੀਆ ਨੂੰ ਧੌਂਸਧੱਫੇ ਦਾ ਸਾਹਮਣਾ ਏ ਜਦ ਕਿ ਕਿਊਬਾ ਅਤੇ ਵੈਨਜ਼ੁਏਲਾ ਹਰ ਵੇਲੇ ਇਹਦੀਆਂ ਸਾਜ਼ਿਸ਼ਾਂ ਅਤੇ ਮੁਜਰਮਾਨਾ ਕਾਰਵਾਈਆਂ ਨਾਲ ਜੂਝ ਰਹੇ ਨੇ। ਹਿੰਦੁਸਤਾਨ ਅਤੇ ਕੁਝ ਦੂਜੇ ਮੁਲਕਾਂ ਨੂੰ ਦਬਾਓ ਦਾ ਸਾਹਮਣਾ ਏ ਜੋ ਖ਼ਾਰਜਾ ਪਾਲਿਸੀਆਂ ਦੇ ਨਾਂ ਉੱਤੇ ਸਿਰਫ਼ ਇਨ੍ਹਾਂ ਦੀ ਆਜ਼ਾਦੀ ਲਈ ਖ਼ਤਰਾ ਨਹੀਂ

ਸਗੋਂ ਆਪਣੇ ਲੋਕਾਂ ਦੀਆਂ ਲੋੜਾਂ ਲਈ ਆਪਣੀ ਮੁਲਕੀ ਪਾਲਿਸੀਆਂ ਬਣਾਉਣ ਵਿਚ ਵੀ ਮੁਦਾਖ਼ਲਤ ਦਾ ਸਾਹਮਣਾ ਕਰਨਾ ਪੈਂਦਾ ਏ।

ਇਹ ਔਖਾ ਵੇਲਾ ਸਾਨੂੰ ਭਗਤ ਸਿੰਘ ਅਤੇ ਚੀ. ਗੁਏਰਾ ਦੀ ਯਾਦ ਦਿਵਾਉਂਦਾ ਏ, ਜਿਨ੍ਹਾਂ ਮੱਲ ਮਾਰੂ ਸਾਮਰਾਜ ਦੇ ਖਿਲਾਫ਼ ਜੰਗ ਲੜੀ। ਚੀ. ਗੁਏਰਾ ਦੀ ਕਹਾਣੀ ਕੁਲ ਜੱਗ ਜਾਣਦਾ ਏ ਪਰ ਬਰਤਾਨਵੀ ਸਾਮਰਾਜ ਦੇ ਖਿਲਾਫ਼ ਭਗਤ ਸਿੰਘ ਦੀ ਜੱਦੋਜਹਿਦ ਨੂੰ ਸਾਹਮਣੇ ਲਿਆਉਣ ਦੀ ਲੋੜ ਏ ਕਿਉਂ ਜੋ ਚੀ. ਗੁਏਰਾ ਦੀ ਦਾਸਤਾਨ ਵਾਂਗੂੰ ਹਰ ਥਾਂ ਆਜ਼ਾਦੀ ਲਈ ਜੂਝਦੇ ਲੋਕਾਂ ਨੂੰ ਮੁਤਾਅਸਰ ਕਰਨ ਦੀ ਸਲਾਹੀਅਤ ਰੱਖਦੀ ਏ।

ਇਹ 8 ਅਪ੍ਰੈਲ 1929 ਈ. ਸੀ ਜਦ ਭਗਤ ਸਿੰਘ ਅਤੇ ਬੀ. ਕੇ. ਦੱਤ ਨੇ ਆਪਣੀ ਗੱਲ ਕਹਿਣ ਲਈ ਸੈਂਟਰਲ ਅਸੈਂਬਲੀ, ਜਿਹਨੂੰ ਅਜੋਕਾ ਪਾਰਲੀਮੈਂਟ ਆਖਿਆ ਜਾਂਦਾ ਏ, ਵਿਚ ਬੇ-ਜ਼ਰਰ ਬੰਬ ਸੁੱਟਿਆ। ਇਹ ਉਹ ਵੇਲਾ ਸੀ ਜਦ ਦੋ ਨਾਅਰਿਆਂ 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਨੇ ਉਪ-ਮਹਾਂਦੀਪ ਦੇ ਲੋਕਾਂ ਦੇ ਖ਼ਿਆਲਾਤ ਨੂੰ ਬਦਲ ਕੇ ਰੱਖ ਦਿੱਤਾ। ਅਸਲ ਵਿਚ ਇਨ੍ਹਾਂ ਨਾਅਰਿਆਂ ਉਪ-ਮਹਾਂਦੀਪ ਦੀ ਜਾਰੀ ਇਨਕਲਾਬੀ ਤਹਿਰੀਕ ਵਿਚ ਵੱਡੀ ਤਬਦੀਲੀ ਦਾ ਅਹਿਸਾਸ ਉਜਾਗਰ ਕੀਤਾ। ਇਨ੍ਹਾਂ ਦੋ ਨਾਅਰਿਆਂ ਨੇ ਇਨਕਲਾਬੀਆਂ ਦੇ ਪੁਰਾਣੇ ਮਸ਼ਹੂਰ ਨਾਅਰੇ 'ਬੰਦੇ ਮਾਤਰਮ' ਦੀ ਥਾਂ ਲੈ ਲਈ। ਇਹ ਤਬਦੀਲੀ ਫ਼ਕ਼ੀ ਜ਼ੁਬਾਨ ਦੀ ਨਹੀਂ ਸੀ ਕਿ ਸੰਸਕ੍ਰਿਤ ਦੇ ਅਲਫ਼ਾਜ਼ ਵਾਲੇ ਨਾਅਰੇ ਦੀ ਥਾਂ ਹਿੰਦੀ ਅਤੇ ਅੰਗਰੇਜ਼ੀ ਅਲਫ਼ਾਜ਼ ਵਾਲੇ ਨਾਅਰੇ ਨੇ ਲੈ ਲਈ ਸਗੋਂ ਇਹ ਦੇਸ ਅੰਦਰ ਇਨਕਲਾਬੀ ਤਹਿਰੀਕ ਦੀ ਸ਼ਊਰ ਦੀ ਬੇਦਾਰੀ ਦਾ ਅਹਿਸਾਸ ਵਧਣ ਦੀ ਅਲਾਮਤ ਸੀ। ਇਸ ਤਬਦੀਲੀ ਦੀ ਕਰਨੀ ਦਾ ਆਗੂ ਭਗਤ ਸਿੰਘ ਤੋਂ ਇਲਾਵਾ ਕੋਈ ਨਹੀਂ ਸੀ। ਉਸ ਆਪਣੇ ਇਨਕਲਾਬੀ ਤਹਿਰੀਕ ਦੇ ਤਜਰਬਿਆਂ ਅਤੇ ਸਾਰੇ ਜਗਤ ਅੰਦਰ ਚੱਲ ਰਹੀਆਂ ਇਨਕਲਾਬੀ ਤਹਿਰੀਕ ਦੇ ਤਜਰਬਿਆਂ ਅਤੇ ਸਾਰੇ ਜਗਤ ਅੰਦਰ ਚੱਲ ਰਹੀਆਂ ਇਨਕਲਾਬੀ ਤਹਿਰੀਕਾਂ ਨੂੰ ਘੋਖਣ ਤੋਂ ਬਾਅਦ ਸੋਵੀਅਤ ਯੂਨੀਅਨ ਦੇ ਤਜਰਬਿਆਂ ਤੋਂ ਇਹ ਸਿੱਟਾ ਕੱਢਿਆ "ਇਹ ਕਾਫ਼ੀ ਨਹੀਂ ਬਈ ਧਰਤੀ ਮਾਂ ਨੂੰ ਬਾਹਰਲੇ ਹਾਕਮਾਂ ਤੋਂ ਆਜ਼ਾਦ ਕਰਵਾਇਆ ਜਾਵੇ ਸਗੋਂ ਇਸ ਤੋਂ ਵੀ ਵੱਧ ਅਹਿਮ ਗੱਲ ਇਹ ਹੈ ਜੋ ਗ਼ੁਲਾਮੀ ਦੇ ਇਸ ਸਾਰੇ ਨਿਜ਼ਾਮ ਨੂੰ ਸਮਝਿਆ ਜਾਵੇ ਜਿਹੜਾ ਕੌਮਾਂ ਦੀ ਬਰਬਾਦੀ ਦੀ ਵਜ੍ਹਾ ਏ। ਮਤਲਬ ਸਾਮਰਾਜੀ ਨਿਜ਼ਾਮ ਅਤੇ ਫਿਰ ਇਹ ਗੱਲ ਸਮਝਣ ਦੀ ਲੋੜ ਬਈ ਇਹਨੂੰ ਮੁਕਾਇਆ ਕਿਵੇਂ ਜਾਵੇ ?"

ਇਹ ਗੱਲ ਸਮਝਣੀ ਬੜੀ ਦਿਲਚਸਪ ਏ ਜੋ ਭਗਤ ਸਿੰਘ ਨੇ ਆਪਣੀ ਉਮਰ ਦੇ ਚੌਧਵੇਂ ਜਾਂ ਪੰਧਰਵੇਂ ਸਾਲ ਦੀ ਇਸ ਜੱਦੋ-ਜਹਿਦ ਦਾ ਮੁੱਢ ਬੰਨ੍ਹ ਲਿਆ ਸੀ। 1947 ਈ. ਤੋਂ ਹੁਣ ਤੀਕ ਹਿੰਦੁਸਤਾਨ ਦੀ ਤ੍ਵਾਰੀਖ਼ ਵਿਚ ਅਜਿਹਾ ਵੇਲਾ ਨਹੀਂ ਆਇਆ ਜਦੋਂ ਇਨ੍ਹਾਂ ਦੋ ਨਾਅਰਿਆਂ ਦੀ ਇਤਨੀ ਅਹਿਮੀਅਤ ਹੋਈ ਹੋਵੇ। ਕਿਉਂ ਜੇ ਅਜੋਕੀ ਸਾਮਰਾਜੀ ਕੁੱਵਤ ਅੱਜ ਮਾਜ਼ੀ ਤੋਂ ਬਹੁਤੀ ਭੈੜੀ ਸ਼ਕਲ ਅਖ਼ਤਿਆਰ ਕਰੀ ਬੈਠੀ ਏ।

## ਜਾਣਕਾਰੀ

ਭਗਤ ਸਿੰਘ 28 ਸਤੰਬਰ 1907 ਈ. ਨੂੰ ਲਾਇਲਪੁਰ (ਫ਼ੈਸਲਾਬਾਦ) ਦੇ ਇਕ ਪਿੰਡ ਬੰਗਾ ਵਿਚ ਜੰਮਿਆ। ਉਸੇ ਦਿਨ ਦੂਜੀ ਖ਼ੁਸ਼ੀ ਦੀ ਖ਼ਬਰ ਇਹ ਮਿਲੀ ਬਈ ਉਹਦੇ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਨੂੰ ਬਰਤਾਨੀਆਂ ਦੀਆਂ ਜੇਲ੍ਹਾਂ ਵਿਚੋਂ ਰਿਹਾਅ ਕਰ ਦਿੱਤਾ ਗਿਆ। ਸਵਰਨ ਸਿੰਘ ਜਿਸ ਨੂੰ ਜੇਲ੍ਹ ਵਿਚ ਟੀ.ਬੀ. ਹੋ ਗਈ ਸੀ, 24 ਸਾਲਾਂ ਦੀ ਉਮਰੇ ਮਰ ਗਿਆ। ਉਹਦਾ ਇਨਕਲਾਬੀ ਚਾਚਾ ਅਜੀਤ ਸਿੰਘ, ਭਾਰਤ ਮਾਤਾ ਸੁਸਾਇਟੀ ਦਾ ਆਗੂ ਵੀ ਸੀ, ਅਤੇ ਲਾਲਾ ਲਾਜਪਤ ਰਾਏ ਨਾਲ 1909 ਈ. ਵਿਚ ਉਹਨੂੰ ਦੇਸ-ਨਿਕਾਲਾ ਦਿੱਤਾ ਗਿਆ ਸੀ। ਉਸ ਵੇਲੇ ਭਗਤ ਸਿੰਘ ਅਜੇ ਦੋ ਕੁ ਵਰ੍ਹਿਆਂ ਦਾ ਈ ਸੀ। ਅਜੀਤ ਸਿੰਘ ਦੇਸ ਉਸ ਵੇਲੇ ਪਰਤਿਆ ਜਦੋਂ ਦੇਸ ਆਜ਼ਾਦ ਹੋ ਰਿਹਾ ਸੀ ਅਤੇ ਉਸੇ ਦਿਹਾੜੇ 15 ਅਗਸਤ 1947 ਈ. ਨੂੰ ਡਲਹੌਜ਼ੀ ਵਿਚ ਉਹ ਚਲਾਣਾ ਕਰ ਗਿਆ।

12 ਸਾਲ ਦੀ ਉਮਰੇ ਭਗਤ ਸਿੰਘ ਅਪ੍ਰੈਲ 1919 ਈ. ਵਿਚ ਜਲ੍ਹਿਆਂ ਵਾਲਾ ਬਾਗ਼ ਵਿਚ ਕਤਲੇ-ਆਮ ਤੋਂ ਮਗਰੋਂ ਗਿਆ ਤਾਂ ਰੱਤ ਵਿਚ ਭਿੱਜੀ ਹੋਈ ਰੇਤ ਚੁੱਕ ਲਿਆਇਆ। 14 ਵਰ੍ਹਿਆਂ ਦੀ ਉਮਰੇ, ਜਦੋਂ ਲਾਹੌਰ ਦੇ ਇਕ ਸਕੂਲੇ ਪੜ੍ਹਦਾ ਸੀ, ਉਸ ਆਪਣੇ ਦਾਦੇ ਨੂੰ ਰੇਲਵੇ ਮੁਲਾਜ਼ਮਾਂ ਦੀ 1921 ਈ. ਵਿਚ ਹੋਣ ਵਾਲੀ ਹੜਤਾਲ ਦੀ ਖ਼ਬਰ ਦਿੱਤੀ। 15 ਸਾਲ ਦੀ ਉਮਰੇ ਨੈਸ਼ਨਲ ਕਾਲਜ ਵਿਚ ਦਾਖ਼ਲਾ ਲਿਆ। ਇਸ ਤੋਂ ਪਹਿਲਾਂ ਉਹ ਆਪਣੇ ਪਿੰਡ ਅਕਾਲੀ ਕਾਮਿਆਂ ਦੇ ਵਿਖਾਲੇ ਨੂੰ 'ਜੀ ਆਇਆਂ' ਆਖ ਚੁੱਕਿਆ ਸੀ। ਜਿਸ ਦਾ ਕਾਰਨ 20 ਫ਼ਰਵਰੀ 1921 ਈ. ਦੀ ਉਹ ਹੋਣੀ ਏ ਜਿਸ ਵਿਚ ਮਹੰਤ ਨਰਾਇਣ ਦਾਸ ਨੇ ਅੰਗਰੇਜ਼ਾਂ ਨਾਲ ਰਲ ਕੇ ਸਿੱਖਾਂ ਨੂੰ ਮਾਰ ਦਿੱਤਾ ਸੀ।

ਭਗਤ ਦੇ ਅੰਦਰ ਵਸਦੇ ਇਨਕਲਾਬੀ ਨੂੰ ਕਾਬੂ ਕਰਨ ਲਈ ਉਹਦੇ ਘਰ ਵਾਲਿਆਂ, ਖ਼ਾਸ ਕਰ ਉਹਦੇ ਪਿਓ ਨੇ ਉਹਦੇ ਵਿਆਹ ਬਾਰੇ ਵਿਚਾਰਿਆ। ਇਸ ਤੋਂ ਪਹਿਲਾਂ ਈ ਘਰ ਵਿਚ ਦੋ ਜ਼ਨਾਨੀਆਂ ਸਨ, ਇਕ ਉਸ ਦੇ ਚਾਚੇ ਸਵਰਨ ਸਿੰਘ ਦੀ ਬੇਵਾ ਅਤੇ ਦੂਜੀ ਬੀਬੀ ਹਰਿਨਾਮ ਕੌਰ, ਜਿਹੜੀ ਉਹਦੇ ਦੇਸ-ਨਿਕਾਲੇ ਚਾਚੇ ਅਜੀਤ ਸਿੰਘ ਦੀ ਤੀਵੀਂ ਸੀ। ਸਵਾਲ ਤਾਂ ਇਹ ਸੀ ਬਈ ਜੇ ਵਿਆਹ ਅਜੀਤ ਸਿੰਘ ਨੂੰ ਵੱਸ ਵਿਚ ਨਹੀਂ ਕਰ ਸਕਿਆ ਤਾਂ ਭਗਤ ਨੂੰ ਕਿਵੇਂ ਕਾਬੂ ਵਿਚ ਰੱਖੇਗਾ ? ਭਗਤ ਤਾਂ ਪਹਿਲਾਂ ਈ ਚਾਚੀਆਂ ਲਈ ਦੁਖੀ ਸੀ ਅਤੇ ਉਹਦਾ ਮੋਹ ਆਪਣੀ ਚਾਚੀ ਨਾਲ ਬਹੁਤ ਸੀ। ਭਗਤ ਸਿੰਘ ਦੇ ਸੰਗੀ ਜੈਦੇਵ ਗੁਪਤਾ ਮੁਜਬ, ਭਗਤ ਨੂੰ ਮਾਂ-ਪਿਓ ਨੇ ਚਾਚੀ ਨੂੰ ਦਿੱਤਾ ਹੋਇਆ ਸੀ, ਕਿਉਂ ਜੋ ਉਹਦੇ ਚਾਚੇ ਨੂੰ ਲੰਮਾ ਦੇਸ-ਨਿਕਾਲਾ ਮਿਲਿਆ ਹੋਇਆ ਸੀ।

ਉਹ ਆਪਣੇ ਚਾਚੇ ਅਜੀਤ ਸਿੰਘ ਦਾ ਦਿਮਾਗੀ ਪੁੱਤਰ ਵੀ ਸੀ, ਜਿਹੜਾ ਅਖੀਰ ਵੇਲੇ ਤੀਕਰ ਉਸ ਨਾਲ ਜੁੜਿਆ ਰਿਹਾ। ਅਜੀਤ ਆਪਣੇ ਵਿਚਾਰਾਂ ਮੁਜਬ ਪੰਜਾਬ ਦੇ ਕਾਂਗਰਸੀ ਲੀਡਰਾਂ ਵਿਚ ਬਹੁਤ ਉਚਿਆਰਾ ਸੀ ਕਿਉਂ ਜੋ ਉਸ ਨੂੰ ਇੰਡੀਆ ਦੀ ਆਜ਼ਾਦੀ ਦੇ ਮਤਲਬ ਦਾ ਚੰਗਾ ਗਿਆਨ ਸੀ। ਉਸ ਦੇ ਵਿਚਾਰ ਆਮ ਕਾਂਗਰਸੀਆਂ ਨਾਲੋਂ ਬਹੁਤੇ ਇਨਕਲਾਬੀ ਅਤੇ ਸਾਮਰਾਜੀ ਨਿਜ਼ਾਮ ਪਾਰੋਂ ਹੋਣ ਵਾਲੀਆਂ ਉਨ੍ਹਾਂ ਦੀਆਂ ਮੁਆਸ਼ੀ ਬਦਹਾਲੀਆਂ ਬਾਰੇ ਦੱਸ ਪਾਉਂਦੇ ਸਨ। ਭਗਤ ਸਿੰਘ ਨੇ ਆਪਣੇ ਚਾਚੇ ਦੀਆਂ ਉੱਚੀਆਂ ਸੋਚਾਂ ਤੋਂ ਵੀ ਪਾਰ ਲੰਘ ਕੇ ਆਜ਼ਾਦੀ ਲਈ ਮਾਰਕਸਿਸਟ ਦੇ ਆਜ਼ਾਦੀ ਨਿਜ਼ਾਮ ਨੂੰ ਅਪਨਾਇਆ।

ਉਸ ਪੰਦਰਾਂ ਵਰ੍ਹਿਆਂ ਦੀ ਉਮਰੇ ਆਪਣੇ ਪਿਓ ਤੋਂ, ਚੌਰਾ-ਚੌਰੀ ਦੇ ਵਾਕੇ ਤੋਂ ਬਾਅਦ, ਮਹਾਤਮਾ ਗਾਂਧੀ ਦੀ **Non-cooperation** ਦੀ ਤਹਿਰੀਕ ਦੀ ਵਾਪਸੀ ਬਾਰੇ ਸਵਾਲ ਕੀਤਾ ਸੀ। ਅਸਲ ਵਿਚ **1922** ਈ. ਵਿਚ ਚੌਰਾ-ਚੌਰੀ ਤੋਂ ਮਗਰੋਂ **Non-cooperation** ਨੂੰ ਮੁਕਾਉਣ ਨੇ ਪੂਰੇ ਹਿੰਦੁਸਤਾਨ ਦੇ ਨੌਜਵਾਨਾਂ ਅਤੇ ਇਨਕਲਾਬੀਆਂ ਨੂੰ ਨਵੇਂ ਰਾਹ ਪਾ ਦਿੱਤਾ ਸੀ। ਚੰਦਰਸ਼ੇਖਰ ਆਜ਼ਾਦ ਉਨ੍ਹਾਂ ਨੌਜਵਾਨਾਂ ਵਿਚੋਂ ਈ ਇਕ ਸੀ ਜਿਸ 'ਮਹਾਤਮਾ ਗਾਂਧੀ ਕੀ ਜੈ' ਦਾ ਨਾਅਰਾ ਲਾਉਣ ਉਤੇ ਮਾਰ ਖਾਧੀ ਸੀ, ਪਰ ਉਸ ਨੂੰ ਇਸ ਤਹਿਰੀਕ ਦੇ ਮੁਕਾਉਣ ਦਾ ਏਨਾ ਦੁੱਖ ਹੋਇਆ ਜੋ ਉਸ ਮੁੜ ਕਦੇ ਵੀ ਇਨਕਲਾਬੀ ਸਰਗਰਮੀਆਂ ਦੌਰਾਨ ਗਾਂਧੀ ਉਤੇ ਇਤਬਾਰ ਨਾ ਕੀਤਾ। ਸ਼ੇਖਰ ਦੀ ਇਸ ਤੋਂ ਮਗਰੋਂ, ਸੀ. ਆਰ. ਦਾਸ, ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ, ਲਾਲਾ ਲਾਜਪਤ ਰਾਏ ਅਤੇ ਮਦਨ ਮੋਹਨ ਮਾਲਵੀਆ ਨਾਲ ਜੁੜਤ ਰਹੀ ਪਰ ਗਾਂਧੀ ਨਾਲ ਨਹੀਂ। ਗਾਂਧੀ ਵੱਲੋਂ ਸੁਖਦੇਵ ਦੇ ਖ਼ਤ ਦਾ ਜਵਾਬ ਉਸ ਦੇ ਫਾਹੇ ਲੱਗਣ ਤੋਂ ਮਗਰੋਂ 'ਯੰਗ ਇੰਡੀਆ' ਵਿਚ ਸਾਹਮਣੇ ਆਇਆ। ਅਸਲ ਗੱਲ ਤਾਂ ਇਹ ਏ ਬਈ ਗਾਂਧੀ ਨੇ ਉਹ ਪੱਤਰ ਵਸੂਲਿਆ ਈ ਉਦੋਂ ਸੀ ਜਿਹੜਾ ਸੁਖਦੇਵ ਅਤੇ ਭਗਤ ਸਿੰਘ ਨੇ ਰਾਜਗੁਰੂ ਦੇ ਫਾਹੇ ਲੱਗਣ ਤੋਂ ਥੋੜ੍ਹਾ ਚਿਰ ਪਹਿਲਾਂ ਲਿਖਿਆ ਸੀ।

**1922** ਈ. ਵਿਚ ਸਿਵਲ ਨਾਫ਼ਰਮਾਨੀ ਦੀ ਤਹਿਰੀਕ ਦੇ ਖ਼ਾਤਮੇ ਨੇ ਪੂਰੇ ਦੇਸ ਵਿਚ ਇਨਕਲਾਬੀ ਤਹਿਰੀਕ ਨੂੰ ਬਲ ਦਿੱਤਾ ਜਿਸ ਦੀਆਂ ਸ਼ਾਖਾਂ ਪਹਿਲਾਂ ਤੋਂ ਈ ਸਾਂਝੇ ਬੰਗਾਲ ਵਿਚ 'ਅਨੁਸ਼ੀਲਨ' ਅਤੇ 'ਯੁਗਾਂਤਰ' ਅਤੇ 'ਹਿੰਦੁਸਤਾਨ ਰਿਪਬਲਿਕਨ (**HRA**) ਦੇ ਨਾਂਵਾਂ ਤੋਂ ਚੱਲ ਰਹੀਆਂ ਹਨ।

**1923** ਈ. ਵਿਚ ਭਗਤ ਸਿੰਘ ਕਾਨ੍ਹਪੁਰ ਆ ਗਿਆ ਅਤੇ ਆਪਣੇ ਪਿਓ ਨੂੰ ਇਕ ਚਿੱਠੀ ਰਾਹੀਂ ਇਹ ਸੁਨੇਹਾ ਦੇ ਆਇਆ ਬਈ ਹੁਣ ਵਿਆਹ ਦੇ ਬਾਰੇ ਕੋਈ ਵਿਚਾਰ ਨਹੀਂ ਰੱਖਣਾ ਕਿਉਂ ਜੋ ਉਸ ਨੇ ਆਪਣਾ ਜੀਵਨ ਕੌਮ ਦੇ ਨਾਂਵੇਂ ਲਾ ਛੱਡਿਆ ਏ। ਉਸ ਦੇ ਨੈਸ਼ਨਲ ਕਾਲਜ ਦੇ ਇਕ ਉਸਤਾਦ ਜੈ ਚੰਦਰ ਵਿਦਿਆਲੰਕਾਰ ਨੇ ਕਾਨ੍ਹਪੁਰ ਦੇ ਰਸਾਲੇ 'ਪਰਤਾਪ' ਦੇ ਐਡੀਟਰ ਅਤੇ ਸਾਂਝੇ ਸੂਬਿਆਂ ਦੇ ਕਾਂਗਰਸੀ ਲੀਡਰ ਦੇ ਨਾਂਵੇਂ ਇਕ ਤੁਆਰਫ਼ੀ ਖ਼ਤ ਵੀ ਲਿਖ ਕੇ ਭਗਤ ਸਿੰਘ ਨੂੰ ਦਿੱਤਾ ਸੀ। ਉਹਨੇ ਨਾ ਸਿਰਫ਼ 'ਪਰਤਾਪ' ਵਿਚ ਕੰਮ ਕੀਤਾ ਸਗੋਂ ਜ਼ੇਰ-ਇ-ਜ਼ਮੀਨ ਇਨਕਲਾਬੀ ਤਨਜ਼ੀਮ **H.R.A.** ਵਿਚ ਜਾ ਰਲਿਆ। ਉਸ ਤਨਜ਼ੀਮ ਦੇ ਆਗੂ ਸਚਿੰਦਰ ਨਾਥ ਸਾਨਿਆਲ ਸਨ ਜਿਨ੍ਹਾਂ ਨੇ 'ਬੰਦੀ ਜੀਵਨ' ਲਿਖਿਆ ਸੀ ਅਤੇ ਅੰਡੇਮਾਨ ਵਿਚ ਕਾਲੇ ਪਾਣੀ ਦੀ ਸਜ਼ਾ ਭੋਗੀ ਸੀ। ਭਗਤ ਸਿੰਘ ਇਸ ਤੋਂ ਪਹਿਲਾਂ ਵੀ ਇਕ ਵਾਰ ਲਾਹੌਰ ਵਿਚ ਇਨ੍ਹਾਂ ਨੂੰ ਮਿਲ ਚੁੱਕਾ ਸੀ। ਕਾਨ੍ਹਪੁਰ ਵਿਚ ਉਹਦੀ ਮੁਲਾਕਾਤ ਵਿਜੈ ਕੁਮਾਰ ਸਿਨਹਾ, ਸ਼ਿਵ ਵਰਮਾ, ਜੈਦੇਵ ਕਪੂਰ ਅਤੇ ਬੀ. ਕੇ. ਦੱਤ ਨਾਲ ਹੋਈ। ਲਾਹੌਰ ਵਿਚ ਯਸ਼ਪਾਲ, ਸੁਖਦੇਵ ਅਤੇ ਭਗਵਤੀ ਚਰਨ ਵੋਹਰਾ ਉਸ ਦੇ ਸੰਗੀ ਕਾਮਰੇਡ ਸਨ। ਛੇ ਮਹੀਨੇ 'ਪਰਤਾਪ' ਵਿਚ ਬਲਵੰਤ ਦੇ ਕਲਮੀ ਨਾਂ ਲਿਖਣ, ਵਕਤੀ ਤੌਰ ਉਤੇ ਹੜ੍ਹ ਦੇ ਮਾਰਿਆਂ ਦੀ ਇਮਦਾਦ ਬਾਅਦ, ਅਲੀਗੜ੍ਹ ਨੇੜੇ ਸ਼ਾਦੀਪੁਰ ਪਿੰਡ ਦੇ ਨੈਸ਼ਨਲ ਸਕੂਲ ਦੇ ਹੈੱਡ ਮਾਸਟਰ ਦੇ ਤੌਰ ਉਤੇ ਕੰਮ ਕਰਨ ਤੋਂ ਮਗਰੋਂ ਆਪਣੀ ਦਾਦੀ ਦੀ ਬਿਮਾਰੀ ਦੀ ਖ਼ਬਰ ਸੁਣ ਕੇ ਲਾਹੌਰ ਪਰਤ ਆਇਆ। ਇਸ ਤੋਂ ਵੱਖ ਉਸ ਘਰਦਿਆਂ ਨੂੰ ਵਿਆਹ ਨਾ ਕਰਨ ਉਤੇ ਵੀ ਰਾਜ਼ੀ ਨਾ ਕਰ ਸਕਿਆ।

ਸਤਾਰ੍ਹਵੇਂ ਵਰ੍ਹੇ ਈ ਉਹ ਏਡਾ ਸਿਆਣਾ ਹੋ ਚੁੱਕਿਆ ਸੀ ਜੋ ਉਸ ਨੂੰ ਪੰਜਾਬ ਵਿਚ ਬੋਲੀ ਦੇ ਮਸਲੇ ਬਾਰੇ ਹਿੰਦੀ ਵਿਚ ਮਜ਼ਮੂਨ ਲਿਖਣ ਪਾਰੋਂ ਇਕ ਇਨਾਮ ਵੀ ਦਿੱਤਾ ਗਿਆ ਸੀ। **1924-25** ਈ. ਵਿਚ ਉਸ ਨੇ 'ਵਿਸ਼ਵ ਪ੍ਰੇਮ' (ਜੱਗ ਨਾਲ ਪਿਆਰ) ਅਤੇ 'ਯੁਵਕ' ਲਿਖੇ ਜਿਹੜੇ 'ਮਤਵਾਲਾ' ਵਿਚ ਬਲਵੰਤ ਸਿੰਘ ਦੇ ਨਾਂ ਤੋਂ ਛਪੇ ਸਨ। ਇਸ ਤੋਂ ਵੱਖ ਇਕ ਆਰਟੀਕਲ ਜਿਹੜਾ **1926** ਈ. ਵਿਚ ਛੇ ਬੱਬਰ ਇਨਕਲਾਬੀਆਂ ਨੂੰ ਫਾਹੇ ਲਾਉਣ ਉਤੇ ਲਿਖਿਆ ਗਿਆ ਸੀ ਅਤੇ ਜਿਸ ਦਾ ਨਾਂ 'ਹੋਲੀ ਕੇ ਦਿਨ ਰੱਤ ਕੇ ਛੀਂਟੇ' ਸੀ, ਇਕ ਪੰਜਾਬੀ 'ਯੁਵਕ' ਦੇ ਨਾਂ ਤੋਂ ਛਪਿਆ। **1930** ਈ. ਵਿਚ ਉਸ 'ਮੈਂ ਨਾਸਤਿਕ ਕਿਉਂ ਆਂ' ਲਿਖਿਆ ਜਿਸ ਵਿਚ ਉਸ ਨੇ **1926** ਈ. ਦੇ ਅਖ਼ੀਰ ਵਿਚ ਲਾਦੀਨੀਅਤ ਨੂੰ ਅਪਨਾਉਣ ਬਾਰੇ ਆਪਣੇ ਵਿਚਾਰ ਲਿਖੇ ਜਦ ਕਿ ਉਸ ਵੇਲੇ ਉਸ ਦੀ ਉਮਰ ਮਸਾਂ **19** ਵਰ੍ਹੇ ਸੀ।

**1924** ਈ. ਦੇ ਜ਼ਮਾਨੇ ਦਵਾਰਕਾ ਦਾਸ ਲਾਇਬਰੇਰੀ ਲਾਹੌਰ ਵਿਚ ਬਹੁਤ ਵੱਡੀ ਗਿਣਤੀ ਵਿਚ ਮਾਰਕਸਿਸਟ ਅਦਬ ਉਪੜਿਆ। ਭਗਤ ਸਿੰਘ ਉਸ ਵੇਲੇ ਉਥੋਂ ਦਾ ਪੜ੍ਹਿਆਰ ਸੀ। ਉਸ ਨੇ ਇਨਸਾਨ ਦੀ ਆਜ਼ਾਦੀ ਦੇ ਬੁਨਿਆਦੀ ਵਿਚਾਰਾਂ ਉਤੇ ਗੌਹ ਕੀਤਾ। ਉਹ ਪੰਜਾਬ ਦੇ ਕਿਰਤੀ ਗਰੁੱਪ ਦੇ ਜ਼ਰੀਏ, ਜਿਹੜਾ ਕਮਿਊਨਿਸਟ ਇਨਕਲਾਬੀਆਂ ਦਾ ਹਿੱਸਾ ਬਣ ਚੁੱਕਿਆ ਸੀ, ਮਾਰਕਸਿਸਟ ਬਣ ਗਿਆ। ਉਸ ਨੇ 'ਕਿਰਤੀ' ਵਿਚ ਮੁਖ਼ਤਲਿਫ਼ ਮੌਜ਼ੂਆਤ ਉਤੇ ਵੀ ਲਿਖਿਆ ਜਿਸ ਵਿਚ 'ਫ਼ਿਰਕਾਪ੍ਰਸਤੀ ਅਤੇ ਇਸ ਦਾ ਹੱਲ', 'ਅਛੂਤਾਂ ਦਾ ਮਸਲਾ' ਅਤੇ 'ਮਜ਼ਹਬ ਅਤੇ ਸਾਡੀ ਆਜ਼ਾਦੀ ਦੀ ਕੋਸ਼ਿਸ਼' ਸ਼ਾਮਿਲ ਸਨ। ਜੇ ਕੋਈ ਕਮਿਊਨਿਜ਼ਮ ਦੇ ਇਨਕਲਾਬੀਆਂ ਨਾਲ ਭਗਤ ਸਿੰਘ ਦਾ ਇਖ਼ਤਿਲਾਫ਼ ਸੀ, ਉਹ ਇਨਕਲਾਬੀਆਂ ਦੇ ਪ੍ਰੋਗਰਾਮ ਬਾਰੇ ਸੀ।

ਉਸ ਦੇ ਸੰਗੀ ਕਾਮਰੇਡਾਂ ਨੇ ਇਸ ਗੱਲ ਨੂੰ ਮੰਨ ਲਿਆ ਸੀ ਬਈ ਦੇਸ ਨੂੰ ਇਸ ਨੀਂਦਰ ਤੋਂ ਜਗਾਉਣ ਲਈ ਅਤੇ ਗ਼ੈਰ-ਕਾਲੋਨੀ ਨਿਜ਼ਾਮ ਦੀ ਤਹਿਰੀਕ ਨੂੰ ਅੱਗੇ ਵਧਾਉਣ ਲਈ ਜਵਾਨਾਂ ਨੂੰ ਕੁਰਬਾਨੀ ਦੇ ਜਜ਼ਬੇ ਨਾਲ ਇਨਕਲਾਬੀ ਕੰਮ ਕਰਨ ਦੀ ਲੋੜ ਏ।

## ਸੋਸ਼ਲਿਸਟ ਏਜੰਡਾ

1928 ਈ. ਵਿਚ ਨਾ ਸਿਰਫ਼ ਭਗਤ ਸਿੰਘ ਸਗੋਂ ਸੁਖਦੇਵ ਅਤੇ ਭਗਵਤੀ ਚਰਨ ਵੋਹਰਾ ਪੰਜਾਬ ਤੋਂ, ਵਿਜੈ ਕੁਮਾਰ ਸਿਨਹਾ, ਸ਼ਿਵ ਵਰਮਾ ਅਤੇ ਜੈਦੇਵ ਕਪੂਰ ਯੂ.ਪੀ. ਤੋਂ ਇਸ ਗੱਲ ਉੱਤੇ ਰਾਜ਼ੀ ਹੋ ਗਏ ਸਨ ਜੋ ਇਨਕਲਾਬੀ ਪਾਰਟੀ ਲਈ ਇਕ ਸੋਸ਼ਲਿਸਟ ਏਜੰਡੇ ਦੀ ਲੋੜ ਏ। ਇਸ ਗੱਲ ਨੂੰ ਤੋੜ ਪਹੁੰਚਾਉਣ ਲਈ ਉਨ੍ਹਾਂ H.R.A. ਦੀ ਸੈਂਟਰਲ ਕਮੇਟੀ ਦਾ ਇਕੱਠ ਫ਼ਿਰੋਜ਼ਸ਼ਾਹ ਕੋਟਲਾ ਦਿੱਲੀ ਵਿਚ 8-9 ਸਤੰਬਰ 1928 ਈ. ਨੂੰ ਹੰਗਾਮੀ ਤੌਰ ਉੱਤੇ ਸੱਦਿਆ। ਭਗਤ ਦੇ ਨਾਲ ਲੰਮੇ ਸਲਾਹ-ਮਸ਼ਵਰਿਆਂ ਮਗਰੋਂ ਸੁਖਦੇਵ, ਵਿਜੈ ਕੁਮਾਰ ਸਿਨਹਾ, ਸ਼ਿਵ ਵਰਮਾ ਅਤੇ ਜੈਦੇਵ ਕਪੂਰ ਦੀ ਹਮਾਇਤ ਨਾਲ H.R.A. ਦਾ ਨਾਂ (H.S.R.A.) 'ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ' ਰੱਖ ਦਿੱਤਾ। ਗਿਆ। ਇਸ ਦੇ ਵਿਚ 'ਸੋਸ਼ਲਿਸਟ' ਅੱਖਰ ਦਾ ਵਾਧਾ ਇੰਦਰਾ ਗਾਂਧੀ ਦੇ ਐਮਰਜੈਂਸੀ ਦੇ ਦੌਰਾਨ ਇੰਡੀਅਨ ਆਇਨ ਦੇ ਨਾਂ ਵਿਚ ਸੋਸ਼ਲਿਸਟ ਦੇ ਵਾਧੇ ਵਾਂਗੂ ਬਨਾਉਟੀ ਨਹੀਂ ਸੀ। ਇਸ ਨੂੰ ਚੰਗੀ ਤਰ੍ਹਾਂ ਇੰਡੀਅਨ ਇਨਕਲਾਬ ਦੇ ਖ਼ਾਸ ਮਕਸਦ ਲਈ ਵਰਤਿਆ ਗਿਆ ਸੀ। ਇਸ ਦੀ ਹਮਾਇਤ ਚੰਦਰ ਸ਼ੇਖਰ ਆਜ਼ਾਦ ਜਿਹੇ ਸੂਝਵਾਨ ਨੇ ਭਗਤ ਸਿੰਘ ਉੱਤੇ ਪੂਰਾ ਇਤਬਾਰ ਕਰਦਿਆਂ ਹੋਇਆਂ ਕੀਤੀ ਸੀ।

H.S.R.A. ਦੇ ਬਣਾਉਣ ਤੋਂ ਪਹਿਲਾਂ ਭਗਤ ਸਿੰਘ ਨੇ ਲੋਕਾਂ ਨੂੰ ਮੁਨੱਜ਼ਮ ਕਰਨ ਦੀ ਤਰਬੀਅਤ ਹਾਸਲ ਕਰ ਲਈ ਹੋਈ ਸੀ। ਉਸ ਨੇ ਇਟਲੀ ਦੇ ਜਵਾਨਾਂ ਦੀ ਤਨਜ਼ੀਮ ਵਾਂਗ 'ਨੌਜਵਾਨ ਭਾਰਤ ਸਭਾ' (N.B.S.) 1926 ਈ. ਵਿਚ ਬਣਾਈ। ਭਗਤ ਸਿੰਘ ਇਸ ਦਾ ਜਨਰਲ ਸੈਕ੍ਰੇਟਰੀ ਅਤੇ ਭਗਵਤੀ ਚਰਨ ਵੋਹਰਾ ਇਸ ਦਾ ਪ੍ਰਾਪੇਗੰਡਾ ਸੈਕ੍ਰੇਟਰੀ ਸੀ। ਦੂਜੇ ਕੰਮਾਂ ਦੇ ਨਾਲ N.B.S. ਦਾ ਇਕ ਕੰਮ ਇਹ ਸੀ ਜੋ ਉਹ ਦੇਸਭਗਤਾਂ ਦੀਆਂ ਫੋਟੋਆਂ ਦਾ ਸ਼ੋਅ ਆਰਗੇਨਾਈਜ਼ ਕਰਨ। ਇਹ ਲੋਕ ਕਰਤਾਰ ਸਿੰਘ ਸਰਾਭਾ ਤੋਂ ਬਹੁਤ ਮੁਤਾਸਰ ਸਨ ਜਿਸ ਨੂੰ 1915 ਈ. ਵਿਚ ਲਾਹੌਰ ਵਿਚ ਉਨੀ ਵਰ੍ਹਿਆਂ ਦੀ ਨਿੱਕੀ ਉਮਰੇ ਫਾਹੇ ਲਾ ਦਿੱਤਾ ਸੀ ਅਤੇ ਜਿਸ ਦੀ ਫੋਟੋ ਹਮੇਸ਼ਾ ਭਗਤ ਆਪਣੇ ਬਟੂਏ ਵਿਚ ਰੱਖਦਾ ਸੀ। ਇਸ ਵੇਲੇ ਵਿਚ ਈ ਗਦਰਾਈਟ ਇਨਕਲਾਬੀ ਮਾਸਕੋ ਤੋਂ ਕਮਿਊਨਿਸਟ ਥਿਊਰੀ ਬਾਰੇ ਚੰਗੀ ਤਰਬੀਅਤ ਲੈ ਕੇ ਪਰਤ ਆਏ ਸਨ ਅਤੇ ਉਨ੍ਹਾਂ ਨੇ ਕਿਰਤੀ ਜੱਥਾ ਬਣਾ ਲਿਆ ਸੀ। ਸੰਤੋਖ ਸਿੰਘ ਨੇ ਇਕ ਪੰਜਾਬੀ ਰਸਾਲਾ 'ਕਿਰਤੀ' ਕੱਢਿਆ ਜਿਸ ਦੇ ਨਾਲ ਭਗਤ ਸਿੰਘ ਵੀ ਲਿਖਾਰੀ ਦੇ ਤੌਰ ਤੇ ਜੁੜਿਆ ਹੋਇਆ ਸੀ। ਸੰਤੋਖ ਸਿੰਘ ਦੀ ਬੇਵਕਤੀ ਮੌਤ ਤੋਂ ਮਗਰੋਂ ਸੋਹਣ ਸਿੰਘ ਜੋਸ਼ ਇਸ ਦੇ ਐਡੀਟਰ ਬਣੇ ਤਾਂ ਭਗਤ ਸਿੰਘ ਨੇ ਕੁਝ ਚਿਰ ਤਾਈਂ 'ਕਿਰਤੀ' ਦੇ ਕਾਮੇ ਦੇ ਤੌਰ 'ਤੇ ਵੀ ਕੰਮ ਕੀਤਾ ਕਿਉਂ ਜੋ ਉਹ ਸੋਹਣ ਸਿੰਘ ਦੇ ਨਾਲ NBS ਦੇ ਕੰਮਾਂ ਵਿਚ ਜੁੜੇ ਹੋਏ ਸਨ।

N.B.S. ਦੇ ਲਾਹੌਰ ਵਿਚ ਬਣਾਏ ਜਾਣ ਤੋਂ ਪਹਿਲਾਂ ਈ ਕਾਨ੍ਹਪੁਰ ਦੇ ਕਮਿਊਨਿਸਟਾਂ ਨਾਲ ਜੁੜੇ ਹੋਏ ਸੀ ਜਿਹੜਾ ਉਸ ਵੇਲੇ ਵਰਕਿੰਗ ਕਲਾਸ ਦਾ ਸ਼ਹਿਰ ਸੀ। ਉਹ ਸੱਤਿਆਭਕਤ, ਰਾਧਾਮੋਹਨ ਗੋਕੁਲ ਜੀ ਅਤੇ ਸ਼ੌਕਤ ਉਸਮਾਨੀ ਵਰਗੇ ਕਮਿਊਨਿਸਟਾਂ ਨਾਲ ਜੋੜ ਰੱਖਦੇ ਸਨ। ਭਗਤ ਸਿੰਘ ਅਮਲੀ ਤੌਰ ਉੱਤੇ ਇੰਡੀਆ ਦੀ ਕਮਿਊਨਿਸਟ ਪਾਰਟੀ ਨਾਲ ਜੁੜਿਆ ਹੋਇਆ ਸੀ। ਉਸ ਦੇ ਬਾਅਦ ਦੇ ਕੰਮਾਂ ਤੋਂ ਲੱਭਦਾ ਏ ਜੇ ਉਹ ਕਮਿਊਨਿਸਟ ਪਾਰਟੀ ਦੇ ਸ਼ੁਰੂ ਦੌਰ ਵਿਚ ਉਸ ਦਾ ਮੈਂਬਰ ਨਹੀਂ ਸੀ ਪਰ ਉਹਨੇ ਮੁਜ਼ਫ਼ਰ ਅਹਿਮਦ ਨਾਲ ਜਿਹੜੇ 1924 ਈ. ਵਿਚ ਕਾਨ੍ਹਪੁਰ ਕੇਸ ਤੋਂ ਮਗਰੋਂ ਜੇਲ੍ਹ ਭੋਗ ਕੇ ਆਏ ਸਨ, ਲਾਹੌਰ ਵਿਚ ਮੁਲਾਕਾਤ ਕੀਤੀ ਸੀ। ਜਿਸ ਵੇਲੇ ਭਗਤ ਸਿੰਘ ਦੇ ਕੋਲ ਕਮਿਊਨਿਸਟ ਪਾਰਟੀ ਵਿਚ ਰਲਣ ਦਾ ਕੋਈ ਝਾਕਾ ਵੀ ਨਹੀਂ ਸੀ, ਉਸ ਵੇਲੇ ਉਸ ਦੇ ਸੰਗੀ ਆਪਣੀ ਇਨਕਲਾਬੀ ਤਨਜ਼ੀਮ H.S.R.A. ਨੂੰ ਉਸਾਰਨ ਦਾ ਵਿਚਾਰ ਕਰ ਰਹੇ ਸਨ। ਉਹਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਚਾਨਣ ਸੀ ਬਈ ਆਖ਼ਿਰਕਾਰ HSRA ਨੂੰ ਕਾਮਿਆਂ, ਕਿਸਾਨਾਂ, ਪੜ੍ਹਿਆਰਾਂ ਅਤੇ ਦੂਜੇ ਸੁਸਾਇਟੀ ਦੇ ਇਨਕਲਾਬੀਆਂ ਨਾਲ ਭਰਨਾ ਏ।

ਭਗਤ ਸਿੰਘ ਅਤੇ ਉਹਦੇ ਜੱਥੇ ਦਾ ਖ਼ਿਆਲ ਸੀ ਬਈ ਲੋਕਾਈ ਦੀ ਮਾੜੀ ਸਿਆਸੀ ਹਾਲਤ ਦੀ ਵਜ੍ਹਾ ਨਾਲ ਇਹੋ ਜਿਹੇ ਇਨਕਲਾਬੀ ਕੰਮ ਦੀ ਲੋੜ ਏ ਜਿਸ ਵਿਚ ਜਵਾਨ ਇਨਕਲਾਬੀਆਂ ਰਾਹੀਂ ਬਰਤਾਨਵੀ ਸਾਮਰਾਜ ਦੇ ਖ਼ਿਲਾਫ਼ ਸੁੱਤੀ ਲੋਕਾਈ ਨੂੰ ਖੜ੍ਹਾ ਕੀਤਾ ਜਾ ਸਕੇ। ਸੋਹਣ ਸਿੰਘ ਜੋਸ਼ ਨੇ ਭਗਤ ਸਿੰਘ ਨਾਲ ਆਪਣੀਆਂ ਚਾਰ ਮੁਲਾਕਾਤਾਂ ਵਿਚ ਇਸ ਲੋੜ ਨੂੰ ਮੰਨਦਿਆਂ ਹੋਇਆਂ ਆਪਣੀ ਲਿਖਤ ਵਿਚ ਸ਼ਾਮਲ ਕੀਤਾ। ਪਰ ਸਤੰਬਰ 1928 ਈ. ਵਿਚ H.S.R.A. ਦੇ ਬਣਨ ਮਗਰੋਂ ਕੁਝ ਸਿਆਸੀ ਬਦਲਾਅ ਆਇਆ ਜਿਸ ਪਾਰੋਂ H.S.R.A. ਨੂੰ ਤਕੜੀ ਲੋਕਾਈ ਦੀ ਤਨਜ਼ੀਮ ਬਣਾਉਣ ਦਾ ਵੇਲਾ ਨਾ ਲੱਭਿਆ। ਪਰ N.B.S. ਤੋਂ ਵੱਖ ਲਾਹੌਰ ਸਟੂਡੈਂਟ ਯੂਨੀਅਨ, ਬਾਲ ਸਟੂਡੈਂਟ ਯੂਨੀਅਨ ਅਤੇ ਬਾਲ ਭਾਰਤ ਸਭਾ ਜਿਹੀਆਂ ਲੋਕਾਈ ਦੀਆਂ ਤਨਜ਼ੀਮਾਂ ਬਣ ਗਈਆਂ।

ਬੜੀ ਅਚਰਜ ਦੀ ਗੱਲ ਏ ਜੋ NBS ਨੇ ਬਾਲ ਭਾਰਤ ਸਭਾ ਦੀ ਸਥਾਪਨਾ ਕੀਤੀ ਜਿਸ ਵਿਚ ਬਾਰ੍ਹਾਂ ਤੋਂ ਸੋਲ੍ਹਾਂ ਵਰ੍ਹਿਆਂ ਦੀਆਂ ਉਮਰਾਂ ਦੇ ਪੜ੍ਹਿਆਰ ਰਲੇ ਸਨ। ਸਾਡੇ ਕਿਸੇ ਤ੍ਵਾਰੀਖ਼ਦਾਨ ਨੇ ਅੱਜ ਤਕ ਇਸ ਗੱਲ ਉੱਤੇ ਕੋਈ ਤਵੱਜੋ ਨਹੀਂ ਦਿੱਤੀ। ਬਾਲ ਭਾਰਤ ਸਭਾ ਦੇ ਅੰਮ੍ਰਿਤਸਰ ਦੇ ਸਦਰ ਕਾਹਨ ਚੰਦ ਨੂੰ, ਜਿਸ ਦੀ ਉਮਰ ਸਿਰਫ਼ ਗਿਆਰ੍ਹਾਂ ਵਰ੍ਹੇ ਸੀ, ਤ੍ਰੈ ਮਹੀਨੇ ਦੀ ਜੇਲ੍ਹ ਹੋਈ ਅਤੇ ਇਸ ਤੋਂ ਮਗਰੋਂ ਯਸ਼ ਨੂੰ, ਜਿਹੜਾ ਸਿਰਫ਼ ਦਸ ਵਰ੍ਹਿਆਂ ਦਾ

ਸੀ, ਅਤੇ ਬਾਲ ਭਾਰਤ ਸਭਾ ਦਾ ਸੈਕ੍ਰੇਟਰੀ ਜਨਰਲ ਸੀ । ਉਹ ਬਾਅਦ ਵਿਚ ਰੋਜ਼ਨਾਮਾ 'ਮਿਲਾਪ' ਉਰਦੂ ਦਾ ਐਡੀਟਰ ਵੀ ਰਿਹਾ । ਉਸ ਉਤੇ ਤ੍ਰੈਅ ਮੁਕੱਦਮੇ ਬਣਾਏ ਗਏ ਸਨ ਜਿਨ੍ਹਾਂ ਵਿਚ ਲਾਹੌਰ ਸਿਟੀ ਕਾਂਗਰਸ ਅਤੇ NBS ਦੀ ਹਮਾਇਤ ਦਾ ਮੁਕੱਦਮਾ ਵੀ ਸੀ । ਉਨ੍ਹੀਂ ਦਿਨੀਂ 1192 ਇਨਕਲਾਬੀਆਂ ਨੂੰ ਜਿਨ੍ਹਾਂ ਦੀਆਂ ਉਮਰਾਂ ਪੰਦਰਾਂ ਸਾਲਾਂ ਤੋਂ ਘੱਟ ਸਨ, ਫੜਿਆ ਗਿਆ । ਬਾਲ ਭਾਰਤ ਸਭਾ ਤੋਂ ਹਟ ਕੇ ਬਾਲ ਭਾਰਤ ਸਟੂਡੈਂਟ ਯੂਨੀਅਨ ਦਾ ਵੀ ਫੈਲਾਉ ਸੀ । ਉਸ ਵੇਲੇ ਭਗਤ ਸਿੰਘ ਨੇ ਪੰਜਾਬੀ ਜਵਾਨਾਂ ਨੂੰ ਇਨ੍ਹਾਂ ਤਨਜ਼ੀਮਾਂ ਵਿਚ ਸ਼ਾਮਲ ਹੋਣ ਲਈ ਤਿਆਰ ਕੀਤਾ । ਸਗੋਂ ਲਾਹੌਰ ਸਿਟੀ ਕਾਂਗਰਸ ਵੀ ਇਸ ਦੇ ਕਿਰਦਾਰ ਤੋਂ ਬਹੁਤ ਮੁਤਾਸਰ ਸੀ । ਲਾਲਾ ਲਾਜਪਤ ਰਾਏ ਦਾ ਪੋਤਰਾ ਬਲਦੇਵ ਰਾਜ ਬਾਲ ਸਟੂਡੈਂਡ ਯੂਨੀਅਨ ਦਾ ਸੈਕ੍ਰੇਟਰੀ ਸੀ ਅਤੇ ਦਿਆਨਤ ਰਾਏ—ਸਦਰ । ਇਹ ਸਾਰੀ ਦੇਸ਼ਭਗਤੀ, ਭਗਤ ਸਿੰਘ ਅਤੇ ਉਸ ਦੇ ਕਾਮਰੇਡ ਸਾਥੀਆਂ ਦੇ ਕਾਰਨ ਹੀ ਫੈਲੀ ਸੀ ।

## ਸਾਮਰਾਜੀ ਧੜੇ ਅਤੇ ਖੋਰ

ਜਵਾਨ ਨਸਲ ਉਤੇ ਭਗਤ ਸਿੰਘ ਦਾ ਅਸਰ ਦੇਖਦਿਆਂ ਹੋਇਆਂ ਪੰਜਾਬ ਪੁਲਿਸ ਨੇ ਉਹਨੂੰ ਮਈ 1927 ਈ. ਵਿਚ ਦੁਸਹਿਰਾ ਬੰਬ ਕੇਸ (ਅਕਤੂਬਰ 1926 ਈ.) ਦੇ ਚੱਕਰ ਵਿਚ ਫੜ ਲਿਆ । ਉਸ ਨੂੰ ਛੇ ਹਫ਼ਤਿਆਂ ਲਈ ਜੇਲ੍ਹੇ ਪਾ ਦਿੱਤਾ । ਉਸ ਸਮੇਂ ਭਗਤ ਸਿੰਘ ਨੇ ਪੰਜਾਬ ਅੰਦਰ ਵੱਡੀਆਂ ਸਰਗਰਮੀਆਂ ਪਲਾਨ ਕੀਤੀਆਂ ਪਰ ਇਨ੍ਹਾਂ ਕੰਮਾਂ ਲਈ ਪਹਿਲਾਂ ਤੋਂ ਕੁਝ ਰਾਹ ਹੋਣੀ ਚਾਹੀਦੀ ਸੀ । ਅਤੇ ਉਨ੍ਹੀਂ ਦਿਨੀਂ ਹੀ ਸਾਈਮਨ ਕਮਿਸ਼ਨ ਇੰਡੀਆ ਉਪੜਿਆ । ਲਾਲਾ ਲਾਜਪਤ ਰਾਏ ਨਾਲ ਇਨ੍ਹਾਂ ਦੇ ਫਿਰਕਾਪ੍ਰਸਤੀ ਨਾਲ ਜੋੜ ਬਾਰੇ ਇਖ਼ਤਲਾਫ਼ ਤੋਂ ਵੱਖ ਉਨ੍ਹਾਂ ਕੋਲ ਇਸ ਗੱਲ ਦੀ ਬੇਨਤੀ ਕੀਤੀ ਗਈ ਜੋ ਉਹ 30 ਅਕਤੂਬਰ 1928 ਈ. ਨੂੰ N.B.S. ਵੱਲੋਂ ਕੱਢੇ ਜਾਣ ਵਾਲੇ ਵਿਖਾਲੇ ਦੀ ਅਗਵਾਈ ਕਰਨ । ਭਗਤ ਸਿੰਘ ਆਪ ਇਸ ਜਲਸੇ ਵਿਚ ਨਹੀਂ ਸੀ ਪਰ N.B.S. ਦੇ ਲੋਕਾਂ ਨੇ ਲਾਲਾ ਜੀ ਨੂੰ ਬਚਾਉਣ ਦਾ ਬਥੇਰਾ ਆਹਰ ਕੀਤਾ ਸੀ ਜਦੋਂ ਬਰਤਾਨਵੀ ਪੁਲਿਸ ਨਾਲ ਫੱਡਾ ਹੋਇਆ, ਉਸ ਵੇਲੇ ਲਾਹੌਰ ਦੇ ਐਸ.ਪੀ. ਸਕਾਟ ਨੇ ਲਾਠੀਚਾਰਜ ਦਾ ਹੁਕਮ ਦੇ ਦਿੱਤਾ ਅਤੇ ਉਸ ਦੇ ਡਿਪਟੀ ਸਾਂਡਰਸ ਨੇ ਲਾਲਾ ਜੀ ਉਤੇ ਤਸ਼ੱਦਦ ਕੀਤਾ ਜਿਸ ਦੀ ਵਜ੍ਹਾ ਨਾਲ ਜ਼ਖ਼ਮੀ ਹੋਣ ਤੋਂ ਮਗਰੋਂ ਉਹ 17 ਨਵੰਬਰ ਨੂੰ ਜੱਗ ਤੋਂ ਮੂੰਹ ਮੋੜ ਗਏ ।

ਇਸ ਹੋਣੀ ਦੇ ਜਵਾਬ ਵਿਚ ਬਸੰਤੀ ਦੇਵੀ, ਜਿਹੜੀ ਸੀ.ਆਰ. ਦਾਸ ਦੀ ਬੇਵਾ ਸੀ, ਨੇ ਦੇਸ ਦੇ ਜਵਾਨਾਂ ਨੂੰ ਹੱਲਾਸ਼ੇਰੀ ਦਵਾਈ ਜੋ ਉਹ ਦੇਸ ਦੇ ਨਾਲ ਹੋਣ ਵਾਲੇ ਧ੍ਰੋਹ ਦਾ ਬਦਲਾ ਲੈਣ । ਭਗਤ ਸਿੰਘ ਨੇ ਇਸ ਤਰ੍ਹਾਂ ਦਾ ਮੌਕਾ ਹੱਥੋਂ ਨਾ ਜਾਣ ਦਿੱਤਾ ਅਤੇ H.S.R.A. ਨੇ ਇਸ ਗੱਲ ਦਾ ਫ਼ੈਸਲਾ ਕੀਤਾ ਬਈ ਸਕਾਟ ਜਿਸ ਨੇ ਲਾਲਾ ਜੀ ਹੋਰਾਂ ਉਤੇ ਹਮਲੇ ਦਾ ਹੁਕਮ ਦਿੱਤਾ ਸੀ, ਉਸ ਤੋਂ ਬਦਲਾ ਲਿਆ ਜਾਵੇ । ਭਗਤ ਸਿੰਘ ਅਤੇ ਰਾਜਗੁਰੂ ਨੂੰ ਸਕਾਟ ਨੂੰ ਗੋਲੀ ਮਾਰਨ ਲਈ ਮੁਕੱਰਰ ਕੀਤਾ ਗਿਆ । ਜੈਗੋਪਾਲ ਦੇ ਜ਼ਿੰਮੇ ਉਹਦੀ ਪਛਾਣ ਕਰਵਾਉਣਾ ਅਤੇ ਚੰਦਰਸ਼ੇਖਰ ਆਜ਼ਾਦ ਦੇ ਜ਼ਿੰਮੇ ਪੂਰੇ ਜੱਥੇ ਦੀ ਦੇਖਭਾਲ ਕਰਨਾ ਸੀ । ਭਗਤ ਨੇ ਪਹਿਲੀ ਗੋਲੀ ਚਲਾਉਣੀ ਸੀ ਪਰ ਜੈਗੋਪਾਲ ਦਾ ਇਸ਼ਾਰਾ ਮਿਲਣ ਤੋਂ ਮਗਰੋਂ ਰਾਜਗੁਰੂ ਨੇ ਉਸ ਉਤੇ ਗੋਲੀ ਚਲਾ ਦਿੱਤੀ । ਜਦ ਭਗਤ ਨੇ ਆਜ਼ਾਦ ਨੂੰ ਆਵਾਜ਼ ਦੇ ਕੇ ਦੱਸਣ ਦੀ ਕੋਸ਼ਿਸ਼ ਕੀਤੀ ਬਈ "ਇਹ ਸਕਾਟ ਨਹੀਂ" (ਲਾਹੌਰ ਕੇਸ ਦੀਆਂ ਗੱਲਾਂ 'ਸੁਖਦੇਵ') ਪਰ ਉਸ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਰਾਜਗੁਰੂ ਡਿਪਟੀ ਸਾਂਡਰਸ ਨੂੰ ਗੋਲੀ ਮਾਰ ਚੁੱਕਿਆ ਸੀ । ਹੁਣ ਭਗਤ ਸਿੰਘ ਕੋਲ ਕੋਈ ਰਾਹ ਨਹੀਂ ਸੀ । ਉਹਨੇ ਵੀ ਸਾਂਡਰਸ ਨੂੰ ਚਾਰ ਗੋਲੀਆਂ ਮਾਰ ਦਿੱਤੀਆਂ ਤਾਂ ਜੋ ਉਹਦੇ ਬਚਣ ਦਾ ਕੋਈ ਰਾਹ ਨਾ ਰਵ੍ਹੇ ।

ਅਗਲੇ ਦਿਹਾੜੇ ਸਵੇਰੇ ਲਾਹੌਰ ਵਿਚ ਇਸ਼ਤਿਹਾਰ ਲੱਗੇ ਹੋਏ ਸਨ, ਜਿਨ੍ਹਾਂ ਵਿਚ ਇਨਕਲਾਬੀਆਂ ਡਿਪਟੀ ਸਾਂਡਰਸ ਦੇ ਕਤਲ ਦਾ ਜ਼ਿੰਮਾ ਕਬੂਲਿਆ ਹੋਇਆ ਸੀ । ਕਿਉਂ ਉਹ ਵੀ ਲਾਲਾ ਜੀ ਦੀ ਮੌਤ ਦਾ ਸਕਾਟ ਦੇ ਨਾਲ ਬਰਾਬਰ ਦਾ ਭਾਈਵਾਲ ਸੀ ਅਤੇ ਸਾਮਰਾਜੀ ਤਾਕਤਾਂ ਦਾ ਸਾਂਝੀਦਾਰ । ਇਸ ਕੰਮ ਪਾਰੋਂ ਭਗਤ ਸਿੰਘ ਨੂੰ ਇਸ ਗੱਲ ਦਾ ਪੱਕ ਹੋ ਗਿਆ ਸੀ ਕਿ ਉਸ ਨੂੰ ਮੁਕੱਦਮੇ ਵਿਚ ਫਾਂਸੀ ਹੋ ਜਾਵੇਗੀ । ਫਿਰ ਭਗਤ ਸਿੰਘ ਨੇ ਇਸ ਗੱਲ ਨੂੰ ਮਿੱਥ ਲਿਆ ਬਈ ਬਾਕੀ ਦੀ ਹਯਾਤੀ ਵਿਚ ਬਹੁਤੇ ਤੋਂ ਬਹੁਤਾ ਇਨਕਲਾਬੀ ਕੰਮ ਕੀਤਾ ਜਾਵੇ ।

H.S.R.A. ਨੇ ਬਹੁਤ ਸਾਰੇ ਇਨਕਲਾਬੀ ਖ਼ਾਸ ਕਰ ਚੰਦਰ ਸ਼ੇਖਰ ਆਜ਼ਾਦ ਕਾਕੋਰੀ ਦੀ ਟਰੇਨ ਡਕੈਤੀ ਵਿਚ ਨਾਮਜ਼ਦ ਹੋਣ ਪਾਰੋਂ ਰੂਪੋਸ਼ ਸਨ । ਸਾਂਡਰਸ ਦੇ ਕਤਲ ਮਗਰੋਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਦੂਜਿਆਂ ਨੂੰ ਵੀ ਲੁਕਣਾ ਪਿਆ । ਭਗਤ ਸਿੰਘ ਦੁਰਗਾ ਭਰਜਾਈ ਨਾਲ ਕਲਕੱਤਾ ਨਿਕਲ ਗਿਆ, ਜਿਥੇ ਉਹ ਬੰਗਾਲੀ ਇਨਕਲਾਬੀਆਂ ਨਾਲ ਜੁੜਿਆ ਰਿਹਾ ਅਤੇ ਫਿਰ ਉਥੋਂ ਜਤਿੰਦਰ ਨਾਥ ਨਾਲ ਲਾਹੌਰ ਆ ਗਿਆ, ਤਾਂ ਜੋ ਇਥੇ ਕਾਮਰੇਡਾਂ ਨੂੰ ਬੰਬ ਬਣਾਉਣਾ ਸਿਖਾਇਆ ਜਾਵੇ । ਇਸ ਮੌਕੇ ਉਤੇ H.S.R.A. ਇਕ ਥਾਂ ਹੀ ਬੱਝੀ ਰਹਿ ਗਈ । ਇੰਡੀਆ ਦੀ ਆਜ਼ਾਦੀ ਲਈ ਸੋਸ਼ਲਿਸਟ ਏਜੰਡਾ ਰੱਖਣ ਪਾਰੋਂ ਇਹ ਚਾਹੁੰਦੇ ਸਨ ਬਈ ਕਾਮਿਆਂ, ਕਿਸਾਨਾਂ, ਪੜ੍ਹਿਆਰਾਂ ਅਤੇ ਜਵਾਨਾਂ ਨੂੰ ਇਕੱਠਾ ਕੀਤਾ ਜਾਵੇ ਪਰ ਸਾਂਡਰਸ ਦੇ ਕਤਲ ਅਤੇ ਦੂਜੇ ਇਹੋ ਜਿਹੇ ਮੁਕੱਦਮਿਆਂ ਪਾਰੋਂ ਉਨ੍ਹਾਂ ਨੂੰ ਖੁੱਲ੍ਹ ਕੇ ਕੰਮ ਕਰਨ ਦਾ ਮੌਕਾ ਨਾ ਲੱਭਾ । ਅਤੇ ਨਾ ਈ ਉਨ੍ਹਾਂ ਨੂੰ ਕਾਂਗਰਸ ਦੀ ਛਾਂ ਲੱਭੀ ਜੋ ਉਹ ਸਿਆਸੀ ਕੰਮ ਕਰ ਸਕਣ ਕਿਉਂ ਜੋ ਉਨ੍ਹਾਂ ਦੀਆਂ ਬਹੁਤੀਆਂ ਗੱਲਾਂ ਉਤੇ ਪਾਰਟੀ ਨਾਲ ਮੁੱਢਲੇ ਇਖ਼ਤਿਲਾਫ਼ਾਤ ਸਨ ।

ਇੰਜ ਦੇ ਔਖੇ ਹਾਲਾਤ ਵਿਚ ਭਗਤ ਸਿੰਘ ਇਕ ਹੀ ਰਾਹ ਵੇਖ ਸਕਿਆ, ਅਤੇ ਉਹ ਸੀ ਘੱਟ ਤੋਂ ਘੱਟ ਜਾਨੀ ਨੁਕਸਾਨ ਨਾਲ ਲੋਕਾਈ ਨੂੰ ਜਗਾਉਣ ਲਈ ਇਨਕਲਾਬੀ ਕੰਮ ਕੀਤਾ ਜਾਵੇ । ਉਹਨੇ ਅਤੇ ਉਹਦੇ ਸਾਥੀਆਂ, ਆਪਣੀਆਂ ਜਾਨਾਂ ਇੰਜ ਕੁਰਬਾਨ ਕੀਤੀਆਂ ਜੋ ਪੂਰੇ ਦੇਸ ਨੂੰ ਉਨ੍ਹਾਂ ਦੇ ਵਿਚਾਰਾਂ ਅਤੇ ਮਕਸਦਾਂ ਦਾ ਪਤਾ ਲੱਗ ਗਿਆ । ਭਗਤ ਸਿੰਘ ਨਾ ਸਿਰਫ਼ H.S.R.A. ਤੋਂ, ਸਗੋਂ ਹਰ ਬੰਦੇ ਦੇ ਨਾਂ ਨਾਲ ਜੁੜਿਆ ਹੋਇਆ 'ਅੱਤਵਾਦ' ਦਾ ਦਾਗ

ਧੋਣਾ ਚਾਹੁੰਦਾ ਸੀ। ਇਸ ਕੰਮ ਲਈ ਉਨ੍ਹਾਂ ਇੰਜ ਦੀਆਂ ਥਾਵਾਂ ਲੱਭਣ ਦੀ ਖਵਾਹਿਸ਼ ਕੀਤੀ ਜਿਨ੍ਹਾਂ ਰਾਹੀਂ ਲੱਖਾਂ ਲੋਕਾਂ ਤੀਕਰ ਆਪਣੀ ਆਵਾਜ਼ ਉਪੜਾ ਸਕਣ।

ਭਗਤ ਸਿੰਘ ਇਸ ਗੱਲ ਉਤੇ ਗ਼ੌਰ ਕਰਦਾ ਪਿਆ ਸੀ ਬਈ ਉਹ ਆਪਣੀ ਜੋਬਨ ਰੁੱਤ ਇਸ ਤਰ੍ਹਾਂ ਕੁਰਬਾਨ ਕਰਨ ਤਾਂ ਜੋ ਦੇਸ਼ ਵਿਚ ਬਹੁਤ ਸਾਰੇ ਲੋਕੀਂ ਮੁਤਾਸਰ ਹੋ ਜਾਵਣ। ਦਿਨ-ਦਿਹਾੜੇ ਸਾਂਡਰਸ ਦੇ ਕਤਲ ਨੇ H.S.R.A. ਨੂੰ ਸਿੱਧੇ ਰਾਹੇ ਪਾ ਦਿੱਤਾ ਜਿਸ ਪਾਰੋਂ ਉਨ੍ਹਾਂ ਤੋਂ ਲੱਖਾਂ ਲੋਕੀਂ ਮੁਤਾਸਰ ਹੋਏ। ਇਹੋ ਗੱਲ ਉਸ ਨੇ ਆਪਣੇ ਅਦਾਲਤੀ ਬਿਆਨ ਵਿਚ ਖੁੱਲ੍ਹ ਕੇ ਆਖੀ, ਉਨ੍ਹਾਂ ਦੀ ਕਿਸੇ ਨਾਲ ਜ਼ਾਤੀ ਦੁਸ਼ਮਣੀ ਜਾਂ ਅਦਾਵਤ ਨਹੀਂ।

## ਬੋਲ਼ੇ ਦੇ ਕੰਨੀਂ ਆਵਾਜ਼

ਜਤਿਨ ਦਾਸ ਲਾਹੌਰ ਆਇਆ ਤਾਂ ਕਰਾਏ ਦੇ ਕੁਝ ਘਰਾਂ ਵਿਚ ਬੰਬ ਬਣਾਏ ਗਏ। ਸਾਂਡਰਸ ਦੇ ਕਤਲ ਦੇ ਜਵਾਬ ਵਿਚ ਲੋਕਾਈ ਦੇ ਜੋਸ਼ ਦੀ ਅੱਗ ਨੂੰ ਹੋਰ ਤਾਵਣ ਲਈ ਰਲਦਾ-ਮਿਲਦਾ ਕੋਈ ਇਨਕਲਾਬੀ ਕਰਮ ਲੋੜੀਂਦਾ ਸੀ। ਬਰਤਾਨਵੀ ਸਾਮਰਾਜੀ ਸਰਕਾਰ ਨੇ ਲੋਕਾਈ ਦੇ ਤਹੱਫੁਜ਼ ਦਾ ਬਿਲ ਅਤੇ ਵਪਾਰ ਦੇ ਬਿਲ ਨੂੰ ਕਾਨੂੰਨ ਬਣਾ ਦਿੱਤਾ। ਉਨ੍ਹਾਂ ਇਸ ਕਾਨੂੰਨ ਦੇ ਖਿਲਾਫ਼ ਲੋਕਾਈ ਦੀ ਵੱਡੀ ਮੁਖ਼ਾਲਫ਼ਤ ਅਤੇ ਸੈਂਟਰਲ ਅਸੈਂਬਲੀ ਦੇ ਮੈਂਬਰਾਂ ਦੀ ਮੁਖ਼ਾਲਫ਼ਤ ਦੀ ਕੋਈ ਵੀ ਪ੍ਰਵਾਹ ਨਾ ਕੀਤੀ। ਭਗਤ ਸਿੰਘ ਅਤੇ ਉਹਦੇ ਕਾਮਰੇਡ ਸੰਗੀਆਂ ਇਸ ਗੱਲ ਦਾ ਫ਼ੈਸਲਾ ਕੀਤਾ ਬਈ ਅਸੈਂਬਲੀ ਵਿਚ ਪਟਾਕੇ ਛੱਡੇ ਜਾਵਣ ਜਿਨ੍ਹਾਂ ਦਾ ਮਕਸਦ ਸਿਰਫ਼ ਰੌਲਾ ਪਾਉਣਾ ਸੀ। ਇਸ ਗੱਲਬਾਤ ਉਤੇ H.S.R.A. ਦੀ ਸੈਂਟਰਲ ਕਮੇਟੀ ਵਿਚ ਸੁਖਦੇਵ ਦੀ ਗ਼ੈਰ-ਹਾਜ਼ਰੀ ਵਿਚ ਬਹਿਸ ਕੀਤੀ ਗਈ। ਭਗਤ ਸਿੰਘ ਦੀ ਆਪਣੇ ਆਪ ਨੂੰ ਕਾਰਵਾਈ ਤੋਂ ਮਗਰੋਂ ਗ੍ਰਿਫ਼ਤਾਰ ਹੋਣ ਦੀ ਗੱਲ ਨੂੰ ਕਮੇਟੀ ਨੇ ਰੱਦ ਕਰ ਦਿੱਤਾ ਕਿਉਂ ਜੋ ਉਹ ਪਹਿਲਾਂ ਹੀ ਸਾਂਡਰਸ ਦੇ ਕਤਲ ਦੇ ਮੁਕੱਦਮੇ ਵਿਚ ਮਤਲੂਬ ਸੀ ਅਤੇ ਪਾਰਟੀ ਇਸ ਔਖੇ ਵੇਲੇ ਵਿਚ ਆਪਣਾ ਚੰਗਾ ਲੀਡਰ ਨਹੀਂ ਸੀ ਗੁਆਉਣਾ ਚਾਹੁੰਦੀ।

ਜਦੋਂ ਸੁਖਦੇਵ ਨੂੰ ਭਗਤ ਸਿੰਘ ਦੇ ਇਕ ਕਰੀਬੀ ਸੰਗੀ ਰਾਹੀਂ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਪਰੇਸ਼ਾਨ ਹੋਇਆ। ਉਸ ਨੇ ਭਗਤ ਸਿੰਘ ਨੂੰ ਮਿਹਣਾ ਮਾਰਿਆ ਬਈ ਉਹ ਆਪਣੀ ਹਯਾਤੀ ਬਚਾਉਣਾ ਚਾਹੁੰਦਾ ਏ। ਹਾਲਾਂ ਕਿ ਉਸ ਨੂੰ ਇਸ ਗੱਲ ਦਾ ਪੱਕ ਸੀ ਜੋ ਭਗਤ ਸਿੰਘ ਤੋਂ ਅੱਡ ਕੋਈ ਵੀ ਬੰਦਾ ਪਾਰਟੀ ਦੇ ਵਿਚਾਰਾਂ ਨੂੰ ਖੁੱਲ੍ਹ ਕੇ ਪੇਸ਼ ਨਹੀਂ ਸੀ ਕਰ ਸਕਦਾ। ਸੈਂਟਰਲ ਕਮੇਟੀ ਦਾ ਮੁੜ ਇਜਲਾਸ ਹੋਇਆ ਤਾਂ ਭਗਤ ਸਿੰਘ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਬਈ ਉਹ ਤਾਂ ਇਸ ਕਾਰਵਾਈ ਮਗਰੋਂ ਗ੍ਰਿਫ਼ਤਾਰੀ ਦੇ ਦੇਵੇਗਾ। ਪਾਰਟੀ ਚਾਹੁੰਦੀ ਸੀ, ਉਹ ਫ਼ਰਾਰ ਹੋ ਜਾਵਣ ਪਰ ਅਖ਼ੀਰ ਭਗਤ ਸਿੰਘ ਦੀ ਸਲਾਹ ਨੂੰ ਮੰਨ ਲਿਆ ਗਿਆ।

ਇਹ ਕੰਮ ਫ਼ਰਾਂਸ ਦੀ ਪਾਰਲੀਮੈਂਟ ਵਿਚ ਬੋਲੀ ਜਾਵਣ ਵਾਲੀ ਵੇਲੀਆਂ ਦੀ ਇਕ ਲਾਈਨ ਤੋਂ ਮੁਤਾਸਰ ਹੋ ਕੇ ਕੀਤਾ ਗਿਆ ਜਿਸ ਦਾ ਮਕਸਦ ਗ਼ੁਰਬਤ ਵੱਲ ਧਿਆਨ ਦਿਵਾਉਣਾ ਸੀ—"ਇਕ ਧਮਾਕੇ ਦੀ ਲੋੜ ਏ ਤਾਂ ਜੋ ਬੋਲਿਆਂ ਤਕ ਆਵਾਜ਼ ਅੱਪੜ ਸਕੇ।" ਇਹ ਉਹ ਨਾਅਰਾ ਸੀ ਜਿਹੜਾ ਭਗਤ ਸਿੰਘ ਅਤੇ ਬੀ.ਕੇ. ਦੱਤ ਨੇ ਅਸੈਂਬਲੀ ਦੇ ਖ਼ਾਲੀ ਮੇਜ਼ਾਂ ਉਤੇ ਬੇ-ਜ਼ਰਰ ਬੰਬ ਸੁੱਟਣ ਤੋਂ ਮਗਰੋਂ ਲਾਇਆ ਸੀ। ਪਰ ਧਮਾਕੇ ਨੇ ਅਸੈਂਬਲੀ ਵਿਚ ਭਾਂਬੜ ਮਚਾ ਦਿੱਤੀ ਅਤੇ ਸਿਰਫ਼ ਪੰਡਤ ਮੋਤੀਲਾਲ ਨਹਿਰੂ, ਮਦਨ ਮੋਹਨ ਮਾਲਵੀਆ ਅਤੇ ਜਿਨਾਹ ਵਰਗੇ ਕੁਝ ਮੈਂਬਰ ਆਪਣੀ ਥਾਂ ਉਤੇ ਖਲੋਤੇ ਰਹੇ। ਬਹੁਤੇ, ਜਿਨ੍ਹਾਂ ਵਿਚ ਹੋਮ ਸੈਕ੍ਰੇਟਰੀ ਵੀ ਸੀ, ਅੰਨ੍ਹੇਵਾਹ ਨੱਸ ਗਏ। ਕਈ ਤਾਂ ਆਪਣੀਆਂ ਮੇਜ਼ਾਂ ਹੇਠ ਹੀ ਲੁਕ ਗਏ। ਇਥੇ ਉਹ ਦੋ ਤਾਰੀਖ਼ੀ ਨਾਅਰੇ ਵਜੂਦ ਵਿਚ ਆਏ—'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਕਾ ਨਾਸ਼ ਹੋ'। ਥੋੜ੍ਹੇ ਚਿਰ ਵਿਚ ਈ ਨਾਅਰੇ ਖ਼ਾਸਕਰ 'ਇਨਕਲਾਬ ਜ਼ਿੰਦਾਬਾਦ' ਨਾ ਸਿਰਫ਼ ਸਾਰੀਆਂ ਇਨਕਲਾਬੀ ਤਨਜ਼ੀਮਾਂ ਸਗੋਂ ਦੂਜੀਆਂ ਤਨਜ਼ੀਮਾਂ ਦਾ ਵੀ ਨਾਅਰਾ ਬਣ ਗਿਆ ਜਿਸ ਵਿਚ ਕਾਂਗਰਸ ਵੀ ਸ਼ਾਮਿਲ ਸੀ। ਹਾਲਾਂਕਿ ਰਾਸ਼ਟਰੀਆ ਸਵੈਮ ਸੇਵਕ ਸੰਘ (R.S.S.), ਹਿੰਦੂ ਮਹਾ ਸਭਾ ਅਤੇ ਦੂਜੀਆਂ ਕਮਿਊਨਲ ਤਨਜ਼ੀਮਾਂ ਦਾ ਇਸ ਦੇ ਨਾਲ ਕੁਝ ਲੈਣਾ-ਦੇਣਾ ਨਹੀਂ ਸੀ।

ਅਸਲ ਵਿਚ 'ਇਨਕਲਾਬ ਜ਼ਿੰਦਾਬਾਦ' Long live Revolution ਦਾ ਤਰਜਮਾ ਸੀ, ਜਿਹੜਾ ਮਜ਼ਦੂਰ ਤਨਜ਼ੀਮਾਂ ਦਾ ਨਾਅਰਾ ਸੀ। ਇਸ ਦਾ ਇਸ ਤੋਂ ਪਹਿਲਾਂ ਹਿੰਦੀ ਵਿਚ 'ਕ੍ਰਾਂਤੀ ਚਿਰੰਜੀਵ ਹੋ' ਦੇ ਤੌਰ ਉਤੇ ਤਰਜਮਾ ਹੋਇਆ ਪਰ ਲੋਕਾਈ ਦੇ ਦਿਲਾਂ ਵਿਚ ਘਰ ਨਾ ਕਰ ਸਕਿਆ। ਇਨਕਲਾਬ ਜ਼ਿੰਦਾਬਾਦ ਨੇ ਨਾ ਸਿਰਫ਼ ਹਿੰਦੀ ਬੋਲਣ ਵਾਲਿਆਂ ਦੀਆਂ ਸੋਚਾਂ ਵਿਚ ਘਰ ਕਰ ਲਿਆ ਸਗੋਂ ਇਹ ਨਾਅਰਾ ਆਗਰਾ ਤੋਂ ਚਿਨਈ ਅਤੇ ਸਿਰੀਨਗਰ ਤੋਂ ਮੁੰਬਈ ਤੀਕ ਫੈਲ ਗਿਆ। ਭਗਤ ਸਿੰਘ ਨੇ ਇਸ ਗੱਲ ਉਤੇ ਫ਼ਖ਼ਰ ਕੀਤਾ ਕਿ ਉਸ ਨੇ ਆਪਣੀ ਨਿੱਕੀ ਜਿਹੀ ਹਯਾਤੀ ਵਿਚ ਕਰੋੜਾਂ ਹਿੰਦਸਤਾਨੀਆਂ ਤੀਕ ਇਸ ਨਾਅਰੇ ਨੂੰ ਅਪੜਾ ਦਿੱਤਾ। ਭਗਤ ਸਿੰਘ ਅਤੇ ਦੱਤ ਦੇ ਨਾਅਰੇ 'ਇਨਕਲਾਬ ਜ਼ਿੰਦਾਬਾਦ' ਨੇ 'ਵੰਦੇ ਮਾਤਰਮ' ਦੇ ਨਾਅਰੇ ਨੂੰ ਬਦਲਾ ਦਿੱਤਾ, ਜਿਹੜਾ ਇਸ ਤੋਂ ਪਹਿਲਾਂ ਨੈਸ਼ਨਲਿਸਟ ਤਹਿਰੀਕ ਦਾ 1905 ਈ. ਤੋਂ ਅਪ੍ਰੈਲ 1929 ਈ. ਤੀਕਰ ਨਾਅਰਾ ਸੀ। ਕੌਮੀ ਤਹਿਰੀਕ ਵਿਚ ਭਗਤ ਸਿੰਘ ਦੇ ਹਿੱਸੇ ਵੱਲ ਵੇਖਿਆ ਜਾਵੇ ਤਾਂ ਇਸ ਸਭ ਤੋਂ ਮਸ਼ਹੂਰ ਇਨਕਲਾਬੀ ਨਾਅਰੇ ਦਾ ਸਿਹਰਾ ਉਨ੍ਹਾਂ ਦੇ ਸਿਰ ਉਤੇ ਨਜ਼ਰ ਆਉਂਦਾ ਏ।

## ਅਦਾਲਤਾਂ ਅਤੇ ਜੇਲ੍ਹਾਂ ਅੰਦਰ

ਅਸੈਂਬਲੀ ਵਿਚ ਕੀਤੇ ਜਾਵਣ ਵਾਲੇ ਧਮਾਕੇ ਨੂੰ ਬਹੁਤ ਢੰਗ ਨਾਲ ਪਲਾਨ ਕੀਤਾ ਗਿਆ ਸੀ । ਭਗਤ ਸਿੰਘ ਅਤੇ ਦੱਤ ਦੀਆਂ ਫ਼ੋਟੋਆਂ ਪਹਿਲਾਂ ਈ ਲਈਆਂ ਜਾ ਚੁੱਕੀਆਂ ਸਨ ਅਤੇ ਇਸ ਮੌਕੇ ਉੱਤੇ ਬਿਆਨ ਵੀ ਪਹਿਲਾਂ ਈ ਤਿਆਰ ਕਰ ਕੇ ਰੱਖਿਆ ਗਿਆ ਸੀ, ਜਿਸ ਦੇ ਕਾਰਨ ਉਸੇ ਦਿਨ 8 ਅਪ੍ਰੈਲ 1929 ਈ. ਨੂੰ ਅਖ਼ਬਾਰਾਂ ਤਕ ਇਹ ਖ਼ਬਰ ਅਪੜਾ ਦਿੱਤੀ ਗਈ ਸੀ ।

ਬਰਤਾਨਵੀ ਪੁਲਿਸ ਉਨ੍ਹਾਂ ਉੱਤੇ ਹੱਥ ਪਾਉਣ ਤੋਂ ਘਬਰਾ ਰਹੀ ਸੀ ਕਿਉਂ ਜੋ ਉਨ੍ਹਾਂ ਦੇ ਹੱਥਾਂ ਵਿਚ ਪਿਸਤੌਲ ਸੀ । ਪਰ ਨਾਅਰੇ ਲਾਉਂਦਿਆਂ ਹੋਇਆਂ ਉਨ੍ਹਾਂ ਨੇ ਪਿਸਤੌਲ ਮੇਜ਼ ਉੱਤੇ ਰੱਖ ਦਿੱਤੀ ਜਿਹੜੀ ਇਸ ਇਸ ਗੱਲ ਦੀ ਨਿਸ਼ਾਨੀ ਸੀ ਕਿ ਉਹ ਗ੍ਰਿਫ਼ਤਾਰੀ ਦੇਣ ਲਈ ਤਿਆਰ ਨੇ । ਪੁਲਿਸ ਉਨ੍ਹਾਂ ਵੱਲ ਉਸ ਵੇਲੇ ਈ ਵਧੀ ਜਦੋਂ ਉਨ੍ਹਾਂ ਪਿਸਤੌਲ ਰੱਖ ਦਿੱਤੇ । ਇਸ ਵਿਚਕਾਰ ਈ ਜੈਦੇਵ ਕਪੂਰ ਅਸੈਂਬਲੀ ਹਾਲ ਤੋਂ ਬਾਹਰ ਜਾ ਚੁੱਕਿਆ ਸੀ । ਇਨਕਲਾਬੀ ਜੱਥੇ ਦਾ ਬੁਨਿਆਦੀ ਮਕਸਦ ਪੂਰਾ ਹੋ ਚੁੱਕਿਆ ਸੀ ਅਤੇ ਹੁਣ ਉਨ੍ਹਾਂ ਦਾ ਕੰਮ ਇਨਕਲਾਬ ਦੇ ਪੈਗ਼ਾਮ ਨੂੰ ਦੇਸ ਦੇ ਲੋਕਾਂ ਤਕ ਅਪੜਾਉਣਾ ਸੀ । ਪਰ ਭਗਤ ਸਿੰਘ ਇਸ ਬਾਰੇ ਵੀ ਚੰਗਾ ਮਨਸੂਬਾ ਬਣਾ ਚੁੱਕਿਆ ਸੀ । ਉਨ੍ਹਾਂ ਅਦਾਲਤਾਂ ਵਿਚ ਆਪਣਾ ਦਿਫ਼ਾਅ ਕਰਨ ਦੀ ਥਾਂ ਬਰਤਾਨਵੀ ਆਦਲਤਾਂ ਨੂੰ ਸਿਆਸੀ ਬਿਆਨਾਂ ਦੇ ਫੈਲਾਉਣ ਲਈ ਵਰਤਿਆ । ਉਨ੍ਹਾਂ ਆਪਣੇ ਲਈ ਕੋਈ ਵਕੀਲ ਨਾ ਕੀਤਾ ਪਰ ਵਕੀਲਾਂ ਦੀਆਂ ਸਲਾਹਾਂ ਮੰਨਦੇ ਰਹੇ । ਨੈਸ਼ਨਲਿਸਟ ਵਕੀਲ ਆਸਿਫ਼ ਅਲੀ ਦੀਆਂ ਖ਼ਿਦਮਾਤਾਂ ਉਨ੍ਹਾਂ ਦੇ ਨਾਲ ਸਨ । ਇਹ ਆਸਿਫ਼ ਅਲੀ ਉਹੀ ਸੀ ਜਿਹਨੇ 6 ਜੂਨ 1929 ਨੂੰ ਭਗਤ ਸਿੰਘ ਅਤੇ ਬੀ.ਕੇ. ਦੱਤ ਦੇ ਤਾਰੀਖ਼ੀ ਬਿਆਨ ਨੂੰ ਸੈਸ਼ਨ ਕੋਰਟ ਵਿਚ ਪੜ੍ਹਿਆ ਜਿਸ ਵਿਚ ਉਨ੍ਹਾਂ ਉੱਤੇ ਦਿੱਲੀ ਬੰਬ ਧਮਾਕੇ ਦਾ ਮੁਕੱਦਮਾ ਚੱਲ ਰਿਹਾ ਸੀ । ਇਹ ਬਿਆਨ ਇਨਕਲਾਬੀ ਤਹਿਰੀਕ ਦੇ ਮਕਾਸਿਦ ਨੂੰ ਚੰਗੀ ਤਰ੍ਹਾਂ ਬਿਆਨ ਕਰਦਾ ਏ ('ਸ਼ਿਵ ਵਰਮਾ ਐਡੀਸ਼ਨ, ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ, ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ, 1986 ਈ. ਸਫ਼ਾ 71) ।

"ਅਸੀਂ ਬੜੀ ਆਜਜ਼ੀ ਨਾਲ ਆਖਨੇ ਆਂ ਬਈ ਅਸੀਂ ਆਪਣੇ ਦੇਸ ਦੀ ਤਾਰੀਖ਼ ਅਤੇ ਇਸ ਦੇ ਹਾਲਾਤ ਦੇ ਪੜ੍ਹਿਆਰ ਹਾਂ । ਅਸੀਂ ਇਸ ਦੇ ਬਹੁਤ ਚਾਹੁਣ ਵਾਲੇ ਆਂ । ਅਸੀਂ ਫ਼ਰੇਬ ਦੇ ਜਾਲ ਵਿਚ ਆਂ । ਸਾਡਾ ਇਹ ਅਮਲੀ ਵਿਖਾਲਾ ਉਸ ਅਦਾਰੇ ਦੇ ਖ਼ਿਲਾਫ਼ ਏ ਜਿਹੜਾ ਆਪਣੇ ਬਣਨ ਤੋਂ ਮਗਰੋਂ ਬਹੁਤ ਵਧੇਰੇਪਨ ਨਾਲ ਅਤੇ ਅਨਮੋਲ ਢੰਗ ਨਾਲ ਚਲਦਾ ਪਿਆ ਏ ਪਰ ਇਨਸਾਫ਼ ਤੋਂ ਬਹੁਤ ਦੂਰ ਚਲਾ ਗਿਆ ਏ । ਅਸੀਂ ਜਿੰਨਾ ਵਿਚਾਰਨੇ ਆਂ, ਸਾਨੂੰ ਓਨਾ ਈ ਪੱਕ ਹੋ ਰਿਹਾ ਏ ਜੇ ਇਸ ਦਾ ਵਜੂਦ ਜੱਗ ਨੂੰ ਇੰਡੀਆ ਦੀਆਂ ਗ਼ੈਰ-ਇਨਸਾਨੀ ਕਦਰਾਂ, ਬੇ-ਯਾਰੋ ਮਦਦਗਾਰੀ ਵਿਖਾ ਰਿਹਾ ਏ । ਇਹ ਲਾ-ਕਾਨੂੰਨੀਅਤ ਅਤੇ ਨਾਕਾਬਲ-ਏ-ਮੁਜ਼ਾਹਮਤ ਦੀਆਂ ਅਲਾਮਤਾਂ ਨੇ । ਸ਼ਾਹੀ ਕਾਨੂੰਨ ਘਰ ਵਿਚੋਂ ਪਾਸ ਕੀਤਾ ਜਾਣ ਵਾਲਾ ਸਲੋਮਨ ਕਾਨੂੰਨ ਨਾਮੋ-ਨਿਹਾਦ ਇੰਡੀਅਨ ਪਾਰਲੀਮੈਂਟ ਦੀ ਬੇਇੱਜ਼ਤੀ ਅਤੇ ਪੈਰਾਂ ਹੇਠ ਰੁਲਣ ਵਾਲੀ ਗੱਲ ਏ ।"

ਭਗਤ ਸਿੰਘ ਅਤੇ ਦੱਤ ਅੱਗੇ ਆਪਣੇ ਮਕਸਦ ਨੂੰ ਹੋਰ ਵਾਜ਼ਿਹ ਕਰਦੇ ਨੇ : "ਅਸੀਂ ਜਾਣ-ਬੁੱਝ ਕੇ ਆਪਣੇ ਆਪ ਨੂੰ ਹਵਾਲੇ ਕੀਤਾ ਏ ਤਾਂ ਜੋ ਸਾਨੂੰ ਉਸ ਦੀ ਸਜ਼ਾ ਦਿੱਤੀ ਜਾਵੇ ਜੋ ਬੰਦਿਆਂ ਨੂੰ ਮਾਰਨ ਨਾਲ ਉਹ ਵਿਚਾਰਾਂ ਨੂੰ ਨਹੀਂ ਮਾਰ ਸਕਦੇ । ਦੋ ਆਮ ਬੰਦਿਆਂ ਦੀ ਰੂਹ ਨੂੰ ਕੁਚਲਣ ਨਾਲ ਕੌਮ ਦੀ ਰੂਹ ਨੂੰ ਨਹੀਂ ਕੁਚਲਿਆ ਜਾ ਸਕਦਾ" (ਉਹੀ ਪੰਨਾ 73) । ਉਨ੍ਹਾਂ ਇਹ ਸਵਾਲ ਪੁੱਛਦਿਆਂ ਹੋਇਆਂ ਸਾਮਰਾਜੀ ਤਾਕਤਾਂ ਨੂੰ ਲਲਕਾਰਿਆ : "ਕੀ ਕਾਨੂੰਨ ਅਤੇ ਹਿਫ਼ਾਜ਼ਤੀ ਬਿੱਲਾਂ ਰਾਹੀਂ ਇੰਡੀਆ ਵਿਚ ਬਲਦਾ ਹੋਇਆ ਆਜ਼ਾਦੀ ਦਾ ਭਾਂਬੜ ਬੁਝਾ ਸਕਦੇ ਓ ? ਸਾਜ਼ਸ਼ੀ ਕੇਸ ਰਾਹੀਂ ਸਾਰੇ ਜਵਾਨਾਂ ਨੂੰ ਅਸੀਰੀ ਦਿੱਤੀ ਜਾਵੇਗੀ, ਜਿਨ੍ਹੇ ਉਚੇਰੇ ਵਿਚਾਰ ਵਿਖਾਏ ਪਰ ਇਨਕਲਾਬ ਦੀ ਤਹਿਰੀਕ ਨਾਲ ਨਹੀਂ ਚੱਲ ਸਕਦੇ । ਪਰ ਵਕਤੀ ਤੌਰ ਉੱਤੇ ਇਕ ਚਿਤਾਵਨੀ ਏ ਜੇ ਤਵੱਜੋ ਨਾ ਦਿੱਤੀ ਗਈ ਤਾਂ ਇਸ ਰਾਹੀਂ ਲੋਕਾਂ ਦੀਆਂ ਜਾਨਾਂ ਅਤੇ ਦੂਜੇ ਨੁਕਸਾਨ ਨੂੰ ਹੋਣ ਤੋਂ ਨਹੀਂ ਬਚਾਇਆ ਜਾ ਸਕਦਾ ਏ । ਅਸੀਂ ਇਸ ਚਿਤਾਵਨੀ ਨੂੰ ਆਪਣੇ ਸਿਰ ਉੱਤੇ ਲਿਆ ਏ, ਹੁਣ ਸਾਡਾ ਫ਼ਰਜ਼ ਪੂਰਾ ਹੋ ਗਿਆ ਏ (ਉਹੀ, ਪੰਨਾ 74) ।"

ਭਗਤ ਸਿੰਘ ਅਤੇ ਦੱਤ ਨੇ ਆਪਣੇ ਬਿਆਨ ਵਿਚ ਇਸ ਗੱਲ ਨੂੰ ਵਾਜਿਹ ਕਰ ਦਿੱਤਾ ਕਿ ਕਿੰਜ ਉਨ੍ਹਾਂ ਸੋਚ-ਸਮਝ ਕੇ ਖ਼ਾਲੀ ਥਾਂ ਉੱਤੇ ਬੇ-ਜ਼ਰਰ ਬੰਬ ਸੁੱਟਿਆ ਜਿਸ ਦਾ ਮਕਸਦ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਸੀ । ਸਿਰਫ਼ ਖ਼ਾਲੀ ਮੇਜ਼ਾਂ ਨੂੰ ਨੁਕਸਾਨ ਹੋਇਆ ਜਾਂ ਦਰਜਨ ਤੋਂ ਵੀ ਘੱਟ ਲੋਕਾਂ ਨੂੰ ਖਰਾਸ਼ਾਂ ਆਈਆਂ । ਇਸ ਦੇ ਬਾਵਜੂਦ ਵੀ ਉਨ੍ਹਾਂ ਕੋਲੋਂ ਨਿੱਕੀਆਂ ਅਦਾਲਤਾਂ ਵਿਚ ਇਹ ਸਵਾਲ ਕੀਤਾ ਜਾ ਰਿਹਾ ਸੀ ਕਿ ਉਨ੍ਹਾਂ ਦਾ ਅੱਖਰ ਇਨਕਲਾਬ ਤੋਂ ਕੀ ਮਤਲਬ ਏ ? ਭਗਤ ਸਿੰਘ ਨੇ ਸੈਸ਼ਨ ਕੋਰਟ ਵਿਚ ਆਪਣੇ ਬਿਆਨ ਵਿਚ ਇਸ ਦੇ ਮਤਲਬ ਨੂੰ ਚੰਗਾ ਖਿਲਾਰ ਕੇ ਬਿਆਨ ਕੀਤਾ ਏ । ਉਨ੍ਹਾਂ ਸਰਮਾਇਆ-ਦਾਰਾਨਾ ਨਿਜ਼ਾਮ ਅਤੇ ਲੋਕਾਈ ਦੀ ਆਮਰੀਅਤ ਬਾਰੇ ਇਨਕਲਾਬ ਦੇ ਵਿਚਾਰ ਦੀ ਗੱਲ ਕੀਤੀ । ਉਨ੍ਹਾਂ ਇਹ ਵੀ ਬਰਤਾਨਵੀ ਸਾਮਰਾਜ ਨੂੰ ਦੱਸਿਆ ਬਈ ਮਾਰਕਸਿਸਟ ਦੀ ਖ਼ੂਬੀ ਏ ਜੋ ਤਬਦੀਲੀ ਪੁਰਅਮਨ ਤਰੀਕੇ ਨਾਲ ਵੀ ਲਿਆਂਦੀ ਜਾ ਸਕਦੀ ਏ । ਇਹ ਉਸ ਵੇਲੇ ਈ ਮੁਮਕਿਨ ਏ ਜਦੋਂ ਜ਼ੋਰ ਦੇ ਨਾਲ ਇਸ ਬਾਰੇ ਦੱਸਿਆ ਜਾਵੇ ਅਤੇ ਇਸ ਤਰ੍ਹਾਂ ਈ ਕੀਤਾ ਗਿਆ ਏ । ਬਿਆਨ ਦੇ ਅਖ਼ੀਰ ਵਿਚ ਇਕ ਵਾਰੀ ਫਿਰ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਇਆ ਗਿਆ ।

ਅਸਲ ਵਿਚ ਭਗਤ ਸਿੰਘ ਲਈ ਇਨਕਲਾਬ ਦਾ ਮਤਲਬ ਏਨਾ ਵਾਜਿਹ ਹੋ ਗਿਆ ਸੀ ਜੋ ਉਸ ਸਾਰੀ ਤਵੱਜੋ ਅਤੇ ਤਾਕਤ ਨਾ ਸਿਰਫ਼ ਆਪਣੇ ਆਪ ਨੂੰ ਸਗੋਂ ਆਪਣੇ ਕਾਮਰੇਡ ਦੋਸਤਾਂ ਨੂੰ, ਆਪਣੇ ਲੋਕਾਂ ਨੂੰ ਅਤੇ ਸਾਮਰਾਜੀ ਤਾਕਤਾਂ ਨੂੰ ਸਮਝਾਉਣ ਉੱਤੇ ਲਾ ਦਿੱਤੀ । ਜਦੋਂ 'ਮਾਡਰਨ ਰਿਵੀਊ' ਦੇ ਐਡੀਟਰ ਰਾਮਾਨੰਦ ਚੈਟਰਜੀ ਨੇ **Long**

**Live Revolution** ਦੇ ਨਾਅਰੇ ਨੂੰ ਨਿੰਦਿਆ ਤਾਂ ਭਗਤ ਸਿੰਘ ਅਤੇ ਦੱਤ ਨੇ ਇਸ ਦਾ ਜਵਾਬ ਦਿੱਤਾ, ਜਿਹੜਾ ਉਨ੍ਹਾਂ ਦੇ ਪੱਤਰ ਰਾਹੀਂ "**The Tribune**" ਵਿਚ 24 ਦਸੰਬਰ 1929 ਈ. ਨੂੰ ਛਪਿਆ।

"ਇਨਕਲਾਬ ਲਈ ਕਦੀ ਵੀ ਖ਼ੂਨ-ਖ਼ਰਾਬੀ ਦੀ ਜ਼ਰੂਰਤ ਨਹੀਂ ਰਹੀ। ਇਹ ਬੰਬਾਂ ਅਤੇ ਪਿਸਤੌਲਾਂ ਦਾ ਹਿੱਸਾ ਨਹੀਂ ਰਿਹਾ। ਕਦੀ-ਕਦੀ ਇਸ ਨੂੰ ਤੋੜ ਚੜ੍ਹਾਉਣ ਲਈ ਦੂਜੇ ਰਾਹ ਵਰਤਣੇ ਪੈਂਦੇ ਨੇ ਪਰ 'ਬਗ਼ਾਵਤ' ਇਨਕਲਾਬ ਨਹੀਂ ਹੁੰਦੀ। ਇਹ ਆਪਣੇ ਅਖ਼ੀਰ ਵੱਲ ਟੁਰ ਜਾਂਦੀ ਏ (ਸ਼ਿਵ ਵਰਮਾ : ਪੰਨਾ 81) ਭਗਤ ਸਿੰਘ ਦਾ ਆਖਣਾ ਏ, ਇਨਕਲਾਬ ਇਕ ਰੂਹ ਦਾ ਚੰਗਿਆਈ ਲਈ ਬਦਲਾਉ ਹੁੰਦਾ ਏ ਅਤੇ ਉਨ੍ਹਾਂ ਦੀ ਆਸ ਏ ਇਨਕਲਾਬ ਦੀ ਰੂਹ ਹਮੇਸ਼ਾ ਤੋਂ ਇਨਸਾਨੀਅਤ ਦਾ ਮੁੱਢ ਹੁੰਦੀ ਏ ਤਾਂ ਜੋ ਰੱਦ ਅਮਲ ਦੀਆਂ ਤਾਕਤਾਂ ਬਾਹਰਲੀਆਂ ਤਾਕਤਾਂ ਦੇ ਜ਼ੋਰ ਹੇਠ ਨਾ ਆ ਜਾਣ।"

ਭਗਤ ਸਿੰਘ ਅਤੇ ਉਸ ਦੇ ਸੰਗੀ ਕਾਮਰੇਡਾਂ ਨੇ ਅਦਾਲਤਾਂ ਵਿਚ ਜੋ ਕੁਝ ਜਾਣ-ਬੁੱਝ ਕੇ ਕੀਤਾ ਉਸ ਦੇ ਦੋ ਮਕਾਸਿਦ ਸਨ :

1. ਅਦਾਲਤਾਂ ਨੂੰ ਮੁੱਢ ਬਣਾਉਂਦਿਆਂ ਹੋਇਆਂ ਬਰਤਾਨਵੀ ਸਾਮਰਾਜ ਨੂੰ ਨੰਗਾ ਕਰਨਾ।
2. ਬਰਤਾਨਵੀ ਸਾਮਰਾਜ ਦੀ ਹਵਸ-ਪ੍ਰਸਤੀ ਵੱਲ ਲੋਕਾਈ ਦੀ ਤਵੱਜੋ ਦਿਵਾਉਣ ਲਈ ਜੇਲ੍ਹ ਵਿਚ ਭੁੱਖ ਹੜਤਾਲ। ਬਰਤਾਨਵੀ ਰਾਜ ਇਨ੍ਹਾਂ ਹਰਕਤਾਂ ਤੋਂ ਬੇਖ਼ਬਰ ਨਹੀਂ ਸੀ ਪਰ ਭਗਤ ਸਿੰਘ ਅਤੇ ਉਸ ਦੇ ਸੰਗੀ ਕਾਮਰੇਡਾਂ ਦਾ ਆਪਣੀ ਹਯਾਤੀ ਨੂੰ ਤਸੀਹੇ ਦੇਣ ਦੇ ਜਜ਼ਬੇ ਪਾਰੋਂ ਉਨ੍ਹਾਂ ਦੇ ਦਿਲਾਂ ਵਿਚ ਅੱਗ ਲੱਗ ਗਈ ਸੀ। ਤੀਜੀ ਸ਼ੈਅ ਸੀ ਭਗਤ ਸਿੰਘ ਦੇ ਅੰਦਰੋਂ-ਅੰਦਰੀਂ ਪਲਦੇ ਹੋਏ ਵਿਚਾਰ। ਇਹ ਗੱਲ ਬੜੀ ਹੈਰਾਨੀ ਵਾਲੀ ਸੀ ਕਿ ਮਰਨਘਾਟ ਵੱਲ ਨਿੱਤ ਵਧਦੀ ਹੋਈ ਹਯਾਤੀ ਵਾਲੇ ਬੰਦੇ ਨੇ ਇਨ੍ਹਾਂ ਔਖੇ ਹਾਲਾਤ ਵਿਚ ਆਪਣੇ ਆਪ ਨੂੰ ਜੱਗ ਦੀ ਇਨਕਲਾਬੀ ਤ੍ਵਾਰੀਖ਼ ਪੜ੍ਹਨ ਵਿਚ ਗ਼ਰਕ ਕਰ ਲਿਆ ਸੀ। ਅਦਾਲਤਾਂ ਵਿਚ ਦਿੱਤੇ ਜਾਣ ਵਾਲੇ ਬਿਆਨਾਂ ਲਈ ਉਸ ਦੀ ਮਾਰਕਸਇਜ਼ਮ

ਬਾਰੇ ਪੜ੍ਹਾਈ ਨੇ ਬਹੁਤ ਮਦਦ ਕੀਤੀ। ਉਸ ਨੇ ਰਲ ਕੇ ਕਈ ਮਹੀਨੇ ਭੁੱਖ ਹੜਤਾਲਾਂ ਕੀਤੀਆਂ। ਪੁਲਿਸ ਦੀਆਂ ਮਾਰਾਂ ਅਤੇ ਜੇਲ੍ਹ ਦੇ ਅੰਦਰ ਜ਼ਖ਼ਮੀ ਹੋਣ ਮਗਰੋਂ ਵੀ ਉਸ ਪੜ੍ਹਿਆ ਅਤੇ ਉਨ੍ਹਾਂ ਕਿਤਾਬਾਂ ਵਿਚੋਂ ਬਹੁਤ ਕੁਝ ਲੱਭ ਕੇ ਲਿਖਿਆ।

## ਜੇਲ੍ਹ ਦੀਆਂ ਲਿਖਤਾਂ :

ਭਗਤ ਸਿੰਘ ਨੇ ਜੇਲ੍ਹ ਵਿਚ ਚਾਰ ਕਿਤਾਬਾਂ ਲਿਖੀਆਂ :

1. ਆਈਡੀਅਲ ਆਫ਼ ਸੋਸ਼ਲਿਜ਼ਮ
2. ਜੀਵਨ ਕਥਾ
3. ਇੰਡੀਆ ਵਿਚ ਇਨਕਲਾਬੀ ਤਹਿਰੀਕਾਂ ਦਾ ਇਤਿਹਾਸ
4. ਮੌਤ ਦੇ ਬੂਹੇ ਉਤੇ।

ਸ਼ਿਵ ਵਰਮਾ ਦੇ ਮੁਜਬ ਇਹ ਕਿਤਾਬਚੇ, ਕੁਮਾਰੀ ਲੱਜਾਵਤੀ ਰਾਹੀਂ, ਜੇਲ੍ਹ ਵਿਚੋਂ ਲੁਕਾ ਕੇ ਬਾਹਰ ਲਿਆਂਦੇ ਗਏ, ਜਿਹੜੇ 1938 ਈ. ਵਿਚ ਅੰਡੇਮਾਨ ਜੇਲ੍ਹ ਵਿਚੋਂ ਰਿਹਾਈ ਤੋਂ ਮਗਰੋਂ ਵਿਜੈ ਕੁਮਾਰ ਸਿਨਹਾ ਦੇ ਹਵਾਲੇ ਕਰ ਦਿੱਤੇ ਗਏ। ਸਿਨਹਾ ਨੇ ਇਹ ਕਾਗ਼ਜ਼ਾਤ ਆਪਣੇ ਕਿਸੇ ਮਿੱਤਰ ਕੋਲ ਹਿਫ਼ਾਜ਼ਤ ਵਜੋਂ ਰਖਵਾ ਦਿੱਤੇ ਸਨ, ਪਰ ਬਾਅਦ ਵਿਚ ਪੁਲਿਸ ਦੇ ਛਾਪੇ ਦੇ ਡਰੋਂ ਇਨ੍ਹਾਂ ਨੂੰ ਸਾੜ ਦਿੱਤਾ ਗਿਆ। ਜੇਲ੍ਹ ਦੀਆਂ ਨੋਟ ਬੁਕਸ, ਕੁਲਬੀਰ ਸਿੰਘ ਅਤੇ ਭਗਤ ਸਿੰਘ ਦੇ ਘਰ ਵਾਲਿਆਂ ਵੀ ਇਕੱਠੀਆਂ ਕੀਤੀਆਂ ਸਨ। ਕੁਮਾਰੀ ਲੱਜਾਵਤੀ ਜਿਹੜੀ ਕਾਂਗਰਸ ਦੀ ਐਕਟੀਵਿਸਟ ਅਤੇ ਭਗਤ ਸਿੰਘ ਕਮੇਟੀ ਦੀ ਸੈਕ੍ਰੇਟਰੀ ਸੀ, ਅਕਸਰ ਲਾਹੌਰ ਜੇਲ੍ਹ ਵਿਚ ਉਨ੍ਹਾਂ ਨਾਲ ਮੁਕੱਦਮੇ ਦੇ ਕਾਨੂੰਨੀ ਪਹਿਲੂਆਂ ਉੱਤੇ ਗੱਲ ਕਰਨ ਲਈ ਜਾਂਦੀ ਰਹਿੰਦੀ ਸੀ।

ਨਹਿਰੂ ਮੈਮੋਰੀਅਲ ਮਿਊਜ਼ੀਅਮ ਦੇ ਓਰਲ ਹਿਸਟਰੀ ਸੈੱਲ ਨੂੰ ਇੰਟਰਵਿਊ ਦਿੰਦਿਆਂ ਹੋਇਆਂ, ਉਨ੍ਹਾਂ ਯਾਦਾਂ ਤਾਜ਼ਾ ਕਰਦਿਆਂ ਦੱਸਿਆ ਕਿ ਉਹ ਆਪਣੇ ਨਾਲ ਭਗਤ ਸਿੰਘ ਦੇ ਦਿੱਤੇ ਹੋਏ ਕੁਝ ਕਾਗ਼ਜ਼ ਲਿਆਏ ਸਨ, ਜਿਹੜੇ ਉਨ੍ਹਾਂ ਨੇ 'ਪੀਪਲਜ਼' ਅਖ਼ਬਾਰ ਦੇ ਐਡੀਟਰ ਫ਼ਿਰੋਜ਼ ਚੰਦ (ਲਾਲਾ ਲਾਜਪਤ ਰਾਏ ਦੀ ਅਖ਼ਬਾਰ), ਨੂੰ ਦਿਖਾਏ ਸਨ। ਫ਼ਿਰੋਜ਼ ਚੰਦ ਨੂੰ ਇਹ ਆਖਿਆ ਗਿਆ ਸੀ ਕਿ ਉਹ ਅਖ਼ਬਾਰ ਵਿਚ ਛਾਪਣ ਲਈ ਕੁਝ ਕਾਗ਼ਜ਼ ਚੁਣ ਲੈਣ। ਉਨ੍ਹਾਂ ਕੁਝ ਕਾਗ਼ਜ਼ ਚੁਣ ਲਏ ਅਤੇ ਬਾਕੀ ਦੇ ਲੱਜਾਵਤੀ ਨੂੰ ਪਰਤਾ ਦਿੱਤੇ, ਜਿਹੜੇ ਉਸ ਨੇ 1938 ਈ. ਸਮੇਂ ਵਿਜੈ ਕੁਮਾਰ ਸਿਨਹਾ ਨੂੰ ਦੇ ਦਿੱਤੇ। ਫ਼ਿਰੋਜ਼ ਚੰਦ ਨੇ 27 ਸਤੰਬਰ 1931 ਈ. ਨੂੰ ਭਗਤ ਸਿੰਘ ਦੀ ਸਾਲਗ੍ਰਿਹਾ ਉਤੇ ਇਸ ਉਸ ਦਾ ਮਜ਼ਮੂਨ 'ਮੈਂ ਨਾਸਤਿਕ ਕਿਉਂ ਆਂ ?' ਛਾਪ ਕੇ ਉਸ ਦੀ ਇਸ ਵਰ੍ਹੇ 23 ਮਾਰਚ ਦੀ ਸ਼ਹਾਦਤ ਨੂੰ ਸਲਾਮ ਪੇਸ਼ ਕੀਤਾ। ਇਸ ਤੋਂ ਪਹਿਲਾਂ ਭਗਤ ਸਿੰਘ ਦੀ ਸ਼ਹਾਦਤ ਤੋਂ ਕੁਝ ਦਿਨ ਮਗਰੋਂ 29 ਮਾਰਚ ਨੂੰ 'ਨੌਜਵਾਨ ਕਾਮਿਆਂ ਲਈ ਖ਼ਤ' ਵਿਚ ਕੁਝ ਟੋਟੇ ਵੀ ਸ਼ਾਇਆ ਕੀਤੇ। ਇੰਜ ਜਾਪਦਾ ਏ ਫ਼ਿਰੋਜ਼ ਚੰਦ ਨੇ 'ਮੌਤ ਦੇ ਬੂਹੇ ਉਤੇ' ਵਿਚੋਂ ਵੀ ਕੁਝ ਸ਼ਿਵ ਵਰਮਾ ਦੀ ਸਲਾਹ ਪਾਰੋਂ ਪਸੰਦ ਕੀਤਾ ਸੀ। ਦੂਜੇ ਕਾਗ਼ਜ਼ਾਂ ਵਿਚ ਭਗਤ ਸਿੰਘ ਦਾ ਸਜ਼ਾ-ਏ-ਮੌਤ ਸੁਣਾਏ ਜਾਣ ਬਾਰੇ ਖ਼ਤ ਵੀ ਸੀ, ਜਿਹੜਾ ਨੌਜਵਾਨ ਇਨਕਲਾਬੀ ਹਰੀਕ੍ਰਿਸ਼ਨ ਨੂੰ ਦਿੱਤਾ ਗਿਆ ਸੀ। ਇਹ ਖ਼ਤ ਵੀ ਬਾਅਦ ਵਿਚ 'ਪੀਪਲਜ਼' ਅਖ਼ਬਾਰ ਵਿਚ ਛਾਪੇ ਚੜ੍ਹਿਆ।

ਇਸ ਪੂਰੀ ਕਥਾ ਦੀ ਸਭ ਤੋਂ ਹੈਰਾਨੀ ਵਾਲੀ ਗੱਲ ਤਾਂ ਇਹ ਏ ਬਈ ਕੁਮਾਰੀ ਲੱਜਾਵਤੀ, ਫ਼ਿਰੋਜ਼ ਚੰਦ ਅਤੇ ਵਿਜੈ ਕੁਮਾਰ ਸਿਨਹਾ (ਜਿਨ੍ਹਾਂ ਨੂੰ ਭਗਤ ਸਿੰਘ ਨੇ ਉਨ੍ਹਾਂ ਕਾਗਜ਼ਾਂ ਦਾ ਵਾਲੀ ਮੁਕੱਰਰ ਕੀਤਾ ਸੀ) ਵਿਚੋਂ ਕਿਸੇ ਨੇ ਵੀ ਕੁਝ ਹਿੱਸੇ ਲੱਭ ਕੇ ਨੋਟ ਕਰਨ ਦੀ ਤਕਲੀਫ਼ ਈ ਨਹੀਂ ਕੀਤੀ । ਅਤੇ ਸ਼ਿਵ ਵਰਮਾ ਨੇ ਇਨ੍ਹਾਂ ਲਿਖਤਾਂ ਦੇ ਹਿੱਸੇ ਕਿੰਜ ਤੱਕੇ, ਇਹ ਵੀ ਇਕ ਭੇਦ ਈ ਏ । ਖ਼ਬਰੇ ਇਹ ਜੇਲ੍ਹ ਵਿਚ ਭਗਤ ਸਿੰਘ ਰਾਹੀਂ ਆਪ ਈ ਉਨ੍ਹਾਂ ਤੀਕਰ ਅੱਪੜੇ ਹੋਣਗੇ, ਪਰ ਕੀ ਇਹ ਪੂਰੇ ਕਿਤਾਬਚੇ ਸੀ ਜਾਂ ਜੇਲ੍ਹ ਦੀ ਨੋਟ ਬੁੱਕ ਸੀ । ਇਸ ਬਾਰੇ ਕੋਈ ਗੱਲ ਯਕੀਨ ਨਾਲ ਨਹੀਂ ਆਖੀ ਜਾ ਸਕਦੀ । ਇੰਜ ਜਾਪਦਾ ਏ ਬਈ ਇਸ ਭੇਦ ਤੋਂ ਕਦੇ ਵੀ ਪਰਦਾ ਚਾਇਆ ਨਹੀਂ ਜਾ ਸਕਦਾ । ਕੀ ਇਨ੍ਹਾਂ ਲੱਭੇ ਹੋਏ ਕਾਗਜ਼ਾਂ ਦੀ ਬੁਨਿਆਦ ਉਤੇ, ਜਿਹੜੇ ਖ਼ਾਸੇ ਮਸ਼ਕੂਕ ਵੀ ਨੇ, ਭਗਤ ਸਿੰਘ ਦੇ ਵਿਚਾਰਾਂ ਬਾਰੇ ਕੰਮ ਨੂੰ ਅੱਗੇ ਵਧਾਇਆ ਜਾ ਸਕਦਾ ਏ ?

8 ਅਪ੍ਰੈਲ 1929 ਈ. ਤੋਂ 23 ਮਾਰਚ 1931 ਈ. ਦੇ ਦੋ ਵਰ੍ਹਿਆਂ ਦੇ ਥੋੜ੍ਹੇ ਜਿਹੇ ਸਮੇਂ ਦੀ ਬੁਨਿਆਦ ਤੇ ਇਹ ਵਿਚਾਰਨਾ ਔਖਾ ਲਗਦਾ ਏ ਬਈ ਭਗਤ ਸਿੰਘ ਨੇ ਪੂਰੀਆਂ ਚਾਰ ਕਿਤਾਬਾਂ ਕਿਵੇਂ ਲਿਖੀਆਂ ਹੋਣਗੀਆਂ ਜਦ ਕਿ ਉਹ ਭੁੱਖ ਹੜਤਾਲਾਂ ਅਤੇ ਮੁਕੱਦਮਿਆਂ ਵਿਚ ਵੀ ਉਲਝਿਆ ਰਿਹਾ । ਦੱਸੀਆਂ ਜਾਣ ਵਾਲੀਆਂ ਕਿਤਾਬਾਂ ਵਿਚੋਂ ਦੋ ਕਿਤਾਬਾਂ, ਇਕ ਦੂਜੇ ਨਾਲ ਮੇਲ ਖਾਂਦੀਆਂ ਨੇ—ਇਕ ਤਾਂ ਉਨ੍ਹਾਂ ਦੀ 'ਜੀਵਨ ਕਥਾ' ਏ ਤੇ ਦੂਜੀ 'ਮੌਤ ਦੇ ਬੂਹੇ ਉਤੇ' । ਪਰ ਦੂਜੀਆਂ ਦੋ ਕਿਤਾਬਾਂ ਤਾਂ ਜੋ ਛੋਟੇ ਪੈਂਫਲਿਟ ਨੇ, ਲਗਦਾ ਏ ਉਨ੍ਹਾਂ ਈ ਲਿਖੇ ਹੋਣਗੇ । ਪਰ ਇੰਡੀਆ ਦੀਆਂ ਇਨਕਲਾਬੀ ਤਹਿਰੀਕਾਂ ਦੇ ਇਤਿਹਾਸ ਉਤੇ ਪੂਰੀ ਕਿਤਾਬ ਲਿਖਣਾ, ਉਹ ਵੀ ਹਯਾਤੀ ਦੇ ਦੋ ਔਖੇ ਤਰੀਨ ਵਰ੍ਹਿਆਂ ਵਿਚ, ਮੁਸ਼ਕਿਲ ਲਗਦਾ ਏ ਪਰ ਭਗਤ ਸਿੰਘ ਨੇ 'ਸਾਇੰਸ ਆਫ਼ ਸਟੇਟ' ਦੇ ਨਾਂ ਤੋਂ ਇਕ ਮੁਕੰਮਲ ਕਿਤਾਬ ਲਿਖਣ ਦਾ ਮਨਸੂਬਾ ਬਣਾਇਆ ਸੀ, ਅਤੇ ਉਸ ਬਾਰੇ ਤਫ਼ਸੀਲੀ ਨੁਕਤੇ ਉਹਦੀ ਜੇਲ੍ਹ ਦੀ ਨੋਟ ਬੁੱਕ ਵਿਚ ਲਿਖੇ ਹੋਏ ਨੇ ।

ਇਸ ਕਿਤਾਬ ਅੰਦਰ ਭਗਤ ਸਿੰਘ ਇਸ ਗੱਲ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਸਟੇਟ ਦੇ ਤਾਰੀਖ਼ੀ ਇਰਤਕਾਅ ਤੋਂ ਲੈ ਕੇ ਨਵੀਂ ਸੋਸ਼ਲਿਸਟ ਸਟੇਟ ਬਣਨ ਤਕ ਖੋਜ ਕੀਤੀ ਜਾਵੇ । ਕੀ ਉਹ ਕਿਤਾਬ ਲਿਖਣ ਲਈ ਵੇਲਾ ਕੱਢ ਸਕਿਆ ? ਪਰ ਉਸ ਦੇ ਕਿਤਾਬ ਬਾਰੇ ਲਿਖੇ ਗਏ ਨੋਟਸ ਉਤੇ ਜੇ ਉਹ ਕੰਮ ਕਰਦਾ ਤਾਂ ਇਹ ਰਿਆਸਤ ਬਾਰੇ ਮਾਰਕਿਸਟ ਤਜਜ਼ੀਏ ਦੀ ਬਿਹਤਰੀਨ ਕਿਤਾਬ ਹੁੰਦੀ । ਉਨ੍ਹਾਂ ਦੀ ਹੱਥਲਿਖਤ ਦੇ ਕੁਝ ਨੋਟਸ, ਜਿਹੜੇ ਬਚ ਗਏ ਸਨ, ਭੁਪਿੰਦਰ ਹੂਜਾ ਨੇ ਐਡਿਟ ਕਰ ਕੇ 1994 ਈ. ਵਿਚ ਛਾਪੇ, ਜਿਹੜੇ ਆਪਣੀ ਥਾਂ ਬਹੁਤ ਵਧੀਆ ਨੇ । ਇਹ ਨੋਟ-ਬੁੱਕ ਜੇਲ੍ਹ ਵਿਚ ਲਿਖੀ ਜਾਵਣ ਵਾਲੀ ਗ੍ਰਾਮਿਸਕੀ ਜਾਂ ਲੈਨਿਨ ਦੇ ਫ਼ਲਸਫ਼ੇ ਵਰਗੀ ਨੋਟ-ਬੁੱਕ ਤਾਂ ਨਹੀਂ । ਨਾ ਈ ਚੀ-ਗੁਏਰਾ ਦੀਆਂ ਡਾਇਰੀਆਂ ਵਾਂਗੂੰ ਜਾਪਦੀ ਏ । ਇਹ ਉਨ੍ਹਾਂ ਕਿਤਾਬਾਂ ਬਾਰੇ ਨੋਟਸ ਨੇ ਜਿਹੜੀਆਂ ਭਗਤ ਸਿੰਘ ਨੇ ਫਾਹੇ ਲੱਗਣ ਤੋਂ ਪਹਿਲਾਂ ਜੇਲ੍ਹ ਅੰਦਰ ਪੜ੍ਹੀਆਂ ਸਨ ।

ਆਪਣੀ ਚੋਣ ਮੁਜਬ ਵਧੀਆ ਹੋਣ ਤੋਂ ਵੱਖ ਇਹ ਨੋਟਸ ਭਗਤ ਸਿੰਘ ਦੇ ਪਰਵਾਨ ਚੜ੍ਹਦੇ ਹੋਏ ਵਿਚਾਰਾਂ ਜਾਂ ਬੁਨਿਆਦੀ ਇਜ਼ਹਾਰ ਵੀ ਨੇ । ਇਨ੍ਹਾਂ ਨੋਟਸ ਵਿਚ ਲਿਖੀਆਂ ਗਈਆਂ ਜਗਤ-ਅਦਬ ਦੀਆਂ ਚੋਣਵੀਆਂ ਗੱਲਾਂ ਭਗਤ ਸਿੰਘ ਦੇ ਇਨਕਲਾਬੀ ਹੋਣ ਦੇ ਨਾਲ-ਨਾਲ ਖ਼ਾਸਾ ਹਿਰਖ ਵੀ ਵਿਖਾਉਂਦੀਆਂ ਨੇ । ਪੜ੍ਹਾਈ ਤੋਂ ਮਗਰੋਂ ਉਹਦੀ ਫ਼ਿਲਮਾਂ ਵਿਚ ਦਿਲਚਸਪੀ ਬਾਰੇ ਉਸ ਦੇ ਨੇੜਲੇ ਸੱਜਣਾਂ ਅਤੇ ਕਾਮਰੇਡਾਂ ਵੀ ਦੱਸ ਪਾਈ ਏ । ਉਹ ਚਾਰਲੀ ਚੈਪਲਿਨ ਦੀਆਂ ਫ਼ਿਲਮਾਂ ਦਾ ਸ਼ੌਕੀਨ ਹੋਣ ਦੇ ਨਾਲ-ਨਾਲ, ਅੰਕਲ ਟਾਮਜ਼ ਕੈਬਿਨ ਅਤੇ ਥ੍ਰੀ ਮਸਕੀਟੀਅਰਜ਼ ਵਰਗੀਆਂ ਫ਼ਿਲਮਾਂ ਵੀ ਪਸੰਦ ਕਰਦਾ ਸੀ । ਇਕ ਚੰਗਾ ਗਵੱਈਆ ਹੋਣ ਤੋਂ ਵੱਖ ਉਸ ਨੇ ਕਾਲਜ ਦੇ ਨਾਟਕ ਵੀ ਕੀਤੇ । ਜਿਹੜੇ ਉਸ ਦੀ ਅਦਬ ਅਤੇ ਦੂਜੇ ਆਰਟ ਦੇ ਨਾਲ ਦਿਲਚਸਪੀ ਜ਼ਾਹਿਰ ਕਰਦੇ ਨੇ । ਇਹੋ ਈ ਕਾਰਨ ਏ ਜੋ ਰਾਮਸਰਨ ਦਾਸ ਵਰਗੇ ਪੁਰਾਣੇ ਇਨਕਲਾਬੀ ਨੇ ਭਗਤ ਸਿੰਘ ਨੂੰ ਆਪਣੇ ਸ਼ਿਅਰੀ ਪਰਾਗੇ 'ਡਰੀਮਲੈਂਡ' ਦਾ ਪੇਸ਼ ਲਫ਼ਜ਼ ਲਿਖਣ ਲਈ ਆਖਿਆ ।

ਇਹ ਬੜੀ ਦਿਲਚਸਪੀ ਦੀ ਗੱਲ ਏ ਬਈ ਭਗਤ ਸਿੰਘ ਦੀਆਂ ਜੇਲ੍ਹ ਦੀਆਂ ਲਿਖਤਾਂ ਨੂੰ ਇੰਡੀਆ ਦੇ ਦਾਨਿਸ਼ਵਰਾਂ ਦਾ ਧਿਆਨਗੋਚਰੇ ਹੋਣ ਤੋਂ ਪਹਿਲਾਂ ਰੂਸੀ ਇੰਡੀਆਲੋਜਿਸਟ, ਆਈ. ਵੀ. ਮਿਤਰੋਖਿਨ ਨੇ 1981 ਈ. ਵਿਚ ਲਿਖੀ ਜਾਣ ਵਾਲੀ ਕਿਤਾਬ 'ਇੰਡੀਆ ਆਨ ਲੈਨਿਨ' ਵਿਚ ਬੜੀ ਤਫ਼ਸੀਲ ਨਾਲ ਲਿਖਿਆ ਏ । ਇਸ ਕਿਤਾਬ ਦਾ ਹਿੰਦੀ ਤਰਜਮਾ 1990 ਈ. ਵਿਚ ਛਾਪਿਆ ਗਿਆ । ਇਸ ਕਿਤਾਬ ਵਿਚ ਇਕ ਪੂਰਾ ਬਾਬ 'ਭਗਤ ਸਿੰਘ ਦੇ ਅਖ਼ੀਰਲੇ ਦਿਨ' ਦੇ ਨਾਂ ਉਤੇ ਲਿਖਿਆ ਗਿਆ ਏ । ਇਸ ਕਿਤਾਬ ਵਿਚ ਪਹਿਲਾਂ ਤੋਂ ਭਗਤ ਸਿੰਘ ਬਾਰੇ ਛਪਣ ਵਾਲੇ ਮਜ਼ਮੂਨਾਂ ਦੇ ਹਵਾਲੇ ਵੀ ਦਿੱਤੇ ਗਏ ਨੇ, ਜਿਨ੍ਹਾਂ ਵਿਚ ਏ.ਵੀ. ਰਾਇਕੋਵ ਦਾ 1971 ਈ. ਵਿਚ 'ਭਗਤ ਸਿੰਘ ਤੇ ਉਸ ਦੇ ਵਿਚਾਰਾਂ ਦੀ ਵਿਰਾਸਤ' ਦੇ ਨਾਂ ਤੇ ਲਿਖਿਆ ਗਿਆ ਮਜ਼ਮੂਨ, ਮਿਤਰੋਖਿਨ ਹੁਰਾਂ ਦਾ ਆਪਣਾ ਮਜ਼ਮੂਨ 'ਭਗਤ ਸਿੰਘ ਦੀਆਂ ਪੜ੍ਹੀਆਂ ਹੋਈਆਂ ਕਿਤਾਬਾਂ' 1971 ਈ. ਵਿਚ ਛਪਣ ਵਾਲੀ ਕਿਤਾਬ 'ਇੰਡੀਆ ਆਨ ਲੈਨਿਨ' ਦੇ ਹਵਾਲੇ ਵੀ ਸ਼ਾਮਿਲ ਕੀਤੇ ਗਏ ਨੇ । ਇਨ੍ਹਾਂ ਰੂਸੀ ਕਿਤਾਬਾਂ ਵਿਚ ਭਗਤ ਸਿੰਘ ਦੇ ਜ਼ਿਹਨੀ ਤਰੱਕੀ ਦੀ ਮਾਰਕਸਿਸਟ ਅੰਦਾਜ਼ ਵਿਚ ਪਰਵਾਨ ਬਾਰੇ ਮੁੱਢਲੇ ਅੰਦਾਜ਼ੇ ਲਾਏ ਗਏ ਨੇ ।

ਮੈਂ 1984 ਈ. ਵਿਚ ਨਹਿਰੂ ਮੈਮੋਰੀਅਲ ਮਿਊਜ਼ੀਅਮ ਅਤੇ ਲਾਇਬਰੇਰੀ (N.M.M.L.) ਵਿਚ ਭਗਤ ਸਿੰਘ ਦੀ ਜੇਲ੍ਹ ਦੀ ਨੋਟ ਬੁੱਕ ਵੇਖੀ ਅਤੇ ਇਹ ਗੱਲ ਜਾਣ ਕੇ ਅਫ਼ਸੋਸ ਹੋਇਆ ਕਿ ਅਜੇ ਤੀਕਰ ਇਸ ਨੂੰ ਛਾਪਿਆ ਨਹੀਂ ਗਿਆ ਅਤੇ ਮੈਂ ਇਸ ਬਾਰੇ ਹਿੰਦੀ ਰਸਾਲਿਆਂ ਵਿਚ ਲਿਖਣਾ ਸ਼ੁਰੂ ਕਰ ਦਿੱਤਾ । N.M.M.L. ਨੇ ਇਸ ਨੋਟ-ਬੁੱਕ ਦੀ ਨਕਲ ਨੂੰ ਭਗਤ ਸਿੰਘ ਦੇ ਨਿੱਕੇ ਭਰਾ ਕੁਲਬੀਰ ਸਿੰਘ ਕੋਲੋਂ ਇਸ ਨੂੰ ਨਾ ਛਾਪਣ ਦੀ ਸ਼ਰਤ 'ਤੇ ਲਿਆ ਸੀ । ਇਹ 1992 ਦੀ ਗੱਲ ਏ ਜਦੋਂ ਮਰਹੂਮ ਭੁਪਿੰਦਰ ਹੂਜਾ ਜਿਹੜੇ 'ਇੰਡੀਅਨ ਬੁੱਕ ਕਰਾਨੀਕਲ' ਦੇ ਚੀਫ਼ ਐਡੀਟਰ ਸਨ, ਨੇ

ਆਪਣੇ ਮਾਹਨਾਮੇ ਵਿਚ ਇਸ ਨੂੰ ਕਿਸ਼ਤਵਾਰ ਛਾਪਣਾ ਸ਼ੁਰੂ ਕੀਤਾ। ਮੇਰੇ ਇਸ ਬਾਰੇ ਤਾਰੀਫ਼ੀ ਖ਼ਤ ਨੇ ਹੂਜਾ ਨੂੰ ਇਨ੍ਹਾਂ ਦੇ ਠੀਕ ਹੋਣ ਬਾਰੇ ਹੋਰ ਪੁਰ-ਐਤਮਾਦ ਕਰ ਦਿੱਤਾ ਅਤੇ ਉਸ ਨੇ 1994 ਈ. ਵਿਚ ਉਨ੍ਹਾਂ ਨੂੰ ਆਪਣੇ ਐਡੀਟੋਰੀਅਲ ਨੋਟਸ ਦੇ ਨਾਲ ਕਿਤਾਬੀ ਸ਼ਕਲ ਵਿਚ ਛਾਪ ਦਿੱਤਾ। ਕੁਝ ਚੰਗੇ ਤਜਜ਼ੀਏ ਅਤੇ ਇਕ ਤਾਰੀਖ਼ੀ ਕਾਗ਼ਜ਼ਾਤ ਹੁੰਦਿਆਂ ਹੋਇਆਂ ਵੀ ਨੋਟ-ਬੁੱਕ ਓਨੀ ਤਵੱਜੋ ਹਾਸਲ ਨਾ ਕਰ ਸਕੀ ਜਿੰਨੀ ਇਸ ਨੂੰ ਲੱਭਣੀ ਚਾਹੀਦੀ ਸੀ। ਨੋਟ ਬੁੱਕ ਦੇ ਹਿੰਦੀ ਅਤੇ ਦੂਜੀਆਂ ਜ਼ਬਾਨਾਂ ਵਿਚ ਚੰਗੇ ਤਰਜਮੇ ਹੋਣ ਦੇ ਬਾਵਜੂਦ ਵੀ ਕਿਸੇ ਨੇ ਇਸ ਨੋਟ ਬੁੱਕ ਉਤੇ ਕੀਤੇ ਗਏ ਮਿਹਨਤ ਵਾਲੇ ਹੂਜਾ ਦੇ ਕੰਮ ਨੂੰ ਨਹੀਂ ਸਰਾਹਿਆ। ਪਰ ਬਾ-ਹਿੰਮਤ ਭੁਪਿੰਦਰ ਹੂਜਾ ਇਸ ਗੱਲ ਦੀ ਆਸ ਰੱਖਦੇ ਰਹੇ—ਜੋ ਇਨ੍ਹਾਂ ਕਾਗਜ਼ਾਤ ਦਾ ਨਵਾਂ ਐਡੀਸ਼ਨ ਤ੍ਵਾਰੀਖ਼ਦਾਨਾਂ, ਇੰਡੀਆ ਦੀ ਆਜ਼ਾਦੀ ਦੇ ਇਨਕਲਾਬੀ ਪੱਖ ਦੇ ਪੜ੍ਹਿਆਰਾਂ ਅਤੇ ਸਿਆਸੀ ਕਾਮਿਆਂ ਦੀ ਇਕੋ ਜਿਹੀ ਤਵੱਜੋ ਹਾਸਲ ਕਰ ਲਏਗਾ।

ਇਸ ਲਿਖਤ ਨੂੰ ਭਗਤ ਸਿੰਘ ਦੀਆਂ ਦੂਜੀਆਂ ਲਿਖਤਾਂ 'ਮੈਂ ਨਾਸਤਿਕ ਕਿਉਂ ਆਂ?', 'ਅਦਾਲਤੀ ਬਿਆਨ', 'ਨੌਜਵਾਨ ਇਨਕਲਾਬੀਆਂ ਦੇ ਨਾਂ ਇਕ ਖ਼ਤ' ਵਗ਼ੈਰਾ ਦੇ ਨਾਲ ਰਲਾ ਕੇ ਪੜ੍ਹਨਾ ਚਾਹੀਦਾ ਏ ਜਿਹੜੇ ਇੰਡੀਆ ਦੀ ਇਨਕਲਾਬੀ ਤਹਿਰੀਕ ਵਿਚ ਅਹਿਮ ਦਰਜਾ ਰੱਖਦੇ ਨੇ। ਅਸਲ ਵਿਚ ਨੋਟ ਬੁੱਕ ਵਿਚ ਲਿਖੀਆਂ ਗਈਆਂ ਦੂਜੀਆਂ ਕਿਤਾਬਾਂ ਦੀਆਂ ਚੋਣਵੀਆਂ ਗੱਲਾਂ ਜਮਹੂਰੀ ਸਿਆਸੀ ਨਜ਼ਰੀਆਤ ਦੇ ਪਰਵਾਨ ਕਲਾਸਿਕ ਯੂਨਾਨੀ ਸਮੇਂ ਤੋਂ ਲੈ ਕੇ ਉਸ ਵੇਲੇ ਤੀਕਰ ਦੀਆਂ ਬਿਹਤਰੀਨ ਮਾਰਕਸਿਸਟ ਲਿਖਤਾਂ ਬਾਰੇ ਰਹਿਨੁਮਾ ਦਾ ਦਰਜਾ ਹਾਸਲ ਏ। ਇਕ ਤਰ੍ਹਾਂ ਇਹ ਨੋਟ ਬੁੱਕ ਭਗਤ ਸਿੰਘ ਦੀ ਸ਼ਖ਼ਸੀਅਤ ਨੂੰ ਉਜਾਗਰ ਕਰਦੀ ਏ, ਬਈ ਕਿੰਜ 23 ਮਾਰਚ 1931 ਈ. ਨੂੰ ਆਪਣੇ ਮਰਨ-ਦਿਹਾੜੇ ਤਕ ਲੈਨਿਨ ਨੂੰ ਪੜ੍ਹਦਾ ਰਿਹਾ। ਪੰਜਾਬੀ ਇਨਕਲਾਬੀ ਸ਼ਾਇਰ ਪਾਸ਼ ਨੇ ਭਗਤ ਸਿੰਘ ਦੇ ਅਖ਼ੀਰਲੇ ਵੇਲੇ ਨੂੰ ਇਨ੍ਹਾਂ ਅੱਖਰਾਂ ਵਿਚ ਸਲਾਮ ਪੇਸ਼ ਕੀਤਾ ਏ "ਇੰਡੀਅਨ ਨੌਜਵਾਨਾਂ ਨੂੰ ਲੈਨਿਨ ਦੀ ਕਿਤਾਬ ਦਾ ਉਸ ਤੋਂ ਅਗਲਾ ਵਰਕਾ ਪੜ੍ਹਨਾ ਚਾਹੀਦਾ ਹੈ ਜਿਹੜਾ ਭਗਤ ਸਿੰਘ ਨੇ ਆਪਣੇ ਜੀਵਨ ਦੇ ਅਖ਼ੀਰਲੇ ਦਿਹਾੜੇ ਪਲਟਿਆ ਏ।"

## ਭੁੱਖ ਹੜਤਾਲ ਦਾ ਸਿਆਸੀ ਹਥਿਆਰ

ਭਗਤ ਸਿੰਘ ਅਤੇ ਉਹਦੇ ਸਾਥੀਆਂ ਵੱਲੋਂ ਜੇਲ੍ਹ ਵਿਚ ਗ਼ੈਰ-ਮਸ਼ਰੂਤ ਭੁੱਖ ਹੜਤਾਲ ਬਹੁਤ ਤਕੜੀ ਸੀ ਜਿਸ ਦੀ ਇਕ ਮਿਸਾਲ ਉਨ੍ਹਾਂ ਦੇ ਇਕ ਬਹੁਤ ਬੀਬੇ ਕਾਮਰੇਡ ਜਤਿਨ ਦਾਸ ਦਾ ਵਿਛੋੜਾ ਸੀ, ਜਿਸ ਨੇ ਆਪਣਾ ਜੀਵਨ 13 ਸਤੰਬਰ 1929 ਈ. ਨੂੰ ਜੇਲ੍ਹ ਦੇ 63ਵੇਂ ਦਿਹਾੜੇ ਕੁਰਬਾਨ ਕਰ ਦਿੱਤਾ। ਜ਼ਬਰਦਸਤੀ ਦੁੱਧ ਪੀਣ ਨਾਲ ਉਸ ਦੇ ਫੇਫੜੇ ਬਹੁਤ ਮੁਤਾਸਰ ਹੋ ਗਏ ਸੀ। ਆਪਣੇ ਦੂਜੇ ਸੰਗੀਆਂ ਵੱਲੋਂ ਤਰਲਿਆਂ ਦੇ ਬਾਵਜੂਦ ਉਹਨੇ ਭੁੱਖ ਹੜਤਾਲ ਤੋੜਨ ਤੋਂ ਨਾਂਹ ਕਰ ਦਿੱਤੀ। ਉਸ ਨੇ ਬਹੁਤ ਪੱਕੇ ਇਰਾਦੇ ਅਤੇ ਲਗਨ ਨਾਲ ਆਪਣੀ ਹਯਾਤੀ ਇੰਡੀਆ ਦੀ ਆਜ਼ਾਦੀ ਲਈ ਕੁਰਬਾਨ ਕਰ ਦਿੱਤੀ। ਭਗਤ ਸਿੰਘ ਅਤੇ ਦੱਤ ਨੇ ਜਤਿਨ ਦੇ ਮਰਨ ਮਗਰੋਂ ਵੀ ਭੁੱਖ ਹੜਤਾਲ ਜਾਰੀ ਰੱਖੀ ਅਤੇ ਇਸ ਨੂੰ ਅਕਤੂਬਰ ਦੇ ਪਹਿਲੇ ਹਫ਼ਤੇ 115 ਦਿਨਾਂ ਬਾਅਦ ਮੁਕਾਇਆ। ਭਗਤ ਸਿੰਘ ਨੇ ਇਕ ਵਾਰੀ ਫਿਰ ਭੁੱਖ ਹੜਤਾਲ ਕਰ ਦਿੱਤੀ ਜਦੋਂ ਸਾਂਡਰਸ ਦੇ ਮੁਕੱਦਮੇ ਦੀ ਕਾਰਵਾਈ ਚੱਲਦੀ ਪਈ ਸੀ। ਜਿਸ ਦੇ ਬਦਲੇ ਵਿਚ ਵੱਡੇ ਜੱਜ ਦੇ ਆਖਣ ਉਤੇ ਉਨ੍ਹਾਂ ਦੀ ਬਹੁਤ ਕੁਟਾਈ ਹੋਈ, ਜਿਸ ਤੋਂ ਮਗਰੋਂ ਇੰਡੀਅਨ ਜੱਜ ਆਗ਼ਾ ਹੈਦਰ ਹੋਰਾਂ ਨੇ ਆਪਣੇ ਆਪ ਨੂੰ ਵੱਖ ਕਰ ਲਿਆ ਅਤੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਭੁੱਖ ਹੜਤਾਲ ਦੇ ਸਿਆਸੀ ਹਥਿਆਰ ਨੂੰ ਬਹੁਤ ਚੰਗੀ ਤਰ੍ਹਾਂ ਵਰਤਿਆ। ਅਸਲ ਵਿਚ ਇਸ ਗੱਲ ਨੂੰ ਸਮਝਣ ਦੀ ਲੋੜ ਏ। ਆਪਣੇ ਆਪ ਨੂੰ ਭੁੱਖਾ ਰੱਖਣ ਦੀ ਤਾਕਤ ਹਮੇਸ਼ਾ ਤੋਂ ਸਾਰੇ ਮੁਆਸ਼ਰਿਆਂ ਵਿਚ ਅੱਜ ਤਕ ਵੀ ਆਪਣਾ ਤਕੜਾ ਅਸਰ ਰੱਖਦੀ ਏ ਕਿ ਆਪ ਮਾਰਧਾੜ ਕਰਨ ਵਾਲਾ ਆਪਣੇ ਮਕਸਦ ਲਈ ਨਾ ਸਿਰਫ਼ ਆਪਣੀ ਜਾਨ ਦਿੰਦਾ ਹੈ ਸਗੋਂ ਉਹ ਦੂਜਿਆਂ ਦੀ ਹਯਾਤੀ ਮੁਕਾਉਣ ਨਾਲ ਲੋਕਾਈ ਦੀਆਂ ਹਮਦਰਦੀਆਂ ਗੁਆ ਬੈਠਦਾ ਏ। ਭੁੱਖ ਹੜਤਾਲ ਕਰਨ ਵਾਲਾ ਆਪਣੀ ਸਿਹਤ ਜਾਂ ਜੀਵਨ ਦਾਨ ਕਰ ਕੇ ਪੂਰੀ ਕੌਮ ਦੀ ਹਮਾਇਤ ਹਾਸਲ ਕਰ ਲੈਂਦਾ ਏ। ਭਗਤ ਸਿੰਘ ਅਤੇ ਉਸ ਦੇ ਸੰਗੀ ਕਾਮਰੇਡ ਇਸ ਗੱਲ ਦੇ ਚੰਗੀ ਤਰ੍ਹਾਂ ਜਾਣੂ ਸਨ ਅਤੇ ਉਨ੍ਹਾਂ ਇਸ ਨੂੰ ਆਪਣੇ ਆਪ ਉਤੇ ਲੱਗੇ ਕਤਲਾਂ ਅਤੇ ਅੱਤਵਾਦ ਦੇ ਦਾਗ਼ਾਂ ਨੂੰ ਧੋਣ ਲਈ ਵਰਤਿਆ। ਇਹ ਗੱਲ ਭਗਤ ਸਿੰਘ ਦੀ ਪੱਕੀ ਸਿਆਸੀ ਸੂਝ ਨੂੰ ਵਿਖਾਉਂਦੀ ਏ। ਭੁੱਖ ਹੜਤਾਲ ਦਾ ਹਥਿਆਰ ਅੱਜ ਵੀ ਬਹੁਤ ਅਸਰ ਰੱਖਦਾ ਏ ਅਤੇ ਭੁੱਖ ਹੜਤਾਲ ਕਰਨ ਦੀ ਤਾਕਤ ਵਿਖਾਉਂਦਾ ਏ।

## ਭਗਤ ਸਿੰਘ ਅਤੇ ਸਜ਼ਾ-ਇ-ਮੌਤ

ਭਗਤ ਸਿੰਘ ਅਤੇ ਉਸ ਦੇ ਕਾਮਰੇਡਾਂ ਨੇ ਸਾਂਡਰਸ ਦੇ ਮੁਕੱਦਮੇ ਦਾ ਬਾਈਕਾਟ ਕਰ ਦਿੱਤਾ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਟ੍ਰਿਬਿਊਨਲ ਨੇ ਜਿਵੇਂ ਹੀ ਮੌਤ ਦੀ ਸਜ਼ਾ ਸੁਣਾਈ, ਇਸ ਨੂੰ ਏ.ਜੀ. ਨੂਰਾਨੀ ਨੇ ਆਪਣੀ ਕਿਤਾਬ 'ਭਗਤ ਸਿੰਘ ਦਾ ਮੁਕੱਦਮਾ' ਵਿਚ ਖੁੱਲ੍ਹ ਕੇ ਲਿਖਿਆ। ਬਰਤਾਨਵੀ ਸਾਮਰਾਜ ਵੱਲੋਂ ਕੀਤੇ ਗਏ ਮੌਤ ਦੇ ਫ਼ੈਸਲੇ ਦਾ ਸਿੱਧਾ ਮਤਲਬ ਇੰਡੀਅਨ ਇਨਕਲਾਬੀਆਂ ਦਾ ਕਤਲ ਸੀ। ਭਗਤ ਸਿੰਘ ਨੇ ਆਪਣੇ ਫਾਹੇ ਲੱਗਣ ਤੋਂ ਤ੍ਰੈਅ ਦਿਨ ਪਹਿਲਾਂ 20 ਮਾਰਚ 1931 ਈ. ਨੂੰ ਇਕ ਖ਼ਤ ਵਿਚ ਲਿਖਿਆ ਕਿ ਉਹ ਬਰਤਾਨਵੀ ਸਾਮਰਾਜ ਨਾਲ ਜੰਗ ਕਰ ਰਹੇ ਸੀ, ਇਸ ਲਈ ਉਨ੍ਹਾਂ ਨਾਲ ਜੰਗੀ ਕੈਦੀਆਂ ਵਾਲਾ ਸਲੂਕ ਕੀਤਾ ਜਾਵੇ, ਅਤੇ ਉਨ੍ਹਾਂ ਨੂੰ ਫਾਹੇ ਲਾਉਣ ਦੀ ਥਾਂ ਗੋਲੀ ਮਾਰੀ ਜਾਵੇ। ਪਰ ਬਰਤਾਨਵੀ ਰਾਜ ਬਹੁਤ ਡਰਪੋਕ ਨਿਕਲਿਆ ਅਤੇ ਉਨ੍ਹਾਂ ਤੋਂ ਸਵੇਰੇ 6 ਤੋਂ 7 ਵਜੇ ਫਾਹੇ ਲਾਉਣ ਦਾ ਵੇਲਾ ਵੀ ਨਹੀਂ ਸੰਭਲ ਸਕਿਆ। ਉਨ੍ਹਾਂ ਜੱਗ ਦੇ ਸਾਰੇ ਕਾਨੂੰਨਾਂ ਤੋਂ ਹਟ ਕੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 23 ਮਾਰਚ ਨੂੰ ਸ਼ਾਮੀਂ ਸੱਤ ਵਜੇ ਹੀ ਫਾਹੇ ਲਾ ਛੱਡਿਆ। 'ਨੌਜਵਾਨ ਭਾਰਤ ਸਭਾ' ਵੱਲੋਂ ਇਕ ਜਲਸੇ ਦਾ

ਪ੍ਰਬੰਧ ਕੀਤਾ ਗਿਆ ਸੀ, ਜਿਹੜਾ 24 ਮਾਰਚ ਨੂੰ ਉਨ੍ਹਾਂ ਦੀ ਸਜ਼ਾ ਵੇਲੇ ਹੋਣਾ ਸੀ। ਪਰ ਬਰਤਾਨਵੀ ਸਾਮਰਾਜੀਆਂ ਲੋਕਾਂ ਦੇ ਇੱਡੇ ਵੱਡੇ ਇਕੱਠ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਮੂਹਰੇ ਇਕੱਠਿਆਂ ਹੋਣ ਤੋਂ ਡਰਦਿਆਂ ਹੋਇਆਂ ਇਹ ਕੰਮ 23 ਮਾਰਚ ਨੂੰ ਸ਼ਾਮੀਂ ਸੱਤ ਵਜੇ ਹੀ ਨਿਬੇੜ ਛੱਡਿਆ। ਪਰ ਇਹ ਖ਼ਬਰ ਲਾਹੌਰ ਦੇ ਲੋਕਾਂ ਤੋਂ ਲੁਕਾਈ ਨਾ ਜਾ ਸਕੀ ਅਤੇ ਇਸ ਜਲੂਸ ਦੇ ਅਖ਼ੀਰਲੇ ਵੇਲੇ ਉਨ੍ਹਾਂ ਦੀ ਫਾਂਸੀ ਦੀ ਖ਼ਬਰ ਲੋਕਾਂ ਵਿਚ ਫੈਲ ਗਈ ਅਤੇ ਲੋਕਾਂ ਜੇਲ੍ਹ ਦੇ ਬੂਹੇ ਉਤੇ ਹੱਲਾ ਬੋਲ ਦਿੱਤਾ। ਭਾਰਤੀ ਅਫ਼ਸਰਾਂ ਡਰਦਿਆਂ ਸ਼ਹੀਦਾਂ ਦੇ ਜੁੱਸੇ ਵੱਢ ਕੇ ਉਨ੍ਹਾਂ ਨੂੰ ਬੋਰੀਆਂ ਵਿਚ ਬੰਦ ਕਰ ਕੇ, ਜੇਲ੍ਹ ਦੇ ਪਿਛਲੇ ਬੂਹਿਓਂ ਬਾਹਰ ਕੱਢਿਆ ਅਤੇ ਫਿਰੋਜ਼ਪੁਰ, ਦਰਿਆ-ਏ-ਸਤਲੁਜ ਦੇ ਕੰਢੇ ਵਸਦੇ, ਪਿੰਡ ਗੰਡਾ ਵਾਲਾ ਦੇ ਨੇੜੇ ਜੰਗਲ ਵਿਚ ਮਿੱਟੀ ਦਾ ਤੇਲ ਪਾ ਕੇ ਲੂਹ ਦਿੱਤਾ। ਪਰ ਲਾਹੌਰ ਅਤੇ ਫਿਰੋਜ਼ਪੁਰ ਦੇ ਲੋਕਾਂ ਨੂੰ ਥਾਂ ਦਾ ਪਤਾ ਲੱਗ ਗਿਆ।

24 ਮਾਰਚ ਦਾ ਸੂਰਜ ਡੁੱਬਣੋਂ ਪਹਿਲਾਂ ਲੋਕਾਂ ਨੇ ਉਨ੍ਹਾਂ ਦੇ ਅੱਧ-ਸੜੇ ਜਿਸਮ ਅਤੇ ਹੱਡੀਆਂ ਲਾਹੌਰ ਲੈ ਆਂਦੀਆਂ ਅਤੇ ਰਾਵੀ ਦੇ ਕੰਢੇ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ।

ਉਸ ਵੇਲੇ ਪੰਜਾਬ ਦੀ ਕਾਂਗਰਸ ਪਾਰਟੀ ਨੇ ਸ਼ਹੀਦਾਂ ਦੇ ਜੁੱਸਿਆਂ ਦੀ ਬੇਹੁਰਮਤੀ ਬਾਰੇ ਇਕ 'ਸੱਚ ਭਾਲ ਕਮੇਟੀ' ਬਣਾਈ। ਉਨ੍ਹਾਂ ਦਿਨਾਂ ਵਿਚ ਅਲਾਹਾਬਾਦ ਤੋਂ ਛਪਣ ਵਾਲੇ ਅਖ਼ਬਾਰ 'ਭਵਿੱਸ਼ਜ' ਵਿਚ ਇਸ ਕਮੇਟੀ ਦੀਆਂ ਰਿਪੋਰਟਾਂ ਛਪੀਆਂ। ਜਦੋਂ ਕਾਨ੍ਹਪੁਰ ਫਸਾਦਾਂ ਦੀਆਂ ਰਿਪੋਰਟਾਂ ਲੋਕਾਂ ਦੀ ਤਵੱਜੋ ਹਾਸਲ ਕਰ ਚੁੱਕੀਆਂ ਤਾਂ ਮੁੜ ਕੇ ਨੈਸ਼ਨਲ ਬੁੱਕ ਟਰੱਸਟ ਵਾਲਿਆਂ ਕਾਂਗਰਸ ਦੀ ਇਸ ਰਿਪੋਰਟ ਨੂੰ ਮੁੜ ਕੇ ਛਾਪਿਆ। ਕਾਨ੍ਹਪੁਰ ਦੇ ਫ਼ਸਾਦ ਇਸ ਹੋਣੀ ਤੋਂ ਬਾਅਦ ਸ਼ੁਰੂ ਹੋਏ ਸਨ ਅਤੇ ਬਦਕਿਸਮਤੀ ਨਾਲ, ਇਨ੍ਹਾਂ ਦੰਗਿਆਂ ਵਿਚ ਗਣੇਸ਼ ਸ਼ੰਕਰ ਵਿਦਿਆਰਥੀ (ਪੱਤਰਕਾਰ, ਕੌਮ-ਪ੍ਰਸਤ ਅਤੇ ਕਾਂਗਰਸੀ ਲੀਡਰ, ਜਿਹੜੇ ਭਗਤ ਸਿੰਘ ਦੇ ਬੜੇ ਚਾਹੁਣ ਵਾਲੇ ਸਨ) ਦੀ ਹੱਤਿਆ ਹੋ ਗਈ।

ਇਹੋ ਹਾਲ ਸ਼ਹੀਦਾਂ ਦੀਆਂ ਯਾਦਗਾਰਾਂ ਨਾਲ ਕੀਤਾ ਗਿਆ। ਅਸਲ ਵਿਚ 'ਨੌਜਵਾਨ ਭਾਰਤ ਸਭਾ' ਨੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਣ ਲਈ ਇਕ ਕਮੇਟੀ ਬਣਾਈ ਸੀ, ਜਿਸ ਨੂੰ ਕਾਂਗਰਸ ਨੇ ਬਰਬਾਦ ਕਰ ਦਿੱਤਾ। ਇਸ ਤੋਂ ਬਾਅਦ ਫਿਰੋਜ਼ਪੁਰ ਨੇੜੇ 'ਹੁਸੈਨੀਵਾਲਾ' ਵਿਚ ਸ਼ਹੀਦਾਂ ਦੀ ਇਕ ਯਾਦਗਾਰ ਬਣਾਈ ਗਈ, ਜਿਸ ਦੀ ਕੌਮੀ ਤਹਿਰੀਕ ਵਿਚ ਕੋਈ ਅਹਿਮੀਅਤ ਨਹੀਂ ਸੀ। ਲਾਹੌਰ ਈ ਉਹ ਥਾਂ ਸੀ ਜਿੱਥੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਸਿਆਸਤ ਦਾ ਮੁੱਢ ਬੰਨ੍ਹਿਆ ਸੀ। ਫਿਰ ਇਥੇ ਈ ਉਨ੍ਹਾਂ ਦੇ ਜੁੱਸਿਆਂ ਨੂੰ ਲੂਹਿਆ ਗਿਆ ਅਤੇ ਇਹੋ ਉਹ ਥਾਂ ਏ ਜਿੱਥੇ ਲਾਲਾ ਲਾਜਪਤ ਰਾਏ ਹੋਰਾਂ ਦਾ ਵੀ ਅੰਤਿਮ ਸੰਸਕਾਰ ਕੀਤਾ ਗਿਆ। ਅਸਲ ਕਰਨ ਵਾਲੀ ਗੱਲ ਇਹ ਏ ਜੋ ਲਾਲਾ ਲਾਜਪਤ ਰਾਏ, ਭਗਤ ਸਿੰਘ ਅਤੇ ਰਾਜਗੁਰੂ ਹੋਰਾਂ ਦੀ ਯਾਦਗਾਰ ਰਾਵੀ ਕੰਢੇ ਹੋਣੀ ਚਾਹੀਦੀ ਏ ਜਿਹੜੀ ਪੰਜਾਬ ਦੇ ਨੌਜਵਾਨਾਂ ਲਈ ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਦਾ ਸਰ-ਚਸ਼ਮਾ ਹੋਣ। ਹੁਣ ਤੋਂ 77 ਵਰ੍ਹੇ ਪਿਛਾਂਹ ਵੇਖੀਏ ਤਾਂ ਕਿੱਡੀ ਹੈਰਤ ਦੀ ਗੱਲ ਏ ਜੋ ਭਗਤ ਸਿੰਘ ਅਤੇ ਸੁਖਦੇਵ ਦੀਆਂ ਲਾਇਲਪੁਰ ਵਿਚ ਜੰਮਣ-ਭੋਏਂ ਉਤੇ ਨਾ ਕੋਈ ਯਾਦਗਾਰਾਂ ਬਣਾਈਆਂ ਗਈਆਂ ਅਤੇ ਨਾ ਈ ਇਨ੍ਹਾਂ ਦੀ ਯਾਦ ਵਿਚ ਕੋਈ ਯਾਦਗਾਰ ਉਸਾਰੀ ਗਈ। ਅਸੀਂ ਆਸ ਕਰਦੇ ਹਾਂ ਜੋ ਅਜੋਕੇ ਪਾਕਿਸਤਾਨੀ ਅਤੇ ਹਿੰਦੁਸਤਾਨੀ ਰਲ ਕੇ ਨਾ ਸਿਰਫ਼ ਲਾਹੌਰ ਵਿਚ ਸਗੋਂ ਫ਼ੈਸਲਾਬਾਦ ਵਿਚ ਵੀ ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਣ। ਪਰ ਖ਼ਬਰੇ ਉਹ ਇਕੋ ਈ ਸੀ, ਜਿਸ ਨੇ ਦੇਸ ਦੇ ਲੋਕਾਂ ਵਿਚ ਸਾਮਰਾਜੀਅਤ ਅਤੇ ਬਾਦਸ਼ਾਹਤ ਬਾਰੇ ਨਾਬਰੀ ਦਾ ਜਜ਼ਬਾ ਜਗਾਇਆ। ਵੰਡੇ ਹੋਏ ਪੰਜਾਬ ਦੇ ਦੋ ਭਾਗਾਂ ਵਿਚ ਭਗਤ ਸਿੰਘ ਇਕ ਡੋਰ ਏ, ਜਿਹੜੀ ਅਮਰੀਕੀ ਸਾਮਰਾਜੀਅਤ ਬਾਰੇ ਸਾਡੀ ਮੁਜ਼ਾਹਮਤ ਵਿਚ ਮਦਦ ਦੇ ਸਕਦੀ ਏ।

## ਇਨਕਲਾਬੀ ਦੀ ਪਛਾਣ

ਭਗਤ ਸਿੰਘ ਦੀ ਦਾਸਤਾਨ ਦੇ ਕੁਝ ਹੋਰ ਵੀ ਦਿਲਚਸਪ ਪੱਖ ਨੇ। ਉਸ ਦੀ ਸੁਭਾਸ਼ ਚੰਦਰ ਬੋਸ, ਜਵਾਹਰ ਲਾਲ ਨਹਿਰੂ, ਲਾਲਾ ਲਾਜਪਤ ਰਾਏ, ਮਦਨ ਮੋਹਨ ਮਾਲਵੀਆ ਅਤੇ ਹੋਰ ਦੂਜੇ ਕੌਮੀ ਲੀਡਰਾਂ ਨਾਲ ਚੰਗੀ ਜੁੜਤ ਸੀ। ਅਲਾਹਾਬਾਦ ਵਿਚ ਹੋਣ ਵਾਲੀ ਚੰਦਰ ਸ਼ੇਖਰ ਆਜ਼ਾਦ ਅਤੇ ਨਹਿਰੂ ਵਿਚਕਾਰ ਮਿਲਣੀ ਬਾਰੇ ਨਹਿਰੂ ਨੇ ਆਪ ਆਖਿਆ ਕਿ ਇਹ ਕੋਈ ਖ਼ੁਸ਼ਗਵਾਰ ਮੁਲਾਕਾਤ ਨਹੀਂ ਸੀ। ਆਜ਼ਾਦ ਨਹਿਰੂ ਨੂੰ ਪ੍ਰਭਾਵਿਤ ਨਾ ਕਰ ਸਕਿਆ ਪਰ ਫਿਰ ਵੀ ਨਹਿਰੂ ਨੇ ਰੂਸ ਜਾਣ ਵਾਲੇ ਇਨਕਲਾਬੀਆਂ ਲਈ 1000 ਰੁਪਿਆ ਚੰਦਾ ਦਿੱਤਾ। ਆਜ਼ਾਦ ਦੀ ਮੌਤ ਕਾਰਨ ਇਹ ਚੰਦਾ ਕੰਮ ਨਾ ਆ ਸਕਿਆ। ਸੁਭਾਸ਼ ਅਤੇ ਨਹਿਰੂ, ਭਗਤ ਸਿੰਘ ਤੋਂ ਮੁਤਾਸਰ ਸਨ ਜਦ ਕਿ ਆਜ਼ਾਦੀ ਦੀ ਤਹਿਰੀਕ ਵਿਚ ਕਾਂਗਰਸੀ ਲੀਡਰਾਂ ਅਤੇ ਨੌਜਵਾਨ ਇਨਕਲਾਬੀਆਂ ਆਪਣੀਆਂ ਵੱਖੋ-ਵੱਖ ਰਾਹਾਂ ਅਤੇ ਤਰੀਕਿਆਂ ਨਾਲ ਜਤਨ ਕੀਤੇ। ਜਦੋਂ ਲਾਲਾ ਲਾਜਪਤ ਰਾਏ ਨੇ ਸਾਮਰਾਜੀ ਤਾਕਤਾਂ ਨਾਲ ਗੱਲਬਾਤ ਕੀਤੀ ਤਾਂ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਇਸ ਦੀ ਖੁੱਲ੍ਹਮ-ਖੁੱਲ੍ਹਾ ਮੁਖ਼ਾਲਫ਼ਤ ਕੀਤੀ। ਇਸ ਦੇ ਬਾਵਜੂਦ ਵੀ ਉਨ੍ਹਾਂ ਦੇ ਤਾਅਲੁਕਾਤ ਵਿਚ ਕੋਈ ਤ੍ਰੇੜ ਨਾ ਆਈ। ਲਾਲਾ ਜੀ ਹੋਰਾਂ ਦਾ ਪੋਤਰਾ 'ਬਾਲ ਸਟੂਡੈਂਟ ਯੂਨੀਅਨ' ਦਾ ਸੈਕ੍ਰੇਟਰੀ ਸੀ ਜਿਹੜੀ ਭਗਤ ਤੋਂ ਮੁਤਾਸਰ ਹੋ ਕੇ ਬਣਾਈ ਗਈ ਸੀ। ਮੋਤੀ ਲਾਲ ਨਹਿਰੂ, ਮਦਨ ਮੋਹਨ ਮਾਲਵੀਆ ਅਤੇ ਦੀਵਾਨ ਚਮਨ ਲਾਲ ਹੋਰਾਂ ਸੈਂਟਰਲ ਅਸੈਂਬਲੀ ਵਿਚ ਭਗਤ ਹੋਰਾਂ ਵੱਲੋਂ ਕੀਤੀ ਕਾਰਵਾਈ ਦੀ ਨਿੰਦਿਆ ਕੀਤੀ। ਗਾਂਧੀ ਨੇ ਇਸ ਬਾਰੇ ਆਪਣੇ ਇਕ ਬਿਆਨ ਵਿਚ ਆਖਿਆ : "ਇਹ ਦੋ ਨੌਜਵਾਨਾਂ ਦਾ ਇਕ ਪਾਗਲਪਨ ਸੀ।"

ਭਗਤ ਸਿੰਘ ਨੇ ਕੋਰਟ ਵਿਚ ਦਿੱਤੇ ਗਏ ਬਿਆਨ ਵਿਚ ਦੀਵਾਨ ਚਮਨ ਲਾਲ ਨੂੰ 'ਝੂਠੇ ਤਰੱਕੀਪਸੰਦ' ਆਖਿਆ। ਤੇਜ ਬਹਾਦਰ ਸਪਰੂ ਤੋਂ ਵੱਖ, ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਅਤੇ ਜਿਨਾਹ ਅਦਾਲਤਾਂ ਵਿਚ

ਇਨਕਲਾਬੀ ਨੌਜਵਾਨਾਂ ਨਾਲ ਖਲੋਤੇ ਰਹੇ, ਜਦੋਂ ਉਨ੍ਹਾਂ ਭੁੱਖ ਹੜਤਾਲ ਕੀਤੀ ਹੋਈ ਸੀ, ਉਨ੍ਹਾਂ ਨੇ ਇਨ੍ਹਾਂ ਦੀ ਜ਼ਿੰਦਗੀ ਬਚਾਉਣ ਦੀ ਹਰ ਮੁਮਕਿਨ ਕੋਸ਼ਿਸ਼ ਕੀਤੀ।

ਇਹ ਸਿਰਫ਼ ਕੌਮਪ੍ਰਸਤੀ ਦੀ ਤਾਕਤ ਹੀ ਸੀ ਜਿਸ ਨੇ ਇਨ੍ਹਾਂ ਇਨਕਲਾਬੀ ਅਤੇ ਕੌਮੀ ਲੀਡਰਾਂ ਨੂੰ ਇਕੱਠਿਆਂ ਕਰੀ ਰੱਖਿਆ। ਉਹ ਇਕ ਦੂਜੇ ਨੂੰ ਨਿੰਦਦੇ ਤਾਂ ਰਹੇ ਪਰ ਔਖੇ ਵੇਲੇ ਮੁੜ ਇਕੱਠੇ ਹੁੰਦੇ ਰਹੇ। ਆਸਿਫ਼ ਅਲੀ, ਕੈਲਾਸ਼ ਨਾਥ ਕਾਟਜੂ, ਚੰਦਰਭਾਨ ਗੁਪਤਾ, ਮੋਹਨ ਲਾਲ ਸਕਸੈਨਾ ਵਰਗੇ ਵਕੀਲ ਇਨ੍ਹਾਂ ਨੌਜਵਾਨਾਂ ਨਾਲ ਖਲੋਤੇ ਰਹੇ। ਖ਼ਾਸ ਕਰ ਉਸ ਵੇਲੇ ਜਦੋਂ ਇੰਡੀਆ ਦੇ ਲੋਕਾਂ ਨੂੰ ਬਰਤਾਨਵੀ ਸਾਮਰਾਜੀਅਤ ਦੇ ਖ਼ਿਲਾਫ਼ ਕੁਝ ਕਰਨਾ ਹੁੰਦਾ ਸੀ।

ਭਗਤ ਸਿੰਘ ਅਤੇ ਇਨਕਲਾਬੀ ਤਹਿਰੀਕਾਂ ਦਾ ਦੂਜਾ ਸਭ ਤੋਂ ਵੱਡਾ ਪਹਿਲੂ ਜ਼ਾਤਪਾਤ ਦੇ ਨਿਜ਼ਾਮ ਅਤੇ ਜਾਗੀਰਦਾਰੀ ਨਿਜ਼ਾਮ ਦੀ ਭਰਪੂਰ ਮੁਖ਼ਾਲਫ਼ਤ ਸੀ। ਜੇ 'ਦਲਿਤ ਤਹਿਰੀਕ' ਅੱਜ ਅੰਬੇਦਕਰ ਤੋਂ ਵੱਖ ਕਿਸੇ ਨੂੰ ਆਪਣਾ ਕੌਮੀ ਹੀਰੋ ਮੰਨਦੀ ਏ ਤਾਂ ਉਹ ਭਗਤ ਸਿੰਘ ਏ। ਭਗਤ ਸਿੰਘ ਦੀਆਂ ਲਿਖਤਾਂ ਅਤੇ ਉਸ ਦੇ ਕੰਮਾਂ ਦਲਿਤ ਲੋਕਾਈ ਵਿਚ ਆਪਣੇ ਲਈ ਬਹੁਤ ਮੁਹੱਬਤ ਅਤੇ ਹਮਾਇਤ ਭਰ ਛੱਡੀ ਏ। ਉਹ ਜੇਲ੍ਹ ਵਿਚ ਫਾਂਸੀਘਾਟ ਜਾਣ ਤੋਂ ਪਹਿਲਾਂ ਨਾ ਸਿਰਫ਼ ਲੈਨਿਨ ਨੂੰ ਪੜ੍ਹ ਰਿਹਾ ਸੀ ਸਗੋਂ ਉਹਨੇ ਉਹ ਵਿਹਾਰ ਵੀ ਅਪਨਾਇਆ ਜਿਹਦੇ ਨਾਲ ਵਿੱਥਾਂ ਮੇਲੀਆਂ ਜਾ ਸਕਦੀਆਂ ਸਨ। ਉਸ ਜੇਲ੍ਹ ਦੇ ਦਲਿਤ ਕਾਮੇ ਬੋਘੇ ਦੇ ਹੱਥ ਦਾ ਪੱਕਿਆ ਹੋਇਆ ਖਾਣਾ ਖਾਣ ਦੀ ਵੀ ਫ਼ਰਮਾਇਸ਼ ਕੀਤੀ। ਭਗਤ ਸਿੰਘ ਜੇਲ੍ਹ ਦੀ ਸਫ਼ਾਈ ਕਰਨ ਵਾਲੇ ਨਾਲ ਆਪਣੀ ਮਾਂ ਸਮਾਨ ਵਿਹਾਰ ਕਰਦਾ ਸੀ। ਜਦੋਂ ਭਗਤ, ਸੁਖਦੇਵ ਅਤੇ ਰਾਜਗੁਰੂ ਹੱਸਦੇ ਹੋਇਆਂ ਅਤੇ ਗੀਤ ਗਾਉਂਦਿਆਂ ਹੋਇਆਂ ਫਾਂਸੀਘਾਟ ਵੱਲ ਜਾਂਦੇ ਪਏ ਸਨ ਉਦੋਂ ਉਨ੍ਹਾਂ ਦੇ ਪਿੱਛੇ ਚਤਰ ਸਿੰਘ ਅਤੇ ਦੂਜੇ ਕੈਦੀ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾ ਰਹੇ ਸਨ।

ਇਥੇ ਇਹ ਗੱਲ ਨੋਟ ਕਰਨ ਵਾਲੀ ਏ ਜੋ ਮਜ਼੍ਹਬੀ ਤਨਜ਼ੀਮਾਂ ਭਾਵੇਂ ਉਹ ਹਿੰਦੂ, ਮੁਸਲਮਾਨ ਜਾਂ ਸਿੱਖਾਂ ਦੀਆਂ ਹੋਣ, ਉਨ੍ਹਾਂ ਇਨ੍ਹਾਂ ਇਨਕਲਾਬੀਆਂ ਦੀ ਹਮਾਇਤ ਵਿਚ ਇਕ ਅੱਖਰ ਵੀ ਨਾ ਆਖਿਆ। ਇਹ ਸੁਨਹਿਰੀ ਅੱਖਰਾਂ ਵਿਚ ਲਿਖਣ ਵਾਲੀ ਗੱਲ ਏ ਜੋ, ਇਹ ਖੱਬੇ ਧੜੇ ਦੀ ਇਕਹਿਰੀ ਤਨਜ਼ੀਮ ਸੀ ਜਿਸ ਨੇ ਸੁਚੱਜੇ ਢੰਗ ਨਾਲ ਦੇਸ ਵਿਚ ਇਨਕਲਾਬੀ ਤਹਿਰੀਕ ਨੂੰ ਮੋਢਾ ਦਿੱਤਾ। ਇਸ ਆਜ਼ਾਦੀ ਦੀ ਜੱਦੋ-ਜਹਿਦ ਵਿਚ ਇਹ ਤਨਜ਼ੀਮ ਖੱਬੇ ਧੜੇ ਦੀ ਸੱਚੀ ਵਾਰਿਸ ਸੀ। ਇਹ ਗੱਲ ਨਾ ਸਿਰਫ਼ ਗਾਂਧੀ ਅਤੇ ਭਗਤ ਸਿੰਘ ਨੂੰ ਪਤਾ ਸੀ ਕਿ ਇਨਕਲਾਬੀ ਦੀ ਮੌਤ ਨੂੰ ਕੋਈ ਨਹੀਂ ਟਾਲ ਸਕਦਾ। ਗਾਂਧੀ ਦੇ ਆਪਣੇ ਨਜ਼ਰੀਆਤ ਸਨ ਅਤੇ ਭਗਤ ਦੇ ਆਪਣੇ। ਦੋਵੇਂ ਆਪਣੇ-ਆਪਣੇ ਨਜ਼ਰੀਆਤ ਉਤੇ ਪੱਕੇ ਖੜੇ ਸਨ।

ਬਰਤਾਨਵੀ ਸਾਮਰਾਜ ਨੇ ਅਖ਼ੀਰ ਇਹ ਫ਼ੈਸਲਾ ਕੀਤਾ ਬਈ ਜਵਾਨਾਂ ਨੂੰ ਮਾਰ ਦਿੱਤਾ ਜਾਵੇ ਖ਼ਾਸ ਕਰ ਭਗਤ ਸਿੰਘ ਨੂੰ, ਕਿਉਂ ਜੋ ਉਨ੍ਹਾਂ ਨੂੰ ਭਗਤ ਸਿੰਘ ਦੀ ਸ਼ਖ਼ਸੀਅਤ ਵਿਚ ਇਕ ਭਾਰਤੀ ਲੈਨਿਨ ਬਣਦਾ ਵਿਖਾਲੀ ਦਿੰਦਾ ਪਿਆ ਸੀ। ਬਰਤਾਨੀਆ ਨੂੰ ਕਾਂਗਰਸ ਪਾਰਟੀ ਨਾਲ ਮੁੱਕ-ਮੁਕਾ ਵਾਰੇ ਖਾਂਦਾ ਸੀ ਕਿਉਂ ਜੋ ਉਹ ਸਿਆਸੀ ਤਾਕਤ ਕਾਂਗਰਸ ਨੂੰ ਇੰਜ ਈ ਦੇ ਦਿੰਦੇ ਤਾਂ ਉਨ੍ਹਾਂ ਦੇ ਮੁਆਸ਼ੀ ਫ਼ਾਇਦਿਆਂ ਨੂੰ ਵੀ ਸੱਟ ਵੱਜਦੀ। ਇਸ ਲਈ ਉਨ੍ਹਾਂ ਨੂੰ ਭਗਤ ਸਿੰਘ ਦਾ ਜੀਵਨ ਵਾਰਾ ਨਹੀਂ ਸੀ ਖਾਂਦਾ। ਉਹਨੇ ਬਰਤਾਨਵੀ ਸਾਮਰਾਜ ਅਤੇ ਸਰਮਾਇਦਾਰੀ ਨਿਜ਼ਾਮ ਨੂੰ ਜੜ੍ਹੋਂ ਮੁਕਾਉਣਾ ਈ ਹਯਾਤੀ ਦਾ ਮਕਸਦ ਬਣਾ ਲਿਆ ਸੀ।

ਜਿਵੇਂ ਭਗਤ ਸਿੰਘ ਕੋਲ ਆਪਣੀ ਰਾਹ ਸੀ, ਇੰਝ ਈ ਬਰਤਾਨੀਆ ਕੋਲ ਨੌ-ਆਬਾਦੀ ਦੀ ਵਜ੍ਹਾ ਸੀ ਜੋ ਭਗਤ ਸਿੰਘ ਨੇ ਸੌ ਤੋਂ ਵੀ ਘੱਟ ਲੋਕਾਂ ਦੇ ਨਾਲ ਜੱਗ ਦੀ ਸਭ ਤੋਂ ਤਕੜੀ ਸ਼ਹਿਨਸ਼ਾਹੀਅਤ ਨੂੰ ਮੁਕਾਉਣ ਲਈ ਸ਼ਹਾਦਤ ਦੀ ਰਾਹ ਚੁਣੀ ਅਤੇ ਲੱਖਾਂ ਲੋਕਾਂ ਨੂੰ ਹਿਲਾ ਦਿੱਤਾ। ਪੱਟਾਭਿ ਸੀਤਾਰਮੱਈਆ, ਜਿਹੜੇ ਗਾਂਧੀ ਵੱਲੋਂ ਸੁਭਾਸ਼ ਦੀ ਤੋੜ ਤੁਰੀ ਪੂਰੀ ਕਾਂਗਰਸ ਦੇ ਤਾਰੀਖ਼ੀ ਉਮੀਦਵਾਰ ਸਨ, ਉਨ੍ਹਾਂ ਨੂੰ ਵੀ ਇਹ ਗੱਲ ਮੰਨਣੀ ਪਈ ਜੋ ਭਗਤ ਸਿੰਘ ਗਾਂਧੀ ਨਾਲੋਂ ਘੱਟ ਮਕਬੂਲ ਨਹੀਂ ਸੀ, ਅਤੇ ਇਹ ਚਵ੍ਹੀ ਵਰ੍ਹਿਆਂ ਦੀ ਨਿੱਕੀ ਉਮਰ ਦੇ ਉਸ ਬੰਦੇ ਲਈ ਕੋਈ ਘੱਟ ਮਕਬੂਲ ਨਹੀਂ ਸੀ , ਜਿਸ ਦੇ ਪਿੱਛੇ ਸਿਰਫ਼ ਛੇ ਤੋਂ ਸੱਤ ਵਰ੍ਹਿਆਂ ਦਾ ਸਿਆਸੀ ਕੈਰੀਅਰ ਸੀ। ਸਜ਼ਾਏ-ਮੌਤ ਦੇ ਐਲਾਨ ਤੋਂ ਪਹਿਲਾਂ, ਜੈਦੇਵ ਕਪੂਰ ਨੇ ਭਗਤ ਸਿੰਘ ਕੋਲੋਂ ਪੁੱਛਿਆ : "ਕੀ ਉਸ ਨੂੰ ਨਿੱਕੀ ਉਮਰੇ ਮਰਨ ਦਾ ਪਛਤਾਵਾ ਹੈ ?" ਪਹਿਲਾਂ ਤਾਂ ਭਗਤ ਸਿੰਘ ਹੱਸਿਆ ਅਤੇ ਫਿਰ ਬੜੀ ਸਹਿਜ ਨਾਲ ਜਵਾਬ ਦਿੱਤਾ : "ਇਨਕਲਾਬ ਦੀ ਰਾਹ 'ਤੇ ਪੈਰ ਪਾਉਂਦਿਆਂ ਹੋਇਆਂ ਮੈਂ ਇਹ ਸੋਚ ਚੁੱਕਿਆ ਸਾਂ, ਜੇਕਰ ਮੈਂ ਆਪਣੀ ਹਯਾਤੀ ਕੁਰਬਾਨ ਕਰ ਕੇ ਪੂਰੇ ਦੇਸ ਵਿਚ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਫੈਲਾ ਸਕਿਆ ਤਾਂ ਮੈਨੂੰ ਇਹ ਮਹਿਸੂਸ ਹੋਏਗਾ ਕਿ ਮੈਨੂੰ ਮੇਰੀ ਹਯਾਤੀ ਦਾ ਮੁੱਲ ਲੱਭ ਗਿਆ। ਅੱਜ ਕਾਲ ਕੋਠੜੀ ਦੀਆਂ ਸਲਾਖ਼ਾਂ ਪਿੱਛੇ ਬਹਿ ਕੇ ਮੈਂ ਕਰੋੜਾਂ ਲੋਕਾਂ ਦੀਆਂ ਇਸ ਨਾਅਰੇ ਵਾਲੀਆਂ ਆਵਾਜ਼ਾਂ ਸੁਣ ਸਕਦਾ ਹਾਂ। ਮੈਂ ਇਸ ਗੱਲ 'ਤੇ ਯਕੀਨ ਰੱਖਦਾ ਹਾਂ ਕਿ ਮੇਰਾ ਇਹ ਨਾਅਰਾ ਆਜ਼ਾਦੀ ਦੀ ਜੱਦੋ-ਜਹਿਦ ਦੇ ਅਖ਼ੀਰਲੇ ਵੇਲੇ ਤੀਕਰ ਸਾਮਰਾਜੀਅਤ ਉਤੇ ਚੜ੍ਹਦੀ ਹੋਈ ਤਾਕਤ ਵਾਂਗੂੰ ਹਮਲਾ ਕਰਦਾ ਰਵ੍ਹੇਗਾ। ਇਸ ਨਿੱਕੀ ਜਿਹੀ ਹਯਾਤੀ ਦਾ ਇਸ ਤੋਂ ਵੱਡਾ ਮੁੱਲ ਕੀ ਪੈ ਸਕਦਾ ਹੈ ?"

ਸ਼ਿਵ ਵਰਮਾ ਜੁਲਾਈ 1930 ਈ. ਦਾ ਇਕ ਵਾਕਿਆ ਦੱਸਦੇ ਨੇ ਜਦੋਂ ਭਗਤ ਸਿੰਘ ਹੋਰਾਂ ਨੂੰ ਮਿਲਣ ਲਈ ਲਾਹੌਰ ਦੀ ਬੁਰੈਲ ਜੇਲ੍ਹ ਤੋਂ ਸੈਂਟਰਲ ਜੇਲ੍ਹ ਉਨ੍ਹਾਂ ਦੇ ਮੁਕੱਦਮੇ ਤੋਂ ਇਨਕਾਰੀ ਬਾਰੇ ਗੱਲਬਾਤ ਕਰਨ ਆਏ, ਤਾਂ ਸਾਰੇ ਇਕ ਦੂਜੇ ਨਾਲ ਆਉਣ ਵਾਲੇ ਫ਼ੈਸਲੇ ਬਾਰੇ ਮਜ਼ਾਕ ਕਰਦੇ ਰਹੇ, ਭਗਤ ਸਿੰਘ ਅਤੇ ਰਾਜਗੁਰੂ ਇਸ ਗੱਲ ਨੂੰ ਜਾਣਦੇ ਸਨ ਕਿ ਉਨ੍ਹਾਂ ਨੂੰ ਫਾਹੇ ਦਿੱਤਾ ਜਾਵੇਗਾ। ਉਸ ਵੇਲੇ ਭਗਤ ਸਿੰਘ ਨੇ ਆਖਿਆ, "ਉਹ ਇਸ ਹਕੀਕਤ ਤੋਂ ਖੌਫ਼ਜ਼ਦਾ ਨਹੀਂ ਕਿ ਉਨ੍ਹਾਂ ਨੂੰ ਮਰਨ ਤੀਕਰ ਫਾਂਸੀ ਉਤੇ ਟੰਗਿਆ ਜਾਵੇਗਾ।" ਉਸ ਦਿਹਾੜੇ ਉਹ ਮੌਜ ਵਿਚ ਸੀ ਅਤੇ ਮਿੱਠੀ ਆਵਾਜ਼ ਵਿਚ ਬੋਲ ਰਿਹਾ ਸੀ। ਇਹ ਉਸ ਦਾ ਸਟਾਈਲ ਸੀ। ਦਿਖਾਵਾ ਉਸ ਦੀ ਆਦਤ ਨਹੀਂ ਸੀ ਅਤੇ

ਖ਼ਬਰੇ ਇਹ ਉਸ ਦੀ ਤਾਕਤ ਸੀ । ਫਿਰ ਉਨ੍ਹਾਂ ਭਗਤ ਸਿੰਘ ਦੇ ਆਪਣੇ ਅਲਫ਼ਾਜ਼ ਵਿਚ ਲਿਖਿਆ, "ਇਹ ਦੇਸ ਲਈ ਸਭ ਤੋਂ ਉੱਚਾ ਇਨਾਮ ਏ । ਮੈਨੂੰ ਇਸ ਗੱਲ ਉਤੇ ਮਾਣ ਏ ਜੋ ਮੈਂ ਇਸ ਇਨਾਮ ਨੂੰ ਹਾਸਲ ਕਰਨ ਜਾ ਰਿਹਾਂ । ਉਹ ਮੈਨੂੰ ਮਾਰ ਤਾਂ ਸਕਦੇ ਨੇ, ਪਰ ਮੇਰੀ ਰੂਹ ਨੂੰ ਨਹੀਂ । ਮੇਰੇ ਵਿਚਾਰ ਉਸ ਵੇਲੇ ਤੀਕਰ ਇਕ ਬਦ-ਦੁਆ ਵਾਂਗਰ ਬਰਤਾਨੀਆ ਦਾ ਸ਼ਿਕਾਰ ਕਰਦੇ ਰਹਿਣਗੇ ਜਿਸ ਵੇਲੇ ਤੀਕਰ ਉਹ ਇਸ ਧਰਤੀ ਤੋਂ ਨੱਠਣ ਲਈ ਮਜਬੂਰ ਨਾ ਹੋ ਜਾਣ" (ਸ਼ਿਵ ਵਰਮਾ ਐਡੀਸ਼ਨ, ਸਫ਼ਾ 41) । ਭਰਪੂਰ ਤਰੀਕੇ ਨਾਲ ਬੋਲਦਿਆਂ ਹੋਇਆਂ ਉਹ ਅੱਗੇ ਕਹਿੰਦਾ ਏ : "ਮਰਿਆ ਹੋਇਆ ਭਗਤ ਸਿੰਘ ਬਰਤਾਨਵੀ ਆਕਾਵਾਂ ਲਈ ਜਿਉਂਦੇ ਭਗਤ ਸਿੰਘ ਨਾਲੋਂ ਬਹੁਤ ਖ਼ਤਰਨਾਕ ਹੋਵੇਗਾ । ਮੇਰੇ ਫਾਹੇ ਲੱਗਣ ਤੋਂ ਬਾਅਦ ਮੇਰੇ ਇਨਕਲਾਬੀ ਵਿਚਾਰਾਂ ਦੀ ਖ਼ੁਸ਼ਬੂ ਸਾਡੀ ਇਸ ਸੋਹਣੀ ਧਰਤੀ ਉਤੇ ਖਿੱਲਰ ਜਾਵੇਗੀ । ਇਹ ਜਵਾਨਾਂ ਵਿਚ ਆਜ਼ਾਦੀ ਦੇ ਇਨਕਲਾਬ ਲਈ ਜ਼ਹਿਰ ਭਰ ਦੇਵੇਗੀ, ਜਿਹੜੇ ਆਉਣ ਵਾਲੇ ਵੇਲੇ ਵਿਚ ਬਰਤਾਨਵੀ ਸਾਮਰਾਜੀਅਤ ਦਾ ਮਕਬਰਾ ਬਣਾ ਦੇਵਣਗੇ । ਇਹ ਮੇਰਾ ਪੱਕਾ ਈਮਾਨ ਏ । ਮੈਨੂੰ ਉਸ ਦਿਨ ਦੀ ਬੜੀ ਬੇਚੈਨੀ ਨਾਲ ਉਡੀਕ ਏ ਜਦੋਂ ਮੈਨੂੰ ਆਪਣੇ ਦੇਸ ਦੀ ਸੇਵਾ ਪਾਰੋਂ ਆਪਣੇ ਲੋਕਾਂ ਵੱਲੋਂ ਮੁਹੱਬਤ ਦਾ ਇਨਾਮ ਲੱਭੇਗਾ ।" ਸ਼ਿਵ ਵਰਮਾ ਨੇ ਭਗਤ ਸਿੰਘ ਦੀਆਂ ਲਿਖਤਾਂ ਨੂੰ ਇੰਜ ਖ਼ਰਾਜਿ ਤਹਿਸੀਨ ਪੇਸ਼ ਕੀਤਾ ਏ : "ਉਹ ਠੀਕ ਆਂਹਦਾ ਸੀ, ਰੂਹ ਕਦੇ ਵੀ ਨਹੀਂ ਮਰਦੀ, ਅਤੇ ਉਹ ਕਦੇ ਵੀ ਨਹੀਂ ਮਰੇਗਾ" (ਸ਼ਿਵ ਵਰਮਾ ਐਡੀਸ਼ਨ, ਸਫ਼ਾ 42) । ਭਗਤ ਸਿੰਘ ਦੀ ਰੂਹ ਨੂੰ 1931 ਈ. ਨਾਲੋਂ ਬਹੁਤਾ ਜਿਉਂਦਾ ਰੱਖਣ ਦੀ ਲੋੜ ਏ, ਮੈਂ ਭਗਤ ਸਿੰਘ ਦੀ ਜੇਲ੍ਹ ਦੀ ਨੋਟ-ਬੁੱਕ ਅਤੇ ਇਸ ਦੀਆਂ ਦੂਜੀਆਂ ਲਿਖਤਾਂ, ਜਿਨ੍ਹਾਂ ਵਿਚ ਰਾਮਸਰਨ ਦਾਸ ਦੀ ਇਨਕਲਾਬੀ ਸ਼ਾਇਰੀ ਦਾ ਪੇਸ਼ ਲਫ਼ਜ਼ ਵੀ ਸ਼ਾਮਿਲ ਏ, ਪੜ੍ਹਨ ਲਈ ਜ਼ੋਰ ਦਿੰਨਾਂ (ਸ਼ਿਵ ਵਰਮਾ ਐਡੀਸ਼ਨ, ਸਫ਼ਾ 123) ।"

ਬਰਾਏ ਮਿਹਰਬਾਨੀ ਅੱਖਾਂ ਬੰਦ ਕਰ ਕੇ ਇਸ ਨੂੰ ਨਾ ਮੰਨਿਆ ਜਾਵੇ, ਨਾ ਇਸ ਨੂੰ ਸਿਰਫ਼ ਪੜ੍ਹਿਆ ਜਾਵੇ । ਬਲਕਿ ਇਸ ਵਿਚ ਜੋ ਲਿਖਿਆ ਏ ਇਸ ਉਤੇ ਤਨਕੀਦ ਕਰੋ, ਇਸ ਬਾਰੇ ਗ਼ੌਰ ਕਰੋ ਅਤੇ ਇਸ ਦੀ ਮਦਦ ਨਾਲ ਆਪਣੇ ਵਿਚਾਰ ਬਣਾਉਣ ਦੀ ਕੋਸ਼ਿਸ਼ ਕਰੋ ।

ਅੰਗਰੇਜ਼ੀ ਤੋਂ ਪੰਜਾਬੀ ਤਰਜਮਾ—ਵਸੀਮ ਰਾਇ ਬਰਾੜ

*(ਨੋਟ : ਲੇਖਕ ਨੂੰ ਇਸ ਗੱਲ ਦੀ ਡਾਢੀ ਖੁਸ਼ੀ ਹੈ ਕਿ ਉਸ ਦੇ ਇਕੋਨਾਮਿਕ ਐਂਡ ਪੋਲੀਟੀਕਲ ਵੀਕਲੀ' (**EPW-Mumbai**) ਵਿਚ ਛਪੇ ਇਸ ਲੇਖ ਦਾ ਤਰਜਮਾ 1947 ਤੋਂ ਪਹਿਲਾਂ ਦੀ ਪੰਜਾਬੀ ਜ਼ਬਾਨ ਵਿਚ ਕੀਤਾ ਗਿਆ ਹੈ, ਜੋ ਲਾਹੌਰ ਤੇ ਲੁਧਿਆਣਾ ਤੋਂ ਇਕੋ ਵੇਲੇ ਛਪਦੇ ਰਸਾਲੇ 'ਸਾਂਝ'-3 ਵਿਚ ਛਪਿਆ ਹੈ । ਇਸੇ ਲੇਖ ਦਾ ਉਰਦੂ ਤਰਜਮਾ ਕਰਾਚੀ ਦੇ ਰਸਾਲੇ 'ਇਰਤਕਾ-44' ਨੇ ਛਾਪਿਆ ਹੈ । ਹਿੰਦੀ ਵਿਚ ਇਹ ਵੱਖਰੇ ਕਿਤਾਬਚੇ ਦੀ ਸ਼ਕਲ ਵਿਚ ਛਪਿਆ ਹੈ ।)*

## ਭਗਤ ਸਿੰਘ : ਇਕ ਪਰਪੱਕ ਸਿਆਸੀ ਚਿੰਤਕ

**23** ਮਾਰਚ **1931** ਈ. ਨੂੰ ਜਦ **23** ਵਰ੍ਹੇ ਅਤੇ ਕਰੀਬ ਛੇ ਮਹੀਨਿਆਂ ਦੀ ਉਮਰ ਦੇ ਨੌਜਵਾਨ ਭਗਤ ਸਿੰਘ ਨੂੰ ਉਨ੍ਹਾਂ ਦੇ ਹੀ ਹਮਉਮਰ ਸੁਖਦੇਵ ਅਤੇ ਕਰੀਬ ਇਕ ਸਾਲ ਛੋਟੇ ਰਾਜਗੁਰੂ ਨਾਲ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਸੀ ਤਾਂ ਉਸ ਤੋਂ ਕੁਝ ਘੰਟੇ ਪਹਿਲਾਂ ਲਾਹੌਰ ਵਿਚ ਹਜ਼ਾਰਾਂ ਲੋਕਾਂ ਦਾ ਜਲਸਾ ਇਨ੍ਹਾਂ ਨੌਜਵਾਨਾਂ ਦੀ ਫਾਂਸੀ ਰੋਕਣ ਦੀ ਮੰਗ ਲਈ ਹੀ ਹੋ ਰਿਹਾ ਸੀ । ਖ਼ਦਸ਼ਾ ਇਹ ਸੀ ਕਿ ਇਨ੍ਹਾਂ ਦੇਸ਼ਭਗਤ ਨੌਜਵਾਨਾਂ ਨੂੰ **24** ਮਾਰਚ ਨੂੰ ਸਵੇਰੇ ਫਾਂਸੀ ਦਿੱਤੀ ਜਾਵੇਗੀ, ਜਿਵੇਂ ਕਿ ਦੁਨੀਆ ਭਰ ਵਿਚ ਫਾਂਸੀ ਦੇਣ ਦਾ ਰਿਵਾਜ਼ ਹੈ । ਪਰ ਜਲਸਾ ਖ਼ਤਮ ਹੋਣ ਦੇ ਨੇੜੇ ਹੀ ਇਹ ਖ਼ਬਰ ਪਹੁੰਚ ਗਈ ਸੀ ਕਿ ਇਨ੍ਹਾਂ ਨੌਜਵਾਨਾਂ ਨੂੰ ਉਸੇ ਸ਼ਾਮ ਸੱਤ ਵਜੇ ਹੀ ਫਾਂਸੀ ਤੇ ਲਟਕਾ ਦਿੱਤਾ ਗਿਆ ਸੀ । ਸੈਂਕੜੇ ਲੋਕ ਇਕੱਠੇ ਜੇਲ੍ਹ ਵਿਚ ਦੌੜ ਪਏ, ਪਰ ਬਰਤਾਨਵੀ ਬਸਤੀਵਾਦ ਨੇ ਹਰ ਤਾਕਤ ਦਾ ਮੁਕਾਬਲਾ ਕਰਨ ਦੀ ਤਿਆਰੀ ਕਰ ਰੱਖੀ ਸੀ । ਫਾਂਸੀ ਦੇਣ ਤੋਂ ਬਾਅਦ ਇਨ੍ਹਾਂ ਨੌਜਵਾਨਾਂ ਦੀਆਂ ਹਾਲੀਂ ਨਿੱਘੀਆਂ ਲਾਸ਼ਾਂ ਨੂੰ ਟੁਕੜੇ-ਟੁਕੜੇ ਕਰ ਕੇ ਬੋਰਿਆਂ ਵਿਚ ਭਰਿਆ ਗਿਆ ਤੇ ਜੇਲ੍ਹ ਦੇ ਪਿਛਲੇ ਦਰਵਾਜ਼ਿਓਂ ਕੱਢ ਕੇ ਇਕ ਟਰੱਕ ਤੇ ਲੱਦ ਕੇ ਫਿਰੋਜ਼ਪੁਰ ਵੱਲ ਲਿਜਾਇਆ ਗਿਆ । ਲੋਕਾਂ ਨੂੰ ਇਸ ਗੱਲ ਦੀ ਖ਼ਬਰ ਵੀ ਮਿਲ ਗਈ ਅਤੇ ਉਸ ਜ਼ਮਾਨੇ ਵਿਚ ਜਦ ਨਾ ਇੰਨੀਆਂ ਕਾਰਾਂ ਜਾਂ ਹੋਰ ਵਾਹਨ ਸਨ, ਨਾ ਦੇਰ ਰਾਤ ਤਕ ਬੱਸਾਂ-ਰੇਲ ਗੱਡੀਆਂ ਚਲਦੀਆਂ ਸਨ, ਲੋਕੀਂ ਪੈਦਲ ਅਤੇ ਬੈਲਗੱਡੀਆਂ ਲੈ ਕੇ ਲਾਸ਼ਾਂ ਲਿਜਾ ਰਹੇ ਟਰੱਕ ਪਿੱਛੇ ਦੌੜ ਪਏ । ਦੇਰ ਰਾਤ ਫਿਰੋਜ਼ਪੁਰ ਸ਼ਹਿਰ ਤੋਂ ਇਕ ਪੰਡਿਤ ਤੇ ਗ੍ਰੰਥੀ ਨੂੰ ਜ਼ਬਰਦਸਤੀ ਟਰੱਕ ਵਿਚ ਬਿਠਾਇਆ ਗਿਆ, ਕੁਝ ਮਿੱਟੀ ਦੇ ਤੇਲ ਦੇ ਕਨਸਤਰ ਤੇ ਕੁਝ ਲੱਕੜਾਂ ਆਦਿ ਵੀ ਟਰੱਕ ਵਿਚ ਸਿੱਟੀਆਂ ਗਈਆਂ । ਉਸ ਵੇਲੇ ਦੇ ਲਗਭਗ ਉਜਾੜ ਜੰਗਲੀ ਇਲਾਕੇ ਵਿਚ ਲਾਸ਼ਾਂ ਤੇ ਨਾਕਾਫ਼ੀ ਲੱਕੜਾਂ ਤੇ ਮਿੱਟੀ ਦਾ ਤੇਲ ਸੁੱਟ ਕੇ ਜਲਦੀ-ਜਲਦੀ ਅੱਗ ਲਾਈ ਗਈ । ਪਿੱਛਾ ਕਰਦਾ ਲੋਕਾਂ ਦਾ ਹਜੂਮ ਜਿਨ੍ਹਾਂ ਵਿਚ ਭਗਤ ਸਿੰਘ ਦੀ ਛੋਟੀ ਭੈਣ ਬੀਬੀ ਅਮਰ ਕੌਰ ਵੀ ਸ਼ਾਮਲ ਸੀ, ਜਦ ਗੰਡਾ ਸਿੰਘ ਵਾਲਾ ਪਿੰਡ ਨੇੜੇ ਉਜਾੜ ਇਲਾਕੇ ਵਿਚ ਪਹੁੰਚੇ ਤਾਂ ਉਨ੍ਹਾਂ ਨੂੰ ਗਰਮ ਮਿੱਟੀ ਤੇ ਤੇਲ ਦੀ ਬੂਅ ਆਈ । ਹੱਥਾਂ ਨਾਲ ਮਿੱਟੀ ਖੁਰਚਣ ਤੇ ਉਨ੍ਹਾਂ ਵਿਚੋਂ ਅਧ-ਜਲੀਆਂ ਅਸਥੀਆਂ ਤੇ ਮਾਸ ਦੇ ਟੁਕੜੇ ਮਿਲੇ । ਇਸ ਹਜੂਮ ਵਿਚ ਲਾਹੌਰ ਤੋਂ ਇਲਾਵਾ ਫਿਰੋਜ਼ਪੁਰ ਸ਼ਹਿਰ ਦੇ ਲੋਕ ਵੀ ਸ਼ਾਮਲ ਹੋ ਗਏ ਸਨ । ਮਿੱਟੀ ਸਣੀਆਂ ਅੱਧ-ਜਲੀਆਂ ਮਾਸ ਲਿਪਟੀਆਂ ਅਸਥੀਆਂ ਲੈ ਕੇ ਇਹ ਲੋਕਸਮੂਹ **24** ਮਾਰਚ ਦੀ ਸਵੇਰ ਹੁੰਦਿਆਂ ਲਾਹੌਰ ਪਹੁੰਚ ਗਿਆ । ਲਾਹੌਰ ਉਨ੍ਹੀਂ ਦਿਨੀਂ ਹਿੰਦੁਸਤਾਨ ਦੀ ਸਿਆਸਤ ਤੇ ਆਜ਼ਾਦੀ ਦੀ ਲੜਾਈ ਦਾ ਇਕ ਬੜਾ ਵੱਡਾ ਕੇਂਦਰ ਸੀ । ਉਸ ਦਿਨ ਕਾਂਗਰਸ ਪਾਰਟੀ ਦੇ ਹੈਡਕੁਆਰਟਰ ਬਰੈਡਲੇ ਹਾਲ ਵਿਚ

ਇਕੱਤਰ ਲੋਕਸਮੂਹ ਵਿਚ ਭਾਰੀ ਗੁੱਸਾ ਸੀ। ਉਥੋਂ ਇਨ੍ਹਾਂ ਅਸਥੀਆਂ ਨੂੰ ਬਾਇੱਜ਼ਤ ਤਰੀਕੇ ਨਾਲ ਅਰਥੀਆਂ ਵਿਚ ਬਦਲ ਕੇ ਲਾਹੌਰ ਦੇ ਰਾਵੀ ਕੰਢੇ ਲਿਜਾ ਕੇ ਉਥੇ ਹੀ ਅੰਤਿਮ ਸੰਸਕਾਰ ਕੀਤਾ ਗਿਆ, ਜਿਥੇ 17 ਨਵੰਬਰ 1928 ਨੂੰ ਲਾਲਾ ਲਾਜਪਤ ਰਾਇ ਦੀ ਮ੍ਰਿਤੂ ਬਾਅਦ ਕੀਤਾ ਗਿਆ ਸੀ। ਹਜ਼ਾਰਾਂ ਲੋਕਾਂ ਨੇ ਖ਼ੂਨ ਦੇ ਹੰਝੂਆਂ ਸਮੇਤ ਇਨ੍ਹਾਂ ਨੌਜਵਾਨ ਦੇਸ਼ਭਗਤਾਂ ਨੂੰ ਅੰਤਿਮ ਵਿਦਾਈ ਦਿੱਤੀ। 24 ਮਾਰਚ ਨੂੰ ਲਾਹੌਰ ਵਿਚ ਅਤੇ 25 ਮਾਰਚ ਨੂੰ ਦੇਸ਼ ਦੇ ਹੋਰ ਅਨੇਕ ਸ਼ਹਿਰਾਂ ਵਿਚ, ਜਿਥੇ ਇਹ ਦੁਖਦਾਈ ਖ਼ਬਰ ਇਕ ਦਿਨ ਬਾਅਦ ਛਪੀ, ਅਨੇਕ ਘਰਾਂ ਵਿਚ ਚੁੱਲ੍ਹਾ ਨਾ ਬਲਿਆ, ਨਾ ਦੁਕਾਨਾਂ, ਸੰਸਥਾਵਾਂ ਦੇ ਤਾਲੇ ਖੁੱਲ੍ਹੇ, ਰੋਹ ਭਰੇ ਮੁਜ਼ਾਹਰੇ ਜ਼ਰੂਰ ਵੱਡੀ ਗਿਣਤੀ ਵਿਚ ਹੋਏ। ਇਸ ਸਮੇਂ ਤਕ ਜਨਤਾ ਦੇ ਦਿਲ ਵਿਚ ਭਗਤ ਸਿੰਘ ਦੀ ਜੋ ਥਾਂ ਬਣ ਗਈ ਸੀ, ਉਸ ਨੂੰ ਹਿੰਦੁਸਤਾਨ ਵਿਚ ਸਭ ਤੋਂ ਚੰਗੀ ਤਰ੍ਹਾਂ, ਕਾਂਗਰਸ ਪਾਰਟੀ ਦਾ ਇਤਿਹਾਸ ਲਿਖਣ ਵਾਲੇ ਆਗੂ ਪੱਟਾਭਿ ਸੀਤਰਮਾਈਆ ਨੇ ਬਿਆਨ ਕੀਤਾ ਹੈ। ਉਨ੍ਹਾਂ ਅਨੁਸਾਰ ਇਸ ਵੇਲੇ ਜਨਤਾ ਦੇ ਦਿਲ ਵਿਚ ਮਕਬੂਲੀਅਤ ਦੇ ਮਾਮਲੇ ਵਿਚ ਭਗਤ ਸਿੰਘ ਦੀ ਥਾਂ ਮਹਾਤਮਾ ਗਾਂਧੀ ਤੋਂ ਕਿਵੇਂ ਵੀ ਘੱਟ ਨਹੀਂ ਸੀ। ਸ਼ਾਇਦ ਕੁਝ ਅਰਸੇ ਲਈ ਤਾਂ ਮਕਬੂਲੀਅਤ ਦੀ ਪੌੜੀ ਤੇ ਭਗਤ ਸਿੰਘ ਅੱਜ ਦੇ ਮੁਹਾਵਰੇ ਵਿਚ ਪਹਿਲੀ ਪੌੜੀ 'ਤੇ ਵੀ ਰਹੇ। ਹੈਰਾਨਕੁੰਨ ਗੱਲ ਇਹ ਹੈ ਕਿ ਭਗਤ ਸਿੰਘ ਦੀ ਫਾਂਸੀ ਤੋਂ 77 ਵਰ੍ਹੇ ਬਾਅਦ ਹਿੰਦੁਸਤਾਨੀ ਲੋਕਾਂ ਦੀ ਨਿਗਾਹ ਵਿਚ ਸਭ ਤੋਂ ਵੱਧ ਮਕਬੂਲ (ਮਹਾਤਮਾ ਗਾਂਧੀ ਤੇ ਨਹਿਰੂ ਤੋਂ ਵੀ ਵੱਧ) ਕੌਮੀ ਹੀਰੋ ਭਗਤ ਸਿੰਘ ਹੀ ਹੈ—('ਇੰਡੀਆ ਟੂਡੇ' 2008)

ਦਿਲਚਸਪ ਗੱਲ ਇਹ ਹੈ ਕਿ ਭਗਤ ਸਿੰਘ ਦੀ ਉਸ ਸਮੇਂ ਦੀ ਮਕਬੂਲੀਅਤ ਨਿਸ਼ਚੇ ਹੀ ਉਸ ਦੇ ਬੇਖ਼ੌਫ਼, ਦਲੇਰਾਨਾ ਅਤੇ ਦੇਸ਼ਭਗਤੀ ਦੇ ਜਜ਼ਬੇ ਭਰਪੂਰ ਕਾਰਨਾਮਿਆਂ ਕਰ ਕੇ ਹੀ ਬਣੀ ਸੀ। ਇਸ ਵਿਚ ਸਭ ਤੋਂ ਵੱਡਾ ਯੋਗਦਾਨ 8 ਅਪ੍ਰੈਲ 1929 ਨੂੰ ਅਸੈਂਬਲੀ ਬੰਬ ਕਾਂਡ ਵਿਚ ਗ੍ਰਿਫ਼ਤਾਰੀ ਤੋਂ ਬਾਅਦ 23 ਮਾਰਚ 1931 ਅਤੇ ਉਸ ਤੋਂ ਮਗਰੋਂ ਵੀ ਇਨ੍ਹਾਂ ਦੇਸ਼ਭਗਤਾਂ ਦਾ ਨਾਂ ਨਾ ਸਿਰਫ਼ ਦੇਸ਼ ਸਗੋਂ ਬਦੇਸ਼ੀ ਮੀਡੀਆ ਜੋ ਉਨ੍ਹੀਂ ਦਿਨੀਂ ਵਧੇਰੇ ਕਰ ਕੇ ਅਖ਼ਬਾਰਾਂ ਤੇ ਕੁਝ ਹੱਦ ਤਕ ਰੇਡੀਓ ਤਕ ਸੀਮਤ ਸੀ, ਵਿਚ ਛਾਇਆ ਰਿਹਾ ਸੀ। ਇਥੋਂ ਤਕ ਕਿ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਫਾਂਸੀ ਦੀ ਖ਼ਬਰ 23 ਮਾਰਚ 1931 ਨੂੰ ਲਾਹੌਰ ਦੇ 'ਟ੍ਰਿਬਿਊਨ' (ਦੇਸ਼ ਦੇ ਹੋਰ ਅਖ਼ਬਾਰਾਂ ਸਹਿਤ) ਅਤੇ ਲੰਡਨ ਅਤੇ ਨਿਊਯਾਰਕ ਤੋਂ ਪ੍ਰਕਾਸ਼ਿਤ ਕਮਿਊਨਿਸਟ ਅਖ਼ਬਾਰ 'ਡੇਲੀ ਵਰਕਰ' ਵਿਚ ਇਕੋ ਵੇਲੇ ਛਪੀਆਂ। ਦੋ ਦਿਨ ਮਗਰੋਂ 27 ਮਾਰਚ 1931 ਨੂੰ 'ਡੇਲੀ ਵਰਕਰ' ਨੇ ਕਾਨਪੁਰ ਦੇ ਦੁਖਦਾਈ ਫ਼ਿਰਕੂ ਫ਼ਸਾਦਾਂ ਦੀ ਖ਼ਬਰ ਵੀ ਛਾਪੀ।

ਭਗਤ ਸਿੰਘ ਦੀਆਂ ਬਹਾਦਰਾਨਾ ਸਰਗਰਮੀਆਂ ਕਾਰਣ ਜਨਤਾ ਦੇ ਦਿਲ ਵਿਚ ਉਸ ਦੀ ਅਸਾਧਾਰਣ ਹੀਰੋ ਬਣਨ ਦੀ ਗੱਲ ਤਾਂ ਸਮਝ ਵਿਚ ਆਉਂਦੀ ਹੈ, ਪਰ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਸਿਆਸੀ ਰੂਪ ਵਿਚ ਪਰਪੱਕ ਇਨਕਲਾਬੀ ਵਿਚਾਰਵਾਨ ਹੋਣ ਦਾ ਉਸ ਦਾ ਅਕਸ ਬਣਨ ਵਿਚ ਪੰਜ ਦਹਾਕੇ ਕਿਉਂ ਲੱਗੇ? ਕਿਉਂਕਿ ਹੁਣ ਕਲਾਸਿਕ ਮੰਨੇ ਜਾਣ ਵਾਲੇ ਉਸ ਦੇ ਸਿਆਸੀ ਦਸਤਾਵੇਜ਼ ਉਦੋਂ ਵੀ ਹਨੇਰੇ ਵਿਚ ਨਹੀਂ ਸਨ। ਸੈਸ਼ਨ ਕੋਰਟ ਵਿਚ ਹਾਈਕੋਰਟ ਦਾ ਉਨ੍ਹਾਂ ਦਾ ਬਿਆਨ, ਜੋ ਅੱਜ ਸਿਆਸੀ ਵਿਸ਼ਲੇਸ਼ਕਾਂ ਲਈ ਬੇਹੱਦ ਅਹਿਮ ਦਸਤਾਵੇਜ਼ ਹਨ, ਉਦੋਂ ਵੀ ਸਭ ਤੋਂ ਸਾਹਮਣੇ ਸਨ। 'ਟ੍ਰਿਬਿਊਨ' ਵਿਚ 'ਮਾਰਡਨ ਰਿਵੀਊ' ਦੇ ਸੰਪਾਦਕ ਨੂੰ ਸੰਬੋਧਤ ਉਨ੍ਹਾਂ ਦਾ ਖ਼ਤ 'ਵਿਦਿਆਰਥੀਆਂ ਦੇ ਨਾਂ ਉਨ੍ਹਾਂ ਦਾ ਸੰਦੇਸ਼' ਆਦਿ ਵੀ ਉਨ੍ਹਾਂ ਦੇ ਮੁਕੱਦਮੇ ਦੌਰਾਨ ਛਪਦੇ ਰਹਿੰਦੇ ਸਨ। ਫਾਂਸੀ ਤੋਂ ਤੁਰੰਤ ਬਾਅਦ ਲਾਹੌਰ ਦੇ 'ਪੀਪਲ' ਅਖ਼ਬਾਰ ਵਿਚ 'ਨੌਜਵਾਨ ਸਿਆਸੀ ਕਾਰਕੁੰਨਾਂ ਦੇ ਨਾਂ ਖ਼ਤ' ਸੰਖੇਪ ਰੂਪ ਵਿਚ ਮਾਰਚ 1931 ਵਿਚ ਹੀ ਛਪ ਗਿਆ ਸੀ। ਸ਼ਹੀਦ ਹਰੀਕ੍ਰਿਸ਼ਨ ਦੇ ਮੁਕੱਦਮੇ ਸੰਬੰਧੀ ਭਗਤ ਸਿੰਘ ਦਾ ਖ਼ਤ ਜੂਨ 1929 ਦੇ 'ਪੀਪਲ' ਵਿਚ ਅਤੇ ਭਗਤ ਸਿੰਘ ਦਾ ਸਭ ਤੋਂ ਵੱਧ ਚਰਚਿਤ ਲੇਖ 'ਮੈਂ ਨਾਸਤਿਕ ਕਿਉਂ ਹਾਂ' ਵੀ ਆਪਣੇ ਮੂਲ ਰੂਪ ਵਿਚ 'ਪੀਪਲ' ਵਿਚ ਹੀ 27 ਸਤੰਬਰ 1931 ਦੇ ਅੰਕ ਵਿਚ ਛਪ ਚੁੱਕਿਆ ਸੀ। 1934 ਵਿਚ ਹੀ ਇਸ ਦਾ ਤਮਿਲ ਅਨੁਵਾਦ ਵੀ ਕਿਤਾਬਚੇ ਰੂਪ ਵਿਚ ਛਪ ਗਿਆ ਸੀ।

ਭਗਤ ਸਿੰਘ ਨੇ ਜੋ ਕੁਝ ਹਿੰਦੀ ਅਤੇ ਅੰਗਰੇਜ਼ੀ ਵਿਚ ਲਿਖਿਆ, ਉਹ ਕਾਫੀ ਹੱਦ ਤਕ 1947 ਤਕ ਵੀ ਲੋਕਾਂ ਸਾਹਮਣੇ ਸੀ, ਸਿਰਫ਼ ਉਨ੍ਹਾਂ ਦੀ 'ਜੇਲ੍ਹ ਨੋਟਬੁੱਕ' ਹੀ 1994 ਵਿਚ ਪਹਿਲੀ ਵਾਰ ਕਿਤਾਬ ਰੂਪ ਵਿਚ ਸਾਹਮਣੇ ਆਈ, ਜੋ ਲੜੀਵਾਰ 1992 ਤੋਂ ਹੀ ਜੈਪੁਰ ਦੇ ਮੈਗਜ਼ੀਨ 'ਇੰਡੀਅਨ ਬੁੱਕ ਕਰਾਨੀਕਲ' ਵਿਚ ਛਪਣੀ ਸ਼ੁਰੂ ਹੋ ਗਈ ਸੀ। ਇਸ ਦੇ ਹਵਾਲੇ 1971 ਤੋਂ ਰੂਸੀ ਵਿਦਵਾਨਾਂ ਰਾਇਕੋਵ ਤੇ ਮਿਤਰੋਖਿਨ ਆਦਿ ਨੇ ਦੇਣੇ ਸ਼ੁਰੂ ਕਰ ਦਿੱਤੇ ਸਨ। 'ਜੇਲ੍ਹ ਨੋਟਬੁੱਕ' ਦੀ ਇਕ ਕਾਪੀ ਮਾਸਕੋ ਵੀ ਪਹੁੰਚ ਚੁੱਕੀ ਸੀ। ਆਜ਼ਾਦੀ ਤੋਂ ਪਹਿਲਾਂ ਤੇ ਮਗਰੋਂ ਅਜੇ ਘੋਸ਼, ਸ਼ਿਵ ਵਰਮਾ, ਸੋਹਨ ਸਿੰਘ ਜੋਸ਼, ਭਗਵਾਨ ਦਾਸ ਮਾਹੌਰ ਆਦਿ ਭਗਤ ਸਿੰਘ ਦੇ ਨੇੜਲੇ ਸਾਥੀਆਂ ਨੇ ਭਗਤ ਸਿੰਘ ਦੀ ਸ਼ਖ਼ਸੀਅਤ ਅਤੇ ਉਸ ਦੇ ਸਮਾਜਵਾਦੀ ਚਿੰਤਨ ਬਾਰੇ ਵਿਸਥਾਰ ਸਹਿਤ ਲਿਖਿਆ, ਪਰ ਜਦ ਤਕ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮੰਨੇ-ਪ੍ਰਮੰਨੇ ਇਤਿਹਾਸਕਾਰ ਪ੍ਰੋ. ਬਿਪਨ ਚੰਦਰ ਦੀ ਭੂਮਿਕਾ ਸਹਿਤ 'ਮੈਂ ਨਾਸਤਿਕ ਕਿਉਂ ਹਾਂ' ਤੇ 'ਡਰੀਮਲੈਂਡ ਦੀ ਭੂਮਿਕਾ' ਲੇਖਾਂ ਦਾ ਅੱਠਵੇਂ ਦਹਾਕੇ ਵਿਚ ਦੁਬਾਰਾ ਪ੍ਰਕਾਸ਼ਨ ਨਹੀਂ ਹੋਇਆ, ਅਕਾਦਮਿਕ, ਸਮਾਜਕ ਅਤੇ ਸਿਆਸੀ ਖੇਤਰਾਂ ਵਿਚ ਭਗਤ ਸਿੰਘ ਨੂੰ ਗੰਭੀਰ ਸਿਆਸੀ ਵਿਚਾਰਵਾਨ ਦਾ ਦਰਜਾ ਹਾਸਲ ਨਹੀਂ ਹੋਇਆ। ਭਗਤ ਸਿੰਘ ਦੇ ਬਹਾਦਰਾਨਾ ਕਾਰਨਾਮੇ ਹੀ, ਉਸ ਦੇ ਉੱਨੇ ਅਹਿਮ ਇਨਕਲਾਬੀ ਚਿੰਤਨ ਤੋਂ ਕਿਤੇ ਵੱਧ ਲੋਕਾਈ ਦੇ ਦਿਲੋ-ਦਿਮਾਗ਼ ਤੇ ਛਾਏ ਰਹੇ। ਅੱਠਵੇਂ ਦਹਾਕੇ ਤੋਂ ਇਸ ਹਾਲਤ ਵਿਚ ਤਬਦੀਲੀ ਹੋਣੀ ਸ਼ੁਰੂ ਹੋਈ ਅਤੇ ਭਗਤ ਸਿੰਘ ਦੇ ਦਸਤਾਵੇਜ਼ ਵੀ ਯੋਜਨਾਬੱਧ ਤਰੀਕੇ ਨਾਲ ਛਪਣੇ ਸ਼ੁਰੂ ਹੋਏ। ਏਸ ਸੰਬੰਧ ਵਿਚ ਯੁਵਕ ਕੇਂਦਰ, ਜਲੰਧਰ, ਸ਼ਹੀਦ ਭਗਤ ਸਿੰਘ ਦੀ ਭਤੀਜੀ ਵੀਰਿੰਦਰ ਸੰਧੂ, ਮੁਕਤੀ ਪ੍ਰਕਾਸ਼ਨ ਦਿੱਲੀ ਅਮਰਜੀਤ ਚੰਦਨ ਅਤੇ ਭਗਤ ਸਿੰਘ ਦੇ ਭਾਣਜੇ ਜਗਮੋਹਨ ਸਿੰਘ

ਨੇ ਮੁੱਢਲੇ ਯਤਨ ਕੀਤੇ । ਯੁਵਕ ਕੇਂਦਰ ਜਲੰਧਰ ਵਲੋਂ ਪ੍ਰਕਾਸ਼ਤ 'ਕੌਮੀ ਲਹਿਰ' ਮਾਹਵਾਰੀ ਰਸਾਲੇ ਵਿਚ 1971-73 ਦੌਰਾਨ ਭਗਤ ਸਿੰਘ ਦੇ ਕਰੀਬ 18 ਮਹੱਤਵਪੂਰਨ ਦਸਤਾਵੇਜ਼ ਛਪੇ । ਇਸ ਰਸਾਲੇ ਦਾ ਸੰਪਾਦਨ ਮਾਲਵਿੰਦਰਜੀਤ ਸਿੰਘ ਵੜੈਚ ਹੁਰੀਂ ਕਰਦੇ ਸਨ । 1972 ਵਿਚ ਤ੍ਰਿਨੇਤਰ ਜੋਸ਼ੀ, ਮੰਗਲੇਸ਼ ਡਬਰਾਲ, ਸੁਰੇਸ਼ ਸਲਿਲ ਵਲੋਂ ਸੰਪਾਦਤ 'ਮੁਕਤੀ' ਰਸਾਲੇ ਵਿਚ ਭਗਤ ਸਿੰਘ ਦੇ ਅਨੇਕ ਦਸਤਾਵੇਜ਼ ਛਪ ਕੇ ਸਾਹਮਣੇ ਆਏ । 1974 ਵਿਚ ਅਮਰਜੀਤ ਚੰਦਨ ਵਲੋਂ ਸੰਪਾਦਤ ਭਗਤ ਸਿੰਘ ਤੇ ਸਾਥੀਆਂ ਦੀਆਂ 'ਲਿਖਤਾਂ' ਛਪੀਆਂ । 1977 ਵਿਚ ਵੀਰਿੰਦਰ ਸੰਧੂ ਵਲੋਂ ਸੰਪਾਦਤ 'ਮੇਰੇ ਕ੍ਰਾਂਤੀਕਾਰੀ ਸਾਥੀ' ਅਤੇ 'ਪੱਤਰ ਔਰ ਦਸਤਾਵੇਜ਼' ਸਿਰਲੇਖ ਹੇਠ ਭਗਤ ਸਿੰਘ ਦੀਆਂ ਕਾਫੀ ਲਿਖਤਾਂ ਸਾਹਮਣੇ ਆਈਆਂ । ਜਗਮੋਹਨ ਸਿੰਘ ਵਲੋਂ ਸੰਪਾਦਤ 'ਲਿਖਤਾਂ' ਵਿਚ ਪਹਿਲੀ ਵਾਰ ਪੰਜਾਬੀ ਵਿਚ ਛਪੀਆਂ 'ਕਿਰਤੀ' ਦੀਆਂ ਭਗਤ ਸਿੰਘ ਦੀਆਂ ਲਿਖਤਾਂ ਸਾਹਮਣੇ ਆਈਆਂ । 1986 ਵਿਚ ਜਗਮੋਹਨ ਸਿੰਘ ਤੇ ਚਮਨ ਲਾਲ ਵਲੋਂ ਸੰਪਾਦਤ 'ਭਗਤ ਸਿੰਘ ਔਰ ਉਨਕੇ ਸਾਥੀਓਂ ਕੇ ਦਸਤਾਵੇਜ਼' ਵਿਚ ਪਹਿਲੀ ਵਾਰ 70 ਤੋਂ ਵੱਧ ਦਸਤਾਵੇਜ਼ ਛਪੇ, ਜਿਨ੍ਹਾਂ ਵਿਚ ਪੰਜਾਬੀ, ਉਰਦੂ (ਹਿੰਦੀ) ਅੰਗਰੇਜ਼ੀ ਵਿਚ ਲਿਖੇ ਦਸਤਾਵੇਜ਼ ਸ਼ਾਮਲ ਹਨ । ਇਨ੍ਹਾਂ ਦਸਤਾਵੇਜ਼ਾਂ ਵਿਚ 'ਮਜ਼ਹਬ ਅਤੇ ਸਾਡੀ ਆਜ਼ਾਦੀ ਦੀ ਜੰਗ', 'ਫ਼ਿਰਕੂ ਫਸਾਦ ਤੇ ਉਨ੍ਹਾਂ ਦਾ ਇਲਾਜ' ਅਤੇ 'ਅਛੂਤ ਸਮੱਸਿਆ' ਵਰਗੇ ਹੁਣ ਬਹੁ-ਚਰਚਿਤ, ਬਹੁ-ਪ੍ਰਕਾਸ਼ਤ ਤੇ ਕਲਾਸਿਕ ਬਣ ਚੁੱਕੇ ਦਸਤਾਵੇਜ਼ ਪਹਿਲੀ ਵਾਰ ਸ਼ਾਮਲ ਹੋਏ । ਏਨ੍ਹਾਂ ਲੇਖਾਂ ਦੇ ਛਪਣ ਬਾਅਦ ਹਿੰਦੁਸਤਾਨੀ ਜਨਤਾ ਦੇ ਬੜੇ ਵੱਡੇ ਲੋਕ-ਸਮੂਹ ਦਲਿਤ ਭਾਈਚਾਰੇ ਨੇ ਵੀ ਡਾ. ਅੰਬੇਡਕਰ ਤੋਂ ਮਗਰੋਂ ਜੇ ਕਿਸੇ ਨੂੰ ਆਪਣਾ ਹੀਰੋ ਮੰਨਿਆ ਹੈ ਤਾਂ ਉਹ ਭਗਤ ਸਿੰਘ ਹੀ ਹੈ । ਇਥੇ ਇਹ ਜਾਨਣਾ ਵੀ ਦਿਲਚਸਪ ਹੈ ਕਿ ਭਗਤ ਸਿੰਘ ਦਾ ਲੇਖ 'ਮੈਂ ਨਾਸਤਿਕ ਕਿਉਂ ਹਾਂ' ਦਾ ਸਭ ਤੋਂ ਪਹਿਲਾਂ ਪੀ. ਜੀਵਾਨੰਦਮ ਨੇ ਤਮਿਲ ਅਨੁਵਾਦ ਕੀਤਾ, ਜਿਸ ਨੂੰ ਪੇਰੀਆਰ ਈ. ਵੀ. ਰਾਮਾਸਵਾਮੀ ਨਾਇਕਰ ਨੇ ਆਪਣੀ ਮੈਗਜ਼ੀਨ 'ਕੁਡਈ ਆਰਸੂ' ਵਿਚ 1934 ਵਿਚ ਛਾਪਿਆ, ਜਿਸ ਦੇ ਤਮਿਲ ਵਿਚ ਕਿਤਾਬਚੇ ਰੂਪ ਵਿਚ ਹੁਣ ਤਕ 25 ਤੋਂ ਵੱਧ ਐਡੀਸ਼ਨ ਛਪ ਚੁੱਕੇ ਹਨ । ਅੱਜ ਵੀ ਇਹ ਕਿਤਾਬਚਾ ਦ੍ਰਵਿੜ ਕੜਗਮ ਵਲੋਂ ਸਥਾਪਤ ਸੰਸਥਾ ਤੋਂ ਲਗਾਤਾਰ ਛਪ ਰਿਹਾ ਹੈ । ਪੇਰੀਆਰ ਨੇ ਭਗਤ ਸਿੰਘ ਦੀ ਸ਼ਹਾਦਤ ਤੇ ਮਾਰਚ 1931 ਵਿਚ ਹੀ ਆਪਣੀ ਪੱਤਰਕਾ 'ਕੁਡਈ ਆਰਸੂ' ਵਿਚ ਸੰਪਾਦਕੀ ਵੀ ਲਿਖਿਆ । ਪੇਰੀਆਰ ਨੇ ਭਗਤ ਸਿੰਘ ਬਾਰੇ ਕਿਹਾ ਕਿ "ਸਾਡੀ ਜਾਣਕਾਰੀ ਅਨੁਸਾਰ ਭਗਤ ਸਿੰਘ ਦੇ ਅਸੂਲ ਸਮਾਜਵਾਦ ਅਤੇ ਸਾਮਵਾਦ ਦੀ ਨੁਮਾਇੰਦਗੀ ਕਰਦੇ ਸਨ । ਉਹ ਸੱਚਾ ਆਦਮੀ ਸੀ । ਸਾਡਾ ਇਹ ਦ੍ਰਿੜ ਮਤ ਹੈ ਕਿ ਹਿੰਦੁਸਤਾਨ ਲਈ ਸਿਰਫ਼ ਭਗਤ ਸਿੰਘ ਦੇ ਸਿਧਾਂਤ ਹੀ ਲੋੜੀਂਦੇ ਹਨ ।" (ਦੀ ਮਾਡਰਨ ਰੈਸ਼ਨਲਿਸਟ' ਚੇਨੱਈ, ਨਵੰਬਰ 2006, ਸਫ਼ਾ 30)

'ਡੇਲੀ ਵਰਕਰ' ਨੇ ਭਗਤ ਸਿੰਘ ਸੰਬੰਧੀ ਖ਼ਬਰ ਦੀ ਸੁਰਖੀ ਬਣਾਈ "ਲੇਬਰ ਸਰਕਾਰ ਨੇ 3 ਹਿੰਦੁਸਤਾਨੀ ਬਾਗੀਆਂ ਨੂੰ ਫਾਂਸੀ ਦਿੱਤੀ"—ਬਰਤਾਨਵੀ ਸਾਮਰਾਜਵਾਦ ਨੇ ਇਨਕਲਾਬੀਆਂ ਨੂੰ ਝੂਠੇ ਮੁਕੱਦਮੇ ਵਿਚ ਫਸਾਇਆ, ਅਖ਼ਬਾਰ ਨੇ ਖ਼ਬਰ ਵਿਚ ਲਿਖਿਆ ਕਿ "ਲੇਬਰ ਸਰਕਾਰ ਦੇ ਹੁਕਮ ਤੇ ਜਾਣ-ਬੁੱਝ ਕੇ ਘੜੇ ਗਏ ਸਿਆਸੀ ਮੁਕੱਦਮੇ ਵਿਚ ਤਿੰਨ ਹਿੰਦੁਸਤਾਨੀਆਂ ਨੂੰ ਫਾਂਸੀ ਦੇਣ ਤੋਂ ਜ਼ਾਹਰ ਹੈ ਕਿ ਹਿੰਦੁਸਤਾਨ ਵਿਚ ਬਰਤਾਨਵੀ ਸਾਮਰਾਜਵਾਦ ਨੂੰ ਬਚਾਉਣ ਲਈ ਮੈਕਡੋਨਾਲਡ ਹਕੂਮਤ ਕਿਸ ਹੱਦ ਤਕ ਜਾ ਸਕਦੀ ਹੈ । ਮੈਕਡੋਨਾਲਡ ਸਰਕਾਰ, ਜਿਹੜੀ ਸੋਵੀਅਤ ਯੂਨੀਅਨ ਵਿਚ ਉਲਟ ਇਨਕਲਾਬੀ ਮੈਨਸ਼ਵਿਕਾਂ ਦੇ ਮੁਕੱਦਮੇ ਤੇ ਮਗਰਮੱਛੀ ਹੰਝੂ ਵਹਾਉਂਦੀ ਹੈ । ਹਾਲਾਂਕਿ ਉਨ੍ਹਾਂ ਨੇ ਸੋਵੀਅਤ ਯੂਨੀਅਨ ਵਿਚ ਮਜ਼ਦੂਰਾਂ ਅਤੇ ਕਿਰਸਾਨਾਂ ਖ਼ਿਲਾਫ਼ ਯੁੱਧ ਦੀ ਸਾਜ਼ਸ਼ ਰਚੀ ਅਤੇ ਉਨ੍ਹਾਂ ਨਾਲ ਸ਼ਾਨਦਾਰ ਵਤੀਰਾ ਰੱਖਿਆ ਗਿਆ, ਜਾਣ-ਬੁੱਝ ਕੇ ਹਿੰਦੁਸਤਾਨੀ ਇਨਕਲਾਬੀਆਂ ਤੇ ਸਭ ਤੋਂ ਵੱਧ ਜ਼ਾਲਮ ਤਸ਼ੱਦਦ ਦਾ ਇਸਤੇਮਾਲ ਕਰਦੀ ਹੈ ।"

ਫਾਂਸੀ ਤੋਂ ਤਿੰਨ ਦਿਨ ਪਹਿਲਾਂ 20 ਮਾਰਚ ਨੂੰ ਦਿੱਲੀ ਵਿਚ ਹੋਏ ਇਕ ਬੜੇ ਵੱਡੇ ਜਲਸੇ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਕਿਹਾ ਸੀ, "ਭਗਤ ਸਿੰਘ ਅੱਜ ਇਕ ਵਿਅਕਤੀ ਨਹੀਂ, ਸਗੋਂ ਇਕ ਪ੍ਰਤੀਕ ਹੈ । ਇਹ ਪ੍ਰਤੀਕ ਬਗਾਵਤ ਦੀ ਰੂਹ ਨੂੰ ਦਰਸਾਉਂਦਾ ਹੈ, ਜਿਸ ਨੇ ਪੂਰੇ ਮੁਲਕ ਨੂੰ ਆਪਣੇ ਵੱਸ ਵਿਚ ਕਰ ਲਿਆ ਹੈ ।"

ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਸੱਦੇ ਗਏ ਇਸ ਜਲਸੇ ਨੂੰ ਰੁਕਵਾਉਣ ਲਈ, ਗ੍ਰਹਿ ਸਕੱਤਰ ਭਾਰਤ ਸਰਕਾਰ ਨੇ ਉਸੇ ਸਵੇਰੇ ਮਹਾਤਮਾ ਗਾਂਧੀ ਨੂੰ ਖ਼ਤ ਲਿਖ ਕੇ ਸਹਿਯੋਗ ਕਰਨ ਦੀ ਗੁਜ਼ਾਰਸ਼ ਕੀਤੀ ਸੀ ਤਾਂ ਕਿ ਏਸ ਜਲਸੇ ਨੂੰ ਰੋਕਿਆ ਜਾ ਸਕੇ । ਪਰ ਸੁਭਾਸ਼ ਚੰਦਰ ਬੋਸ ਨੇ ਇਹ ਜਲਸਾ ਕਾਮਯਾਬੀ ਨਾਲ ਕੀਤਾ ਅਤੇ ਲੋਕ-ਰੋਹ ਨੂੰ ਪ੍ਰਗਟ ਕੀਤਾ ।

ਮਹਾਤਮਾ ਗਾਂਧੀ ਨੇ 24 ਮਾਰਚ ਨੂੰ 'ਹਿੰਦੁਸਤਾਨ ਟਾਈਮਜ਼' ਲਈ ਇਕ ਬਿਆਨ ਜਾਰੀ ਕਰ ਕੇ ਕਿਹਾ, "ਭਗਤ ਸਿੰਘ ਅਤੇ ਉਸ ਦੇ ਸਾਥੀ ਅਮਰ ਸ਼ਹੀਦ ਬਣ ਗਏ ਹਨ । ਉਨ੍ਹਾਂ ਦੀ ਮ੍ਰਿਤੂ ਨਾਲ ਅੱਜ ਲੱਖਾਂ ਲੋਕ ਦੁਖੀ ਹਨ । ਮੈਂ ਇਨ੍ਹਾਂ ਨੌਜਵਾਨ ਦੇਸ਼ਭਗਤ ਨੌਜਵਾਨਾਂ ਦੀ ਲਗਨ ਦੀ ਭਰਪੂਰ ਸ਼ਲਾਘਾ ਕਰਦਾ ਹਾਂ, ਪਰ ਮੈਂ ਮੁਲਕ ਦੇ ਨੌਜਵਾਨਾਂ ਨੂੰ ਚੇਤਾਵਨੀ ਦਿੰਦਾ ਹਾਂ ਕਿ ਉਹ ਉਨ੍ਹਾਂ ਦੇ ਰਾਹ 'ਤੇ ਨਾ ਚਲਣ ।" ('ਭਵਿੱਸ਼ਜ' ਅਲਾਹਾਬਾਦ)

ਜਵਾਹਰ ਲਾਲ ਨਹਿਰੂ ਨੇ ਵੀ 24 ਮਾਰਚ ਨੂੰ ਬਿਆਨ ਦੇ ਕੇ ਕਿਹਾ, "ਜਦ ਇੰਗਲੈਂਡ ਸਾਡੇ ਨਾਲ ਸਮਝੌਤੇ ਦਾ ਮਸੌਦਾ ਰੱਖੇਗਾ ਤਾਂ ਉਸ ਵੇਲੇ ਉਸ ਦੇ ਅਤੇ ਸਾਡੇ ਵਿਚਕਾਰ ਭਗਤ ਸਿੰਘ ਦੀ ਲਾਸ਼ ਉਦੋਂ ਤਕ ਰਹੇਗੀ, ਜਦ ਤਕ ਅਸੀਂ ਉਸ ਨੂੰ ਭੁਲਾ ਨਾ ਦੇਈਏ ।" (ਉਹੀ)

ਮੁਹੰਮਦ ਅਲੀ ਜਿਨਾਹ ਨੇ ਕੇਂਦਰੀ ਅਸੈਂਬਲੀ ਵਿਚ 12 ਅਤੇ 14 ਸਤੰਬਰ ਨੂੰ ਜਿਸ ਤਰ੍ਹਾਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਤਿਆਗ ਅਤੇ ਦੇਸ਼ਭਗਤੀ ਦੀ ਸ਼ਲਾਘਾ ਕੀਤੀ ਸੀ, ਉਹ ਏ. ਜੀ. ਨੂਰਾਨੀ ਦੀ ਪ੍ਰਸਿੱਧ ਕਿਤਾਬ

'ਭਗਤ ਸਿੰਘ ਕਾ ਮੁਕੱਦਮਾ' (ਓ.ਯੂ.ਪੀ. 2005) ਵਿਚ ਦਰਜ ਹੈ। 'ਡੇਲੀ ਵਰਕਰ' ਦੀ ਹੀ ਤਰਜ਼ 'ਤੇ ਹਿੰਦੁਸਤਾਨ ਦੇ ਇਕੋ ਇਕ ਅੰਗਰੇਜ਼ੀ ਅਖ਼ਬਾਰ 'ਸਵਰਾਜਯ' ਨੇ ਉਦੋਂ ਲਿਖਿਆ ਸੀ—"ਸਿਆਸੀ ਨੁਕਤਾ-ਨਿਗਾਹ ਤੋਂ ਏਸ ਤੋਂ ਵੱਧ ਸ਼ੈਤਾਨੀ ਕੰਮ ਦੀ ਯੋਜਨਾ ਨਹੀਂ ਕੀਤੀ ਜਾ ਸਕਦੀ।"

(ਉਹੀ, 'ਭਵਿੱਸ਼ਜ' ਅਲਾਹਾਬਾਦ)

ਸਪੱਸ਼ਟ ਹੈ ਕਿ ਬਰਤਾਨਵੀ ਬਸਤੀਵਾਦੀ ਨੂੰ ਉਸ ਸਮੇਂ ਹਿੰਦੁਸਤਾਨ ਵਿਚ ਸਭ ਤੋਂ ਵੱਧ ਖ਼ਤਰਾ ਭਗਤ ਸਿੰਘ ਦੀ ਮੌਜੂਦਗੀ ਤੋਂ ਸੀ, ਜੋ ਇਕ ਕਾਬਲ ਜਥੇਬੰਦਕ ਮਾਹਿਰ ਸਨ, ਨਾਲ ਹੀ ਬੜੀ ਤੇਜ਼ੀ ਨਾਲ ਉਨ੍ਹਾਂ ਦੀ ਸਿਆਸੀ ਸੂਝ ਵਿਕਸਿਤ ਹੋ ਕੇ ਵਧੇਰੇ ਤਿੱਖੀ ਹੋ ਰਹੀ ਸੀ। 1917 ਦੀ ਰੂਸ ਦੇ ਬੋਲਸ਼ਵਿਕ ਇਨਕਲਾਬ ਤੋਂ ਬਾਅਦ ਦੁਨੀਆ ਭਰ ਦੇ ਸਾਮਰਾਜਵਾਦੀ ਮੁਲਕ ਆਪਣੇ ਖ਼ਾਤਮੇ ਨੂੰ ਨੇੜੇ ਆਉਂਦਾ ਵੇਖ ਕੇ ਦਹਿਸ਼ਤਜ਼ਦਾ ਸਨ ਅਤੇ ਹਥਿਆਰਾਂ ਦੀ ਤਾਕਤ ਨਾਲ ਇਨਕਲਾਬੀ ਕੋਸ਼ਿਸ਼ਾਂ ਨੂੰ ਦਬਾ ਦੇਣਾ ਚਾਹੁੰਦੇ ਸਨ।

ਭਗਤ ਸਿੰਘ ਵੀ ਬਰਤਾਨਵੀ ਬਸਤੀਵਾਦ ਦੀ ਏਸ ਕੁਟਿਲ ਨੀਤੀ ਤੋਂ ਵਾਕਫ਼ ਸਨ ਅਤੇ ਉਹ ਜ਼ਿੰਦਗੀ ਦੇ ਬਾਕੀ ਬਚੇ ਵਕਤ ਦਾ ਇਸਤੇਮਾਲ ਏਸ ਕੁਟਿਲ ਨੀਤੀ ਨੂੰ ਸਿੱਕੇ-ਬੰਦ ਰੂਪ ਵਿਚ ਉਘਾੜਨ ਵਿਚ ਇਸਤੇਮਾਲ ਕਰਨਾ ਚਾਹੁੰਦੇ ਸਨ। ਨਾਲ ਹੀ 1926 ਦੇ ਨੇੜੇ-ਤੇੜੇ ਉਨ੍ਹਾਂ ਦੇ ਦਿਲ ਵਿਚ ਸੋਵੀਅਤ ਯੂਨੀਅਨ ਦੇ ਇਨਕਲਾਬ ਪ੍ਰਤੀ ਇਕ ਅਜਿਹੀ ਤਿੱਖੀ ਖਿੱਚ ਪੈਦਾ ਹੋਈ ਕਿ ਉਹ ਇਸ ਇਨਕਲਾਬ ਦੀ ਵਿਚਾਰਧਾਰਾ ਅਤੇ ਪ੍ਰਕ੍ਰਿਆ ਨੂੰ ਡੂੰਘਾਈ ਨਾਲ ਸਮਝਣਾ ਚਾਹੁੰਦੇ ਸਨ ਅਤੇ ਉਸ ਨੂੰ ਹਿੰਦੁਸਤਾਨ ਵਿਚ ਵੀ ਲਾਗੂ ਕਰਨਾ ਚਾਹੁੰਦੇ ਸਨ। 1926 ਵਿਚ ਉਨ੍ਹਾਂ ਵਲੋਂ ਸਥਾਪਤ 'ਨੌਜਵਾਨ ਭਾਰਤ ਸਭਾ' ਲਾਹੌਰ ਸਟੂਡੈਂਟਸ ਯੂਨੀਅਨ, ਇਥੋਂ ਤਕ ਕਿ 'ਬਾਲ ਭਾਰਤ ਸਭਾ' ਅਤੇ 'ਬਾਲ ਸਟੂਡੈਂਟਸ ਯੂਨੀਅਨ' ਆਦਿ ਜਥੇਬੰਦੀਆਂ ਦਾ ਨਿਰਮਾਣ ਵੀ ਏਸ ਪ੍ਰਕ੍ਰਿਆ ਨੂੰ ਸਮਝਣ ਦੀ ਕੜੀ ਵਜੋਂ ਹੀ ਸੀ। ਲਾਲਾ ਲਾਜਪਤ ਰਾਇ ਵਲੋਂ ਲਾਹੌਰ ਵਿਚ ਕਾਇਮ ਕੀਤੀ ਦਵਾਰਕਾਦਾਸ ਲਾਇਬ੍ਰੇਰੀ ਇਸ ਮਕਸਦ ਦੀ ਪ੍ਰਾਪਤੀ ਲਈ ਉਨ੍ਹਾਂ ਦੀ ਮਦਦਗਾਰ ਸੀ। ਇਥੇ ਸੋਵੀਅਤ ਯੂਨੀਅਨ ਅਤੇ ਇੰਗਲੈਂਡ ਆਦਿ ਮੁਲਕਾਂ ਤੋਂ ਮਾਰਕਸਵਾਦ, ਲੈਨਿਨਵਾਦ ਤੇ ਕਾਫ਼ੀ ਕਿਤਾਬਾਂ ਪਹੁੰਚ ਰਹੀਆਂ ਸਨ ਅਤੇ ਭਗਤ ਸਿੰਘ ਬੜੀ ਸ਼ਿੱਦਤ ਨਾਲ ਉਨ੍ਹਾਂ ਦਾ ਮੁਤਾਅਲਾ ਕਰ ਰਹੇ ਸਨ। 1928 ਤਕ ਆਉਂਦੇ-ਆਉਂਦੇ ਗ਼ਦਰ ਪਾਰਟੀ ਦੇ ਕਮਿਊਨਿਸਟ ਗਰੁੱਪ ਵੱਲੋਂ ਸ਼ੁਰੂ ਕੀਤੇ 'ਕਿਰਤੀ' ਮੈਗ਼ਜ਼ੀਨ ਨਾਲ ਉਹ ਪੂਰੀ ਤਰ੍ਹਾਂ ਜੁੜ ਚੁੱਕੇ ਸਨ ਅਤੇ ਏਸ ਮੈਗ਼ਜ਼ੀਨ ਵਿਚ ਉਨ੍ਹਾਂ ਲਗਾਤਾਰ ਲਿਖਿਆ ਵੀ। ਭਗਤ ਸਿੰਘ ਦੀ ਸਿਆਸੀ ਸ਼ਖ਼ਸੀਅਤ ਨੂੰ ਸਮਝਣ ਲਈ ਗ਼ਦਰ ਪਾਰਟੀ ਅਤੇ 'ਕਿਰਤੀ' ਮੈਗ਼ਜ਼ੀਨ ਨਾਲ ਉਨ੍ਹਾਂ ਦਾ ਨਜ਼ਦੀਕੀ ਰਿਸ਼ਤਾ ਸਮਝਣਾ ਇਕ ਪੱਧਰ 'ਤੇ ਜ਼ਰੂਰੀ ਹੈ ਅਤੇ ਦੂਜੀ ਪੱਧਰ 'ਤੇ 1924-25 ਦੌਰਾਨ ਕੁਝ ਮਹੀਨੇ ਕਾਨਪੁਰ ਰਹਿਣ ਦੌਰਾਨ ਮੁਜ਼ੱਫ਼ਰ ਅਹਿਮਦ, ਸਤਿਆਭਗਤ, ਰਾਧਾਮੋਹਨ ਗੋਕੁਲ ਜੀ, ਸ਼ੌਕਤ ਉਸਮਾਨੀ ਆਦਿ ਕਮਿਊਨਿਸਟ ਕਾਰਕੁੰਨਾਂ ਨਾਲ ਉਨ੍ਹਾਂ ਦਾ ਸੰਪਰਕ ਸਮਝਣਾ ਜ਼ਰੂਰੀ ਹੈ। ਇਹ ਸੰਪਰਕ ਜੋ ਗਣੇਸ਼ ਸ਼ੰਕਰ ਵਿਦਿਆਰਥੀ ਜ਼ਰੀਏ ਕਾਇਮ ਹੋਇਆ, ਵਿਚਾਰ-ਧਾਰਾਈ ਆਦਾਨ-ਪ੍ਰਦਾਨ ਕਰਕੇ ਆਪਣੀ ਸ਼ਖ਼ਸੀਅਤ ਦਾ ਵਿਕਾਸ ਕਰਨਾ ਭਗਤ ਸਿੰਘ ਦੀ ਰੋਜ਼ਾਨਾ ਕਾਰਗੁਜ਼ਾਰੀ ਦਾ ਹਿੱਸਾ ਸੀ।

8-9 ਸਤੰਬਰ 1928 ਨੂੰ ਦਿੱਲੀ ਦੇ ਫ਼ਿਰੋਜ਼ਸ਼ਾਹ ਕੋਟਲਾ ਮੈਦਾਨ ਵਿਚ ਐਚ. ਐਸ. ਆਰ. ਏ. ਵਿਚ ਐਸ ਯਾਨੀ 'ਸੋਸ਼ਲਿਸਟ' ਲਫ਼ਜ਼ ਦਾ ਸ਼ਾਮਲ ਹੋਣਾ, ਉਨ੍ਹਾਂ ਦੀ ਲਹਿਰ ਅੰਦਰ ਆਈ ਗੁਣਾਤਮਕ ਤਬਦੀਲੀ ਦਾ ਪ੍ਰਤੀਕ ਸੀ। ਉਸ ਸਮੇਂ ਤਕ ਇਨਕਲਾਬੀ ਲਹਿਰ ਵਿਚ ਮਾਰਕਸਵਾਦੀ ਫ਼ਲਸਫ਼ੇ ਦਾ ਅਸਰ ਦਾਖ਼ਲ ਹੋ ਚੁੱਕਿਆ ਸੀ ਅਤੇ ਭਗਤ ਸਿੰਘ ਏਸ ਫ਼ਲਸਫ਼ੇ ਨੂੰ ਆਪਣੇ ਅੰਦਰ ਜਜ਼ਬ ਕਰਨ ਵਾਲੇ ਸਭ ਤੋਂ ਪਹਿਲੇ ਇਨਕਲਾਬੀਆਂ ਵਿਚੋਂ ਸਨ। ਉਹ ਆਪਣੇ ਹੋਰ ਸਾਥੀਆਂ ਨੂੰ ਵੀ ਏਸ ਫ਼ਲਸਫ਼ੇ ਨਾਲ ਵਾਬਸਤਾ ਕਰ ਰਹੇ ਸਨ। ਉਨ੍ਹਾਂ ਦੇ ਨਾਲ ਏਸ ਫ਼ਲਸਫ਼ੇ ਦੇ ਅਸਰ ਨੂੰ ਕਬੂਲਣ ਵਾਲੇ ਸਾਥੀਆਂ ਵਿਚ ਭਗਵਤੀਚਰਣ ਵੋਹਰਾ, ਵਿਜੈ ਕੁਮਾਰ ਸਿਨਹਾ, ਸ਼ਿਵ ਵਰਮਾ, ਸੁਖਦੇਵ, ਅਜੈ ਘੋਸ਼ ਆਦਿ ਸ਼ਾਮਲ ਸਨ। ਚੰਦਰਸ਼ੇਖਰ ਆਜ਼ਾਦ ਖ਼ੁਦ ਅੰਗਰੇਜ਼ੀ ਨਹੀਂ ਜਾਣਦੇ ਸਨ ਪਰ ਸਮਾਜਵਾਦ ਦੇ ਸੰਕਲਪ ਨੂੰ ਜਜ਼ਬ ਕਰਨ ਦੀ ਉਨ੍ਹਾਂ ਵਿਚ ਵੀ ਬੜੀ ਤਲਬ ਸੀ। ਭਗਤ ਸਿੰਘ ਤੇ ਉਂਜ ਵੀ ਉਨ੍ਹਾਂ ਦਾ ਅਟੁੱਟ ਯਕੀਨ ਸੀ। ਇਸ ਲਈ 8-9 ਸਤੰਬਰ ਦੀ ਦਿੱਲੀ ਮੀਟਿੰਗ ਵਿਚ ਹਾਜ਼ਰ ਨਾ ਹੋ ਸਕਦਿਆਂ ਵੀ ਉਨ੍ਹਾਂ ਭਗਤ ਸਿੰਘ ਵਲੋਂ ਇਨਕਲਾਬੀ ਜਥੇਬੰਦੀ ਐਚ. ਐਸ. ਆਰ. ਦੇ ਪ੍ਰੋਗਰਾਮ ਵਿਚ 'ਸਮਾਜਵਾਦੀ' ਲਫ਼ਜ਼ ਨੂੰ ਸ਼ਾਮਲ ਕਰਨ ਦੀ ਅਗਾਊਂ ਸਹਿਮਤੀ ਦੇ ਦਿੱਤੀ ਸੀ। 'ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ' ਦੇ ਰੂਪ ਵਿਚ ਢਾਲ ਲਿਆ ਤਾਂ ਜਥੇਬੰਦੀ ਨੇ ਤੇਜ਼ੀ ਨਾਲ ਉਸ ਦਿਸ਼ਾ ਵਲ ਕਦਮ ਚੁੱਕਣੇ ਸ਼ੁਰੂ ਕੀਤੇ। ਪਰ ਅਕਤੂਬਰ 1928 ਵਿਚ 'ਸਾਈਮਨ ਕਮਿਸ਼ਨ' ਦੇ ਹਿੰਦੁਸਤਾਨ ਆਉਣ ਤੇ ਲਾਹੌਰ ਵਿਚ 30 ਅਕਤੂਬਰ ਨੂੰ ਲਾਲਾ ਲਾਜਪਤ ਰਾਇ ਦੀ ਅਗਵਾਈ ਵਿਚ ਨਿਕਲੇ ਰੋਸ-ਜਲੂਸ ਤੇ ਬਰਤਾਨਵੀ ਪੁਲਿਸ ਦੇ ਜ਼ਾਲਮਾਨਾ ਲਾਠੀਚਾਰਜ ਨੇ ਲਾਲਾ ਲਾਜਪਤ ਰਾਇ ਦੀ ਜਾਨ ਲੈ ਲਈ ਤਾਂ ਇਸ ਨੇ ਜਥੇਬੰਦੀ ਅਤੇ ਭਗਤ ਸਿੰਘ ਦੇ ਰਾਹ ਨੂੰ ਇਕੋ ਦਿਸ਼ਾ ਵੱਲ ਬੰਨ੍ਹ ਦਿੱਤਾ। ਲਾਲਾ ਲਾਜਪਤ ਰਾਇ ਦੀ ਸ਼ਹਾਦਤ ਨੂੰ 'ਕੌਮੀ ਵਕਾਰ' 'ਤੇ ਹਮਲਾ ਮੰਨ ਕੇ ਸਾਂਡਰਸ ਨੂੰ ਕਤਲ ਕਰ ਕੇ ਉਸ ਦਾ ਬਦਲਾ ਲੈਣਾ ਅਤੇ ਕੁਝ ਹੀ ਮਹੀਨੇ ਬਾਅਦ ਕੇਂਦਰੀ ਅਸੈਂਬਲੀ ਵਿਚ 'ਪਬਲਿਕ ਸੇਫ਼ਟੀ ਬਿਲ' ਅਤੇ 'ਟਰੇਡ ਡਿਸਪਿਊਟਸ ਬਿਲ' ਦੇ ਪ੍ਰਤੀ ਲੋਕ-ਰੋਹ ਦੇ ਪ੍ਰਗਟਾਵੇ ਲਈ ਬੰਬ ਧਮਾਕੇ ਬਾਅਦ ਭਗਤ ਸਿੰਘ ਦਾ ਗ੍ਰਿਫ਼ਤਾਰੀ ਦੇਣਾ—ਇਨ੍ਹਾਂ ਦੋ ਘਟਨਾਵਾਂ ਨੇ ਭਗਤ ਸਿੰਘ ਦੇ ਅਗਾਂਹ ਵਧ ਚੁੱਕੇ ਸਿਆਸੀ ਚਿੰਤਨ ਨੂੰ ਅਮਲ ਵਿਚ ਲਿਆਉਣ ਦਾ ਸਮਾਂ ਦੋ ਵਰ੍ਹਿਆਂ ਤਕ ਹੀ ਸੀਮਤ ਕਰ ਦਿੱਤਾ।

ਭਗਤ ਸਿੰਘ ਦਾ ਲੇਖਨ ਤਾਂ 16-17 ਵਰ੍ਹਿਆਂ ਦੀ ਉਮਰ ਤੋਂ ਹੀ ਸ਼ੁਰੂ ਹੋ ਚੁੱਕਿਆ ਸੀ। ਘਰ ਵਿਚ ਉਨ੍ਹਾਂ ਪੰਜਾਬੀ ਸਿੱਖੀ ਤਾਂ ਸਕੂਲ ਵਿਚ ਦਾਦਾ ਜੀ ਦੀ ਇੱਛਾ ਮੁਤਾਬਕ ਸੰਸਕ੍ਰਿਤ, ਹਿੰਦੀ ਤੇ ਉਰਦੂ ਦਾ ਗਿਆਨ ਹਾਸਲ

ਕੀਤਾ। ਅੰਗਰੇਜ਼ੀ ਦਾ ਗਿਆਨ ਨੈਸ਼ਨਲ ਕਾਲਜ ਅਤੇ ਬਾਅਦ ਵਿਚ ਸਵੈ-ਅਧਿਐਨ ਰਾਹੀਂ ਹਾਸਲ ਹੋਇਆ। ਬੰਗਾਲੀ ਵੀ ਉਨ੍ਹਾਂ ਸਾਥੀਆਂ ਤੋਂ ਸਿੱਖ ਲਈ ਸੀ। ਪੰਜ-ਛੇ ਜ਼ਬਾਨਾਂ ਦਾ ਮਾਹਿਰ ਭਗਤ ਸਿੰਘ ਦਾ ਸਭ ਤੋਂ ਵੱਧ ਲੇਖਨ ਹਿੰਦੀ ਵਿਚ, ਉਸ ਤੋਂ ਬਾਅਦ ਪੰਜਾਬੀ, ਅੰਗਰੇਜ਼ੀ ਤੇ ਉਰਦੂ ਵਿਚ ਹੋਇਆ। ਪਰਿਵਾਰ ਨੂੰ ਵਧੇਰੇ ਖ਼ਤ ਉਰਦੂ ਵਿਚ ਹੀ ਲਿਖੇ।

1924 ਵਿਚ ਭਗਤ ਸਿੰਘ ਨੇ ਵੀ 17 ਵਰ੍ਹਿਆਂ ਦੀ ਉਮਰ ਵਿਚ 'ਪੰਜਾਬ ਦੀ ਭਾਸ਼ਾ ਅਤੇ ਲਿਪੀ ਦੀ ਸਮੱਸਿਆ' ਵਿਸ਼ੇ ਤੇ ਹਿੰਦੀ ਵਿਚ ਲੇਖ ਲਿਖ ਕੇ ਪੰਜਾਬ ਹਿੰਦੀ ਸਾਹਿਤ ਸੰਮੇਲਨ ਦਾ ਪੰਜਾਹ ਰੁਪਿਆਂ ਦਾ ਪਹਿਲਾ ਇਨਾਮ ਹਾਸਲ ਕੀਤਾ। ਇਸੇ ਦੌਰਾਨ ਉਨ੍ਹਾਂ ਹਿੰਦੀ ਵਿਚ 'ਯੁਵਕ' ਅਤੇ 'ਵਿਸ਼ਵ ਪ੍ਰੇਮ' ਵਰਗੇ ਲੇਖ ਵੀ ਲਿਖੇ, ਜੋ ਕਲਕੱਤਾ ਦੇ ਹਿੰਦੀ ਰਸਾਲੇ 'ਮਤਵਾਲਾ' ਵਿਚ ਛਪੇ। ਉਨ੍ਹਾਂ ਦੇ ਉਰਦੂ ਅਤੇ ਪੰਜਾਬੀ ਵਿਚ ਲਿਖੇ ਪਰਿਵਾਰ ਮੈਂਬਰਾਂ ਦੇ ਨਾਂ ਖ਼ਤ 11, 14 ਅਤੇ 16 ਸਾਲ ਦੀ ਉਮਰ ਤੋਂ ਹੀ ਮਿਲਦੇ ਹਨ।

ਭਗਤ ਸਿੰਘ ਨੇ 1926 ਵਿਚ ਸ਼ੁਰੂ ਹੋਏ ਪੰਜਾਬੀ ਦੇ 'ਕਿਰਤੀ' ਮੈਗਜ਼ੀਨ ਵਿਚ ਨਿਯਮਿਤ ਰੂਪ ਵਿਚ ਲਿਖਣਾ ਸ਼ੁਰੂ ਕੀਤਾ, ਜਿਸ ਦੇ ਪਹਿਲੇ ਸੰਪਾਦਕ ਗ਼ਦਰ ਪਾਰਟੀ ਦੇ ਦੂਜੇ ਸਕੱਤਰ ਭਾਈ ਸੰਤੋਖ ਸਿੰਘ ਧਰਦੇਓ ਸਨ। ਉਨ੍ਹਾਂ ਦੇ ਕੁਵੇਲੇ ਚਲਾਣੇ ਤੋਂ ਮਗਰੋਂ ਸੋਹਨ ਸਿੰਘ ਜੋਸ਼ 'ਕਿਰਤੀ' ਦੇ ਸੰਪਾਦਕ ਬਣੇ ਜੋ ਭਗਤ ਸਿੰਘ ਦੇ ਵੀ ਨਜ਼ਦੀਕੀ ਸਨ ਅਤੇ ਉਹ ਭਗਤ ਸਿੰਘ ਹੁਰਾਂ ਵਲੋਂ ਸਥਾਪਤ 'ਨੌਜਵਾਨ ਭਾਰਤ ਸਭਾ' ਵਿਚ ਵੀ ਸਰਗਰਮ ਸਨ। ਇਹ ਸਭਾ 1926 ਵਿਚ ਲਾਹੌਰ ਵਿਚ ਕਾਇਮ ਕੀਤੀ ਗਈ ਸੀ। ਅਲਾਹਾਬਾਦ ਦੇ 'ਚਾਂਦ' ਮੈਗਜ਼ੀਨ ਨੇ ਨਵੰਬਰ 1928 ਵਿਚ ਆਪਣਾ ਖ਼ਾਸ 'ਫਾਂਸੀ' ਅੰਕ ਛਾਪਿਆ, ਜਿਸ ਵਿਚ ਪੰਜਾਹ ਦੇ ਕਰੀਬ ਹਿੰਦੁਸਤਾਨੀ ਇਨਕਲਾਬੀਆਂ ਦੇ ਰੇਖਾ-ਚਿੱਤਰ ਛਾਪੇ ਗਏ। ਇਨ੍ਹਾਂ ਵਿਚੋਂ ਬਹੁਤੇ ਗ਼ਦਰ ਪਾਰਟੀ ਨਾਲ ਸੰਬੰਧਤ ਸਨ, ਜਿਨ੍ਹਾਂ ਬਾਰੇ ਭਗਤ ਸਿੰਘ ਪਹਿਲਾਂ 'ਕਿਰਤੀ' ਵਿਚ ਵੀ ਲਿਖ ਚੁੱਕੇ ਸਨ। 'ਚਾਂਦ' ਦੇ ਇਹ ਰੇਖਾ-ਚਿੱਤਰ ਭਗਤ ਸਿੰਘ ਅਤੇ ਸ਼ਿਵ ਵਰਮਾ ਨੇ ਲਿਖੇ ਸਨ। ਗ਼ਦਰ ਪਾਰਟੀ ਲਹਿਰ ਭਾਰਤ ਦੀ ਪਹਿਲੀ ਧਰਮ ਨਿਰਪੱਖ ਤੇ ਸਮਾਜਕ ਰੂਪ ਵਿਚ ਵੀ ਕਾਫ਼ੀ ਅਗਾਂਹਵਧੂ ਇਨਕਲਾਬੀ ਲਹਿਰ ਸੀ। ਭਗਤ ਸਿੰਘ ਦੇ ਸਿਆਸੀ ਚਿੰਤਨ ਦੇ ਵਿਕਾਸ ਵਿਚ ਪਹਿਲਾ ਅਸਰ ਉਸ ਦੇ ਚਾਚਾ ਅਜੀਤ ਸਿੰਘ ਦਾ ਹੈ, ਜਿਨ੍ਹਾਂ ਲਾਲਾ ਲਾਜਪਤ ਰਾਇ ਨਾਲ ਮਿਲ ਕੇ 1907 ਵਿਚ 'ਭਾਰਤ ਮਾਤਾ ਸੋਸਾਇਟੀ' ਅਤੇ 'ਅੰਜੁਮਨ-ਮੁਹੱਬਤਾਨੇ-ਵਤਨ' ਆਦਿ ਤਨਜ਼ੀਮਾਂ ਬਣਾ ਕੇ 'ਪਗੜੀ ਸੰਭਾਲ ਜੱਟਾ' ਵਰਗੀਆਂ ਕਿਸਾਨ ਲਹਿਰਾਂ ਉਸਾਰੀਆਂ ਸਨ। ਅਜੀਤ ਸਿੰਘ ਨੂੰ 1909 ਤੋਂ 1947 ਤਕ 38 ਵਰ੍ਹੇ, ਜਲਾਵਤਨੀ ਦਾ ਦੰਡ ਭੁਗਤਣਾ ਪਿਆ ਸੀ। ਸੰਗ੍ਰਹਿ ਦੇ ਪਹਿਲੇ ਲੇਖ 'ਆਜ਼ਾਦੀ ਲਹਿਰ ਵਿਚ ਪੰਜਾਬ ਦਾ ਪਹਿਲਾ ਉਭਾਰ' ਲੇਖ ਵਿਚ ਭਗਤ ਸਿੰਘ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬ ਵਿਚ ਲਾਲਾ ਲਾਜਪਤ ਰਾਇ ਅਤੇ ਅਜੀਤ ਸਿੰਘ ਦੀ ਅਗਵਾਈ ਵਿਚ ਸ਼ੁਰੂ ਹੋਈ ਇਸੇ ਕਿਸਾਨ ਲਹਿਰ ਦੀ ਵਾਕਫ਼ੀਅਤ ਕਰਵਾਈ ਗਈ ਹੈ, ਇਸ ਤੋਂ ਕੁਝ ਵਰ੍ਹੇ ਪਹਿਲਾਂ 1872 ਵਿਚ 'ਕੂਕਾ ਬਗ਼ਾਵਤ' ਹੋਈ ਸੀ। ਭਗਤ ਸਿੰਘ ਦੀ ਇਨਕਲਾਬੀ ਲਹਿਰ ਅਤੇ ਪੰਜਾਬ ਵਿਚ ਸਿਆਸੀ ਜਾਗ੍ਰਿਤੀ ਨੂੰ ਸਮਝਣ ਲਈ ਭਗਤ ਸਿੰਘ ਦਾ ਇਹ ਛੋਟਾ ਤੇ ਕੁਝ ਅਧੂਰਾ ਜਾਪਦਾ ਲੇਖ ਸਮਝਣਾ ਜ਼ਰੂਰੀ ਹੈ, ਜੋ ਉਰਦੂ 'ਬੰਦੇ ਮਾਤਰਮ' (ਲਾਹੌਰ) ਵਿਚ 1931 ਵਿਚ ਸ਼ਾਇਆ ਹੋਇਆ ਸੀ।

ਭਗਤ ਸਿੰਘ ਨੇ 8 ਅਪ੍ਰੈਲ 1929 ਨੂੰ ਅਸੈਂਬਲੀ ਵਿਚ ਬੰਬ ਸੁੱਟਦੇ ਸਮੇਂ ਜੋ ਦੋ ਨਾਅਰੇ ਦਿੱਤੇ, ਉਨ੍ਹਾਂ ਨੇ ਭਾਰਤ ਦੀ ਸਿਆਸਤ ਨੂੰ ਵੀ ਨਵੀਂ ਦਿਸ਼ਾ ਦਿੱਤੀ। ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਜਾਂ ਇਨਕਲਾਬੀ ਦੋਵਾਂ ਹੀ ਲਹਿਰਾਂ ਵਿਚ 'ਬੰਦੇ ਮਾਤਰਮ' ਦਾ ਨਾਅਰਾ ਸਭ ਤੋਂ ਵੱਧ ਮਕਬੂਲ ਸੀ। ਭਗਤ ਸਿੰਘ ਵਲੋਂ 'ਇਨਕਲਾਬ ਜ਼ਿੰਦਾਬਾਦ' ਅਤੇ 'ਸਮਾਰਾਜਵਾਦ ਮੁਰਦਾਬਾਦ' ਨਾਅਰੇ ਗੁੰਜਾਉਣ ਮਗਰੋਂ, ਪੂਰੇ ਮੁਲਕ ਵਿਚ ਹੀ ਨਹੀਂ, ਸਗੋਂ ਨੇੜਲੇ ਮੁਲਕਾਂ ਵਿਚ ਵੀ ਇਨ੍ਹਾਂ ਨਾਅਰਿਆਂ ਦੀ ਉਹ ਮਕਬੂਲੀਅਤ ਹੋਈ ਕਿ ਕੁਝ ਹੀ ਵਰ੍ਹਿਆਂ ਵਿਚ ਇਨ੍ਹਾਂ ਨਾਅਰਿਆਂ ਨੇ ਖ਼ਾਸਕਰ 'ਇਨਕਲਾਬ ਜ਼ਿੰਦਾਬਾਦ' ਨੇ 'ਬੰਦੇ ਮਾਤਰਮ' ਦੇ ਨਾਅਰੇ ਨੂੰ ਬਦਲ ਦਿੱਤਾ। ਅੱਜ ਮੁਲਕ ਦੇ ਕੋਨੇ-ਕੋਨੇ ਵਿਚ ਹਰ ਵਰਗ ਦੇ ਅੰਦੋਲਨ ਵਿਚ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਹੀ ਸਭ ਤੋਂ ਵੱਧ ਮਕਬੂਲ ਨਾਅਰਾ ਹੈ, ਜਿਸ ਦਾ ਸਿਹਰਾ ਨਿਸ਼ਚੇ ਹੀ ਭਗਤ ਸਿੰਘ ਦੀ ਸਿਆਸੀ ਸੋਚ ਨੂੰ ਜਾਂਦਾ ਹੈ। ਅੱਜ ਭਾਰਤ ਅਤੇ ਦੁਨੀਆਂ ਦੀ ਹਾਲਤ ਦੇ ਪ੍ਰਸੰਗ ਵਿਚ, ਜਦ ਨਵ-ਸਾਮਰਾਜਵਾਦ ਆਪਣੇ ਪੈਰ ਪਸਾਰ ਰਿਹਾ ਹੈ ਅਤੇ ਦੁਨੀਆਂ ਦੇ ਖ਼ਾਸਕਰ ਤੀਸਰੀ ਦੁਨੀਆਂ ਦੇ ਮੁਲਕਾਂ ਦੀ ਆਜ਼ਾਦੀ, ਖ਼ਾਸ ਕਰ ਆਰਥਕ ਆਜ਼ਾਦੀ ਖ਼ਤਰੇ ਵਿਚ ਹੈ, ਤਾਂ ਭਗਤ ਸਿੰਘ ਵਲੋਂ ਦਿੱਤੇ ਦੂਜੇ ਨਾਅਰੇ 'ਸਾਮਰਾਜਵਾਦ ਮੁਰਦਾਬਾਦ' ਦਾ ਮਹੱਤਵ ਮੁੜ ਸਥਾਪਤ ਹੋ ਜਾਂਦਾ ਹੈ।

ਭਗਤ ਸਿੰਘ ਦੀ ਸ਼ਖ਼ਸੀਅਤ ਅਤੇ ਸਿਆਸੀ ਚਿੰਤਨ ਨੂੰ ਰੇਖਾਂਕਤ ਕਰਨ ਲਾਇਕ ਦੂਜਾ ਪਹਿਲੂ ਹੈ, ਉਸ ਦਾ ਮੁਲਕ ਦੀ ਸਮੁੱਚੀ ਇਨਕਲਾਬੀ ਲਹਿਰ ਦਾ ਕੇਂਦਰੀ ਤੇ ਸਾਂਝਾ ਪ੍ਰਤੀਕ ਬਣਨਾ। ਮੁਲਕ ਦੇ ਹਰ ਹਿੱਸੇ ਵਿਚ ਹਜ਼ਾਰਾਂ ਨੌਜਵਾਨ ਇਨਕਲਾਬੀਆਂ ਨੇ ਸ਼ਹਾਦਤਾਂ ਹਾਸਲ ਕੀਤੀਆਂ ਹਨ। 1757 ਦੇ 'ਪਲਾਸੀ ਯੁੱਧ' ਤੋਂ ਅੰਗਰੇਜ਼ਾਂ ਦੀ ਜੋ 'ਹਿੰਦੁਸਤਾਨ ਫ਼ਤਹਿ' ਮੁਹਿੰਮ ਸ਼ੁਰੂ ਹੋਈ, ਉਹ 1857 ਦੀ ਪਹਿਲੀ 'ਜੰਗੇ-ਆਜ਼ਾਦੀ' ਸਮੇਂ ਸਿਖਰ ਤੇ ਪਹੁੰਚੀ ਅਤੇ 1858 ਤੋਂ ਪੂਰੇ ਹਿੰਦੁਸਤਾਨ ਵਿਚ ਸਿੱਧੀ ਬਰਤਾਨਵੀ ਬਸਤੀਵਾਦੀ ਹਕੂਮਤ ਕਾਇਮ ਹੋਈ। ਇਸ ਤੋਂ ਬਾਅਦ 1946 ਦੀ 'ਨੇਵੀ ਬਗ਼ਾਵਤ' ਤਕ ਏਸ ਬਸਤੀਵਾਦ ਵਿਰੁੱਧ ਸਖ਼ਤ ਸੰਘਰਸ਼ ਹੁੰਦਾ ਰਿਹਾ। ਏਸ ਕਰੜੇ ਸੰਘਰਸ਼ ਵਿਚ 1806 ਦੀ 'ਵੈਲੋਰ ਬਗ਼ਾਵਤ' ਵੀ ਸ਼ਾਮਲ ਹੈ, ਸਿੱਧੋ-ਕਾਨ੍ਹੂ ਦੀ 'ਹੂਲ ਬਗ਼ਾਵਤ' ਵੀ, 1858 ਦਾ ਮਹਾਨ ਸੰਗਰਾਮ ਵੀ, 1897 ਵਿਚ ਮਹਾਰਾਸ਼ਟਰ ਵਿਚ ਚਾਫੇਕਰ ਭਰਾਵਾਂ ਦਾ ਇਨਕਲਾਬੀ ਸੰਘਰਸ਼ ਵੀ, ਬੰਗਾਲ ਦੇ 'ਯੁਗਾਂਤਰ' ਅਤੇ 'ਅਨੁਸ਼ੀਲਨ' ਇਨਕਲਾਬੀ ਯਤਨ ਵੀ ਅਤੇ 1915 ਦੀ ਗ਼ਦਰ ਪਾਰਟੀ ਬਗ਼ਾਵਤ ਵੀ। 1932 ਦੀ 'ਚਿੱਟਗਾਂਵ

ਬਗ਼ਾਵਤ' ਵੀ ਭਗਤ ਸਿੰਘ ਦੇ ਐਚ. ਐਸ. ਆਰ. ਏ. ਇਨਕਲਾਬ ਦੀ ਅਗਲੀ ਕੜੀ ਸੀ ਤੇ ਜਿਸ ਦੀ ਆਖਰੀ ਕੜੀ 1946 ਦੀ 'ਨੇਵੀ ਬਗ਼ਾਵਤ' ਸੀ। ਏਸ ਸਾਰੀ ਇਨਕਲਾਬੀ ਵਿਰਾਸਤ ਦੇ ਚਿੰਤਨ ਅਤੇ ਅਮਲ ਦੇ ਸਰਬਉੱਚ ਸਿਖਰ ਹਨ ਭਗਤ ਸਿੰਘ ਅਤੇ ਉਹੀ ਇਨ੍ਹਾਂ ਸਾਰੀਆਂ ਲਹਿਰਾਂ ਦੇ ਪ੍ਰਤੀਕ ਵੀ ਹਨ। ਏਸ ਲਈ ਭਗਤ ਸਿੰਘ ਤੇ ਧਿਆਨ ਕੇਂਦ੍ਰਿਤ ਕਰਨਾ ਚੰਦਰਸ਼ੇਖਰ ਆਜ਼ਾਦ, ਭਗਵਤੀ ਚਰਣ ਵੋਹਰਾ, ਸੁਖਦੇਵ, ਰਾਜਗੁਰੂ, ਮਾਸਟਰ ਸੂਰਯ ਸੇਨ ਜਾਂ ਪ੍ਰੀਤੀਲਤਾ ਵਾਡੇਦਾਰ ਦੀਆਂ ਕੁਰਬਾਨੀਆਂ ਨੂੰ ਘਟਾ ਕੇ ਦੇਖਣਾ ਨਹੀਂ, ਸਗੋਂ ਉਨ੍ਹਾਂ ਸਾਰਿਆਂ ਦੀਆਂ ਕੁਰਬਾਨੀਆਂ ਨੂੰ ਭਗਤ ਸਿੰਘ ਦੇ ਪ੍ਰਤੀਕ ਰੂਪ ਵਿਚ ਬਲਸ਼ਾਲੀ ਰੂਪ ਵਿਚ ਰੇਖਾਂਕਤ ਕਰ ਕੇ ਦਰਜ ਕਰਵਾਉਣਾ ਹੈ ਅਤੇ ਹਿੰਦੁਸਤਾਨ ਦੇ ਸਿਆਸੀ ਇਤਿਹਾਸ ਵਿਚ ਵਾਜਬ ਜਗ੍ਹਾ ਦੁਆਉਣਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਦੇ ਸਿਆਸੀ ਇਤਿਹਾਸ ਵਿਚ ਇਨਕਲਾਬੀਆਂ ਦੀ ਇਸ ਮਹਾਨ ਵਿਰਾਸਤ ਨੂੰ ਵਾਜਬ ਜਗ੍ਹਾ ਮਿਲੀ ਹੁੰਦੀ ਅਤੇ ਸਕੂਲਾਂ-ਕਾਲਜਾਂ ਵਿਚ ਪੜ੍ਹ ਰਹੀ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਤੋਂ ਵਾਕਫ਼ ਕਰਵਾਇਆ ਗਿਆ ਹੁੰਦਾ ਤਾਂ ਅੱਜ ਮੁਲਕ ਨੂੰ ਫ਼ਿਰਕਾਪ੍ਰਸਤੀ ਵਰਗੀਆਂ ਘਿਨਾਉਣੀਆਂ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪੈਂਦਾ ਅਤੇ ਹਜ਼ਾਰਾਂ ਨਿਰਦੋਸ਼ ਜਾਨਾਂ ਇਨ੍ਹਾਂ ਫ਼ਿਰਕੂ ਸਾਜ਼ਸ਼ਾਂ ਦਾ ਸ਼ਿਕਾਰ ਨਾ ਬਣਦੀਆਂ।

ਅੱਜ ਵੀ ਜੇ ਮੁਲਕ ਨੂੰ ਸਹੀ ਮਾਅਨਿਆਂ ਵਿਚ ਤਰੱਕੀ ਅਤੇ ਤਬਦੀਲੀ ਦੇ ਰਾਹ ਤੇ ਅੱਗੇ ਵਧਾਉਣਾ ਹੈ ਤਾਂ ਸਭ ਤੋਂ ਪਹਿਲਾਂ ਆਪਣੇ ਇਤਿਹਾਸ ਦੇ ਸਰਬ-ਸ੍ਰੇਸ਼ਠ ਪੱਖ ਨੂੰ ਸਾਹਮਣੇ ਲਿਆਉਣਾ ਪਵੇਗਾ। ਇਤਿਹਾਸ ਵਿਚ ਵਿਗਾੜ ਬਹੁਤ ਸਾਰੇ ਘ੍ਰਿਣਤ ਸਮਾਜਕ ਤਣਾਅ ਪੈਦਾ ਕਰ ਦਿੰਦਾ ਹੈ। 1857 ਦੀ ਡੇਢ ਸੌਂਵੀਂ ਜਯੰਤੀ ਅਤੇ ਭਗਤ ਸਿੰਘ ਦੀ ਜਨਮ ਸ਼ਤਾਬਦੀ ਵਰ੍ਹੇ ਮੌਕੇ ਇਹ ਬੇਹੱਦ ਜ਼ਰੂਰੀ ਹੈ ਕਿ ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਇਨਕਲਾਬੀ ਸੰਘਰਸ਼ਾਂ ਦੀ ਵਿਰਾਸਤ, ਜਿਨ੍ਹਾਂ ਵਿਚ ਸਾਰੇ ਧਰਮਾਂ ਦੇ ਤਬਕਿਆਂ ਨੇ ਬਰਾਬਰ ਹਿੱਸਾ ਲਿਆ, ਨੂੰ ਸਾਹਮਣੇ ਲਿਆਂਦਾ ਜਾਵੇ ਅਤੇ ਮੁਲਕ ਦੀ ਨੌਜਵਾਨ ਪੀੜ੍ਹੀ ਨੂੰ ਏਸ ਸਹੀ ਅਤੇ ਸੱਚੇ ਇਤਿਹਾਸ ਤੋਂ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਕਰ ਕੇ ਵਾਕਫ਼ ਕਰਵਾਇਆ ਜਾਵੇ ਤਾਂ ਕਿ ਨੌਜਵਾਨ ਪੀੜ੍ਹੀ ਭਗਤ ਸਿੰਘ ਵਰਗੇ ਨੌਜਵਾਨ ਹਿਰਦਿਆਂ ਦੇ ਨਾਇਕ ਨੂੰ ਵਿਚਾਰਕ ਪੱਧਰ ਤੇ ਆਤਮਸਾਤ ਕਰ ਕੇ ਜ਼ਹਿਰੀਲੇ ਫ਼ਿਰਕੂ ਅਤੇ ਉਤਪੀੜਨ ਕੇਂਦ੍ਰਿਤ ਕਬਜ਼ਾਵਾਦੀ ਵਿਚਾਰਾਂ ਤੋਂ ਆਪਣੇ ਦਿਮਾਗ਼ ਨੂੰ ਮੁਕਤ ਕਰ ਕੇ ਆਪਣਾ ਸਿਹਤਮੰਦ ਵਿਚਾਰਧਾਰਾਈ ਵਿਕਾਸ ਕਰ ਕੇ ਦੇਸ਼-ਪ੍ਰੇਮ ਦੇ ਜਜ਼ਬੇ ਨਾਲ ਦੇਸ਼ ਦਾ ਭਵਿੱਖ ਤੈਅ ਕਰਨ ਵਿਚ ਆਪਣੀ ਹਾਂ-ਪੱਖੀ ਭੂਮਿਕਾ ਨਿਭਾਵੇ।

## ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦਾ ਖ਼ਾਨਦਾਨ

ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਨਾਂ ਅੱਜ ਹਰ ਹਿੰਦੁਸਤਾਨੀ ਦੇ ਦਿਲ ਵਿਚ ਭਾਰਤ ਦੀ ਜੰਗ-ਏ-ਆਜ਼ਾਦੀ ਦੇ ਸਰਬ ਉੱਚ ਸ਼ਹੀਦ ਦੇ ਪ੍ਰਤੀਕ ਵਜੋਂ ਵੱਸਿਆ ਹੋਇਆ ਹੈ। ਆਪਣੇ ਦਿਲ ਦੇ ਨਾਇਕ ਦੀ ਨਿੱਜੀ ਜ਼ਿੰਦਗੀ ਅਤੇ ਉਸ ਦੇ ਪਰਿਵਾਰਕ ਸਰੋਤਾਂ ਬਾਰੇ, ਉਸ ਦੇ ਪੁਰਖਿਆਂ ਬਾਰੇ, ਉਸ ਤੋਂ ਬਾਅਦ ਦੇ ਪਰਿਵਾਰ ਬਾਰੇ ਜਾਨਣ ਦੀ ਜਗਿਆਸਾ ਹਰ ਪ੍ਰਸ਼ੰਸਕ ਦੇ ਮਨ ਵਿਚ ਹੁੰਦੀ ਹੈ।

ਸ਼ਹੀਦ ਭਗਤ ਸਿੰਘ ਦੇ ਖ਼ਾਨਦਾਨੀ ਪਿਛੋਕੜ ਬਾਰੇ ਸਭ ਤੋਂ ਵੱਧ ਜਾਣਕਾਰੀ ਉਨ੍ਹਾਂ ਦੀ ਆਪਣੀ ਭਤੀਜੀ ਅਤੇ ਉਨ੍ਹਾਂ ਦੇ ਛੋਟੇ ਭਰਾ ਸ. ਕੁਲਤਾਰ ਸਿੰਘ ਦੀ ਪੁੱਤਰੀ ਵੀਰਿੰਦਰ ਸੰਧੂ ਵਲੋਂ 1968 ਵਿਚ ਭਾਰਤੀ ਗਿਆਨਪੀਠ, ਬਨਾਰਸ ਤੋਂ ਛਾਪੀ ਹਿੰਦੀ ਕਿਤਾਬ 'ਸ਼ਹੀਦ ਭਗਤ ਸਿੰਘ ਔਰ ਉਨਕੇ ਪੁਰਖੇ' ਵਿਚ ਮਿਲਦੀ ਹੈ। ਹਾਲਾਂਕਿ ਭਗਤ ਸਿੰਘ ਦੀ ਜ਼ਿੰਦਗੀ ਅਤੇ ਉਨ੍ਹਾਂ ਦੀ ਦੇਸ਼-ਭਗਤੀ ਦੇ ਸੂਰਬੀਰਤਾ ਅਤੇ ਵਿਦਵਤਾ ਭਰਪੂਰ ਕਾਰਨਾਮਿਆਂ ਬਾਰੇ ਹਿੰਦੀ, ਉਰਦੂ, ਅੰਗਰੇਜ਼ੀ, ਬੰਗਾਲੀ, ਪੰਜਾਬੀ ਅਤੇ ਭਾਰਤ ਦੀਆਂ ਹੋਰ ਅਨੇਕਾਂ ਭਾਸ਼ਾਵਾਂ ਵਿਚ ਅਨੇਕਾਂ ਕਿਤਾਬਾਂ ਲਿਖੀਆਂ ਗਈਆਂ ਹਨ। ਪਰ ਪਰਿਵਾਰ ਸੰਬੰਧੀ ਸਭ ਤੋਂ ਵੱਧ ਪ੍ਰਮਾਣੀਕ ਜਾਣਕਾਰੀ ਵੀਰਿੰਦਰ ਸੰਧੂ ਦੀ ਕਿਤਾਬ ਤੋਂ ਹੀ ਹਾਸਲ ਹੁੰਦੀ ਹੈ। ਉਂਜ ਭਗਤ ਸਿੰਘ ਸੰਬੰਧੀ ਅਨੇਕਾਂ ਸਾਹਿਤਕ ਕਲਾਤਮਿਕ ਕਿਰਤਾਂ, ਨਾਟਕ, ਨਾਵਲ, ਕਵਿਤਾਵਾਂ, ਫ਼ਿਲਮਾਂ ਵੀ ਰਚੀਆਂ ਗਈਆਂ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਬਾਰੇ ਕਲਪਨਾ ਦੀਆਂ ਆਕਾਸ਼ ਉਡਾਰੀਆਂ ਵੀ ਲਾਈਆਂ ਗਈਆਂ ਹਨ। ਮਰਾਠੀ ਵਿਚ ਮ੍ਰਿਣਾਲਿਨੀ ਜੋਸ਼ੀ ਦਾ ਨਾਵਲ 'ਇਨਕਲਾਬ', ਹਿੰਦੀ ਵਿਚ ਸ਼੍ਰੀਕ੍ਰਿਸ਼ਨ ਸਰਲ ਦਾ ਅਤੇ ਪੰਜਾਬੀ ਵਿਚ ਪ੍ਰੋ. ਦੀਦਾਰ ਸਿੰਘ ਦਾ ਮਹਾਕਾਵਿ 'ਭਗਤ ਸਿੰਘ ਸ਼ਹੀਦ', ਹਿੰਦੀ ਵਿਚ ਬਣੀਆਂ ਪੰਜ ਫ਼ਿਲਮਾਂ, ਸਾਗਰ ਸਰਹੱਦੀ ਦਾ ਨਾਟਕ 'ਭਗਤ ਸਿੰਘ ਦੀ ਵਾਪਸੀ', ਦਵਿੰਦਰ ਦਮਨ ਦਾ ਨਾਟਕ 'ਸੂਰਜ ਛਿਪਣ ਤੋਂ ਪਹਿਲਾਂ', ਚਰਨਦਾਸ ਸਿੱਧੂ ਦਾ ਨਾਟਕ 'ਭਗਤ ਸਿੰਘ ਸ਼ਹੀਦ', ਡਾ. ਜਗਜੀਤ ਸਿੰਘ ਕੋਮਲ ਦਾ ਨਾਟਕ 'ਧੋਤੇ ਮੂੰਹ ਤੇ ਚਪੇੜ' ਗੁਰਸ਼ਰਨ ਸਿੰਘ ਦਾ ਨਾਟਕ 'ਇਨਕਲਾਬ ਜ਼ਿੰਦਾਬਾਦ' ਅਤੇ ਹੋਰ ਅਨੇਕਾਂ ਕਲਾਤਮਕ, ਸਾਹਿਤਕ ਕਿਰਤਾਂ ਭਗਤ ਸਿੰਘ ਦੀ ਰੂਹ ਨੂੰ ਆਪਣੇ-ਆਪਣੇ ਢੰਗ ਨਾਲ ਸਾਕਾਰ ਕਰਦੀਆਂ ਹਨ। ਪਰ ਭਗਤ ਸਿੰਘ ਦੇ ਪਰਵਾਰ ਦੇ ਪੁਰਖਿਆਂ ਦੀ ਪ੍ਰਮਾਣਿਕ ਜਾਣਕਾਰੀ ਵੀਰਿੰਦਰ ਸੰਧੂ ਦੀ ਕਿਤਾਬ ਅਤੇ ਅੱਜ ਦੇ ਪਰਵਾਰਕ ਵਾਰਸਾਂ ਸੰਬੰਧੀ ਜਾਣਕਾਰੀ ਉਨ੍ਹਾਂ ਦੇ ਮੌਜੂਦਾ ਪਰਵਾਰ ਦੇ ਮੈਂਬਰਾਂ ਤੋਂ ਹਾਸਲ ਕੀਤੀ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਅੱਜਕਲ੍ਹ ਤਾਂ ਸਿਆਸਤਦਾਨ ਇਥੋਂ ਤਕ ਕਿ ਸਭ ਵੱਧ ਬੌਧਿਕ, ਖੱਬੇ ਸਿਆਸਤਦਾਨ ਵੀ ਕਿਤਾਬਾਂ ਨੂੰ ਬਹੁਤਾ ਵਜ਼ਨ ਨਹੀਂ ਦਿੰਦੇ, ਪਰ 1968 ਵਿਚ ਇਸ ਕਿਤਾਬ ਨੂੰ ਪੜ੍ਹ ਕੇ ਟਿੱਪਣੀ/ ਪ੍ਰਤੀਕ੍ਰਿਆ ਕਰਨ ਵਾਲਿਆਂ ਵਿਚ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਚੰਦਰਭਾਨ ਗੁਪਤ, ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਡੀ. ਪੀ. ਮਿਸ਼ਰਾ, ਰਾਜਸਥਾਨ ਦੇ ਮੁੱਖ ਮੰਤਰੀ ਹਰੀਦਿਓ ਜੋਸ਼ੀ, ਕਮਲਾਪਤੀ ਤ੍ਰਿਪਾਠੀ, ਸੀਤਾਰਾਮ ਕੇਸਰੀ, ਅਟਲ ਬਿਹਾਰੀ ਵਾਜਪੇਈ, ਪ੍ਰੋਫ਼ੈਸਰ ਵੀ. ਕੇ. ਆਰ. ਵੀ.

ਰਾਓ, ਯਸ਼ਵੰਤ ਰਾਓ ਪਰਮਾਰ ਮੁੱਖ ਮੰਤਰੀ ਹਿਮਾਚਲ ਪ੍ਰਦੇਸ਼, ਕੇਂਦਰੀ ਮੰਤਰੀ ਦਿਨੇਸ਼ ਸਿੰਘ ਵਰਗੇ ਸਿਆਸਤਦਾਨ ਸਿਆਸੀ ਆਗੂ ਸ਼ਾਮਲ ਸਨ।

ਭਗਤ ਸਿੰਘ ਦੇ ਪੁਰਖਿਆਂ ਵਿਚ ਭਗਤ ਸਿੰਘ ਦੇ ਪੜਦਾਦਾ ਸ. ਖੇਮ ਸਿੰਘ ਸਨ, ਜਿਨ੍ਹਾਂ ਦੇ ਤਿੰਨ ਪੁੱਤਰ ਸਨ। ਸ. ਸੁਰਜਨ ਸਿੰਘ, ਸ. ਅਰਜਨ ਸਿੰਘ ਅਤੇ ਸ. ਮਿਹਰ ਸਿੰਘ। ਇਨ੍ਹਾਂ ਵਿਚੋਂ ਸ. ਮਿਹਰ ਸਿੰਘ ਨੇ ਸਾਧਾਰਣ ਕਿਰਸਾਨ ਦਾ ਜੀਵਨ ਬਿਤਾਇਆ ਸੀ। ਵੱਡੇ ਭਰਾ ਸੁਰਜਨ ਸਿੰਘ ਅੰਗਰੇਜ਼ਾਂ ਦੇ ਪਿੱਠੂ ਬਣੇ, ਜਿਸ ਦਾ ਪੁੱਤਰ ਦਿਲਬਾਗ ਸਿੰਘ ਬਰਤਾਨਵੀ ਬਸਤੀਵਾਦ ਦਾ ਟਾਊਟ ਬਣ ਕੇ 'ਸਰਦਾਰ ਬਹਾਦਰ' ਬਣਿਆ। ਇਹ ਸ. ਅਰਜਨ ਸਿੰਘ ਸਨ, ਜਿਨ੍ਹਾਂ ਦੀ ਸ਼ਖ਼ਸੀਅਤ ਇਨਕਲਾਬੀ ਬਣੀ, ਸ. ਅਰਜਨ ਸਿੰਘ ਆਰੀਆ ਸਮਾਜ ਦੇ ਬਾਨੀ ਸਵਾਮੀ ਦਿਆਨੰਦ ਤੋਂ ਪ੍ਰਭਾਵਿਤ ਹੋਏ। ਅਰਜਨ ਸਿੰਘ ਦੇ ਤਿੰਨ ਪੁੱਤਰ ਹੋਏ—ਸ. ਕਿਸ਼ਨ ਸਿੰਘ, ਸ. ਅਜੀਤ ਸਿੰਘ ਅਤੇ ਸ. ਸਵਰਨ ਸਿੰਘ। ਕਿਸ਼ਨ ਸਿੰਘ ਅਤੇ ਅਜੀਤ ਸਿੰਘ ਨੂੰ ਉਨ੍ਹਾਂ ਜਲੰਧਰ ਦੇ ਪ੍ਰਸਿੱਧ ਸਾਈਂਦਾਸ ਐਂਗਲੋ-ਸੰਸਕ੍ਰਿਤ ਸਕੂਲ ਵਿਚ ਪੜ੍ਹਾਇਆ। ਸ. ਅਰਜਨ ਸਿੰਘ ਕਾਂਗਰਸ ਪਾਰਟੀ ਦੇ ਮੈਂਬਰ ਬਣੇ ਅਤੇ 1890 ਦੇ ਕਾਂਗਰਸ ਸਮਾਗਮ ਵਿਚ ਉਨ੍ਹਾਂ ਹਿੱਸਾ ਲਿਆ। 1900 ਈ. ਵਿਚ ਉਹ ਲਾਇਲਪੁਰ ਜ਼ਿਲ੍ਹੇ ਵਿਚ ਬੰਗਾ ਪਿੰਡ ਵਿਚ ਜਾ ਵੱਸੇ ਅਤੇ ਉਥੇ ਖੇਤੀ ਦਾ ਕੰਮ ਅਤੇ ਹਿਕਮਤ ਕਰਨ ਲੱਗੇ। ਸ. ਅਰਜਨ ਸਿੰਘ ਇਕ ਚੰਗੇ ਹਕੀਮ ਵੀ ਸਨ ਅਤੇ ਦੇਸ਼ ਦੇ ਪ੍ਰਸਿੱਧ ਹਕੀਮ ਅਜ਼ਮਲ ਖਾਂ ਨਾਲ ਉਨ੍ਹਾਂ ਦਾ ਤਾਲਮੇਲ ਸੀ। ਉਨ੍ਹੀਂ ਦਿਨੀਂ ਉਨ੍ਹਾਂ ਨੇ ਛੂਤਛਾਤ ਨੂੰ ਤੋੜਿਆ ਅਤੇ ਮਿਹਨਤ ਕਰਨ ਨੂੰ ਉਹ ਪੂਜਾ ਮੰਨਦੇ ਸਨ। ਉਨ੍ਹਾਂ ਦੇ ਛੋਟੇ ਭਰਾ ਮਿਹਰ ਸਿੰਘ ਦੇ ਪੁੱਤਰ ਅਤੇ ਉਨ੍ਹਾਂ ਦੇ ਭਤੀਜੇ ਹਰੀ ਸਿੰਘ ਨੇ ਵੀ ਕਾਂਗਰਸ ਲਹਿਰ ਵਿਚ ਜੇਲ੍ਹ ਕੱਟੀ ਸੀ। ਸ. ਅਰਜਨ ਸਿੰਘ ਦਾ ਦੇਹਾਂਤ 1933 ਵਿਚ ਅਤੇ ਉਨ੍ਹਾਂ ਦੀ ਧਰਮਪਤਨੀ ਜੈ ਕੌਰ ਦਾ ਦੇਹਾਂਤ 1940 ਵਿਚ ਹੋਇਆ।

ਸ. ਅਰਜਨ ਸਿੰਘ ਦੇ ਵੱਡੇ ਪੁੱਤਰ ਸ. ਕਿਸ਼ਨ ਸਿੰਘ ਦਾ ਜਨਮ 1878 ਈਸਵੀ, ਦੂਜੇ ਪੁੱਤਰ ਅਜੀਤ ਸਿੰਘ ਦਾ ਜਨਮ 1881 ਈ. ਅਤੇ ਤੀਜੇ ਪੁੱਤਰ ਸਵਰਨ ਸਿੰਘ ਦਾ ਜਨਮ 1887 ਈ. ਵਿਚ ਹੋਇਆ। ਤਿੰਨਾਂ ਪੁੱਤਰਾਂ ਦੇ ਵਿਆਹ ਹੋਏ, ਪਰ ਸਭ ਤੋਂ ਛੋਟੇ ਪੁੱਤਰ ਸਵਰਨ ਸਿੰਘ ਦਾ ਬਰਤਾਨਵੀ ਜੇਲ੍ਹਾਂ ਵਿਚ ਸਿਹਤ ਖ਼ਰਾਬ ਹੋਣ ਕਾਰਣ 1910 ਵਿਚ ਕੁਲ 23 ਸਾਲਾਂ ਦੀ ਉਮਰ ਵਿਚ ਦੇਹਾਂਤ ਹੋ ਗਿਆ ਅਤੇ ਉਨ੍ਹਾਂ ਦੀ ਵਿਧਵਾ ਹੁਕਮ ਕੌਰ ਨੇ ਸਾਰੀ ਉਮਰ ਇਕਲਾਪਾ ਭੋਗਿਆ। ਅਜੀਤ ਸਿੰਘ ਦੇਸ਼ਭਗਤੀ ਦੇ ਜਜ਼ਬੇ ਹੇਠ 1909 ਵਿਚ ਜਲਾਵਤਨ ਹੋਏ ਤਾਂ ਅੰਤਲੇ ਸਾਹ ਲੈਣ ਹੀ ਧਰਤੀ ਤੇ ਆਏ, ਉਨ੍ਹਾਂ ਦੀ ਵਿਧਵਾ ਹਰਨਾਮ ਕੌਰ ਨੇ ਵੀ ਬਿਨਾਂ ਸੰਤਾਨੋਂ ਇਕਲਾਪਾ ਹੀ ਭੋਗਿਆ। ਸ. ਕਿਸ਼ਨ ਸਿੰਘ ਨੂੰ ਵੀਰਿੰਦਰ ਸੰਧੂ ਨੇ 'ਜਮਾਂਦਰੂ ਬਾਗ਼ੀ ਤੇ ਜਮਾਂਦਰੂ ਇਨਕਲਾਬੀ' ਕਿਹਾ ਹੈ। ਸਾਈਂਦਾਸ ਸਕੂਲ ਜਲੰਧਰ ਵਿਚ ਪੜ੍ਹਦਿਆਂ ਉਨ੍ਹਾਂ ਦਾ ਸਾਥ ਮਹਾਤਮਾ ਹੰਸਰਾਜ ਨਾਲ ਹੋਇਆ ਅਤੇ ਸ. ਕਿਸ਼ਨ ਸਿੰਘ ਨੇ ਵੀ ਆਪਣੀ ਜ਼ਿੰਦਗੀ ਦੇਸ਼ ਨੂੰ ਸਮਰਪਿਤ ਕਰ ਦਿੱਤੀ।

ਸ. ਕਿਸ਼ਨ ਸਿੰਘ ਦੇ ਘਰ 1904 ਵਿਚ ਸਭ ਤੋਂ ਵੱਡੇ ਪੁੱਤਰ ਜਗਤ ਸਿੰਘ ਨੇ ਜਨਮ ਲਿਆ, ਜੋ 11 ਵਰ੍ਹਿਆਂ ਦੀ ਉਮਰ ਵਿਚ 1915-16 ਵਿਚ ਚਲ ਵੱਸਿਆ। 28 ਸਤਬੰਰ 1907 ਨੂੰ ਇਸ ਪਰਵਾਰ ਵਿਚ ਸ. ਭਗਤ ਸਿੰਘ ਦਾ ਜਨਮ ਹੋਇਆ। ਸ. ਕਿਸ਼ਨ ਸਿੰਘ ਦਾ ਵਿਆਹ 1897 ਈ. ਵਿਚ ਵਿਦਿਆਵਤੀ ਨਾਲ ਹੋਇਆ ਸੀ। ਭਗਤ ਸਿੰਘ ਦੇ ਜਨਮ ਤੇ ਤਿੰਨੇਂ ਭਰਾ (ਪਿਤਾ ਤੇ ਚਾਚੇ) ਜੇਲ੍ਹੋਂ ਰਿਹਾ ਹੋਏ ਤਾਂ 'ਭਾਗਾਂ ਵਾਲੇ' ਕਹਿ ਕੇ ਦਾਦੀ ਨੇ ਭਗਤ ਸਿੰਘ ਨਾਂ ਰੱਖਿਆ।

ਭਗਤ ਸਿੰਘ ਤੋਂ ਬਾਅਦ ਮਾਤਾ ਵਿਦਿਆਵਤੀ ਨੇ ਬੀਬੀ ਅਮਰ ਕੌਰ, ਕੁਲਬੀਰ ਸਿੰਘ, ਕੁਲਤਾਰ ਸਿੰਘ, ਪ੍ਰਕਾਸ਼ ਕੌਰ, ਸ਼ਕੁੰਤਲਾ, ਰਣਵੀਰ ਸਿੰਘ ਅਤੇ ਰਾਜਿੰਦਰ ਸਿੰਘ ਨੂੰ ਜਨਮ ਦਿੱਤਾ। ਨੌਂ ਭੈਣ-ਭਰਾਵਾਂ ਦੇ ਇਸ ਪਰਵਾਰ ਵਿਚੋਂ ਅੱਜ ਸਿਰਫ਼ ਬੀਬੀ ਪ੍ਰਕਾਸ਼ ਕੌਰ ਹੀ ਜੀਵਿਤ ਹਨ, ਬਾਕੀ ਜੀਅ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ, ਪਰ ਉਨ੍ਹਾਂ ਦਾ ਪਰਵਾਰ ਅੱਜ ਪੂਰੇ ਸੰਸਾਰ ਵਿਚ ਫੈਲਿਆ ਹੋਇਆ ਹੈ।

ਸ. ਕਿਸ਼ਨ ਸਿੰਘ ਨੇ ਦੇਸ਼ ਦੇ ਹਰ ਹਿੱਸੇ ਦੇ ਦੁਖਾਂ ਵਿਚ ਲੋਕਾਈ ਦੀ ਮਦਦ ਕੀਤੀ। 1900 ਈ. ਵਿਚ ਉਹ ਗੁਜਰਾਤ ਦੇ ਕਾਲ ਦੌਰਾਨ ਰਿਲੀਫ਼ ਕੰਮਾਂ ਵਿਚ ਗਏ, 1904 ਵਿਚ ਕਾਂਗੜਾ ਵਿਚ, 1905 ਵਿਚ ਜੇਹਲਮ ਵਿਚ ਹੜ੍ਹ—ਹਰ ਜਗ੍ਹਾ ਉਹ ਪਹੁੰਚਦੇ ਸਨ। ਕਾਮਾਗਾਟਾਮਾਰੂ ਦੇ ਬਾਬਾ ਗੁਰਦਿੱਤ ਸਿੰਘ ਆਪਣੀ ਫ਼ਰਾਰੀ ਦੌਰਾਨ ਉਨ੍ਹਾਂ ਦੇ ਸੰਪਰਕ ਵਿਚ ਸਨ। ਦਿੱਲੀ ਸਾਜ਼ਸ਼ ਕੇਸ ਦੇ ਮਾਸਟਰ ਅਮੀਰ ਚੰਦ, ਭਾਈ ਪਰਮਾਨੰਦ, ਸ਼ਚਿੰਦਰਨਾਥ ਸਾਨਿਆਲ (ਕਰਤਾ : 'ਬੰਦੀ ਜੀਵਨ') ਆਦਿ ਨਾਲ ਉਹ ਜੁੜੇ ਹੋਏ ਸਨ। ਕਾਂਗਰਸ ਪਾਰਟੀ ਵਿਚ ਰਹਿੰਦਿਆਂ ਹੀ ਉਨ੍ਹਾਂ ਇਨਕਲਾਬੀ ਕਾਰਕੁਨਾਂ ਨਾਲ ਸੰਬੰਧ ਬਣਾਈ ਰੱਖੇ ਸਨ। ਜੇਲ੍ਹ ਆਉਣਾ-ਜਾਣਾ ਵੀ ਲੱਗਾ ਰਹਿੰਦਾ ਸੀ ਅਤੇ ਇਕ ਵਾਰ ਜੇਲ੍ਹ ਵਿਚ ਬੈਂਤ ਦੀ ਟਿਕਟਿਕੀ ਦੀ ਭਿਆਨਕ ਸਜ਼ਾ ਵੀ ਉਨ੍ਹਾਂ ਭੁਗਤੀ। ਉਨ੍ਹਾਂ ਦੇ ਕਿਰਦਾਰ ਦੀ ਇਸ ਪਿੱਠ-ਭੂਮੀ ਕਾਰਣ ਹੀ ਭਗਤ ਸਿੰਘ ਦੀ ਫਾਂਸੀ ਸਮੇਂ ਉਨ੍ਹਾਂ ਵੱਲੋਂ ਰਹਿਮ ਦੀ ਚਿੱਠੀ ਲਿਖਣ ਕਰ ਕੇ ਭਗਤ ਸਿੰਘ ਨੂੰ ਚੋਟ ਤੇ ਠੇਸ ਲੱਗੀ ਸੀ।

ਸ. ਕਿਸ਼ਨ ਸਿੰਘ 1937 ਵਿਚ ਪੰਜਾਬ ਅਸੈਂਬਲੀ ਲਈ ਬਿਨਾਂ ਮੁਕਾਬਲਾ ਮੈਂਬਰ ਚੁਣੇ ਗਏ ਸਨ। ਉਨ੍ਹਾਂ ਦੇ ਮੁਕਾਬਲੇ ਖੜੇ ਹੋਣ ਵਾਲੇ ਜਾਗੀਰਦਾਰ ਦੀ ਉਨ੍ਹਾਂ ਦਾ ਸਾਹਮਣਾ ਕਰਨ ਦੀ ਹਿੰਮਤ ਹੀ ਨਹੀਂ ਹੋਈ ਸੀ। ਪਰ ਇਸ ਤੋਂ ਪਹਿਲਾਂ ਇਕ ਹੋਰ ਸੀਟ ਲਈ ਕਾਂਗਰਸ ਪਾਰਟੀ ਤੋਂ ਬਿਨਾਂ ਪੁੱਛੇ ਉਨ੍ਹਾਂ ਤੇਜਾ ਸਿੰਘ ਸੁਤੰਤਰ ਦੇ ਹੱਕ ਵਿਚ ਨਾਂ ਵਾਪਸ ਲੈ ਕੇ ਕਾਮਰੇਡ ਸੁਤੰਤਰ ਨੂੰ ਬਿਨਾਂ ਮੁਕਾਬਲਾ ਚੋਣ ਜਿਤਵਾ ਦਿੱਤੀ ਸੀ।

1939 ਵਿਚ ਉਨ੍ਹਾਂ ਨੂੰ ਅਧਰੰਗ ਦਾ ਦੂਜਾ ਅਟੈਕ ਹੋਇਆ, ਪਰ ਉਹ ਬੜੇ ਹਿੰਮਤੀ ਸਨ। ਉਨ੍ਹਾਂ 73 ਸਾਲ ਦੀ ਉਮਰ ਪੂਰੀ ਕਰ ਕੇ 30 ਮਈ 1951 ਨੂੰ ਅੰਤਲੇ ਸਾਹ ਲਏ। ਮਾਤਾ ਵਿਦਿਆਵਤੀ ਨੇ 20-22 ਵਰ੍ਹੇ ਉਮਰ ਹੋਰ ਪਾਈ ਅਤੇ ਗਿਆਨੀ ਜ਼ੈਲ ਸਿੰਘ ਵਲੋਂ 1972 ਵਿਚ ਉਨ੍ਹਾਂ 'ਪੰਜਾਬ ਮਾਤਾ' ਦੀ ਉਪਾਧੀ ਤੇ ਇਕ ਕਾਰ ਪ੍ਰਾਪਤ ਕੀਤੀ।

1947 ਤੋਂ ਪਹਿਲਾਂ ਭਗਤ ਸਿੰਘ ਦੇ ਤਿੰਨ ਛੋਟੇ ਭੈਣ-ਭਰਾ ਬੀਬੀ ਅਮਰ ਕੌਰ, ਕੁਲਬੀਰ ਸਿੰਘ ਅਤੇ ਕੁਲਤਾਰ ਸਿੰਘ ਆਜ਼ਾਦੀ ਲਹਿਰ ਵਿਚ ਸਰਗਰਮ ਹੋ ਗਏ ਸਨ। ਕੁਲਬੀਰ ਸਿੰਘ ਅਤੇ ਕੁਲਤਾਰ ਸਿੰਘ ਹੁਰਾਂ ਨੇ ਪਿਤਾ ਸ. ਕਿਸ਼ਨ ਸਿੰਘ ਵਾਂਗ ਹੀ ਕਈ-ਕਈ ਵਰ੍ਹੇ ਜੇਲ੍ਹ-ਨਜ਼ਰਬੰਦੀ ਕੱਟੀ। 1947 ਤੋਂ ਬਾਅਦ ਭਗਤ ਸਿੰਘ ਦੇ ਲਗਭਗ ਸਾਰੇ ਭੈਣ-ਭਰਾਵਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਸਿਆਸਤ ਵਿਚ ਹਿੱਸਾ ਲਿਆ।

ਭਗਤ ਸਿੰਘ ਦੇ ਛੋਟੇ ਭਰਾਵਾਂ ਵਿਚੋਂ ਕੁਲਬੀਰ ਸਿੰਘ ਅਤੇ ਬੀਬੀ ਅਮਰ ਕੌਰ ਭਾਰਤੀ ਜਨਸੰਘ ਦੇ ਮੈਂਬਰ ਰਹੇ। ਕੁਲਬੀਰ ਸਿੰਘ ਇਕ ਵਾਰ ਫਿਰੋਜ਼ਪੁਰ ਤੋਂ ਐਮ.ਐਲ.ਏ. ਵੀ ਰਹੇ। 1970ਵਿਆਂ ਵਿਚ ਹੀ ਉਨ੍ਹਾਂ ਦਾ ਜਨਸੰਘ ਤੋਂ ਮੋਹ ਭੰਗ ਹੋਇਆ। ਕੁਲਤਾਰ ਸਿੰਘ ਸ਼ੁਰੂ ਤੋਂ ਹੀ ਕਾਂਗਰਸ ਪਾਰਟੀ ਵਿਚ ਰਹੇ ਅਤੇ ਸਹਾਰਨਪੁਰ ਤੋਂ ਐਮ.ਐਲ.ਏ. ਵੀ ਰਹੇ ਅਤੇ ਨਾਰਾਇਣ ਦੱਤ ਤਿਵਾੜੀ ਦੀ ਸਰਕਾਰ ਵਿਚ ਮੰਤਰੀ ਵੀ ਰਹੇ। ਤਰਾਈ ਦੇ ਇਲਾਕੇ ਵਿਚ ਵੱਸੇ ਰਣਬੀਰ ਸਿੰਘ ਜਨਤਾ ਪਾਰਟੀ ਦੇ ਨੇੜੇ ਰਹੇ, ਜਦਕਿ ਰਾਜਿੰਦਰ ਸਿੰਘ ਹੁਰੀਂ ਕੁਝ ਹੱਦ ਤੱਕ ਜਨਸੰਘ ਦੇ ਨੇੜੇ ਰਹੇ। 1970ਵਿਆਂ ਵਿਚ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਸਾਹਮਣੇ ਆਉਣ ਨਾਲ ਅਤੇ ਉਨ੍ਹਾਂ ਦੇ ਸਮਾਜਵਾਦੀ ਵਿਚਾਰਾਂ ਦੇ ਸਪੱਸ਼ਟ ਹੋਣ ਨਾਲ ਪਰਵਾਰ ਦੇ ਮੈਂਬਰ ਜਨਸੰਘ ਤੋਂ ਦੂਰ ਹੋਣਾ ਸ਼ੁਰੂ ਹੋਏ ਅਤੇ ਜਨਸੰਘ ਨੇ ਵੀ ਭਗਤ ਸਿੰਘ ਦੇ ਵਿਚਾਰਾਂ ਤੋਂ ਵਿੱਥ ਬਣਾਉਣੀ ਸ਼ੁਰੂ ਕੀਤੀ। ਬੀਬੀ ਪ੍ਰਕਾਸ਼ ਕੌਰ ਅਤੇ ਬੀਬੀ ਸ਼ਕੁੰਤਲਾ ਦੇ ਪਰਵਾਰ ਨੇ ਬਹੁਤ ਸਿਆਸੀ ਸਰਗਰਮੀ ਨਹੀਂ ਕੀਤੀ ਹਾਲਾਂਕਿ ਦਹਿਸ਼ਤ-ਗਰਦੀ ਦੇ ਦੌਰ ਵਿਚ ਪੁਲਿਸ ਵਲੋਂ ਬੀਬੀ ਪ੍ਰਕਾਸ਼ ਕੌਰ ਦੇ ਨੇੜਲੇ ਰਿਸ਼ਤੇਦਾਰ ਨੂੰ ਵੀ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ। ਬੀਬੀ ਪ੍ਰਕਾਸ਼ ਕੌਰ ਨੂੰ ਹੀ ਬੀਬੀ ਸੁਮਿੱਤਰਾ ਦੇਵੀ ਦਾ ਨਾਂ ਵੀ ਦਿੱਤਾ ਗਿਆ ਸੀ।

ਭਗਤ ਸਿੰਘ ਦੇ ਛੋਟੇ ਭੈਣ-ਭਰਾਵਾਂ ਵਿਚੋਂ ਸਭ ਤੋਂ ਵੱਡਾ ਤੇ ਫੈਲਿਆ ਪਰਵਾਰ ਬੀਬੀ ਅਮਰ ਕੌਰ ਦਾ ਹੈ। ਜਿਸ ਦੇ ਕਈ ਬੱਚਿਆਂ ਵਿਚੋਂ ਇਕ ਪ੍ਰੋ. ਜਗਮੋਹਨ ਸਿੰਘ ਨੇ ਭਗਤ ਸਿੰਘ ਦੀ ਇਨਕਲਾਬੀ ਪਰੰਪਰਾ ਨੂੰ ਲਿਖਤਾਂ ਰਾਹੀਂ ਸਾਂਭਣ ਦੇ ਜਤਨ ਕੀਤੇ ਹਨ। ਅੱਗੇ ਇਨ੍ਹਾਂ ਭੈਣ-ਭਰਾਵਾਂ ਸਣੇ ਪ੍ਰੋ. ਜਗਮੋਹਨ ਸਿੰਘ ਦੇ ਬਹੁਤੇ ਬੱਚੇ ਵਿਦੇਸ਼ਾਂ ਵਿਚ ਕੰਮ-ਕਾਰ ਜਾਂ ਸਿੱਖਿਆ ਖੇਤਰ ਵਿਚ 'ਸੈਂਟਲ' ਹੋ ਗਏ ਹਨ। ਕੁਲਬੀਰ ਸਿੰਘ ਦੇ ਬੇਟੇ—ਬਾਬਰ ਸਿੰਘ (ਹੁਣ ਸਵਰਗੀ) ਅਤੇ ਅਭੈ ਸਿੰਘ ਵੀ ਕੁਝ ਹੱਦ ਤਕ ਸਰਗਰਮ ਹਨ। ਬਾਬਰ ਸਿੰਘ ਨੇ ਕੁਝ ਸੰਸਥਾਵਾਂ ਬਣਾਈਆਂ ਹਨ ਅਤੇ ਇਹ ਪਰਵਾਰ ਫਰੀਦਾਬਾਦ ਵਿਚ ਹੈ (ਬਾਬਰ ਸਿੰਘ ਵੀ ਚਲ ਵੱਸੇ ਹਨ)। ਅਭੈ ਸਿੰਘ ਨੇ ਇਨ੍ਹੀਂ ਦਿਨੀਂ ਹਿੰਦੀ-ਪੰਜਾਬੀ ਵਿਚ ਕਾਫੀ ਲਿਖਣਾ ਸ਼ੁਰੂ ਕੀਤਾ ਹੈ ਅਤੇ ਉਹ ਪੰਚਕੂਲਾ ਵਿਖੇ ਰਹਿ ਰਿਹਾ ਹੈ। ਇਨ੍ਹਾਂ ਦੀ ਅਗਲੀ ਪੀੜ੍ਹੀ ਹਾਲੀਂ ਪੜ੍ਹਾਈ-ਲਿਖਾਈ ਜਾਂ ਕੰਮ-ਕਾਰ ਦੇ ਰਸਤੇ 'ਤੇ ਹੈ। ਕੁਲਬੀਰ ਸਿੰਘ ਤੋਂ ਛੋਟੇ ਕੁਲਤਾਰ ਸਿੰਘ ਸਿਆਸੀ ਰੂਪ ਵਿਚ ਸਭ ਤੋਂ ਵੱਧ ਚੇਤੰਨ ਸਨ ਅਤੇ ਭਗਤ ਸਿੰਘ ਦੇ ਵਿਚਾਰਾਂ ਦੇ ਇਨਕਲਾਬੀ ਵਿਰਸੇ ਨੂੰ ਚੰਗੀ ਤਰ੍ਹਾਂ ਸਮਝਦੇ ਸਨ। 85 ਸਾਲਾਂ ਦੀ ਉਮਰ ਵਿਚ ਉਹ ਇਨ੍ਹਾਂ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਹਿਤ ਲੱਗੇ ਰਹਿ ਕੇ 5 ਸਤੰਬਰ 2004 ਨੂੰ ਉਨ੍ਹਾਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਅੰਤਲੇ ਸਾਹ ਲਏ। ਉਨ੍ਹਾਂ ਦੇ ਦੋ ਬੇਟੇ—ਜ਼ੋਰਾਵਰ ਸਿੰਘ ਅਤੇ ਕਿਰਨਜੀਤ ਸਿੰਘ ਹਨ, ਜੋ ਸਾਰੇ ਸਹਾਰਨਪੁਰ ਰਹਿੰਦੇ ਹਨ। ਉਨ੍ਹਾਂ ਦੀਆਂ ਤਿੰਨੇ ਬੇਟੀਆਂ ਵਿਦੇਸ਼ ਵੱਸੀਆਂ ਹੋਈਆਂ ਸਨ, ਜਿਨ੍ਹਾਂ ਵਿਚੋਂ ਵੀਰਿੰਦਰ ਸੰਧੂ ਨੇ ਆਪਣੀਆਂ ਦੋ ਕਿਤਾਬਾਂ ਨਾਲ ਭਗਤ ਸਿੰਘ ਦੇ ਵਿਚਾਰਾਂ ਦਾ ਪ੍ਰਸਾਰ ਵੀ ਕੀਤਾ।

ਬੀਬੀ ਪ੍ਰਕਾਸ਼ ਕੌਰ ਜਾਂ ਸੁਮਿੱਤਰਾ ਦੇਵੀ ਦੇ ਦੋ ਲੜਕੇ ਅਤੇ ਤਿੰਨ ਲੜਕੀਆਂ ਹਨ, ਜਦਕਿ ਬੀਬੀ ਸ਼ਕੁੰਤਲਾ ਦੇਵੀ ਦਾ ਬੇਟਾ ਗੁਰਦੇਵ ਸਿੰਘ ਅਤੇ ਬੇਟੀ ਜਗੀਰ ਕੌਰ ਹੈ। ਉਤਰਾਂਚਲ ਦੇ ਤਰਾਈ ਇਲਾਕੇ ਦੇ ਬਾਜਪੁਰ ਵਿਚ ਵੱਸੇ ਰਣਬੀਰ ਸਿੰਘ ਅਤੇ ਰਾਜਿੰਦਰ ਸਿੰਘ ਨੇ ਬਹੁਤ ਲੰਮੀ ਉਮਰ ਨਹੀਂ ਭੋਗੀ। ਰਣਬੀਰ ਸਿੰਘ ਹੁਰਾਂ ਦਾ ਇਕ ਲੜਕਾ ਅਮਰੀਕਾ ਹੈ ਅਤੇ ਇਕ ਇਧਰ। ਰਾਜਿੰਦਰ ਸਿੰਘ ਹੁਰਾਂ ਦੇ ਵੀ ਦੋ ਬੇਟੇ ਅਤੇ ਤਿੰਨ ਬੇਟੀਆਂ ਹਨ। ਉਨ੍ਹਾਂ ਦਾ ਬਾਜਪੁਰ ਵਿਖੇ 'ਜਨਤਾ ਫਾਰਮ' ਹੈ।

ਏਸ ਵਿਸ਼ਾਲ ਪਰਵਾਰ ਵਿਚ ਅਗਲੀ ਪੀੜ੍ਹੀ ਅਰਥਾਤ ਭਗਤ ਸਿੰਘ ਦੇ ਭਾਣਜਿਆਂ-ਭਤੀਜਿਆਂ ਤੋਂ ਅਗਲੀ ਪੀੜ੍ਹੀ ਵੀ ਕੌਮੀ-ਕਾਰੀਂ ਲੱਗੀ ਹੈ। ਭਗਤ ਸਿੰਘ ਦੇ ਵਿਚਾਰਾਂ ਤੋਂ ਪ੍ਰੇਰਤ ਪ੍ਰਭਾਵਤ ਅਤੇ ਉਨ੍ਹਾਂ ਨੂੰ ਅੱਗੇ ਵਧਾਉਣ ਵਿਚ ਬੀਬੀ ਅਮਰ ਕੌਰ ਤੇ ਉਨ੍ਹਾਂ ਦੇ ਬੇਟੇ ਜਗਮੋਹਨ ਸਿੰਘ, ਕੁਲਬੀਰ ਸਿੰਘ ਅਤੇ ਉਨ੍ਹਾਂ ਦੇ ਦੋਵੇਂ ਪੁੱਤਰਾਂ—ਬਾਬਰ ਸਿੰਘ ਅਤੇ ਅਭੈ ਸਿੰਘ, ਕੁਲਤਾਰ ਸਿੰਘ ਦੀ ਬੇਟੀ ਵੀਰਿੰਦਰ ਸੰਧੂ ਨੇ ਵਧਵੀਂ ਸਰਗਰਮੀ ਕੀਤੀ ਹੈ। ਇਨ੍ਹਾਂ ਸਾਰਿਆਂ ਵਿਚੋਂ ਸਭ ਤੋਂ ਉਘੀ ਭੂਮਿਕਾ ਵੀਰਿੰਦਰ ਸੰਧੂ ਨੇ ਆਪਣੀਆਂ ਦੋ ਕਿਤਾਬਾਂ—'ਭਗਤ ਸਿੰਘ ਔਰ ਉਨਕੇ ਮ੍ਰਿਤਯੁੰਜਓਂ ਪੁਰਖੇ' ਅਤੇ 'ਭਗਤ ਸਿੰਘ ਪੱਤਰ ਔਰ ਦਸਤਾਵੇਜ਼' ਰਾਹੀਂ ਨਿਭਾਈ ਹੈ। ਵੀਰਿੰਦਰ ਸੰਧੂ ਇੰਗਲੈਂਡ ਚਲੇ ਗਏ ਸਨ, ਜਿਥੇ ਉਨ੍ਹਾਂ ਦੇ ਪਤੀ ਨਰੇਸ਼ ਭਾਰਤੀ ਬੀ.ਬੀ.ਸੀ. ਤੋਂ ਰਿਟਾਇਰ ਹੋਏ ਹਨ।

ਕਈ ਵਾਰ ਭਗਤ ਸਿੰਘ ਦੇ ਵਿਸ਼ਾਲ ਪਰਵਾਰ ਦੇ ਕਿਸੇ ਮੈਂਬਰ ਦੀ ਕਿਸੇ ਖ਼ਾਸ ਸਮਾਜਕ ਭੂਮਿਕਾ ਜਾਂ ਸਰਕਾਰ ਤੋਂ ਲਈ ਕਿਸੇ ਰਿਆਇਤ ਕਾਰਨ ਖੱਬੇਪੱਖੀ ਇਨਕਲਾਬੀ ਧੜਬੰਦੀਆਂ ਬੜੀ ਤਿੱਖੀ ਪ੍ਰਤੀਕ੍ਰਿਆ ਕਰਦੀਆਂ ਹਨ, ਇਹ ਪ੍ਰਤੀਕ੍ਰਿਆ ਗ਼ਲਤ ਅਤੇ ਬੇ-ਦਲੀਲੀ ਹੈ, ਕਿਉਂਕਿ ਜੇ ਭਗਤ ਸਿੰਘ ਦਾ ਇਕ ਚਾਚਾ (ਸਕਾ ਨਹੀਂ)—ਦਾਦੇ ਦੇ ਭਰਾ ਦਾ ਮੁੰਡਾ ਦਿਲਬਾਗ ਸਿੰਘ ਬਰਤਾਨਵੀ ਸਰਕਾਰ ਦਾ ਟਾਊਟ ਹੋ ਸਕਦਾ ਸੀ ਤਾਂ ਉਨ੍ਹਾਂ ਦੇ ਵਿਸ਼ਾਲ ਪਰਵਾਰ ਵਿਚੋਂ

ਕੋਈ ਵੀ ਮੈਂਬਰ ਕੋਈ ਵੀ ਭੂਮਿਕਾ ਕਰ ਸਕਦਾ ਹੈ, ਜਿਸ ਨੂੰ ਭਗਤ ਸਿੰਘ ਨਾਲ ਜੋੜਨਾ ਠੀਕ ਨਹੀਂ। ਭਗਤ ਸਿੰਘ ਦੇ ਦਾਦਾ ਅਰਜਨ ਸਿੰਘ, ਪਿਤਾ ਸ. ਕਿਸ਼ਨ ਸਿੰਘ, ਦੋਵੇਂ ਚਾਚਿਆਂ ਸ. ਅਜੀਤ ਸਿੰਘ ਅਤੇ ਸ. ਸਵਰਨ ਸਿੰਘ, ਛੋਟੇ ਭਰਾਵਾਂ—ਕੁਲਬੀਰ ਸਿੰਘ ਅਤੇ ਕੁਲਤਾਰ ਸਿੰਘ ਨੇ **1947** ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਹਿੱਤ ਮਹਾਨ ਕੁਰਬਾਨੀਆਂ ਦਿੱਤੀਆਂ ਅਤੇ ਦੁੱਖ ਝੱਲੇ, ਸਿਰਫ਼ ਇਹ ਚੀਜ਼ ਮਹੱਤਵਪੂਰਨ ਹੈ। **1947** ਤੋਂ ਬਾਅਦ ਦੀ ਅਗਲੀ ਪੀੜ੍ਹੀ ਵਿਚ ਜੇ ਵੀਰਿੰਦਰ ਸੰਧੂ ਜਾਂ ਹੋਰ ਪਰਵਾਰਕ ਮੈਂਬਰਾਂ ਨੇ ਭਗਤ ਸਿੰਘ ਦੀ ਲੋਅ ਜਗਾਈ ਹੋਈ ਹੈ ਤਾਂ ਉਹੋ ਸਲਾਮ ਦੀ ਹੱਕਦਾਰ ਹੈ।

## ਭਗਤ ਸਿੰਘ ਦੀ ਨਿੱਜੀ ਜ਼ਿੰਦਗੀ ਬਾਰੇ

ਭਗਤ ਸਿੰਘ ਦੀ ਨਿੱਜੀ ਜ਼ਿੰਦਗੀ ਦੇ ਪ੍ਰਸੰਗ ਵੀਰਿੰਦਰ ਸੰਧੂ ਦੀ ਕਿਤਾਬ ਅਤੇ ਭਗਤ ਸਿੰਘ ਦੇ ਸਾਥੀਆਂ—ਸੋਹਨ ਸਿੰਘ ਜੋਸ਼, ਅਜੈ ਘੋਸ਼ ਆਦਿ ਦੀਆਂ ਯਾਦਾਂ ਵਿਚੋਂ ਉੱਭਰਦੇ ਹਨ। ਭਗਤ ਸਿੰਘ ਦਾ ਜਨਮ **28** ਸਤੰਬਰ **1907** ਨੂੰ ਸਵੇਰੇ ਕਰੀਬ ਨੌਂ ਵਜੇ ਬੰਗਾ ਪਿੰਡ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਵਿਖੇ ਹੋਇਆ ਸੀ। ਮਹਿਤਾ ਨੰਦ ਕਿਸ਼ੋਰ ਨਾਲ ਤਿੰਨ ਕੁ ਸਾਲ ਦੀ ਉਮਰ ਵਿਚ ਬੰਦੂਕਾਂ (ਦੰਬੂਕਾਂ) ਬੀਜਣ ਵਾਲਾ ਸੰਵਾਦ ਹੋਇਆ। ਪ੍ਰਾਇਮਰੀ ਤਕ ਦੀ ਸਿੱਖਿਆ ਉਨ੍ਹਾਂ ਨੇ ਬੰਗਾ ਸਕੂਲ ਵਿਚ ਪ੍ਰਾਪਤ ਕੀਤੀ। ਪ੍ਰਾਇਮਰੀ ਕਾਲ ਵਿਚ ਹੀ ਉਨ੍ਹਾਂ ਘਰ ਵਿਚ ਪਈਆਂ ਅਜੀਤ ਸਿੰਘ, ਸੂਫ਼ੀ ਅੰਬਾਪ੍ਰਸ਼ਾਦ ਅਤੇ ਲਾਲਾ ਹਰਦਿਆਲ ਦੀਆਂ ਰਚਨਾਵਾਂ ਪੜ੍ਹ ਛੱਡੀਆਂ ਸਨ। ਪ੍ਰਾਇਮਰੀ ਪਾਸ ਕਰਨ ਉਪਰੰਤ ਪਿਤਾ ਨਾਲ ਉਹ ਨਵਾਂਕੋਟ ਲਾਹੌਰ ਗਏ, ਜਿਥੇ ਉਨ੍ਹਾਂ ਨੂੰ ਡੀ.ਏ.ਵੀ. ਸਕੂਲ ਵਿਚ ਦਾਖ਼ਲ ਕਰਵਾਇਆ ਗਿਆ ਜਿਥੋਂ ਉਨ੍ਹਾਂ ਦਾ **1918** ਦਾ **11** ਸਾਲ ਦੀ ਉਮਰ ਵਿਚ ਲਿਖਿਆ ਦਾਦਾ ਜੀ ਨੂੰ ਕਾਰਡ ਉਨ੍ਹਾਂ ਦਾ ਪਹਿਲਾ ਦਸਤਾਵੇਜ਼ ਬਣ ਗਿਆ।

**1919** ਦੇ ਅੰਮ੍ਰਿਤਸਰ ਜਲ੍ਹਿਆਂਵਾਲਾ ਕਾਂਡ ਬਾਅਦ ਭਗਤ ਸਿੰਘ ਉਥੇ ਗਿਆ ਅਤੇ ਉਥੋਂ ਦੀ ਖ਼ੂਨ ਦੀ ਰੰਗੀ ਮਿੱਟੀ ਸ਼ੀਸ਼ੀ ਵਿਚ ਭਰ ਕੇ ਲਿਆਇਆ, **1921** ਦੇ ਅਸਹਿਯੋਗ ਅੰਦੋਲਨ ਸਮੇਂ **14** ਸਾਲ ਦੇ ਭਗਤ ਸਿੰਘ ਨੇ ਸਕੂਲ ਛੱਡ ਕੇ ਦੇਸ਼ਭਗਤੀ ਦਾ ਰਾਹ ਅਪਣਾਇਆ, ਪਰ **1922** ਦੇ ਚੌਰਾ-ਚੌਰੀ ਕਾਂਡ ਤੇ ਗਾਂਧੀ ਜੀ ਵਲੋਂ ਅੰਦੋਲਨ ਵਾਪਸ ਲੈਣ ਤੇ ਬੁਰਾ ਵੀ ਮਹਿਸੂਸ ਕੀਤਾ। ਜੈਦੇਵ ਗੁਪਤਾ ਉਨ੍ਹਾਂ ਦੇ ਸਕੂਲ ਦੇ ਦਿਨਾਂ ਦੇ ਸਾਥੀ ਸਨ। **15** ਸਾਲ ਦੀ ਉਮਰ ਦੇ ਭਗਤ ਸਿੰਘ ਦੇ ਮਨ ਦੇ ਨਾਇਕ ਕਰਤਾਰ ਸਿੰਘ ਸਰਾਭਾ ਬਣੇ, ਜੋ **19** ਵਰ੍ਹਿਆਂ ਦੀ ਉਮਰ ਵਿਚ **1915** ਵਿਚ ਵਿਚ ਫਾਂਸੀ ਚੜ੍ਹੇ ਸਨ।

ਭਗਤ ਸਿੰਘ ਨੂੰ ਮੁੜ ਉਨ੍ਹਾਂ ਦੇ ਪਿਤਾ ਨੇ ਨੈਸ਼ਨਲ ਕਾਲਜ ਵਿਚ ਪੜ੍ਹਨ ਪਾਇਆ, ਉਥੇ ਉਨ੍ਹਾਂ ਦੇ ਅਧਿਐਨ ਅਤੇ ਮਿੱਤਰਤਾ ਦਾ ਘੇਰਾ ਵਧਣਾ ਸ਼ੁਰੂ ਹੋਇਆ। ਸੁਖਦੇਵ ਅਤੇ ਯਸ਼ਪਾਲ ਉਨ੍ਹਾਂ ਦੇ ਕਾਲਜ ਦੇ ਸਾਥੀ ਸਨ। ਰਾਜਾ ਰਾਮ ਸ਼ਾਸਤਰੀ, ਦਵਾਰਕਾ ਦਾਸ ਲਾਇਬ੍ਰੇਰੀ ਦੇ ਇੰਚਾਰਜ ਸਨ। ਇਹ ਸਾਰੇ ਉਨ੍ਹਾਂ ਦੇ ਪਰਮ ਮਿੱਤਰ ਬਣੇ ਅਤੇ ਹੁਣ ਭਗਤ ਸਿੰਘ ਪੂਰੀ ਤਰ੍ਹਾਂ ਇਨਕਲਾਬ ਨੂੰ ਸਮਰਪਿਤ ਕਾਰਕੁੰਨ ਬਣ ਗਿਆ ਸੀ। ਉਹ ਬਹੁਤ ਖ਼ੁਸ਼ਮਿਜਾਜ਼ ਨੌਜਵਾਨ ਬਣ ਕੇ ਉੱਭਰਿਆ ਸੀ ਅਤੇ ਆਪਣੇ ਪੂਰੇ ਆਲੇ-ਦੁਆਲੇ ਵਿਚ ਖ਼ੁਸ਼ੀਆਂ ਬਖੇਰ ਦਿੰਦਾ ਸੀ। ਚੰਗੀਆਂ ਫ਼ਿਲਮਾਂ 'ਅੰਕਲ ਟਾਮਜ਼ ਕੈਬਿਨ' ਆਦਿ ਦੇਖਣ ਦਾ ਬੇਹੱਦ ਸ਼ੌਕੀਨ ਸੀ। **1923** ਵਿਚ ਐਫ.ਏ. ਪਾਸ ਕਰਨ ਉਪਰੰਤ ਭਗਤ ਸਿੰਘ ਤੇ ਵਿਆਹ ਦਾ ਦਬਾਅ, ਖ਼ਾਸ ਕਰ ਦਾਦੀ ਜੈ ਕੌਰ ਵਲੋਂ ਪਾਇਆ ਗਿਆ। ਮਾਨਾਂਵਾਲਾ ਪਿੰਡ ਦੇ ਪਰਵਾਰ ਨਾਲ ਭਗਤ ਸਿੰਘ ਦਾ ਸੰਬੰਧ ਜੋੜਣ ਦੀ ਤਿਆਰੀ ਸੀ। ਪਰ ਭਗਤ ਸਿੰਘ ਨੇ ਪੂਰੀ ਪਕਿਆਈ ਨਾਲ ਇਸ ਰਿਸ਼ਤੇ ਨੂੰ ਮਨ੍ਹਾਂ ਕੀਤਾ ਅਤੇ ਬਿਨਾਂ ਲੜਕੀ ਨੂੰ ਦੇਖੇ, ਘਰੋਂ ਨੱਸ ਕੇ ਕਾਨ੍ਹਪੁਰ ਵਿਖੇ ਗਣੇਸ਼ ਸ਼ੰਕਰ ਵਿਦਿਆਰਥੀ ਹੋਰਾਂ ਕੋਲ ਪਹੁੰਚ ਗਏ ਅਤੇ ਉਥੋਂ ਕਾਰਡ ਲਿਖ ਕੇ ਪਿਤਾ ਜੀ ਨੂੰ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਦੀ ਜ਼ਿੰਦਗੀ 'ਆਜ਼ਾਦੀ-ਏ-ਹਿੰਦ' ਦੇ ਲੇਖੇ ਲੱਗ ਚੁੱਕੀ ਹੈ। ਕਾਨ੍ਹਪੁਰ ਵਿਚ ਇਨਕਲਾਬੀ ਪਾਰਟੀ ਦੇ ਹਰ ਕਾਰਕੁੰਨ ਨਾਲ ਭਗਤ ਸਿੰਘ ਦੇ ਨਿੱਜੀ ਸੰਬੰਧ ਬਣੇ—ਚੰਦਰ ਸ਼ੇਖਰ ਆਜ਼ਾਦ, ਭਗਵਤੀ ਚਰਣ ਵੋਹਰਾ, ਸ਼ਿਵ ਵਰਮਾ, ਅਜੈ ਘੋਸ਼, ਵਿਜੈ ਕੁਮਾਰ ਸਿਨਹਾ, ਰਾਜਗੁਰੂ, ਦੁਰਗਾ ਭਾਬੀ-ਵੋਹਰਾ ਦਾ **2-3** ਸਾਲ ਦਾ ਪੁੱਤਰ ਸ਼ਚਿਨ ਲਈ ਵੀ ਭਗਤ ਸਿੰਘ 'ਲੰਬੂ ਚਾਚਾ' ਤੇ ਦੋਸਤ ਸੀ। ਆਪਣੇ ਇਸੇ ਖ਼ੁਸ਼ਮਿਜਾਜ਼ ਸੁਭਾਅ ਨਾਲ ਭਗਤ ਸਿੰਘ ਨੇ ਜੇਲ੍ਹ ਅੰਦਰ ਵੀ ਦੋਸਤੀਆਂ ਦਾ ਘੇਰਾ ਹੋਰ ਵਧਾਇਆ। ਇਥੋਂ ਤਕ ਕਿ ਦਲਿਤ ਵਾਰਡਰ ਬੋਘਾ ਨੂੰ 'ਬੇਬੇ' ਕਹਿ ਕੇ ਛੇੜ ਪਾਈ ਅਤੇ ਸ਼ਹੀਦ ਹੋਣ ਤੋਂ ਇਕ-ਅੱਧ ਦਿਨ ਪਹਿਲਾਂ ਉਸ ਦੇ ਹੱਥੋਂ ਰੋਟੀ ਪਕਵਾ ਕੇ ਖਾਧੀ। ਭਗਤ ਸਿੰਘ ਵਿਚ ਦਿਲ ਅਤੇ ਦਿਮਾਗ਼, ਜਜ਼ਬਾਤ ਅਤੇ ਚਿੰਤਨ ਦਾ ਅਜਿਹਾ ਸੁਮੇਲ ਸੀ ਕਿ ਜੋ ਦੁਨੀਆਂ ਵਿਚ ਬਹੁਤ ਘੱਟ ਇਨਸਾਨਾਂ ਵਿਚ ਮਿਲਦਾ ਹੈ, ਇਸ ਲਈ ਉਹ ਹਰਦਿਲ ਅਜ਼ੀਜ਼ ਸੀ, ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਦੇ ਦਿਲ ਜਿੱਤ ਲੈਣ ਦੇ ਸਮਰੱਥ। ਅਨੁਸ਼ਾਸਨ ਬੱਧ ਇੰਨਾ ਕਿ ਵਕਤ ਦੇ ਇਕ-ਇਕ ਪਲ ਦਾ ਉਸ ਨੇ ਗਿੰਨ ਕੇ, ਆਪਣੇ ਲਕਸ਼ ਦੀ ਪ੍ਰਾਪਤੀ ਲਈ ਇਸਤੇਮਾਲ ਕੀਤਾ—ਗਿਆਨ ਦੀ ਭੁੱਖ ਇੰਨੀ ਕਿ ਫਾਂਸੀ ਚੜ੍ਹਨ ਤੋਂ ਇਕ ਪਲ ਪਹਿਲਾਂ ਤਕ ਮਾਰਕਸਵਾਦ-ਲੈਨਿਨਵਾਦ ਸਮਝਣ ਲਈ ਅਧਿਐਨਰਤ, ਭਗਤ ਸਿੰਘ ਦੀ ਸ਼ਖ਼ਸੀਅਤ ਤੇ ਫ਼ੈਜ਼ ਦਾ ਇਹ ਸ਼ੇਅਰ ਪੂਰੀ ਤਰ੍ਹਾਂ ਢੁੱਕਦਾ ਹੈ—

ਜਿਸ ਧਜ ਸੇ ਕੋਈ ਮਕਤਲ ਪੇ ਗਯਾ
ਵੋ ਸ਼ਾਨ ਸਲਾਮਤ ਰਹਿਤੀ ਹੈ,
ਯੇ ਜਾਨ ਤੋ ਆਨੀ-ਜਾਨੀ ਹੈ,
ਇਸ ਜਾਂ ਕੀ ਤੋ ਕੋਈ ਬਾਤ ਨਹੀਂ।

ਹਿੰਦੁਸਤਾਨ, ਪਾਕਿਸਤਾਨ ਅਤੇ ਬੰਗਲਾ ਦੇਸ਼—ਇਨ੍ਹਾਂ ਤਿੰਨਾਂ ਮੁਲਕਾਂ ਲਈ ਭਗਤ ਸਿੰਘ ਇਨਕਲਾਬੀ ਮੁਕਤੀ ਦੀ ਵਿਰਾਸਤ ਦਾ ਸਾਂਝਾ ਪ੍ਰਤੀਕ ਹੈ । ਜੇ ਕਦੀ ਵੀ ਇਨ੍ਹਾਂ ਮੁਲਕਾਂ ਵਿਚ ਹਕੀਕੀ ਇਨਕਲਾਬੀ ਲਹਿਰਾਂ ਉੱਠਣਗੀਆਂ ਜਾਂ ਚੱਲ ਰਹੀਆਂ ਹੋਣਗੀਆਂ, ਤਾਂ ਉਨ੍ਹਾਂ ਦੀ ਕਾਮਯਾਬੀ ਭਗਤ ਸਿੰਘ ਦੇ ਦਿਖਾਏ ਰਸਤੇ 'ਤੇ ਚੱਲ ਕੇ ਹੀ ਹੋ ਸਕੇਗੀ । ਇਨ੍ਹਾਂ ਤਿੰਨਾਂ ਮੁਲਕਾਂ ਦੇ ਮੌਜੂਦਾ ਹਾਕਮਾਂ ਵੱਲੋਂ ਉਭਾਰੇ ਕੌਮੀ ਤੁਅੱਸਬ ਵੀ ਭਗਤ ਸਿੰਘ ਨੂੰ ਸਾਂਝਾ ਚਿੰਨ੍ਹ ਮੰਨ ਕੇ ਹੀ ਖ਼ਤਮ ਹੋ ਸਕਣਗੇ ਅਤੇ ਇਨ੍ਹਾਂ ਮੁਲਕਾਂ ਦੇ ਬਾਸ਼ਿੰਦੇ ਇਕ-ਦੂਜੇ ਨੂੰ ਦੁਸ਼ਮਣੀ ਦੀ ਅੱਖ ਨਾਲ ਨਹੀਂ, ਸਗੋਂ ਭਰੱਪਣ ਦੇ ਅਹਿਸਾਸ ਨਾਲ ਭਰ ਕੇ ਬਗ਼ਲਗੀਰ ਹੋ ਸਕਣਗੇ ।

ਨੋਟ : ਭਗਤ ਸਿੰਘ ਦੇ ਚਾਚਾ ਸ. ਅਜੀਤ ਸਿੰਘ ਦੀ ਆਤਮਕਥਾ ਮੁਤਾਬਕ ਉਨ੍ਹਾਂ ਦੇ ਖਾਨਦਾਨ ਦਾ ਜੱਦੀ ਪਿੰਡ ਲਾਹੌਰ ਜ਼ਿਲੇ (ਉਨ੍ਹੀਂ ਦਿਨੀਂ) ਵਿਚ **ਨਾਰਲੀ** ਸੀ, ਜੋ ਅੱਜ ਕੱਲ੍ਹ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੈ । ਉਨ੍ਹਾਂ ਦੇ ਖ਼ਾਨਦਾਨ ਦੇ ਇਕ ਪੁਰਖੇ ਖਟਕੜ ਕਲਾਂ ਦੇ ਜਾਗੀਰਦਾਰ ਖ਼ਾਨਦਾਨ ਦੀ ਇਕਲੌਤੀ ਲੜਕੀ ਨਾਲ ਵਿਆਹ ਹੋਣ ਉਪਰੰਤ ਇਹ ਖ਼ਾਨਦਾਨ ਇਥੇ ਵੱਸ ਗਿਆ । ਇਹ ਖ਼ਾਨਦਾਨੀ ਹਵੇਲੀ ਅੱਜ ਕਲ੍ਹ ਯਾਦਗਾਰ ਬਣ ਗਈ ਹੈ ਅਤੇ ਇਸ ਦੇ ਕੁਝ ਫੋਟੋ ਇਸ ਕਿਤਾਬ ਵਿਚ ਸ਼ਾਮਲ ਹਨ ।

# ਭਗਤ ਸਿੰਘ : ਵਿਚਾਰਾਂ ਦੀ ਸਾਣ 'ਤੇ ਇਨਕਲਾਬ ਦੀ ਤਲਵਾਰ

23 ਮਾਰਚ 2005 ਨੂੰ ਭਗਤ ਸਿੰਘ ਦੀ ਸ਼ਹਾਦਤ ਦੇ 74 ਸਾਲ ਪੂਰੇ ਹੋ ਚੁੱਕੇ ਸਨ ਅਤੇ ਕਰੀਬ ਦੋ ਸਾਲ ਬਾਅਦ ਦੇਸ਼ ਭਗਤ ਸਿੰਘ ਦੀ ਜਨਮ-ਸ਼ਤਾਬਦੀ ਮਨਾ ਚੁੱਕਿਆ ਹੈ । 23 ਮਾਰਚ 1931 ਨੂੰ ਜਦ ਭਗਤ ਸਿੰਘ ਮੁਲਕ ਲਈ ਸ਼ਹੀਦ ਹੋ ਕੇ ਸ਼ਹੀਦ-ਏ-ਆਜ਼ਮ ਕਹਾਇਆ ਤਾਂ ਉਸ ਦੀ ਉਮਰ ਕੁਲ 23 ਵਰ੍ਹੇ ਤੇ ਕੁਝ ਮਹੀਨੇ ਹੀ ਸੀ । ਏਨੀ ਘੱਟ ਉਮਰ ਵਿਚ ਵੀ ਇਕ ਵੇਰਾਂ ਤਾਂ ਦੇਸ਼ ਦੀ ਜਨਤਾ ਨੇ ਉਸ ਨੂੰ ਮਹਾਤਮਾ ਗਾਂਧੀ ਤੋਂ ਵੀ ਵਧ ਕੇ ਸਮਝਿਆ ਸੀ । ਹੌਲੀ-ਹੌਲੀ ਉਸ ਦਾ ਅਕਸ ਮੁਲਕ ਲਈ ਜਾਨ ਕੁਰਬਾਨ ਕਰ ਦੇਣ ਵਾਲੇ ਇਕ ਬਹਾਦਰ ਯੋਧਾ ਦਾ ਬਣਾ ਦਿੱਤਾ ਗਿਆ ਅਤੇ ਇਸ ਅਕਸ ਵਿਚ ਉਸ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਵੱਲੋਂ ਚਲਾਈ ਜਾਂਦੀ ਲਹਿਰ ਦੇ ਪ੍ਰਾਣ-ਤੱਤ ਨੂੰ ਵੀ ਕਾਫ਼ੀ ਹੱਦ ਤਕ ਧੁੰਦਲਾ ਕਰ ਦਿੱਤਾ ਗਿਆ । ਭਗਤ ਸਿੰਘ ਦੀ ਸ਼ਖ਼ਸੀਅਤ ਦੀ ਕੇਂਦਰੀ ਵਿਸ਼ੇਸ਼ਤਾ ਕੀ ਸੀ ਅਤੇ ਉਨ੍ਹਾਂ ਵੱਲੋਂ ਚਲਾਈ ਲਹਿਰ ਦਾ ਪ੍ਰਾਣ-ਤੱਤ ਕੀ ਸੀ ? ਇਹ ਸਵਾਲ ਸੱਤਵੇਂ ਦਹਾਕੇ ਦੇ ਅਖ਼ੀਰ ਤਕ ਆਉਂਦੇ—ਪੂਰੇ ਜ਼ੋਰ ਨਾਲ ਉਠਿਆ ਅਤੇ ਖ਼ਾਸ ਕਰ ਉਨ੍ਹਾਂ ਨੌਜਵਾਨਾਂ ਨੇ ਇਹ ਸਵਾਲ ਉਠਾਇਆ, ਜੋ ਭਗਤ ਸਿੰਘ ਦੀ ਦੇਸ਼ਭਗਤੀ ਦੇ ਜਜ਼ਬੇ ਨੂੰ ਆਪਣੇ ਅੰਦਰ ਧੜਕਦਾ ਮਹਿਸੂਸ ਕਰਦੇ ਸਨ । ਹਾਲਾਂਕਿ ਭਗਤ ਸਿੰਘ ਦੇ ਸਾਥੀਆਂ ਅਜੈ ਘੋਸ਼, ਸੋਹਣ ਸਿੰਘ ਜੋਸ਼, ਸ਼ਿਵ ਵਰਮਾ ਆਦਿ ਨੇ ਭਗਤ ਸਿੰਘ ਦੇ ਵਿਚਾਰਾਂ ਨੂੰ ਸਪੱਸ਼ਟ ਕਰਨ ਦਾ ਜਤਨ ਕੀਤਾ ਅਤੇ ਉਨ੍ਹਾਂ ਦੀ ਇਨਕਲਾਬੀ ਲਹਿਰ ਨੂੰ ਕੌਮ ਦੀ ਮੁਕਤੀ ਦੀ ਵਿਆਪਕ ਲੋਕ-ਲਹਿਰ ਦੇ ਅੰਗ ਰੂਪ ਵਿਚ ਪੇਸ਼ ਕੀਤਾ, ਪਰ ਭਗਤ ਸਿੰਘ ਦੇ ਬਾਰੇ ਵਧੇਰੇ ਲੇਖਨ ਦੇ ਸਾਹਮਣੇ ਨਾ ਆਉਣ ਕਰ ਕੇ, ਭਗਤ ਸਿੰਘ ਦਾ ਅਕਸ ਕੁਝ ਅਜਿਹਾ ਬਣਾ ਦਿੱਤਾ ਗਿਆ ਕਿ 'ਜਾਕੀ ਰਹੀ ਕਾਮਨਾ ਜੈਸੀ, ਭਗਤ ਮੂਰਤੀ ਬਨਾਈ ਤਿਨ ਤੈਸੀ ।'

ਸੋ ਭਗਤ ਸਿੰਘ ਜਨਸੰਘ ਲਈ ਰਾਸ਼ਟਰ ਦਾ ਵੀਰ-ਯੋਧਾ, ਕਾਂਗਰਸ ਅਤੇ ਹੋਰ ਮੱਧਵਰਗੀ ਪਾਰਟੀਆਂ ਲਈ ਕਾਂਗਰਸ ਲਹਿਰ ਦਾ ਪੂਰਕ ਅਤੇ ਖੱਬੇਪੱਖ ਲਈ ਜਨਵਾਦੀ ਲਹਿਰ ਦਾ ਅੰਗ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ । ਭਗਤ ਸਿੰਘ ਦੇ ਪਰਵਾਰ ਦੇ ਮੈਂਬਰਾਂ ਨੇ ਵੀ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਜੁੜ ਕੇ ਇਸ ਧੁੰਦਲੇਪਨ ਨੂੰ ਹੋਰ ਵਧਾਇਆ ।

ਸੱਤਵੇਂ ਦਹਾਕੇ ਦੇ ਅਖ਼ੀਰ ਤਕ ਪਹੁੰਚਦਿਆਂ ਭਗਤ ਸਿੰਘ ਦੀਆਂ ਲਿਖਤਾਂ ਵੱਲ ਧਿਆਨ ਦਿੱਤਾ ਜਾਣ ਲੱਗਿਆ । ਪ੍ਰੋ. ਬਿਪਨ ਚੰਦਰ ਨੇ ਭਗਤ ਸਿੰਘ ਦਾ ਜੇਲ੍ਹ ਵਿਚੋਂ 1930 ਵਿਚ ਭੇਜਿਆ ਉਸ ਦੇ ਜੀਵਨ-ਕਾਲ ਵਿਚ ਹੀ ਪ੍ਰਕਾਸ਼ਤ ਲੇਖ 'ਮੈਂ ਨਾਸਤਕ ਕਿਉਂ ਹਾਂ' ਦੇ ਮੁੜ ਪ੍ਰਕਾਸ਼ਨ ਦੇ ਨਾਲ ਹੀ ਭਗਤ ਸਿੰਘ ਦੇ ਵਿਚਾਰਾਂ ਤੇ ਸ਼ਖ਼ਸੀਅਤ ਸੰਬੰਧੀ ਧੁੰਦ ਸਾਫ਼ ਹੋਣੀ ਸ਼ੁਰੂ ਹੋਈ ਅਤੇ ਇਹ ਲੇਖ ਭਾਰਤ ਦੀਆਂ ਤਕਰੀਬਨ ਸਾਰੀਆਂ ਮੁੱਖ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪਿਆ ਅਤੇ ਇਸ ਲੇਖ ਨੇ ਦੇਸ਼ ਦੇ ਇਨਕਲਾਬੀ ਨੌਜਵਾਨਾਂ ਵਿਚ ਹਲਚਲ ਮਚਾ ਦਿੱਤੀ । ਇਸ ਤੋਂ ਬਾਅਦ ਭਗਤ ਸਿੰਘ ਦੇ ਹੋਰ ਲੇਖਾਂ ਦੇ ਪ੍ਰਕਾਸ਼ਨ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਅਤੇ ਨੌਵੇਂ ਦਹਾਕੇ ਤਕ ਆਉਂਦੇ-ਆਉਂਦੇ ਉਨ੍ਹਾਂ ਦੇ ਵਧੇਰੇ ਲੇਖ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਛਪ ਗਏ । ਇਸੇ ਦੌਰਾਨ ਉਨ੍ਹਾਂ ਦੀ 'ਜੇਲ੍ਹ ਨੋਟ ਬੁੱਕ' ਦੀ ਇਕ ਫੋਟੋਕਾਪੀ ਵੀ ਤੀਨਮੂਰਤੀ ਲਾਇਬਰੇਰੀ ਵਿਚ ਉਨ੍ਹਾਂ ਦੇ ਪਰਵਾਰ ਦੇ ਕਿਸੇ ਮੈਂਬਰ ਨੇ ਰੱਖ ਦਿੱਤੀ, ਜੋ 1994 ਵਿਚ ਹੀ ਛਪ ਸਕੀ । ਭਗਤ ਸਿੰਘ ਦੇ ਲੇਖਾਂ, ਦਸਤਾ-ਵੇਜ਼ਾਂ, ਖ਼ਤਾਂ, ਅਦਾਲਤਾਂ ਵਿਚ ਦਿੱਤੇ ਬਿਆਨਾਂ ਅਤੇ ਜੇਲ੍ਹ ਨੋਟ-ਬੁੱਕ ਵਿਚ ਦਰਜ ਉਸ ਦੀਆਂ ਟਿੱਪਣੀਆਂ ਤੋਂ ਹੁਣ ਭਗਤ ਸਿੰਘ ਦੀ ਸ਼ਖ਼ਸੀਅਤ ਅਤੇ ਵਿਚਾਰਾਂ ਦਾ ਸਪੱਸ਼ਟ ਬਿੰਬ ਬਣ ਚੁੱਕਿਆ ਹੈ ਅਤੇ ਹੁਣ ਉਸ ਦੇ ਵਿਚਾਰਾਂ ਜਾਂ ਸ਼ਖ਼ਸੀਅਤ ਨੂੰ ਧੁੰਦਲਾ ਬਣਾ ਕੇ ਪੇਸ਼ ਕਰਨਾ ਮੁਮਕਿਨ ਨਹੀਂ ਰਹਿ ਗਿਆ ।

ਭਗਤ ਸਿੰਘ ਦੇ ਬਿਆਨਾਂ ਜਾਂ ਦਸਤਾਵੇਜ਼ਾਂ ਤੋਂ ਭਗਤ ਸਿੰਘ ਦਾ ਬਿੰਬ ਕੀ ਬਣਦਾ ਹੈ ? ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਬੇਹੱਦ ਨਿਡਰ ਅਤੇ ਆਪਣੇ ਵਿਚਾਰਾਂ ਲਈ ਹੱਸਦਿਆਂ-ਹੱਸਦਿਆਂ ਜਾਨ ਦੇ ਸਕਣ ਵਿਚ ਸਮਰੱਥ ਸ਼ਖ਼ਸੀਅਤ ਸਨ। ਆਪਣੀ ਫਾਂਸੀ ਦਾ ਦਿਨ ਨੇੜੇ ਆਉਣ 'ਤੇ ਉਸ ਦਾ ਵਜ਼ਨ ਵਧ ਗਿਆ ਸੀ ਅਤੇ ਫਾਂਸੀ ਦੇ ਤਖ਼ਤੇ ਤੇ ਜਾਣ ਤਕ ਦੀ ਘੜੀ ਤਕ ਉਹ ਅਧਿਐਨ ਕਰ ਰਿਹਾ ਸੀ। ਆਖ਼ਰੀ ਸਮੇਂ ਉਸ ਦੇ ਹੱਥਾਂ ਵਿਚ ਲੈਨਿਨ ਦੀ ਕਿਤਾਬ ਸੀ। ਆਖ਼ਰੀ ਸਮੇਂ ਵਿਚ ਇਸ ਕਿਤਾਬ ਦਾ ਹੋਣਾ, ਉਸ ਦੇ ਵਿਚਾਰਾਂ ਨੂੰ ਸਮਝਣ ਦੀ ਕੁੰਜੀ ਹੈ। ਤਰਕਸ਼ੀਲ ਵਿਚਾਰਾਂ ਨਾਲ ਤਾਂ ਭਗਤ ਸਿੰਘ ਦਾ ਝੁਕਾਅ ਇਨਕਲਾਬੀ ਲਹਿਰ ਨਾਲ ਜੁੜਨ ਦੇ ਸਮੇਂ ਤੋਂ ਹੀ ਸੀ, ਜਿਸ ਵਿਚ ਲਗਾਤਾਰ ਵਿਕਾਸ ਹੋ ਰਿਹਾ ਹੈ। ਪੜ੍ਹਨ ਅਤੇ ਲਿਖਣ ਦੀ ਉਸ ਵਿਚ ਕਮਾਲ ਦੀ ਲਗਨ ਸੀ। ਇਨਕਲਾਬੀ ਲਹਿਰ ਜਾਂ ਸਰਗਰਮੀਆਂ ਵਿਚ ਹਿੱਸਾ ਲੈਣ ਦੇ ਪੂਰੇ ਦੌਰ ਵਿਚ ਉਸ ਦਾ ਅਧਿਐਨ ਵੀ ਬਰਾਬਰ ਜਾਰੀ ਰਹਿੰਦਾ ਸੀ। ਸਭ ਤੋਂ ਡੂੰਘੇ ਰੂਪ ਵਿਚ ਉਸ ਦਾ ਧਿਆਨ ਰੂਸ ਦੇ **1917** ਦੇ ਅਕਤੂਬਰ ਇਨਕਲਾਬ ਅਤੇ ਲੈਨਿਨ ਦੀ ਸ਼ਖ਼ਸੀਅਤ ਨੇ ਖਿੱਚਿਆ ਸੀ। ਮੁਲਕ ਵਿਚ ਉਨ੍ਹੀਂ ਦਿਨੀਂ ਮਾਰਕਸਵਾਦੀ ਸਾਹਿਤ ਮਿਲ ਤਾਂ ਜਾਂਦਾ ਸੀ ਪਰ ਬੜੀ ਮੁਸ਼ਕਿਲ ਨਾਲ। ਭਗਤ ਸਿੰਘ ਅਜਿਹਾ ਸਾਹਿਤ ਖੋਜ-ਖੋਜ ਕੇ ਪੜ੍ਹਦਾ ਸੀ। ਨਾਲ ਹੀ ਉਸ ਦੀ ਡੂੰਘੀ ਦਿਲਚਸਪੀ ਸਿਰਜਣਾਤਮਕ ਸਾਹਿਤ ਵਿਚ ਵੀ ਸੀ। ਦੁਨੀਆ ਭਰ ਦਾ ਕਲਾਸਿਕੀ ਸਾਹਿਤ ਉਸ ਨੇ ਕਿਤੋਂ ਨਾ ਕਿਤੋਂ ਲੱਭ ਕੇ ਪੜ੍ਹਿਆ। ਇਸੇ ਨਾਲ ਉਸ ਦਾ ਸਾਹਿਤਕ-ਸਭਿਆਚਾਰਕ ਵਿਵੇਕ ਬਹੁਤ ਸੂਖਮ ਬਣਿਆ। 'ਡਰੀਮਲੈਂਡ ਦੀ ਭੂਮਿਕਾ' ਤੋਂ ਇਸ ਦਾ ਇਹ ਵਿਵੇਕ ਦੇਖਿਆ ਜਾ ਸਕਦਾ ਹੈ। ਸਵੈ-ਅਧਿਐਨ ਨਾਲ ਹੀ ਉਸ ਦਾ ਪੰਜ ਜ਼ਬਾਨਾਂ 'ਤੇ ਪੂਰਾ ਅਧਿਕਾਰ ਸੀ। ਇਹ ਭਾਸ਼ਾਵਾਂ ਸਨ—ਹਿੰਦੀ, ਪੰਜਾਬੀ, ਸੰਸਕ੍ਰਿਤ, ਉਰਦੂ ਤੇ ਅੰਗਰੇਜ਼ੀ। ਚਾਰਾਂ ਹੀ ਭਾਸ਼ਾਵਾਂ ਵਿਚ ਉਸ ਨੇ ਖ਼ੂਬ ਲਿਖਿਆ। ਬੰਗਾਲੀ ਵੀ ਉਸ ਸਿਖ ਲਈ ਸੀ।

ਅਧਿਐਨ ਕਰਨ ਦਾ ਭਗਤ ਸਿੰਘ ਨੂੰ ਖੁੱਲ੍ਹਾ ਮੌਕਾ ਮਿਲਿਆ। **8** ਅਪ੍ਰੈਲ **1929** ਨੂੰ ਅਸੈਂਬਲੀ ਵਿਚ ਬੰਬ ਸੁੱਟਣ ਸੰਬੰਧੀ ਗ੍ਰਿਫ਼ਤਾਰੀ ਦੇਣ ਬਾਅਦ ਫਾਂਸੀ ਤਕ ਕਰੀਬ ਦੋ ਸਾਲ ਉਹ ਜੇਲ੍ਹ ਵਿਚ ਰਿਹਾ ਅਤੇ ਇਸ ਦੌਰਾਨ ਉਸ ਨੇ ਡਟ ਕੇ ਅਧਿਐਨ ਕੀਤਾ। ਉਸ ਦੇ ਅਧਿਐਨ ਮਨਨ ਦਾ ਸਾਕਾਰ ਰੂਪ ਹੈ, ਉਸ ਦੀ 'ਜੇਲ੍ਹ ਨੋਟ-ਬੁੱਕ' ਜੋ **408** ਪੰਨਿਆਂ ਦੀ ਹੈ। ਇਸ ਨੋਟ-ਬੁੱਕ ਵਿਚ ਭਗਤ ਸਿੰਘ ਵੱਲੋਂ ਜੇਲ੍ਹ ਵਿਚ ਪੜ੍ਹੀਆਂ-ਸੁਣੀਆਂ ਅਨੇਕਾਂ ਕਿਤਾਬਾਂ ਦੇ ਨੋਟ ਉਸ ਦੀ ਆਪਣੀ ਲਿਖਾਈ ਵਿਚ ਦਰਜ ਹਨ। ਭਗਤ ਸਿੰਘ ਸਿਰਫ਼ ਪੜ੍ਹਦਾ ਤੇ ਮਨਨ ਹੀ ਨਹੀਂ ਕਰਦਾ ਸੀ, ਸਗੋਂ ਉਸ ਦੇ ਮਨ ਵਿਚ ਭਾਰਤੀ ਇਨਕਲਾਬ ਦੀ ਵਿਚਾਰਧਾਰਾ ਅਤੇ ਇਨਕਲਾਬ ਦੇ ਰੂਪ ਦੀ ਸਪੱਸ਼ਟ ਤਸਵੀਰ ਵੀ ਉੱਭਰ ਕੇ ਸਾਹਮਣੇ ਆ ਰਹੀ ਸੀ। ਆਪਣੇ ਅਧਿਐਨ ਦੇ ਆਧਾਰ 'ਤੇ ਉਸ ਨੇ ਦੁਨੀਆਂ ਭਰ ਵਿਚ ਰਾਜ ਦੇ ਵੱਖ-ਵੱਖ ਪੜਾਵਾਂ ਦੇ ਵਿਸ਼ਲੇਸ਼ਣ ਕਰਨ ਵਾਲੀ ਕਿਤਾਬ ਦੀ ਰੂਪ-ਰੇਖਾ ਤਿਆਰ ਕੀਤੀ ਸੀ, ਜੋ ਨੋਟ-ਬੁੱਕ ਵਿਚ ਦਰਜ ਹੈ। ਅਦਾਲਤ ਵਿਚ ਆਪਣੇ ਕੇਸ ਦੀ ਪੈਰਵੀ ਦੇ ਦੌਰਾਨ ਉਸ ਨੇ ਦੁਨੀਆਂ ਭਰ ਦੀ ਨਿਆਂ-ਵਿਵਸਥਾ ਦਾ ਅਧਿਐਨ ਕੀਤਾ ਸੀ। ਇਹੋ ਕਾਰਨ ਹੈ ਕਿ ਉਸ ਵੱਲੋਂ ਤਿਆਰ ਕੀਤੇ ਅਤੇ ਅਦਾਲਤ ਵਿਚ ਪੜ੍ਹੇ ਗਏ ਬਿਆਨਾਂ 'ਤੇ ਬਰਤਾਨਵੀ ਬਸਤੀਵਾਦੀ ਸਰਕਾਰ ਤਿਲਮਿਲਾ ਉੱਠਦੀ ਸੀ। ਪ੍ਰਸਿੱਧ ਪੱਤਰਕਾਰ ਅਤੇ ਲੇਖਕ ਏ.ਜੀ. ਨੂਰਾਨੀ ਨੇ ਭਗਤ ਸਿੰਘ ਦੇ ਮੁਕੱਦਮੇ 'ਤੇ ਆਪਣੀ ਕਿਤਾਬ ਵਿਚ ਬਿਨਾਂ-ਸ਼ੱਕ ਇਹ ਸਿੱਧ ਕਰ ਦਿੱਤਾ ਹੈ ਕਿ ਦੁਨੀਆਂ ਭਰ ਵਿਚ ਨਿਆਂ-ਵਿਵਸਥਾ ਦਾ ਢੰਡੋਰਾ ਪਿੱਟਣ ਵਾਲੀ ਬਰਤਾਨਵੀ ਸਰਕਾਰ ਨੇ ਨਿਆਂ-ਪ੍ਰਕ੍ਰਿਆ ਦੇ ਸਾਰੇ ਕੁਦਰਤੀ ਅਤੇ ਵਿਵਹਾਰਕ ਰੂਪਾਂ ਨੂੰ ਬੜੀ ਬੇਸ਼ਰਮੀ ਨਾਲ ਤਾਕ 'ਤੇ ਰੱਖ ਕੇ ਭਗਤ ਸਿੰਘ ਨੂੰ ਫਾਂਸੀ ਦਿੱਤੀ ਸੀ। ਬਰਤਾਨਵੀ ਸਰਕਾਰ ਵੱਲੋਂ ਹਰ ਹਾਲਤ ਵਿਚ ਭਗਤ ਸਿੰਘ ਨੂੰ ਫਾਂਸੀ ਚੜ੍ਹਾਉਣ ਦੀ ਜ਼ਿੱਦ ਤੋਂ ਹੀ ਜ਼ਾਹਿਰ ਹੈ ਕਿ ਬਰਤਾਨਵੀ ਬਸਤੀਵਾਦ ਭਗਤ ਸਿੰਘ ਅਤੇ ਉਸ ਦੇ ਵਿਚਾਰਾਂ ਦੀ ਤਾਕਤ ਤੋਂ ਭੈਭੀਤ ਸੀ। ਭਗਤ ਸਿੰਘ ਉਸ ਨੂੰ ਇਕ ਸ਼ਕਤੀਸ਼ਾਲੀ ਕੌਮੀ ਹੀਰੋ, ਜੋ ਆਪਣੀ ਕੌਮ ਦੀ ਬਸਤੀਵਾਦ ਤੋਂ ਸੱਚੀ ਮੁਕਤੀ ਚਾਹੁੰਦਾ ਸੀ, ਨਜ਼ਰ ਆਉਂਦਾ ਸੀ ਜਿਵੇਂ ਕਿ ਭਗਤ ਸਿੰਘ ਨੇ ਆਪਣੇ ਦਸਤਾਵੇਜ਼ਾਂ ਵਿਚ ਕਿਹਾ ਹੈ ਕਿ ਅਸੀਂ ਕਿਸੇ ਗੋਰੇ ਦੀ ਜਗ੍ਹਾ ਕਾਲੇ ਨੂੰ ਹਕੂਮਤ ਸੰਭਾਲਣ ਲਈ ਨਹੀਂ, ਸਗੋਂ ਲੁੱਟ-ਖਸੁੱਟ 'ਤੇ ਆਧਾਰਿਤ ਪੂਰੇ ਢਾਂਚੇ ਨੂੰ ਮੂਲੋਂ-ਚੂਲੋਂ ਬਦਲਣ, ਇਕ ਇਨਕਲਾਬੀ ਤਬਦੀਲੀ ਲਈ ਲੜ ਰਹੇ ਹਾਂ।' ਸਗੋਂ ਭਗਤ ਸਿੰਘ ਵਿਚ ਬਰਤਾਨਵੀ ਬਸਤੀਵਾਦ ਨੂੰ ਏਸ਼ੀਆ ਵਿਚ ਉੱਭਰ ਰਿਹਾ ਲੈਨਿਨ ਨਜ਼ਰ ਆਉਂਦਾ ਸੀ, ਜਿਸ ਤੋਂ ਨਾ ਸਿਰਫ਼ ਬਰਤਾਨਵੀ ਬਸਤੀਵਾਦ ਵਿਰੋਧੀ ਇਨਕਲਾਬ ਅੱਗੇ ਵਧ ਰਿਹਾ ਸੀ ਅਤੇ ਜੇ ਭਗਤ ਸਿੰਘ ਨੂੰ ਜਿਉਂਦਾ ਰਹਿਣ ਦਿੱਤਾ ਜਾਂਦਾ ਤਾਂ ਭਾਰਤ ਵਿਚ ਵੀ ਅਜਿਹੀਆਂ ਸੰਭਾਵਨਾਵਾਂ ਬਣ ਸਕਦੀਆਂ ਸਨ, ਜਿਨ੍ਹਾਂ ਤੋਂ ਦੁਨੀਆ ਦੇ ਸਾਮਰਾਜਵਾਦੀ ਬਚਣਾ ਚਾਹੁੰਦੇ ਸਨ। ਭਗਤ ਸਿੰਘ ਦੀ 'ਜੇਲ੍ਹ ਨੋਟ-ਬੁੱਕ' ਅਤੇ ਉਸ ਦੇ ਅਦਾਲਤ ਵਿਚ ਦਿੱਤੇ ਬਿਆਨਾਂ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਭਗਤ ਸਿੰਘ ਆਪਣੇ ਵਿਚਾਰਾਂ ਵਿਚ ਮਾਰਕਸਵਾਦ ਨੂੰ ਅਪਣਾ ਚੁੱਕਿਆ ਸੀ ਅਤੇ ਭਾਰਤ ਵਿਚ ਬਰਤਾਨਵੀ ਬਸਤੀਵਾਦ ਤੋਂ ਮੁਕਤੀ ਲਈ ਵਿਸ਼ਾਲ ਲੋਕ-ਲਹਿਰ ਸ਼ੁਰੂ ਕਰਨਾ ਚਾਹੁੰਦਾ ਸੀ, ਜਿਸ ਵਿਚ ਮੁੱਖ ਭੂਮਿਕਾ ਕਿਸਾਨਾਂ ਤੇ ਮਜ਼ਦੂਰਾਂ ਦੀ ਹੋਣੀ ਸੀ। ਵਿਦਿਆਰਥੀਆਂ ਅਤੇ ਨੌਜਵਾਨਾਂ 'ਤੇ ਉਸ ਦਾ ਸਭ ਤੋਂ ਵੱਧ ਅਸਰ ਉਦੋਂ ਵੀ ਸੀ ਅਤੇ ਹੁਣ ਵੀ ਹੈ।

ਸਭ ਤੋਂ ਅਜੀਬ ਗੱਲ ਇਹ ਹੈ ਕਿ ਭਗਤ ਸਿੰਘ ਦੀ ਇਨਕਲਾਬੀ ਸ਼ਖ਼ਸੀਅਤ ਅਤੇ ਵਿਚਾਰਾਂ ਦਾ ਸਭ ਤੋਂ ਜ਼ੋਰਦਾਰ ਪ੍ਰਭਾਵ ਇਸ ਵੇਲੇ ਉੱਤਰ ਪ੍ਰਦੇਸ਼ ਅਤੇ ਬਿਹਾਰ ਵਰਗੇ ਰਾਜਾਂ ਵਿਚ ਹੈ ਜਿੱਥੇ ਉਸ ਦੀਆਂ ਲਿਖਤਾਂ ਨੂੰ ਸਭ ਤੋਂ ਵੱਧ ਪ੍ਰਚਾਰਤ ਕੀਤਾ ਜਾ ਰਿਹਾ ਹੈ ਅਤੇ ਕਾਲਜਾਂ-ਯੂਨੀਵਰਸਿਟੀਆਂ ਦੇ ਵਿਦਿਆਰਥੀ ਉਸ ਦੇ ਵਿਚਾਰਾਂ ਤੋਂ ਪ੍ਰੇਰਨਾ ਲੈ ਰਹੇ ਸਨ।

ਭਗਤ ਸਿੰਘ ਦੀ ਯਾਦ ਵਿਚ ਸਰਕਾਰੀ ਸਮਾਗਮ ਆਪਣੇ ਤੌਰ 'ਤੇ ਹੁੰਦੇ ਰਹਿੰਦੇ ਹਨ, ਜਿਨ੍ਹਾਂ ਵਿਚ ਸ਼ਰਧਾਂਜਲੀਆਂ ਦੀਆਂ ਰਸਮਾਂ 'ਤੇ ਜ਼ਿਆਦਾ ਜ਼ੋਰ ਹੁੰਦਾ ਹੈ । ਪਰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਸੱਚੀ ਸ਼ਰਧਾਂਜਲੀ ਤਾਂ ਉਨ੍ਹਾਂ ਦੇ ਵਿਚਾਰਾਂ ਦੇ ਅਧਿਐਨ-ਮਨਨ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਲੋਅ ਵਿਚ ਭਾਰਤ ਸਮਾਜ ਦੇ ਵਿਆਪਕ ਰੂਪਾਂਤਰਣ ਦੀ ਦਿਸ਼ਾ ਵਿਚ ਸੋਚਣ, ਕਾਰਜ-ਯੋਜਨਾ ਬਣਾਉਣ ਅਤੇ ਉਸ ਕਾਰਜ-ਯੋਜਨਾ ਨੂੰ ਵਿਵਹਾਰਕ ਰੂਪ ਦੇਣ ਦੀ ਦਿਸ਼ਾ ਵੱਲ ਕਦਮ ਵਧਾਉਣ ਵਿਚ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਭਗਤ ਸਿੰਘ ਦੀਆਂ ਲਿਖਤਾਂ, ਉਸ ਦੀ 'ਜੇਲ੍ਹ ਨੋਟ-ਬੁੱਕ' ਹਾਸਲ ਹੋਵੇ, ਜੋ ਹਾਲੀਂ ਸਿਰਫ ਕੁਝ ਹੀ ਭਾਸ਼ਾਵਾਂ ਵਿਚ ਮਿਲਦੀਆਂ ਹਨ ।

ਇਹ ਤੱਥ ਹੈ ਕਿ ਇੱਕੀਵੀਂ ਸਦੀ ਵਿਚ ਭਾਰਤ ਦਾ ਸੱਚਾ ਲੋਕ-ਨਾਇਕ, ਜੋ ਦੇਸ਼ ਦੀ ਵਿਆਪਕ ਜਨਤਾ ਦੀਆਂ ਭਾਵਨਾਵਾਂ ਦੀ ਨੁਮਾਇੰਦਗੀ ਕਰੇਗਾ, ਉਹ ਭਗਤ ਸਿੰਘ ਹੀ ਹੋਵੇਗਾ । ਜਿਸ ਸਮੇਂ ਭਾਰਤੀ ਜਨਤਾ ਭਗਤ ਸਿੰਘ ਦੀ ਸ਼ਖ਼ਸੀਅਤ ਅਤੇ ਉਸ ਦੇ ਵਿਚਾਰਾਂ ਦੇ ਮਹੱਤਵ ਨੂੰ ਸਹੀ ਅਰਥਾਂ ਵਿਚ ਸਮਝ ਲਵੇਗੀ—ਉਹ ਸਮਾਂ ਭਾਰਤੀ ਜਨਤਾ ਦੀ ਸੱਚੀ ਮੁਕਤੀ ਦੇ ਅੰਤਿਮ ਸੰਘਰਸ਼ ਦੀ ਸ਼ੁਰੂਆਤ ਦਾ ਹੋਵੇਗਾ । ਅੱਜ ਦੀਆਂ ਬੇਹੱਦ ਨਿਰਾਸ਼ਾਜਨਕ ਹਾਲਤਾਂ ਦੇ ਬਾਵਜੂਦ ਉਹ ਸਮਾਂ ਸ਼ਾਇਦ ਵਧੇਰੇ ਦੂਰ ਨਹੀਂ ਹੋਵੇਗਾ ।

## ਅੱਜ ਦੀ ਦੁਨੀਆ ਅਤੇ ਭਗਤ ਸਿੰਘ ਦੇ ਵਿਚਾਰਾਂ ਦੀ ਪ੍ਰਾਸੰਗਿਕਤਾ

*"ਇਨਕਲਾਬ ਦਾ ਅਰਥ ਮੌਜੂਦਾ ਸਮਾਜਕ ਢਾਂਚੇ ਵਿਚ ਪੂਰਨ ਤਬਦੀਲੀ ਅਤੇ ਸਮਾਜਵਾਦ ਦੀ ਸਥਾਪਨਾ ਹੈ । ਅਸੀਂ ਸਮਾਜਵਾਦੀ ਇਨਕਲਾਬ ਚਾਹੁੰਦੇ ਹਾਂ, ਜਿਸ ਲਈ ਬੁਨਿਆਦੀ ਲੋੜ ਇਨਕਲਾਬ ਦੀ ਹੈ । ਅਸੀਂ ਇਹੋ ਚਾਹੁੰਦੇ ਹਾਂ । ਇਨਕਲਾਬ ਦਾ ਸਿਰਫ ਇਕ ਹੀ ਅਰਥ ਹੋ ਸਕਦਾ ਹੈ—ਜਨਤਾ ਦੁਆਰਾ ਰਾਜਨੀਤਿਕ ਸ਼ਕਤੀ ਹਾਸਲ ਕਰਨਾ । ਬਾਕੀ ਸਾਰੀਆਂ ਬਗਾਵਤਾਂ ਤਾਂ ਮਾਲਕਾਂ ਦੀ ਤਬਦੀਲੀ ਰਾਹੀਂ ਪੂੰਜੀਵਾਦ ਦੀ ਸੜ੍ਹਾਂਦ ਨੂੰ ਹੀ ਅੱਗੇ ਵਧਾਉਂਦੀਆਂ ਹਨ । ਸਾਡੀ ਆਜ਼ਾਦੀ ਦਾ ਅਰਥ ਸਿਰਫ਼ ਅੰਗਰੇਜ਼ੀ ਚੁੰਗਲ ਤੋਂ ਛੁਟਕਾਰਾ ਪਾਉਣ ਦਾ ਨਾਂ ਨਹੀਂ, ਸਗੋਂ ਉਹ ਪੂਰਨ ਆਜ਼ਾਦੀ ਦਾ ਨਾਂ ਹੈ, ਜਦ ਲੋਕ ਆਪਸ ਵਿਚ ਘੁਲ-ਮਿਲ ਕੇ ਰਹਿਣਗੇ ਅਤੇ ਦਿਮਾਗੀ ਗੁਲਾਮੀ ਤੋਂ ਆਜ਼ਾਦ ਹੋ ਜਾਣਗੇ ।"*

*(ਭਗਤ ਸਿੰਘ)*

"ਭਗਤ ਸਿੰਘ ਪੰਜਾਬ ਦਾ ਪਹਿਲਾ ਬੁੱਧੀਜੀਵੀ ਸੀ, ਜਿਸ ਨੇ ਸਮਾਜ ਦੀ ਰੂਪ-ਰੇਖਾ ਸੰਬੰਧੀ ਵਿਗਿਆਨਕ ਢੰਗ ਨਾਲ ਵਿਚਾਰ ਕੀਤਾ । ਉਹ ਪਹਿਲਾ ਬੁੱਧੀਮਾਨ ਸੀ, ਜਿਸ ਨੇ ਦੁੱਖਾਂ, ਸਮੱਸਿਆਵਾਂ ਦੇ ਅੰਤਿਮ ਸਤਹ ਦੀ ਡੂੰਘੀ ਤਹਿ ਵਿਚ ਲੁਕੇ ਜਮਾਤੀ ਅੰਤਰ-ਵਿਰੋਧਾਂ ਨੂੰ ਦੇਖਿਆ, ਜਿਸ ਦੇ ਮਨ ਵਿਚ ਸਮਾਜਕ ਸੁਧਾਰ ਦਾ ਕੋਈ ਨਿਸ਼ਚਿਤ ਦ੍ਰਿਸ਼ਟੀਕੋਣ ਸੀ ।" (ਪਾਸ਼)

"ਭਗਤ ਸਿੰਘ ਕਿਤਾਬਾਂ ਨੂੰ ਅਸਲ ਵਿਚ ਪੜ੍ਹਦਾ ਹੀ ਨਹੀਂ, ਨਿਗਲਦਾ ਸੀ, ਫਿਰ ਵੀ ਉਸ ਦੀ ਪਿਆਸ ਸਦਾ ਅਣਬੁਝੀ ਹੀ ਰਹਿੰਦੀ ਸੀ । ਭਗਤ ਸਿੰਘ ਪੁਸਤਕਾਂ ਦਾ ਅਧਿਐਨ ਕਰਦਾ, ਨੋਟਸ ਬਣਾਉਂਦਾ, ਆਪਣੇ ਸਾਥੀਆਂ ਨਾਲ ਵਿਚਾਰ-ਵਟਾਂਦਰਾ ਕਰਦਾ ਅਤੇ ਇਸ ਪ੍ਰਕ੍ਰਿਆ ਵਿਚ ਆਪਣੀ ਸਮਝ ਵਿਚ ਜੋ-ਜੋ ਗ਼ਲਤੀਆਂ ਦਿਖਾਈ ਦਿੰਦੀਆਂ, ਉਨ੍ਹਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦਾ । ਨਤੀਜੇ ਵਜੋਂ 1928 ਦੇ ਸ਼ੁਰੂ ਵਿਚ ਉਨ੍ਹਾਂ ਆਰਜ਼ਾਕਤਾਵਾਦ ਨੂੰ ਛੱਡ ਕੇ ਸਮਾਜਵਾਦ ਨੂੰ ਨਿਸ਼ਾਨੇ ਵਜੋਂ ਸਵੀਕਾਰ ਕਰ ਲਿਆ ।" (ਸ਼ਿਵ ਵਰਮਾ)

ਕਿਸੇ ਵੀ ਦੇਸ਼ ਜਾਂ ਕਿਸੇ ਵੀ ਸਮਾਜ ਦੀਆਂ ਹਾਲਾਤਾਂ ਉਸ ਦੇਸ਼ ਜਾਂ ਸਮਾਜ ਵਿਚ ਵਕਤ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਵਿਅਕਤੀਤਵ ਵੀ ਪੈਦਾ ਕਰਦੀਆਂ ਹਨ । ਭਗਤ ਸਿੰਘ ਭਾਰਤ ਵਿਚ ਵਿਸ਼ੇਸ਼ ਕਾਲ-ਖੰਡ ਵਿਚ ਪੈਦਾ ਹੋਏ ਅਜਿਹੇ ਹੀ ਵਿਅਕਤੀਤਵ ਸਨ । ਬਰਤਾਨਵੀ ਬਸਤੀਵਾਦ ਨੇ ਭਾਰਤੀ ਸਮਾਜ ਵਿਚ ਆਪਣੀ ਲੁੱਟ-ਖਸੁੱਟ ਅਤੇ ਦਮਨ ਰਾਹੀਂ ਜੋ ਹਾਲਾਤ ਪੈਦਾ ਕੀਤੇ, ਭਗਤ ਸਿੰਘ ਉਨ੍ਹਾਂ ਹਾਲਾਤਾਂ ਦਾ ਮੋੜਵਾਂ ਇਨਕਲਾਬੀ ਜਵਾਬ ਸਨ । ਬਰਤਾਨਵੀ ਬਸਤੀਵਾਦੀ ਕਿਉਂਕਿ ਭਗਤ ਸਿੰਘ ਦੇ ਵਿਚਾਰਾਂ ਦੀ ਤਾਕਤ ਤੋਂ ਭਲੀਭਾਂਤ ਜਾਣੂ ਸਨ, ਇਸ ਲਈ ਉਸ ਨੇ ਭਗਤ ਸਿੰਘ ਨੂੰ ਸਰੀਰਕ ਰੂਪ ਵਿਚ ਫੌਰਨ ਖ਼ਤਮ ਕਰਨ ਵਿਚ ਹੀ ਆਪਣੀ ਭਲਾਈ ਸਮਝੀ । ਪਰ ਭਗਤ ਸਿੰਘ ਇਹ ਜਾਣਦਾ ਸੀ ਕਿ ਬਰਤਾਨਵੀ ਬਸਤੀਵਾਦ ਉਸ ਨੂੰ ਸਰੀਰਕ ਰੂਪ ਵਿਚ ਖ਼ਤਮ ਕਰ ਕੇ ਵੀ ਉਸ ਨੂੰ ਅਤੇ ਉਨ੍ਹਾਂ ਦੇ ਅੰਦੋਲਨ ਰਾਹੀਂ ਉਤਪੰਨ ਇਨਕਲਾਬੀ ਲਹਿਰ ਨੂੰ ਖ਼ਤਮ ਨਹੀਂ ਕਰ ਸਕੇਗਾ । ਸਾਢੇ ਤੇਈ ਵਰ੍ਹਿਆਂ ਦੀ ਅੱਲ੍ਹੜ ਉਮਰ ਵਿਚ ਭਗਤ ਸਿੰਘ ਇਸੇ ਅਟੁੱਟ ਵਿਸ਼ਵਾਸ ਨਾਲ **23** ਮਾਰਚ **1931** ਨੂੰ ਫਾਂਸੀ ਦੇ ਤਖ਼ਤੇ ਤੇ ਝੂਲ ਗਿਆ ਸੀ ਕਿ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਫਾਂਸੀ ਤਾਂ ਉਸ ਜ਼ਬਰਦਸਤ ਇਨਕਲਾਬੀ ਲਹਿਰ ਦਾ ਸਿਰਫ ਇਕ ਅਜਿਹਾ ਪੜਾਅ ਹੀ ਹੈ ਕਿਸ ਤੋਂ ਲੰਮੀਆਂ ਪੁਲਾਂਘਾਂ ਪੁੱਟੀਆਂ ਜਾਣੀਆਂ ਹਨ ? ਪਰ ਜਿਵੇਂ ਕਿ ਹਰ ਇਤਿਹਾਸਕ ਅੰਦੋਲਨ ਨਾਲ ਹੁੰਦਾ ਹੈ, ਅੰਦੋਲਨ ਸਫਲਤਾ ਦੀ ਮੰਜ਼ਲ 'ਤੇ ਪਹੁੰਚਣ ਤੋਂ ਪਹਿਲਾਂ, ਉਤਾਰ-ਚੜ੍ਹਾਅ ਦੇ ਲੰਮੇ ਦੌਰ ਵਿਚੋਂ ਲੰਘਦਾ ਹੈ । ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਨਾਲ ਅੰਦੋਲਨ ਇਕ ਵਾਰ ਚੜ੍ਹਾਅ ਆਇਆ ਪਰ ਇਕ ਗੱਲ ਜੋ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਤਿਹਾਸ ਦੇ ਪੰਨਿਆਂ 'ਤੇ ਪੱਕੀ ਲੀਕ ਵਾਂਗ ਦਰਜ ਕਰ ਦਿੱਤੀ, ਉਹ ਇਹ ਸੀ ਕਿ ਉਨ੍ਹਾਂ ਦਾ ਅੰਦੋਲਨ ਭਾਰਤੀ ਰਾਸ਼ਟਰ ਕਾਂਗਰਸ ਜਾਂ ਹੋਰ ਪਾਰਟੀਆਂ ਦੇ ਸਮਝੌਤਾਵਾਦੀ

ਅੰਦੋਲਨ ਵਾਂਗ ਨਹੀਂ ਸੀ। ਇਹ ਲਾਰਡ ਇਰਵਿਨ ਦੀ ਜਗ੍ਹਾ ਤੇਜ ਬਹਾਦਰ ਸਪਰੂ ਜਾਂ ਕਿਸੇ ਹੋਰ ਕਾਲੀ/ਭੂਰੀ ਚਮੜੀ ਵਾਲੇ ਨੂੰ ਸੱਤਾ ਸੌਂਪਣ ਦਾ ਅੰਦੋਲਨ ਨਹੀਂ ਸੀ, ਜੋ 1947 ਦੀ ਸੱਤਾ ਦੀ ਤਬਦੀਲੀ ਨਾਲ ਖ਼ਤਮ ਨਹੀਂ ਹੋ ਗਿਆ, ਇਹ ਹਾਲੀਂ ਵੀ ਨਿਰੰਤਰ ਜਾਰੀ ਹੈ। ਜਿਵੇਂ ਕਿ ਇਨਕਲਾਬੀ ਪੰਜਾਬੀ ਕਵੀ ਪਾਸ਼ ਅਤੇ ਭਗਤ ਸਿੰਘ ਦੇ ਇਨਕਲਾਬੀ ਸਾਥੀ ਸ਼ਿਵ ਵਰਮਾ ਨੇ ਸਹੀ ਜਾਇਜ਼ਾ ਲਿਆ ਹੈ ਕਿ ਭਗਤ ਸਿੰਘ ਪਹਿਲਾ ਭਾਰਤੀ ਇਨਕਲਾਬੀ ਚਿੰਤਕ ਸੀ, ਜਿਸ ਨੇ ਭਾਰਤੀ ਸਮਾਜ ਦਾ ਵਿਸ਼ਲੇਸ਼ਣ ਜਮਾਤਾਂ ਵਿਚ ਵੰਡੇ ਸਮਾਜ ਦੀ ਦ੍ਰਿਸ਼ਟੀ ਤੋਂ ਕੀਤਾ ਅਤੇ ਭਾਰਤ ਵਿਚ ਬਰਤਾਨਵੀ ਬਸਤੀਵਾਦ ਦੀ ਹਕੂਮਤ ਨੂੰ ਸਿਰਫ਼ ਬਦੇਸ਼ੀ ਗੋਰਿਆਂ ਦੀ ਹਕੂਮਤ ਦੇ ਸੀਮਿਤ ਰੂਪ ਵਿਚ ਨਾ ਵੇਖ ਕੇ ਸਾਮਰਾਜਵਾਦ ਰਾਹੀਂ ਦੁਨੀਆਂ ਦੇ ਪਿਛੜੇ ਮੁਲਕਾਂ ਦੀ ਆਰਥਿਕ ਲੁੱਟ-ਖਸੁੱਟ ਦੇ ਰੂਪ ਵਿਚ ਦੇਖਿਆ ਅਤੇ ਸਾਮਰਾਜਵਾਦੀ ਜਾਂ ਬਸਤੀਵਾਦੀ ਹਕੂਮਤ ਨੂੰ ਮੂਲ ਰੂਪ ਵਿਚ ਆਰਥਿਕ ਲੁੱਟ-ਖਸੁੱਟ ਦੀ ਲੋੜ ਤੋਂ ਪ੍ਰੇਰਿਤ ਸਮਝਿਆ। 1924 ਤੋਂ 1928 ਵਿਚਕਾਰ ਸਤਾਰ੍ਹਾਂ ਤੋਂ ਵੀਹ ਵਰ੍ਹਿਆਂ ਦੀ ਕੱਚੀ ਉਮਰ ਵਿਚ ਭਗਤ ਸਿੰਘ ਨੇ ਵਿਸ਼ਵ ਦਾ ਰਾਜਨੀਤਕ ਅਤੇ ਹੋਰ ਸਾਹਿਤ ਏਨਾ ਪੜ੍ਹਿਆ ਅਤੇ 'ਨਿਗਲਿਆ' ਕਿ 1928 ਵਿਚ ਉਹ ਸਪੱਸ਼ਟ ਤੌਰ ਤੇ ਮਾਰਕਸਵਾਦ ਵਲ ਝੁਕ ਗਿਆ ਸੀ। ਸਤੰਬਰ 1928 ਵਿਚ ਦਿੱਲੀ ਦੇ ਫਿਰੋਜ਼ਸ਼ਾਹ ਕੋਟਲਾ ਮੈਦਾਨ ਵਿਚ ਚਾਰ ਸੂਬਿਆਂ ਦੇ ਇਨਕਲਾਬੀਆਂ ਨੇ ਮਿਲ ਕੇ ਗੰਭੀਰ ਵਿਚਾਰ-ਚਰਚਾ ਕੀਤੀ ਅਤੇ ਫ਼ੈਸਲਾ ਕੀਤਾ ਕਿ 'ਹਿੰਦੁਸਤਾਨ ਰਿਪਬਲਿਕਨ ਆਰਮੀ' ਇਸ ਤੋਂ ਬਾਅਦ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' ਹੋਵੇਗੀ ਅਤੇ ਇਸ ਦਾ ਸਿਆਸੀ ਅੰਗ ਹੋਵੇਗੀ—'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਇਸ ਸੰਗਠਨ ਨੇ ਭਗਤ ਸਿੰਘ ਦੀ ਰਾਜਨੀਤਕ ਲਾਈਨ ਨੂੰ ਸਵੀਕਾਰ ਕੀਤਾ। ਏਸੇ ਲਾਈਨ 'ਤੇ ਕੰਮ ਕਰਦੇ ਹੋਏ ਸੰਗਠਨ ਦੀ ਅਗਵਾਈ ਵਿਚ ਪੰਜਾਬ ਵਿਚ 'ਨੌਜਵਾਨ ਭਾਰਤ ਸਭਾ' ਅਤੇ 'ਪੰਜਾਬ ਸਟੂਡੈਂਟਸ ਯੂਨੀਅਨ' ਦੀ ਸਥਾਪਨਾ ਕੀਤੀ ਗਈ। ਹਾਲੀਂ ਹੋਰ ਰਾਜਾਂ ਵਿਚ ਜਨ-ਸੰਗਠਨ ਬਣਨੇ ਹੀ ਸਨ ਕਿ 8 ਅਪ੍ਰੈਲ 1929 ਨੂੰ ਭਗਤ ਸਿੰਘ ਨੇ ਕੇਂਦਰੀ ਅਸੈਂਬਲੀ ਹਾਲ ਵਿਚ ਬੰਬ ਦਾ ਧਮਾਕਾ ਕਰ ਕੇ ਬੀ.ਕੇ. ਦੱਤ ਨਾਲ ਗ੍ਰਿਫ਼ਤਾਰ ਹੋ ਗਏ। ਲਾਹੌਰ ਸਾਜ਼ਸ਼ ਕੇਸ ਵਿਚ ਸੰਗਠਨ ਦੇ ਹੋਰ ਅਨੇਕ ਸਾਥੀ ਗ੍ਰਿਫ਼ਤਾਰ ਹੋਣ ਉਪਰੰਤ ਜੇਲ੍ਹ ਨੂੰ ਹੀ ਸਿਆਸੀ ਸਰਗਰਮੀਆਂ ਦਾ ਮੈਦਾਨ ਬਣਾਉਣਾ ਪਿਆ ਅਤੇ ਉਥੇ ਵੀ ਭਗਤ ਸਿੰਘ ਨੇ ਆਗੂ ਹੋਣ ਦੇ ਕਮਾਲ ਦੇ ਗੁਣਾਂ ਦੀ ਪਛਾਣ ਕਰਵਾਈ। ਉਨ੍ਹਾਂ ਪੂਰੀ ਇਨਕਲਾਬੀ ਲਹਿਰ ਨੂੰ ਇਕ ਵਿਚਾਰਧਾਰਕ ਸੇਧ ਦੇਣ ਦਾ ਮਹੱਤਵਪੂਰਨ ਕਾਰਜ ਸੰਭਾਲਿਆ। ਅਦਾਲਤਾਂ ਵਿਚ ਦਿੱਤੇ ਜਾਣ ਵਾਲੇ ਬਿਆਨ, ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਦਿੱਤੇ ਜਾਣ ਵਾਲੇ ਸੰਦੇਸ਼, ਪੱਤਰ-ਪੱਤ੍ਰਕਾਵਾਂ ਨੂੰ ਭੇਜੇ ਜਾਣ ਵਾਲੇ ਲੇਖ, ਜੇਲ੍ਹ ਵਿਚ ਨਿੱਠ ਕੇ ਕੀਤਾ ਗਿਆ ਅਧਿਐਨ, ਜੋ ਹੁਣ 'ਇਕ ਸ਼ਹੀਦ ਦੀ ਜੇਲ੍ਹ ਨੋਟਬੁੱਕ' ਸਿਰਲੇਖ ਅਧੀਨ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਪ੍ਰਕਾਸ਼ਤ ਹੋ ਚੁੱਕਿਆ ਹੈ, ਜੇਲ੍ਹ ਵਿਚ ਸਾਥੀਆਂ ਨਾਲ ਚਲਾਇਆ ਜਾਣ ਵਾਲਾ ਨਿਰੰਤਰ ਸੰਵਾਦ—ਇਹ ਸਾਰੇ ਕਾਰਜ ਸਨ ਜਿਨ੍ਹਾਂ ਤੋਂ ਭਗਤ ਸਿੰਘ ਨੇ 23 ਵਰ੍ਹਿਆਂ ਦੀ ਅੱਲ੍ਹੜ ਉਮਰ ਵਿਚ ਹੀ ਬੇਹੱਦ ਪ੍ਰਪੱਕ ਸ਼ਖ਼ਸੀਅਤ ਹੋਣ ਦਾ ਪ੍ਰਮਾਣ ਦਿੱਤਾ। ਭਗਤ ਸਿੰਘ ਦੀ ਜੇਲ੍ਹ ਨੋਟ-ਬੁੱਕ ਤੋਂ ਪਤਾ ਲਗਦਾ ਹੈ ਕਿ ਉਹ 'ਰਾਜ ਦਾ ਵਿਗਿਆਨ' ਵਿਸ਼ੇ 'ਤੇ ਸਿਧਾਂਤਕ ਪੁਸਤਕ ਲਿਖਣ ਦੀ ਤਿਆਰੀ ਕਰ ਰਹੇ ਸਨ, ਜਿਸ ਵਿਚ ਆਦਿ ਕਾਲ ਦੇ ਸਮਾਜ ਤੋਂ ਲੈ ਕੇ 1917 ਦੇ ਬਾਲਸ਼ਵਿਕ ਇਨਕਲਾਬ ਉਪਰੰਤ ਸਥਾਪਤ ਸਮਾਜਵਾਦੀ ਰਾਜ ਤਕ ਦਾ ਵਿਸ਼ਲੇਸ਼ਣ ਸੀ। ਜੋ ਕੰਮ ਰੂਸ ਵਿਚ ਲੈਨਿਨ ਅਤੇ ਚੀਨ ਵਿਚ ਮਾਓ-ਜ਼ੇ-ਤੁੰਗ ਕੀਤਾ, ਭਗਤ ਸਿੰਘ ਉਸੇ ਦਿਸ਼ਾ ਵੱਲ ਵਧ ਰਹੇ ਸਨ। ਪਰ ਉਹ ਇਹ ਵੀ ਜਾਣਦੇ ਸਨ ਕਿ ਉਨ੍ਹਾਂ ਨੂੰ ਇਹ ਕੰਮ ਪੂਰਾ ਨਹੀਂ ਕਰਨ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਜ਼ਿੰਦਗੀ ਦੀ ਸਾਰਥਕਤਾ ਇਸੇ ਵਿਚ ਹੈ ਕਿ ਉਹ ਆਪਣੇ ਇਨਕਲਾਬੀ ਵਿਚਾਰਾਂ ਨੂੰ ਇਸ ਬੁਲੰਦੀ ਤਕ ਭਾਰਤੀ ਜਨਤਾ ਵਿਚ ਪੁਚਾ ਦੇਣ ਕਿ ਉਨ੍ਹਾਂ ਨੂੰ ਸਰੀਰਕ ਰੂਪ ਵਿਚ ਸਮਾਪਤ ਕਰ ਦੇਣ 'ਤੇ ਵੀ ਆਉਣ ਵਾਲੀਆਂ ਪੀੜ੍ਹੀਆਂ ਵਾਰ-ਵਾਰ ਉਨ੍ਹਾਂ ਤੋਂ ਪ੍ਰੇਰਨਾ ਲੈਣ ਅਤੇ ਜਿਸ ਥਾਂ ਇਨਕਲਾਬੀ ਲਹਿਰ ਅਤੇ ਵਿਚਾਰਾਂ ਨੂੰ ਪੁਚਾ ਦਿੱਤਾ ਹੈ, ਉਸ ਤੋਂ ਅੱਗੇ ਲੈ ਜਾਣ। ਭਗਤ ਸਿੰਘ ਇਸ ਜਾਇਜ਼ੇ ਵਿਚ ਬਿਲਕੁਲ ਸਹੀ ਸਨ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਜੇਲ੍ਹ ਵਿਚ ਕੀਤੀ ਵਿਚਾਰ-ਚਰਚਾ ਤੋਂ ਬਾਅਦ ਇਸ ਸਿੱਟੇ 'ਤੇ ਪਹੁੰਚਦੇ ਸਨ, ਉਸ ਨੂੰ ਆਪਣੇ ਬਿਆਨਾਂ ਅਤੇ ਨਾਅਰਿਆਂ ਵਿਚ ਵਿਹਾਰਕ ਰੂਪ ਦਿੰਦੇ ਸਨ। ਇਸ ਦ੍ਰਿਸ਼ਟੀ ਤੋਂ ਅਦਾਤਲ ਵਿਚ ਉਨ੍ਹਾਂ ਵਲੋਂ ਲਾਏ ਨਾਅਰੇ ਵੀ ਅਰਥ-ਪੂਰਣ ਸਨ। ਉਨ੍ਹਾਂ ਦੇ ਨਾਅਰੇ ਸਨ :

(1) ਇਨਕਲਾਬ ਜ਼ਿੰਦਾਬਾਦ,

(2) ਸਾਮਰਾਜਵਾਦ ਦਾ ਨਾਸ਼ ਹੋਵੇ,

(3) ਮਿਹਨਤਕਸ਼ ਜਨਤਾ ਜ਼ਿੰਦਾਬਾਦ।

ਇਨ੍ਹਾਂ ਨਾਅਰਿਆਂ ਦੀ ਵਿਆਖਿਆ ਉਨ੍ਹਾਂ ਦੇ ਵੱਖ-ਵੱਖ ਦਸਤਾਵੇਜ਼ਾਂ ਵਿਚ ਦੇਖੀ/ਸਮਝੀ ਜਾ ਸਕਦੀ ਹੈ। ਭਗਤ ਸਿੰਘ ਦੇ ਇਨਕਲਾਬੀ ਸਾਮਰਾਜਵਾਦੀ ਵਿਚਾਰਾਂ ਨੂੰ ਜਾਣਨ-ਸਮਝਣ ਲਈ ਸਭ ਤੋਂ ਵੱਧ ਜ਼ਰੂਰੀ ਇਹ ਦਸਤਾਵੇਜ਼ ਹਨ :

1. ਇਨਕਲਾਬੀ ਪ੍ਰੋਗਰਾਮਾਂ ਦਾ ਖਰੜਾ (2 ਫਰਵਰੀ 1931),
2. ਜੰਗ ਹਾਲੀਂ ਜਾਰੀ ਹੈ (20 ਮਾਰਚ 1931),
3. ਭਾਰਤੀ ਇਨਕਲਾਬ ਦਾ ਆਦਰਸ਼ : ਬੰਬ ਦਾ ਫ਼ਲਸਫ਼ਾ (26 ਜਨਵਰੀ 1930),
4. ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਐਲਾਨਨਾਮਾ (1929),
5. ਬੰਬ ਕਾਂਡ ਵਿਚ ਸੈਸ਼ਨ ਕੋਰਟ ਵਿਚ ਬਿਆਨ (6 ਜੂਨ 1929)
6. ਬੰਬ ਕਾਂਡ ਵਿਚ ਹਾਈਕੋਰਟ ਵਿਚ ਬਿਆਨ (ਜਨਵਰੀ 1930)

7. ਇਨਕਲਾਬੀ ਦੋਸਤਾਂ ਦੇ ਨਾਂ ਖ਼ਤ (ਫਰਵਰੀ 1931)

8. ਨੌਜਵਾਨ ਭਾਰਤ ਸਭਾ, ਲਾਹੌਰ ਦਾ ਐਲਾਨਨਾਮਾ (1928)

ਇਨ੍ਹਾਂ ਤੋਂ ਇਲਾਵਾ ਹਾਲ ਵਿਚ ਪ੍ਰਕਾਸ਼ਿਤ ਭਗਤ ਸਿੰਘ ਦੀ 'ਇਕ ਸ਼ਹੀਦ ਦੀ ਜੇਲ੍ਹ ਨੋਟ-ਬੁੱਕ' ਦਾ ਅਧਿਐਨ ਵੀ ਜ਼ਰੂਰੀ ਹੈ ।

## ਸ਼ਹੀਦ-ਇ-ਆਜ਼ਮ ਭਗਤ ਸਿੰਘ ਮੁਕੱਦਮਾ ਜੇਲ੍ਹ-ਡਾਇਰੀ ਅਤੇ ਬਦਲਦੇ ਬਿੰਬ

23 ਮਾਰਚ 1931 ਨੂੰ ਤੇਈ ਵਰ੍ਹੇ ਕੁਝ ਮਹੀਨਿਆਂ ਦੇ ਭਰ-ਜਵਾਨ ਉਮਰ ਦੇ ਭਗਤ ਸਿੰਘ ਨੂੰ ਰਾਜਗੁਰੂ ਅਤੇ ਸੁਖਦੇਵ ਨਾਲ ਜਦ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਤਾਂ ਇਕ ਵਾਰ ਤਾਂ ਪੂਰਾ ਦੇਸ਼ ਜਿਵੇਂ ਹਿੱਲ ਗਿਆ ਸੀ । ਆਜ਼ਾਦੀ ਸੰਗਰਾਮ ਦੇ ਇਤਿਹਾਸਕਾਰਾਂ ਨੇ ਇਸ ਗੱਲ ਨੂੰ ਖ਼ਾਸ ਅਹਿਮੀਅਤ ਨਹੀਂ ਦਿੱਤੀ ਕਿਉਂਕਿ ਉਨ੍ਹੀਂ ਦਿਨੀਂ ਪੂਰੇ ਦੇਸ਼ ਵਿਚ ਭਗਤ ਸਿੰਘ ਦੀ ਲੋਕਪ੍ਰਿਅਤਾ ਕਿਸੇ ਤਰ੍ਹਾਂ ਵੀ ਮਹਾਤਮਾ ਗਾਂਧੀ ਤੋਂ ਘੱਟ ਨਹੀਂ ਸੀ, ਸ਼ਾਇਦ ਵਧੇਰੇ ਹੀ ਹੋਵੇ । ਭਗਤ ਸਿੰਘ ਦਾ ਲੋਕਪ੍ਰਿਅ ਬਿੰਬ ਆਜ਼ਾਦੀ ਦੀ ਲਹਿਰ ਦੇ ਇਕ ਸਿਰਮੌਰ ਨਾਇਕ ਵਜੋਂ ਨਿਰਵਿਵਾਦ ਹੈ । ਉਹ ਕੇਵਲ ਇਕ ਦ੍ਰਿੜ੍ਹ ਇਨਕਲਾਬੀ ਹੀ ਨਹੀਂ ਸੀ, ਸਗੋਂ ਉੱਚ ਪਾਏ ਦਾ ਮੌਲਿਕ ਚਿੰਤਕ ਵੀ ਸੀ । ਪਰ ਉਸ ਦੀਆਂ ਲਿਖਤਾਂ ਦਾ ਡੂੰਘਾਈ ਵਿਚ ਅਧਿਐਨ ਅਜੋਕੇ ਸਮਿਆਂ ਵਿਚ ਹੀ ਹੋਇਆ ਹੈ । ਇਤਿਹਾਸਕਾਰ ਪ੍ਰੋਫੈਸਰ ਬਿਪਨ ਚੰਦਰ ਨੇ ਭਗਤ ਸਿੰਘ ਦਾ ਲੇਖ 'ਮੈਂ ਨਾਸਤਿਕ ਕਿਉਂ ਹਾਂ ?' ਦੀ ਭੂਮਿਕਾ ਵਿਚ ਬਹਾਦਰ ਭਗਤ ਸਿੰਘ ਦੇ ਨਾਲ-ਨਾਲ ਤੀਬਰ ਬੁੱਧੀਮਾਨ ਭਗਤ ਸਿੰਘ ਦਾ ਹਕੀਕੀ ਬਿੰਬ ਉਘਾੜਿਆ । ਭਗਤ ਸਿੰਘ ਦੀਆਂ ਇੱਕਾ-ਦੁੱਕਾ ਰਚਨਾਵਾਂ ਤਾਂ ਪਹਿਲੋਂ ਹੀ ਛਪਦੀਆਂ ਰਹਿੰਦੀਆਂ ਸਨ, ਪਰ 1980 ਤੋਂ ਬਾਅਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਲਗਭਗ ਸਾਰੇ ਦਸਤਾਵੇਜ਼ ਅਤੇ 1994 ਵਿਚ ਭਗਤ ਸਿੰਘ ਦੀ 'ਜੇਲ੍ਹ ਨੋਟ-ਬੁੱਕ' ਛਪ ਜਾਣ ਤੋਂ ਬਾਅਦ ਭਗਤ ਸਿੰਘ ਦੀ ਸ਼ਖ਼ਸੀਅਤ ਦਾ ਹਰ ਪਹਿਲੂ ਪੂਰੇ ਤੌਰ 'ਤੇ ਸਾਫ਼ ਹੋ ਕੇ ਸਾਹਮਣੇ ਆ ਗਿਆ । ਅਜੈ ਘੋਸ਼, ਸ਼ਿਵ ਵਰਮਾ ਆਦਿ ਭਗਤ ਸਿੰਘ ਦੀ ਇਨਕਲਾਬੀ ਬੌਧਿਕ ਸ਼ਖ਼ਸੀਅਤ ਸੰਬੰਧੀ 1947 ਤੋਂ ਹੀ ਲਗਾਤਾਰ ਲਿਖ ਰਹੇ ਸਨ ਪਰ ਕਿਉਂਕਿ ਉਹ ਕਮਿਊਨਿਸਟ ਪਾਰਟੀ ਨਾਲ ਜੁੜੇ ਹੋਏ ਸਨ ਤੇ ਆਪਣੇ ਸਾਥੀ ਬਾਰੇ ਕਹਿ ਰਹੇ ਸਨ, ਇਸ ਲਈ ਉਨ੍ਹਾਂ ਦੀਆਂ ਗੱਲਾਂ ਵੱਲ ਓਨਾ ਧਿਆਨ ਨਹੀਂ ਦਿੱਤਾ ਗਿਆ, ਜਿੰਨਾ ਦਿੱਤਾ ਜਾਣਾ ਚਾਹੀਦਾ ਸੀ । ਪ੍ਰੋਫੈਸਰ ਬਿਪਨ ਚੰਦਰ, ਪ੍ਰੋਫੈਸਰ ਇਰਫ਼ਾਨ ਹਬੀਬ, ਪ੍ਰੋਫੈਸਰ ਸੁਮਿਤ ਸਰਕਾਰ ਆਦਿ ਇਤਿਹਾਸਕਾਰਾਂ ਨੇ ਹੁਣ ਇਸ ਗੱਲ ਨੂੰ ਖ਼ਾਸ ਅਹਿਮੀਅਤ ਦਿੱਤੀ ਹੈ ਕਿ ਭਗਤ ਸਿੰਘ ਅਤੇ ਦੂਜੇ ਇਨਕਲਾਬੀਆਂ ਦਾ ਉਦੇਸ਼ ਦੇਸ਼ ਨੂੰ ਸਿਰਫ਼ ਬਰਤਾਨਵੀ ਬਸਤੀਵਾਦ ਤੋਂ ਆਜ਼ਾਦ ਕਰਵਾਉਣਾ ਹੀ ਨਹੀਂ ਸੀ, ਸਗੋਂ ਬਸਤੀਵਾਦ ਅਤੇ ਸਾਮਰਾਜਵਾਦ ਤੋਂ ਮੁਕਤ ਕਰਵਾ ਕੇ ਭਾਰਤ ਵਿਚ ਅਜਿਹਾ ਸਿਆਸੀ ਸਮਾਜਕ ਨਿਜ਼ਾਮ ਸਥਾਪਤ ਕਰਨਾ ਸੀ, ਜਿਸ ਵਿਚ ਕੋਈ ਵੀ ਆਦਮੀ ਗੋਰਾ ਜਾਂ ਕਾਲਾ, ਦੇਸੀ ਜਾਂ ਵਿਦੇਸ਼ੀ, ਕਿਸੇ ਭਾਰਤੀ ਦੀ ਕਿਸੇ ਵੀ ਪੱਧਰ 'ਤੇ ਆਰਥਿਕ, ਸਮਾਜਿਕ, ਰਾਜਨੀਤਕ, ਧਾਰਮਿਕ ਜਾਂ ਸਭਿਆਚਾਰਕ ਪੱਧਰ 'ਤੇ ਲੁੱਟ-ਖਸੁੱਟ ਨਾ ਕਰ ਸਕੇ । ਇਹ ਇਕ ਜਮਾਤੀ ਲੁੱਟ-ਖਸੁੱਟ ਰਹਿਤ ਸਮਾਜ ਬਣਾਉਣ ਦਾ ਇਨਕਲਾਬੀ ਸੰਘਰਸ਼ ਸੀ, ਜਿਸ ਵਿਚ ਵਿਦੇਸ਼ੀ ਧਾੜਵੀਆਂ ਦੇ ਨਾਲ-ਨਾਲ ਦੇਸੀ ਲੋਟੂਆਂ, ਵੱਡੇ-ਵੱਡੇ ਜ਼ਿਮੀਂਦਾਰਾਂ, ਪੂੰਜੀਪਤੀਆਂ ਦੀ ਲੁੱਟ ਦੀ ਸਮਾਪਤੀ ਵੀ ਨਿਸ਼ਚਿਤ ਸੀ । ਹਿੰਦੀ ਵਿਚ ਹੰਸਰਾਜ ਰਹਿਬਰ, ਮਨਮਥਨਾਥ ਗੁਪਤ ਆਦਿ ਦੀਆਂ ਭਗਤ ਸਿੰਘ ਬਾਰੇ ਪੁਸਤਕਾਂ ਵਿਚ ਵੀ ਭਗਤ ਸਿੰਘ ਦੀ ਇਸ ਵਿਚਾਰਧਾਰਾ ਨੂੰ ਰੇਖਾਂਕਿਤ ਕੀਤਾ ਗਿਆ ਹੈ ।

ਅੰਗਰੇਜ਼ੀ ਵਿਚ ਵੀ ਇਸ ਦੌਰਾਨ ਕਈ ਮਹੱਤਵਪੂਰਨ ਕਿਤਾਬਾਂ ਛਪੀਆਂ, 1996 ਵਿਚ ਛਪੀ ਏ.ਜੀ. ਨੂਰਾਨੀ ਦੀ ਕਿਤਾਬ 'ਭਗਤ ਸਿੰਘ ਦਾ ਮੁਕੱਦਮਾ', ਜਿਸ ਨੂੰ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਸ੍ਰੀ ਹਰਕਿਸ਼ਨ ਸਿੰਘ ਸੁਰਜੀਤ ਨੇ ਦਿੱਲੀ ਵਿਚ ਰਿਲੀਜ਼ ਕੀਤਾ ਸੀ, ਬੜੀ ਮਹੱਤਵਪੂਰਨ ਕਿਤਾਬ ਹੈ । ਕੁਲਦੀਪ ਨੱਈਅਰ ਦੀ ਅੰਗਰੇਜ਼ੀ ਕਿਤਾਬ 'ਸ਼ਹੀਦ ਭਗਤ ਸਿੰਘ : ਇਨਕਲਾਬ ਦੇ ਤਜਰਬੇ' ਵੀ ਛਪੀ ਹੈ । ਇਹ ਕਿਤਾਬ ਕਈ ਭਾਰਤੀ ਭਾਸ਼ਾਵਾਂ ਵਿਚ ਲੜੀਵਾਰ ਰੂਪ ਲੈ ਕੇ ਛਪਦੀ ਰਹੀ ਹੈ ਅਤੇ ਚਰਚਾ ਦੇ ਕੇਂਦਰ ਵਿਚ ਰਹੀ ਹੈ । ਹੁਣ ਇਹ ਗੱਲ ਬਿਨਾਂ ਕਿਸੇ ਸ਼ੁਬਹੇ ਤੋਂ ਪ੍ਰਮਾਣਿਤ ਹੋ ਗਈ ਹੈ ਕਿ ਭਗਤ ਸਿੰਘ ਮਾਰਕਸਵਾਦੀ ਵਿਚਾਰਾਂ ਨੂੰ ਪਰਨਾਇਆ ਇਨਕਲਾਬੀ ਸੀ । ਉਹ ਇਨਕਲਾਬੀ ਸੰਗਠਨਕਰਤਾ, ਕਾਰਜਕਰਤਾ ਸੀ ਅਤੇ ਉੱਚ ਕੋਟੀ ਦਾ ਚਿੰਤਕ ਅਤੇ ਲੇਖਕ ਵੀ ਸੀ । ਇਨ੍ਹਾਂ ਸਾਰੀਆਂ ਗੱਲਾਂ ਦੇ ਨਾਲ-ਨਾਲ ਜਾਂ ਸ਼ਾਇਦ ਇਨ੍ਹਾਂ ਤੋਂ ਵੀ ਵੱਧ ਕੇ ਭਗਤ ਸਿੰਘ ਅਜਿਹੀ ਅਥਾਹ ਨੈਤਿਕ ਹਿੰਮਤ ਦਾ ਮੁਜੱਸਮਾ ਸੀ, ਜਿਸ ਦੀ ਕਲਪਨਾ ਕਰਨੀ ਵੀ ਮੁਸ਼ਕਲ ਹੈ । ਇਸ ਪ੍ਰਸੰਗ ਵਿਚ ਉਸ ਦੀ ਤੁਲਨਾ ਸਿਰਫ਼ ਸੁਕਰਾਤ ਨਾਲ ਹੀ ਕੀਤੀ ਜਾ ਸਕਦੀ ਹੈ । ਆਧੁਨਿਕ ਭਾਰਤ ਦੀ ਕੋਈ ਹੋਰ ਸਿਆਸੀ ਸ਼ਖ਼ਸੀਅਤ, ਸਮੇਤ ਮਹਾਤਮਾ ਗਾਂਧੀ ਦੇ, ਭਗਤ ਸਿੰਘ ਦੀ ਪਾਰਦਰਸ਼ੀ ਨੈਤਿਕ ਸ਼ਖ਼ਸੀਅਤ ਦੇ ਬਰਾਬਰ ਨਹੀਂ ਢੁੱਕਦੀ । 8 ਅਪ੍ਰੈਲ 1929 ਤੋਂ 23 ਮਾਰਚ 1931 ਤਕ ਕਰੀਬ ਦੋ ਵਾਰ ਜੇਲ੍ਹ ਪ੍ਰਵਾਸ ਦੌਰਾਨ ਭਗਤ ਸਿੰਘ ਦੀ ਸ਼ਖ਼ਸੀਅਤ ਦੇ ਬਹੁਤ ਸਾਰੇ ਪਹਿਲੂ ਉਨ੍ਹਾਂ ਦੀਆਂ ਲਿਖਤਾਂ ਅਤੇ ਅਦਾਲਤੀ ਕਾਰਵਾਈ ਵਿਚ ਉੱਭਰ ਕੇ ਸਾਹਮਣੇ ਆਏ ਹਨ, ਜਿਨ੍ਹਾਂ ਤੋਂ ਉਪ੍ਰੋਕਤ ਧਾਰਨਾ ਬਣਦੀ ਹੈ । ਜੇਲ੍ਹ ਪ੍ਰਵਾਸ ਦੌਰਾਨ ਭਗਤ ਸਿੰਘ ਨੇ ਗੰਭੀਰਤਾ ਨਾਲ ਚਿੰਤਨ-ਮਨਨ ਕਰ ਕੇ ਕਰੀਬ ਡੇਢ ਸੌ ਸਫ਼ਿਆਂ ਦੇ ਨੋਟਸ ਲਏ, ਟਿੱਪਣੀਆਂ ਕੀਤੀਆਂ ਅਤੇ ਕੁਝ ਜ਼ਰੂਰੀ ਅਧਿਐਨ ਲਿਖਣ ਸੰਬੰਧੀ ਰੂਪ-ਰੇਖਾਵਾਂ ਬਣਾਈਆਂ । ਇਹ ਸਾਰਾ ਕੁਝ 1994 ਵਿਚ ਭੁਪਿੰਦਰ ਹੂਜਾਂ ਦੇ ਸੰਪਾਦਨ ਵਿਚ ਅੰਗਰੇਜ਼ੀ ਵਿਚ ਛਪੀ 'ਇਕ ਸ਼ਹੀਦ ਦੀ ਜੇਲ੍ਹ ਨੋਟ-ਬੁੱਕ' ਤੋਂ

ਸਾਹਮਣੇ ਆਇਆ ਹੈ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਕੌਮੀ ਲਹਿਰ ਦੇ ਕੌਮੀ ਆਗੂਆਂ ਮਹਾਤਮਾ ਗਾਂਧੀ, ਲਾਲਾ ਲਾਜਪਤ ਰਾਏ ਆਦਿ ਨਾਲ ਸਪੱਸ਼ਟ ਅਸਹਿਮਤੀ ਸੀ। ਇਹ ਸਪੱਸ਼ਟ ਅਸਹਿਮਤੀ ਦੇ ਬਾਵਜੂਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਇਨ੍ਹਾਂ ਕੌਮੀ ਆਗੂਆਂ ਦਾ ਸਤਿਕਾਰ ਕਰਦੇ ਸਨ। ਹਾਲਾਂਕਿ ਲਾਲਾ ਲਾਜਪਤ ਰਾਏ ਨੂੰ ਇਨਕਲਾਬੀ ਨੌਜਵਾਨ ਫ਼ਿਰਕੂ ਵਿਚਾਰਾਂ ਵਿਚ ਰੰਗੇ ਨੇਤਾ ਦੇ ਰੂਪ ਵਿਚ ਚਿਤਵਦੇ ਸਨ ਪਰ ਜਦ ਬਰਤਾਨਵੀ ਹਾਕਮਾਂ ਨੇ ਲਾਲਾ ਲਾਜਪਤ ਰਾਏ 'ਤੇ ਲਾਠੀਆਂ ਬਰਸਾ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਤਾਂ ਇਸ ਕੌਮੀ ਸਵੈਮਾਣ 'ਤੇ ਚੋਟ ਸਮਝ ਕੇ ਇਨ੍ਹਾਂ ਇਨਕਲਾਬੀ ਨੌਜਵਾਨਾਂ ਨੇ ਐਸ.ਪੀ. ਸਾਂਡਰਸ ਦਾ ਕਤਲ ਕਰ ਕੇ ਇਸ ਦਾ ਬਦਲਾ ਚੁਕਾਇਆ। ਲਾਲਾ ਲਾਜਪਤ ਰਾਏ ਦਾ ਦੇਹਾਂਤ 17 ਨਵੰਬਰ 1928 ਨੂੰ ਹੋਇਆ ਅਤੇ ਇਕ ਮਹੀਨੇ ਦੇ ਅੰਦਰ ਲਾਹੌਰ ਵਿਚ ਸਾਂਡਰਸ ਦਾ ਦਿਨ-ਦਿਹਾੜੇ ਕਤਲ ਕਰ ਕੇ ਇਨਕਲਾਬੀ ਨੌਜਵਾਨਾਂ ਨੇ ਪੂਰੇ ਦੇਸ਼ ਵਿਚ ਪੋਸਟਰ ਚਿਪਕਾਏ ਕਿ ਲਾਲਾ ਜੀ ਦੇ ਕਤਲ ਦਾ ਬਦਲਾ ਲੈ ਲਿਆ ਗਿਆ ਹੈ। ਜਿਥੇ ਆਮ ਭਾਰਤੀ ਲੋਕਾਂ ਨੇ ਇਨ੍ਹਾਂ ਇਨਕਲਾਬੀ ਨੌਜਵਾਨਾਂ ਦੇ ਇਸ ਕਦਮ ਦੀ ਦਿਲ ਖੋਲ੍ਹ ਕੇ ਸਿਫ਼ਤ ਕੀਤੀ ਅਤੇ ਦੇਖਦੇ ਹੀ ਦੇਖਦੇ ਉਹ ਆਮ ਜਨਤਾ ਵਿਚ ਮਹਾਤਮਾ ਗਾਂਧੀ ਜਿੰਨੇ ਜਾਂ ਸ਼ਾਇਦ ਉਨ੍ਹਾਂ ਤੋਂ ਵੀ ਵੱਧ ਲੋਕਪ੍ਰਿਅ ਹੋ ਗਏ, ਉਥੇ ਕਈ ਕੌਮੀ ਨੇਤਾਵਾਂ ਨੇ ਉਨ੍ਹਾਂ ਦੀ ਨਿੰਦਾ ਵੀ ਕੀਤੀ।

## 1928 ਦੇ ਆਸ-ਪਾਸ ਦੇਸ਼ ਦਾ ਰਾਜਨੀਤਕ ਦ੍ਰਿਸ਼

1. ਭਾਰਤੀ ਰਾਸ਼ਟਰੀ ਕਾਂਗਰਸ ਦੇਸ਼ ਦੇ ਆਜ਼ਾਦੀ ਸੰਗਰਾਮ ਨੂੰ ਅਗਵਾਈ ਦੇਣ ਵਾਲਾ ਕੇਂਦਰੀ ਸੰਗਠਨ ਸੀ, ਜਿਸ ਵਿਚ ਕਈ ਵਿਚਾਰਾਂ ਅਤੇ ਧਾਰਾਵਾਂ ਦੇ ਲੋਕ ਵੀ ਸ਼ਾਮਲ ਸਨ। ਇਸ ਵਿਚ ਉਦਾਰ ਵਿਚਾਰਾਂ ਦੇ ਪ੍ਰਨਾਏ ਲੋਕ ਵੀ ਸਨ ਅਤੇ ਕੁਝ ਗਿਣਤੀ ਵਿਚ ਫ਼ਿਰਕੂ ਵਿਚਾਰਾਂ ਦੇ ਲੋਕ ਵੀ ਇਸ ਵਿਚ ਸ਼ਾਮਲ ਸਨ। ਮਹਾਤਮਾ ਗਾਂਧੀ ਪਾਰਟੀ ਦੇ ਬਿਨਾਂ ਕਿਸੇ ਅਹੁਦੇ ਦੇ ਸਭ ਤੋਂ ਵੱਧ ਸਤਿਕਾਰਤ ਆਗੂ ਸਨ, ਜਿਨ੍ਹਾਂ ਦੇ ਵਿਚਾਰ ਰਾਸ਼ਟਰਵਾਦੀ ਤਾਂ ਸਨ, ਪਰ ਸਮਾਜਵਾਦੀ ਨਹੀਂ ਸਨ। ਦੂਜੇ ਪਾਸੇ ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਤੇ ਜੈਪ੍ਰਕਾਸ਼ ਨਾਰਾਇਣ ਵਰਗੇ ਨੌਜਵਾਨ ਆਗੂ ਸਮਾਜ-ਵਾਦੀ ਵਿਚਾਰਾਂ ਅਤੇ ਬੌਧਿਕ ਰੂਪ ਵਿਚ 1917 ਰੂਸ ਦੇ ਬਾਲਸ਼ਵਿਕ ਇਨਕਲਾਬ ਤੋਂ ਪ੍ਰਭਾਵਿਤ ਸਨ। ਸਰਦਾਰ ਪਟੇਲ ਆਦਿ ਰਾਸ਼ਟਰਵਾਦੀ ਵੱਡੇ ਜ਼ਿਮੀਂਦਾਰ ਅਤੇ ਪੂੰਜੀ-ਪਤੀ ਹਿਤਾਂ ਦੇ ਨੁਮਾਇੰਦੇ ਸਨ।

2. ਮੁਸਲਿਮ ਲੀਗ, ਹਿੰਦੂ ਮਹਾਸਭਾ, ਰਾਸ਼ਟਰੀ ਸਵੈਮ ਸੇਵਕ ਸੰਘ ਆਦਿ ਅਜਿਹੇ ਸੰਗਠਨ ਸਨ, ਜੋ ਹਿੰਦੂ ਜਾਂ ਮੁਸਲਿਮ ਫ਼ਿਰਕੂ ਨਜ਼ਰੀਏ ਤੋਂ ਭਾਰਤੀ ਜਨਤਾ ਨੂੰ ਧਰਮ ਦੇ ਆਧਾਰ 'ਤੇ ਵੰਡ ਕੇ ਉਨ੍ਹਾਂ ਵਿਚ ਫ਼ਿਰਕੂ ਜ਼ਹਿਰ ਬੀਜ ਰਹੇ ਸਨ। ਇਹ ਸੰਗਠਨ ਅਕਸਰ ਬਰਤਾਨਵੀ ਬਸਤੀਵਾਦੀਆਂ ਅਤੇ ਵੱਡੇ ਜ਼ਿਮੀਂਦਾਰਾਂ, ਪੂੰਜੀਪਤੀਆਂ ਤੋਂ ਸਰਪ੍ਰਸਤੀ ਲੈਂਦੇ ਸਨ।

3. ਦੇਸ਼ ਦੇ ਸਿਆਸੀ ਦ੍ਰਿਸ਼ 'ਤੇ ਤੀਸਰੀ ਤਾਕਤ ਸਮਾਜ ਵਿਚ ਇਨਕਲਾਬੀ ਤਬਦੀਲੀਆਂ ਚਾਹੁਣ ਵਾਲੀਆਂ ਸ਼ਕਤੀਆਂ ਦੀ ਸੀ। ਇਨ੍ਹਾਂ ਵਿਚੋਂ ਕਮਿਊਨਿਸਟ ਵਿਚਾਰਾਂ ਵਾਲੇ ਸੰਗਠਨ, ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਇਨਕਲਾਬੀ ਸੰਗਠਨ, ਦਲਿਤ ਸ਼ਕਤੀ ਦੇ ਆਗੂ ਡਾ. ਭੀਮਰਾਓ ਅੰਬੇਡਕਰ ਅਤੇ ਦੱਖਣ ਵਿਚ ਈ.ਵੀ. ਰਾਮਾਸਵਾਮੀ ਨਾਇਕਰ (ਪੇਰੀਆਰ) ਆਦਿ ਦੇ ਦ੍ਰਵਿੜ ਸੰਗਠਨ ਸ਼ਾਮਲ ਸਨ। ਇਨ੍ਹਾਂ ਸਾਰੇ ਸੰਗਠਨਾਂ ਦਾ ਸਮਾਨ ਵਿਚਾਰਧਾਰਕ ਆਧਾਰ ਸੀ। ਭਾਰਤੀ ਸਮਾਜ ਦੀ ਇਨਕਲਾਬੀ ਤਬਦੀਲੀ, ਜਿਸ ਵਿਚ ਜਮਾਤ, ਲਿੰਗ ਜਾਂ ਧਰਮ ਆਧਾਰਤ ਭੇਦ-ਭਾਵ ਖ਼ਤਮ ਹੋਣ ਅਤੇ ਸਮਾਜਿਕ ਨਿਆਂ ਤੋਂ ਪ੍ਰੇਰਿਤ ਸਮਾਜ ਦਾ ਨਵ-ਨਿਰਮਾਣ। ਏਸ ਤੀਸਰੀ ਸ਼ਕਤੀ ਲਈ ਵਿਦੇਸ਼ੀ ਬਸਤੀ-ਵਾਦੀ ਲੋਟੂਆਂ ਦੇ ਨਾਲ-ਨਾਲ ਦੇਸੀ ਲੋਟੂ ਵੀ ਉਂਨੇ ਹੀ ਵੱਡੇ ਦੁਸ਼ਮਣ ਸਨ, ਜਿੰਨੇ ਵਿਦੇਸ਼ੀ ਲੋਟੂ ਸਨ। ਤੀਜੀ ਸ਼ਕਤੀ ਦੇ ਸਾਰੇ ਸੰਗਠਨਾਂ ਦਾ ਆਪਸੀ ਤਾਲਮੇਲ ਬੜਾ ਘੱਟ ਸੀ ਅਤੇ ਇਸ ਤੀਸਰੀ ਧਾਰਾ ਵਿਚ ਸਹੀ ਮਾਮਲਿਆਂ ਵਿਚ ਲੋਕਪ੍ਰਿਅਤਾ ਮਿਲੀ ਭਗਤ ਸਿੰਘ ਨੂੰ। ਇਕ ਤਰ੍ਹਾਂ ਨਾਲ ਭਗਤ ਸਿੰਘ, ਮਹਾਤਮਾ ਗਾਂਧੀ ਦੇ ਬਰਾਬਰ ਸਿਆਸੀ ਸ਼ਖ਼ਸੀਅਤ ਬਣ ਕੇ ਉਭਰ ਰਹੇ ਸਨ। ਭਗਤ ਸਿਘ ਦੀ ਤੀਖਣ ਬੌਧਿਕ ਇਨਕਲਾਬੀ ਸ਼ਖ਼ਸੀਅਤ ਪ੍ਰਤੀ ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਵਰਗੇ ਸਮਾਜਵਾਦੀ ਕਾਂਗਰਸੀਆਂ ਦੇ ਮਨਾਂ ਵਿਚ ਵੀ ਤੀਬਰ ਖਿੱਚ ਸੀ।

ਭਗਤ ਸਿੰਘ ਦੇ ਰਾਜਨੀਤਕ ਵਿਚਾਰਾਂ ਅਤੇ ਨੈਤਿਕ ਰੂਪ ਵਿਚ ਉਸ ਦੀ ਲਾਮਿਸਾਲ ਸ਼ਖ਼ਸੀਅਤ ਤੋਂ ਬਰਤਾਨਵੀ ਬਸਤੀਵਾਦੀ ਸਭ ਤੋਂ ਵੱਧ ਜਾਣੂ ਅਤੇ ਨਾਲ ਹੀ ਫ਼ਿਕਰਮੰਦ ਵੀ ਸਨ। ਮਹਾਤਮਾ ਗਾਂਧੀ ਵੀ ਭਗਤ ਸਿੰਘ ਦੇ ਵਿਚਾਰਾਂ ਅਤੇ ਸ਼ਖ਼ਸੀਅਤ ਤੋਂ ਵਾਕਫ਼ ਸਨ ਅਤੇ ਉਨ੍ਹਾਂ ਦੇ ਸਾਹਮਣੇ ਇਹ ਗੱਲ ਸਾਫ਼ ਸੀ ਕਿ ਬਰਤਾਨਵੀ ਬਸਤੀਵਾਦ ਦੇ ਖ਼ਿਲਾਫ਼ ਸੰਘਰਸ਼ ਵਿਚ ਦੋ ਰਾਹ ਬਿਲਕੁਲ ਸਪੱਸ਼ਟ ਹਨ। ਇਕ ਮਹਾਤਮਾ ਗਾਂਧੀ ਦਾ ਰਸਤਾ, ਦੂਜਾ ਭਗਤ ਸਿੰਘ ਦਾ ਰਸਤਾ। ਇਹ ਗੱਲ ਵੀ 1930 ਤਕ ਸਾਫ਼ ਹੋ ਚੁੱਕੀ ਸੀ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਦਹਿਸ਼ਤਵਾਦ ਦਾ ਰਸਤਾ ਛੱਡ ਚੁੱਕੇ ਸਨ। ਖ਼ੁਦ ਭਗਤ ਸਿੰਘ ਦੀਆਂ ਅਜਿਹੀਆਂ ਲਿਖਤਾਂ ਤੇ ਅਦਾਲਤਾਂ ਵਿਚ ਦਿੱਤੇ ਬਿਆਨਾਂ ਵਿਚ ਅਜਿਹੇ ਦਹਿਸ਼ਤਵਾਦ ਦੀ ਆਲੋਚਨਾ ਹੈ, ਪਰ ਭਗਤ ਸਿੰਘ ਨੇ ਸਿਰਫ਼ ਦਹਿਸ਼ਤਵਾਦ ਛੱਡਿਆ ਸੀ, ਇਨਕਲਾਬ ਨੂੰ ਨਹੀਂ। ਉਨ੍ਹਾਂ ਦੀਆਂ ਲਿਖਤਾਂ 'ਮੈਂ ਨਾਸਤਿਕ ਕਿਉਂ ਹਾਂ' ਲਾਹੌਰ ਦੇ 'ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਇਨਕਲਾਬੀ ਪ੍ਰੋਗਰਾਮ ਦਾ ਮਸੌਦਾ' ਵੀ ਇਸੇ ਗੱਲ ਦਾ ਪ੍ਰਗਟਾਵਾ ਰਿਹਾ। ਏ.ਜੀ. ਨੂਰਾਨੀ ਦੀ ਕਿਤਾਬ 'ਭਗਤ ਸਿੰਘ ਦਾ ਮੁਕੱਦਮਾ : ਇਨਸਾਫ਼ ਦੀ ਸਿਆਸਤ' ਤੋਂ ਕਈ ਹੋਰ ਮਿਥਕ ਵੀ ਟੁੱਟ ਜਾਂਦੇ ਹਨ। ਇਹ ਕਿਹਾ ਜਾਂਦਾ ਰਿਹਾ

ਹੈ ਕਿ ਬਰਤਾਨਵੀ ਕੌਮ ਇਨਸਾਫ਼ ਦਾ ਸਤਿਕਾਰ ਕਰਨ ਵਾਲੀ ਕੌਮ ਹੈ ਅਤੇ ਬਰਤਾਨਵੀ ਹਕੂਮਤ ਵਿਚ ਜੋ ਕੁਝ ਵੀ ਹੁੰਦਾ ਰਿਹਾ ਹੈ, ਭਾਵੇਂ ਉਹ ਪੁਲਿਸ ਦਹਿਸ਼ਤ ਅਤੇ ਜ਼ੁਲਮ ਹੀ ਹੋਣ, ਉਹ ਜੁਡੀਸ਼ੀਅਲ ਪ੍ਰਕ੍ਰਿਆ ਰਾਹੀਂ ਹੀ ਸੰਚਾਲਿਤ ਹੁੰਦਾ ਹੈ। ਬਰਤਾਨਵੀ ਹਕੂਮਤ ਦੌਰਾਨ ਆਜ਼ਾਦ ਭਾਰਤ ਵਾਂਗ ਝੂਠੇ ਪੁਲਿਸ ਮੁਕਾਬਲਿਆਂ ਵਿਚ ਨਹੀਂ ਮੁਲਜ਼ਮਾਂ ਨੂੰ ਫਾਂਸੀ ਚੜ੍ਹਾ ਕੇ ਮਾਰਿਆ ਜਾਂਦਾ ਸੀ। ਫਾਂਸੀ ਚੜ੍ਹਾਉਣ ਲਈ ਪੂਰੀ ਨਿਆਂ-ਪ੍ਰਣਾਲਿ ਵਰਤੀ ਜਾਂਦੀ ਸੀ। ਨੂਰਾਨੀ ਨੇ ਭਗਤ ਸਿੰਘ ਦੇ ਮੁਕੱਦਮੇ ਦੀ ਤਫ਼ਸੀਲ ਵਿਚ ਇਹ ਸਾਬਤ ਕਰ ਦਿੱਤਾ ਹੈ ਕਿ ਬਰਤਾਨਵੀ ਹਕੂਮਤ ਵੱਲੋਂ ਅਪਣਾਈ ਜਾਂਦੀ ਅਖੌਤੀ ਨਿਆਂ-ਪ੍ਰਣਾਲੀ ਦੀ ਪ੍ਰਕ੍ਰਿਆ ਕਿੰਨੀ ਕਪਟੀ, ਛਲਾਂ ਭਰੀ ਅਤੇ ਸਰਾਸਰ ਧੋਖੇ 'ਤੇ ਆਧਾਰਿਤ ਪ੍ਰਕ੍ਰਿਆ ਸੀ।

ਇਹ ਪ੍ਰਕ੍ਰਿਆ ਸਿਰਫ਼ ਦਿਖਾਵੇ ਨੂੰ ਨਿਆਂ-ਪ੍ਰਣਾਲੀ ਸੀ, ਹਕੀਕਤ ਵਿਚ ਇਹ ਆਦਮੀ ਦੇ ਨਾਲ-ਨਾਲ ਪ੍ਰਕ੍ਰਿਆ ਦਾ ਵੀ ਕਤਲ ਹੁੰਦਾ ਸੀ। ਜਿਸ ਤਰ੍ਹਾਂ ਜੇਲ੍ਹ ਅਤੇ ਅਦਾਲਤ ਵਿਚ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਜੋ ਸਲੂਕ ਹੁੰਦਾ ਸੀ, ਉਸ ਤੋਂ ਇਹ ਜ਼ਾਹਿਰ ਹੈ ਕਿ ਸਮਕਾਲੀ ਭਾਰਤ ਦੀ ਬਰਤਾਨਵੀ ਬਸਤੀਵਾਦੀ ਹਕੂਮਤ ਦੀ ਤਸ਼ੱਦਦ ਦੀ ਪਰੰਪਰਾ ਨੂੰ ਬਰਕਰਾਰ ਹੀ ਨਹੀਂ ਰੱਖਿਆ ਹੋਇਆ, ਬਲਕਿ ਇਨ੍ਹਾਂ ਪਰੰਪਰਾਵਾਂ ਨੂੰ ਵੱਧ ਜ਼ਾਲਮ ਬਣਾ ਕੇ ਉਨ੍ਹਾਂ ਦੇ ਸਹੀ ਵਾਰਸ ਹੋਣ ਦੀ ਗਵਾਹੀ ਵੀ ਦੇ ਰਹੀ ਹੈ।

17 ਦਸੰਬਰ 1928 ਨੂੰ ਲਾਹੌਰ ਵਿਚ ਸਾਂਡਰਸ ਦੇ ਕਤਲ ਤੋਂ ਬਾਅਦ ਭਗਤ ਸਿੰਘ, ਦੁਰਗਾ ਭਾਬੀ ਦੀ ਮਦਦ ਨਾਲ ਲਾਹੌਰ ਤੋਂ ਸਾਫ਼ ਬਚ ਨਿਕਲੇ ਅਤੇ ਉਨ੍ਹਾਂ ਨੇ 8 ਅਪ੍ਰੈਲ 1929 ਨੂੰ ਦਿੱਲੀ ਵਿਚ ਬਟੂਕੇਸ਼ਵਰ ਦੱਤ ਨਾਲ ਕੇਂਦਰੀ ਅਸੈਂਬਲੀ (ਅੱਜ ਦੀ ਪਾਰਲੀਮੈਂਟ) ਵਿਚ ਬੰਬ ਸੁੱਟ ਕੇ ਅਤੇ ਗ੍ਰਿਫ਼ਤਾਰ ਹੋ ਕੇ ਆਪਣੀ ਮਰਜ਼ੀ ਨਾਲ ਸ਼ਹਾਦਤ ਦੀ ਚੋਣ ਕੀਤੀ ਸੀ। ਉਨ੍ਹਾਂ ਨੇ ਆਪਣੇ ਮੁਕੱਦਮਿਆਂ ਲਈ ਕਿਸੇ ਵਕੀਲ ਨੂੰ ਨਿਯੁਕਤ ਨਹੀਂ ਕੀਤਾ ਸੀ, ਸਿਰਫ਼ ਕਾਨੂੰਨੀ ਸਲਾਹਕਾਰ ਦੀ ਮਦਦ ਨਾਲ ਆਪਣੇ ਮੁਕੱਦਮੇ ਉਨ੍ਹਾਂ ਨੇ ਖ਼ੁਦ ਹੀ ਲੜੇ। ਭਗਤ ਸਿੰਘ ਆਪਣੇ ਲਕਸ਼ ਪ੍ਰਤੀ ਬੇਹੱਦ ਸਪਸ਼ਟ ਸਨ।

ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸਿਆਸੀ ਕੈਦੀਆਂ ਨੂੰ ਆਪਣੇ ਮੁਕੱਦਮੇ ਖ਼ੁਦ ਨੂੰ ਬਚਾਉਣ ਲਈ ਨਹੀਂ, ਸਗੋਂ ਆਪਣੇ ਸਿਆਸੀ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਲੜਨੇ ਚਾਹੀਦੇ ਹਨ। ਸਿਆਸੀ ਲੋਕਾਂ ਲਈ ਆਪਣੀ ਜਾਨ ਤੋਂ ਜ਼ਿਆਦਾ ਆਪਣੇ ਸਿਆਸੀ ਲਕਸ਼ ਵੱਧ ਪਿਆਰੇ ਹੋਣੇ ਚਾਹੀਦੇ ਹਨ। ਇਸ ਸਿਧਾਂਤ ਨੂੰ ਮੰਨਦਿਆਂ ਭਗਤ ਸਿੰਘ ਆਪਣੇ ਮੁਕੱਦਮੇ ਰਾਹੀਂ ਬਰਤਾਨਵੀ ਸਿਆਸੀ ਅਤੇ ਨਿਆਂ-ਵਿਵਸਥਾ ਦੀ ਪੋਲ ਪੂਰੀ ਤਰ੍ਹਾਂ ਖੋਲ੍ਹ ਕੇ ਰੱਖ ਦੇਣਾ ਚਾਹੁੰਦੇ ਸਨ। ਇਸ ਦਾ ਅੰਜਾਮ ਉਨ੍ਹਾਂ ਨੂੰ ਸਪੱਸ਼ਟ ਤੌਰ 'ਤੇ ਪਤਾ ਸੀ—ਇਸ ਦੀ ਕੀਮਤ ਉਨ੍ਹਾਂ ਨੇ ਆਪਣੇ ਪ੍ਰਾਣ ਦੇ ਕੇ ਚੁਕਾਉਣੀ ਸੀ। 1929 ਵਿਚ ਆਪਣੀ ਗ੍ਰਿਫ਼ਤਾਰੀ ਸਮੇਂ ਭਗਤ ਸਿੰਘ ਦੀ ਉਮਰ 21 ਸਾਲ ਤੋਂ ਕੁਝ ਵੱਧ ਹੀ ਸੀ, ਇਸ ਉਮਰ ਵਿਚ ਏਨੀ ਵਿਚਾਰਧਾਰਕ ਸਪੱਸ਼ਟਤਾ ਅਤੇ ਪ੍ਰਤੀਬੱਧਤਾ ਦੁਨੀਆ ਵਿਚ ਗਿਣਤੀ ਦੇ ਹੀ ਬੰਦਿਆਂ ਵਿਚ ਮਿਲਦੀ ਹੈ। ਭਗਤ ਸਿੰਘ ਨੇ ਜੋ ਸੋਚਿਆ, ਉਹੀ ਕੀਤਾ। ਉਨ੍ਹਾਂ 'ਤੇ ਦੋ ਮੁਕੱਦਮੇ ਸਨ—ਅਸੈਂਬਲੀ ਵਿਚ ਬੰਬ ਕਾਂਡ ਅਤੇ ਉਨ੍ਹਾਂ ਦੇ ਚੌਵ੍ਹੀ ਸਾਥੀਆਂ 'ਤੇ ਲਾਹੌਰ ਸਾਜ਼ਿਸ਼ ਕੇਸ ਚਲਾਇਆ ਗਿਆ। ਲਾਹੌਰ ਸਾਜ਼ਿਸ਼ ਕੇਸ ਸ਼ੁਰੂ ਵਿਚ ਲਾਹੌਰ ਦੀ ਵਿਸ਼ੇਸ਼ ਅਦਾਲਤ ਦੇ ਜੱਜ ਰਾਇ ਸਾਹਿਬ ਸ੍ਰੀ ਕ੍ਰਿਸ਼ਨ ਦੇ ਸਾਹਮਣੇ ਚਲਾਇਆ ਗਿਆ, ਜਿਥੇ 10 ਜੁਲਾਈ 1929 ਨੂੰ ਸ਼ਿਕਾਇਤ ਦਰਜ ਕੀਤੀ ਗਈ। ਕੇਸ ਵਿਚ 32 ਮੁਲਜ਼ਮ ਸਨ, ਜਿਨ੍ਹਾਂ ਵਿਚੋਂ ਸੱਤ ਵਾਅਦਾ-ਮੁਆਫ਼ ਗਵਾਹ ਬਣ ਗਏ, ਨੌਂ ਫ਼ਰਾਰ ਸਨ ਅਤੇ ਸੋਲ੍ਹਾਂ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ 'ਤੇ ਸਾਂਡਰਸ ਦੇ ਕਤਲ, ਇਨਕਲਾਬ ਦੀ ਸਾਜ਼ਿਸ਼ ਰਚਣ, ਰਾਜ ਦੇ ਖ਼ਿਲਾਫ਼ ਬਗ਼ਾਵਤ ਕਰਨ ਆਦਿ ਦੇ ਦੋਸ਼ ਲਾਏ ਗਏ। ਇਸ ਮੁਕੱਦਮੇ ਦੀ ਚਰਚਾ ਕੇਂਦਰੀ ਅਸੈਂਬਲੀ ਵਿਚ ਵੀ ਹੋਈ ਅਤੇ 12 ਅਤੇ 14 ਸਤੰਬਰ 1929 ਨੂੰ ਮੁਹੰਮਦ ਅਲੀ ਜਿਨਾਹ ਨੇ ਇਨ੍ਹਾਂ ਨੌਜਵਾਨ ਇਨਕਲਾਬੀਆਂ ਨਾਲ ਹੋ ਰਹੇ ਜ਼ੁਲਮਾਂ ਅਤੇ ਸਰਕਾਰ ਦੀ ਬਦਨੀਅਤੀ ਨੂੰ ਉਘਾੜਨ ਵਾਲਾ ਭਾਸ਼ਣ ਦਿੱਤਾ। ਜੇਲ੍ਹ ਅਤੇ ਅਦਾਲਤ ਵਿਚ ਇਨ੍ਹਾਂ ਨੌਜਵਾਨ ਦੇਸ਼ਭਗਤਾਂ ਨਾਲ ਲਗਾਤਾਰ ਗ਼ੈਰ-ਮਨੁੱਖੀ ਅੱਤਿਆਚਾਰ, ਜਿਨ੍ਹਾਂ ਵਿਚ ਬੁਰੀ ਤਰ੍ਹਾਂ ਮਾਰ-ਕੁੱਟ ਸ਼ਾਮਲ ਸੀ, ਕੀਤੇ ਜਾਂਦੇ ਰਹੇ। ਇਨ੍ਹਾਂ ਜ਼ੁਲਮਾਂ ਦੇ ਖ਼ਿਲਾਫ਼ ਇਨ੍ਹਾਂ ਇਨਕਲਾਬੀਆਂ ਨੇ ਮਹੀਨਿਆਂ-ਬੱਧੀ ਜੇਲ੍ਹ ਵਿਚ ਭੁੱਖ-ਹੜਤਾਲ ਕੀਤੀ, ਜਿਸ ਨਾਲ ਬੰਗਾਲ ਦੇ ਨੌਜਵਾਨ ਇਨਕਲਾਬੀ ਜਤਿੰਦਰ ਨਾਥ ਦਾਸ ਸ਼ਹੀਦ ਵੀ ਹੋ ਗਏ। ਬਰਤਾਨਵੀ ਬਸਤੀ-ਵਾਦੀ ਹਕੂਮਤ ਨੇ ਆਪਣੀ ਅਖੌਤੀ ਇਨਸਾਫ਼ਪਸੰਦੀ ਅਤੇ ਕਾਨੂੰਨ ਅਨੁਸਾਰ ਕਾਨੂੰਨ ਦੀਆਂ ਧੱਜੀਆਂ ਉਡਾਉਂਦਿਆਂ, ਉਸ ਵੇਲੇ ਦੇ ਵਾਇਸਰਾਏ ਅਤੇ ਗਵਰਨਰ ਜਨਰਲ ਲਾਰਡ ਇਰਵਿਨ ਦੇ ਦਸਤਖ਼ਤਾਂ ਹੇਠ 1 ਮਈ 1930 ਨੂੰ ਗਰਮੀ ਦੀ ਰਾਜਧਾਨੀ ਸ਼ਿਮਲੇ ਤੋਂ ਆਰਡੀਨੈਂਸ ਜਾਰੀ ਕੀਤਾ। 1930 ਦਾ ਇਹ ਆਰਡੀਨੈਂਸ ਸਿਰਫ਼ ਛੇ ਮਹੀਨੇ ਲਈ ਸੀ, ਉਸ ਤੋਂ ਬਾਅਦ ਇਸ ਦੀ ਮੰਜ਼ੂਰੀ ਕੇਂਦਰੀ ਅਸੈਂਬਲੀ ਤੋਂ ਲੈਣੀ ਜ਼ਰੂਰੀ ਸੀ।

ਮਹਾਤਮਾ ਗਾਂਧੀ ਦੇ ਨਜ਼ਦੀਕੀ ਦੋਸਤ ਸਮਝੇ ਜਾਂਦੇ ਲਾਰਡ ਇਰਵਿਨ ਨੇ ਇਸ ਆਰਡੀਨੈਂਸ ਰਾਹੀਂ ਭਗਤ ਸਿੰਘ ਨੂੰ ਹਰ ਸੂਰਤ ਵਿਚ ਛੇ ਮਹੀਨੇ ਦੇ ਅੰਦਰ-ਅੰਦਰ ਫਾਂਸੀ ਦੀ ਸਜ਼ਾ ਸੁਣਾਉਣ ਦਾ ਪੱਕਾ ਇੰਤਜ਼ਾਮ ਕਰ ਲਿਆ ਸੀ। ਟ੍ਰਿਬਿਊਨਲ ਵੱਲੋਂ ਦਿੱਤੀ ਜਾਣ ਵਾਲੀ ਸਜ਼ਾ ਦੀ ਕਿਸੇ ਹਾਈਕੋਰਟ ਵੱਲੋਂ ਪੁਸ਼ਟੀ ਕਰਵਾਉਣ ਦੀ ਵੀ ਲੋੜ ਨਹੀਂ ਸੀ ਰੱਖੀ ਗਈ। ਕਿਸੇ ਵੀ ਮੁਲਜ਼ਮ ਦੀ ਗ਼ੈਰ-ਹਾਜ਼ਰੀ ਵਿਚ ਜੋ ਚਾਹੇ ਇਲਜ਼ਾਮ ਲਾਏ ਜਾ ਸਕਦੇ ਸਨ, ਕਿਹੋ ਜਿਹੀਆਂ ਵੀ ਝੂਠੀਆਂ ਗਵਾਹੀਆਂ ਭੁਗਤਾਈਆਂ ਜਾ ਸਕਦੀਆਂ ਸਨ, ਜਿਸ ਨਾਲ ਮੁਲਜ਼ਮਾਂ ਨੂੰ ਫਾਂਸੀ ਦੇ ਫੰਦੇ ਤਕ ਲੈ ਜਾਇਆ ਜਾ ਸਕਦਾ ਸੀ। ਲਾਹੌਰ ਹਾਈਕੋਰਟ ਬਾਰ ਐਸੋਸੀਏਸ਼ਨ ਅਤੇ ਦੇਸ਼ ਦੇ ਪ੍ਰਮੁੱਖ ਵਕੀਲਾਂ ਨੇ ਇਸ ਆਰਡੀਨੈਂਸ ਨੂੰ ਅਨੈਤਿਕ ਅਤੇ ਗ਼ੈਰ-ਕਾਨੂੰਨੀ ਕਿਹਾ ਪਰ ਬੇਫ਼ਾਇਦਾ। 5 ਮਈ 1930 ਨੂੰ ਟ੍ਰਿਬਿਊਨਲ ਨੇ ਕੇਸ ਦੀ ਸੁਣਵਾਈ ਸ਼ੁਰੂ

ਕੀਤੀ, ਟ੍ਰਿਬਿਊਨਲ ਦੇ ਭਾਰਤੀ ਜੱਜ ਆਗਾ ਹੈਦਰ ਵੱਲੋਂ ਮੁਲਜ਼ਮਾਂ ਨਾਲ ਇਨਸਾਨੀਅਤ ਦਾ ਇਨਸਾਫ਼-ਪਸੰਦ ਸਲੂਕ ਕਰਨ 'ਤੇ ਉਨ੍ਹਾਂ ਨੂੰ ਜੂਨ 1930 ਤਕ ਟ੍ਰਿਬਿਊਨਲ ਤੋਂ ਹਟਾ ਦਿੱਤਾ ਗਿਆ।

ਨਿਆਂਇਕ ਪ੍ਰਕ੍ਰਿਆ ਦਾ ਕਤਲ ਕਰਨ ਵਾਲੇ ਇਸ ਟ੍ਰਿਬਿਊਨਲ ਨੇ 7 ਅਕਤੂਬਰ 1930 ਨੂੰ, ਆਪਣੀ ਮਿਆਦ ਖ਼ਤਮ ਹੋਣ ਤੋਂ 23 ਦਿਨ ਪਹਿਲਾਂ ਹੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਖ਼ੁਦ ਸਰਕਾਰੀ ਵਕੀਲ ਨੇ ਟ੍ਰਿਬਿਊਨਲ ਦੇ ਸਾਹਮਣੇ ਛੇ ਸੌ ਤੋਂ ਵੱਧ ਗਵਾਹ ਪੇਸ਼ ਕਰਨ ਦੀ ਦਰਖ਼ਾਸਤ ਦਿੱਤੀ ਸੀ, ਪਰ ਆਰਡੀਨੈਂਸ ਦੀ ਮਿਆਦ ਖ਼ਤਮ ਹੋਣ ਦੇ ਨੇੜੇ ਹੋਣ ਕਰਕੇ ਸਰਕਾਰੀ ਪੱਖ ਨੇ ਦੋ ਸੌ ਤੋਂ ਜ਼ਿਆਦਾ ਗਵਾਹੀਆਂ ਛੱਡ ਦਿੱਤੀਆਂ, ਸਿਰਫ਼ ਚਾਰ ਸੌ ਦੇ ਕਰੀਬ ਗਵਾਹ ਭੁਗਤਾ ਕੇ ਮੁਕੱਦਮਾ ਖ਼ਤਮ ਕਰ ਦਿੱਤਾ ਗਿਆ। ਬਾਅਦ ਵਿਚ ਇੰਗਲੈਂਡ ਵਿਚ ਪ੍ਰਸਿੱਧ ਵਕੀਲ ਡੀ.ਐਨ. ਪ੍ਰਿਟ ਨੇ ਪ੍ਰਿਵੀਕੌਂਸਲ ਵਿਚ ਇਸ ਆਰਡੀਨੈਂਸ ਖ਼ਿਲਾਫ਼ ਬਹਿਸ ਕੀਤੀ, ਪਰ ਉਸ ਦੀ ਅਰਜ਼ੀ ਬਰਤਾਨਵੀ ਬਸਤੀਵਾਦੀ ਹਿੱਤਾਂ ਦੇ ਰੱਖਿਅਕ ਬੈਂਚ ਵੱਲੋਂ ਖਾਰਜ ਕਰ ਦਿੱਤੀ ਗਈ। ਏਸ ਬੈਂਚ ਵਿਚ ਭਾਰਤੀ ਜੱਜ ਦਿਨਸ਼ਾ ਮੁੱਲਾ ਵੀ ਸ਼ਾਮਲ ਸਨ ਅਤੇ ਇਸ ਤਰ੍ਹਾਂ ਬਰਤਾਨਵੀ ਬਸਤੀਵਾਦ ਨੇ ਆਪਣੀ ਅਖੌਤੀ ਇਨਸਾਫ਼ਪਸੰਦੀ ਅਤੇ ਕਾਨੂੰਨ ਅਨੁਸਾਰ ਹਕੂਮਤ ਦਾ ਛਲਾਵੇ ਭਰਿਆ ਢੋਲ ਕੁੱਟਦਿਆਂ, ਸਰਾਸਰ ਧੋਖਾਧੜੀ ਭਰੇ ਮੁਕੱਦਮੇ ਤੋਂ ਬਾਅਦ 23 ਮਾਰਚ 1931 ਨੂੰ ਇਨ੍ਹਾਂ ਤਿੰਨ ਨੌਜਵਾਨ ਦੇਸ਼ਭਗਤਾਂ ਨੂੰ ਫਾਂਸੀ 'ਤੇ ਲਟਕਾ ਦਿੱਤਾ।

ਇਸ ਮੁਕੱਦਮੇ ਦੇ ਅੰਜਾਮ ਸੰਬੰਧੀ ਭਗਤ ਸਿੰਘ ਪੂਰੀ ਤਰ੍ਹਾਂ ਨਿਸ਼ਚਿੰਤ ਸੀ। ਉਸ ਨੂੰ ਪਤਾ ਸੀ ਕਿ ਉਸ ਨੂੰ ਫਾਂਸੀ ਹੋਵੇਗੀ, ਇਸ ਲਈ ਪਿਤਾ ਸ. ਕਿਸ਼ਨ ਸਿੰਘ ਦੇ ਇਸ ਫ਼ੈਸਲੇ ਵਿਰੁੱਧ ਅਰਜ਼ੀ ਦੇਣ ਤੇ ਉਹ ਬੜਾ ਦੁਖੀ ਹੋਇਆ। ਭਗਤ ਸਿੰਘ ਨੇ ਬਰਤਾਨਵੀ ਗਵਰਨਰ ਜਨਰਲ ਨੂੰ ਇਹ ਦਰਖ਼ਾਸਤ ਜ਼ਰੂਰ ਦਿੱਤੀ ਕਿ ਉਹ ਬਰਤਾਨਵੀ ਬਸਤੀਵਾਦ ਦੇ ਖ਼ਿਲਾਫ਼ ਯੁੱਧ ਕਰ ਰਹੇ ਜੰਗੀ ਕੈਦੀ ਹਨ, ਇਸ ਲਈ ਉਨ੍ਹਾਂ ਨਾਲ ਜੰਗੀ ਕੈਦੀਆਂ ਵਾਲਾ ਸਲੂਕ ਕਰਦੇ ਹੋਏ, ਬਰਤਾਨਵੀ ਸਰਕਾਰ ਉਨ੍ਹਾਂ ਨੂੰ ਫ਼ੌਜ ਵੱਲੋਂ ਗੋਲੀਆਂ ਨਾਲ ਉਡਾਉਣ ਦਾ ਹੁਕਮ ਜਾਰੀ ਕਰੇ ਪਰ ਬਰਤਾਨਵੀ ਬਸਤੀਵਾਦੀ ਸ਼ਕਤੀ ਕੋਲ ਇੰਨੀ ਨੈਤਿਕ ਹਿੰਮਤ ਕਿੱਥੇ ਸੀ ਕਿ ਉਹ ਭਗਤ ਸਿੰਘ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖ ਸਕਦੀ ? ਉਸ ਨੇ ਤਾਂ ਆਪਣੀਆਂ ਹੀ ਬਣਾਈਆਂ ਪਰੰਪਰਾਵਾਂ ਦੀਆਂ ਧੱਜੀਆਂ ਉਡਾਉਂਦਿਆਂ ਸਵੇਰ ਦੇ ਸਮੇਂ ਦੀ ਬਜਾਇ ਇਨ੍ਹਾਂ ਨੌਜਵਾਨਾਂ ਨੂੰ ਸ਼ਾਮ ਦੇ ਸੱਤ ਵਜੇ ਫਾਂਸੀ 'ਤੇ ਚੜ੍ਹਾਇਆ ਅਤੇ ਬੇਹੱਦ ਗ਼ੈਰ-ਮਨੁੱਖੀ ਅਤੇ ਅਸੱਭਿਅਕ ਤਰੀਕੇ ਨਾਲ ਰਾਤੋ-ਰਾਤ ਉਨ੍ਹਾਂ ਦੀਆਂ ਲਾਸ਼ਾਂ ਦਾ ਫ਼ਿਰੋਜ਼ਪੁਰ ਨੇੜੇ ਸਸਕਾਰ ਕਰ ਦਿੱਤਾ। 23 ਮਾਰਚ ਨੂੰ ਭਗਤ ਸਿੰਘ ਦੀ ਛੋਟੀ ਭੈਣ ਅਮਰ ਕੌਰ, ਰਿਸ਼ਤੇ-ਦਾਰਾਂ, ਦੋਸਤਾਂ ਅਤੇ ਸ਼ਰਧਾਲੂਆਂ ਨੇ ਹੁਸੈਨੀਵਾਲਾ ਨੇੜਿਓਂ ਇਨ੍ਹਾਂ ਬਹਾਦਰਾਂ ਦੇ ਅਧਜਲੇ ਅੰਗ ਚੁਣੇ।

ਭਗਤ ਸਿੰਘ ਭਾਵੇਂ ਸਾਰੇ ਦੇਸ਼ ਵਿਚ ਲੋਕ-ਨਾਇਕ ਬਣ ਗਿਆ ਸੀ, ਪਰ ਮਹਾਤਮਾ ਗਾਂਧੀ ਨੇ ਉਨ੍ਹਾਂ ਦੀ ਫਾਂਸੀ ਤੋਂ ਬਾਅਦ ਵੀ ਉਨ੍ਹਾਂ ਦੇ ਬਹਾਦਰੀ ਭਰੇ ਕਰਮ ਦੀ ਨਿੰਦਾ ਕੀਤੀ। ਲਾਰਡ ਇਰਵਿਨ ਨਾਲ ਆਪਣੀ ਗੱਲਬਾਤ ਵਿਚ ਮਹਾਤਮਾ ਗਾਂਧੀ ਨੇ ਇਨ੍ਹਾਂ ਨੌਜਵਾਨਾਂ ਦੀ ਸਜ਼ਾ ਘੱਟ ਕਰਾਉਣ ਦੀ ਗੱਲ ਤਾਂ ਦੂਰ ਰਹੀ, ਬਰਤਾਨਵੀ ਹਕੂਮਤ ਨੂੰ ਇਥੋਂ ਤਕ ਸਲਾਹ ਵੀ ਦਿੱਤੀ ਕਿ ਫਾਂਸੀ ਤੋਂ ਬਾਅਦ ਦੀ ਸਥਿਤੀ ਨਾਲ ਕਿਵੇਂ ਨਿਪਟਿਆ ਜਾਵੇ ? ਹੁਣ ਇਹ ਸਾਰੇ ਦਸਤਾਵੇਜ਼ ਪ੍ਰਕਾਸ਼ਤ ਹਨ ਅਤੇ ਰਾਸ਼ਟਰੀ ਆਰਕਾਈਵਜ਼ ਵਿਚ ਰੱਖੇ ਹੋਏ ਹਨ। ਕੇਂਦਰੀ ਅਸੈਂਬਲੀ ਬੰਬ ਕਾਂਡ ਵਿਚ ਭਾਵੇਂ ਕਿਸੇ ਨੂੰ ਵੀ ਗੰਭੀਰ ਸੱਟਾਂ ਨਹੀਂ ਸਨ ਲੱਗੀਆਂ ਅਤੇ ਭਗਤ ਸਿੰਘ ਅਤੇ ਦੱਤ ਨੇ ਆਪਣਾ ਲਕਸ਼ 'ਬੋਲ਼ਿਆਂ ਨੂੰ ਸੁਣਾਉਣ ਲਈ ਧਮਾਕਿਆਂ ਦੀ ਲੋੜ ਹੁੰਦੀ ਹੈ' ਨੂੰ ਸਪੱਸ਼ਟ ਕਰ ਦਿੱਤਾ ਸੀ। ਫਿਰ ਵੀ ਇਕ ਮਦਨਮੋਹਨ ਮਾਲਵੀਆ ਨੂੰ ਛੱਡ ਕੇ ਹੋਰ ਕਈ ਰਾਸ਼ਟਰੀ ਨੇਤਾ ਵਧ-ਚੜ੍ਹ ਕੇ ਇਨ੍ਹਾਂ ਨੌਜਵਾਨਾਂ ਦੇ ਖ਼ਿਲਾਫ਼ ਬੋਲੇ ਅਤੇ 8 ਅਪ੍ਰੈਲ 1929 ਨੂੰ ਕੇਂਦਰੀ ਅਸੈਂਬਲੀ ਨੇ ਇਨ੍ਹਾਂ ਨੌਜਵਾਨਾਂ ਦੀ ਨਿੰਦਾ ਕੀਤੀ। ਅੱਜ ਜਦੋਂ ਕਈ ਪਾਰਲੀਮੈਂਟ ਮੈਂਬਰ ਪਾਰਲੀਮੈਂਟ ਭਵਨ ਵਿਚ ਭਗਤ ਸਿੰਘ ਦਾ ਚਿੱਤਰ ਲਗਾਉਣ ਦੀ ਮੰਗ ਕਰਦੇ ਹਨ ਤਾਂ ਵਾਜਬ ਤੌਰ 'ਤੇ ਪਹਿਲਾਂ ਉਨ੍ਹਾਂ ਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਕੇਂਦਰੀ ਅਸੈਂਬਲੀ ਵਿਚ 8 ਅਪ੍ਰੈਲ 1929 ਨੂੰ ਇਨ੍ਹਾਂ ਨੌਜਵਾਨਾਂ ਦੇ ਖ਼ਿਲਾਫ਼ ਪਾਸ ਨਿੰਦਾ-ਪ੍ਰਸਤਾਵ ਰੱਦ ਕੀਤਾ ਜਾਵੇ ਅਤੇ ਉਸ ਨੂੰ ਕਾਰਵਾਈ ਵਿਚੋਂ ਖਾਰਜ ਕੀਤਾ ਜਾਵੇ। ਇਹ ਵੀ ਅਜੀਬ ਹੀ ਹੈ ਕਿ ਇਨ੍ਹਾਂ ਪੰਜਾਹ-ਬਵੰਜਾ ਸਾਲਾਂ ਦੌਰਾਨ ਕਿਸੇ ਵੀ ਪਾਰਲੀਮੈਂਟ ਮੈਂਬਰ ਨੇ ਇਹ ਮੰਗ ਨਹੀਂ ਕੀਤੀ ਕਿ ਭਗਤ ਸਿੰਘ ਅਤੇ ਬੀ.ਕੇ. ਦੱਤ ਖ਼ਿਲਾਫ਼ ਕੇਂਦਰੀ ਅਸੈਂਬਲੀ ਵਿਚ ਪਾਸ ਪ੍ਰਸਤਾਵ ਨੂੰ ਰੱਦ ਕੀਤਾ ਜਾਵੇ।

ਭਗਤ ਸਿੰਘ ਦੇ ਜੀਵਨ ਅਤੇ ਲਿਖਤਾਂ ਤੋਂ ਸਪੱਸ਼ਟ ਹੈ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਪ੍ਰਾਸੰਗਿਕਤਾ ਅੱਜ 1930-31 ਤੋਂ ਕਿਤੇ ਵੱਧ ਕੇ ਹੈ। ਆਰਥਿਕ, ਸਮਾਜਿਕ, ਰਾਜਨੀਤਕ, ਪ੍ਰਸ਼ਾਸਨਿਕ ਹਰ ਪੱਧਰ 'ਤੇ ਹੀ ਬਰਤਾਨਵੀ ਬਸਤੀਵਾਦ ਵੱਲੋਂ ਸਥਾਪਤ ਨੀਤੀਆਂ ਫਿਰ ਉੱਭਰ ਕੇ ਸਾਹਮਣੇ ਆ ਗਈਆਂ ਹਨ। ਜਵਾਹਰ ਲਾਲ ਨਹਿਰੂ ਨੇ ਆਪਣੀ ਹਕੂਮਤ ਦੌਰਾਨ ਕੁਝ ਜਮਹੂਰੀ ਅਤੇ ਕੁਝ ਆਰਥਿਕ ਰਾਜਨੀਤਕ ਸੁਤੰਤਰਤਾ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਪਰ ਪਹਿਲੋਂ 1980 ਤੋਂ ਬਾਅਦ ਅਤੇ ਫਿਰ 1991 ਵਿਚ ਤਾਂ ਇਹ ਆਜ਼ਾਦੀ ਪੂਰੀ ਤਰ੍ਹਾਂ ਅਮਰੀਕੀ ਅਤੇ ਸਾਮਰਾਜਵਾਦ ਸਾਹਮਣੇ ਗਹਿਣੇ ਰੱਖ ਦਿੱਤੀ ਗਈ ਹੈ। ਜਨਸੰਘ, ਹਿੰਦੂ ਮਹਾਸਭਾ, ਰਾਸ਼ਟਰੀ ਸਵੈਮ ਸੇਵਕ ਸੰਘ ਤੋਂ ਪ੍ਰਭਾਵਤ ਲੋਕਾਂ ਨੇ 1948 ਵਿਚ ਇਸ ਲਈ ਮਹਾਤਮਾ ਗਾਂਧੀ ਨੂੰ ਕਤਲ ਕਰ ਦਿੱਤਾ ਕਿਉਂਕਿ ਗਾਂਧੀ ਜੀ ਵਾਜਬ ਰੂਪ ਵਿਚ ਦੇਸ਼ ਦੀ ਵੰਡ ਵੇਲੇ ਦਾ ਪਾਕਿਸਤਾਨ ਦਾ ਪਚਵਿੰਜਾ ਕਰੋੜ ਰੁਪਏ ਦਾ ਹਿੱਸਾ ਉਸ ਨੂੰ ਦੇਣ ਦੀ ਮੰਗ ਕਰ ਰਹੇ ਸਨ। ਅੱਜ ਉਨ੍ਹਾਂ ਹਿੰਦੂਤਵਵਾਦੀ ਤਾਕਤਾਂ ਵੱਲੋਂ ਪੂਰੇ ਦੇਸ਼ ਦੀ ਰਾਜਨੀਤਕ, ਸਮਾਜਕ, ਆਰਥਿਕ, ਸਭਿਆਚਾਰਕ ਪਛਾਣ ਅਮਰੀਕੀ ਅਤੇ ਪੱਛਮੀ ਸਮਾਰਾਜਵਾਦ ਸਾਹਮਣੇ ਗਹਿਣੇ ਰੱਖੀ ਜਾ ਚੁੱਕੀ ਹੈ। ਦੇਸ਼ 'ਤੇ ਕਿੰਨੇ ਹਜ਼ਾਰ ਕਰੋੜ ਰੁਪਏ ਦਾ ਵਿਦੇਸ਼ੀ ਕਰਜ਼ ਹੈ, ਦੱਸਣਾ ਮੁਸ਼ਕਿਲ ਹੈ ਅਤੇ ਇਹ ਅੰਕੜਾ ਹਰ ਰੋਜ਼ ਵਧਦਾ ਹੀ ਜਾਂਦਾ ਹੈ

। ਭਗਤ ਸਿੰਘ ਦੀ ਵਿਚਾਰਧਾਰਾ ਖ਼ੁਦ ਅਟਲ ਬਿਹਾਰੀ ਵਾਜਪਾਈ ਨੂੰ ਰੜਕਦੀ ਹੈ, ਜੋ ਉਨ੍ਹਾਂ ਕੁਲਦੀਪ ਨੱਈਅਰ ਦੀ ਕਿਤਾਬ 'ਸ਼ਹੀਦ ਭਗਤ ਸਿੰਘ : ਇਨਕਲਾਬ ਦੇ ਤਜਰਬੇ' ਰਿਲੀਜ਼ ਕਰਨ ਸਮੇਂ ਜ਼ਾਹਿਰ ਕਰ ਦਿੱਤੀ ਸੀ।

ਕੁਲਦੀਪ ਨੱਈਅਰ ਨੇ ਉਸ ਮੌਕੇ ਸਹੀ ਗੱਲ ਕਹੀ ਕਿ ਉਹ ਇਤਿਹਾਸ ਨੂੰ ਨਹੀਂ ਬਦਲ ਸਕਦੇ। ਪਰ ਸਭਿਆਚਾਰਕ ਰਾਸ਼ਟਰਵਾਦ ਦਾ ਪੂਰਾ ਜ਼ੋਰ ਭਾਰਤੀ ਇਤਿਹਾਸ ਅਤੇ ਸਮਾਜ ਨੂੰ ਆਪਣੀ ਮਨਚਾਹੀ ਦਿਸ਼ਾ ਵਿਚ ਬਦਲਣ 'ਤੇ ਲੱਗਾ ਹੋਇਆ ਹੈ। ਇਸ ਦਸ਼ਾ ਵਿਚ ਭਗਤ ਸਿੰਘ ਤੇ ਉਨ੍ਹਾਂ ਦੀ ਵਿਚਾਰਧਾਰਾ ਵੀ ਇਕ ਰੋੜਾ ਹੈ, ਸ਼ਾਇਦ ਇਸੇ ਲਈ ਵਾਜਪਾਈ ਸਰਕਾਰ ਨੇ ਭਗਤ ਸਿੰਘ ਦੇ ਸ਼ਹੀਦੀ-ਦਿਹਾੜੇ 23 ਮਾਰਚ ਦੇ ਮੌਕੇ ਤੇ ਨਵ-ਸਾਮਰਾਜਵਾਦ ਤੇ ਨਵ-ਬਸਤੀਵਾਦ ਦੇ ਕੇਂਦਰੀ ਨੁਮਾਇੰਦੇ ਬਿਲ ਕਲਿੰਟਨ ਨੂੰ ਇਸ ਦੇਸ਼ ਦੇ ਦੌਰੇ 'ਤੇ ਬੁਲਾਇਆ ਸੀ। ਭਗਤ ਸਿੰਘ ਦੀ ਲੋੜ ਅੱਜ ਇਸ ਦੇਸ਼ ਦੇ ਮਿਹਨਤਕਸ਼ਾਂ, ਦਲਿਤਾਂ ਅਤੇ ਨੌਜਵਾਨਾਂ ਨੂੰ ਹੈ ਅਤੇ ਉਹ ਉਸ ਨੂੰ ਕਦੇ ਨਹੀਂ ਭੁਲਾ ਸਕਦੇ।

## ਸ਼ਹੀਦ-ਇ-ਆਜ਼ਮ ਦੀਆਂ ਅਤੇ ਉਨ੍ਹਾਂ ਬਾਰੇ ਦੁਰਲੱਭ ਲਿਖਤਾਂ

23 ਮਾਰਚ 2008 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਨੂੰ 77 ਵਰ੍ਹੇ ਪੂਰੇ ਹੋ ਚੁੱਕੇ ਹਨ। 2006 ਵਿਚ ਉਨ੍ਹਾਂ ਦੀ ਸ਼ਹਾਦਤ ਦੇ 75 ਵਰ੍ਹੇ ਪੂਰੇ ਹੋਣ 'ਤੇ ਪੂਰੇ ਦੇਸ਼ ਵਿਚ ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਧਰ 'ਤੇ ਪ੍ਰੋਗਰਾਮ ਸ਼ੁਰੂ ਹੋਏ, ਜੋ ਹੁਣ ਤਕ ਜਾਰੀ ਹਨ। 28 ਸਤੰਬਰ 2007 ਤੋਂ ਭਗਤ ਸਿੰਘ ਦਾ ਜਨਮ-ਸ਼ਤਾਬਦੀ ਵਰ੍ਹਾ ਸ਼ੁਰੂ ਹੋ ਗਿਆ। ਇਸ ਦੌਰਾਨ ਹਿੰਦੀ, ਪੰਜਾਬੀ, ਅੰਗਰੇਜ਼ੀ, ਬੰਗਾਲੀ, ਮਰਾਠੀ ਅਤੇ ਹੋਰ ਅਨੇਕਾਂ ਭਾਰਤੀ ਭਾਸ਼ਾਵਾਂ ਵਿਚ ਪੁਸਤਕਾਂ ਛਪ ਰਹੀਆਂ ਹਨ ਅਤੇ ਹੋਰ ਵੀ ਛਪਣਗੀਆਂ। 28 ਸਤੰਬਰ 2006 ਤੋਂ ਕੁਝ ਖੱਬੇ-ਪੱਖੀ ਸੰਗਠਨਾਂ ਵੱਲੋਂ ਆਰਾ (ਬਿਹਾਰ) ਵਿਖੇ ਜੋ ਇਕ ਪ੍ਰਭਾਵਸ਼ਾਲੀ ਪ੍ਰੋਗਰਾਮ ਹੋਇਆ ਜਿਸ ਵਿਚ ਮੈਂ ਤੇ ਦੀਪਾਂਕਰ ਭੱਟਾਚਾਰੀਆ ਮੁੱਖ ਵਕਤੇ ਸਾਂ। ਇਸ ਤੋਂ ਪਹਿਲਾਂ ਚਾਲ੍ਹੀ ਜਨ-ਸੰਗਠਨਾਂ ਦੀ ਸਾਂਝੀ ਕਮੇਟੀ ਵੱਲੋਂ 26 ਸਤੰਬਰ ਨੂੰ ਪਟਨਾ ਵਿਖੇ ਸ਼ਾਨਦਾਰ ਪ੍ਰੋਗਰਾਮਾਂ ਦੀ ਸ਼ੁਰੂਆਤ ਪ੍ਰਸਿੱਧ ਐਕਟਰ ਏ.ਕੇ. ਹੰਗਲ ਵੱਲੋਂ ਕੀਤੀ ਗਈ। 29 ਸਤੰਬਰ ਨੂੰ ਪਟਨਾ ਵਿਖੇ ਪੱਤਰਕਾਰ ਰੂਪ ਵਿਚ ਭਗਤ ਸਿੰਘ ਵਿਸ਼ੇ 'ਤੇ ਮੇਰੇ ਵੱਲੋਂ ਚਰਚਾ ਕੀਤੀ ਗਈ।

23 ਅਕਤੂਬਰ 2006 ਨੂੰ ਰੋਹਤਕ ਵਿਖੇ ਵਿਦਿਆਰਥੀ ਆਗੂ ਜਸਬੀਰ ਸਿੰਘ ਯਾਦਗਾਰੀ ਭਾਸ਼ਣ ਇਸ ਵਾਰ ਭਗਤ ਸਿੰਘ ਬਾਰੇ ਕਰਵਾਇਆ ਗਿਆ। 7 ਨਵੰਬਰ ਨੂੰ ਇੰਦੌਰ (ਮੱਧ ਪ੍ਰਦੇਸ਼) ਵਿਖੇ ਕਰਵਾਇਆ ਜਾਂਦਾ ਸਾਲਾਨਾ ਅਕਤੂਬਰ ਇਨਕਲਾਬੀ ਭਾਸ਼ਣ, ਭਗਤ ਸਿੰਘ ਦੇ ਇਨਕਲਾਬੀ ਵਿਰਸੇ 'ਤੇ ਕਰਵਾਇਆ ਗਿਆ। ਇੱਥੇ ਮੈਂ ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਦੀ ਚਰਚਾ ਕੀਤੀ ਤਾਂ ਇੰਦੌਰ ਦੇ ਕਾਲਜ ਵਿਚੋਂ ਵਿਦਿਆਰਥੀਆਂ ਸਾਹਮਣੇ ਵੀ ਭਗਤ ਸਿੰਘ ਦੀ ਜ਼ਿੰਦਗੀ ਬਾਰੇ ਚਰਚਾ ਕੀਤੀ। ਇੰਦੌਰ ਵਿਖੇ ਬੇਹੱਦ ਮਕਬੂਲ ਪੁਰਾਣੇ ਟਰੇਡ ਯੂਨੀਅਨ ਆਗੂ ਅਤੇ ਸਾਬਕਾ ਮੈਂਬਰ ਲੋਕ ਸਭਾ, ਹੋਮੀ ਦਾਜੀ ਆਪਣੀ ਪਤਨੀ ਪੇਰੋਨ ਦਾਜੀ ਸਹਿਤ ਆਪਣੀ ਬਜ਼ੁਰਗ ਉਮਰ ਅਤੇ ਸਰੀਰਕ ਅਪੰਗਤਾ ਦੇ ਬਾਵਜੂਦ ਸ਼ਾਮਲ ਹੋਏ। ਇਸੇ ਤਰ੍ਹਾਂ ਆਰਾ ਵਿਚੋਂ ਵੀ ਬਜ਼ੁਰਗ ਆਜ਼ਾਦੀ ਸੰਗਰਾਮੀਏ ਸ਼ਾਮਲ ਹੋਏ। ਪ੍ਰਗਤੀ-ਸ਼ੀਲ ਲੇਖਕ ਸੰਘ ਵੱਲੋਂ ਰਾਂਚੀ ਵਿਖੇ 23 ਸਤੰਬਰ ਨੂੰ ਪ੍ਰੋਗਰਾਮ ਕਰਵਾਇਆ ਗਿਆ, ਜਿਥੇ ਮੈਂ ਭਗਤ ਸਿੰਘ ਦੀ ਪ੍ਰਸੰਗਕਤਾ ਬਾਰੇ ਚਰਚਾ ਕੀਤੀ। ਅਗਲੇ ਹੀ ਦਿਨ ਰਾਂਚੀ ਯੂਨੀਵਰਸਿਟੀ ਵਿਚ ਵੀ ਪ੍ਰੋਗਰਾਮ ਕਰਵਾਇਆ ਗਿਆ। ਫਰਵਰੀ ਮਹੀਨੇ ਤਿੰਨ ਵੱਖ-ਵੱਖ ਥਾਵਾਂ 'ਤੇ ਭਗਤ ਸਿੰਘ ਸੰਬੰਧੀ ਪ੍ਰੋਗਰਾਮਾਂ ਵਿਚ ਵਿਆਖਿਆਨ ਦੇਣ ਲਈ ਮੈਨੂੰ ਬੁਲਾਇਆ ਗਿਆ। ਬਨਾਰਸ ਵਿਖੇ ਗਿਆਨ-ਵਿਗਿਆਨ ਸਮਿਤੀ ਵੱਲੋਂ ਕਾਸ਼ੀ ਵਿਦਿਆਪੀਠ ਵਿਖੇ 18 ਫਰਵਰੀ 2007 ਨੂੰ ਗੋਸ਼ਟੀ ਕੀਤੀ ਗਈ।

19 ਫਰਵਰੀ 2007 ਨੂੰ ਇਕ ਵਿਦਿਆਰਥੀ ਸੰਗਠਨ ਨੇ ਬਨਾਰਸ ਹਿੰਦੂ ਯੂਨੀਵਰਸਿਟੀ ਵਿਖੇ ਜੋ ਪ੍ਰੋਗਰਾਮ ਰੱਖਿਆ, ਉਸ ਨੂੰ ਆਖ਼ਰੀ ਮੌਕੇ ਡੀਨ ਨੇ ਰੱਦ ਕਰ ਦਿੱਤਾ। ਉਥੋਂ ਦੇ ਹਿੰਦੀ ਵਿਭਾਗ ਨੇ ਫਿਰ ਆਪਣੇ ਹਾਲ ਵਿਚ ਇਹ ਪ੍ਰੋਗਰਾਮ ਕੀਤਾ, ਜਿੱਥੇ ਖਚਾਖਚ ਭਰੇ ਹਾਲ ਵਿਚ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਚਰਚਾ ਹੋਈ। ਇਸ ਤੋਂ ਪਹਿਲਾਂ 10 ਫਰਵਰੀ 2007 ਨੂੰ ਮੁੰਬਈ ਵਿਖੇ ਜਨਵਾਦੀ ਲੇਖਕ ਸੰਘ ਵੱਲੋਂ ਗੋਸ਼ਟੀ ਕੀਤੀ ਗਈ ਅਤੇ 11 ਫਰਵਰੀ 2007 ਨੂੰ ਮੁੰਬਈ ਵਿਖੇ ਹੀ ਭਗਤ ਸਿੰਘ ਨੂੰ ਸਮਰਪਿਤ ਪੁਸਤਕ ਮੇਲੇ 'ਤੇ ਭਰਵੀਂ ਗੋਸ਼ਟੀ ਵੀ ਕੀਤੀ ਗਈ। ਸਭ ਤੋਂ ਵੱਡਾ ਪ੍ਰੋਗਰਾਮ 24 ਫਰਵਰੀ 2007 ਨੂੰ 'ਪੀਪਲਜ਼ ਆਰਟ ਐਂਡ ਕਲਚਰ ਐਸੋਸੀਏਸ਼ਨ' ਵੱਲੋਂ ਧੁਰ ਦੱਖਣ ਵਿਚ ਤੰਜਾਵੁਰ (ਤਾਮਿਲਨਾਡੂ) ਵਿਖੇ ਕਰਵਾਇਆ ਗਿਆ, ਜਿੱਥੇ ਸੈਂਕੜੇ ਨਹੀਂ ਹਜ਼ਾਰਾਂ ਦੀ ਗਿਣਤੀ ਵਿਚ ਸਰੋਤੇ ਭਗਤ ਸਿੰਘ ਦੀਆਂ ਤਸਵੀਰਾਂ ਨਾਲ ਸਜੇ ਪੰਡਾਲ ਵਿਚ ਇਕੱਤਰ ਹੋਏ ਅਤੇ ਅੰਗਰੇਜ਼ੀ ਵਿਚ ਮੇਰੇ ਵਿਆਖਿਆਨ ਦੇ ਨਾਲੋ-ਨਾਲ ਕੀਤੇ ਤਾਮਿਲ ਅਨੁਵਾਦ ਨੂੰ ਡੇਢ ਘੰਟਾ ਪੂਰੀ ਤਰ੍ਹਾਂ ਚੁੱਪਚਾਪ ਸੁਣਦੇ ਰਹੇ ਤੇ ਜਜ਼ਬਾਤੀ ਹੁੰਗਾਰਾ ਵੀ ਭਰਦੇ ਰਹੇ।

ਮਾਰਚ ਮਹੀਨੇ ਵਿਚ ਵੀ ਅਨੇਕਾਂ ਪ੍ਰੋਗਰਾਮ ਹੋਏ ਹਨ। 23 ਮਾਰਚ ਨੂੰ ਦਿੱਲੀ ਵਿਖੇ ਜਿੱਥੇ ਇਕ ਪਾਸੇ ਸਰਕਾਰੀ ਪੱਧਰ ਦਾ ਸਭ ਤੋਂ ਵੱਡਾ ਪ੍ਰੋਗਰਾਮ ਹੋਇਆ ਹੈ, ਜਿਸ ਵਿਚ ਕਈ ਕੇਂਦਰੀ ਮੰਤਰੀਆਂ ਨੇ ਹਿੱਸਾ ਲਿਆ, ਦੂਜੇ ਪਾਸੇ ਖੱਬੇ ਪੱਖੀ ਪਾਰਟੀਆਂ ਵੱਲੋਂ ਭਰਵੀਆਂ ਰੈਲੀਆਂ ਤੇ ਅਰਥ-ਨੀਤੀਆਂ ਦੇ ਖ਼ਿਲਾਫ਼ ਵਿਸ਼ਾਲ ਮੁਜ਼ਾਹਰੇ ਕੀਤੇ ਜਾ ਰਹੇ ਹਨ। ਨੈਸ਼ਨਲ ਬੁੱਕ ਟਰੱਸਟ ਵੱਲੋਂ ਭਗਤ ਸਿੰਘ ਦੀਆਂ ਲਿਖਤਾਂ 'ਤੇ ਆਧਾਰਤ ਕੁਝ ਕਿਤਾਬਾਂ ਵੀ ਇਸੇ ਦਿਨ

ਰਿਲੀਜ਼ ਕੀਤੀਆਂ ਗਈਆਂ । 28 ਅਤੇ 29 ਮਾਰਚ 2007 ਨੂੰ ਮੁੰਬਈ ਯੂਨੀਵਰਸਿਟੀ ਦੇ ਪੋਲੀਟੀਕਲ ਸਾਇੰਸ ਵਿਭਾਗ ਨੇ 'ਭਗਤ ਸਿੰਘ ਦੀ ਵਿਚਾਰਧਾਰਾ' ਬਾਰੇ ਦੋ ਦਿਨ ਦੀ ਰਾਸ਼ਟਰੀ ਗੋਸ਼ਟੀ ਕਰਵਾਈ ।

ਸਪੱਸ਼ਟ ਹੈ ਕਿ ਨਵ-ਬਸਤੀਵਾਦੀ ਹਮਲੇ ਦੇ ਪ੍ਰਸੰਗ ਵਿਚ ਪੂਰੇ ਦੇਸ਼ ਵਿਚੋਂ ਦੇਸ਼ਭਗਤੀ ਦਾ ਜਜ਼ਬਾ ਉਭਾਰਨ ਲਈ 1857 ਦੇ ਮਹਾਨ ਸੰਗਰਾਮ ਤੇ ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਭ ਤੋਂ ਵੱਧ ਮਹੱਤਵ ਮਿਲ ਰਿਹਾ ਹੈ ਅਤੇ ਅੰਗਰੇਜ਼ ਬਸਤੀਵਾਦ ਦੇ ਖ਼ਿਲਾਫ਼ 1757 ਤੋਂ 1947 ਤਕ ਦੇ ਦੋ ਸੌ ਸਾਲਾ ਸੰਘਰਸ਼ਾਂ ਦੇ ਸਮੁੱਚੇ ਸੰਘਰਸ਼ ਦੇ ਮਹਾਨਾਇਕ ਤੇ ਪ੍ਰਤੀਕ ਵਜੋਂ ਭਗਤ ਸਿੰਘ ਦਾ ਨਾਂ ਚਮਕਦੇ ਸਿਤਾਰੇ ਵਾਂਗ ਉੱਭਰ ਰਿਹਾ ਹੈ । ਇਸੇ ਸਾਲ ਭਗਤ ਸਿੰਘ ਦੀਆਂ ਲਿਖਤਾਂ ਇੰਗਲੈਂਡ ਦੇ ਇਕ ਪ੍ਰਕਾਸ਼ਕ ਵੱਲੋਂ ਵੀ ਅੰਗਰੇਜ਼ੀ ਵਿਚ ਛਾਪੀਆਂ ਜਾ ਰਹੀਆਂ ਹਨ ਅਤੇ ਇਕ-ਦੋ ਸਾਲਾਂ ਅੰਦਰ ਭਾਰਤ ਹੀ ਨਹੀਂ ਪੂਰੀ ਦੁਨੀਆਂ ਦੀ ਸੰਘਰਸ਼ਸ਼ੀਲ ਜਨਤਾ ਭਗਤ ਸਿੰਘ ਦਾ ਨਾਂ ਲਾਤੀਨੀ ਹੀਰੋ ਚੇ-ਗੁਵੇਰਾ ਦੇ ਨਾਂ ਨਾਲ ਜੋੜ ਕੇ ਸਾਂਝੇ ਰੂਪ ਵਿਚ ਲਵੇਗੀ ।

ਇਸੇ ਪ੍ਰਸੰਗ ਵਿਚ ਭਗਤ ਸਿੰਘ ਦੇ ਆਪਣੇ ਲਿਖੇ ਅਤੇ ਉਸ ਬਾਰੇ ਦਸਤਾਵੇਜ਼ਾਂ ਦਾ ਮਹੱਤਵ ਇਤਿਹਾਸਕ ਹੈ । ਇਹ ਜਾਨਣਾ ਦਿਲਚਸਪ ਹੈ ਕਿ ਭਗਤ ਸਿੰਘ ਦੀ ਫਾਂਸੀ ਦੀ ਖ਼ਬਰ ਲਾਹੌਰ ਦੇ 'ਟ੍ਰਿਬਿਊਨ' ਅਤੇ ਨਿਊਯਾਰਕ ਅਤੇ ਲੰਦਨ ਦੇ 'ਡੇਲੀ ਵਰਕਰ' ਵਿਚ ਇਕ ਹੀ ਦਿਨ 25 ਮਾਰਚ 1931 ਨੂੰ ਪ੍ਰਕਾਸ਼ਤ ਹੋਈ । 'ਡੇਲੀ ਵਰਕਰ' ਦੇ ਭਾਰਤ ਦਾਖ਼ਲੇ 'ਤੇ ਪਾਬੰਦੀ ਸੀ ਤੇ ਬਰਤਾਨਵੀ ਸਰਕਾਰ ਇਸ ਅਖ਼ਬਾਰ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਕਰਨੀ ਚਾਹੁੰਦੀ ਸੀ । ਇਸ ਸੰਬੰਧੀ ਫਾਈਲਾਂ ਨੈਸ਼ਨਲ ਆਰਕਾਈਵਜ਼ ਦਿੱਲੀ ਵਿਖੇ ਸਾਂਭੀਆਂ ਪਈਆਂ ਹਨ । ਉਥੋਂ ਹੀ ਇਨ੍ਹਾਂ ਖ਼ਬਰਾਂ ਦੀ ਕਤਰਨ ਦੀ ਕਾਪੀ ਵੀ ਮਿਲੀ ਹੈ । ਭਗਤ ਸਿੰਘ ਦੇ ਅੰਤਰਰਾਸ਼ਟਰੀ ਮੁੱਲੰਕਣ ਲਈ ਇਹ ਦਸਤਾਵੇਜ਼ ਬੇਹੱਦ ਮਹੱਤਵ-ਪੂਰਨ ਹਨ ।

ਇਸੇ ਤਰ੍ਹਾਂ ਪੇਰੀਆਰ ਦੇ ਤਾਮਿਲ ਸਪਤਾਹਿਕ 'ਕੁਡਈ ਆਰਸੂ' ਵਿਚ ਸ਼ਾਇਦ ਪੰਜਾਬ ਤੋਂ ਬਾਹਰ ਪਹਿਲਾ ਸੰਪਾਦਕੀ 22-29 ਮਾਰਚ ਦੇ ਅੰਕ ਵਿਚ ਹੀ ਛਪਿਆ, ਪਰ 75-76 ਸਾਲ ਤਕ ਇਸ ਦਾ ਅੰਗਰੇਜ਼ੀ ਅਨੁਵਾਦ ਹੀ ਨਹੀਂ ਹੋਇਆ । ਪੇਰੀਅਰ ਨੇ ਹੀ ਪਹਿਲੀ ਵਾਰ 1934 ਵਿਚ ਕਾਮਰੇਡ ਪੀ. ਜੀਵਾਨੰਦਮ ਤੋਂ 'ਮੈਂ ਨਾਸਤਿਕ ਕਿਉਂ ਹਾਂ' ਦਾ ਤਾਮਿਲ ਅਨੁਵਾਦ ਕਰਵਾ ਕੇ ਛਾਪਿਆ ਸੀ, ਜਿਸ ਦੇ ਅਨੇਕਾਂ ਸੰਸਕਰਣ ਹੁਣ ਤਕ ਛਪ ਚੁੱਕੇ ਹਨ । ਪਿਛਲੀ ਜੁਲਾਈ ਵਿਚ ਚੇਨੰਈ ਵਿਖੇ ਮੈਂ 'ਪੇਰੀਅਰ ਟਿਡਲ' ਗਿਆ ਤਾਂ 'ਕੁਡਈ ਆਰਸੂ' ਦੀ ਫਾਈਲ ਵਿਚੋਂ ਤਾਮਿਲ ਵਿਚ ਸੰਪਾਦਕੀ ਦੀ ਫੋਟੋਕਾਪੀ ਲਿਆ ਕੇ ਉਸ ਦੇ ਅੰਗਰੇਜ਼ੀ ਅਨੁਵਾਦ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਮੇਰੇ ਸੁਝਾਅ ਅਨੁਸਾਰ ਖ਼ੁਦ ਪੇਰੀਅਰ ਟਿਡਲ ਤੋਂ ਪ੍ਰਕਾਸ਼ਤ ਅੰਗਰੇਜ਼ੀ ਪੱਤ੍ਰਿਕਾ 'ਮਾਡਰਨ ਰੈਸ਼ਨਲਿਸਟ' ਦੇ ਅਕਤੂਬਰ 2006 ਅੰਕ ਵਿਚ ਇਸ ਦਾ ਅਨੁਵਾਦ ਛਾਪ ਦਿੱਤਾ ਗਿਆ ।

ਨਵ-ਬਸਤੀਵਾਦੀ ਹਮਲੇ ਤੇ ਵਿਸ਼ਵੀਕਰਣ ਦੀਆਂ ਲੋਕ-ਮਾਰੂ, ਦੇਸ਼-ਵਿਰੋਧੀ ਆਰਥਕ ਨੀਤੀਆਂ ਨਾਲ ਬਸਤੀਵਾਦੀ ਗ਼ੁਲਾਮੀ ਤੋਂ ਭੈੜੀ ਗ਼ੁਲਾਮੀ ਦੇ ਸ਼ਿਕੰਜੇ ਵਿਚ ਕੱਸਿਆ ਜਾ ਰਿਹਾ ਹੈ । 'ਜਬੈ ਬਾਣ ਲਾਗੀ, ਤਬੈ ਰੋਸ ਜਾਗੀ' ਦੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਉਦਤੀ ਅਨੁਸਾਰ ਭਾਰਤੀ ਜਨਤਾ ਮੁੜ ਕੇ ਆਪਣੀ ਆਜ਼ਾਦੀ ਸੰਗਰਾਮ ਦੀ ਮਹਾਨ ਪਰੰਪਰਾ ਨੂੰ ਸਿਰਜੇਗੀ, ਜਿਸ ਦਾ ਸਰਬ ਉੱਚ ਪ੍ਰਤੀਕ ਭਗਤ ਸਿੰਘ ਤੇ ਉਸ ਦੀ ਵਿਚਾਰਧਾਰਾ ਹੈ ।

## ਇਨਕਲਾਬੀਆਂ ਦੇ ਹੱਕ 'ਚ ਜਿਨਾਹ ਦਾ ਨਾਅਰਾ

ਜਿਨਾਹ ਦਾ ਨਿੱਜੀ ਵਿਵਹਾਰ ਕਦੇ ਵੀ ਇਕ ਵੱਖਵਾਦੀ ਮੁਸਲਮਾਨ ਜਾਂ ਮੁੱਲਾ ਵਾਲਾ ਨਹੀਂ ਸੀ । ਜਿਨਾਹ ਰੱਜੇ-ਪੁੱਜੇ ਘਰਾਣੇ ਨਾਲ ਸੰਬੰਧ ਰੱਖਦੇ ਸਨ ਅਤੇ ਉਹ ਇਕ ਸਫ਼ਲ ਵਕੀਲ ਵੀ ਸਨ । ਉਹ ਖੁੱਲ੍ਹ-ਡੁੱਲ੍ਹੇ ਉਦਾਰਵਾਦੀ ਵਿਚਾਰ ਵਾਲੇ ਸਨ । ਬੀਰੇਂਦਰ ਕੁਮਾਰ ਬਰਨਵਾਲ ਨਾਮਕ ਲੇਖਕ ਵੱਲੋਂ ਲਿਖੀ ਗਈ ਇਕ ਕਿਤਾਬ 'ਜਿਨਾਹ : ਏ ਰੀਲੁੱਕ' ਵਿਚ ਜਿਨਾਹ ਦੇ ਜੀਵਨ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ ਹੈ । 12 ਅਤੇ 14 ਸਤੰਬਰ 1929 ਨੂੰ ਜਿਨਾਹ ਨੇ ਭਗਤ ਸਿੰਘ, ਉਸ ਵੱਲੋਂ ਕੀਤੀ ਭੁੱਖ ਹੜਤਾਲ ਅਤੇ ਬਰਤਾਨਵੀ ਸ਼ਾਸਕਾਂ ਵੱਲੋਂ ਦੇਸ਼ਭਗਤਾਂ ਨੂੰ ਫਾਂਸੀ ਲਾਏ ਜਾਣ ਬਾਰੇ ਕੇਂਦਰੀ ਅਸੈਂਬਲੀ ਵਿਚ ਲੰਮੀ ਤਕਰੀਰ ਕੀਤੀ । ਇਹ ਉਦੋਂ ਦੀ ਗੱਲ ਹੈ, ਜਦੋਂ ਬਹੁਤੇ ਕਾਂਗਰਸੀਆਂ ਨੇ ਭਗਤ ਸਿੰਘ ਅਤੇ ਬੀ.ਕੇ. ਦੱਤ ਵੱਲੋਂ ਅਸੈਂਬਲੀ ਵਿਚ ਬੰਬ ਸੁੱਟਣ ਦਾ ਵਿਰੋਧ ਕੀਤਾ ਸੀ (ਭਗਤ ਸਿੰਘ ਤੇ ਬੀ.ਕੇ. ਦੱਤ ਨੇ ਬਰਤਾਨਵੀ ਹਕੂਮਤ ਦੇ ਕੰਨ ਖੋਲ੍ਹਣ ਲਈ 8 ਅਪ੍ਰੈਲ 1929 ਨੂੰ ਕੇਂਦਰੀ ਅਸੈਂਬਲੀ ਵਿਚ ਬੰਬ ਸੁੱਟਿਆ ਸੀ) । ਇਸ ਜੁਰਮ ਵਿਚ ਦੋਵਾਂ ਇਨਕਲਾਬੀ ਨੌਜਵਾਨਾਂ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ । ਜੇਲ੍ਹ ਵਿਚ ਹੁੰਦੇ ਦੁਰਵਿਹਾਰ ਅਤੇ ਅਣਮਨੁੱਖੀ ਵਰਤਾਅ ਦੇ ਖ਼ਿਲਾਫ਼ ਦੋਵਾਂ ਨੇ ਭੁੱਖ ਹੜਤਾਲ ਕਰ ਦਿੱਤੀ । ਇਹ ਮਾਮਲਾ ਕੌਮੀ ਪੱਧਰ 'ਤੇ ਕਾਫ਼ੀ ਤੂਲ ਫੜ ਗਿਆ, ਜਿਸ ਕਾਰਨ ਚਾਲਾਕੀ ਵਰਤਦਿਆਂ ਬਰਤਾਨਵੀ ਸਰਕਾਰ ਨੇ ਕਾਨੂੰਨ ਵਿਚ ਸੋਧ ਕਰਦਿਆਂ ਇਹ ਵਿਵਸਥਾ ਕਰ ਦਿੱਤੀ ਕਿ ਕੈਦੀ ਦੀ ਗ਼ੈਰਹਾਜ਼ਰੀ ਵਿਚ ਵੀ ਮਾਮਲੇ ਦੀ ਸੁਣਵਾਈ ਹੋ ਸਕੇਗੀ । ਬਰਤਾਨਵੀ ਸਰਕਾਰ ਵੱਲੋਂ ਇਸ ਸੰਬੰਧੀ ਅਸੈਂਬਲੀ ਵਿਚ ਪੇਸ਼ ਕੀਤੇ ਗਏ ਬਿੱਲ 'ਤੇ ਬਹਿਸ ਦੌਰਾਨ ਜਿਨਾਹ ਨੇ ਆਪਣਾ ਪੱਖ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ । 12 ਸਤੰਬਰ 1929 ਦੇ ਅੰਗਰੇਜ਼ੀ 'ਟ੍ਰਿਬਿਊਨ' ਵਿਚ ਛਪੀ ਖ਼ਬਰ ਅਨੁਸਾਰ ਜਿਨਾਹ ਨੇ ਸਦਨ ਵਿਚ ਕਿਹਾ, "ਜਿਸ ਵਿਅਕਤੀ ਨੇ ਭੁੱਖ ਹੜਤਾਲ ਕੀਤੀ ਹੈ, ਉਸ ਦੀ ਵੀ ਅੰਤਰਆਤਮਾ ਹੈ । ਉਹ ਆਪਣੇ ਜ਼ਮੀਰ ਅਨੁਸਾਰ ਕੰਮ ਕਰਦਾ ਹੈ ਅਤੇ ਉਸ ਨੂੰ ਆਪਣੇ ਕੰਮ 'ਤੇ ਪੂਰਾ ਵਿਸ਼ਵਾਸ ਹੈ ।"

ਸਰਕਾਰੀ ਮੈਂਬਰ ਜੇਮਸ ਕਰੇਅਰ ਨੇ ਚੀਕਦਿਆਂ ਆਖਿਆ, "ਤੁਸੀਂ ਉਨ੍ਹਾਂ ਦੀ ਤਰਫ਼ਦਾਰੀ ਕਰ ਰਹੇ ਹੋ ਜਾਂ ਉਨ੍ਹਾਂ ਨੂੰ ਬਚਾਉਣਾ ਚਾਹੁੰਦੇ ਹੋ ?"

ਅੱਗੋਂ ਜਿਨਾਹ ਨੇ ਕਰੇਗਰ ਨੂੰ ਮੋੜਵਾਂ ਜਵਾਬ ਦਿੰਦਿਆਂ ਕਿਹਾ, "ਹਰ ਕੋਈ ਮਰਨ ਲਈ ਭੁੱਖ ਹੜਤਾਲ ਨਹੀਂ ਕਰ ਸਕਦਾ । ਜ਼ਰਾ ਕੁਝ ਸਮੇਂ ਲਈ ਆਪ ਭੁੱਖੇ ਰਹੋ ਤਾਂ ਤੁਹਾਨੂੰ ਆਪੇ ਪਤਾ ਲੱਗ ਜਾਵੇਗਾ ਕਿ ਭੁੱਖ ਹੜਤਾਲ ਕਰਨ ਵਾਲੇ ਨਾਲ ਕੀ ਬੀਤਦੀ ਹੈ ?" ਜਿਨਾਹ ਨੇ ਬਰਤਾਨਵੀ ਸਰਕਾਰ 'ਤੇ ਵਰ੍ਹਦਿਆਂ ਆਖਿਆ, "ਆਖ਼ਰ ਭੁੱਖ ਹੜਤਾਲ ਕਰ ਕੇ ਇਹ ਨੌਜਵਾਨ ਕੀ ਮੰਗ ਰਹੇ ਹਨ ? ਕੀ ਉਹ ਐਸ਼ੋ-ਆਰਾਮ ਦੀ ਸਹੂਲਤ ਮੰਗ ਰਹੇ ਹਨ ? ਕੀ ਉਹ ਡਰੈਸਿੰਗ ਟੇਬਲ ਮੰਗ ਰਹੇ ਹਨ ?" ਉਨ੍ਹਾਂ ਕਿਹਾ ਕਿ ਨੌਜਵਾਨ ਇਨਕਲਾਬੀ ਇਹ ਪਦਾਰਥਵਾਦੀ ਸੁੱਖ-ਸਹੂਲਤਾਂ ਨਹੀਂ, ਸਗੋਂ ਜੇਲ੍ਹ ਵਿਚ ਲੋੜੀਂਦੀਆਂ ਸਹੂਲਤਾਂ ਤੇ ਬਿਹਤਰ ਵਰਤਾਅ ਚਾਹੁੰਦੇ ਹਨ । ਉਨ੍ਹਾਂ ਕਿਹਾ ਕਿ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਸਰਕਾਰ ਇਨ੍ਹਾਂ ਜਾਇਜ਼ ਮੰਗਾਂ ਨੂੰ ਮੰਨਣ ਤੋਂ ਪਾਸਾ ਕਿਉਂ ਵੱਟ ਰਹੀ ਹੈ ?

ਜਿਨਾਹ ਦਾ ਭਾਸ਼ਣ 12 ਸਤੰਬਰ ਨੂੰ ਸ਼ੁਰੂ ਹੋਇਆ ਅਤੇ 14 ਸਤੰਬਰ ਵਾਲੇ ਦਿਨ ਦੇ ਸੈਸ਼ਨ ਵਿਚ ਖ਼ਤਮ ਹੋਇਆ । ਹਾਲਾਂਕਿ ਸਰਕਾਰ ਆਪਣੇ ਜ਼ੋਰ ਨਾਲ ਇਹ ਸੋਧ ਕਰਵਾਉਣ ਵਿਚ ਸਫ਼ਲ ਰਹੀ । ਪਰ ਜਿਨਾਹ ਦੇ ਭਾਸ਼ਣ ਦੇ ਪ੍ਰਭਾਵ ਕਾਰਨ ਇਹ ਸੋਧ ਮਹਿਜ਼ 55-47 ਦੇ ਫ਼ਰਕ ਨਾਲ ਹੀ ਪਾਸ ਹੋਈ । ਜਿਨਾਹ ਨੇ ਵੀ ਇਸ ਦੇ ਖ਼ਿਲਾਫ਼ ਵੋਟ ਪਾਈ । ਜਿਨਾਹ ਨੂੰ ਵੱਖਵਾਦੀ ਅਤੇ ਕੱਟੜਪੰਥੀ ਦੱਸਣ ਵਾਲੇ ਲੋਕਾਂ ਲਈ ਇਹ ਜਾਣ ਲੈਣਾ ਹੀ ਕਾਫ਼ੀ ਹੈ ਕਿ ਉਹ ਅਸਲ ਵਿਚ ਕੱਟੜਪੰਥੀ ਨਹੀਂ, ਸਗੋਂ 'ਇਕ ਸੁਲਝਿਆ ਇਨਸਾਨ' ਸੀ । ਭਗਤ ਸਿੰਘ ਹੋਰਾਂ ਦੇ ਮਾਮਲੇ ਪ੍ਰਤੀ ਜਿਨਾਹ ਵੱਲੋਂ ਅਪਣਾਈ ਗਈ ਪਹੁੰਚ ਤੋਂ ਪਤਾ ਲੱਗਦਾ ਹੈ ਕਿ ਉਹ ਕਿਹੋ ਜਿਹੀ ਸੋਚ ਰੱਖਦੇ ਸਨ ।

## ਭਗਤ ਸਿੰਘ ਅਤੇ ਸਭਿਆਚਾਰ

ਭਗਤ ਸਿੰਘ ਨੂੰ ਜਿਸ ਵੇਲੇ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਉਸ ਵੇਲੇ ਉਹਦੀ ਉਮਰ 23 ਸਾਲ ਤੋਂ ਕੁਝ ਮਹੀਨੇ ਹੀ ਜ਼ਿਆਦਾ ਸੀ । ਜ਼ਿੰਦਗੀ ਦੇ ਆਖ਼ਰੀ ਦੋ ਸਾਲ ਉਹਨੇ ਜੇਲ੍ਹ ਵਿਚ ਰਹਿ ਕੇ ਗੁਜ਼ਾਰੇ ਸਨ । ਸੁਤੰਤਰਤਾ ਸੈਨਾਨੀ ਪਰਿਵਾਰ 'ਚ ਪੈਦਾ ਹੋਣ ਕਰ ਕੇ ਬਚਪਨ ਤੋਂ ਹੀ ਉਹਨੂੰ ਦੇਸ਼ਭਗਤੀ ਦੀ ਜਾਗ ਲੱਗ ਗਈ ਸੀ ਅਤੇ ਬਾਰ੍ਹਾਂ ਸਾਲ ਤੋਂ ਵੀ ਘੱਟ ਉਮਰ 'ਚ ਉਹ ਜਲ੍ਹਿਆਂਵਾਲਾ ਬਾਗ਼ ਦੀ ਖ਼ੂਨ ਨਾਲ ਰੰਗੀ ਮਿੱਟੀ ਨੂੰ ਆਪਣੇ ਮੱਥੇ ਨਾਲ ਛੁਹਾਣ ਲਈ ਉਹ ਅੰਮ੍ਰਿਤਸਰ ਪਹੁੰਚ ਗਿਆ ਸੀ । ਇਸ ਤੋਂ ਵੀ ਛੋਟੀ ਉਮਰ ਵਿਚ ਪਿਉ ਕਿਸ਼ਨ ਸਿੰਘ ਅਤੇ ਚਾਚਾ ਅਜੀਤ ਸਿੰਘ ਨੂੰ ਮਿਲਣ ਆਉਣ ਵਾਲੇ ਦੇਸ਼ਭਗਤਾਂ ਕੋਲੋਂ ਉਹ 'ਗ਼ਦਰ' ਅਤੇ ਕਰਤਾਰ ਸਿੰਘ ਸਰਾਭਾ ਦੀਆਂ ਗੱਲਾਂ ਵੀ ਸੁਣ ਚੁੱਕੇ ਸਨ ਅਤੇ ਉਨ੍ਹਾਂ ਤੋਂ ਵੀ ਘੱਟ ਉਮਰ 'ਚ ਫਾਂਸੀ 'ਤੇ ਝੂਲਿਆ ਕਰਤਾਰ ਸਿੰਘ ਸਰਾਭਾ ਉਨ੍ਹਾਂ ਦਾ ਪਿਆਰਾ ਨਾਇਕ ਬਣ ਚੁੱਕਿਆ ਸੀ, ਜਿਸ ਦੀ ਤਸਵੀਰ ਉਹ ਹਮੇਸ਼ਾ ਆਪਣੀ ਜੇਬ 'ਚ ਰੱਖਦੇ ਸਨ ।

ਕੀ ਇਹ ਸੰਭਵ ਹੈ ਕਿ ਏਨੀ ਛੋਟੀ ਉਮਰ ਦਾ ਨੌਜਵਾਨ 'ਸਭਿਆਚਾਰ' ਵਰਗੇ ਸੂਖਮ ਵਿਸ਼ੇ ਬਾਰੇ ਸੋਚਦਾ ਹੋਵੇਗਾ ? ਨਾ ਸਿਰਫ਼ ਭਗਤ ਸਿੰਘ ਨੇ ਹੀ ਸਭਿਆਚਾਰ ਸੰਬੰਧੀ ਸੋਚਿਆ, ਉਨ੍ਹਾਂ ਦੀ ਜੀਵਨ-ਸ਼ੈਲੀ ਅਤੇ ਉਨ੍ਹਾਂ ਦੇ ਉੱਚ ਸਭਿਆਚਾਰ ਬੋਧ ਦੇ ਅਨੇਕ ਤੱਥ ਵੀ ਮਿਲਦੇ ਹਨ । ਭਗਤ ਸਿੰਘ ਦੇ ਕੁਝ ਲੇਖ ਤਾਂ ਸਭਿਆਚਾਰ ਦੇ ਸਵਾਲਾਂ 'ਤੇ ਵਿਚਾਰ ਕਰਦੇ ਹੀ ਹਨ, ਉਨ੍ਹਾਂ ਦੀ ਜੇਲ੍ਹ ਨੋਟ-ਬੁੱਕ ਦੇ ਪੰਨੇ ਵੀ ਸੰਸਾਰ ਦੇ ਮਹਾਨ ਸਾਹਿਤ ਦੀਆਂ ਸਿੱਖਿਆਵਾਂ ਨਾਲ ਭਰੇ ਪਏ ਹਨ । ਭਗਤ ਸਿੰਘ ਆਪਣੀ ਛੋਟੀ ਜਿਹੀ ਜ਼ਿੰਦਗੀ 'ਚ ਵੀ ਆਜ਼ਾਦੀ ਅਤੇ ਰਾਜਨੀਤਕ ਸਮੱਸਿਆਵਾਂ ਤੋਂ ਹੀ ਨਹੀਂ, ਆਰਥਿਕ ਤੇ ਸਭਿਆਚਾਰਕ ਸਵਾਲਾਂ ਨਾਲ ਵੀ ਜੂਝਦੇ ਰਹੇ ਅਤੇ ਆਪਣੀ ਰਚਨਾ ਤੇ ਚਿੰਤਨ ਨਾਲ ਇਸ ਖੇਤਰ 'ਚ ਵੀ ਕ੍ਰਾਂਤੀਕਾਰੀ ਦਿਸ਼ਾ ਦੇਣ ਦਾ ਯਤਨ ਕੀਤਾ ।

ਭਗਤ ਸਿੰਘ ਦੇ ਬੋਧ ਦਾ ਉਨ੍ਹਾਂ ਦੇ ਬਚਪਨ 'ਚ ਲਿਖੇ ਖ਼ਤਾਂ ਤੋਂ ਹੀ ਅੰਦਾਜ਼ਾ ਲੱਗਣਾ ਸ਼ੁਰੂ ਹੋ ਜਾਂਦਾ ਹੈ । ਸਕੂਲ 'ਚ ਭਗਤ ਸਿੰਘ ਦੀ ਪੜ੍ਹਾਈ ਦਾ ਮਾਧਿਅਮ ਉਰਦੂ ਸੀ ਅਤੇ ਉਨ੍ਹਾਂ ਦੁਆਰਾ ਲਿਖੇ ਸ਼ੁਰੂਆਤੀ ਖ਼ਤ ਉਰਦੂ 'ਚ ਹੀ ਹਨ । ਪਰ 21 ਫ਼ਰਵਰੀ 1921 ਨੂੰ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) 'ਚ ਦਿਲ ਨੂੰ ਵਲੂੰਧਰ ਦੇਣ ਵਾਲੀ ਹੋਈ ਘਟਨਾ, ਜਿਹਦੇ 'ਚ 140 ਸਿੱਖਾਂ ਨੂੰ ਬੜੀ ਬੇਰਹਿਮੀ ਨਾਲ ਮਹੰਤ ਨਾਰਾਇਣ ਦਾਸ ਅਤੇ ਅੰਗਰੇਜ਼ੀ ਪੁਲਿਸ ਨੇ ਮਾਰ ਦਿੱਤਾ ਸੀ, ਤੋਂ ਭਗਤ ਸਿੰਘ ਦੇ ਦਿਲ 'ਤੇ ਡੂੰਘਾ ਅਸਰ ਹੋਇਆ ਸੀ । ਇਸ ਘਟਨਾ ਦੇ ਵਿਰੋਧ 'ਚ ਪਿੰਡਾਂ ਵਿਚ ਕਾਲੀਆਂ ਪੱਗਾਂ ਬੰਨ੍ਹਣ ਤੇ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਸਿੱਖਣ ਦਾ ਜ਼ੋਰਦਾਰ ਅੰਦੋਲਨ ਸ਼ੁਰੂ ਹੋਇਆ । ਭਗਤ ਸਿੰਘ ਨੇ ਵੀ ਇਸ ਦੇ ਪ੍ਰਭਾਵ ਹੇਠ 14 ਸਾਲ ਦੀ ਉਮਰ ਵਿਚ ਗੁਰਮੁਖੀ ਲਿਪੀ ਸਿੱਖੀ ਅਤੇ ਆਪਣੀ ਛੋਟੀ ਚਾਚੀ ਹੁਕਮ ਕੌਰ (ਭਗਤ ਸਿੰਘ ਦੇ ਚਾਚਾ ਸਵਰਨ ਸਿੰਘ ਦੀ ਵਿਧਵਾ, ਸਵਰਨ ਸਿੰਘ ਦੇਸ਼ਭਗਤੀ ਦੇ ਦੋਸ਼ ਕਰ ਕੇ ਜੇਲ੍ਹ 'ਚ ਬੰਦ ਸਨ, ਉਥੇ ਹੀ ਉਨ੍ਹਾਂ ਨੂੰ ਟੀ.ਬੀ. ਹੋਈ ਅਤੇ ਉਹ 24 ਸਾਲ ਦੀ ਉਮਰ 'ਚ ਹੀ ਰੱਬ ਨੂੰ ਪਿਆਰੇ ਹੋ ਗਏ ਸਨ) ਨੂੰ 10 ਨਵੰਬਰ 1921 ਨੂੰ ਪੰਜਾਬੀ ਜ਼ਬਾਨ ਤੇ ਗੁਰਮੁਖੀ ਲਿਪੀ 'ਚ ਖ਼ਤ ਲਿਖਿਆ । ਚਾਰ ਸਤਰਾਂ ਦੇ ਇਸ ਖ਼ਤ 'ਚ ਚੌਦਾਂ ਸਾਲ ਦੇ ਭਗਤ ਸਿੰਘ ਦਾ ਪਰਿਵਾਰ ਨਾਲ ਪਿਆਰ ਤੇ ਸੰਜਮੀ ਸਭਿਆਚਾਰਕ ਵਿਅਕਤੀਤਵ ਦਾ ਪਰਿਚੈ ਮਿਲਦਾ ਹੈ । ਖ਼ਤ ਵਿਚ ਖ਼ਤ ਦੇਰ ਨਾਲ ਲਿਖਣ ਲਈ ਮਾਫ਼ੀ ਮੰਗੀ ਗਈ ਹੈ । ਵੱਡੀ ਚਾਚੀ ਜੀ (ਅਜੀਤ ਸਿੰਘ ਦੀ ਪਤਨੀ), ਮਾਤਾ ਜੀ (ਦਾਦੀ) ਨੂੰ 'ਪੈਰੀਂ ਪੈਣਾ' ਤੇ ਛੋਟੇ ਭਰਾਵਾਂ ਕੁਲਵੀਰ/ਕੁਲਤਾਰ ਨੂੰ 'ਸਤਿ ਸ੍ਰੀ ਅਕਾਲ' ਜਾਂ 'ਨਮਸਤੇ' ਲਿਖਿਆ ਹੈ ।

ਇਹ ਖ਼ਤ ਇਸ ਕਰ ਕੇ ਦਿਲਚਸਪ ਹੈ ਕਿ 'ਸਤਿ ਸ੍ਰੀ ਅਕਾਲ' ਜਾਂ 'ਨਮਸਤੇ' ਵਰਗੇ ਸੰਬੋਧਨਾਂ ਦਾ ਪ੍ਰਯੋਗ ਹੋਇਆ ਹੈ, ਉਹ ਭਗਤ ਸਿੰਘ ਦੇ ਪਰਿਵਾਰ ਦੀ ਵਿਸ਼ੇਸ਼ ਸਭਿਆਚਾਰਕ ਪਿੱਠਭੂਮੀ ਦਾ ਸੂਚਕ ਹੈ । ਭਗਤ ਸਿੰਘ ਦੇ ਦਾਦਾ ਅਰਜਨ ਸਿੰਘ ਸਨ ਤਾਂ ਸਿੱਖ, ਪਰ ਨਾਲ ਹੀ ਉਹ ਆਰੀਆ ਸਮਾਜੀ ਵੀ ਸਨ । ਇਨ੍ਹਾਂ ਦੋਵਾਂ ਪਰਸਪਰ ਵਿਰੋਧੀ ਪ੍ਰਵਿਰਤੀਆਂ ਨੂੰ ਭਗਤ ਸਿੰਘ ਪਰਿਵਾਰ 'ਚੋਂ ਇਕੋ ਜਿਹੀ ਸਮਾਨਤਾ ਮਿਲੀ ਹੋਈ ਸੀ । ਦਾਦਾ ਜੀ ਆਰੀਆ ਸਮਾਜੀ

ਪਰੰਪਰਾ ਅਧੀਨ ਘਰ 'ਚ ਹਵਨ ਵੀ ਕਰਦੇ ਸਨ ਤੇ ਭਗਤ ਸਿੰਘ ਨੂੰ ਸੰਸਕ੍ਰਿਤ ਪੜ੍ਹਨ ਲਈ ਉਤਸ਼ਾਹਿਤ ਵੀ ਕਰਦੇ ਸਨ। ਦਾਦਾ ਜੀ ਦੇ ਨਾਂ ਉਰਦੂ 'ਚ ਲਿਖੇ ਇਸ ਕਾਲ ਦੇ ਖ਼ਤ ਵਿਚ ਭਗਤ ਸਿੰਘ ਨੇ ਆਪਣੇ ਨੰਬਰਾਂ ਬਾਰੇ ਜਿਹੜਾ ਵਰਨਨ ਦਿੱਤਾ ਹੈ, ਉਹਦੇ ਵਿਚ ਸੰਸਕ੍ਰਿਤ ਦੇ 150 'ਚੋਂ 110 ਨੰਬਰ ਪ੍ਰਾਪਤ ਕਰਨ, ਪਰ ਅੰਗਰੇਜ਼ੀ 'ਚ 150 ਵਿਚੋਂ ਸਿਰਫ਼ 68 ਨੰਬਰ ਲੈਣ ਦਾ ਉਲੇਖ ਹੈ। ਭਗਤ ਸਿੰਘ ਦੇ ਬਚਪਨ ਤੋਂ ਹੀ ਗੂੜ੍ਹੇ ਮਿੱਤਰ ਜੈਦੇਵ ਗੁਪਤਾ ਨੇ ਬਾਅਦ ਵਿਚ ਆਪਣੇ ਲੇਖਾਂ 'ਚ ਦੱਸਿਆ ਕਿ ਭਗਤ ਸਿੰਘ ਨੂੰ ਹਿੰਦੀ, ਪੰਜਾਬੀ ਤੇ ਉਰਦੂ ਭਾਸ਼ਾਵਾਂ 'ਚ ਤਾਂ ਮੁਹਾਰਤ ਹਾਸਲ ਸੀ, ਪਰ ਉਨ੍ਹਾਂ ਦੀ ਅੰਗਰੇਜ਼ੀ ਥੋੜ੍ਹੀ ਕਮਜ਼ੋਰ ਸੀ ਅਤੇ ਇਸ ਦਾ ਕਾਰਨ ਉਨ੍ਹਾਂ ਨੇ ਇਹੋ ਦੱਸਿਆ ਕਿ ਉਨ੍ਹਾਂ ਦੇ ਦਾਦਾ ਜੀ ਸੰਸਕ੍ਰਿਤ ਭਾਸ਼ਾ ਦੀ ਸਿੱਖਿਆ ਲੈਣ ਨੂੰ ਤਰਜੀਹ ਦਿੰਦੇ ਸਨ। ਉਨ੍ਹਾਂ ਦਿਨਾਂ 'ਚ ਸੰਸਕ੍ਰਿਤ ਦਾ ਗਿਆਨ ਹਾਸਲ ਕਰਨਾ ਆਪਣੇ ਦੇਸ਼ ਦੇ ਸਭਿਆਚਾਰ ਦਾ ਗਿਆਨ ਹਾਸਲ ਕਰਨਾ ਤੇ ਸੁਤੰਤਰਤਾ ਅੰਦੋਲਨ ਵਿਚ ਇਸ ਰੂਪ 'ਚ ਹਿੱਸਾ ਲੈਣਾ ਵੀ ਸਮਝਿਆ ਜਾਂਦਾ ਸੀ। ਪਰ 1929 'ਚ ਗ੍ਰਿਫ਼ਤਾਰੀ ਤੋਂ ਬਾਅਦ ਜੇਲ੍ਹ 'ਚ ਪਹੁੰਚਣ ਤਕ ਭਗਤ ਸਿੰਘ ਨੇ ਅੰਗਰੇਜ਼ੀ ਭਾਸ਼ਾ 'ਤੇ ਏਨਾ ਅਧਿਕਾਰ ਹਾਸਲ ਕਰ ਲਿਆ ਸੀ ਕਿ ਅਦਾਲਤ ਵਿਚ ਦਿੱਤੇ ਉਨ੍ਹਾਂ ਦੇ ਅੰਗਰੇਜ਼ੀ ਬਿਆਨਾਂ 'ਤੇ ਕੁਝ ਲੋਕ ਸ਼ੱਕ ਕਰਦੇ ਸਨ ਕਿ ਇਹ ਬਿਆਨ ਭਗਤ ਸਿੰਘ ਦੁਆਰਾ ਨਹੀਂ ਲਿਖੇ ਗਏ, ਸਗੋਂ ਪ੍ਰਸਿੱਧ ਦੇਸ਼ਭਗਤ ਵਕੀਲ ਆਸਿਫ਼ ਅਲੀ ਦੇ ਲਿਖੇ ਹੋਏ ਹਨ ਪਰ ਇਹ ਬਿਆਨ ਭਗਤ ਸਿੰਘ ਹੀ ਤਿਆਰ ਕਰਦੇ ਸਨ। ਆਸਿਫ਼ ਅਲੀ ਨੂੰ ਤਾਂ ਕਈ ਵਾਰ ਅਦਾਲਤ 'ਚ ਆ ਕੇ ਹੀ ਇਨ੍ਹਾਂ ਬਿਆਨਾਂ ਦਾ ਪਤਾ ਲੱਗਦਾ ਸੀ।

ਅੰਗਰੇਜ਼ੀ 'ਤੇ ਪਕੜ ਮਜ਼ਬੂਤ ਕਰਨ ਦੀ ਕਹਾਣੀ ਵੀ ਜੈਦੇਵ ਗੁਪਤਾ ਨੇ ਹੀ ਸਭ ਤੋਂ ਪਹਿਲਾਂ ਦੱਸੀ ਹੈ। ਭਗਤ ਸਿੰਘ ਫ਼ਿਲਮਾਂ ਦੇ ਬੜੇ ਪ੍ਰੇਮੀ ਸਨ। ਖ਼ਾਸ ਕਰ ਕੇ ਅੰਗਰੇਜ਼ੀ ਫ਼ਿਲਮਾਂ ਦੇ। ਚਾਰਲੀ ਚੈਪਲਿਨ ਦੀਆਂ ਫ਼ਿਲਮਾਂ ਦੇ ਤਾਂ ਉਹ ਦੀਵਾਨੇ ਹੀ ਸਨ। 'ਅੰਕਲ ਟਾਮਜ਼ ਕੇਬਿਨ' ਅਤੇ 'ਥ੍ਰੀ ਮੁਸਕੀਟਿਯਰਜ਼' (ਡਯੂਮਾ ਦੇ ਨਾਵਲ 'ਤੇ ਆਧਾਰਿਤ) ਵਰਗੀਆਂ ਫ਼ਿਲਮਾਂ ਵੀ ਉਨ੍ਹਾਂ ਨੂੰ ਬਹੁਤ ਪਸੰਦ ਸਨ। ਪਰ ਅੰਗਰੇਜ਼ੀ ਫ਼ਿਲਮ ਵੇਖਦਿਆਂ ਉਨ੍ਹਾਂ ਨੂੰ ਕਈ ਵਾਰ ਭਾਸ਼ਾ ਸਮਝਣ 'ਚ ਅੜਚਣ ਆਉਂਦੀ ਸੀ। ਤਦ ਭਗਤ ਸਿੰਘ ਨੇ ਅੰਗਰੇਜ਼ੀ 'ਤੇ ਪਕੜ ਮਜ਼ਬੂਤ ਕਰਨ ਲਈ (1926) ਜੇਬ 'ਚ ਡਿਕਸ਼ਨਰੀ ਰੱਖਣੀ ਸ਼ੁਰੂ ਕਰ ਦਿੱਤੀ। ਜਦੋਂ ਵੀ ਉਨ੍ਹਾਂ ਨੂੰ ਅੰਗਰੇਜ਼ੀ ਦੇ ਕਿਸੇ ਸ਼ਬਦ ਨੂੰ ਸਮਝਣ 'ਚ ਮੁਸ਼ਕਿਲ ਆਉਂਦੀ, ਉਸੇ ਵੇਲੇ ਉਹ ਜੇਬ 'ਚੋਂ ਡਿਕਸ਼ਨਰੀ ਕੱਢ ਕੇ ਵੇਖਣ ਲੱਗ ਪੈਂਦੇ। ਇਕ ਵਾਰ ਤਾਂ ਜੈਦੇਵ ਨਾਲ ਵੀ ਅੰਗਰੇਜ਼ੀ ਨੂੰ ਲੈ ਕੇ ਦਿਲਚਸਪ ਘਟਨਾ ਵਾਪਰ ਗਈ। ਲਾਹੌਰ 'ਚ ਚਾਰਲੀ ਚੈਪਲਿਨ ਦੀ ਫ਼ਿਲਮ ਚੱਲ ਰਹੀ ਸੀ ਅਤੇ ਸ਼ੌਕ ਮੁਤਾਬਕ ਭਗਤ ਸਿੰਘ ਜੈਦੇਵ ਦੇ ਕੋਲ ਪਹੁੰਚ ਗਏ ਤੇ ਫ਼ਿਲਮ ਵੇਖਣ ਲਈ ਕਹਿਣ ਲੱਗੇ। ਅਸਲ 'ਚ ਭਗਤ ਸਿੰਘ ਘਰੋਂ ਪੈਸੇ ਨਹੀਂ ਸਨ ਲੈਂਦੇ ਅਤੇ ਜੈਦੇਵ ਗੁਪਤਾ ਹੀ ਉਨ੍ਹਾਂ ਨੂੰ ਫ਼ਿਲਮ ਵਿਖਾਉਂਦੇ ਸਨ। ਭਗਤ ਸਿੰਘ ਜੈਦੇਵ ਕੋਲ ਪਹੁੰਚੇ ਤਾਂ ਜੈਦੇਵ ਮੰਜੇ 'ਤੇ ਪਿਆ ਸੀ। ਪੁੱਛਿਆ ਤਾਂ ਬਦਹਜ਼ਮੀ (Indigesation) ਲਈ ਕੋਈ ਔਖਾ ਜਿਹਾ ਸ਼ਬਦ (Dyspepsia) ਬੋਲ ਦਿੱਤਾ। ਭਗਤ ਸਿੰਘ ਨੂੰ ਉਸ ਸ਼ਬਦ ਦੇ ਅਰਥ ਦਾ ਪਤਾ ਨਹੀਂ ਸੀ। ਜੈਦੇਵ ਕੋਲੋਂ ਬਿਮਾਰੀ ਦੇ ਲੱਛਣ ਆਦਿ ਪੁੱਛ ਕੇ ਉਨ੍ਹਾਂ ਨੇ ਡਿਕਸ਼ਨਰੀ ਵੇਖੀ ਤਾਂ ਜੈਦੇਵ ਦੀ ਪਿੱਠ 'ਤੇ ਘਸੁੰਨ ਜੜ ਦਿੱਤਾ ਕਿ ਮੈਨੂੰ ਔਖੇ ਸ਼ਬਦ ਬੋਲ ਕੇ ਡਰਾਉਂਦੇ ਹੋ। ਭਗਤ ਸਿੰਘ ਨੇ ਸਕੂਲ/ਕਾਲਜ ਤੋਂ ਰਸਮੀ ਡਿਗਰੀ ਹਾਸਲ ਨਹੀਂ ਸੀ ਕੀਤੀ। ਲਾਹੌਰ 'ਚ ਜਦੋਂ ਲਾਲਾ ਲਾਜਪਤ ਰਾਏ ਨੇ 'ਨੈਸ਼ਨਲ ਕਾਲਜ' ਖੋਲ੍ਹਿਆ ਤਾਂ ਭਗਤ ਸਿੰਘ ਨੂੰ ਨੌਂਵੀਂ ਜਮਾਤ ਪਾਸ ਕਰਨ ਤੋਂ ਬਾਅਦ ਦਾਖ਼ਲ ਕਰ ਲਿਆ ਗਿਆ ਸੀ। ਇਥੇ ਹੀ ਭਗਤ ਸਿੰਘ ਬੀ.ਏ. ਦੇ ਆਖ਼ਰੀ ਸਾਲ ਤਕ ਰਹੇ, ਜਦੋਂ ਉਨ੍ਹਾਂ ਨੂੰ ਅੰਡਰ-ਗ੍ਰਾਊਂਡ ਹੋ ਕੇ ਕਾਲਜ ਛੱਡਣਾ ਪਿਆ। ਨਤੀਜਾ ਉਨ੍ਹਾਂ ਨੂੰ ਡਿਗਰੀ ਨਹੀਂ ਸੀ ਮਿਲੀ। ਪਰ ਉਨ੍ਹਾਂ ਦਾ ਅਧਿਐਨ ਏਨਾ ਜ਼ਿਆਦਾ ਸੀ ਕਿ ਕਾਲਜ ਦਾ ਕੋਈ ਵੀ ਅਧਿਆਪਕ ਉਨ੍ਹਾਂ ਸਾਹਮਣੇ ਟਿਕਦਾ ਨਹੀਂ ਸੀ। ਏਸੇ ਕਾਲਜ 'ਚ ਜੈਚੰਦ੍ਰ ਵਿਦਿਆਲੰਕਾਰ ਇਤਿਹਾਸ ਦੇ ਪ੍ਰੋਫ਼ੈਸਰ ਸਨ ਛਬੀਲ ਦਾਸ, ਜਿਹੜੇ ਬਾਅਦ 'ਚ ਪ੍ਰਿੰਸੀਪਲ ਬਣੇ, ਅੰਗਰੇਜ਼ੀ ਦੇ ਪ੍ਰੋਫ਼ੈਸਰ ਸਨ। ਭਗਵਤੀ ਚਰਨ ਵੋਹਰਾ, ਸੁਖਦੇਵ ਅਤੇ ਪ੍ਰਸਿੱਧ ਲੇਖਕ ਯਸ਼ਪਾਲ ਕਾਲਜ 'ਚ ਨਾਲ ਹੀ ਪੜ੍ਹਦੇ ਸਨ।

ਭਗਤ ਸਿੰਘ ਕਾਲਜ ਦੇ ਡਰਾਮਾ ਕਲੱਬ ਦੇ ਮੈਂਬਰ ਵੀ ਸਨ ਅਤੇ ਨਾਟਕਾਂ 'ਚ ਰੋਲ ਵੀ ਕਰਦੇ ਸਨ। ਕਾਲਜ ਅਧਿਆਪਕ ਵੀ ਰਾਸ਼ਟਰੀ ਅੰਦੋਲਨ ਨਾਲ ਜੁੜੇ ਹੋਏ ਸਨ। ਕਾਲਜ ਦੇ ਇੰਚਾਰਜ ਭਾਈ ਪਰਮਾਨੰਦ ਨੂੰ ਬਣਾਇਆ ਹੋਇਆ ਸੀ। ਉਨ੍ਹਾਂ ਦੁਆਰਾ ਰਚਿਤ ਭਾਰਤ ਦਾ ਇਤਿਹਾਸ ਵੀ ਪੜ੍ਹਾਇਆ ਜਾਂਦਾ ਸੀ। ਕਾਲਜ ਦੇ ਪਹਿਲੇ ਪ੍ਰਿੰਸੀਪਲ ਆਚਾਰੀਆ ਜੁਗਲ ਕਿਸ਼ੋਰ ਵੀ ਕਾਂਗਰਸ ਨਾਲ ਜੁੜੇ ਹੋਏ ਸਨ। ਵਾਸਤਵ 'ਚ ਕਾਲਜ ਦਾ ਉਦੇਸ਼ ਨੌਜਵਾਨਾਂ ਨੂੰ ਨੌਕਰੀ ਨਹੀਂ, ਦੇਸ਼ਭਗਤੀ ਅਤੇ ਰਾਸ਼ਟਰੀ ਅੰਦੋਲਨ ਲਈ ਤਿਆਰ ਕਰਨਾ ਸੀ। ਨਾਟਕਾਂ 'ਚ ਮਹਾਰਾਣਾ ਪ੍ਰਤਾਪ ਆਦਿ ਰਾਸ਼ਟਰੀ ਨਾਇਕਾਂ ਦੇ ਜੀਵਨ 'ਤੇ ਆਧਾਰਿਤ ਨਾਟਕ ਖੇਡੇ ਜਾਂਦੇ ਸਨ। ਪੜ੍ਹਨ ਦਾ ਭਗਤ ਸਿੰਘ ਨੂੰ ਬੇਹੱਦ ਸ਼ੌਕ ਸੀ। ਅਜਿਹਾ ਕੋਈ ਵੀ ਵੇਲਾ ਨਹੀਂ ਸੀ ਹੁੰਦਾ ਜਦੋਂ ਉਨ੍ਹਾਂ ਕੋਲ ਕਿਤਾਬ ਨਹੀਂ ਸੀ ਹੁੰਦੀ। ਉਨ੍ਹਾਂ ਦੇ ਅਧਿਐਨ ਦੇ ਵਿਸ਼ੇ ਰਾਜਨੀਤੀ, ਆਰਥਿਕਤਾ ਤੋਂ ਲੈ ਕੇ ਸਾਹਿਤ ਸਭਿਆਚਾਰ ਤਕ ਵਿਆਪਤ ਸਨ। ਉਨ੍ਹਾਂ ਦੀ ਮਨਪਸੰਦ ਪੁਸਤਕਾਂ 'ਚ ਡਾੱਨ ਬ੍ਰੀਨ ਦੀ 'ਮਾਈ ਫਾਈਟ ਫਾਰ ਆਇਰਿਸ਼ ਫਰੀਡਮ' ਸੀ। ਇਸ ਪੁਸਤਕ ਦਾ ਭਗਤ ਸਿੰਘ ਨੇ ਹਿੰਦੀ ਵਿਚ ਅਨੁਵਾਦ ਵੀ ਕੀਤਾ ਸੀ, ਜਿਹੜਾ ਪ੍ਰਤਾਪ ਛਾਪਾਖਾਨਾ ਕਾਨ੍ਹਪੁਰ ਤੋਂ ਇਕ ਆਨਾ ਕੀਮਤ 'ਚ ਛਪਿਆ ਸੀ। ਗੈਰੀਬਾਲਡੀ ਤੇ ਮੈਜ਼ਿਨੀ ਦੀਆਂ ਸ੍ਵੈ-ਜੀਵਨੀਆਂ ਉਨ੍ਹਾਂ ਨੂੰ ਖਿੱਚਦੀਆਂ ਸਨ ਤੇ ਰੂਸੀ ਨੌਜਵਾਨ ਕ੍ਰਾਂਤੀਕਾਰੀ ਵੇਰਾ ਫਿਗਨਰ ਦੀ ਰਚਨਾ ਵੀ। ਰੂਸੀ ਕ੍ਰਾਂਤੀਕਾਰੀ ਅਤੇ ਸਮਾਜਵਾਦ ਸੰਬੰਧੀ ਅਧਿਐਨ 'ਚ ਭਗਵਤੀ ਚਰਨ ਵੋਹਰਾ (ਦੁਰਗਾ ਭਾਬੀ ਦੇ ਪਤੀ, ਜਿਨ੍ਹਾਂ ਦੀ 28 ਮਈ 1930 ਨੂੰ ਲਾਹੌਰ 'ਚ ਰਾਵੀ ਦੇ ਕਿਨਾਰੇ ਬੰਬ ਨਿਰੀਖਣ ਕਰਦਿਆਂ ਮੌਤ ਹੋ ਗਈ ਸੀ) ਅਤੇ ਭਗਤ ਸਿੰਘ ਸਭ ਤੋਂ ਅੱਗੇ ਸਨ। ਅਚਾਨਕ ਹੋਈ ਮੌਤ ਨੇ ਸੂਝਵਾਨ ਅਤੇ

ਪ੍ਰਤਿਭਾਸ਼ਾਲੀ ਨੌਜਵਾਨ ਨੂੰ ਖੋਹ ਲਿਆ । ਸੰਭਾਵਨਾਵਾਂ 'ਚ ਉਨ੍ਹਾਂ ਦੀ ਤੁਲਨਾ ਮਾਰਕਸ-ਏਂਜਲਸ ਜਾਂ ਲੈਨਿਨ-ਸਟਾਲਿਨ ਦੀ ਜੋੜੀ ਨਾਲ ਕੀਤੀ ਜਾ ਸਕਦੀ ਹੈ । ਜੈਦੇਵ ਗੁਪਤਾ ਨੇ ਤਾਂ ਦੋਵਾਂ ਦੋਸਤਾਂ ਨੂੰ ਮਾਰਕਸਵਾਦੀ ਕਹਿ ਕੇ ਵੀ ਸੰਬੋਧਨ ਕੀਤਾ ਹੈ ।

ਭਗਤ ਸਿੰਘ ਦੇ ਸਭਿਆਚਾਰਕ ਚਿੰਤਨ ਦੀ ਇਕ ਝਲਕ 1924 'ਚ 17 ਸਾਲ ਦੀ ਉਮਰ ਵਿਚ ਰਚਿਤ ਉਨ੍ਹਾਂ ਦੇ ਲੇਖ 'ਪੰਜਾਬ ਦੀ ਭਾਸ਼ਾ ਅਤੇ ਲਿਪੀ ਦੀ ਸਮੱਸਿਆ' ਤੋਂ ਮਿਲਦੀ ਹੈ । ਇਹ ਲੇਖ ਉਨ੍ਹਾਂ ਨੇ ਪੰਜਾਬ-ਹਿੰਦੀ ਸਾਹਿਤ ਸੰਮੇਲਨ ਦੁਆਰਾ ਆਯੋਜਿਤ ਸੰਮੇਲਨ ਲਈ ਲਿਖਿਆ ਸੀ ਅਤੇ ਇਹਦੇ ਲਈ ਉਨ੍ਹਾਂ ਨੂੰ 50 ਰੁਪਏ ਦਾ ਪਹਿਲਾ ਪੁਰਸਕਾਰ ਵੀ ਮਿਲਿਆ ਸੀ । ਇਸ ਲੇਖ 'ਚ ਉਨ੍ਹਾਂ ਨੇ ਸਮਾਜ 'ਚ ਸਾਹਿਤ ਦੇ ਮਹੱਤਵ ਨੂੰ ਰੇਖਾਂਕਿਤ ਕਰਦੇ ਹੋਏ ਰੂਸੋ, ਵਾਲਟੇਅਰ, ਟਾਲਸਟਾਇ, ਗੋਰਕੀ ਆਦਿ ਦੇ ਸਹਿਤ ਗੈਰੀ ਬਾਲਡੀ, ਮੈਜ਼ਿਨੀ ਅਤੇ ਮਾਰਕਸ ਦੇ ਚਿੰਤਨ ਦੀ ਵੀ ਚਰਚਾ ਕੀਤੀ ਹੈ । ਭਾਸ਼ਾ ਦਾ ਸਵਾਲ ਕਿਸੇ ਰਾਸ਼ਟਰ ਦੀ ਮੁਕਤੀ ਨਾਲ ਕਿਵੇਂ ਜੁੜਿਆ ਹੁੰਦਾ ਹੈ, ਇਸ ਤੱਥ ਨੂੰ ਉਨ੍ਹਾਂ ਨੇ ਆਇਰਲੈਂਡ ਦੇ ਪੁਨਰ-ਉੱਥਾਨ 'ਚ ਉਥੋਂ ਦੀ ਭਾਸ਼ਾ ਗੈਲਿਕ ਦੇ ਪੁਨਰ-ਉੱਥਾਨ ਨਾਲ ਜੋੜ ਕੇ ਵੇਖਿਆ ਹੈ । ਉਨ੍ਹਾਂ ਨੇ ਰੂਸ ਵਿਚ ਵੀ ਗੋਰਕੀ ਆਦਿ ਦੁਆਰਾ ਰਚਿਤ 'ਨਵੀਨ ਸਾਹਿਤ' ਦੇ ਨਾ ਪੈਦਾ ਹੋਣ ਦੀ ਸਥਿਤੀ 'ਚ ਰੂਸ ਦੀ ਕ੍ਰਾਂਤੀ ਵੀ ਨਾ ਹੋ ਸਕਣ ਦੀ ਗੱਲ ਕਹੀ ।

ਬਹੁਤ ਹੀ ਸੰਖੇਪ 'ਚ ਭਗਤ ਸਿੰਘ ਨੇ ਗੁਰੂ ਨਾਨਕ ਦੇਵ, ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਦੇ ਯੋਗਦਾਨ ਦੀ ਚਰਚਾ ਕਰਦੇ ਹੋਏ 'ਆਦਿ ਗ੍ਰੰਥ' ਦੇ ਨਿਰਮਾਣ ਨੂੰ ਆਪਣੀ ਲਿਪੀ ਅਤੇ ਸਾਹਿਤ ਨੂੰ ਸਥਾਈ ਰੂਪ ਦੇਣ ਦੀ ਕੋਸ਼ਿਸ਼ ਦੇ ਰੂਪ 'ਚ ਵੇਖਿਆ ।

ਨੌਵੇਂ ਗੁਰੂ ਤੇਗ ਬਹਾਦਰ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਦੀ ਬਾਣੀ 'ਚੋਂ ਉਦਾਹਰਣਾਂ ਦੇ ਕੇ ਉਨ੍ਹਾਂ ਨੇ ਪੰਜਾਬੀ ਸਭਿਆਚਾਰ ਦੀ ਵਿਸ਼ੇਸ਼ਤਾ ਅੰਕਿਤ ਕੀਤੀ, ਖ਼ੁਦ ਸੰਸਕ੍ਰਿਤ ਦੇ ਵਧੀਆ ਵਿਦਿਆਰਥੀ ਹੋਣ ਦੇ ਬਾਵਜੂਦ ਵੀ ਭਗਤ ਸਿੰਘ ਨੇ ਛੋਟੀ ਉਮਰ 'ਚ ਹੀ ਵਿਕਸਿਤ ਤਾਰਕਿਕ ਸ਼ੈਲੀ ਨੂੰ ਅਪਨਾਉਂਦੇ ਹੋਏ ਕਿਹਾ—"ਸੰਸਕ੍ਰਿਤ ਦੇ ਮੰਤਰ ਅਤੇ ਪੁਰਾਣੀ ਅਰਬੀ ਦੀਆਂ ਆਇਤਾਂ ਏਨੀਆਂ ਪ੍ਰਭਾਵਿਤ ਨਹੀਂ ਹੋ ਸਕਦੀਆਂ ਜਿੰਨੀ ਕਿ ਉਸ ਦੀ (ਜਨ ਸਾਧਾਰਨ) ਆਪਣੀ ਸਾਧਾਰਨ ਭਾਸ਼ਾ ਦੀਆਂ ਸਾਧਾਰਨ ਗੱਲਾਂ ।" (ਪੰਜਾਬ ਦੀ ਭਾਸ਼ਾ ਅਤੇ ਲਿਪੀ ਦੀ ਸਮੱਸਿਆ)

ਭਗਤ ਸਿੰਘ ਨੇ ਇਸ ਲੇਖ 'ਚ ਬੰਗਾਲ ਅਤੇ ਪੰਜਾਬ ਦੀ ਤੁਲਨਾ ਕਰਦਿਆਂ ਬੰਗਾਲ ਦੀ ਵਧੀ ਹੋਈ ਸਭਿਆਚਾਰਕ ਚੇਤਨਾ ਅਤੇ ਪੰਜਾਬ ਦੇ ਸਭਿਆਚਾਰਕ ਪਿਛੜੇਪਣ ਨੂੰ ਰੇਖਾਂਕਿਤ ਕੀਤਾ ਹੈ । ਬੰਗਾਲ ਦੇ ਸਵਾਮੀ ਵਿਵੇਕਾਨੰਦ, ਦੇਵਿੰਦਰ ਠਾਕੁਰ ਅਤੇ ਕੇਸ਼ਵਚੰਦ੍ ਸੇਨ ਆਦਿ ਮਹਾਪੁਰਸ਼ਾਂ ਨਾਲ ਪੈਦਾ ਹੋਏ ਨਵਜਾਗਰਣ ਦਾ ਜ਼ਿਕਰ ਹੈ ਤਾਂ ਪੰਜਾਬ ਵਿਚ ਵੀ ਉਸੇ ਵੇਲੇ ਸਵਾਮੀ ਰਾਮਤੀਰਥ ਆਦਿ ਵਿਦਵਾਨ ਪੈਦਾ ਹੋਏ, ਜਿਨ੍ਹਾਂ ਨੂੰ ਭੁਲਾ ਦਿੱਤਾ ਗਿਆ ।

ਭਾਸ਼ਾ ਨੂੰ ਧਰਮ ਨਾਲ ਜੋੜਨ ਦੀ ਪ੍ਰਵਿਰਤੀ ਦੀ ਭਗਤ ਸਿੰਘ ਨੇ ਇਸ ਲੇਖ 'ਚ ਨਿੰਦਾ ਕੀਤੀ ਹੈ । ਭਗਤ ਸਿੰਘ ਨੇ ਤਰਕ ਸਮੇਤ ਭਾਸ਼ਾ ਅਤੇ ਧਰਮ ਨੂੰ ਨਿਖੇੜਦਿਆਂ ਪੂਰੇ ਦੇਸ਼ ਲਈ ਹਿੰਦੀ ਨੂੰ ਰਾਸ਼ਟਰ ਭਾਸ਼ਾ ਅਤੇ ਸੰਪਰਕ ਭਾਸ਼ਾ ਦੇ ਰੂਪ ਵਿਚ ਵਿਕਸਿਤ ਕਰਨ ਅਤੇ ਪੰਜਾਬ 'ਚ ਮਾਂ-ਬੋਲੀ ਦੇ ਵਿਕਾਸ 'ਤੇ ਜ਼ੋਰ ਦਿੱਤਾ ਹੈ । ਜਦਕਿ ਇਸ ਲੇਖ 'ਚ ਉਹ ਪੰਜਾਬੀ ਲਈ ਦੇਵਨਾਗਰੀ ਲਿਪੀ ਦੇ ਪ੍ਰਯੋਗ 'ਤੇ ਜ਼ੋਰ ਦੇਂਦੇ ਹਨ, ਜੋ ਗੁਰਮੁਖੀ ਲਿਪੀ ਦੇ ਧਰਮ ਤੋਂ ਅਲੱਗ ਹੋ ਕੇ ਵਿਗਿਆਨਕ ਰੂਪ ਲੈਣ ਤੋਂ ਹੁਣ ਉਚਿਤ ਨਹੀਂ ਹੈ । ਪਰ 1923 'ਚ ਭਗਤ ਸਿੰਘ ਨੇ 16 ਸਾਲ ਦੀ ਉਮਰ ਵਿਚ ਏਨਾ ਤਰਕ ਭਰਪੂਰ ਲੇਖ ਲਿਖਿਆ, ਇਹ ਹੈਰਾਨੀਜਨਕ ਹੈ ।

1924 ਵਿਚ 17 ਸਾਲ ਦੀ ਉਮਰ 'ਚ ਬਲਵੰਤ ਸਿੰਘ ਛਦਮ ਨਾਂ ਨਾਲ ਭਗਤ ਸਿੰਘ ਦੇ ਦੋ ਲੇਖ ਕੋਲਕਾਤਾ ਤੋਂ ਪ੍ਰਕਾਸ਼ਿਤ 'ਮਤਵਾਲਾ' 'ਚ ਛਪੇ ਸਨ । ਇਹ ਲੇਖ ਸਨ 'ਵਿਸ਼ਵ ਪ੍ਰੇਮ' ਅਤੇ 'ਯੁਵਕ' । 'ਵਿਸ਼ਵ ਪ੍ਰੇਮ' ਦੀਆਂ ਦੋ-ਤਿੰਨ ਸਤਰਾਂ ਵੇਖੋ—"ਜਦੋਂ ਤਕ ਕਾਲਾ ਗੋਰਾ, ਸਭਿਅ ਅਸਭਿਅ, ਸ਼ਾਸਕ ਸ਼ਾਸਿਤ, ਅਮੀਰ ਗਰੀਬ, ਛੂਤ ਅਛੂਤ ਸ਼ਬਦਾਂ ਦੀ ਵਰਤੋਂ ਹੁੰਦੀ ਰਹੇਗੀ ਤਦ ਤਕ ਵਿਸ਼ਵ ਭਾਈਚਾਰਾ ਅਤੇ ਵਿਸ਼ਵ ਪ੍ਰੇਮ ਕਿੱਥੇ ਹੈ ? ਇਹ ਉਪਦੇਸ਼ ਸੁਤੰਤਰ ਜਾਤੀਆਂ ਹੀ ਕਰ ਸਕਦੀਆਂ ਹਨ, ਭਾਰਤ ਵਰਗੀ ਗ਼ੁਲਾਮ ਜਾਤੀ ਇਸ ਦਾ ਨਾਂ ਨਹੀਂ ਲੈ ਸਕਦੀ ।"

ਆਚਾਰੀਆ ਸ਼ਿਵਪੂਜਨ ਸਹਾਏ ਨੇ ਭਗਤ ਸਿੰਘ ਦਾ ਲੇਖ 'ਯੁਵਕ' 'ਮਤਵਾਲਾ' 'ਚ ਛਾਪਿਆ ਸੀ । ਇਹ ਲੇਖ 'ਰਾਮ ਦੀ ਸ਼ਕਤੀ ਪੂਜਾ' ਵਰਗੀ ਭਾਸ਼ਾ 'ਚ ਲਿਖਿਆ ਗਿਆ ਸੀ । ਕਿਤਿਓਂ ਵੀ ਸਤਰਾਂ ਲੈ ਲਉ, ਭਾਸ਼ਾ ਨਾਦ ਹੀ ਗੂੰਜਦਾ ਹੈ ।"

1928 'ਚ ਦਿੱਲੀ ਦੀ 'ਮਹਾਰਥੀ' ਪੱਤ੍ਰਿਕਾ 'ਚ ਵੀ ਭਗਤ ਸਿੰਘ ਦੇ ਕੁਝ ਲੇਖ ਛਪੇ । 1928 ਦੇ ਅੰਕ 'ਚ ਕੂਕਾ ਅੰਦੋਲਨ 'ਤੇ ਸੰਬੰਧਤ ਲੇਖ ਨਾਲ ਭਗਤ ਨੇ ਦੋ ਤਸਵੀਰਾਂ ਵੀ ਭੇਜੀਆਂ ਅਤੇ ਉਨ੍ਹਾਂ ਤਸਵੀਰਾਂ ਦਾ ਬਿਉਰਾ ਵੀ ਲਿਖ ਕੇ ਭੇਜਿਆ । ਇਸ ਜਾਣਕਾਰੀ 'ਚ ਭਗਤ ਸਿੰਘ ਨੇ ਕਾਰੀਗਰਾਂ (ਕੁਸ਼ਲ ਤਕਨੀਕੀ ਕਾਰੀਗਰਾਂ) ਦੀ ਹਾਲਤ ਸੁਧਾਰਨ 'ਤੇ ਜ਼ੋਰ ਦਿੰਦਿਆਂ ਲਿਖਿਆ—"ਹਿੰਦੂ ਸਭਾਵਾਂ ਅਤੇ ਕਾਂਗਰਸ ਮੰਡਲ ਖੋਲ੍ਹਣ ਦੀ ਬਜਾਇ ਹੁਨਰ ਨਾਲ ਸੰਬੰਧਤ ਕੇਂਦਰ ਸਥਾਪਿਤ ਕਰਨ 'ਚ ਸਾਨੂੰ ਆਪਣੀਆਂ ਸ਼ਕਤੀਆਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ । ਕਾਰੀਗਰੀ ਹੀ ਸਾਨੂੰ ਬੇਕਾਰੀ, ਗ਼ੁਲਾਮੀ ਤੇ ਗਰੀਬੀ ਤੋਂ ਬਚਾ ਸਕਦੀ ਹੈ ।" ਭਗਤ ਸਿੰਘ ਦੇ ਮਨ 'ਚ ਸਮਾਜ ਅਤੇ ਉਹਦੇ ਸਭਿਆਚਾਰ ਦੀ ਜੋ ਕਲਪਨਾ ਸੀ, ਇਸ ਦਾ ਅੰਦਾਜ਼ਾ ਇਨ੍ਹਾਂ ਸਤਰਾਂ ਤੋਂ ਵੀ ਹੁੰਦਾ ਹੈ । ਉਹ ਦੇਸ਼ 'ਚ ਅਜਿਹੇ ਸਭਿਆਚਾਰ ਦਾ ਨਿਰਮਾਣ ਕਰਨਾ ਚਾਹੁੰਦੇ ਸਨ ਜਿਹਦੇ 'ਚ ਕੰਮ ਦੀ ਕੁਸ਼ਲਤਾ, ਹੁਨਰ ਦਾ ਆਦਰ ਹੋਵੇ ।

ਧਰਮ ਨੂੰ ਸਭਿਆਚਾਰ ਦੇ ਮਹੱਤਵਪੂਰਨ ਪਹਿਲੂ ਦੇ ਰੂਪ 'ਚ ਵੇਖਿਆ ਜਾ ਸਕਦਾ ਹੈ । ਧਰਮ ਸੰਬੰਧੀ ਅਪਣੇ ਲੇਖਾਂ 'ਚ ਭਗਤ ਸਿੰਘ ਨੇ ਸਪੱਸ਼ਟ ਵਿਚਾਰ ਪੇਸ਼ ਕੀਤੇ—"ਧਰਮ ਅਤੇ ਸਾਡਾ ਸੁਤੰਤਰਤਾ ਸੰਗਰਾਮ" ਅਤੇ 'ਮੈਂ ਨਾਸਤਿਕ

ਕਿਉਂ ਹਾਂ 'ਚ। ਇਸ ਦੇ ਨਾਲ ਹੀ 'ਅਛੂਤ ਸਮੱਸਿਆ' ਅਤੇ 'ਸੰਪ੍ਰਦਾਇਕ ਦੰਗੇ ਅਤੇ ਉਨ੍ਹਾਂ ਦਾ ਇਲਾਜ ਸਿਰਲੇਖ ਲੇਖਾਂ 'ਚ ਧਰਮ ਦੇ ਸਮਾਜਿਕ ਜੀਵਨ 'ਤੇ ਪੈਣ ਵਾਲੇ ਚੰਗੇ-ਮਾੜੇ ਪ੍ਰਭਾਵਾਂ ਦੀ ਚਰਚਾ ਆਉਂਦੀ ਹੈ। 'ਧਰਮ ਅਤੇ ਸਾਡਾ ਸੁਤੰਤਰਤਾ ਸੰਗਰਾਮ' ਲੇਖ ਪਹਿਲੀ ਵਾਰ ਪੰਜਾਬੀ 'ਚ ਮਈ 1928 ਦੀ 'ਕਿਰਤੀ' ਪੱਤ੍ਰਿਕਾ 'ਚ ਛਪਿਆ। ਅਪ੍ਰੈਲ 'ਚ ਅੰਮ੍ਰਿਤਸਰ 'ਚ ਨੌਜਵਾਨ ਭਾਰਤ ਸਭਾ ਦੀ ਕਾਨਫਰੰਸ 'ਚ ਇਸ ਵਿਸ਼ੇ 'ਤੇ ਵਿਚਾਰ-ਵਟਾਂਦਰਾ ਹੋਇਆ। ਭਗਤ ਸਿੰਘ ਨੇ ਧਰਮ ਦੇ ਪ੍ਰਚੱਲਿਤ ਰੂਪ ਨੂੰ ਸੁਤੰਤਰਤਾ ਸੰਗਰਾਮ 'ਚ ਰੁਕਾਵਟ ਸਮਝਦੇ ਹੋਏ ਟਾਲਸਟਾਏ ਦੀ ਪੁਸਤਕ **'Essay and Letters'** ਦਾ ਹਵਾਲਾ ਦਿੱਤਾ ਹੈ, ਜਿਹਦੇ 'ਚ ਧਰਮ ਨੂੰ ਤਿੰਨ ਹਿੱਸਿਆਂ 'ਚ ਵੰਡ ਕੇ ਵੇਖਿਆ ਗਿਆ ਹੈ : **1. Essentials of Religion** ਮਤਲਬ ਧਰਮ ਦੀਆਂ ਜ਼ਰੂਰੀ ਗੱਲਾਂ ਸਦਾਚਾਰ ਆਦਿ; **2. Philosophy and Religion** ਭਾਵ ਧਰਮ ਦਾ ਦਰਸ਼ਨ; **3. Rituals of Religion** ਪੁਨਰ-ਜਨਮ ਆਦਿ ਗੱਲਾਂ, ਮਤਲਬ ਧਰਮ-ਰਿਵਾਜ ਵਗੈਰਾ।

ਭਗਤ ਸਿੰਘ ਧਰਮ ਦੇ ਤੀਸਰੇ ਹਿੱਸੇ ਨੂੰ ਤਾਂ ਬਿਲਕੁਲ ਗ਼ੈਰ-ਜ਼ਰੂਰੀ ਮੰਨਦੇ ਹਨ। ਖ਼ਾਸ ਕਰ ਕੇ ਜਦੋਂ ਉਹਦੇ 'ਚ ਅੰਧ-ਵਿਸ਼ਵਾਸ ਵੀ ਸ਼ਾਮਲ ਹੋ ਜਾਵੇ। ਅਜਿਹੇ ਧਰਮ ਨੂੰ ਉਹ 'ਅੱਜ ਹੀ ਖ਼ਤਮ ਕਰ ਦੇਣਾ ਚਾਹੀਦੈ' ਕਹਿੰਦੇ ਹਨ, ਜਦਕਿ ਪਹਿਲੇ ਤੇ ਦੂਸਰੇ ਹਿੱਸੇ 'ਚ ਜੇਕਰ ਸੁਤੰਤਰ ਚਿੰਤਨ ਸ਼ਾਮਲ ਹੋਵੇ ਤਾਂ ਅਜਿਹੇ ਧਰਮ ਤੋਂ ਭਗਤ ਸਿੰਘ ਨੂੰ ਪਰਹੇਜ਼ ਨਹੀਂ।

1924 'ਚ ਕੋਹਾਟ 'ਚ ਭਿਆਨਕ ਸੰਪ੍ਰਦਾਇਕ ਦੰਗੇ ਹੋਏ। ਉਹਦੇ ਸੰਦਰਭ 'ਚ ਭਗਤ ਸਿੰਘ ਨੇ ਜੂਨ 1928 ਦੇ 'ਕਿਰਤੀ' 'ਚ ਲੇਖ ਲਿਖਿਆ ਜਿਸ ਦੇ ਮੁੱਢਲੇ ਸ਼ਬਦ ਹੀ ਤਿੱਖੀ ਸ਼ਬਦਾਵਲੀ ਹੈ—"ਭਾਰਤ ਦੀ ਸਥਿਤੀ ਇਸ ਵੇਲੇ ਬੜੀ ਤਰਸਯੋਗ ਹੈ, ਇਕ ਧਰਮ ਦੇ ਪੈਰੋਕਾਰ ਦੂਸਰੇ ਧਰਮ ਦੇ ਪੈਰੋਕਾਰਾਂ ਦੇ ਜਾਨੀ ਦੁਸ਼ਮਣ ਹਨ। ਹੁਣ ਤਾਂ ਕਿਸੇ ਇਕ ਧਰਮ ਦਾ ਹੋਣਾ ਹੀ ਦੂਸਰੇ ਧਰਮ ਦਾ ਕੱਟੜ ਦੁਸ਼ਮਣ ਹੋਣਾ ਹੈ।" ਭਗਤ ਸਿੰਘ ਇਨ੍ਹਾਂ ਦੰਗਿਆਂ ਦੀ ਤੈਹ 'ਚ ਆਰਥਿਕ ਕਾਰਨਾਂ ਨੂੰ ਰੱਖਦੇ ਹਨ। ਨਾਲ ਹੀ ਇਨ੍ਹਾਂ ਨੂੰ ਰੋਕਣ ਲਈ 'ਵਰਗ ਚੇਤਨਾ ਦੀ ਜ਼ਰੂਰਤ' ਉਤੇ ਜ਼ੋਰ ਦੇਂਦੇ ਹਨ। ਰੂਸ ਦੀ ਉਦਾਹਰਣ ਦੇ ਕੇ ਉਹ ਕਹਿੰਦੇ ਹਨ ਕਿ ਜਦੋਂ ਤੋਂ ਉਥੇ 'ਮਜ਼ਦੂਰ ਸ਼ਾਸਨ' (**Proletarian Rule**) ਲਾਗੂ ਹੋਇਆ ਹੈ, ਉਥੋਂ ਦਾ ਨਕਸ਼ਾ ਹੀ ਬਦਲ ਗਿਆ ਹੈ, ਉਥੇ ਕਦੀ ਦੰਗੇ ਨਹੀਂ ਹੋਏ। ਭਗਤ ਸਿੰਘ ਨੇ 1914-15 'ਚ ਗ਼ਦਰ ਅੰਦੋਲਨ 'ਚ ਧਰਮ ਨੂੰ ਰਾਜਨੀਤੀ ਤੋਂ ਅਲੱਗ ਕਰ ਦੇਣ ਦਾ ਜ਼ਿਕਰ ਕੀਤਾ ਹੈ, ਇਸ ਲਈ ਗ਼ਦਰ ਪਾਰਟੀ ਅੰਦੋਲਨ ਇਕਜੁਟ ਰਿਹਾ ਅਤੇ ਉਹਦੇ 'ਚ ਹਿੰਦੂ, ਸਿੱਖ, ਮੁਸਲਮਾਨ ਸਾਰੇ ਫਾਂਸੀ 'ਤੇ ਚੜ੍ਹੇ।

ਭਗਤ ਸਿੰਘ ਧਰਮ ਨੂੰ ਰਾਜਨੀਤੀ ਤੋਂ ਨਿਖੇੜਨ 'ਚ ਹੀ ਸੰਪ੍ਰਦਾਇਕ ਦੰਗਿਆਂ ਦਾ ਇਲਾਜ ਮੰਨਦੇ ਹਨ।

'ਅਛੂਤ ਸਮੱਸਿਆ' 'ਚ ਭਗਤ ਸਿੰਘ ਨੇ ਦਲਿਤ ਅੰਦੋਲਨ ਤੋਂ ਵੀ ਕਿਤੇ ਜ਼ਿਆਦਾ ਕ੍ਰਾਂਤੀਕਾਰੀ ਗੱਲਾਂ ਆਖੀਆਂ ਹਨ—ਜੂਨ 1928 'ਚ 'ਕਿਰਤੀ' 'ਚ ਹੀ ਇਹ ਲੇਖ ਵੀ ਛਪਿਆ ਸੀ, ਜਿਸ ਦਾ ਅੰਤਿਮ ਹਿੱਸਾ ਵੇਖੋ—"ਤੁਸੀਂ ਅਸਲੀ ਪ੍ਰੋਲੇਤਾਰੀ ਹੋ...ਇਕੱਠੇ ਹੋ ਜਾਓ। ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ। ਬਸ ਗ਼ੁਲਾਮੀ ਦੀਆਂ ਜ਼ੰਜੀਰਾਂ ਟੁੱਟ ਜਾਣਗੀਆਂ। ਉੱਠੋ ਅਤੇ ਵਰਤਮਾਨ ਵਿਵਸਥਾ ਵਿਰੁੱਧ ਬਗ਼ਾਵਤ ਕਰ ਦਿਓ। ਹੌਲੀ-ਹੌਲੀ ਹੋਣ ਵਾਲੇ ਸੁਧਾਰਾਂ ਨਾਲ ਕੁਝ ਨਹੀਂ ਬਣਨਾ। ਸਮਾਜਿਕ ਅੰਦੋਲਨ ਨਾਲ ਕ੍ਰਾਂਤੀ ਪੈਦਾ ਕਰ ਦਿਓ ਅਤੇ ਰਾਜਨੀਤਕ, ਆਰਥਿਕ ਕ੍ਰਾਂਤੀ ਲਈ ਕਮਰ ਕੱਸ ਲਓ। ਤੁਸੀਂ ਹੀ ਤਾਂ ਦੇਸ਼ ਦਾ ਮੁੱਖ ਆਧਾਰ ਹੋ, ਵਾਸਤਵਿਕ ਤਾਕਤ ਹੋ। ਸੁੱਤੇ ਹੋਏ ਸ਼ੇਰੋ! ਉੱਠੋ ਅਤੇ ਬਗ਼ਾਵਤ ਕਰ ਦਿਓ।"

ਦਲਿਤ ਵਰਗ ਨੂੰ ਭਗਤ ਸਿੰਘ ਨੇ 'ਅਸਲੀ ਪ੍ਰੋਲੇਤਾਰੀ' ਕਿਹਾ ਅਤੇ ਮਾਰਕਸ ਦੀ ਪ੍ਰਸਿੱਧ ਸਤਰ ਉਨ੍ਹਾਂ 'ਤੇ ਢੁਕਾਈ—"ਸਮੁੱਚੀ ਦੁਨੀਆਂ ਦੇ ਮਜ਼ਦੂਰੋ, ਇਕਜੁਟ ਹੋ ਜਾਓ। ਤੁਹਾਡੇ ਕੋਲ ਗੁਆਉਣ ਲਈ ਜ਼ੰਜੀਰਾਂ ਤੋਂ ਇਲਾਵਾ ਕੁਝ ਨਹੀਂ ਹੈ।" ਅੱਜ ਦੇ ਦਲਿਤ ਅੰਦੋਲਨ ਨੇ ਵੀ ਦਲਿਤ ਵਰਗ ਨੂੰ ਬਗ਼ਾਵਤ ਕਰਨ ਲਈ ਨਹੀਂ ਆਖਿਆ, ਜਦਕਿ ਭਗਤ ਸਿੰਘ ਨੇ ਸਵਾਮੀ ਵਿਵੇਕਾਨੰਦ ਦੀ ਤਰ੍ਹਾਂ ਉਨ੍ਹਾਂ ਨੂੰ ਸੱਦਾ ਦਿੱਤਾ ਹੈ।

'ਮੈਂ ਨਾਸਤਿਕ ਕਿਉਂ ਹਾਂ' ਲੇਖ ਵਿਚ ਭਗਤ ਸਿੰਘ ਦੇ ਵਿਚਾਰਾਂ ਦੀ ਪੂਰਨ ਪ੍ਰਬੀਨਤਾ ਨਜ਼ਰ ਆਉਂਦੀ ਹੈ। ਭਗਤ ਸਿੰਘ ਭਾਰਤੀ ਸਮਾਜ 'ਚ ਇਕ ਬੌਧਿਕ ਅਤੇ ਵਿਵੇਕਯੁਕਤ ਸਭਿਆਚਾਰ ਦਾ ਨਿਰਮਾਣ ਚਾਹੁੰਦੇ ਸਨ। ਇਸ ਲੇਖ 'ਚ ਉਨ੍ਹਾਂ ਨੇ ਕਿਹਾ, "ਹਰੇਕ ਮਨੁੱਖ ਨੂੰ ਜੋ ਵਿਕਾਸ ਲਈ ਖਲੋਤਾ ਹੈ, ਰੂੜੀਗਤ ਵਿਸ਼ਵਾਸਾਂ ਦੇ ਹਰ ਪਹਿਲੂ ਦੀ ਆਲੋਚਨਾ ਅਤੇ ਉਨ੍ਹਾਂ 'ਤੇ ਅਵਿਸ਼ਵਾਸ ਕਰਨਾ ਹੋਵੇਗਾ ਅਤੇ ਉਨ੍ਹਾਂ ਨੂੰ ਚੁਣੌਤੀ ਦੇਣੀ ਹੋਵੇਗੀ। ਹਰੇਕ ਪ੍ਰਚੱਲਿਤ ਮਤ ਦੀ ਹਰ ਗੱਲ ਨੂੰ ਹਰ ਪੱਖ ਤੋਂ ਤਰਕ ਦੀ ਕਸੌਟੀ 'ਤੇ ਪਰਖਣਾ ਹੋਵੇਗਾ। ਨਿਰਾ ਵਿਸ਼ਵਾਸ ਅਤੇ ਅੰਧ-ਵਿਸ਼ਵਾਸ ਖ਼ਤਰਨਾਕ ਹੈ। ਇਹ ਦਿਮਾਗ਼ ਨੂੰ ਮੂਰਖ ਅਤੇ ਮਨੁੱਖ ਨੂੰ ਪ੍ਰਕ੍ਰਿਆਵਾਦੀ ਬਣਾ ਦੇਂਦਾ ਹੈ।

ਸਾਹਿਤ ਸਭਿਆਚਾਰ ਦੇ ਸਵਾਲਾਂ ਨਾਲ ਸਿੱਧੇ ਰੂਪ 'ਚ ਜੁੜਿਆ ਭਗਤ ਸਿੰਘ ਦਾ ਇਕ ਲੇਖ ਹੈ 'ਡਰੀਮਲੈਂਡ ਦੀ ਭੂਮਿਕਾ' ਦੇ ਰੂਪ 'ਚ ਲਿਖਿਆ ਗਿਆ। ਲਾਲਾ ਰਾਮਸਰਨ ਦਾਸ ਭਗਤ ਸਿੰਘ ਦੇ ਕ੍ਰਾਂਤੀਕਾਰੀ ਚਾਚਾ ਅਜੀਤ ਸਿੰਘ ਦੇ ਮਿੱਤਰ ਸਨ, ਗ਼ਦਰ ਅੰਦੋਲਨ 'ਚ ਭਗਤ ਸਿੰਘ ਦੇ ਦਲ ਨਾਲ ਵੀ ਜੁੜੇ ਰਹੇ। ਜੇਲ੍ਹ 'ਚ ਉਹ ਭਗਤ ਸਿੰਘ ਦੇ ਨਾਲ ਹੀ ਸਨ ਅਤੇ ਭਗਤ ਸਿੰਘ ਕੋਲੋਂ ਹੀ ਉਨ੍ਹਾਂ ਨੇ ਪੁਸਤਕ ਦੀ ਭੂਮਿਕਾ ਲਿਖਵਾਈ।

ਭਗਤ ਸਿੰਘ ਨੇ ਆਰੰਭ 'ਚ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਨਾ ਤਾਂ ਸਾਹਿਤ ਦੇ ਪਾਰਖੀ ਹਨ, ਨਾ ਖ਼ੁਦ ਸਾਹਿਤਕਾਰ। ਉਹ ਸਿਰਫ਼ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਹੀ ਪੁਸਤਕ ਬਾਰੇ ਆਪਣੇ ਵਿਚਾਰ ਰੱਖਦੇ ਹਨ। ਰਾਜਨੀਤਕ ਖੇਤਰ 'ਚ ਉਹ 'ਡ੍ਰੀਮਲੈਂਡ' ਨੂੰ ਬਹੁਤ ਮਹੱਤਵਪੂਰਨ ਪੁਸਤਕ ਮੰਨਦੇ ਹਨ, ਜਦਕਿ ਲੇਖਕ ਨਾਲ ਬਹੁਤ ਸਾਰੇ ਬੁਨਿਆਦੀ ਪ੍ਰਸ਼ਨਾਂ 'ਤੇ ਆਪਣੇ ਮਤਭੇਦਾਂ ਨੂੰ ਵੀ ਉਹ ਰੇਖਾਂਕਿਤ ਕਰਦੇ ਹਨ। ਭਾਵੇਂ ਕਿ ਭਗਤ ਸਿੰਘ ਖ਼ੁਦ ਨੂੰ

ਆਲੋਚਕ ਜਾਂ ਪਾਰਖੀ ਨਹੀਂ ਮੰਨਦੇ, ਪਰ ਇਸ ਕਾਵਿ ਦਾ ਵਿਸ਼ਲੇਸ਼ਣ ਉਹ ਕਿਸੇ ਪਾਰਖੀ ਤੋਂ ਘੱਟ ਨਹੀਂ ਕਰਦੇ।" ਕਾਵਿ 'ਤੇ ਲੇਖਕ ਦੀ ਮਨੋਦਸ਼ਾ ਅਤੇ ਮਾਨਸਿਕ ਸੰਦਰਭ ਦੀ ਛਾਪ ਨੂੰ ਉਹ ਕਾਵਿ ਨੂੰ ਸੁੰਦਰ ਅਤੇ ਦਿਲਚਸਪ ਬਣਾਉਣ ਦਾ ਕਾਰਨ ਮੰਨਦੇ ਹਨ। ਭਗਤ ਸਿੰਘ ਰਾਮਸਰਨ ਦਾਸ ਨੂੰ ਦਰਸ਼ਨ ਦੇ ਪੱਧਰ 'ਤੇ ਪਾਰਲੌਕਿਕ (ਮੈਟਾਫਿਜ਼ਿਕਲ) ਮੰਨਦੇ ਹਨ ਅਤੇ ਖ਼ੁਦ ਨੂੰ ਭੌਤਿਕਵਾਦੀ। ਤਾਂ ਵੀ ਉਹ ਲੇਖਕ ਦੀ ਕਵਿਤਾ 'ਚ ਵਿਅੱਕਤ ਰਹੱਸਵਾਦ ਦੇ ਸੌਂਦਰਯ ਅਤੇ ਖ਼ੂਬਸੂਰਤੀ ਨੂੰ ਨੋਟ ਕਰਦੇ ਹਨ। ਭਗਤ ਸਿੰਘ ਕਵੀ ਦੁਆਰਾ ਕ੍ਰਾਂਤੀਕਾਰੀ ਦੀ ਮਨੋਬਿਰਤੀ ਦਰਸਾਉਣ ਵਾਲੀਆਂ ਕਾਵਿ-ਪੰਕਤੀਆਂ ਦੀ ਖ਼ੂਬਸੂਰਤੀ 'ਤੇ ਵੀ ਧਿਆਨ ਦੇਂਦੇ ਹਨ—

ਜੇਕਰ ਲੋੜ ਪਵੇ ਤਾਂ ਉਗਰ ਤੇ ਭਿਆਨਕ ਬਣੋ
ਪਰ ਦਿਲੋਂ ਹਮੇਸ਼ਾ ਨਰਮ ਰਹੋ
ਫੁੰਕਾਰੋ ਜੇਕਰ ਜ਼ਰੂਰਤ ਪਵੇ, ਪਰ ਵੱਢੋ ਨਾ
ਦਿਲੋਂ ਪਿਆਰ ਕਰੋ ਤੇ ਉਪਰੋਂ ਲੜੋ।

ਇਨ੍ਹਾਂ ਸਤਰਾਂ ਦੀ ਖ਼ੂਬਸੂਰਤੀ 'ਤੇ ਧਿਆਨ ਦੇਂਦਿਆਂ ਭਗਤ ਸਿੰਘ ਲੈਨਿਨ ਅਤੇ ਗੋਰਕੀ ਦੇ ਸੰਗੀਤ ਸੰਬੰਧੀ ਵਾਰਤਾਲਾਪ ਦਾ ਹਵਾਲਾ ਵੀ ਦੇਂਦੇ ਹਨ, ਜਿਹਦੇ ਅਨੁਸਾਰ "ਸੰਗੀਤ ਸ਼ਾਂਤ ਕਰਦਾ ਹੈ, ਪਰ ਜਦੋਂ ਸਿਰਾਂ ਨੂੰ ਤੋੜਨ ਦਾ ਮੌਕਾ ਹੋਵੇ, ਤਦ ਸੰਗੀਤ ਲਈ ਸਮਾਂ ਨਹੀਂ ਹੁੰਦਾ।"

ਇਸ ਭੂਮਿਕਾ ਦੇ ਮਾਧਿਅਮ ਰਾਹੀਂ ਭਗਤ ਸਿੰਘ ਦੀ ਆਪਣੀ ਵਿਚਾਰਧਾਰਾ ਵੀ ਕਾਫ਼ੀ ਉੱਭਰੀ ਹੈ। ਉਹ ਪੂਰੀ ਤਰ੍ਹਾਂ ਮਾਰਕਸਵਾਦੀ ਬਣ ਚੁੱਕੇ ਸਨ ਅਤੇ ਕ੍ਰਾਂਤੀਕਾਰੀਆਂ ਪ੍ਰਤੀ ਉਨ੍ਹਾਂ ਦੀ ਸਮਝ ਮਾਰਕਸਵਾਦੀ ਦ੍ਰਿਸ਼ਟੀ ਤੋਂ ਮੌਜੂਦ ਹੈ। ਨੌਜਵਾਨਾਂ ਨੂੰ ਪੁਸਤਕ ਪੜ੍ਹਨ ਦੀ ਸਿਫ਼ਾਰਸ਼ ਕਰਨ ਦੇ ਨਾਲ ਇਹ ਚੇਤਾਵਨੀ ਵੀ ਉਨ੍ਹਾਂ ਨੇ ਦਿੱਤੀ ਹੈ—"ਇਹਨੂੰ ਪੜ੍ਹੋ, ਇਹਦੀ ਆਲੋਚਨਾ ਕਰੋ, ਇਹਦੇ 'ਤੇ ਵਿਚਾਰ ਕਰੋ ਅਤੇ ਇਹਦੀ ਮਦਦ ਨਾਲ ਖ਼ੁਦ ਆਪਣੀ ਸਮਝ ਨੂੰ ਦ੍ਰਿੜ੍ਹ ਬਣਾਓ।"

ਭਗਤ ਸਿੰਘ ਦੇ ਨੈਸ਼ਨਲ ਕਾਲਜ 'ਚ ਆਉਂਦਿਆਂ ਹੀ ਕ੍ਰਾਂਤੀਕਾਰੀ ਅੰਦੋਲਨ ਦਾ ਮਹੱਤਵਪੂਰਨ ਅੰਗ ਬਣ ਗਏ ਸਨ। ਉਨ੍ਹਾਂ ਦੇ ਬੌਧਿਕ ਤੇ ਸਭਿਆਚਾਰਕ ਵਿਕਾਸ 'ਚ ਨੈਸ਼ਨਲ ਕਾਲਜ ਵੇਲੇ ਪੜ੍ਹਨ-ਸੁਣਨ ਦੇ ਬਣੇ ਸੁਭਾਅ ਨੇ ਬੜੀ ਅਹਿਮ ਭੂਮਿਕਾ ਨਿਭਾਈ ਹੈ। ਭਗਤ ਸਿੰਘ ਭਾਵੇਂ ਸਾਹਿਤ ਦਾ ਅਧਿਐਨ ਕਰਦੇ ਰਹੇ ਹੋਣ ਜਾਂ ਦਰਸ਼ਨ ਦਾ, ਆਰਥਿਕ ਮਾਮਲਿਆਂ ਦਾ ਜਾਂ ਰਾਜਨੀਤਕ ਤਬਦੀਲੀਆਂ ਦਾ, ਇਹ ਅਧਿਐਨ ਉਨ੍ਹਾਂ ਲਈ ਮਹਿਜ਼ ਸਮਾਂ ਬਿਤਾਉਣਾ ਹੀ ਨਹੀਂ ਸੀ, ਸਗੋਂ ਪੜ੍ਹਨ ਲਈ ਬਿਤਾਏ ਇਕ-ਇਕ ਪਲ ਅਤੇ ਪੜ੍ਹੇ ਹੋਏ ਇਕ-ਇਕ ਅੱਖਰ ਨੂੰ ਉਹ ਸਾਰਥਕ ਰੂਪ ਦੇਣਾ ਚਾਹੁੰਦੇ ਸਨ। ਜੈਦੇਵ ਕੋਲੋਂ ਜੇਲ੍ਹ 'ਚ ਮੰਗਵਾਈਆਂ ਪੁਸਤਕਾਂ ਤੋਂ ਵੀ ਉਨ੍ਹਾਂ ਦੇ ਗਹਿਰੇ ਪੁਸਤਕ-ਪ੍ਰੇਮ ਦਾ ਪਤਾ ਲੱਗਦਾ ਹੈ ਅਤੇ ਜੇਲ੍ਹ 'ਚ ਦੋ ਸਾਲ ਰਹਿਣ ਸਮੇਂ ਪੜ੍ਹੀਆਂ ਪੁਸਤਕਾਂ ਤੋਂ ਵੀ। ਭਰਾ ਕੁਲਤਾਰ ਦੇ ਨਾਂ ਲਿਖੇ ਆਖ਼ਰੀ ਖ਼ਤ 'ਚ ਉਰਦੂ ਸ਼ਾਇਰੀ ਕਿਵੇਂ ਉਨ੍ਹਾਂ ਦੇ ਮਨੋਭਾਵਾਂ ਨੂੰ ਵਿਅੱਕਤ ਕਰਦੀ ਹੈ, ਇਹਦਾ ਅੰਦਾਜ਼ਾ ਹੇਠ ਲਿਖੀਆਂ ਸਤਰਾਂ ਤੋਂ ਲਗਾਇਆ ਜਾ ਸਕਦਾ ਹੈ :

ਉਸੇ ਯੇਹ ਫ਼ਿਕਰ ਹਰ ਦਮ ਕੇ ਤਰਜ਼ੇ-ਜ਼ਫ਼ਾ ਕਯਾ ਹੈ
ਹਮੇਂ ਯੇਹ ਸ਼ੌਕ ਹੈ ਦੇਖੇਂ ਸਿਤਮ ਕੀ ਇੰਤਹਾ ਕਯਾ ਹੈ ?

———

ਹਵਾ ਮੇਂ ਰਹੇਗੀ ਮੇਰੇ ਖ਼ਯਾਲ ਕੀ ਬਿਜਲੀ
ਯੇਹ ਮੁਸ਼ਤੇ-ਖ਼ਾਕ ਹੈ ਫ਼ਾਨੀ, ਰਹੇ ਰਹੇ, ਨਾ ਰਹੇ।

ਜੇਕਰ ਉਨ੍ਹਾਂ ਦੀ ਜੇਲ੍ਹ ਡਾਇਰੀ 'ਚ ਲਿਖੇ ਲੇਖਕਾਂ/ਪੁਸਤਕਾਂ ਦੇ ਨਾਵਾਂ ਨੂੰ ਵੇਖੀਏ ਤਾਂ ਪਤਾ ਲੱਗ ਜਾਵੇਗਾ ਕਿ ਕਿਵੇਂ ਉਨ੍ਹਾਂ ਦਾ ਵਿਅਕਤੀਗਤ ਬੌਧਿਕ ਤੇ ਸਭਿਆਚਾਰਕ ਪੱਧਰ ਤੇ ਇਕ ਵਿਸ਼ਾਲ ਰੂਪ ਗ੍ਰਹਿਣ ਕਰ ਰਿਹਾ ਸੀ, ਜਿਸ ਤੋਂ ਬ੍ਰਿਟਿਸ਼ ਬਸਤੀਵਾਦੀ ਛੇਤੀ ਤੋਂ ਛੇਤੀ ਛੁਟਕਾਰਾ ਪਾਉਣਾ ਚਾਹੁੰਦੇ ਸਨ।

'ਏਂਜਲਸ ਸਾਮਰਾਜਵਾਦ : ਵਿਗਿਆਨਕ ਅਤੇ ਕਾਲਪਨਿਕ, ਪਰਿਵਾਰ ਵਿਅਕਤੀਗਤ ਜਾਇਦਾਦ ਅਤੇ ਰਾਜ ਦਾ ਆਰੰਭ, 'ਉਮਰ ਖ਼ਯਾਮ, ਬ੍ਰਟੇਂਡ ਰਸਲ, ਰਾਈਟਸ ਆਫ ਮੈਨ (ਟਾਮਸ ਪੇਨ) 'ਮਾਰਕ ਟਵੇਨ' ਅਪਟਨ ਸਿੰਕਲੇਯਰ, ਕਵੀ ਜੇਮਸ ਰਸੇਲ ਲੋਵੇਲ, 'ਜੌਨ ਸਟੂਅਰਟ ਮਿਲ' ਗੋਰਕੀ, ਵਾਲਟ ਵਿਟਮੈਨ, ਇਬਸਨ, ਫੂਰਿਏ, ਜੇਫਰਸਨ, ਵਰਡਜ਼ਵਰਥ, ਟੇਨਿਸਨ, ਵੇਰਾ ਫਿਗਨਰ, ਮੋਰੋਜ਼ੀਵ, ਕਾਰਲ ਮਾਰਕਸ, ਇੰਟਰਨੈਸ਼ਨਲ ਗੀਤ, ਮਾਰਸਯੇਜ ਦਾ ਗੀਤ, ਲੈਨਿਨ, ਬੁਖਾਰਿਨ, ਜੈਕ ਲੰਡਨ (ਆਯਰਨ ਹੀਲ), ਟਰਾਟਸਕੀ, ਕਾਉਤਸਕੀ, ਕਮਿਊਨਿਸਟ ਮੈਨੀਫੈਸਟੋ, ਪੂੰਜੀ, ਦੋਸਤੋਵਸਕੀ (ਜੁਰਮ ਤੇ ਸਜ਼ਾ) ਵਿਕਟਰ ਹਿਯੂਗੋ (ਲਾ ਮਿਜ਼ਰੇਬਲ) ਹਾਬਸ, ਏਮਿਲੀ (ਰੂਸੋ), ਪਲੇਟੋ, ਅਰਸਤੂ, ਮੇਕਿਯਾਵਲੀ, ਮਿਲਟਨ, ਸਪਿਨੋਜ਼ਾ, ਲੱਕ, ਸ਼ਿਰੋਲ, ਬਿਪਿਨਚੰਦ੍ਰ ਪਾਲ, ਲਾਲਾ ਲਾਜਪਤ ਰਾਏ, ਮਦਨ ਮੋਹਨ ਮਾਲਵੀਆ।

ਇਨ੍ਹਾਂ ਪੁਸਤਕਾਂ ਤੋਂ ਇਲਾਵਾ ਵੀ ਭਗਤ ਸਿੰਘ ਦੁਆਰਾ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਅਤੇ ਉਨ੍ਹਾਂ ਦਾ ਭਗਤ ਸਿੰਘ ਦੇ ਵਿਅਕਤੀਤਵ 'ਤੇ ਪ੍ਰਭਾਵ ਸੰਬੰਧੀ ਜਾਣਕਾਰੀਆਂ ਉਨ੍ਹਾਂ ਦੇ ਦੋਸਤਾਂ ਕੋਲੋਂ ਮਿਲਦੀ ਹੈ। ਜਿਵੇਂ ਜੈਦੇਵ ਗੁਪਤਾ ਨੇ ਆਪਣੇ ਲੇਖਾਂ 'ਚ ਕਿਹਾ ਹੈ ਕਿ ਟਾਲਸਟਾਏ ਦਾ ਨਾਵਲ 'ਪੁਨਰ-ਉੱਥਾਨ' ਪੜ੍ਹ ਕੇ ਉਹ ਏਨਾ ਦੁਖੀ ਹੋਏ ਕਿ ਉਨ੍ਹਾਂ ਨੇ ਆਪਣੀ ਜ਼ਮੀਨ ਮਜ਼ਦੂਰਾਂ 'ਚ ਵੰਡਣ ਲਈ ਆਖਿਆ, ਕਿਉਂਕਿ ਉਨ੍ਹਾਂ ਦੀ ਨਜ਼ਰ 'ਚ ਜ਼ਮੀਨ ਉਸੇ ਦੀ ਹੈ, ਜਿਹੜਾ ਉਸ 'ਤੇ ਹਲ ਵਾਹੁੰਦਾ ਹੈ। ਭਗਤ ਸਿੰਘ ਦੇ ਪਿਤਾ ਨੇ ਕਿਹਾ, "ਜ਼ਰੂਰਤਾਂ ਕਿਵੇਂ ਪੂਰੀਆਂ ਹੋਣਗੀਆਂ।"

ਭਗਤ ਸਿੰਘ ਪਿਤਾ ਦਾ ਬਹੁਤ ਆਦਰ ਕਰਦੇ ਸਨ, ਇਸ ਲਈ ਉਨ੍ਹਾਂ ਨੇ ਵਿਵਾਦ 'ਚ ਪੈਣਾ ਠੀਕ ਨਹੀਂ ਸਮਝਿਆ, ਪਰ ਉਨ੍ਹਾਂ ਨੇ ਆਪਣੇ ਘਰੋਂ ਪੈਸੇ ਲੈਣੇ ਬੰਦ ਕਰ ਦਿੱਤੇ ਸਨ। ਖਾਣਾ ਉਹ ਆਪਣੇ ਦੋਸਤ ਅਤੇ 'ਨੌਜਵਾਨ ਭਾਰਤ ਸਭਾ' ਦੇ ਮੁਖੀ ਰਾਮਕ੍ਰਿਸ਼ਨ ਦੇ ਢਾਬੇ ਤੋਂ ਖਾ ਲੈਂਦੇ ਸਨ ਅਤੇ ਜੈਦੇਵ ਗੁਪਤਾ ਉਨ੍ਹਾਂ ਨੂੰ ਫ਼ਿਲਮ ਵਿਖਾ ਦੇਂਦੇ ਸਨ। ਪੁਸਤਕਾਂ ਦਵਾਰਕਾ ਦਾਸ ਲਾਇਬ੍ਰੇਰੀ ਤੋਂ ਕਾਫ਼ੀ ਮਾਤਰਾ 'ਚ ਮਿਲ ਜਾਂਦੀਆਂ ਸਨ। ਘਰੋਂ ਉਹ ਕੱਪੜੇ ਵਗੈਰਾ ਲੈ ਲੈਂਦੇ ਸਨ, ਪਰ ਇਕ ਸੱਚੇ ਕ੍ਰਾਂਤੀਕਾਰੀ ਵਾਂਗ ਉਹ ਆਪਣੇ ਜੀਵਨ ਦਾ ਗੁਜ਼ਾਰਾ ਵੀ ਕ੍ਰਾਂਤੀਕਾਰੀ ਦਲ 'ਤੇ ਨਿਰਭਰ ਹੋ ਕੇ ਕਰਦੇ ਰਹੇ ਸਨ।

ਵਿਕਟਰ ਹਿਊਗੋ ਦੇ ਇਕ ਹੋਰ ਨਾਵਲ '93' (ਨਾਈਨਟੀ ਥ੍ਰੀ) ਦਾ ਵੀ ਉਨ੍ਹਾਂ 'ਤੇ ਗਹਿਰਾ ਪ੍ਰਭਾਵ ਸੀ। ਇਹ ਫ਼ਰਾਂਸੀਸੀ ਕ੍ਰਾਂਤੀ 'ਤੇ ਆਧਾਰਿਤ ਨਾਵਲ ਹੈ, ਜਿਸ ਦਾ ਇਕ ਪਾਤਰ ਕ੍ਰਾਂਤੀ ਦੇ ਦੌਰਾਨ ਆਪਣੇ ਲੰਗੋਟੀਏ ਮਿੱਤਰ ਦੁਆਰਾ ਕੀਤੇ ਅਪਰਾਧ ਨੂੰ ਮਾਫ਼ ਨਾ ਕਰ ਕੇ ਉਹਨੂੰ ਮੌਤ ਦੀ ਸਜ਼ਾ ਸੁਣਾਉਂਦਾ ਹੈ ਪਰ ਇਸ ਤੋਂ ਪਹਿਲਾਂ ਉਹਦੇ ਨਾਲ ਰੋਟੀ ਵੀ ਵੰਡ ਕੇ ਖਾਂਦਾ ਹੈ ਅਤੇ ਰੋਂਦਾ ਵੀ ਹੈ।

ਇਸ ਤਰ੍ਹਾਂ ਭਗਤ ਸਿੰਘ ਸਿਰਫ਼ ਕੇਂਦਰੀ ਅਸੈਂਬਲੀ 'ਚ ਬੰਬ ਸੁੱਟਣ ਵਾਲੇ ਜਾਂ ਸਾਂਡਰਸ ਨੂੰ ਮਾਰਨ ਵਾਲੇ ਕ੍ਰਾਂਤੀਕਾਰੀ ਆਤੰਕਵਾਦੀ ਨਹੀਂ ਸਨ, ਉਹ ਉੱਚ ਪੱਧਰ ਦੇ ਵਿਦਵਾਨ, ਬੁੱਧੀਜੀਵੀ ਅਤੇ ਵਿਵੇਕਪੂਰਨ ਸਭਿਆਚਾਰ ਦੇ ਨਿਰਮਾਣ ਦੇ ਮੌਲਿਕ ਸਮਾਜਵਾਦੀ ਚਿੰਤਕ ਸਨ।

## ਸਾਹਿਤ ਅਤੇ ਭਗਤ ਸਿੰਘ

ਕਿਸੇ ਵੀ ਦੇਸ਼ ਜਾਂ ਸਮਾਜ 'ਚ ਅਜਿਹੇ ਲੋਕ-ਨਾਇਕ ਹੁੰਦੇ ਹਨ, ਜਿਹੜੇ ਆਪਣੀ ਸ਼ਖ਼ਸੀਅਤ ਦੇ ਕਿਸੇ ਵਿਸ਼ੇਸ਼ ਪੱਖ ਕਰ ਕੇ ਲੋਕ-ਮਨਾਂ ਨੂੰ ਇਵੇਂ ਆਪਣੇ ਵੱਲ ਖਿੱਚਦੇ ਹਨ, ਜਿਵੇਂ ਲੋਹੇ ਨੂੰ ਚੁੰਬਕ। ਦਿਲਚਸਪ ਗੱਲ ਇਹ ਹੈ ਕਿ ਵੇਲਾ ਬੀਤਣ ਦੇ ਨਾਲ ਇਸ ਖਿੱਚ 'ਚ ਕਮੀ ਨਹੀਂ ਆਉਂਦੀ, ਸਗੋਂ ਕਈ ਵਾਰੀ ਇਹ ਖਿੱਚ ਵਧਦੀ ਤੁਰੀ ਜਾਂਦੀ ਹੈ। ਲੋਕਾਂ ਦੀ ਆਪਣੇ ਲੋਕ-ਨਾਇਕਾਂ ਪ੍ਰਤੀ ਖਿੱਚ ਲੋਕ-ਸਾਹਿਤ, ਲੋਕਗੀਤਾਂ, ਲੋਕ-ਸੰਗੀਤ, ਨਾਟਕਾਂ ਅਤੇ ਫ਼ਿਲਮਾਂ ਆਦਿ 'ਚ ਵੀ ਰੂਪਮਾਨ ਹੁੰਦੀ ਹੈ ਤੇ ਬਹੁਤੀ ਵਾਰ ਸਿਰਜਣਾਤਮਿਕ ਸਾਹਿਤ 'ਚ ਵੀ ਇਸ ਦੀ ਅਭਿਵਿਅਕਤੀ ਹੁੰਦੀ ਹੈ। ਭਗਤ ਸਿੰਘ ਭਾਰਤੀ ਸਮਾਜ, ਇਥੋਂ ਤਕ ਕਿ ਭਾਰਤ ਤੇ ਪਾਕਿਸਤਾਨ ਦੋਵਾਂ ਹੀ ਦੇਸ਼ਾਂ ਦੇ ਲੋਕ-ਨਾਇਕ ਹਨ, ਜਿਨ੍ਹਾਂ ਦੀ ਸ਼ਖ਼ਸੀਅਤ ਪ੍ਰਤੀ ਖਿੱਚ ਲੋਕਾਂ 'ਚ ਵੀ ਨਿਰੰਤਰ ਬਣੀ ਹੋਈ ਹੈ। ਭਗਤ ਸਿੰਘ ਨੂੰ ਕੇਂਦਰ 'ਚ ਰੱਖ ਕੇ **1950** ਤੋਂ **2005** ਦੇ ਦਰਮਿਆਨ ਪੰਜ-ਛੇ ਹਿੰਦੀ ਫ਼ਿਲਮਾਂ ਬਣ ਚੁੱਕੀਆਂ ਹਨ, ਜਿਨ੍ਹਾਂ ਵਿਚੋਂ 'ਰੰਗ ਦੇ ਬਸੰਤੀ' ਨੇ ਤਾਂ ਅੰਤਰਰਾਸ਼ਟਰੀ ਪ੍ਰਸਿੱਧੀ ਵੀ ਹਾਸਲ ਕੀਤੀ ਹੈ। 'ਸ਼ਹੀਦ' (ਹੀਰੋ ਮਨੋਜ ਕੁਮਾਰ) ਦੇ ਗੀਤ ਤਾਂ ਚਾਰ ਦਹਾਕੇ ਲੰਘ ਜਾਣ ਤੋਂ ਬਾਅਦ ਅੱਜ ਵੀ ਉਵੇਂ ਹੀ ਦਿਲ ਨੂੰ ਛੂੰਹਦੇ ਹਨ। 'ਲੀਜੈਂਡ ਆਫ ਭਗਤ ਸਿੰਘ' (ਹੀਰੋ ਅਜੈ ਦੇਵਗਨ) ਨੇ ਸਾਧਾਰਨ ਤੇ ਬੌਧਿਕ ਦੋਵਾਂ ਦਰਸ਼ਕਾਂ ਨੂੰ ਹੀ ਪ੍ਰਭਾਵਿਤ ਕੀਤਾ ਹੈ, ਕਿਉਂਕਿ ਇਸ ਫ਼ਿਲਮ 'ਚ ਪਹਿਲੀ ਵਾਰ ਭਗਤ ਸਿੰਘ ਦੇ ਵਿਚਾਰਾਂ ਨੂੰ ਅਭਿਵਿਅਕਤੀ ਮਿਲੀ ਹੈ। ਹਿੰਦੀ 'ਚ 'ਗਗਨ ਦਮਾਮਾ ਬਾਜਿਓ' (ਲੇਖਕ ਪੀਯੂਸ਼ ਮਿਸ਼ਰਾ) ਨਾਟਕ 'ਚ ਹੀ ਨਹੀਂ, ਚਰਨਦਾਸ ਸਿੱਧੂ ਦੇ ਸਾਹਿਤ ਅਕਾਦਮੀ ਦੁਆਰਾ ਸਨਮਾਨੇ ਪੰਜਾਬੀ ਨਾਟਕ 'ਭਗਤ ਸਿੰਘ ਸ਼ਹੀਦ' ਦੇ ਹਿੰਦੀ ਅਨੁਵਾਦ ਦੀ ਮੰਚ ਪੇਸ਼ਕਾਰੀ 'ਚ ਵੀ **1980** ਦੇ ਦਹਾਕੇ ਤੋਂ ਬਾਅਦ ਭਗਤ ਸਿੰਘ ਦੀ ਵਿਚਾਰਕ ਸ਼ਖ਼ਸੀਅਤ ਉੱਭਰ ਕੇ ਸਾਹਮਣੇ ਆਈ ਹੈ। ਇਸ ਨਾਟਕ 'ਚ ਭਗਤ ਸਿੰਘ ਦੇ 'ਸਮਾਜਵਾਦੀ ਚਿੰਤਕ' ਦੇ ਪਹਿਲੂ ਨੂੰ ਉਭਾਰਿਆ ਗਿਆ ਹੈ। ਹਿੰਦੀ ਤੇ ਪੰਜਾਬੀ ਵਿਚ ਸਾਗਰ ਸਰਹੱਦੀ ਦਾ ਨਾਟਕ 'ਭਗਤ ਸਿੰਘ ਦੀ ਵਾਪਸੀ' ਵੀ ਭਗਤ ਸਿੰਘ 'ਤੇ ਆਧਾਰਿਤ ਸੀ। ਹਿੰਦੀ 'ਚ ਭਗਤ ਸਿੰਘ ਨੂੰ ਕੇਂਦਰ 'ਚ ਰੱਖ ਕੇ ਏਨੀ ਰਚਨਾ ਹੋਈ ਹੈ ਕਿ ਸੰਭਵ ਹੈ ਕਿ ਗਿਣਤੀ ਤੇ ਗੁਣਵੱਤਾ ਦੋਵਾਂ 'ਚ ਹੀ ਇਹ ਰਚਨਾ ਪੰਜਾਬੀ ਭਾਸ਼ਾ ਤੋਂ ਕਿਤੇ ਵਧੇਰੇ ਹੈ। ਹਿੰਦੀ 'ਚ ਬੱਚਨ ਸਿੰਘ ਦਾ 'ਸ਼ਹੀਦ-ਏ-ਆਜ਼ਮ' ਸਿਰਲੇਖ ਹੇਠ **2006** 'ਚ **236** ਪੰਨਿਆਂ ਦਾ ਨਾਵਲ ਛਪਿਆ। ਇਸ ਤੋਂ ਪਹਿਲਾਂ **2004** 'ਚ ਪ੍ਰਕਾਸ਼ਿਤ ਮ੍ਰਿਦੁਲਾ ਗਰਗ ਦੇ 'ਅਨਿਤਯ' ਨਾਵਲ ਵਿਚ ਵੀ ਭਗਤ ਸਿੰਘ ਦਾ ਸੰਦਰਭ ਉੱਭਰ ਕੇ ਸਾਹਮਣੇ ਆਇਆ ਸੀ। ਰੇਣੂ ਦੇ ਨਾਵਲ 'ਮੈਲਾ ਆਂਚਲ' 'ਚ ਭਗਤ ਸਿੰਘ ਲੋਕਨਾਇਕ ਦੇ ਰੂਪ 'ਚ ਚਰਚਾ 'ਚ ਆਉਂਦੇ ਹਨ।

ਪਰ ਸੰਭਵ ਹੈ ਕਿ ਭਗਤ ਸਿੰਘ 'ਤੇ ਪਹਿਲਾ ਨਾਵਲ ਮ੍ਰਿਣਾਲਿਨੀ ਜੋਸ਼ੀ ਦਾ 'ਇਨਕਲਾਬ' ਹੈ, ਜਿਸ ਦੇ ਪਹਿਲੇ ਸੰਸਕਰਣ ਦਾ **2005** 'ਚ ਪ੍ਰਕਾਸ਼ਿਤ ਹਿੰਦੀ ਸੰਸਕਰਣ ਤੋਂ ਕੋਈ ਅਤਾ-ਪਤਾ ਨਹੀਂ ਲੱਗਦਾ। ਇਥੋਂ ਤਕ ਕਿ ਇਹਦੇ ਹਿੰਦੀ 'ਚ ਪਹਿਲੇ ਪ੍ਰਕਾਸ਼ਨ ਦਾ ਵੀ, ਜੋ ਕਿ ਮੂਲ ਮਰਾਠੀ ਪ੍ਰਕਾਸ਼ਨ ਦੇ ਵੀਹ ਸਾਲ ਬਾਅਦ ਹੋਇਆ। ਕਿਉਂਕਿ ਨਾਵਲ ਦੇ ਆਰੰਭ 'ਚ ਹੀ ਭਗਤ ਸਿੰਘ ਦੀ ਮਾਤਾ ਵਿਦਿਆਵਤੀ ਦਾ ਆਸ਼ੀਰਵਾਦ ਹੈ, ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਨਾਵਲ ਮਰਾਠੀ 'ਚ ਪਹਿਲੀ ਵਾਰ **1960-70** ਦੇ ਦਰਮਿਆਨ ਛਪਿਆ ਹੋਵੇਗਾ। **543** ਪੰਨਿਆਂ ਦੇ ਇਸ ਵੱਡ-ਆਕਾਰੀ ਨਾਵਲ ਦਾ ਮੁਖਬੰਦ ਭਗਤ ਸਿੰਘ ਦੇ ਸਾਥੀ ਭਗਵਾਨਦਾਸ ਮਾਹੌਰ ਦੁਆਰਾ ਲਿਖਿਆ ਗਿਆ ਸੀ। ਹਿੰਦੀ, ਪੰਜਾਬੀ ਅਤੇ ਉਰਦੂ ਤੋਂ ਇਲਾਵਾ ਮਰਾਠੀ 'ਚ ਹੀ ਨਹੀਂ, ਭਗਤ ਸਿੰਘ 'ਤੇ ਸਾਹਿਤਕ ਰਚਨਾਵਾਂ ਤਾਂ ਦੱਖਣ ਤਕ—ਤਾਮਿਲ 'ਚ ਵੀ ਰਚੀਆਂ ਗਈਆਂ ਹਨ। ਬੰਗਲਾ 'ਚ ਭਗਤ ਸਿੰਘ ਦਾ ਭਾਵਨਾਤਮਕ ਅਸਰ ਹੋਣ ਕਰ ਕੇ ਰਚਨਾਵਾਂ ਦੀ ਬਹੁਤਾਤ ਤਾਂ ਹੋਣੀ ਹੀ ਸੀ। **1930** ਤੋਂ **1947** ਦੇ ਦਰਮਿਆਨ ਬ੍ਰਿਟਿਸ਼ ਸਰਕਾਰ ਦੁਆਰਾ ਵਿਭਿੰਨ ਭਾਸ਼ਾਵਾਂ ਦੀਆਂ ਜਿਨ੍ਹਾਂ ਕਿਤਾਬਾਂ 'ਤੇ ਪਾਬੰਦੀ ਲਗਾਈ ਗਈ ਸੀ, ਉਨ੍ਹਾਂ 'ਚੋਂ ਸਭ ਤੋਂ ਜ਼ਿਆਦਾ ਕਿਤਾਬਾਂ ਭਗਤ ਸਿੰਘ 'ਤੇ ਹੀ ਕੇਂਦ੍ਰਿਤ ਸਨ ਅਤੇ ਉਹ ਕਿਤਾਬਾਂ ਲਗਭਗ ਸਾਰੀਆਂ ਪ੍ਰਮੁੱਖ ਭਾਰਤੀ ਭਾਸ਼ਾਵਾਂ 'ਚ ਰਚੀਆਂ ਗਈਆਂ ਹਨ।

ਭਗਤ ਸਿੰਘ ਦੀ ਜੀਵਨੀ ਅਨੇਕ ਭਾਸ਼ਾਵਾਂ 'ਚ ਲਿਖੀ ਗਈ। ਪਰ ਸਭ ਤੋਂ ਜ਼ਿਆਦਾ ਰਚਨਾ ਕਾਵਿ-ਖੇਤਰ ਵਿਚ ਹੋਈ। ਹਿੰਦੀ ਵਿਚ ਸ੍ਰੀਕ੍ਰਿਸ਼ਨ ਸਰਲ ਦੁਆਰਾ ਰਚਿਤ 'ਭਗਤ ਸਿੰਘ ਮਹਾਕਾਵਿ' ਸਾਢੇ ਪੰਜ ਸੌ ਪੰਨਿਆਂ ਤੋਂ ਜ਼ਿਆਦਾ ਦਾ ਹੈ। ਸ੍ਰੀਕ੍ਰਿਸ਼ਨ ਸਰਲ ਨੇ ਚੰਦਰ ਸ਼ੇਖਰ ਆਜ਼ਾਦ 'ਤੇ ਵੀ ਮਹਾਕਾਵਿ ਲਿਖਿਆ ਹੈ ਅਤੇ ਇਨ੍ਹਾਂ ਦਾ 'ਕ੍ਰਾਂਤੀ ਗੰਗਾ' ਕਾਵਿ ਗ੍ਰੰਥ ਲਗਭਗ ਮਹਾਭਾਰਤ ਤੋਂ ਵੀ ਵੱਡੇ ਆਕਾਰ 'ਚ 1050 ਪੰਨਿਆਂ ਦਾ, ਸੰਸਾਰ ਦਾ ਸਭ ਤੋਂ ਵੱਡਾ ਪ੍ਰਬੰਧ ਕਾਵਿ ਗਿਣਿਆ ਗਿਆ ਹੈ। ਇਸੇ 'ਕ੍ਰਾਂਤੀ ਗੰਗਾ' ਦੇ ਅਠਾਰਾਂ 'ਚੋਂ ਅੱਠਵੇਂ ਸਰਗ 'ਚ (579 ਤੋਂ 679 ਪੰਨਿਆਂ ਤਕ) ਭਗਤ ਸਿੰਘ ਅਤੇ ਉਨ੍ਹਾਂ ਦੇ ਦਲ ਦੀ ਕਥਾ ਬਿਆਨ ਕੀਤੀ ਗਈ ਹੈ। ਹਿੰਦੀ 'ਚ ਸ਼ੈਲੇਂਦਰ ਹੀ ਨਹੀਂ, ਸਗੋਂ ਕਈ ਹੋਰ ਕਵੀਆਂ ਨੇ ਵੀ ਭਗਤ ਸਿੰਘ ਨੂੰ ਕੇਂਦਰ 'ਚ ਰੱਖ ਕੇ ਕਵਿਤਾਵਾਂ ਲਿਖੀਆਂ ਹਨ। ਇਨ੍ਹਾਂ ਕਵੀਆਂ 'ਚ ਸ਼ਾਂਤੀਸਵਰੂਪ ਕੁਸੁਮ ਤੇ ਹੀਰਾ ਪ੍ਰਸਾਦ ਠਾਕੁਰ ਆਦਿ ਸ਼ਾਮਲ ਹਨ। ਹਿੰਦੀ, ਉਰਦੂ ਤੇ ਪੰਜਾਬੀ 'ਚ ਭਗਤ ਸਿੰਘ ਦੀ ਫਾਂਸੀ ਤੋਂ ਕੁਝ ਸਮਾਂ ਪਹਿਲਾਂ ਤੇ ਬਾਅਦ ਵਿਚ ਤਾਂ ਕਵਿਤਾਵਾਂ ਦੀ ਏਨੀ ਜ਼ਿਆਦਾ ਮਾਤਰਾ 'ਚ ਰਚਨਾ ਹੋਈ ਹੈ ਕਿ ਉਨ੍ਹਾਂ 'ਚੋਂ ਜ਼ਿਆਦਾ ਕਵਿਤਾਵਾਂ ਉਤੇ ਤਾਂ ਅੰਗਰੇਜ਼ੀ ਸਰਕਾਰ ਨੇ ਪਾਬੰਦੀ ਲਗਾ ਦਿੱਤੀ ਸੀ। ਹਿੰਦੀ 'ਚ ਅਜਿਹੀਆਂ ਪਾਬੰਦੀਯੁਕਤ ਕਵਿਤਾਵਾਂ 'ਚੋਂ ਚੁਣ ਕੇ ਨੈਸ਼ਨਲ ਬੁਕ ਟਰੱਸਟ ਨੇ 'ਫਾਂਸੀ ਲਾਹੌਰ ਦੀ' ਸਿਰਲੇਖ ਹੇਠ 2006 'ਚ ਹੀ ਇਕ ਸੰਗ੍ਰਹਿ ਡਾ. ਗੁਰਦੇਵ ਸਿੰਘ ਸਿੱਧੂ ਦੀ ਸੰਪਾਦਨਾ ਹੇਠ ਛਾਪਿਆ ਹੈ। ਡਾ. ਸਿੱਧੂ ਦੀ ਸੰਪਾਦਨਾ ਹੇਠ 'ਸਿੰਘ ਗਰਜਣਾ' ਸਿਰਲੇਖ ਹੇਠ ਭਗਤ ਸਿੰਘ ਨਾਲ ਸੰਬੰਧਤ ਪੰਜਾਬੀ ਕਵਿਤਾਵਾਂ ਦਾ ਇਕ ਸੰਗ੍ਰਹਿ ਪੰਜਾਬੀ ਯੂਨੀਵਰਸਿਟੀ ਨੇ 1992 'ਚ ਪ੍ਰਕਾਸ਼ਿਤ ਕੀਤਾ ਸੀ, ਤੇ ਹੁਣ 2006 'ਚ ਹੀ ਡਾ. ਸਿੱਧੂ ਦੇ ਸੰਪਾਦਨ 'ਚ 'ਘੋੜੀਆਂ ਸ਼ਹੀਦ ਭਗਤ ਸਿੰਘ' ਸੰਗ੍ਰਹਿ ਛਪਿਆ ਹੈ। ਹੁਣ 2008 ਵਿਚ ਉਨ੍ਹਾਂ ਦੀ ਸੰਪਾਦਨਾ ਵਿਚ 'ਸੋਹਿਲੇ ਸ਼ਹੀਦ ਭਗਤ ਸਿੰਘ' ਵੀ ਛਪ ਗਏ ਹਨ। ਪੰਜਾਬੀ 'ਚ ਪ੍ਰੋ. ਦੀਦਾਰ ਸਿੰਘ ਰਚਿਤ ਪ੍ਰਬੰਧ ਕਾਵਿ ਸ਼ਹੀਦ ਭਗਤ ਸਿੰਘ ਸਿਰਲੇਖ ਹੇਠ 1984 'ਚ ਛਪਿਆ, ਜਿਸ ਵਿਚ ਭਗਤ ਸਿੰਘ ਦਾ ਵਿਚਾਰਕ ਪੱਖ ਪ੍ਰਮੁੱਖ ਰੂਪ 'ਚ ਉੱਭਰ ਕੇ ਸਾਹਮਣੇ ਆਇਆ ਹੈ।

'ਘੋੜੀ' ਪੰਜਾਬੀ ਜ਼ਬਾਨ ਦਾ ਲੋਕਗੀਤ ਰੂਪ ਹੈ, ਜਿਸ ਵਿਚ ਲਾੜਾ ਬਰਾਤੇ ਚੜ੍ਹਨ ਤੇ ਵਹੁਟੀ ਲਿਆਉਣ ਲਈ ਜਾਂਦੇ ਵੇਲੇ ਘੋੜੀ 'ਤੇ ਚੜ੍ਹਦਾ ਹੈ ਤੇ ਉਸ ਦੇ ਪਿੱਛੇ 'ਸਰਬਾਲਾ', ਜਿਹੜਾ ਅਕਸਰ ਉਹਦਾ ਛੋਟਾ ਭਰਾ ਹੁੰਦਾ ਹੈ, ਬਹਿੰਦਾ ਹੈ। ਭਗਤ ਸਿੰਘ ਦੇ ਸੰਦਰਭ 'ਚ 'ਘੋੜੀ' ਲੋਕਗੀਤ ਸਿਰਜਣ ਵਾਲੇ ਲੋਕ-ਕਵੀਆਂ ਨੇ 'ਮੌਤ' ਨੂੰ ਭਗਤ ਸਿੰਘ ਦੀ ਵਹੁਟੀ ਦੇ ਰੂਪ 'ਚ ਚਿਤ੍ਰਿਤ ਕਰਦੇ ਹੋਏ ਭਗਤ ਸਿੰਘ ਨੂੰ ਬੜੇ ਚਾਅ ਨਾਲ ਆਪਣੀ ਵਹੁਟੀ ਨੂੰ ਪ੍ਰਾਪਤ ਕਰਨ ਦਾ ਬਿੰਬ ਸਿਰਜਿਤ ਕੀਤਾ ਗਿਆ ਹੈ। 'ਮੌਤ' ਦਾ ਮਤਲਬ 'ਫਾਂਸੀ' 'ਤੇ ਚੜ੍ਹਨ ਵੇਲੇ ਭਗਤ ਸਿੰਘ ਦਾ ਲਾੜੇ ਵਾਂਗ ਘੋੜੀ 'ਤੇ ਚੜ੍ਹ ਕੇ ਜਾਣਾ ਲੋਕ-ਮਨਾਂ ਵਿਚ ਉੱਭਰਿਆ ਹੋਇਆ ਅਜਿਹਾ ਬਿੰਬ ਹੈ, ਜਿਹਨੇ ਭਗਤ ਸਿੰਘ ਨੂੰ ਸਦੀਆਂ-ਸਦੀਆਂ ਲਈ ਲੋਕ-ਮਨਾਂ 'ਚ ਇੰਜ ਜੀਵੰਤ ਕਰ ਦਿੱਤਾ ਹੈ ਕਿ ਉਹਦਾ ਹੁਣੇ ਜਿਹੇ ਉੱਭਰ ਕੇ ਆਇਆ ਵਿਚਾਰਕ ਪੱਖ ਉਹਨੂੰ ਹੋਰ ਵੀ ਦ੍ਰਿੜ੍ਹ ਤਾਂ ਕਰ ਸਕਦਾ ਹੈ, ਪਰ ਉਨ੍ਹਾਂ ਬਿੰਬਾਂ ਨੂੰ ਬਦਲ ਨਹੀਂ ਸਕਦਾ।

ਪੰਜਾਬੀ (ਗੁਰਮੁਖੀ ਤੇ ਫ਼ਾਰਸੀ—ਦੋਨਾਂ ਲਿਪੀਆਂ 'ਚ) 1931 ਦੇ ਨੇੜੇ-ਤੇੜੇ ਰਲਦੇ-ਮਿਲਦੇ ਸ਼ਬਦਾਂ ਵਾਲੀਆਂ ਵੀ ਕਈ ਘੋੜੀਆਂ ਛਪੀਆਂ। ਸ਼ਾਇਰ ਮੇਲਾ ਰਾਮ 'ਤਾਯਰ' ਅਤੇ ਮਹਿੰਦਰ ਸਿੰਘ ਸੇਠੀ ਅੰਮ੍ਰਿਤਸਰੀ ਦੀਆਂ 'ਘੋੜੀਆਂ ਦੇ ਕਈ ਹਿੱਸੇ ਰਲਦੇ-ਮਿਲਦੇ ਹਨ। ਸ਼ਾਇਰ 'ਤਾਯਰ' ਨੇ 23 ਮਾਰਚ 1932 ਨੂੰ ਲਾਹੌਰ 'ਚ ਭਗਤ ਸਿੰਘ ਦੀ ਸ਼ਹਾਦਤ ਦੇ ਇਕ ਸਾਲ ਬਾਅਦ ਆਪਣੀ ਲਿਖੀ 'ਘੋੜੀ' ਨੂੰ ਤਾਂਗੇ 'ਤੇ ਚੜ੍ਹ ਕੇ ਬਾਜ਼ਾਰ 'ਚ ਗਾਇਆ। 'ਤਾਯਰ' ਦੀ ਘੋੜੀ ਸੰਬੰਧੀ ਹਿੰਦੀ-ਲੇਖਕ ਗੌਤਮ ਸਚਦੇਵ ਨੇ 'ਹੁਣ' (ਜਨਵਰੀ-ਅਪ੍ਰੈਲ 2007) ਅੰਕ ਵਿਚ ਦਿਲਚਸਪ ਕਿੱਸਾ ਬਿਆਨ ਕੀਤਾ ਹੈ। ਗੌਤਮ ਸਚਦੇਵ ਅਨੁਸਾਰ ਉਹਦਾ ਸਹੁਰਾ ਰਾਮ ਲੁਭਾਇਆ ਚਾਨਣਾ ਸੁਤੰਤਰਤਾ ਸੈਨਾਨੀ ਸੀ, ਅਤੇ 1998 'ਚ ਰੱਬ-ਸਬੱਬੀਂ ਗੌਤਮ ਦੀ ਮੁਲਾਕਾਤ ਇਸ ਘੋੜੀ ਦੇ ਸ਼ਾਇਰ 'ਤਾਯਰ' ਨਾਲ ਹੋ ਗਈ, ਜਿਹੜੇ ਉਸ ਵੇਲੇ 100 ਸਾਲ ਦੇ ਹੋ ਚੁੱਕੇ ਸਨ, ਪਰ ਉਸ ਉਮਰ ਵਿਚ ਵੀ ਉਨ੍ਹਾਂ ਨੂੰ 'ਘੋੜੀ' ਚੰਗੀ ਤਰ੍ਹਾਂ ਕੰਠ ਸੀ ਅਤੇ ਗੌਤਮ ਨੇ ਟੇਪ-ਰਿਕਾਰਡਰ 'ਚ 'ਤਾਯਰ' ਦੀਆਂ ਯਾਦਾਂ ਅਤੇ ਘੋੜੀ ਉਨ੍ਹਾਂ ਦੀ ਆਵਾਜ਼ 'ਚ ਹੀ ਰਿਕਾਰਡ ਕੀਤੀ। ਇਸੇ ਘੋੜੀ ਨੂੰ 'ਲੀਜੈਂਡ ਆਫ ਭਗਤ ਸਿੰਘ' ਫ਼ਿਲਮ ਵਿਚ ਵੀ ਗੀਤ ਰੂਪ 'ਚ ਇਸਤੇਮਾਲ ਕੀਤਾ ਗਿਆ।

## ਭਗਤ ਸਿੰਘ ਅਤੇ ਪਾਸ਼ ਨੂੰ ਯਾਦ ਕਰਦਿਆਂ

ਭਗਤ ਸਿੰਘ ਅਤੇ ਪਾਸ਼—ਪੰਜਾਬ ਦੇ ਇਨ੍ਹਾਂ ਦੋ ਪੁੱਤਰਾਂ ਨੇ ਆਪਣੀ ਜਨਮ-ਭੋਂ ਨੂੰ ਮਾਣ ਬਖ਼ਸ਼ਿਆ। ਭਗਤ ਸਿੰਘ ਜੁਝਾਰੂ ਕੌਮੀਅਤ ਅਤੇ ਸਮਾਜਵਾਦ ਦਾ ਚਿੰਨ੍ਹ ਬਣਿਆ ਅਤੇ ਤੀਹਵਿਆਂ ਵਿਚ ਉਸ ਦੀ ਛਾਂ ਗਾਂਧੀਵਾਦੀ ਕੈਂਪ 'ਤੇ ਸੰਘੀ ਸਾਇਆ ਬਣ ਕੇ ਫੈਲ ਰਹੀ ਸੀ। 23 ਮਾਰਚ 1931 ਨੂੰ ਉਸ ਦੀ ਸ਼ਹਾਦਤ ਨੇ ਸਾਰੇ ਦੇਸ਼ ਵਿਚ ਜ਼ੋਰਦਾਰ ਕੌਮੀ ਜਜ਼ਬਾ ਉਭਾਰਿਆ। ਉਹ ਬਿਹਾਰ ਤੋਂ ਤਾਮਿਲਨਾਡੂ ਤਕ, ਬੰਬਈ ਤੋਂ ਬੰਗਾਲ ਤਕ ਲੋਕਗੀਤਾਂ ਦਾ ਨਾਇਕ ਬਣਿਆ। ਉਨ੍ਹਾਂ ਦਿਨਾਂ ਵਿਚ ਭਗਤ ਸਿੰਘ ਨੂੰ ਕੌਮੀ ਹੀਰੋ ਚਿਤਵਦਿਆਂ, ਕਿੰਨੀਆਂ ਹੀ ਭਾਸ਼ਾਵਾਂ ਦੀਆਂ ਰਚਨਾਵਾਂ ਨੂੰ ਜ਼ਬਤ ਕੀਤਾ ਗਿਆ।

ਪੰਜਾਬੀਆਂ ਲਈ ਭਗਤ ਸਿੰਘ ਦਾ ਬੜਾ ਵਿਸ਼ੇਸ਼ ਸਥਾਨ ਬਣਿਆ। ਅਤੇ ਗੁਰੂ ਸਾਹਿਬਾਨ ਤੋਂ ਬਾਅਦ ਉਹ ਪੰਜਾਬੀ ਮਾਣ ਤੇ ਪਛਾਣ ਦਾ ਪ੍ਰਤੀਕ ਬਣਿਆ। ਮਾਵਾਂ ਆਪਣੇ ਪੁੱਤਰਾਂ ਦੇ ਭਗਤ ਸਿੰਘ ਬਣਨ ਦੀਆਂ ਲਾਲਸਾਵਾਂ ਰੱਖਣ ਲੱਗੀਆਂ। ਸੱਤਵੇਂ ਦਹਾਕੇ ਦੇ ਸ਼ੁਰੂ ਵਿਚ, ਜਦ ਪੰਜਾਬੀ ਸਾਹਿਤ ਜੁਝਾਰੂ ਰਸਤੇ ਵੱਲ ਵਧ ਰਿਹਾ ਸੀ ਤਾਂ ਆਪਣੇ ਮੁੱਢਲੇ ਵੀਹਵਿਆਂ ਵਿਚ ਪੰਜਾਬੀ ਦਾ ਸਭ ਤੋਂ ਵੱਧ ਪ੍ਰਤਿਭਾਸ਼ਾਲੀ ਕਵੀ ਭਗਤ ਸਿੰਘ ਤੋਂ ਹੀ ਸਭ ਤੋਂ ਵੱਧ

ਪ੍ਰਭਾਵਿਤ ਹੋਇਆ ਅਤੇ ਅਜੀਬ ਸੰਜੋਗ ਨਾਲ ਉਸ ਨੇ ਪੰਜਾਬੀ ਪਛਾਣ ਦੇ ਲਕਸ਼ ਲਈ ਉਸੇ ਦਿਨ ਸ਼ਹਾਦਤ ਹਾਸਲ ਕੀਤੀ, ਜਿਸ ਦਿਨ ਭਗਤ ਸਿੰਘ ਨੇ ਭਾਰਤੀ ਇਤਿਹਾਸ ਵਿਚ ਮਾਣਯੋਗ ਥਾਂ ਹਾਸਲ ਕੀਤੀ ਸੀ। 23 ਮਾਰਚ 1931 ਤੋਂ 57 ਵਰ੍ਹੇ ਬਾਅਦ 23 ਮਾਰਚ 1988 ਨੂੰ ਪਾਸ਼ ਵੀ ਭਗਤ ਸਿੰਘ ਦੇ ਨਾਲ ਪੰਜਾਬੀ ਮਾਣ ਦਾ ਸਹਿ-ਪ੍ਰਤੀਕ ਬਣ ਗਿਆ। ਪਾਸ਼ ਦੀ ਸ਼ਹਾਦਤ ਲਈ ਸ਼ਾਇਦ ਇਸ ਤੋਂ ਬਿਹਤਰ ਦਿਨ ਕੋਈ ਹੋਰ ਨਹੀਂ ਸੀ ਹੋ ਸਕਦਾ ਤੇ ਲਕਸ਼ ਵੀ ਉਹੋ, ਜਿਸ ਲਈ ਭਗਤ ਸਿੰਘ ਨੇ ਫਾਂਸੀ ਦਾ ਰੱਸਾ ਚੁੰਮਿਆ।

ਭਗਤ ਸਿੰਘ ਨੇ ਇਤਿਹਾਸ ਵਿਚ ਇਕ ਸਿਆਸੀ ਆਗੂ ਦੇ ਰੂਪ ਵਿਚ ਨਾਮਣਾ ਖੱਟਿਆ। ਉਹ ਇਕ ਇਨਕਲਾਬੀ ਆਗੂ ਸੀ। ਸਿਰਫ਼ ਪੰਜ ਕੁ ਵਰ੍ਹਿਆਂ ਦੇ ਛੋਟੇ ਅਰਸੇ ਵਿਚ ਤੇ ਉਹ ਵੀ 18 ਤੋਂ 23 ਕੁ ਵਰ੍ਹਿਆਂ ਦੀ ਕੋਮਲ ਉਮਰੇ। ਭਗਤ ਸਿੰਘ ਨੇ ਭਾਰਤੀ ਰਾਜਨੀਤੀ ਅਤੇ ਬਰਤਾਨਵੀ ਬਸਤੀਵਾਦ ਦੇ ਖ਼ਿਲਾਫ਼ ਇਸ ਦੇ ਸਮਝੌਤਾ-ਰਹਿਤ ਸੰਘਰਸ਼ ਦਾ ਪੱਧਰ ਨਵੀਆਂ ਉਚਾਈਆਂ ਤਕ ਪੁਚਾ ਦਿੱਤਾ। 1857 ਤੋਂ ਹੀ ਬਰਤਾਨੀਆ ਖ਼ਿਲਾਫ਼ ਭਾਰਤੀ ਬਗ਼ਾਵਤ ਦੀ ਪਰੰਪਰਾ ਰਹੀ ਹੈ, ਪਰ ਇਹ ਭਗਤ ਸਿੰਘ ਅਤੇ ਉਸ ਦੇ ਸਾਥੀ ਹੀ ਸਨ ਜਿਨ੍ਹਾਂ ਨੇ ਇਸ ਨੂੰ ਸਹੀ ਅਰਥਾਂ ਵਿਚ ਇਨਕਲਾਬੀ ਰੂਪ ਦਿੱਤਾ। ਪਹਿਲੀ ਵਾਰ ਭਾਰਤੀ ਇਨਕਲਾਬੀ ਲਹਿਰ ਨੇ ਸਪੱਸ਼ਟ ਪਰਿਪੇਖ ਹਾਸਲ ਕੀਤਾ। ਇਹ ਲਹਿਰ ਬਰਤਾਨਵੀ ਬਸਤੀਵਾਦੀਆਂ ਨੂੰ ਭਾਰਤ ਤੋਂ ਬਾਹਰ ਕੱਢਣ ਲਈ ਹੀ ਨਹੀਂ, ਸਗੋਂ ਭਾਰਤੀ ਸਮਾਜ ਨੂੰ ਪੂਰੀ ਤਰ੍ਹਾਂ ਬਦਲ ਕੇ ਸਮਾਜਵਾਦੀ ਸਮਾਜ ਦਾ ਨਵਾਂ ਰੂਪ ਦੇਣ ਲਈ ਸੰਘਰਸ਼ ਕਰ ਰਹੀ ਸੀ। ਉਨ੍ਹਾਂ ਦਾ ਸੰਗਠਨ—ਹਿੰਦੁਸਤਾਨ ਪ੍ਰਜਾਤੰਤਰਿਕ ਸਮਾਜਵਾਦੀ ਸੰਘ ਅਤੇ ਇਸ ਦਾ ਸੈਨਿਕ ਅੰਗ ਹਿੰਦੁਸਤਾਨ ਸਮਾਜਵਾਦੀ ਰਿਪਬਲਿਕਨ ਫੌਜ—ਦਾ ਭਾਰਤੀ ਸਮਾਜ ਨੂੰ ਸਮਾਜਵਾਦੀ ਢਾਂਚੇ ਵਿਚ ਢਾਲਣ ਦਾ ਸਪੱਸ਼ਟ ਪ੍ਰੋਗਰਾਮ ਸੀ ਅਤੇ ਇਨਕਲਾਬੀ ਲਹਿਰ ਦੇ ਇਸ ਨਵੇਂ ਪ੍ਰੋਗਰਾਮ ਨੂੰ ਘੜਣ ਵਿਚ ਭਗਤ ਸਿੰਘ ਦੀ ਸਿਧਾਂਤਾਕਾਰ ਵਜੋਂ ਆਗੂ ਭੂਮਿਕਾ ਸੀ। ਬੜੇ ਸਾਲਾਂ ਤਕ ਭਗਤ ਸਿੰਘ ਨੂੰ ਸਿਰਫ਼ ਇਕ ਬਹਾਦਰ, ਜੁਝਾਰੂ ਕੌਮੀ ਹੀਰੋ ਜੋ ਕੌਮੀ ਆਜ਼ਾਦੀ ਲਈ ਫਾਂਸੀ ਚੜ੍ਹ ਗਿਆ, ਵਜੋਂ ਉਭਾਰਿਆ ਗਿਆ ਹੈ। ਇਹ ਬਹੁਤ ਹੀ ਅੰਸ਼ਕ ਵਿਚਾਰ ਹੈ ਅਤੇ ਕੁਝ ਹੱਦ ਤਕ ਭਗਤ ਸਿੰਘ ਦੀ ਸ਼ਖ਼ਸੀਅਤ ਤੇ ਭੂਮਿਕਾ ਨੂੰ ਘਟਾ ਕੇ ਪੇਸ਼ ਕਰਨ ਦੀ ਸੋਚੀ-ਸਮਝੀ ਕੋਸ਼ਿਸ਼ ਵੀ। ਉਹ ਇਸ ਤੋਂ ਕਿਤੇ ਵੱਧ ਕੇ ਸੀ। ਭਾਰਤੀ ਸਮਾਜ ਅਤੇ ਇਸ ਦੀ ਪੁਨਰ-ਰਚਨਾ ਲਈ ਉਸ ਦੇ ਵਿਚਾਰ ਐਮ.ਕੇ. ਗਾਂਧੀ ਜਾਂ ਨਹਿਰੂ ਨਾਲੋਂ ਵੀ ਵਧੇਰੇ ਸਪੱਸ਼ਟ ਸਨ। ਅਸਲ ਵਿਚ, ਭਗਤ ਸਿੰਘ ਵਰਗੇ ਇਨਕਲਾਬੀਆਂ ਨੂੰ ਕਾਂਗਰਸ ਲਹਿਰ ਅਤੇ ਗਾਂਧੀ ਦੇ ਵਿਚਾਰਾਂ ਦੀ ਬੜੀ ਸਪੱਸ਼ਟ ਸਮਝ ਸੀ। ਭਗਤ ਸਿੰਘ ਅਤੇ ਹੋਰ ਇਨਕਲਾਬੀ ਭਾਰਤੀ ਆਜ਼ਾਦੀ ਲਈ ਕਾਂਗਰਸ ਲਹਿਰ ਦੀ ਸਹਿਯੋਗੀ ਭੂਮਿਕਾ ਨਹੀਂ ਨਿਭਾ ਰਹੇ ਸਨ, ਜਿਵੇਂ ਕਿ ਆਮ ਇਤਿਹਾਸਕ ਪੁਸਤਕਾਂ ਦੱਸਦੀਆਂ ਹਨ। ਭਗਤ ਸਿੰਘ ਅਤੇ ਉਸ ਦੇ ਸਾਥੀ ਬਰਤਾਨੀਆ ਦੇ ਖ਼ਿਲਾਫ਼ ਇਕ ਸੱਚੀ ਬਸਤੀਵਾਦ ਵਿਰੋਧੀ ਲਹਿਰ ਉਸਾਰ ਰਹੇ ਸਨ ਅਤੇ ਕਾਂਗਰਸ ਲਹਿਰ ਨੂੰ ਸੁਧਾਰਵਾਦੀ ਤੇ ਮਿਲੀਭੁਗਤ ਵਾਲੀ ਲਹਿਰ ਦੇ ਰੂਪ ਵਿਚ ਉਘਾੜ ਰਹੇ ਸਨ। ਭਗਤ ਸਿੰਘ ਬਰਤਾਨਵੀ ਬਸਤੀਵਾਦ ਅਤੇ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਲਹਿਰ, ਦੋਵਾਂ ਲਈ ਅਸਲ ਖ਼ਤਰਾ ਸੀ। ਇਸੇ ਲਈ, ਉਸ ਵੇਲੇ ਦੇ ਅੰਗਰੇਜ਼ ਵਾਇਸਰਾਇ ਲਾਰਡ ਇਰਵਿਨ ਅਤੇ ਗਾਂਧੀ ਨੇ ਭਗਤ ਸਿੰਘ ਤੋਂ ਪਿੱਛਾ ਛੁਡਾਉਣ ਵਿਚ ਜੋ ਮਿਲੀਭੁਗਤ ਕੀਤੀ, ਉਹ ਇਤਿਹਾਸ ਵਿਚ ਦਰਜ ਹੈ।

ਪਰ ਭਗਤ ਸਿੰਘ ਤਾਂ ਮਾਰਿਆ ਜਾ ਸਕਦਾ ਸੀ, ਉਸ ਦੇ ਰਾਹੀਂ ਫੈਲਾਏ ਵਿਚਾਰ ਤੇ ਚੇਤਨਾ ਨਹੀਂ। ਭਗਤ ਸਿੰਘ ਨੇ ਜਦ ਫਾਂਸੀ ਦਾ ਰੱਸਾ ਚੁੰਮਿਆ, ਉਹ ਇਸ ਸੱਚਾਈ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਸੀ, ਇਸੇ ਲਈ ਉਸ ਨੇ ਆਪਣੀ ਸਜ਼ਾ ਘੱਟ ਕਰਾਉਣ ਲਈ ਹਰ ਕੋਸ਼ਿਸ਼ ਨਾ-ਮੰਜ਼ੂਰ ਕੀਤੀ। ਉਸ ਨੇ ਆਪਣੀਆਂ ਲਿਖਤਾਂ ਅਤੇ ਸੁਨੇਹਿਆਂ ਵਿਚ ਸਪੱਸ਼ਟ ਦੱਸਿਆ ਕਿ ਉਸ ਦੀ ਅਤੇ ਰਾਜਗੁਰੂ-ਸੁਖਦੇਵ ਦੀ ਸ਼ਹਾਦਤ ਦਾ ਭਾਰਤੀ ਸਮਾਜ 'ਤੇ ਜ਼ਬਰਦਸਤ ਪ੍ਰਭਾਵ ਪਵੇਗਾ ਅਤੇ ਉਸ ਪ੍ਰਭਾਵ ਦੀ ਝਰਨਾਹਟ ਅੱਜ ਸੱਠ ਵਰ੍ਹਿਆਂ ਬਾਅਦ ਵੀ ਮਹਿਸੂਸ ਕੀਤੀ ਜਾ ਸਕਦੀ ਹੈ।

ਮੁੱਢਲੇ ਸੱਤਰਵ੍ਹਿਆਂ ਵਿਚ ਭਾਰਤੀ ਸਮਾਜ ਵਿਚ ਦੋ ਗੱਲਾਂ ਨਾਲੋ-ਨਾਲ ਵਾਪਰੀਆਂ। ਅਨੇਕਾਂ ਭਾਰਤੀ ਭਾਸ਼ਾਵਾਂ ਰਾਹੀਂ ਭਗਤ ਸਿੰਘ ਦੇ ਵਿਚਾਰ, ਉਸ ਦੀਆਂ ਲਿਖਤਾਂ ਵੱਡੀ ਗਿਣਤੀ ਵਿਚ ਭਾਰਤੀ ਲੋਕਾਂ ਤਕ ਪਹੁੰਚੀਆਂ ਅਤੇ ਇਹ ਸਥਾਪਤ ਹੋ ਗਿਆ ਕਿ ਭਗਤ ਸਿੰਘ ਇਕ ਸ਼ਾਨਦਾਰ ਬੁੱਧੀਜੀਵੀ ਵੀ ਸੀ। ਉਹ ਭਾਰਤ ਵਿਚ ਸਮਾਜਵਾਦੀ ਚਿੰਤਨ ਦਾ ਪ੍ਰਤੀਕ ਬਣ ਗਿਆ। ਉਸੇ ਸਮੇਂ ਹੀ ਇਕ ਜ਼ਬਰਦਸਤ ਜੁਝਾਰੂ ਕਿਸਾਨ ਲਹਿਰ ਵੀ ਉੱਠੀ, ਜੋ ਨਕਸਲਵਾੜੀ ਲਹਿਰ ਨਾਂ ਨਾਲ ਜਾਣੀ ਗਈ। ਭਗਤ ਸਿੰਘ ਦੇ ਵਿਚਾਰਾਂ ਨੂੰ ਇਸ ਲਹਿਰ ਦੇ ਕੁਝ ਹਿੱਸਿਆਂ ਨੇ ਸਹੀ ਰੂਪ ਵਿਚ ਗ੍ਰਹਿਣ ਕੀਤਾ। ਪਾਸ਼ ਇਸ ਲਹਿਰ ਦੀ ਉਪਜ ਸੀ। ਪਾਸ਼ ਮੂਲਰੂਪ ਵਿਚ ਕਵੀ ਸੀ, ਭਾਵੇਂ ਕਿ ਉਸ ਦੀ ਸ਼ਖ਼ਸੀਅਤ ਦੇ ਹੋਰ ਪੱਖ ਵੀ ਸਨ। ਅਤੇ ਦੋ ਦਹਾਕਿਆਂ ਵਿਚ ਉਹ ਇਸ ਲਹਿਰ ਦਾ ਸਭਿਆਚਾਰਕ ਪ੍ਰਤੀਕ ਬਣ ਗਿਆ।

ਕੁਲ ਮਿਲਾ ਕੇ, ਭਗਤ ਸਿੰਘ ਅਤੇ ਪਾਸ਼ ਇਕੋ ਲਹਿਰ ਦੇ ਸਿਆਸੀ ਅਤੇ ਸਭਿਆਚਾਰਕ ਪ੍ਰਤੀਕ ਬਣੇ, ਭਾਵੇਂ ਦੋਵਾਂ ਵਿਚਕਾਰ ਚਾਰ ਦਹਾਕਿਆਂ ਦਾ ਫ਼ਰਕ ਹੈ। ਸਿਧਾਂਤਕ ਪੱਧਰ 'ਤੇ, ਦੋਵੇਂ ਇਕੋ ਧਾਰਾ ਦੇ ਅੰਗ ਹਨ—ਉਹ ਦੋਵੇਂ ਮਾਨਵ-ਮੁਕਤੀ ਦੀ ਜੁਝਾਰੂ ਲਹਿਰ ਦੇ ਅੰਗ ਹਨ, ਹਰ ਤਰ੍ਹਾਂ ਦੇ—ਆਰਥਕ, ਸਮਾਜਕ, ਸਿਆਸੀ ਤੇ ਸਭਿਆਚਾਰਕ ਸ਼ੋਸ਼ਣ ਤੋਂ ਮਾਨਵਤਾ ਦੀ ਮੁਕਤੀ, ਪੰਜਾਬ ਦੇ ਇਨ੍ਹਾਂ ਦੋਵੇਂ ਮਾਣਮੱਤੇ ਪੁੱਤਰਾਂ ਦਾ ਮਨਚਾਹਿਆ ਸੁਪਨਾ ਸੀ। ਦੋਵਾਂ ਨੇ ਅਜਿਹੇ ਸਮਾਜ ਦੀ ਰਚਨਾ ਦਾ ਸੁਪਨਾ ਲਿਆ, ਜਿੱਥੇ ਮਰਦ ਤੇ ਔਰਤਾਂ ਦੋਵੇਂ ਸ਼ਾਨ ਨਾਲ ਜਿਉਣ, ਜਿੱਥੇ ਧਰਮ, ਜਾਤੀ ਲਿੰਗ ਦੇ ਆਧਾਰ ਤੇ ਜਾਂ ਆਰਥਕ ਤੇ ਸਮਾਜਕ ਦਰਜੇ ਦੇ ਆਧਾਰ ਤੇ ਕੋਈ ਭੇਦ-ਭਾਵ ਨਾ ਹੋਵੇ। ਸਾਰੇ ਮਰਦ ਤੇ ਔਰਤਾਂ ਆਪਣੀ ਪ੍ਰਤਿਭਾ ਤੇ ਮਿਹਨਤ ਨਾਲ ਆਪਣੀ ਸੰਪੂਰਨਤਾ ਹਾਸਲ ਕਰ ਸਕਣ, ਜਿੱਥੇ ਕੋਈ ਦੂਜਿਆਂ ਦੀ ਮਿਹਨਤ ਤੇ ਐਸ਼ ਨਾ ਕਰੇ। ਪਾਸ਼ ਨੇ ਆਪਣੀਆਂ ਕਵਿਤਾਵਾਂ ਤੇ ਹੋਰ ਲਿਖਤਾਂ ਵਿਚ ਇਹ ਸੁਪਨਾ ਸਿਰਜਿਆ।

ਮੰਦੇ ਭਾਗੀਂ, 1980 ਤੋਂ ਬਾਅਦ, ਭਾਰਤੀ ਸਮਾਜ ਪਿਛਾਂਹ ਵੱਲ ਧੱਕਿਆ ਜਾ ਰਿਹਾ ਹੈ । ਭਾਰਤੀ ਸਮਾਜ ਅੰਦਰਲੀ ਪ੍ਰਗਤੀਸ਼ੀਲ ਤੇ ਉਦਾਰਚਿਤ ਧਾਰਾ ਕਮਜ਼ੋਰ ਪੈ ਰਹੀ ਹੈ ਅਤੇ ਪ੍ਰਤੀਕ੍ਰਿਆਵਾਦੀ ਤੇ ਫਾਸ਼ਿਸਟ ਧਾਰਾ ਚੜ੍ਹਦੀਆਂ ਕਲਾਂ ਵਿਚ ਹੈ, ਭਾਵੇਂ ਫ਼ਿਰਕਾਪ੍ਰਸਤੀ ਜਾਂ ਮੂਲਵਾਦ ਦੇ ਰੂਪ ਵਿਚ ਤੇ ਭਾਵੇਂ ਲੋਕਾਂ ਤੇ ਉਨ੍ਹਾਂ ਦੀਆਂ ਲਹਿਰਾਂ ਉੱਪਰ ਹਕੂਮਤੀ ਜਬਰ ਦੇ ਰੂਪ ਵਿਚ । ਇਸ ਪ੍ਰਸੰਗ ਵਿਚ ਭਗਤ ਸਿੰਘ ਅਤੇ ਪਾਸ਼ ਨੂੰ ਵਾਚਿਆ ਤੇ ਸਮਝਿਆ ਜਾਣਾ ਜ਼ਰੂਰੀ ਹੈ ਤਾਂਕਿ ਪ੍ਰਤੀਕ੍ਰਿਆ ਦੀ ਇਸ ਹਨੇਰੀ ਸੁਰੰਗ ਵਿਚੋਂ ਨਿਕਲਣ ਦਾ ਰਸਤਾ ਲੱਭਿਆ ਜਾ ਸਕੇ । ਉਨ੍ਹਾਂ ਦੇ ਵਿਚਾਰ ਚਮਕਦੇ ਸਿਤਾਰਿਆਂ ਵਾਂਗ ਹਨ, ਜੋ ਹਰ ਹਨੇਰੇ ਵਿਚ ਚਮਕ ਸਕਦੇ ਹਨ ਤੇ ਭਟਕੇ ਮੁਸਾਫ਼ਰ ਆਪਣੀ ਮੰਜ਼ਲ ਵੱਲ ਗੁਆਚਿਆ ਰਸਤਾ ਲੱਭਣ ਦੀ ਕੋਸ਼ਿਸ਼ ਕਰ ਸਕਦੇ ਹਨ । ਸੋ ਭਗਤ ਸਿੰਘ ਅਤੇ ਪਾਸ਼ ਦੇ ਵਿਚਾਰਾਂ ਦਾ ਅਧਿਐਨ ਇੱਥੇ ਵਧਦੀ ਫ਼ਿਰਕਾਪ੍ਰਸਤੀ ਅਤੇ ਮੂਲਵਾਦ, ਨਾਲ ਹੀ ਹਕੂਮਤ ਦੀ ਭੂਮਿਕਾ ਸੰਬੰਧੀ ਉਨ੍ਹਾਂ ਦੇ ਵਿਚਾਰਾਂ ਦੇ ਪ੍ਰਸੰਗ ਵਿਚ ਕੀਤਾ ਜਾ ਰਿਹਾ ਹੈ ।

ਭਗਤ ਸਿੰਘ ਦੀਆਂ ਹੁਣ ਤਕ ਕਰੀਬ ਇਕ ਸੌ ਲਿਖਤਾਂ ਪ੍ਰਕਾਸ਼ ਵਿਚ ਆਈਆਂ ਹਨ, ਇਨ੍ਹਾਂ ਵਿਚ ਖ਼ਤ, ਲੇਖ ਰਿਵੀਊ, ਅਨੁਵਾਦ, ਅਦਾਲਤੀ ਬਿਆਨ, ਪੈਂਫਲੇਟ, ਡਾਇਰੀ ਅਤੇ ਰਾਜਨੀਤਕ ਪ੍ਰੋਗਰਾਮ ਦਾ ਖਰੜਾ ਆਦਿ ਸ਼ਾਮਲ ਹਨ । ਇਹ ਲਿਖਤਾਂ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਵਿਚ ਹਨ । ਸਹਿਜੇ ਹੀ ਨੌਜਵਾਨ ਭਗਤ ਸਿੰਘ ਦੀ ਬਹੁ-ਵਿਸਥਾਰੀ ਪ੍ਰਤਿਭਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ । ਇਸ ਪ੍ਰਸੰਗ ਵਿਚ ਉਸ ਦੀ ਤੁਲਨਾ ਸਿਰਫ਼ ਰੂਸ ਦੇ ਮੁੱਢਲੀ ਉਨ੍ਹੀਵੀਂ ਸਦੀ ਦੇ ਪਦਾਰਥਵਾਦੀ ਚਿੰਤਕ ਦੋਬਰੂਲਿਊਬੋਵ ਨਾਲ ਹੀ ਕੀਤੀ ਜਾ ਸਕਦੀ ਹੈ, ਜੋ ਲਗਭਗ ਭਗਤ ਸਿੰਘ ਵਰਗੀ ਭਰ-ਜਵਾਨੀ ਵਿਚ ਹੀ ਚਲ ਵੱਸਿਆ ਸੀ ।

ਧਾਰਮਕ ਮੂਲਵਾਦ ਅਤੇ ਫ਼ਿਰਕਾਪ੍ਰਸਤੀ ਸੰਬੰਧੀ ਭਗਤ ਸਿੰਘ ਦੇ ਦੋ ਲੇਖ ਜਾਣੇ-ਪਛਾਣੇ ਤੇ ਅਨੇਕ ਭਾਸ਼ਾਵਾਂ ਵਿਚ ਬਹੁ-ਪ੍ਰਚਾਰੇ ਹਨ । ਇਹ ਹਨ 'ਮਜ਼ਹਬ ਅਤੇ ਸਾਡੀ ਆਜ਼ਾਦੀ ਦੀ ਜੰਗ' ਅਤੇ 'ਧਰਮਵਾਰ (ਫ਼ਿਰਕੂ) ਫ਼ਸਾਦ ਤੇ ਉਨ੍ਹਾਂ ਦਾ ਇਲਾਜ' । ਸਮੱਸਿਆ ਨੂੰ ਸਿੱਧਿਆਂ ਸੰਬੋਧਤ ਇਨ੍ਹਾਂ ਦੋ ਲੇਖਾਂ ਤੋਂ ਇਲਾਵਾ ਭਗਤ ਸਿੰਘ ਅਤੇ ਭਗਵਤੀ ਚਰਨ ਵੋਹਰਾ ਨੇ 1928 ਵਿਚ ਛਪੇ ਨੌਜਵਾਨ ਭਾਰਤ ਸਭਾ ਦੇ ਮਨੋਰਥ-ਪੱਤਰ ਵਿਚ ਵੀ ਇਸ ਸਮੱਸਿਆ ਤੇ ਵਿਚਾਰ ਕੀਤਾ ਹੈ, 'ਅਛੂਤ ਦਾ ਸਵਾਲ', ਭਗਤ ਸਿੰਘ ਦਾ ਇਕ ਹੋਰ ਲੇਖ ਹੈ, ਜੋ ਭਾਰਤੀ ਸਮਾਜ ਦੇ ਇਕ ਹੋਰ ਬਲਦੇ ਮਸਲੇ ਅਤੇ ਸੰਬੰਧਤ ਸਮੱਸਿਆ ਬਾਰੇ ਹੈ । ਲਾਲਾ ਲਾਜਪਤ ਰਾਏ ਨੂੰ 1928 ਵਿਚ ਸੰਬੋਧਤ ਇਕ ਖ਼ਤ ਵਿਚ ਭਗਤ ਸਿੰਘ ਦੇ ਕਈ ਸਾਥੀਆਂ ਦੇ ਦਸਤਖ਼ਤ ਹਨ, ਜਿਸ ਵਿਚ ਹਿੰਦੂ-ਮੁਸਲਿਮ ਤਣਾਅ ਦੀ ਚਰਚਾ ਕੀਤੀ ਗਈ ਹੈ । ਨਿਰਸੰਦੇਹ, ਇਸ ਸੰਬੰਧ ਵਿਚ ਸਭ ਤੋਂ ਮਹੱਤਵਪੂਰਨ ਦਸਤਾਵੇਜ਼ 'ਮੈਂ ਨਾਸਤਿਕ ਕਿਉਂ ਹਾਂ' ਲੇਖ ਹੀ ਹੈ ।

'ਧਰਮਵਾਰ ਫ਼ਸਾਦ ਤੇ ਉਨ੍ਹਾਂ ਦਾ ਇਲਾਜ' ਪੰਜਾਬੀ ਵਿਚ 'ਕਿਰਤੀ' ਮੈਗਜ਼ੀਨ ਵਿਚ ਜੂਨ 1927 ਦੇ ਅੰਕ ਵਿਚ ਛਪਿਆ । ਇਹ ਲੇਖ 1924 ਦੇ ਕੋਹਾਟ ਦੇ ਵਹਿਸ਼ੀ ਹਿੰਦੂ-ਮੁਸਲਿਮ ਦੰਗਿਆਂ ਦੇ ਸੰਬੰਧ ਵਿਚ ਲਿਖਿਆ ਗਿਆ । ਦੰਗਿਆਂ ਮਗਰੋਂ ਦੇਸ਼ ਵਿਚ ਦੰਗਿਆਂ ਦੇ ਇਲਾਜ ਸੰਬੰਧੀ ਬਹਿਸ ਚੱਲੀ । ਕਾਂਗਰਸ ਆਗੂਆਂ ਨੇ ਸਟੈਂਡਰਡ ਸੁਧਾਰ-ਵਾਦੀ ਤਰੀਕੇ ਅਪਣਾ ਕੇ ਤੇ ਹਿੰਦੂ-ਮੁਸਲਿਮ ਆਗੂਆਂ ਤੋਂ ਕਿਸੇ ਸਮਝੌਤੇ ਤੇ ਦਸਤਖ਼ਤ ਕਰਵਾ ਲਏ । ਇਨਕਲਾਬੀ ਲਹਿਰ ਨੇ ਇਨ੍ਹਾਂ ਦੰਗਿਆਂ ਦੀ ਜੜ੍ਹ ਨੂੰ ਪਛਾਣਿਆ । ਇਹ ਲੇਖ ਬੜੀ ਤਿੱਖੀ ਸੁਰ ਵਿਚ ਸ਼ੁਰੂ ਹੁੰਦਾ ਹੈ—"ਭਾਰਤਵਰਸ਼ ਦੀ ਇਸ ਵੇਲੇ ਹਾਲਤ ਬੜੀ ਤਰਸਯੋਗ ਹੈ । ਇਕ ਧਰਮ ਦੇ ਪਿਛਲੱਗ ਦੂਜੇ ਧਰਮ ਦੇ ਜਾਨੀ ਦੁਸ਼ਮਣ ਹਨ । ਹੁਣ ਤਾਂ ਇਕ ਧਰਮ ਦੇ ਹੋਣਾ ਹੀ ਦੂਜੇ ਧਰਮ ਦੇ ਕੱਟੜ ਵੈਰੀ ਹੋਣਾ ਹੈ । ਜੇ ਇਸ ਗੱਲ ਦਾ ਅਜੇ ਵੀ ਯਕੀਨ ਨਾ ਹੋਵੇ ਤਾਂ ਲਾਹੌਰ ਦੇ ਤਾਜ਼ੇ ਫ਼ਸਾਦ ਦੇਖ ਲਓ । ਕਿੰਦਾਂ ਮੁਸਲਮਾਨਾਂ ਨੇ ਬੇਗੁਨਾਹ ਸਿੱਖਾਂ, ਹਿੰਦੂਆਂ ਦੇ ਆਹੂ ਲਾਹੇ ਹਨ, ਤੇ ਕਿੰਦਾਂ ਸਿੱਖਾਂ ਵੀ ਲਗਦੀ ਵਾਹ ਕੋਈ ਕਸਰ ਨਹੀਂ ਛੱਡੀ ਹੈ । ਇਹ ਆਹੂ ਇਸ ਲਈ ਨਹੀਂ ਲਾਹੇ ਗਏ ਹਨ ਕਿ ਫਲਾਣਾ ਪੁਰਸ਼ ਦੋਸ਼ੀ ਹੈ—ਸਗੋਂ ਇਸ ਲਈ ਕਿ ਫਲਾਣਾ ਪੁਰਸ਼ ਹਿੰਦੂ ਹੈ, ਸਿੱਖ ਹੈ ਜਾਂ ਮੁਸਲਮਾਨ ਹੈ । ਬਸ, ਕਿਸੇ ਪੁਰਸ਼ ਦਾ ਸਿੱਖ ਜਾਂ ਹਿੰਦੂ ਹੋਣਾ ਮੁਸਲਮਾਨਾਂ ਦੇ ਕਤਲ ਕਰਨ ਲਈ ਕਾਫ਼ੀ ਕਾਰਨ ਸੀ । ਅਤੇ ਇਸੇ ਤਰ੍ਹਾਂ ਹੀ ਕਿਸੇ ਪੁਰਸ਼ ਦਾ ਮੁਸਲਮਾਨ ਹੋਣਾ ਹੀ ਉਸ ਦੀ ਜਾਨ ਲੈਣ ਲਈ ਕਾਫ਼ੀ ਦਲੀਲ ਸੀ । ਜਦ ਇਹੋ ਜਿਹੀ ਹਾਲਤ ਹੋਵੇ ਤਾਂ ਹਿੰਦੁਸਤਾਨ ਦਾ ਅੱਲਾ ਹੀ ਬੇਲੀ ਹੈ ।"

ਅੱਗੇ ਲਿਖਿਆ ਹੈ—"ਇਸ ਹਾਲਤ ਵਿਚ ਹਿੰਦੁਸਤਾਨ ਦਾ ਭਵਿੱਖ ਬੜਾ ਕਾਲਾ ਨਜ਼ਰ ਆਉਂਦਾ ਹੈ । ਇਨ੍ਹਾਂ 'ਧਰਮਾਂ' ਨੇ ਭਾਰਤਵਰਸ਼ ਦਾ ਬੇੜਾ ਗ਼ਰਕ ਕਰ ਛੱਡਿਆ ਹੈ । ਅਤੇ ਅਜੇ ਪਤਾ ਨਹੀਂ ਹੈ ਕਿ ਇਹ ਧਾਰਮਕ ਫ਼ਸਾਦ ਭਾਰਤਵਰਸ਼ ਦਾ ਕਦੋਂ ਖਹਿੜਾ ਛੱਡਣਗੇ...?"

ਜੇ ਪਾਠਕਾਂ ਨੂੰ ਇਸ ਲੇਖ ਦੀ ਪਿੱਠਭੂਮੀ ਨਾ ਦੱਸੀ ਜਾਵੇ ਤਾਂ ਇਹ ਲੇਖ ਦੇਸ਼ ਵਿਚ ਮੌਜੂਦਾ ਸਥਿਤੀ ਤੇ ਲਿਖਿਆ ਸਮਝਿਆ ਜਾ ਸਕਦਾ ਹੈ ਅਤੇ ਇਹ ਮੁਲਕ ਦੀ ਹਾਲਤ ਤੇ ਇਕ ਅਫ਼ਸੋਸਨਾਕ ਟਿੱਪਣੀ ਹੈ ਕਿ ਇਹ ਇਤਿਹਾਸ ਨੂੰ ਦੁਖਾਂਤ ਰੂਪ ਵਿਚ ਦੁਹਰਾ ਰਿਹਾ ਹੈ ।

ਸਾਡੀ ਸਮਾਜੀ ਤੇ ਸਿਆਸੀ ਅਗਵਾਈ ਕਿਹੋ ਜਿਹੇ ਗ਼ਲਤ ਹੱਥਾਂ ਵਿਚ ਹੈ ਕਿ ਇਹ ਪਿਛਲੇ ਸੌ ਸਾਲਾਂ ਤੋਂ ਵਾਪਰ ਰਹੇ ਅਜਿਹੇ ਦੰਗਿਆਂ 'ਤੇ ਕਾਬੂ ਪਾਉਣ ਵਿਚ ਨਾਕਾਮ ਹੈ । ਇਹ ਤੱਥ ਬੜਾ ਮਹੱਤਵਪੂਰਣ ਹੈ ਕਿ ਭਾਰਤ ਵਿਚ ਅੰਗਰੇਜ਼ਾਂ ਦੇ ਕਬਜ਼ੇ ਤੋਂ ਪਹਿਲਾਂ ਕਿਸੇ ਫ਼ਿਰਕੂ ਫ਼ਸਾਦ ਦਾ ਜ਼ਿਕਰ ਸ਼ਾਇਦ ਹੀ ਕਿਤੇ ਮਿਲਦਾ ਹੋਵੇ, ਹਾਲਾਂਕਿ ਸਿਆਸੀ ਤਾਕਤ ਹਾਸਲ ਕਰਨ ਲਈ ਹਿੰਦੂ-ਸਿੱਖ ਤੇ ਮੁਸਲਿਮ ਰਾਜਿਆਂ ਵਿਚਕਾਰ ਲੜਾਈਆਂ ਹੁੰਦੀਆਂ ਰਹਿੰਦੀਆਂ ਸਨ । ਅਤੇ ਜੋ ਬਰਤਾਨਵੀ ਬਸਤੀਵਾਦ ਨੇ 'ਆਪਣੀ ਪਾੜੋ ਤੇ ਰਾਜ ਕਰੋ' ਨੀਤੀ ਤਹਿਤ ਦੇਸ਼ ਵਿਚ ਫ਼ਿਰਕੂ ਤੇ ਜਾਤੀਗਤ ਦੰਗਿਆਂ ਲਈ ਸਾਜ਼ਗਰ ਹਾਲਾਤ ਪੈਦਾ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਅਤੇ ਮਗਰੋਂ ਆਪਣੇ ਆਪ

ਨੂੰ 'ਮੁਕਲ ਦਾ ਰਾਖਾ' ਬਣਾ ਕੇ ਪੇਸ਼ ਕੀਤਾ ਤਾਂ ਕੌਮੀ ਲਹਿਰ ਨੂੰ ਵੀ ਇਨ੍ਹਾਂ ਸਮੱਸਿਆਵਾਂ ਨੂੰ ਪੂਰੀ ਗੰਭੀਰਤਾ ਨਾਲ ਨਜਿੱਠਣ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ। ਮੰਦੇਭਾਗੀਂ, ਇਨਕਲਾਬੀ ਲਹਿਰ ਨੂੰ ਛੱਡ ਕੇ, ਜੋ ਹਮੇਸ਼ਾ ਹੀ ਕਮਜ਼ੋਰ ਰਹੀ, ਕਾਂਗਰਸ ਪਾਰਟੀ ਆਦਿ ਦੀ ਕੌਮੀ ਲੀਡਰਸ਼ਿਪ ਨੇ ਇਨ੍ਹਾਂ ਸਮੱਸਿਆਵਾਂ ਨੂੰ ਸਿੱਧਾ ਹੱਥ ਨਹੀਂ ਪਾਇਆ। ਸਿਰਫ਼ ਨਹਿਰੂ ਕੋਲ ਕੁਝ ਪਰਿਪੇਖ ਸੀ, ਪਰ ਉਹ ਕਦੀ ਵੀ ਗਾਂਧੀ ਉਪੱਰ ਭਾਰੂ ਨਹੀਂ ਹੋ ਸਕਿਆ ਅਤੇ ਗਾਂਧੀ ਦੀ ਇਨ੍ਹਾਂ ਸਮੱਸਿਆਵਾਂ ਪ੍ਰਤੀ ਸਮਝ ਪੂਰੀ ਤਰ੍ਹਾਂ ਸੁਧਾਰਵਾਦੀ ਸੀ।

ਇਨ੍ਹਾਂ ਦੰਗਿਆਂ ਪਿੱਛੇ ਕਾਰਣ ਕੀ ਹੁੰਦੇ ਹਨ ? ਇਸੇ ਲੇਖ ਵਿਚ ਭਗਤ ਸਿੰਘ ਨੇ ਇਹ ਕਹਿ ਕੇ ਫ਼ਿਰਕੂ ਸਮੱਸਿਆ ਦੀ ਜੜ੍ਹ ਫੜਣ ਦੀ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਸਮੱਸਿਆਵਾਂ ਦੇ ਮੂਲ ਕਾਰਣ ਆਰਥਕ ਹਨ। ਉਹ ਮਹਿਸੂਸ ਕਰਦਾ ਹੈ ਕਿ ਦੇਸ਼ ਦੀ ਆਰਥਕ ਖ਼ੁਸ਼ਹਾਲੀ ਨਾਲ ਹੀ ਦੰਗਿਆਂ ਦਾ ਹੱਲ ਹੋ ਸਕਦਾ ਹੈ। ਆਮ ਲੋਕਾਂ ਦੀ ਆਰਥਿਕ ਹਾਲਤ ਇੰਨੀ ਭੈੜੀ ਹੈ ਕਿ ਇਕ ਪੁਰਸ਼ ਨੂੰ ਚਾਰ ਆਨੇ ਦੇ ਕੇ ਦੂਜੇ ਨੂੰ ਬੇਇੱਜ਼ਤ ਕਰਵਾ ਸਕਦਾ ਹੈ। ਭੁੱਖ ਤੇ ਦੁੱਖ ਤੋਂ ਆਤਰ ਹੋ ਕੇ ਮਨੁੱਖ ਸਭ ਅਸੂਲ ਛਿੱਕੇ 'ਤੇ ਟੰਗ ਦਿੰਦਾ ਹੈ।"

ਭਗਤ ਸਿੰਘ ਇਸ ਗੱਲ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹਨ ਕਿ ਮੌਜੂਦਾ ਹਾਲਤ ਵਿਚ ਆਰਥਕ-ਤਰੱਕੀ ਲਗਭਗ ਅਸੰਭਵ ਹੈ, ਕਿਉਂਕਿ ਸਰਕਾਰ ਬਦੇਸ਼ੀ ਹੈ। (ਅੱਜ ਦੀ ਦੇਸੀ ਵੀ ਬਹੁਤੀ ਵੱਖਰੀ ਨਹੀਂ !) ਅਤੇ ਲੋਕਾਂ ਨੂੰ ਆਪਸ ਵਿਚ ਲੜਣ ਤੋਂ ਰੋਕਣ ਦਾ ਸਭ ਤੋਂ ਅੱਛਾ ਤਰੀਕਾ ਵਰਗ-ਚੇਤਨਾ ਦਾ ਵਿਕਾਸ ਹੈ। ਭਗਤ ਸਿੰਘ ਦੇ ਆਪਣੇ ਸ਼ਬਦਾਂ ਵਿਚ—"ਲੋਕਾਂ ਨੂੰ ਆਪਸ ਵਿਚ ਲੜਣ ਤੋਂ ਰੋਕਣ ਲਈ ਸ਼੍ਰੇਣੀ-ਜਾਗ੍ਰਤ ਦੀ ਲੋੜ ਹੈ। ਗ਼ਰੀਬਾਂ, ਕਿਰਤੀਆਂ ਤੇ ਕਿਰਸਾਣਾਂ ਨੂੰ ਸਾਫ਼ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ, ਇਸ ਲਈ ਇਨ੍ਹਾਂ ਦੇ ਹੱਥਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗ਼ਰੀਬਾਂ ਦੇ, ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇਕੋ ਹੀ ਹਨ, ਤੁਹਾਡਾ ਭਲਾ ਇਸੇ ਵਿਚ ਹੈ ਕਿ ਤੁਸੀਂ ਧਰਮ, ਰੰਗ, ਨਸਲ ਅਤੇ ਕੌਮ ਤੇ ਮੁਲਕ ਦੇ ਭਿੰਨ-ਭੇਦ ਮਿਟਾ ਕੇ ਇਕੱਠੇ ਹੋ ਜਾਓ ਅਤੇ ਗਵਰਨਮੈਂਟ ਦੀ ਤਾਕਤ ਨੂੰ ਆਪਣੇ ਹੱਥ ਵਿਚ ਲੈਣ ਦੇ ਯਤਨ ਕਰੋ। ਇਨ੍ਹਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ ਨਹੀਂ ਹੋਵੇਗਾ। ਕਿਸੇ ਦਿਨ ਤੁਹਾਡੇ ਸੰਗਲ ਜ਼ਰੂਰ ਕੱਟੇ ਜਾਣਗੇ ਤੇ ਤੁਹਾਨੂੰ ਆਰਥਕ ਸੁਤੰਤਰਤਾ ਮਿਲ ਜਾਵੇਗੀ।"

ਇਹ ਗੱਲ ਅੱਜ ਵੀ ਓਨੀ ਹੀ ਸੱਚ ਹੈ। ਭਗਤ ਸਿੰਘ ਆਪਣੀ ਦਲੀਲ ਦੇ ਹੱਕ ਵਿਚ ਰੂਸ ਦੀ ਉਦਾਹਰਣ ਦੇਂਦਾ ਹੈ ਤੇ ਜ਼ਾਰਸ਼ਾਹੀ ਤੇ ਬਾਲਸ਼ਵਿਕ ਇਨਕਲਾਬ ਬਾਅਦ ਦੀਆਂ ਸਥਿਤੀਆਂ ਦਾ ਫ਼ਰਕ ਦੱਸਦਾ ਹੈ, ਜਿੱਥੇ ਟਰੇਡ ਯੂਨੀਅਨਾਂ ਨਾਲ ਜੁੜੇ ਮਜ਼ਦੂਰਾਂ ਨੇ ਆਪਣੀ ਵਰਗ-ਚੇਤਨਾ ਨਾਲ ਫ਼ਿਰਕੂ ਫ਼ਸਾਦਾਂ ਵਿਚ ਹਿੱਸਾ ਲੈਣੋਂ ਨਾਂਹ ਕਰ ਦਿੱਤੀ ਸੀ।

ਭਗਤ ਸਿੰਘ ਸਪੱਸ਼ਟ ਕਹਿੰਦਾ ਹੈ ਕਿ ਧਰਮ ਨੂੰ ਰਾਜਨੀਤੀ ਤੋਂ ਵੱਖ ਕਰਨਾ ਚਾਹੀਦਾ ਹੈ। ਸਿਰਫ਼ ਤਾਂ ਹੀ ਸਿਆਸੀ ਮੰਚ ਉੱਤੇ ਏਕਤਾ ਹੋ ਸਕਦੀ ਹੈ।

'ਮਜ਼ਹਬ ਅਤੇ ਸਾਡੀ ਆਜ਼ਾਦੀ ਦੀ ਜੰਗ' ਲੇਖ ਵਿਚ ਭਗਤ ਸਿੰਘ ਸਮੱਸਿਆ ਨੂੰ ਹਰ ਪੱਖ ਤੋਂ ਪੇਸ਼ ਕਰਦੇ ਹਨ। ਉਹ ਟਾਲਸਟਾਇ ਦਾ ਹਵਾਲਾ ਦੇ ਕੇ ਦਾਰਸ਼ਨਿਕ ਪੱਖ ਤੋਂ ਵੀ ਧਰਮ 'ਤੇ ਵਿਚਾਰ ਕਰਦੇ ਹਨ। ਟਾਲਸਟਾਇ ਨੇ ਧਰਮ ਦੇ ਤਿੰਨ ਪੱਖ ਦੱਸੇ ਹਨ—

1. **Essentials of Religion** ਯਾਨੀ ਮਜ਼ਹਬ ਦੀਆਂ ਜ਼ਰੂਰੀ ਗੱਲਾਂ ਕਿ ਸੱਚ ਬੋਲੋ, ਚੋਰੀ ਨਾ ਕਰੋ, ਗ਼ਰੀਬਾਂ ਦੀ ਸਹਾਇਤਾ ਕਰੋ, ਵਗੈਰਾ।
2. **Philosophy and Religion** ਯਾਨੀ ਜਨਮ, ਮਰਨ, ਪੁਨਰਜਨਮ, ਸੰਸਾਰ ਦੀ ਬਨਾਵਟ ਆਦਿ ਦੀ ਫ਼ਿਲਾਸਫ਼ੀ।
3. **Rituals of Religion** ਯਾਨੀ ਰਸਮੋ-ਰਿਵਾਜ ਵਗੈਰਾ।

ਭਗਤ ਸਿੰਘ ਅਨੁਸਾਰ ਧਰਮ ਦਾ ਪਹਿਲਾ ਪੱਖ ਕਿਸੇ ਦਾ ਕੁਝ ਨਹੀਂ ਵਿਗਾੜਦਾ। ਪਰ ਦੂਜਾ ਤੇ ਤੀਜਾ ਪੱਖ, ਜੇ ਅੰਧ-ਵਿਸ਼ਵਾਸ ਨਾਲ ਮਿਲ ਜਾਵੇ ਤਾਂ ਇਹ ਬੜਾ ਵਿਸਫੋਟਕ ਤੇ ਖ਼ਤਰਨਾਕ ਹੋ ਜਾਂਦਾ ਹੈ ਅਤੇ ਅਸਲੀਅਤ ਵਿਚ ਇਹੋ 'ਧਾਰਮਕ ਮੂਲਵਾਦ' ਵਿਚ ਬਦਲ ਜਾਂਦਾ ਹੈ, ਜੇ ਧਰਮ ਦਾ ਦੂਜਾ ਪੱਖ ਪਹਿਲੇ ਨਾਲ ਮਿਲ ਜਾਵੇ ਤੇ ਆਜ਼ਾਦ-ਖ਼ਿਆਲੀ ਨਾਲ ਆ ਜੁੜੇ ਤਾਂ ਇਸ ਦਾ ਸੁਆਗਤ ਕਰਨਾ ਚਾਹੀਦਾ ਹੈ।

'ਨੌਜਵਾਨ ਭਾਰਤ ਸਭਾ' ਦੇ ਮਨੋਰਥ-ਪੱਤਰ ਵਿਚ ਭਗਤ ਸਿੰਘ ਅਨੁਸਾਰ "ਮਜ਼ਹਬੀ ਵਹਿਮ ਅਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿਚ ਵੱਡੀ ਰੁਕਾਵਟ ਹਨ। ਵਿਦੇਸ਼ੀ ਹਾਕਮ ਹਿੰਦੂਆਂ ਦੀ ਕੱਟੜਤਾ ਤੇ ਪਿਛਾਂਹ-ਖਿੱਚੂ ਨੀਤੀ, ਮੁਸਲਮਾਨਾਂ ਦੇ ਤੁਅੱਸਬ ਅਤੇ ਆਮ ਕਰ ਕੇ ਸਾਰੇ ਫ਼ਿਰਕਿਆਂ ਦੀ ਤੰਗਦਿਲੀ ਦਾ ਫ਼ਾਇਦਾ ਉਠਾਉਂਦੇ ਹਨ।"

'ਮੈਂ ਨਾਸਤਿਕ ਕਿਉਂ ਹਾਂ' ਵਿਚ ਭਗਤ ਸਿੰਘ ਇਸ ਸਮੱਸਿਆ ਨੂੰ ਸਿਧਾਂਤਕ ਪੱਧਰ 'ਤੇ ਨਜਿੱਠਦੇ ਹਨ। 1930 ਵਿਚ ਪਹਿਲੀ ਵਾਰ ਅੰਗਰੇਜ਼ੀ ਵਿਚ ਛਪਿਆ ਇਹ ਲੇਖ ਬੜਾ ਮਹੱਤਵਪੂਰਣ ਹੈ, ਕਿਉਂਕਿ ਇਹ ਰੱਬ ਜਾਂ ਧਰਮ ਪ੍ਰਤੀ ਭਾਰਤੀ ਵਿਸ਼ਵਾਸਾਂ ਦੀਆਂ ਉਦਾਹਰਣਾਂ ਦੇ ਕੇ ਲਿਖਿਆ ਗਿਆ ਹੈ। ਫ਼ਿਰਕਾਪ੍ਰਸਤੀ ਸੰਬੰਧੀ ਇਸ ਲੇਖ ਵਿਚ ਪ੍ਰਤੱਖ ਰੂਪ ਵਿਚ ਵਿਚਾਰ ਨਹੀਂ ਕੀਤਾ ਗਿਆ ਹੈ, ਪਰ ਭਗਤ ਸਿੰਘ ਨੇ ਦਲੀਲ ਦਿੱਤੀ ਹੈ ਕਿ ਅਖ਼ੀਰ ਨੂੰ "ਸਮਾਜ ਨੂੰ ਰੱਬ ਪ੍ਰਤੀ ਵਿਸ਼ਵਾਸ ਵਿਰੁੱਧ ਉਵੇਂ ਹੀ ਸੰਘਰਸ਼ ਕਰਨਾ ਪੈਣਾ ਹੈ—ਜਿਵੇਂ ਉਸ ਨੇ ਬੁੱਤ-ਪੂਜਾ ਅਤੇ ਧਰਮ ਦੇ ਮਨਜ਼ਰ ਸੰਕਲਪਾਂ ਵਿਰੁੱਧ ਸੰਘਰਸ਼ ਕੀਤਾ ਹੈ।" ਭਗਤ ਸਿੰਘ ਅਨੁਸਾਰ "ਮਨੁੱਖ ਆਪਣੇ ਪੈਰਾਂ ਤੇ ਖੜੇ ਹੋਣ ਤੇ ਯਥਾਰਥਵਾਦੀ

ਹੋਣ ਦਾ ਜਤਨ ਕਰੇਗਾ, ਤਦ ਉਹ ਰੱਬ ਪ੍ਰਤੀ ਵਿਸ਼ਵਾਸ ਨੂੰ ਵਗਾਹ ਮਾਰੇਗਾ ਅਤੇ ਹਰ ਮੁਸ਼ਕਲ ਵਿਰੁੱਧ ਸਖ਼ਤ ਘੋਲ ਕਰੇਗਾ।"

ਜੇ ਪੰਜਾਬ ਤੇ ਦੇਸ਼ ਦੇ ਬਾਕੀ ਹਿੱਸਿਆਂ ਦੀ ਮੌਜੂਦਾ ਸਥਿਤੀ ਨੂੰ ਦੇਖਿਆ ਜਾਵੇ ਤਾਂ ਇਹ ਸੋਚੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਭਾਰਤੀ ਸਮਾਜ ਭਗਤ ਸਿੰਘ ਦੇ ਸਮੇਂ ਤੋਂ ਅੱਗੇ ਵਧਣ ਦੀ ਬਜਾਇ ਪਿਛਾਂਹ ਵੱਲ ਨੂੰ ਹੀ ਪਰਤਿਆ ਹੈ, ਰਾਮ ਜਨਮਭੂਮੀ-ਬਾਬਰੀ ਮਸਜਿਦ ਆਦਿ ਵਿਵਾਦ ਇਸ ਪਿਛਾਂਹ ਪਰਤਣ ਦੇ ਚਿੰਨ੍ਹ ਹਨ। ਇਹ ਵਿਡੰਬਨਾ ਹੀ ਹੈ ਕਿ ਅਯੁੱਧਿਆ ਨੂੰ ਗਏ 'ਕਾਰ-ਸੇਵਕਾਂ' ਨੂੰ ਕੁਝ ਫ਼ਿਰਕਾਪ੍ਰਸਤ ਸੰਗਠਨਾਂ ਵੱਲੋਂ ਚੰਦਰਸ਼ੇਖਰ ਆਜ਼ਾਦ ਤੇ ਭਗਤ ਸਿੰਘ ਕਿਹਾ ਗਿਆ। ਇਹ ਵਕਤ ਹੈ ਕਿ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਧਰਮ ਤੇ ਫ਼ਿਰਕਾਪ੍ਰਸਤੀ ਸੰਬੰਧੀ ਵਿਚਾਰਾਂ ਨੂੰ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾਇਆ ਜਾਵੇ ਤਾਂਕਿ ਉਹ ਮਹਿਸੂਸ ਕਰ ਸਕਣ ਕਿ ਕੀ ਉਨ੍ਹਾਂ ਦੇ ਮਨਾਂ ਵਿਚ ਸੱਚਮੁੱਚ ਹੀ ਉਨ੍ਹਾਂ ਪ੍ਰਤੀ ਕੁਝ ਸਤਿਕਾਰ ਹੈ ?

ਮਾਰਕਸਵਾਦੀ-ਲੈਨਿਨਵਾਦੀ ਚਿੰਤਨ ਤੇ ਲਹਿਰ ਦੇ ਅੰਗ-ਰੂਪ ਵਿਚ ਭਗਤ ਸਿੰਘ ਦੇ ਵਿਚਾਰਾਂ ਤੇ ਪਲੇ ਪਾਸ਼ ਨੇ ਧਾਰਮਕ ਮੂਲਵਾਦ ਤੇ ਫ਼ਿਰਕਾਪ੍ਰਸਤੀ ਦੀ ਸਮੱਸਿਆ ਨੂੰ ਆਪਣੀਆਂ ਲਿਖਤਾਂ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਿਆ ਹੈ, ਭਾਵੇਂ ਕਿ ਪਾਸ਼ ਦੀਆਂ ਅਜਿਹੀਆਂ ਲਿਖਤਾਂ ਬੜੀਆਂ ਥੋੜ੍ਹੀਆਂ ਹਨ, ਪਰ ਉਹ ਡੂੰਘਾ ਪ੍ਰਭਾਵ ਛੱਡਦੀਆਂ ਹਨ। ਪੰਜਾਬ ਦੀ ਸਥਿਤੀ ਤੇ ਪਾਸ਼ ਦੀਆਂ ਆਖ਼ਰੀ ਕੁਝ ਕਵਿਤਾਵਾਂ ਹਰ ਤਰ੍ਹਾਂ ਦੇ ਮੂਲਵਾਦ, ਫ਼ਿਰਕਾਪ੍ਰਸਤੀ ਅਤੇ ਹਕੂਮਤੀ ਜਬਰ ਦੇ ਖ਼ਿਲਾਫ਼ ਜੰਗ ਦਾ ਨਗਾੜਾ ਹਨ। ਅਮਰੀਕਾ ਅਤੇ 'ਹਾਕ' ਵਿਚ ਲਿਖੇ ਉਸ ਦੇ ਕੁਝ ਹੱਥਲਿਖਤ ਲੇਖ ਮਾਨਵ-ਵਿਰੋਧੀ ਚਿੰਤਨ ਵਿਰੁੱਧ ਉਸ ਦੀ ਡੂੰਘੀ, ਪਰ ਦਲੀਲ-ਯੁਕਤ ਨਫ਼ਰਤ ਦਾ ਪ੍ਰਗਟਾਵਾ ਹਨ।

'ਖੂਹ' ਧਾਰਮਕ ਮੂਲਵਾਦ ਵਿਰੁੱਧ ਪਾਸ਼ ਦੀ ਸਿਧਾਂਤਕ ਰੂਪ ਵਿਚ ਬੜੀ ਪ੍ਰਪੱਕ ਕਵਿਤਾ ਹੈ। ਪਾਸ਼ ਮੂਲਵਾਦੀ ਸੋਚ ਨੂੰ ਸਭ ਤੋਂ ਵੱਧ ਪ੍ਰਤੀਕ੍ਰਿਆਵਾਦੀ, ਗ਼ੈਰ-ਮਨੁੱਖੀ ਤੇ ਫ਼ਾਸ਼ਿਸਟ ਸੋਚ ਸਮਝਦਾ ਹੈ ਅਤੇ ਇਸ ਦੀ ਸਿਰਜਣਾਤਮਕ ਅਭਿਵਿਅਕਤੀ ਇਸ ਸ਼ਕਤੀਸ਼ਾਲੀ ਕਵਿਤਾ ਵਿਚ ਹੋਈ ਹੈ। ਉਹ ਮੂਲਵਾਦੀ ਸੋਚ ਨੂੰ 'ਖੂਹ' ਦੇ ਪ੍ਰਤੀਕ ਰੂਪ ਵਿਚ ਦੇਖਦਾ ਹੈ—

ਖੂਹ ਬੜੇ ਥੋੜ੍ਹੇ ਬਚੇ ਨੇ ਹੁਣ  
ਪਰ ਉਹ ਕੱਲਮ-ਕੱਲੇ ਸੁੰਨੇ ਜਹੇ  
ਜਿਥੇ ਵੀ ਹਨ  
ਹਨੇਰੇ ਤੋਂ ਸੁਰੱਖਿਅਤ ਨਹੀਂ  
ਜੋ ਪਿਆਸ ਦੇ ਪੱਜ ਉਤਰਦਾ ਹੈ ਉਨ੍ਹਾਂ 'ਚ  
ਤੇ ਮੌਤ ਭਰ ਦਿੰਦੈ  
ਸਭ ਤੋਂ ਭੋਲੇ ਭਾਲੇ ਪੰਛੀਆਂ ਵਿਚ

ਪਾਸ਼ ਕਿੰਨੇ ਹੀ ਰੂਪਕਾਂ ਰਾਹੀਂ ਮੂਲਵਾਦੀ ਸੋਚ ਤੇ ਲਹਿਰ ਦੇ ਤਬਾਹਕੁਨ ਪ੍ਰਭਾਵਾਂ ਨੂੰ ਚਿਤਰਦਾ ਹੈ—

ਅਤੀਤ ਗਾਉਂਦੀਆਂ ਬੜ੍ਹਕਾਂ ਵਿਚ  
ਖੂਹ ਤੁਹਾਨੂੰ ਜੋੜਦੇ ਹਨ, ਮੋਈਆਂ ਸਦੀਆਂ ਨਾਲ  
ਖੂਹ ਤੁਹਾਡੇ ਨਾਲ ਸਫ਼ਰ ਕਰਦੇ ਹਨ ਬੱਸਾਂ ਵਿਚ  
ਉਨ੍ਹਾਂ ਵਿਚਲਾ ਹਨੇਰਾ ਆਦਮੀ ਦੀ ਭਾਸ਼ਾ ਖੋਹ ਕੇ  
ਸਿਰਫ਼ ਮਿਮਿਆਉਣਾ ਸਿਖਾਉਂਦਾ ਹੈ

ਪ੍ਰਤੀਕਾਤਮਕ ਰੂਪ ਵਿਚ ਬੜੀ ਅਮੀਰ ਇਸ ਕਵਿਤਾ ਵਿਚ ਕਵੀ ਇਸ ਨਤੀਜੇ 'ਤੇ ਵੀ ਪਹੁੰਚਦਾ ਹੈ—

ਏਨੇ ਤਰਲ ਹਨੇਰੇ ਦੇ  
ਬਿਲਕੁਲ ਗਵਾਂਢ ਜੀਂਦੇ ਹੋਏ  
ਤੁਸੀਂ ਨਿਹੱਥਿਆਂ ਤੁਰ ਨਹੀਂ ਸਕਦੇ।

'ਧਰਮ-ਦੀਖਸ਼ਾ ਲਈ ਬਿਨੈ-ਪੱਤਰ' ਧਾਰਮਕ ਮੂਲਵਾਦ ਨੂੰ ਉਘਾੜਦੀ ਇਕ ਹੋਰ ਸ਼ਕਤੀਸ਼ਾਲੀ ਕਵਿਤਾ ਹੈ। ਇਸ ਕਵਿਤਾ ਵਿਚ ਇਕ ਗ਼ਰੀਬ ਮਾਂ ਆਪਣੇ ਇਕੱਲੇ ਪੁੱਤਰ ਦੀ ਜਾਨ ਦੀ ਭੀਖ ਮੰਗਦੀ ਹੈ ਤੇ ਜਾਣਦੀ ਵੀ ਹੈ ਕਿ ਧਾਰਮਕ ਉਨਮਾਦ ਦੇ ਤੂਫ਼ਾਨ ਵਿਚ ਉਸ ਨੇ ਬਚਣਾ ਨਹੀਂ।

ਬੜੇ ਵਿਅੰਗਾਤਮਕ ਤੇ ਮਾਰਮਕ ਢੰਗ ਨਾਲ ਕਵਿਤਾ ਵਿਚ ਸਥਿਤੀ ਦਾ ਚਿਤਰਣ ਹੋਇਆ ਹੈ—

ਮੈਂ ਤੇਰੇ ਦੱਸੇ ਹੋਏ ਇਸ਼ਟ ਹੀ ਪੂਜਾਂਗੀ  
ਮੈਂ ਤੇਰੇ ਪਾਸ ਕੀਤੇ ਭਜਨ ਹੀ ਮਾਣਾਂਗੀ  
ਮੈਂ ਹੋਰ ਸਭ ਧਰਮਾਂ ਨੂੰ ਨਿਗੁਣੇ ਕਿਹਾ ਕਰੂੰ  
ਮੇਰੀ ਇੱਕੋ-ਇੱਕ ਜ਼ਬਾਨ ਬਚੀ ਹੈ ਧਰਮ-ਗੁਰੂ !  
ਮੇਰੇ ਬੱਚੇ ਦੀ — ਤੇ ਮਰਦ ਵਿਚਾਰਾ  
ਸਿਰ 'ਤੇ ਨਹੀਂ ਰਿਹਾ।

ਮੂਲਵਾਦ ਦਾ ਚਿਹਰਾ ਗ਼ੈਰ-ਮਨੁੱਖੀ ਚਿਹਰਾ ਪਛਾਣਨ ਲਈ ਇਹ ਪੂਰੀ ਕਵਿਤਾ ਹੀ ਪੜ੍ਹਨੀ ਚਾਹੀਦੀ ਹੈ।

# ਬਾਲੀਵੁੱਡ ਵਿਚ ਸ਼ਹੀਦ ਭਗਤ ਸਿੰਘ

ਇਨ੍ਹੀਂ ਦਿਨੀਂ ਬੰਬਈ ਵਿਚ ਸ਼ਹੀਦ ਭਗਤ ਸਿੰਘ ਤੇ ਬਨਣ ਵਾਲੀਆਂ ਫ਼ਿਲਮਾਂ ਦੀਆਂ ਧੂੰਮਾਂ ਪਈਆਂ ਹਨ। ਇਸ ਵੇਲੇ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਤੇ ਬਣ ਰਹੀਆਂ ਪੰਜ ਫ਼ਿਲਮਾਂ ਵਿਚੋਂ ਤਿੰਨ ਤਾਂ ਪੂਰੀਆਂ ਹੋ ਕੇ ਰਿਲੀਜ਼ ਹੋ ਚੁੱਕੀਆਂ ਹਨ। ਇਸ ਤੋਂ ਪਹਿਲਾਂ ਸੱਠਵਿਆਂ ਵਿਚ ਮਨੋਜ ਕੁਮਾਰ ਨੂੰ ਹੀਰੋ ਲੈ ਕੇ ਭਗਤ ਸਿੰਘ ਤੇ ਬਣੀ ਫ਼ਿਲਮ 'ਸ਼ਹੀਦ' ਕਾਫ਼ੀ ਚਰਚਿਤ ਹੋਈ ਸੀ। ਬਲੈਕ-ਵਾਈਟ ਵਿਚ ਬਣੀ ਇਸ ਫ਼ਿਲਮ ਦੇ ਦੇਸ਼-ਭਗਤੀ ਦੇ ਗੀਤ ਅੱਜ ਵੀ ਸਕੂਲਾਂ ਵਿਚ ਬੱਚਿਆਂ ਨੂੰ ਸੁਣਾਏ, ਸਿਖਾਏ ਜਾਂਦੇ ਹਨ : 'ਐ ਵਤਨ, ਐ ਵਤਨ...ਅਤੇ 'ਮੇਰਾ ਰੰਗ ਦੇ ਬਸੰਤੀ ਚੋਲਾ' ਇਸ ਫ਼ਿਲਮ ਦੇ ਚਰਚਿਤ ਗੀਤ ਰਹੇ। ਇਸ ਤੋਂ ਵੀ ਪਹਿਲਾਂ ਸ਼ੱਮੀ ਕਪੂਰ ਨੂੰ ਹੀਰੋ ਬਣਾ ਕੇ ਭਗਤ ਸਿੰਘ ਤੇ ਫ਼ਿਲਮ ਬਣੀ ਸੀ।

ਪਿਛਲੇ ਦਿਨੀਂ ਰਾਜ ਬੱਬਰ ਨੇ 'ਸ਼ਹੀਦ ਊਧਮ ਸਿੰਘ' ਫ਼ਿਲਮ ਬਣਾ ਕੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਨੌਜਵਾਨ ਇਨਕਲਾਬੀਆਂ ਨੂੰ ਹਿੰਦੀ ਫ਼ਿਲਮਾਂ ਦਾ ਵਿਸ਼ਾ ਬਣਾਉਣ ਵੱਲ ਧਿਆਨ ਦਿੱਤਾ। ਰਾਜ ਬੱਬਰ ਨੇ ਦੇਸ਼ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਗ਼ਦਰੀ ਲਹਿਰ 'ਤੇ ਵੀ ਫ਼ਿਲਮ ਬਣਾਉਣ ਦਾ ਐਲਾਨ ਕਰ ਕੇ ਇਸ ਲਹਿਰ ਨਾਲ ਜੁੜੇ ਲੋਕਾਂ ਨੂੰ ਖ਼ੁਸ਼ ਕਰ ਦਿੱਤਾ। ਰਾਜਕੁਮਾਰ ਸੰਤੋਸ਼ੀ ਜਿਨ੍ਹਾਂ ਨੇ ਕੁਝ ਚੰਗੀਆਂ ਹਿੰਦੀ ਫ਼ਿਲਮਾਂ ਬਣਾਈਆਂ ਹਨ, ਨੇ ਅਜੈ ਦੇਵਗਣ ਨੂੰ ਹੀਰੋ ਲੈ ਕੇ 'ਲੀਜੈਂਡ ਆਫ ਭਗਤ ਸਿੰਘ' ਫ਼ਿਲਮ ਬਣਾਈ ਤਾਂ ਧਰਮਿੰਦਰ ਨੇ ਆਪਣੇ ਛੋਟੇ ਪੁੱਤਰ ਬਾਬੀ ਦਿਓਲ ਨੂੰ ਭਗਤ ਸਿੰਘ ਦੇ ਕਿਰਦਾਰ ਵਿਚ ਪੇਸ਼ ਕਰ ਕੇ '23 ਮਾਰਚ' ਬਣਾਈ ਹੈ। ਇਕਬਾਲ ਢਿੱਲੋਂ ਦੀ 'ਸ਼ਹੀਦੇ-ਆਜ਼ਮ' ਸਭ ਤੋਂ ਪਹਿਲਾਂ ਰਿਲੀਜ਼ ਹੋਈ। ਰਾਮਾਨੰਦ ਸਾਗਰ ਦਾ ਦਾਅਵਾ ਹੈ ਕਿ ਬਚਪਨ ਜਵਾਨੀ ਸਮੇਂ ਉਹ ਭਗਤ ਸਿੰਘ ਦੇ ਨੇੜੇ ਰਹੇ ਹਨ, ਉਹ ਵੀ ਸ਼ਹੀਦ ਤੇ ਫ਼ਿਲਮ ਬਣਾ ਰਹੇ ਹਨ ਅਤੇ ਇਕ ਹੋਰ ਫ਼ਿਲਮ ਵਿਚ ਹਰਿਭਜਨ ਮਾਨ ਨੂੰ ਹੀਰੋ ਲਿਆ ਗਿਆ ਹੈ।

ਆਖ਼ਰ ਸ਼ਹੀਦ ਭਗਤ ਸਿੰਘ ਨੂੰ ਲੈ ਕੇ ਹਿੰਦੀ ਵਿਚ ਫ਼ਿਲਮ ਬਣਾਉਣ ਦੀ ਦੌੜ ਕਿਉਂ ਲੱਗ ਗਈ ਹੈ? ਇਨਕਲਾਬੀਆਂ ਦੀ ਜ਼ਿੰਦਗੀ ਤੇ ਬਣੀਆਂ ਪਿਛਲੀਆਂ ਫ਼ਿਲਮਾਂ ਕਿਹੋ ਜਿਹੀਆਂ ਹਨ ਅਤੇ ਹੁਣ ਕਿਹੋ ਜਿਹੀਆਂ ਬਣਨ ਲੱਗੀਆਂ ਹਨ, ਇਸ ਬਾਰੇ ਇਨਕਲਾਬੀ ਕਾਰਕੁਨਾਂ ਤੇ ਬੁੱਧਜੀਵੀਆਂ ਨੂੰ ਸੋਚਣਾ ਚਾਹੀਦਾ ਹੈ। ਇਨਕਲਾਬੀ ਲਹਿਰ ਆਜ਼ਾਦੀ ਦੇ ਕੌਮੀ ਇਤਿਹਾਸ ਦਾ ਮਹੱਤਵਪੂਰਨ ਅੰਗ ਹੋਣ ਕਾਰਣ ਇਹ ਵਿਸ਼ਾ ਇਤਿਹਾਸਕਾਰਾਂ ਲਈ ਵੀ ਡੂੰਘੀ ਸੋਚ ਦਾ ਕੇਂਦਰ ਬਣਨਾ ਚਾਹੀਦਾ ਹੈ।

ਭਾਰਤੀ ਫ਼ਿਲਮਾਂ ਵਿਚ ਦੋ ਸਮਾਨੰਤਰ ਧਾਰਾਵਾਂ ਚਲਦੀਆਂ ਰਹੀਆਂ ਹਨ। ਇਕ ਜਿਸ ਨੂੰ ਮੁੱਖ ਧਾਰਾ ਕਿਹਾ ਗਿਆ ਉਹ ਬਾਜ਼ਾਰੀ ਸਿਨਮਾਂ ਦੀ ਧਾਰਾ ਹੈ ਜਿਨ੍ਹਾਂ ਵਿਚ ਹਿੰਦੀ ਅਤੇ ਦੱਖਣੀ ਭਾਰਤੀ ਭਾਸ਼ਾਵਾਂ ਵਿਚ ਵੱਡੀ ਗਿਣਤੀ ਵਿਚ ਬਣੀਆਂ ਫੂਹੜ ਫ਼ਿਲਮਾਂ ਦੀ ਗਿਣਤੀ ਵੱਧ ਹੈ। ਇਸ ਧਾਰਾ ਵਿਚ ਕਦੇ ਪਰਵਾਰਕ ਜਾਂ ਦੇਸ਼ਭਗਤੀ ਦੇ ਵਿਸ਼ੇ ਨੂੰ ਲੈ ਕੇ ਬਣੀਆਂ ਫ਼ਿਲਮਾਂ ਨੂੰ ਕੁਝ ਰਿਆਇਤ ਮਿਲਦੀ ਰਹੀ ਹੈ, ਹਾਲਾਂਕਿ ਇਸ ਵਿਸ਼ੇ ਦੀਆਂ ਫ਼ਿਲਮਾਂ ਵਿਚ ਫੂਹੜਪਨ ਭਾਵੇਂ ਘੱਟ ਨਹੀਂ, ਪਰ ਸਰਲੀਕਰਣ ਘੱਟ ਨਹੀਂ ਰਿਹਾ। ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਤੇ ਆਧਾਰਤ ਸੱਠਵਿਆਂ ਦੀ ਬਣੀ ਫ਼ਿਲਮ ਵੀ ਅਜਿਹੇ ਸਰਲੀਕਰਣ ਦਾ ਹੀ ਸਿੱਟਾ ਸੀ।

ਭਾਰਤੀ ਸਿਨਮਾ ਦੀ ਦੂਸਰੀ ਧਾਰਾ ਕਲਾ-ਫ਼ਿਲਮਾਂ ਦੀ ਰਹੀ, ਜੋ ਬੰਗਲਾ, ਹਿੰਦੀ, ਮਲਿਆਲਮ, ਕੰਨੜ ਆਦਿ ਅਨੇਕ ਭਾਸ਼ਾਵਾਂ ਵਿਚ ਸਰਗਰਮ ਰਹੀ। ਇਹ ਧਾਰਾ ਬਾਜ਼ਾਰੀ ਸਿਨਮਾ ਤੋਂ ਹਟ ਕੇ ਚੱਲਣ ਵਾਲੀ ਧਾਰਾ ਸੀ। ਇਸ ਧਾਰਾ ਵਿਚ ਬਿਮਲ ਰਾਏ ਤੋਂ ਲੈ ਕੇ ਸ਼ਿਆਮ ਬੈਨੇਗਲ, ਗੋਵਿੰਦ ਨਿਹਲਾਨੀ, ਗੌਤਮ ਘੋਸ਼, ਮਣੀ ਕੌਲ ਵਰਗੇ ਅਨੇਕਾਂ ਅਜਿਹੇ ਨਿਰਦੇਸ਼ਕ ਸਰਗਰਮ ਰਹੇ। ਕਲਾ-ਫ਼ਿਲਮਾਂ ਵਿਚੋਂ ਕੁਝ ਫ਼ਿਲਮਾਂ ਬਾਜ਼ਾਰ ਵਿਚ ਸਫ਼ਲ ਵੀ ਹੋਈਆਂ। ਇਹ ਕਲਾ-ਫ਼ਿਲਮਾਂ ਹੀ ਸਨ, ਜਿਨ੍ਹਾਂ ਵਿਚ ਭਾਰਤੀ ਭਾਸ਼ਾਵਾਂ ਦਾ ਸਰਬਸ੍ਰੇਸ਼ਠ ਸਾਹਿਤ ਦਾ ਫ਼ਿਲਮੀ ਰੂਪਾਂਤਰਣ ਹੋਇਆ। ਭਾਵੇਂ ਪ੍ਰੇਮਚੰਦ ਦੀ ਕਹਾਣੀ ਤੇ ਬਣੀ 'ਸ਼ਤਰੰਜ ਕੇ ਖਿਲਾੜੀ' ਸੀ ਜਾਂ ਰੇਣੂ ਦੀ ਕਹਾਣੀ ਤੇ ਬਣੀ 'ਤੀਸਰੀ ਕਸਮ' ਜਾਂ ਫਿਰ ਭੀਸ਼ਮ ਸਾਹਨੀ ਦੇ ਨਾਵਲ 'ਤੇ ਬਣੀ ਫ਼ਿਲਮ 'ਤਮਸ'। ਸਤਿਆਜੀਤ ਰੇਅ, ਸ਼ੈਲੇਂਦਰ ਅਤੇ ਗੋਵਿੰਦ ਨਿਹਲਾਨੀ ਨੇ ਇਨ੍ਹਾਂ ਸਾਹਿਤਕ ਸ਼ਾਹਕਾਰਾਂ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਕਲਾ ਦਾ ਰੂਪ ਦੇ ਕੇ ਪੇਸ਼ ਕੀਤਾ ਅਤੇ ਇਨ੍ਹਾਂ ਫ਼ਿਲਮਾਂ ਰਾਹੀਂ ਦਰਸ਼ਕ 'ਤੇ ਪ੍ਰਭਾਵ ਪਾਉਣ ਦੀ ਸਮਰੱਥਾ ਕਿਤੇ ਵੱਧ ਰਹੀ ਹੈ।

ਰਾਸ਼ਟਰੀ ਲਹਿਰ, ਇਨਕਲਾਬੀ ਲਹਿਰ ਜਾਂ ਲੋਕ-ਨਾਇਕਾਂ ਦੀ ਜ਼ਿੰਦਗੀ ਤੇ ਫ਼ਿਲਮ ਬਣਾਉਂਦੇ ਸਮੇਂ ਪਹਿਲੀ ਲੋੜ ਪਟਕਥਾ ਦੀ ਚੋਣ ਦੀ ਹੈ। ਅੱਜਕਲ੍ਹ ਇਤਿਹਾਸ ਇਕ ਸੰਵੇਦਨਸ਼ੀਲ ਮੁੱਦਾ ਬਣ ਗਿਆ ਹੈ ਕਿ ਪੂਰੇ ਰਾਸ਼ਟਰ ਦੀ ਹੋਣੀ ਇਤਿਹਾਸ ਦੀ ਸਹੀ ਵਿਆਖਿਆ ਨਾਲ ਜੁੜ ਗਈ ਹੈ। ਜੇ ਇਤਿਹਾਸ ਦਾ ਕਿਸੇ ਵੀ ਤਰ੍ਹਾਂ ਦੇ ਤੁਅੱਸਬ ਨਾਲ, ਖ਼ਾਸ ਕਰ ਕੇ ਫ਼ਿਰਕੂ ਤੁਅੱਸਬ ਨਾਲ ਵਿਗਾੜੀਕਰਣ ਹੁੰਦਾ ਹੈ ਤਾਂ ਇਹ ਪੂਰੇ ਰਾਸ਼ਟਰ ਦੀ ਹੋਣੀ ਲਈ ਬੜਾ ਘਾਤਕ ਹੋਵੇਗਾ, ਜਿਸ ਦਾ ਇਕ ਟ੍ਰੇਲਰ ਅਸੀਂ ਗੁਜਰਾਤ ਦੀਆਂ ਘਟਨਾਵਾਂ ਤੋਂ ਹੀ ਦੇਖ/ਸਮਝ ਸਕਦੇ ਹਾਂ। ਇਸ ਲਈ ਸ਼ਹੀਦ ਭਗਤ ਸਿੰਘ ਤੇ ਫ਼ਿਲਮ ਬਣਾਉਣਾ ਨਾ ਸਿਰਫ਼ ਬਾਜ਼ਾਰੀ ਸਿਨਮਾ ਬਨਾਮ ਕਲਾ-ਫ਼ਿਲਮ ਦਾ ਮੁੱਦਾ ਹੈ, ਇਹ ਰਾਸ਼ਟਰੀ ਅੰਦੋਲਨ ਦੀ ਸਹੀ ਪੇਸ਼ਕਾਰੀ ਦਾ ਵੀ ਮਸਲਾ ਹੈ।

ਇਹ ਜਾਣਨਾ ਦਿਲਚਸਪ ਹੋਵੇਗਾ ਕਿ 1931 ਵਿਚ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਦਿੱਤੀ ਗਈ ਫਾਂਸੀ ਦੇ ਸਮੇਂ ਇਨ੍ਹਾਂ ਸ਼ਹੀਦਾਂ ਦੀ ਲੋਕਪ੍ਰਿਅਤਾ ਮਹਾਤਮਾ ਗਾਂਧੀ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ। ਪਰ ਸ਼ਹੀਦਾਂ ਦੇ ਸਾਥੀਆਂ ਨੇ ਇਨ੍ਹਾਂ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਲੋਕਪ੍ਰਿਅ ਰੂਪ ਦੇਣ ਵਿਚ ਕਾਫ਼ੀ ਦੇਰ ਕਰ ਦਿੱਤੀ ਹੈ। ਇਹ ਇਕ

ਇਤਿਹਾਸਕ ਤੱਥ ਹੈ ਜਿਸ ਨੂੰ ਸੁਮਿਤ ਸਰਕਾਰ ਵਰਗੇ ਆਧੁਨਿਕ ਭਾਰਤ ਦੇ ਇਤਿਹਾਸਕਾਰਾਂ ਨੇ ਰੇਖਾਂਕਿਤ ਕੀਤਾ ਹੈ ਕਿ ਰਾਸ਼ਟਰੀ ਅੰਦੋਲਨ ਵਿਚ ਦੋ ਸਮਾਨਅੰਤਰ ਵਿਚਾਰਧਾਰਾਵਾਂ ਸਰਗਰਮ ਸਨ। ਇਕ ਪਾਸੇ ਕਾਂਗਰਸ ਪਾਰਟੀ ਅਤੇ ਮਹਾਤਮਾ ਗਾਂਧੀ ਦੀ ਸ਼ਾਂਤਮਈ ਲੋਕ-ਲਹਿਰ ਸੀ ਤਾਂ ਦੂਜੇ ਪਾਸੇ ਭਗਤ ਸਿੰਘ ਆਦਿ ਇਨਕਲਾਬੀਆਂ ਦਾ ਹਥਿਆਰਬੰਦ ਇਨਕਲਾਬ ਸੀ, ਜਿਸ ਨੂੰ ਲੋਕ-ਲਹਿਰਾਂ ਵਿਚ ਭਾਰਤ ਦੀ ਆਜ਼ਾਦੀ ਤੋਂ ਬਾਅਦ ਭਾਰਤ ਦੇ ਭਾਵੀ ਸਰੂਪ ਨੂੰ ਲੈ ਕੇ ਤਿੱਖੇ ਮਤਭੇਦ ਸਨ। ਕਾਂਗਰਸ ਦੀ ਲਹਿਰ ਵਿਵਸਥਾ ਨੂੰ ਬਗੈਰ ਬਦਲਿਆਂ ਸੱਤਾ ਹਥਿਆਉਣ ਤਕ ਕੇਂਦ੍ਰਿਤ ਸੀ, ਜਦਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਲਹਿਰ ਭਾਰਤ ਦੇ ਭਾਵੀ ਸਰੂਪ ਨੂੰ ਲੈ ਕੇ ਵਧੇਰੇ ਚਿੰਤਤ ਸੀ ਅਤੇ ਸੱਤਾ ਹਾਸਲ ਕਰਨ ਤੋਂ ਵੱਧ ਇਸ ਲਹਿਰ ਦੀ ਦਿਸ਼ਾ ਅਤੇ ਦਿਲਚਸਪੀ ਭਾਰਤ ਦੀ ਸਮਾਜਕ-ਆਰਥਕ ਵਿਵਸਥਾ ਵਿਚ ਇਨਕਲਾਬੀ ਤਬਦੀਲੀ ਲਿਆਉਣ ਦੀ ਸੀ। ਇਹ ਲਹਿਰ ਰੂਸ ਦੀ ਬਾਲਸ਼ਵਿਕ ਲਹਿਰ ਤੋਂ ਪ੍ਰਭਾਵਿਤ ਸੀ ਅਤੇ ਭਗਤ ਸਿੰਘ ਇਸ ਲਹਿਰ ਦਾ ਸਭ ਤੋਂ ਤੇਜ਼ ਬੁੱਧੀ ਵਾਲਾ ਚਿੰਤਕ ਸੀ। ਅਸਲ ਵਿਚ ਭਗਤ ਸਿੰਘ ਸਿਰਫ਼ ਇਕ ਬਹਾਦਰ ਲੋਕ-ਨਾਇਕ ਹੀ ਨਹੀਂ ਸੀ, ਜਿਵੇਂ ਕਿ ਕਾਂਗਰਸ ਜਾਂ ਭਾਜਪਾ ਆਦਿ ਪਾਰਟੀਆਂ ਨੇ ਉਸ ਨੂੰ **1947** ਤੋਂ ਬਾਅਦ ਬਣਾ ਕੇ ਪੇਸ਼ ਕੀਤਾ ਹੈ। ਭਗਤ ਸਿੰਘ ਇਸ ਦੇਸ਼ ਵਿਚ ਲੈਨਿਨ ਅਤੇ ਮਾਓ-ਜ਼ੇ-ਤੁੰਗ ਦੀ ਪਰੰਪਰਾ ਦਾ ਮੌਲਿਕ ਇਨਕਲਾਬੀ ਵਿਚਾਰਕ ਸੀ। ਬਰਤਾਨਵੀ ਬਸਤੀਵਾਦ ਨੇ ਭਗਤ ਸਿੰਘ ਦੀ ਇਨਕਲਾਬੀ ਅਗਵਾਈ ਦੇਣ ਦੀ ਸਮਰੱਥਾ ਨੂੰ ਪਛਾਣ ਲਿਆ ਸੀ। ਇਸੇ ਲਈ ਇਸ ਨੌਜਵਾਨ ਪਰ ਅਸੀਮਤ ਇਨਕਲਾਬੀ ਚਿੰਤਨ ਦੀ ਪ੍ਰਤਿਭਾ ਦੇ ਪ੍ਰਤੀਕ ਨੂੰ ਖਿੜਨ ਅਤੇ ਫਲਣ-ਫੁੱਲਣ ਤੋਂ ਪਹਿਲਾਂ ਹੀ ਬਰਤਾਨਵੀ ਬਸਤੀਵਾਦ ਨੇ ਫਾਂਸੀ 'ਤੇ ਚੜ੍ਹਾ ਕੇ ਭਾਰਤ ਦੀ ਇਨਕਲਾਬੀ ਲਹਿਰ ਦੇ ਆਗੂ ਦਸਤੇ ਨੂੰ ਅਗਲੇ ਕਈ ਦਹਾਕਿਆਂ ਲਈ ਬਰਬਾਦ ਕਰ ਦਿੱਤਾ। ਭਾਰਤ ਦੇ ਕਮਿਊਨਿਸਟ ਇਨਕਲਾਬੀ ਲਹਿਰ ਅੱਜ ਜਿਸ ਭਟਕਾਅ ਅਤੇ ਦਿਸ਼ਾਹੀਨਤਾ ਦੀ ਸ਼ਿਕਾਰ ਹੈ, ਉਸ ਨੂੰ ਇਸ ਦਿਸ਼ਾ ਵਿਚ ਪਹੁੰਚਾਉਣ ਵਿਚ ਵੀ ਬਰਤਾਨਵੀ ਬਸਤੀਵਾਦ ਨੇ ਭਗਤ ਸਿੰਘ ਨੂੰ ਸਾਢੇ ਤੇਈ ਵਰ੍ਹੇ ਦੀ ਉਮਰ ਵਿਚ ਫਾਂਸੀ ਦੇ ਕੇ ਸਭ ਤੋਂ ਘ੍ਰਿਣਤ ਭੂਮਿਕਾ ਨਿਭਾਈ ਹੈ।

ਸ਼ਹੀਦ ਭਗਤ ਸਿੰਘ ਨੂੰ ਕੇਂਦਰ ਵਿਚ ਰੱਖ ਕੇ ਜਿੰਨੇ ਵੀ ਫ਼ਿਲਮ ਨਿਰਮਾਤਾ ਫ਼ਿਲਮਾਂ ਬਣਾ ਰਹੇ ਹਨ, ਕੀ ਉਨ੍ਹਾਂ ਵਿਚ ਇਕ ਵੀ ਇਤਿਹਾਸ ਦੀਆਂ ਇਨ੍ਹਾਂ ਸੱਚਾਈਆਂ ਨੂੰ ਸਾਹਮਣੇ ਲਿਆਉਣ ਦੀ ਹਿੰਮਤ ਕਰ ਸਕਦਾ ਹੈ ? ਮੈਨੂੰ ਇਸ ਗੱਲ ਵਿਚ ਭਾਰੀ ਸ਼ੁਬ੍ਹਾ ਹੈ ਕਿ ਭਗਤ ਸਿੰਘ ਤੇ ਫ਼ਿਲਮਾਂ ਬਣਾਉਣ ਵਾਲੇ ਨਿਰਮਾਤਾ, ਨਿਰਦੇਸ਼ਕਾਂ, ਫ਼ਿਲਮ ਵਿਚ ਕੰਮ ਕਰਨ ਵਾਲੇ ਅਦਾਕਾਰਾਂ ਵਿਸ਼ੇਸ਼ ਕਰ ਭਗਤ ਸਿੰਘ ਦਾ ਕਿਰਦਾਰ ਨਿਭਾਉਣ ਵਾਲੇ ਕਲਾਕਾਰਾਂ ਵਿਚੋਂ ਕਿਸੇ ਨੇ ਵੀ ਭਗਤ ਸਿੰਘ ਦੀ ਸ਼ਖ਼ਸੀਅਤ ਦੇ ਇਨਕਲਾਬੀ ਤੱਤ ਨੂੰ ਠੀਕ ਤਰ੍ਹਾਂ ਸਮਝਿਆ ਹੋਵੇਗਾ ਅਤੇ ਉਸ ਨੂੰ ਉਹ ਫ਼ਿਲਮਾਂ ਵਿਚ ਉਂਜ ਹੀ ਪੇਸ਼ ਕਰਨ ਦੀ ਸੋਚ ਰਹੇ ਹੋਣਗੇ ?

ਭਗਤ ਸਿੰਘ ਨੂੰ ਸਮਝਣ ਲਈ ਉਸ ਨੂੰ ਇਕ ਵਿਅਕਤੀ ਤੋਂ ਵੱਧ ਇਕ ਲਹਿਰ ਦੇ ਪ੍ਰਤੀਕ, ਇਕ ਇਨਕਲਾਬੀ ਚਿੰਤਕ, ਇਨਕਲਾਬੀ ਲਹਿਰ ਦੇ ਇਕ ਪ੍ਰਮੁੱਖ ਸੰਗਠਨਕਰਤਾ ਦੇ ਰੂਪ ਵਿਚ ਦੇਖਣਾ ਜ਼ਰੂਰੀ ਹੈ। ਭਗਤ ਸਿੰਘ ਦੇ ਜੀਵਨ ਜਾਂ ਪਰਵਾਰ ਨੂੰ ਜਾਨਣ ਲਈ ਵੀਰਿੰਦਰ ਸੰਧੂ (ਸ਼ਹੀਦ ਭਗਤ ਸਿੰਘ ਦੀ ਭਤੀਜੀ) ਰਚਿਤ 'ਭਗਤ ਸਿੰਘ ਅਤੇ ਉਨ੍ਹਾਂ ਦੇ ਪੁਰਖੇ' ਕਿਤਾਬ ਪੜ੍ਹਨੀ ਬੇਹੱਦ ਜ਼ਰੂਰੀ ਹੈ, ਇਸ ਦੇ ਨਾਲ ਹੀ ਸ਼ਿਵ ਵਰਮਾ ਰਚਿਤ 'ਸਿਮਰਤੀਆਂ' ਅਤੇ ਉਨ੍ਹਾਂ ਦੇ ਹੋਰ ਸਾਥੀਆਂ ਅਜੈ ਘੋਸ਼, ਸੋਹਣ ਸਿੰਘ ਜੋਸ਼ ਆਦਿ ਦੇ ਸੰਸਮਰਣ ਦੇਖਣੇ ਬਹੁਤ ਜ਼ਰੂਰੀ ਹਨ, ਪਰ ਇਸ ਤੋਂ ਜ਼ਿਆਦਾ ਭਗਤ ਸਿੰਘ ਦੇ ਇਨਕਲਾਬੀ ਚਿੰਤਕ ਦਾ ਸਰੂਪ ਸਮਝਣ ਲਈ ਖ਼ੁਦ ਭਗਤ ਸਿੰਘ ਦੀਆਂ ਰਚਨਾਵਾਂ ਦਾ ਅਧਿਐਨ ਬੇਹੱਦ ਜ਼ਰੂਰੀ ਹੈ। ਇਸ ਸੰਬੰਧ ਵਿਚ ਸ਼ਹੀਦ ਭਗਤ ਸਿੰਘ ਦੇ ਦਸਤਾਵੇਜ਼ਾਂ ਅਤੇ ਸ਼ਹੀਦ ਦੀ 'ਜੇਲ੍ਹ ਨੋਟ ਬੁੱਕ' ਬੇਹੱਦ ਜ਼ਰੂਰੀ ਪੁਸਤਕਾਂ ਹਨ।

ਸ਼ਹੀਦ ਭਗਤ ਸਿੰਘ ਦੀ ਸ਼ਖ਼ਸੀਅਤ ਨੂੰ ਫ਼ਿਲਮ-ਕਥਾ ਦੇ ਰੂਪ ਵਿਚ ਢਾਲਣ ਲਈ ਅਜਿਹੀ ਸਿਰਜਣਾਤਮਕ ਪ੍ਰਤਿਭਾ ਦੀ ਲੋੜ ਹੈ, ਜਿਵੇਂ ਸ਼ਿਆਮ ਬੈਨੇਗਲ ਨੇ 'ਮਹਾਤਮਾ' ਦਾ ਨਿਰਮਾਣ ਜਾਂ ਜੱਬਾਰ ਪਟੇਲ ਦੀ ਬਣਾਈ 'ਡਾ. ਅੰਬੇਡਕਰ' ਆਦਿ ਫ਼ਿਲਮਾਂ ਬਣਾਉਣ ਵਿਚ ਨਜ਼ਰ ਆਈ ਹੈ। ਕਿਸੇ ਸਮੇਂ ਗੋਵਿੰਦ ਨਿਹਲਾਨੀ ਅਤੇ ਆਨੰਦ ਪਟਵਰਧਨ ਵਰਗੇ ਫ਼ਿਲਮ ਨਿਰਦੇਸ਼ਕਾਂ ਨੇ ਭਗਤ ਸਿੰਘ ਬਾਰੇ ਫ਼ਿਲਮ ਬਣਾਉਣ ਵਿਚ ਦਿਲਚਸਪੀ ਲਈ ਸੀ। ਮੈਨੂੰ ਨਹੀਂ ਪਤਾ ਕਿ ਹਿੰਦੀ ਵਿਚ ਭਗਤ ਸਿੰਘ 'ਤੇ ਬਣੀਆਂ ਪੰਜ ਫ਼ਿਲਮਾਂ ਦੇ ਨਿਰਦੇਸ਼ਕਾਂ ਵਿਚ ਕੋਈ ਨਿਹਲਾਨੀ ਜਾਂ ਪਟਵਰਧਨ ਦੀ ਪੱਧਰ ਦਾ ਹੈ ਜਾਂ ਨਹੀਂ ? ਮੈਨੂੰ ਸ਼ੱਕ ਹੈ ਕਿ ਹਾਲੀਂ ਤਕ ਕਿਸੇ ਬਹੁਤ ਜਾਗਰੂਕ ਤੇ ਸੁਚੇਤ ਨਿਰਦੇਸ਼ਕ ਨੇ ਭਗਤ ਸਿੰਘ ਤੇ ਫ਼ਿਲਮ ਸ਼ੁਰੂ ਕਿਉਂ ਨਹੀਂ ਕੀਤੀ ਹੈ। ਬਾਕੀ ਜੋ ਫ਼ਿਲਮਾਂ ਬਣ ਗਈਆਂ ਜਾਂ ਬਣ ਰਹੀਆਂ ਹਨ ਉਹ ਬਾਜ਼ਾਰ ਦੀ ਮੰਗ ਅਨੁਸਾਰ ਹੀ ਬਣਾ ਰਹੇ ਹਨ ਅਤੇ ਇਨ੍ਹਾਂ ਫ਼ਿਲਮਾਂ ਵਿਚ ਭਗਤ ਸਿੰਘ ਦਾ ਬਿੰਬ ਅਜਿਹਾ ਹੀ ਉਭਾਰਿਆ ਜਾਵੇਗਾ, ਜਿਵੇਂ ਕਿ ਦੁਨੀਆ ਦੇ ਸ਼ਹਿਰੀ ਨੌਜਵਾਨ ਚੇ-ਗੁਵੇਰਾ ਦੀ ਫ਼ਿਲਾਸਫ਼ੀ ਸਮਝਣ ਦੀ ਬਜਾਇ ਚੇ-ਗਵੇਰਾ ਸ਼ਰਟ ਪਹਿਨਣ ਵੱਲ ਰੁਚਿਤ ਹਨ।

ਭਗਤ ਸਿੰਘ 'ਤੇ ਫ਼ਿਲਮ ਬਣਾਉਂਦੇ ਸਮੇਂ ਉਨ੍ਹਾਂ ਦੀ ਲਹਿਰ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਸਮਕਾਲੀ ਪ੍ਰਸੰਗਾਂ ਤੋਂ ਤੋੜ ਕੇ ਪੇਸ਼ ਨਹੀਂ ਕੀਤਾ ਜਾ ਸਕਦਾ, ਜਿਵੇਂ ਅੱਜ ਦੇ ਸਮਾਜ ਦੇ ਮੌਜੂਦਾ ਪ੍ਰਸੰਗ ਵਿਚ ਭਗਤ ਸਿੰਘ ਦੇ ਵਿਚਾਰਾਂ ਦੀ ਪ੍ਰਸੰਗਕਤਾ। ਇਸ ਸਮੇਂ ਦੇਸ਼ ਦੇ ਸਾਹਮਣੇ ਸਭ ਤੋਂ ਭਿਆਨਕ ਰੂਪ ਵਿਚ ਪੇਸ਼ ਫ਼ਿਰਕਾਪ੍ਰਸਤੀ ਦੇ ਸਵਾਲ ਤੇ ਭਗਤ ਸਿੰਘ ਦੇ ਵਿਚਾਰ ਬਿਲਕੁਲ ਸਪੱਸ਼ਟ ਸਨ, ਮਹਾਤਮਾ ਗਾਂਧੀ ਤੋਂ ਕਿਤੇ ਵੱਧ ਸਪੱਸ਼ਟ। ਫ਼ਿਰਕੂ ਦੰਗੇ ਤੇ ਉਨ੍ਹਾਂ ਦੇ ਇਲਾਜ ਲਈ ਭਗਤ ਸਿੰਘ ਰਾਹੀਂ ਪੇਸ਼ ਬਦਲ ਦੀ ਲੋੜ ਹੈ। ਕੀ ਕੋਈ ਫ਼ਿਲਮ ਨਿਰਮਾਤਾ ਇਨ੍ਹਾਂ ਫ਼ਸਾਦਾਂ ਦੇ ਪ੍ਰਸੰਗ ਵਿਚ ਭਗਤ ਸਿੰਘ ਦਾ ਬਦਲ ਪੇਸ਼ ਕਰੇਗਾ ? ਇਸ ਲਈ ਭਗਤ ਸਿੰਘ ਦਾ ਲੇਖ 'ਮੈਂ ਨਾਸਤਕ ਕਿਉਂ ਹਾਂ',

'ਭਾਰਤ ਦੇ ਇਨਕਲਾਬੀ ਪ੍ਰੋਗਰਾਮ ਦਾ ਮਸੌਦਾ' ਅਤੇ ਨਾਲ ਹੀ 'ਸ਼ਹੀਦ ਦੀ ਜੇਲ੍ਹ ਨੋਟਬੁੱਕ' ਦੇ ਪ੍ਰਸੰਗ ਫ਼ਿਲਮ ਵਿਚ ਪੇਸ਼ ਕਰਨੇ ਜ਼ਰੂਰੀ ਹੋਣਗੇ, ਜੋ ਇਕ ਬਹੁਤ ਵੱਡੀ ਚੁਣੌਤੀ ਹੈ । ਜੇ ਫ਼ਿਲਮ ਨਿਰਮਾਤਾ-ਨਿਰਦੇਸ਼ਕ-ਕਲਾਕਾਰ ਭਗਤ ਸਿੰਘ ਵਿਚਾਰਧਾਰਾ ਨੂੰ ਜਾਣਦਾ ਸਮਝਦਾ ਤਕ ਨਹੀਂ ਤਾਂ ਉਹ ਭਗਤ ਸਿੰਘ ਤੇ ਫ਼ਿਲਮ 'ਚ ਉਸ ਦਾ ਵਿਗੜਿਆ ਅਕਸ ਪੇਸ਼ ਕਰ ਕੇ ਪੈਸਾ ਕਮਾਉਣ ਦੇ ਸਿਵਾ ਹੋਰ ਕੀ ਕਰੇਗਾ ? ਪਹਿਲਾਂ ਰਾਜ ਬੱਬਰ ਨੇ ਸ਼ਹੀਦ ਊਧਮ ਸਿੰਘ ਨੂੰ ਹਿੰਦੀ ਫ਼ਿਲਮਾਂ ਦੇ ਰੋਮਾਂਟਿਕ ਹੀਰੋ ਵਾਂਗ ਪੇਸ਼ ਕਰ ਦਿੱਤਾ । ਹੁਣ ਕੁਝ ਹੋਰ ਨਿਰਮਾਤਾ-ਨਿਰਦੇਸ਼ਕ ਭਗਤ ਸਿੰਘ ਨਾਲ ਉਹੋ ਸਲੂਕ ਕਰਨਗੇ ।

ਭਾਰਤ ਵਿਚ ਇਕ ਹੋਰ ਵਡੀ ਸਮੱਸਿਆ ਦਲਿਤ ਸਮੱਸਿਆ 'ਤੇ ਵੀ ਭਗਤ ਸਿੰਘ ਨੇ 1928 ਵਿਚ ਆਪਣੇ ਲੇਖ 'ਅਛੂਤ ਸਮੱਸਿਆ' ਵਿਚ ਗੰਭੀਰ ਵਿਚਾਰ ਕੀਤੀ ਹੈ । ਕੀ ਫ਼ਿਲਮ ਨਿਰਮਾਤਾ ਭਾਰਤੀ ਜਾਤੀ-ਵਿਵਸਥਾ ਦੇ ਪੂਰੇ ਗੁੰਝਲਦਾਰ ਤੰਤ੍ਰ ਨੂੰ ਉਵੇਂ ਹੀ ਸਮਝ ਸਕਦੇ ਹਨ ਜਿਵੇਂ ਕਿ ਭਗਤ ਸਿੰਘ ਨੇ ਸਮਝਿਆ ਹੈ ਅਤੇ ਉਸ ਨੂੰ ਆਪਣੇ ਵਿਚਾਰਾਂ ਵਿਚ ਢਾਲਿਆ ਹੈ ?

5 ਮਈ ਵਿਸ਼ਵ ਦੇ ਹੁਣ ਤਕ ਦੇ ਮਹਾਨਤਮ ਇਨਕਲਾਬੀ ਕਾਰਲ ਮਾਰਕਸ ਦਾ 160ਵਾਂ ਜਨਮ ਦਿਵਸ ਸੀ । ਸ਼ਹੀਦ ਭਗਤ ਸਿੰਘ ਨੇ ਸਿਰਫ਼ ਵੀਹ ਵਰ੍ਹਿਆਂ ਦੀ ਉਮਰ ਵਿਚ ਹੀ ਆਪਣੇ ਦਿਮਾਗ਼ ਨੂੰ ਮਾਰਕਸ ਦੇ ਵਿਚਾਰਾਂ ਨਾਲ ਰੌਸ਼ਨ ਕਰ ਲਿਆ ਸੀ ਅਤੇ ਫਿਰ ਉਸ ਦ੍ਰਿਸ਼ਟੀ ਨਾਲ ਆਪਣੇ ਤਿੰਨ-ਸਾਢੇ ਤਿੰਨ ਸਾਲ ਤਕ ਭਾਰਤੀ ਸਮਾਜ ਤੇ ਵਿਸ਼ਵ ਦੀਆਂ ਸਥਿਤੀਆਂ ਦਾ ਯਥਾਰਥ ਵਿਸ਼ਲੇਸ਼ਣ ਕਰਦਾ ਰਿਹਾ ਸੀ, ਜਿਨ੍ਹਾਂ ਨੂੰ ਭਗਤ ਸਿੰਘ ਦੀ 'ਜੇਲ੍ਹ ਨੋਟ ਬੁੱਕ' ਅਤੇ ਦਸਤਾਵੇਜ਼ਾਂ ਦੇ ਮਾਧਿਅਮ ਤੇ ਸਮਝਿਆ ਜਾ ਸਕਦਾ ਹੈ । ਭਗਤ ਸਿੰਘ ਦੇ ਜੀਵਨ ਤੇ ਸ਼ਖਸੀਅਤ ਤੇ ਫ਼ਿਲਮ ਜ਼ਰੂਰ ਬਣਨੀ ਚਾਹੀਦੀ ਹੈ, ਜਿਵੇਂ ਤੇਲਗੂ ਵਿਚ ਤੇਲੰਗਾਨਾ ਲੋਕ-ਲਹਿਰ 'ਤੇ ਬਣੀ ਫ਼ਿਲਮ 'ਮਾਂ-ਭੂਮੀ' ਸੀ । ਬਾਲੀਵੁੱਡ ਤੋਂ ਨਿਕਲ ਕੇ ਜੋ ਭਗਤ ਸਿੰਘ ਹਿੰਦੀ ਫ਼ਿਲਮ ਦੇ ਰੂਪ ਵਿਚ ਪਰਦੇ 'ਤੇ ਆਵੇਗਾ, ਉਹ ਭਾਰਤ ਦੇ ਕਰੋੜਾਂ ਮੇਹਨਤਕਸ਼ ਜਨਤਾ ਦੀ ਮੁਕਤੀ ਦਾ ਨਾਇਕ ਭਗਤ ਸਿੰਘ ਨਹੀਂ ਹੋਵੇਗਾ, ਉਹ ਤਾਂ ਚੰਦ ਮੱਧਵਰਗੀ ਖਾਂਦੇ-ਪੀਂਦੇ ਮੱਧਵਰਗੀ ਲੋਕਾਂ ਦਾ ਮਨੋਰੰਜਨ ਕਰ ਕੇ ਪੈਸਾ ਕਮਾਉਣ ਦਾ ਸਾਧਨ ਨਕਲੀ ਭਗਤ ਸਿੰਘ ਹੀ ਹੋਵੇਗਾ । ਹੋ ਸਕਦਾ ਹੈ ਕਿ ਮੇਰੀ ਇਹ ਧਾਰਨਾ ਇਕ ਤੁਅੱਸਬ ਸਿੱਧ ਹੋਵੇ ਅਤੇ ਇਕ ਅਸਲੀ ਇਨਕਲਾਬੀ ਭਗਤ ਸਿੰਘ ਫ਼ਿਲਮ ਦੇ ਪਰਦੇ ਰਾਹੀਂ ਮੁਕਤੀ ਲਈ ਤੜਪਦੀ ਕਰੋੜਾਂ-ਕਰੋੜਾਂ ਭਾਰਤੀ ਮੇਹਨਤਕਸ਼ ਜਨਤਾ ਲਈ ਮੁਕਤੀ ਦਾ ਸੰਦੇਸ਼ ਲੈ ਕੇ ਸਾਹਮਣੇ ਆ ਜਾਵੇ, ਤਾਂ ਮੈਨੂੰ ਆਪਣੀ ਪਹਿਲੀ ਧਾਰਨਾ ਗ਼ਲਤ ਸਿੱਧ ਹੋਣ ਦੀ ਖ਼ੁਸ਼ੀ ਹੋਵੇਗੀ । ਆਮੀਨ !

## ਲਾਹੌਰ ਅਤੇ ਉਸ ਦੇ ਆਲੇ-ਦੁਆਲੇ ਦਾ ਇਕ ਜਜ਼ਬਾਤੀ ਸਫ਼ਰ

ਮੈਂ ਭਗਤ ਸਿੰਘ ਦੇ ਪਚੰਤਰਵੇਂ ਸ਼ਹੀਦੀ ਦਿਵਸ ਉਤੇ 23 ਮਾਰਚ 2006 ਨੂੰ ਲਾਹੌਰ ਜਾਣ ਦੀ ਕੋਸ਼ਿਸ਼ ਕਰ ਰਿਹਾ ਸਾਂ । ਮੇਰੀ ਇਹ ਖ਼ਾਹਿਸ਼ ਸੀ ਕਿ ਭਾਰਤੀ ਅਤੇ ਪਾਕਿਸਤਾਨੀ ਲੋਕਾਂ ਨੂੰ ਇਸ ਇਤਿਹਾਸਕ ਘਟਨਾ ਨੂੰ ਇਕੱਠਿਆਂ ਮਨਾਉਣਾ ਚਾਹੀਦਾ ਹੈ ਪਰ ਮੇਰੀ ਇਹ ਖ਼ਾਹਿਸ਼ ਕਈ ਕਾਰਨਾਂ ਕਰ ਕੇ ਪੂਰੀ ਨਾ ਹੋ ਸਕੀ । ਪਰ ਇਸ ਸਾਲ ਇਕ ਸੱਦਾ ਅਚਨ-ਚੇਤ ਮਿਲਿਆ ਜਿਸ ਵਿਚ ਮੈਨੂੰ 13 ਅਪ੍ਰੈਲ ਨੂੰ ਡਾਕਟਰ ਬੀ.ਆਰ. ਅੰਬੇਡਕਰ ਦੇ ਲਾਹੌਰ ਵਿਚ ਮਨਾਏ ਜਾਣ ਵਾਲੇ ਜਨਮਦਿਨ ਦੇ ਮੌਕੇ 'ਤੇ ਉਨ੍ਹਾਂ ਉਪਰ ਪਰਚਾ ਲਿਖਣ ਲਈ ਕਿਹਾ ਗਿਆ ਸੀ । ਸੱਦਾ 'ਗੰਗਾਰਾਮ ਹੈਰੀਟੇਜ ਫਾਉਂਡੇਸ਼ਨ' ਵੱਲੋਂ ਸੀ । ਸਰ ਗੰਗਾਰਾਮ ਦਾ ਨਾਮ ਪੰਜਾਬ ਅਤੇ ਦਿੱਲੀ ਵਿਚ ਬੜਾ ਜਾਣਿਆ-ਪਛਾਣਿਆ ਨਾਂ ਹੈ । ਲਾਹੌਰ ਵਾਂਗ ਦਿੱਲੀ ਵਿਚ ਵੀ ਸਰ ਗੰਗਾਰਾਮ ਹਸਪਤਾਲ ਹੈ, ਜਿਹੜਾ ਆਪਣੀਆਂ ਚੰਗੀਆਂ ਸੇਵਾਵਾਂ ਲਈ ਜਾਣਿਆ ਜਾਂਦਾ ਹੈ । ਸਰ ਗੰਗਾਰਾਮ, ਭਾਈ ਰਾਮ ਸਿੰਘ ਵਾਂਗ ਹੀ ਇਕ ਬਹੁਤ ਵੱਡਾ ਆਰਕੀਟੈਕਟ ਸੀ, ਜਿਸ ਨੇ ਲਾਹੌਰ ਦੀਆਂ ਬਹੁਤ ਸਾਰੀਆਂ ਖ਼ੂਬਸੂਰਤ ਇਮਾਰਤਾਂ ਨੂੰ ਡੀਜ਼ਾਈਨ ਕੀਤਾ ਸੀ । ਉਸ ਨੇ ਪਟਿਆਲੇ ਅਤੇ ਅੰਮ੍ਰਿਤਸਰ ਦੀਆਂ ਵੀ ਕੁਝ ਮਹੱਤਵਪੂਰਨ ਬਿਲਡਿੰਗਾਂ ਨੂੰ ਡੀਜ਼ਾਈਨ ਕੀਤਾ ਸੀ । ਮੇਰੇ ਲਈ ਇਹ ਹੈਰਾਨੀ ਵਾਲੀ ਗੱਲ ਸੀ ਕਿ ਸਰ ਗੰਗਾਰਾਮ ਫਾਉਂਡੇਸ਼ਨ ਇਹ ਸੈਮੀਨਾਰ ਡਾ. ਅੰਬੇਡਕਰ ਉਤੇ ਕਰਵਾ ਰਹੀ ਸੀ । ਖ਼ੈਰ ਮੈਂ ਉਨ੍ਹਾਂ ਦਾ ਸੱਦਾ ਪ੍ਰਵਾਨ ਕਰ ਲਿਆ ਅਤੇ ਆਪਣਾ ਪਰਚਾ ਲਿਖ ਕੇ ਸਮੇਂ ਸਿਰ ਉਨ੍ਹਾਂ ਨੂੰ ਭੇਜ ਦਿੱਤਾ । ਬੰਗਲੌਰ ਤੋਂ ਛਪਣ ਵਾਲੇ ਪਰਚੇ 'ਦਲਿਤ ਵਾਇਸ' ਦਾ ਸੰਪਾਦਕ ਵੀ. ਟੀ. ਰਾਜਸ਼ੇਖਰ ਵੀ ਇਸ ਸੈਮੀਨਾਰ ਵਿਚ ਸ਼ਿਰਕਤ ਕਰ ਰਿਹਾ ਸੀ । ਯੂ.ਕੇ., ਨੇਪਾਲ ਅਤੇ ਪਾਕਿਸਤਾਨ ਤੋਂ ਵੀ ਬਹੁਤ ਸਾਰੇ ਵਿਦਵਾਨ ਇਸ ਸੈਮੀਨਾਰ ਵਿਚ ਭਾਗ ਲੈ ਰਹੇ ਸਨ । ਇਹ ਲਾਹੌਰ ਪਹੁੰਚਣ 'ਤੇ ਹੀ ਪਤਾ ਚੱਲਿਆ ਕਿ ਡਾਕਟਰ ਅੰਬੇਡਕਰ ਬਾਰੇ ਇਹ ਸੈਮੀਨਾਰ ਸਿਰਫ਼ ਲਾਹੌਰ ਵਿਚ ਹੀ ਨਹੀਂ ਹੋ ਰਿਹਾ ਸਗੋਂ 14 ਅਪ੍ਰੈਲ ਨੂੰ ਕਰਾਚੀ ਵਿਚ ਵੀ ਅਜਿਹਾ ਇਕ ਸੈਮੀਨਾਰ ਡਾਕਟਰ ਅੰਬੇਡਕਰ ਉਤੇ ਹੋ ਰਿਹਾ ਸੀ । ਕਰਾਚੀ ਦੇ ਸਮਾਗਮ ਵਿਚ ਵੀ ਭਾਰਤ ਦੇ ਕੁਝ ਦਲਿਤ ਵਿਦਵਾਨਾਂ ਨੂੰ ਬੁਲਾਇਆ ਗਿਆ ਸੀ ।

ਮੈਂ ਆਜ਼ਾਦੀ ਦੇ ਪਿੱਛੋਂ ਚੜ੍ਹਦੇ ਪੰਜਾਬ ਵਿਚ ਪੈਦਾ ਹੋਇਆ ਅਤੇ ਉਥੇ ਹੀ ਮੇਰੀ ਪਾਲਣਾ-ਪੋਸਣਾ ਹੋਈ । ਮੇਰੇ ਵਡੇਰੇ ਬਠਿੰਡਾ ਜ਼ਿਲ੍ਹੇ ਦੇ ਮਹਿਰਾਜ ਪਿੰਡ ਦੇ ਵਸਨੀਕ ਸਨ, ਇਸ ਲਈ ਮੇਰੇ ਮਨ ਵਿਚ ਲਾਹੌਰ ਅਤੇ ਪੱਛਮੀ ਪੰਜਾਬ ਨੂੰ ਵੇਖਣ ਜਾਣ ਲਈ ਜਜ਼ਬਾਤੀ ਤੌਰ 'ਤੇ ਉਤਸ਼ਾਹੀ ਹੋਣ ਦਾ ਕੋਈ ਖ਼ਾਸ ਕਾਰਨ ਵੀ ਨਹੀਂ ਸੀ । ਇਸ ਦੇ ਬਾਵਜੂਦ ਮੈਂ ਭਾਰੀ ਉਤਸ਼ਾਹ ਵਿਚ ਸਾਂ । ਇਸ ਦੇ ਦੋ ਕਾਰਨ ਹੋ ਸਕਦੇ ਸਨ । ਇਕ ਤਾਂ ਇਹ ਸੀ ਕਿ ਮੈਂ ਭਗਤ ਸਿੰਘ ਅਤੇ ਉਸ ਦੇ ਅੰਦੋਲਨ ਦੇ ਇਤਿਹਾਸ ਨਾਲ ਸੰਬੰਧਤ ਅਧਿਐਨ ਨਾਲ ਜੁੜਿਆ ਹੋਇਆ ਹਾਂ ਅਤੇ ਗ਼ਦਰ ਪਾਰਟੀ ਅਤੇ

ਕਰਤਾਰ ਸਿੰਘ ਸਰਾਭਾ ਵੀ ਮੇਰੀ ਖਿੱਚ ਦੇ ਕੇਂਦਰ ਬਣੇ ਰਹੇ ਹਨ। ਇਨ੍ਹਾਂ ਦੋਹਾਂ ਕੌਮੀ ਸ਼ਹੀਦਾਂ ਨੂੰ ਫਾਂਸੀ ਵੀ ਲਾਹੌਰ ਵਿਚ ਹੀ ਹੋਈ ਸੀ। ਦੂਜਾ ਕਾਰਨ ਉਹ ਲੋਕ-ਅਖਾਣ ਸੀ ਕਿ 'ਜਿਸ ਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਹੀ ਨਹੀਂ।' ਇਹ ਵੀ ਮੌਕਾਮੇਲ ਹੀ ਸਮਝੋ ਕਿ ਇਸ ਲੋਕ-ਕਥਨ 'ਤੇ ਆਧਾਰਿਤ ਅਸਗਰ ਵਜਾਹਤ ਦਾ ਹਿੰਦੀ ਨਾਟਕ ਇਨ੍ਹੀਂ ਦਿਨੀਂ ਦੋ ਵਾਰ ਲਾਹੌਰ ਵਿਚ ਖੇਡਿਆ ਗਿਆ ਸੀ। ਪਹਿਲੀ ਵਾਰ ਕਿਸੇ ਵਿਦੇਸ਼ ਯਾਤਰਾ 'ਤੇ ਜਾਣਾ ਵੀ ਮੇਰੇ ਉਤਸ਼ਾਹ ਦਾ ਕਾਰਨ ਹੋ ਸਕਦਾ ਹੈ।

ਮੈਂ ਸੋਚਦਾ ਸਾਂ ਕਿ ਮੈਂ ਇਕ 'ਪਰਾਏ' ਮੁਲਕ ਵਿਚ ਜਾ ਰਿਹਾ ਹਾਂ, ਅਤੇ ਮੈਨੂੰ ਇਕ ਵਿਦੇਸ਼ੀ ਵਾਂਗ ਹੀ ਇਥੇ ਵਿਚਰਨਾ ਚਾਹੀਦਾ ਹੈ, ਖ਼ਾਸ ਤੌਰ 'ਤੇ ਉਦੋਂ ਜਦੋਂ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਆਪਸੀ ਸੰਬੰਧ ਮਿੱਤਰਤਾਪੂਰਨ ਨਾ ਹੋਣ। ਪਰ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਮੈਂ ਲਾਹੌਰ ਵਿਚ ਦਿਨ-ਰਾਤ ਉਸੇ ਤਰ੍ਹਾਂ ਹੀ ਖੁੱਲ੍ਹ ਕੇ ਵਿਚਰਿਆ ਜਿਸ ਤਰ੍ਹਾਂ ਕੋਈ 'ਲਾਹੌਰੀਆ' ਵਿਚਰ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਜਦੋਂ ਮੈਂ ਲਾਹੌਰ ਏਅਰਪੋਰਟ ਤੇ ਉਤਰਿਆ, ਤਾਂ ਮੈਨੂੰ ਥੋੜ੍ਹੀ ਝਿਜਕ ਦਾ ਸਾਹਮਣਾ ਜ਼ਰੂਰ ਕਰਨਾ ਪਿਆ। ਮੈਨੂੰ ਜੋ ਵੀਜ਼ਾ ਮਿਲਿਆ ਸੀ, ਉਹ ਸਿੱਖ ਯਾਤਰੀਆਂ ਦੇ ਜੱਥੇ ਦੀ ਕੈਟੇਗਰੀ ਵਿਚ ਮਿਲਿਆ ਸੀ, ਜੋ ਕੁਦਰਤੀ ਹੀ ਇਨ੍ਹਾਂ ਦਿਨਾਂ ਵਿਚ ਵਿਸਾਖੀ ਦਾ ਤਿਉਹਾਰ ਮਨਾਉਣ ਪਾਕਿਸਤਾਨ ਜਾ ਰਿਹਾ ਸੀ। ਪਰ ਵੀਜ਼ੇ ਦੀਆਂ ਚਾਰ ਕਾਪੀਆਂ ਮੈਂ ਆਪਣੇ ਹੱਥੀਂ ਭਰੀਆਂ ਸਨ, ਉਨ੍ਹਾਂ ਵਿਚ ਅੱਠ ਥਾਂਵਾਂ ਨੂੰ ਵੇਖਣ ਦੀ ਆਗਿਆ ਵੀ ਮੰਗੀ ਹੋਈ ਸੀ, ਇਹ ਸ਼ਹਿਰ ਸਨ : ਟੈਕਸਲਾ, ਫ਼ੈਸਲਾਬਾਦ, ਪੇਸ਼ਾਵਰ ਆਦਿ। ਪਾਕਿਸਤਾਨ ਹਾਈ ਕਮਿਸ਼ਨ ਨੇ ਮੈਨੂੰ ਵੀਜ਼ਾ ਫਾਰਮਾਂ ਦੀਆਂ ਉਹ ਦੋ ਕਾਪੀਆਂ ਵਾਪਸ ਨਹੀਂ ਸਨ ਕੀਤੀਆਂ ਜਿਹੜੀਆਂ ਪਾਕਿਸਤਾਨ ਪਹੁੰਚਣ 'ਤੇ ਏਅਰਪੋਰਟ ਤੇ ਮੇਰੇ ਵੱਲੋਂ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਸਨ। ਮੇਰੇ ਪਾਸਪੋਰਟ ਉਤੇ ਸਿੱਖ ਯਾਤਰੀ ਹੋਣ ਦੀ ਮੋਹਰ ਲੱਗੀ ਹੋਈ ਸੀ। ਮੈਨੂੰ ਇਸ ਬਾਰੇ ਸ਼ੰਕਾ ਅਤੇ ਚਿੰਤਾ ਸੀ, ਅਤੇ ਮੈਂ ਪਾਕਿਸਤਾਨ ਦੇ ਅਧਿਕਾਰੀਆਂ ਨਾਲ ਇਹ ਸਾਂਝੀ ਵੀ ਕੀਤੀ, ਪਰ ਉਨ੍ਹਾਂ ਨੇ ਕਿਹਾ ਕਿ "ਨਿਸ਼ਚਿੰਤ ਰਹੋ, ਕੋਈ ਸਮੱਸਿਆ ਨਹੀਂ ਆਉਣ ਲੱਗੀ।" ਮੈਨੂੰ ਡਰ ਸੀ ਕਿ ਉਨ੍ਹਾਂ ਕਾਗ਼ਜ਼ਾਂ ਦੀ ਵਜ੍ਹਾ ਕਰ ਕੇ ਮੈਨੂੰ ਏਅਰਪੋਰਟ ਤੋਂ ਉਂਜ ਹੀ ਵਾਪਸ ਨਾ ਮੋੜ ਦਿੱਤਾ ਜਾਵੇ। ਇਹ ਖ਼ਦਸ਼ਾ ਸਹੀ ਸਾਬਤ ਹੋਇਆ ਜਦੋਂ ਏਅਰਪੋਰਟ ਉਤੇ ਡਿਊਟੀ ਦੇ ਰਹੀ ਕੁੜੀ ਇਸ ਗੱਲ 'ਤੇ ਬਜ਼ਿੱਦ ਹੋ ਗਈ ਕਿ ਉਨ੍ਹਾਂ ਦੋ ਕਾਗਜ਼ਾਂ ਦੇ ਨਾ ਹੋਣ ਦੀ ਵਜ੍ਹਾ ਕਰ ਕੇ ਮੈਨੂੰ ਵਾਪਸ ਜਾਣਾ ਪਵੇਗਾ। ਪਰ ਮੈਂ ਦਿਲ ਨਹੀਂ ਛੱਡਿਆ। ਉਹਨੇ ਆਪਣੇ ਸੀਨੀਅਰ ਅਫ਼ਸਰ ਨੂੰ ਬੁਲਾਇਆ। ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਤੁਸੀਂ ਮੈਨੂੰ ਵਾਪਸ ਭੇਜਣਾ ਚਾਹੁੰਦੇ ਹੋ ਤਾਂ ਬੇਸ਼ੱਕ ਭੇਜ ਦਿਓ। ਓਧਰ ਮੇਰੇ ਮੇਜ਼ਬਾਨ, ਜਿਨ੍ਹਾਂ ਨੇ ਮੈਨੂੰ ਸੱਦਿਆ ਅਤੇ ਟਿਕਟਾਂ ਵੀ ਭੇਜੀਆਂ ਹੋਈਆਂ ਸਨ, ਰਵਾਇਤੀ ਅੰਦਾਜ਼ ਵਿਚ ਮੇਰਾ ਸਵਾਗਤ ਕਰਨ ਲਈ, ਫੁੱਲਾਂ ਦੇ ਹਾਰ ਲਈ ਬਾਹਰ ਖਲੋਤੇ ਸਨ। ਉਹ ਮੇਰੇ ਤੋਂ ਵੀ ਜ਼ਿਆਦਾ ਪਰੇਸ਼ਾਨ ਸਨ, ਅਤੇ ਉਨ੍ਹਾਂ ਦੀ ਇਸ ਪਰੇਸ਼ਾਨੀ ਬਾਰੇ ਮੈਨੂੰ ਇਕ ਸਕਿਉਰਿਟੀ ਵਾਲੇ ਸੱਜਣ ਨੇ ਦੱਸਿਆ, ਜੋ ਉਨ੍ਹਾਂ ਦਾ ਸੁਨੇਹਾ ਲੈ ਕੇ ਆਇਆ ਸੀ। ਮੈਂ ਸਕਿਉਰਿਟੀ ਵਾਲੇ ਨੂੰ ਕਿਹਾ ਕਿ ਉਨ੍ਹਾਂ ਨੂੰ ਕਹੋ ਕਿ ਕੋਈ ਚਿੰਤਾ ਨਾ ਕਰਨ। ਮੈਂ ਸਥਿਤੀ ਨਾਲ ਆਪੇ ਨਿਪਟ ਲਵਾਂਗਾ। ਮੈਂ ਉਸ ਏਅਰਪੋਰਟ ਅਫ਼ਸਰ ਨੂੰ ਅਤੇ ਉਸ ਡਿਊਟੀ ਦੇ ਰਹੀ ਕੁੜੀ ਨੂੰ ਕਿਹਾ ਕਿ ਮੈਂ ਸੈਮੀਨਾਰ ਵਿਚ ਭਾਗ ਲੈਣ ਲਈ ਆਇਆ ਹਾਂ, ਅਤੇ ਉਨ੍ਹਾਂ ਲੋਕਾਂ ਵਿਚੋਂ ਹਾਂ, ਜਿਹੜੇ ਦੋਹਾਂ ਮੁਲਕਾਂ ਦੇ ਲੋਕਾਂ ਦੇ ਆਪਸੀ ਮਿਲਵਰਤਣ ਅਤੇ ਦੋਹਾਂ ਧਿਰਾਂ ਦੀ ਦੋਸਤੀ ਦੇ ਖ਼ਾਹਿਸ਼ਮੰਦ ਹਨ। ਮੈਂ ਉਨ੍ਹਾਂ ਨੂੰ ਆਪਣਾ ਸੱਦਾ-ਪੱਤਰ ਅਤੇ ਹੋਰ ਕਾਗਜ਼ਾਤ ਵੀ ਵਿਖਾਏ। ਮੈਂ ਉਰਦੂ ਅਤੇ ਅੰਗਰੇਜ਼ੀ ਵਿਚ ਗੱਲ ਕਰਨ ਦੀ ਥਾਂ ਉਨ੍ਹਾਂ ਨਾਲ ਠੇਠ ਪੰਜਾਬੀ ਵਿਚ ਗੱਲ ਕੀਤੀ। ਮੇਰੇ ਬੋਲਾਂ ਵਿਚਲੀ ਸਦਾਕਤ ਤੋਂ ਏਅਰਪੋਰਟ ਅਫ਼ਸਰ ਸੰਤੁਸ਼ਟ ਸੀ ਅਤੇ ਉਸ ਕੁੜੀ ਨੂੰ ਵੀ ਹੁਣ ਕੋਈ ਬਹੁਤਾ ਇਤਰਾਜ਼ ਨਹੀਂ ਸੀ ਰਹਿ ਗਿਆ। ਉਨ੍ਹਾਂ ਨਾਲ ਨਜਿੱਠਦਿਆਂ ਮੈਨੂੰ ਲਗਭਗ ਪੌਣਾ ਘੰਟਾ ਲੱਗ ਗਿਆ ਸੀ। ਮੈਂ ਬਾਹਰ ਆਇਆ। ਮੈਨੂੰ ਲੈਣ ਆਏ ਮਿੱਤਰਾਂ ਨੇ ਬੜੀ ਗਰਮਜੋਸ਼ੀ ਨਾਲ ਮੇਰਾ ਸਵਾਗਤ ਕੀਤਾ।

ਸਾਨੂੰ ਲਾਹੌਰ ਦੇ 'ਹਾਲੀਡੇ ਇਨ' ਹੋਟਲ ਵਿਚ ਠਹਿਰਾਇਆ ਗਿਆ, ਜੋ ਲਾਹੌਰ ਦੇ ਤਿੰਨ ਵੱਡੇ ਹੋਟਲਾਂ ਵਿਚੋਂ ਇਕ ਹੈ। ਸੈਮੀਨਾਰ ਵੀ ਇਸ ਹੋਟਲ ਦੇ ਕਾਨਫਰੰਸ ਹਾਲ ਵਿਚ ਹੀ ਹੋਣ ਵਾਲਾ ਸੀ। ਮੈਂ 12 ਤਰੀਕ ਨੂੰ ਲਾਹੌਰ ਪੁੱਜਾ ਜਦ ਕਿ ਸੈਮੀਨਾਰ 13 ਅਪ੍ਰੈਲ ਸ਼ਾਮ ਪੰਜ ਵਜੇ ਸ਼ੁਰੂ ਹੋਣਾ ਸੀ। 13 ਅਪ੍ਰੈਲ ਦੀ ਸਵੇਰ ਨੂੰ ਮੈਂ ਆਦਤਨ ਸਵੇਰ ਦੀ ਸੈਰ ਵਾਸਤੇ ਬਾਹਰ ਨਿਕਲਿਆ। ਮੈਂ ਬਾਹਰ ਜਾਣ ਸਮੇਂ ਹੋਟਲ ਵਾਲਿਆਂ ਨੂੰ ਪੁੱਛਿਆ ਕਿ ਕੀ ਮੈਨੂੰ ਆਪਣਾ ਪਾਸਪੋਰਟ ਨਾਲ ਲੈ ਕੇ ਜਾਣਾ ਚਾਹੀਦਾ ਹੈ? ਉਨ੍ਹਾਂ ਨੇ ਮੈਨੂੰ ਯਕੀਨ ਦਿਵਾਇਆ ਕਿ ਇਸ ਦੀ ਕੋਈ ਲੋੜ ਨਹੀਂ ਤੇ ਜੇ ਜ਼ਰੂਰਤ ਪਵੇ ਤਾਂ ਮੈਂ ਹੋਟਲ ਦਾ ਹਵਾਲਾ ਦੇ ਸਕਦਾ ਹਾਂ। ਪੂਰੇ ਅੱਠ ਦਿਨਾਂ ਵਿਚ ਮੈਨੂੰ ਕਿਸੇ ਵੀ ਪੁਲਿਸ ਵਾਲੇ ਜਾਂ ਸਕਿਉਰਿਟੀ ਵਾਲੇ ਨੇ ਕਦੇ ਮੇਰੀ ਕੋਈ ਪੁੱਛਗਿੱਛ ਨਾ ਕੀਤੀ। ਜਗ੍ਹਾ ਦੀ ਕੋਈ ਜਾਣਕਾਰੀ ਨਾ ਹੋਣ ਕਰ ਕੇ ਮੈਂ ਫ਼ੀਰੋਜ਼ਪੁਰ ਰੋਡ ਉਤੇ 'ਲਕਸ਼ਮੀ ਚੌਕ' ਤਕ ਸੈਰ ਕੀਤੀ। ਮੈਂ ਪੰਜਾਬ ਅਸੈਂਬਲੀ ਤਕ ਸੈਰ ਕਰ ਕੇ ਵਾਪਸ ਮੁੜ ਆਇਆ ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਇਹ ਪੰਜਾਬ ਅਸੈਂਬਲੀ ਹੈ। ਕਮਾਲ ਦੀ ਬਣੀ ਹੋਈ 'ਅਲੱਾਮਾ ਇਕਬਾਲ ਯਾਦਗਾਰੀ ਇਮਾਰਤ' ਵੀ ਹੋਟਲ ਦੇ ਸਾਹਮਣੇ ਹੀ ਸੀ ਅਤੇ ਅਜੋਕੇ ਲਾਹੌਰ ਦਾ ਸਭਿਆਚਾਰਕ ਕੇਂਦਰ 'ਅਲ ਹਮਰਾ' ਵੀ ਹੋਟਲ ਤੋਂ ਕੁਝ ਕਦਮਾਂ ਦੀ ਦੂਰੀ 'ਤੇ ਹੀ ਸੀ। ਇਸੇ ਤਰ੍ਹਾਂ ਮਾਲ ਰੋਡ, ਲਾਰੰਸ ਬਾਗ਼ ਜਾਂ ਕੰਪਨੀ ਬਾਗ਼ (ਜਿਸ ਨੂੰ ਅੱਜਕਲ੍ਹ ਬਾਗ਼-ਏ-ਜਿਨਾਹ ਦਾ ਨਾਮ ਦਿੱਤਾ ਗਿਆ ਹੈ) ਵੀ ਹੋਟਲ ਤੋਂ ਕੁਝ ਕੁ ਦੂਰੀ 'ਤੇ ਹੀ ਸਨ। ਅੰਮ੍ਰਿਤਸਰ ਅਤੇ ਲਾਹੌਰ ਦੋਹਾਂ ਸ਼ਹਿਰਾਂ ਵਿਚ ਹੀ ਇਸ ਨਾਮ ਦੇ ਬਾਗ਼ ਹਨ। ਸੈਮੀਨਾਰ ਸ਼ਾਮ ਨੂੰ ਸੀ ਅਤੇ ਮੈਂ ਥੋੜ੍ਹੇ ਚਿਰ ਲਈ ਬਾਹਰ ਘੁੰਮਣ-ਫਿਰਨ ਜਾਣਾ ਚਾਹੁੰਦਾ ਸਾਂ, ਪਰ ਗਿਆ ਨਾ। ਅਗਲਾ ਕੰਮ ਮੈਂ ਆਪਣੇ ਮੋਬਾਇਲ ਵਿਚ 'ਪਾਕਿਸਤਾਨੀ' ਸਿਮ ਕਾਰਡ ਪੁਆਉਣ ਦਾ ਕੀਤਾ ਤਾਂ ਕਿ ਮੈਂ ਲਾਹੌਰ ਰਹਿੰਦੇ ਆਪਣੇ ਜਾਣੂਆਂ ਤੇ ਹੋਰਨਾਂ ਨਾਲ

ਰਾਬਤਾ ਬਣਾ ਸਕਾਂ । ਕਰੰਸੀ ਦੀ ਕੋਈ ਸਮੱਸਿਆ ਨਹੀਂ ਸੀ । ਭਾਵੇਂ ਕਿ ਮੈਨੂੰ ਆਉਣ ਸਮੇਂ ਸਭ ਨੇ ਦੱਸਿਆ ਸੀ ਕਿ ਭਾਰਤੀ ਰੁਪਿਆ ਉਥੇ ਸਹਿਜੇ ਹੀ ਚਲ ਜਾਂਦਾ ਹੈ, ਤਦ ਵੀ ਮੈਂ ਏਅਰ-ਪੋਰਟ ਤੋਂ ਕੁਝ ਡਾਲਰ ਤਬਦੀਲ ਕਰਵਾ ਲਏ ਸਨ । ਇਹ ਗੱਲ ਸੱਚ ਵੀ ਨਿਕਲੀ । ਮੈਨੂੰ ਦਿੱਲੀ ਏਅਰਪਸਰਟ ਤੇ 'ਡਿਊਟੀ ਫਰੀ ਸ਼ਾਪ' ਤੋਂ ਇਲਾਵਾ ਇਕ ਵੀ ਡਾਲਰ ਪਾਕਿਸਤਾਨ ਵਿਚ ਖ਼ਰਚਣ ਦਾ ਅਵਸਰ ਨਾ ਮਿਲਿਆ ।

ਮਲਵਿੰਦਰਜੀਤ ਸਿੰਘ ਵੜੈਚ ਨੇ ਮੈਨੂੰ ਆਪਣੇ ਜੱਦੀ ਪਿੰਡ ਲੱਧੇਵਾਲ ਵੜੈਚ ਦੇ ਇਕ ਵਿਅਕਤੀ ਦਾ ਸੰਪਰਕ ਨੰਬਰ ਦਿੱਤਾ ਸੀ । ਉਹ ਆਦਮੀ ਏਨਾ ਭਾਵੁਕ ਹੋਇਆ ਕਿ ਮੇਰਾ ਫੋਨ ਸੁਣ ਕੇ ਤੁਰੰਤ ਦੋ ਘੰਟੇ ਕਾਰ ਦਾ ਸਫ਼ਰ ਕਰ ਕੇ ਮੇਰੇ ਸਵਾਗਤ ਲਈ ਸੈਮੀਨਾਰ ਵਿਚ ਪਹੁੰਚ ਗਿਆ । ਉਹ ਚਾਹੁੰਦਾ ਸੀ ਕਿ ਮੈਂ ਉਸ ਦੇ ਅਤੇ ਵੜੈਚ ਸਾਹਿਬ ਦੇ ਪਿੰਡ ਜ਼ਰੂਰ ਜਾਵਾਂ, ਪਰ ਸਮੇਂ ਦੀ ਘਾਟ ਕਾਰਨ ਮੈਂ ਜਾ ਨਾ ਸਕਿਆ ।

ਸੈਮੀਨਾਰ ਦਾ ਮੁੱਖ ਮਹਿਮਾਨ ਪੰਜਾਬ ਦਾ ਗਵਰਨਰ ਖ਼ਾਲਿਦ ਮਕਬੂਲ ਸੀ । ਸੈਮੀਨਾਰ ਲਗਭਗ ਸਮੇਂ ਅਨੁਸਾਰ ਸ਼ੁਰੂ ਹੋ ਗਿਆ ਸੀ ਪਰ ਗਵਰਨਰ ਓਦੋਂ ਪਹੁੰਚਿਆ ਜਦੋਂ ਮੈਂ ਬੋਲ ਰਿਹਾ ਸਾਂ । ਪਹਿਲਾ ਬੁਲਾਰਾ ਸ਼ਡਿਊਲ ਕਾਸਟ ਫੈਡਰੇਸ਼ਨ ਕਰਾਚੀ ਦਾ ਪ੍ਰਧਾਨ ਸੁਰੇਂਦਰ ਵਾਲਸਾਈ ਸੀ । ਉਹ ਪਾਕਿਸਤਾਨ ਵਿਚ ਦਲਿਤਾਂ ਦੀ ਹਾਲਤ ਬਾਰੇ ਵਿਸਥਾਰ ਨਾਲ ਬੋਲਿਆ, ਜਿਨ੍ਹਾਂ ਨੂੰ ਇਕ ਸਮੇਂ ਭਾਰਤ ਵਾਂਗ ਨੌਕਰੀਆਂ ਵਿਚ ਰੀਜ਼ਰਵੇਸ਼ਨ ਦਿੱਤੀ ਹੋਈ ਸੀ । ਫਿਰ ਇਕ ਪੜਾਅ 'ਤੇ ਇਹ ਰੀਜ਼ਰਵੇਸ਼ਨ ਵਾਪਸ ਲੈ ਲਈ ਗਈ ਸੀ । ਹੁਣ ਦਲਿਤ ਇਸ ਰੀਜ਼ਰਵੇਸ਼ਨ ਦੀ ਮੁੜ ਬਹਾਲੀ ਦੀ ਮੰਗ ਕਰ ਰਹੇ ਸਨ । ਡਾਕਟਰ ਅੰਬੇਡਕਰ ਪਾਕਿਸਤਾਨ ਦੇ ਦਲਿਤਾਂ ਵਿਚ ਬਹੁਤ ਮਕਬੂਲ ਹੈ ਅਤੇ ਇਨ੍ਹਾਂ ਦਲਿਤਾਂ ਵਿਚੋਂ ਬਹੁਤ ਸਾਰੇ ਈਸਾਈ ਹਨ । ਲਾਹੌਰ ਦੀ ਮਹਿਲਾ ਵਿਦਵਾਨ ਡਾਕਟਰ ਰੁਖ਼ਸਾਨਾ ਸਿੱਦੀਕੀ ਨੇ ਮੇਰੇ ਪਿੱਛੋਂ ਬੋਲਣਾ ਸੀ । ਇਸਲਾਮਾਬਾਦ ਵਿਚ ਯੂ.ਐਨ. ਦਾ ਪ੍ਰਤੀਨਿਧ ਸੁਲੇਮਾਨ ਆਸਿਫ਼ ਵੀ ਮੇਰੇ ਪਿੱਛੋਂ ਬੋਲਿਆ । ਆਸਿਫ਼ ਨੇ ਪਿਛਲੀ ਰਾਤ ਆਪਣੀ 'ਸ਼ੁੱਧ ਹਿੰਦੀ' ਨਾਲ ਮੈਨੂੰ ਚਕ੍ਰਿਤ ਕਰ ਦਿੱਤਾ ਸੀ । ਉਹ ਹਿੰਦੀ ਅਤੇ ਸੰਸਕ੍ਰਿਤ ਸਾਹਿਤ ਦਾ ਏਨਾ ਗਿਆਤਾ ਸੀ ਕਿ ਮੈਨੂੰ ਪਾਕਿਸਤਾਨੀ ਲੋਕਾਂ ਬਾਰੇ ਆਪਣੀ ਅਗਿਆਨਤਾ ਬਾਰੇ ਸੋਚ ਕੇ ਬੜਾ ਅਜੀਬ ਮਹਿਸੂਸ ਹੋਇਆ । ਤਿਰੂਭਵਨ ਯੂਨੀਵਰਸਿਟੀ ਦਾ ਡਾਕਟਰ ਸ਼ਿਆਮ ਕਾਤੂਵਾਲ ਅਗਲਾ ਬੁਲਾਰਾ ਸੀ । ਯੂ.ਕੇ. ਤੋਂ ਪਾਕਿਸਤਾਨੀ ਇਤਿਹਾਸਕਾਰ ਡਾਕਟਰ ਫ਼ਕੀਰ ਮੁਹੰਮਦ ਭੱਟੀ ਵੀ ਮੇਰੇ ਬਾਅਦ ਬੋਲਿਆ । ਵੀ.ਟੀ. ਰਾਜਸ਼ੇਖਰ ਗਵਰਨਰ ਤੋਂ ਪਹਿਲਾਂ ਬੋਲਿਆ । ਪਹਿਲਾਂ ਗੰਗਾਰਾਮ ਫਾਊਂਡੇਸ਼ਨ ਦੇ ਡਾਇਰੈਕਟਰ ਯੂਸਫ਼ ਬੁਖ਼ਾਰੀ ਨੇ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ ਫਾਊਂਡੇਸ਼ਨ ਦੇ ਉਦੇਸ਼ ਬਾਰੇ ਜਾਣਕਾਰੀ ਦਿੱਤੀ । ਵੀ.ਟੀ. ਰਾਜਸ਼ੇਖਰ ਅਤੇ ਮੈਂ ਦੋਵਾਂ ਮੁਲਕਾਂ ਦੀ ਆਪਸੀ ਨੇੜਤਾ ਬਾਰੇ ਚਰਚਾ ਕੀਤੀ । ਮੈਂ ਲਾਹੌਰ ਸ਼ਹਿਰ ਅਤੇ ਭਗਤ ਸਿੰਘ ਬਾਰੇ ਗੱਲਾਂ ਕਰਦਿਆਂ ਥੋੜ੍ਹਾ ਭਾਵੁਕ ਹੋ ਗਿਆ । ਡਾਕਟਰ ਅੰਬੇਡਕਰ ਦੀ ਮਾਨਵਵਾਦੀ ਫ਼ਿਲਾਸਫ਼ੀ ਬਾਰੇ ਚਰਚਾ ਕਰਨ ਤੋਂ ਇਲਾਵਾ, ਮੈਂ ਸਰੋਤਿਆਂ ਨੂੰ ਕਿਹਾ ਕਿ ਮੇਰੇ ਅਤੇ ਤੁਹਾਡੇ ਸਾਰਿਆਂ ਲਈ ਲਾਹੌਰ ਦੀ ਧਰਤੀ ਬੜੀ ਮੁਕੱਦਸ ਧਰਤੀ ਹੈ ਕਿਉਂਕਿ ਇਥੇ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਜਿਹੇ ਸ਼ਹੀਦਾਂ ਦਾ ਖ਼ੂਨ ਡੁੱਲ੍ਹਿਆ ਹੈ । ਮੈਂ ਇਹ ਵੀ ਕਿਹਾ ਕਿ ਜੱਲ੍ਹਿਆਂਵਾਲੇ ਬਾਗ਼ ਦੀ ਧਰਤੀ ਵੀ ਤੁਹਾਡੇ ਦੋਵਾਂ ਲਈ ਬੜੀ ਪਵਿੱਤਰ ਧਰਤੀ ਹੈ ਕਿਉਂਕਿ ਉਥੇ ਵੀ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਲਹੂ ਡੁੱਲ੍ਹਿਆ ਸੀ । ਮੈਂ ਸਰੋਤਿਆਂ ਨੂੰ ਕਿਹਾ ਕਿ ਭਗਤ ਸਿੰਘ ਜਿੰਨਾ ਸਾਡਾ ਹੈ ਓਨਾ ਹੀ ਤੁਹਾਡਾ ਵੀ ਹੈ ਕਿਉਂਕਿ ਉਹ ਇਧਰ ਹੀ ਪੈਦਾ ਹੋਇਆ, ਉਸ ਨੇ ਬਹੁਤਾ ਕੰਮ ਵੀ ਇਥੇ ਹੀ ਕੀਤਾ ਅਤੇ ਸ਼ਹੀਦੀ ਵੀ ਲਾਹੌਰ ਵਿਚ ਹੀ ਪ੍ਰਾਪਤ ਕੀਤੀ । ਮੈਂ ਉਨ੍ਹਾਂ ਨੂੰ ਦੱਸਿਆ ਕਿ ਭਗਤ ਸਿੰਘ ਸਾਡੇ ਲਈ ਤਾਂ ਕੌਮੀ ਹੀਰੋ ਹੈ ਜਦਕਿ ਉਨ੍ਹਾਂ ਨੇ ਭਗਤ ਸਿੰਘ ਨੂੰ ਆਪਣਿਆਂ ਵਾਂਗ ਨਹੀਂ ਅਪਣਾਇਆ । ਮੈਂ 1947 ਵਿਚ ਆਪਣੇ ਰਾਜਸੀ ਮਨੋਰਥਾਂ ਦੀ ਪੂਰਤੀ ਲਈ ਸਵਾਰਥੀ ਰਾਜਨੀਤਕ ਲੋਕਾਂ ਵੱਲੋਂ ਫੈਲਾਈ ਫ਼ਿਰਕੂ ਨਫ਼ਰਤ ਅਤੇ ਕੀਤੇ ਵਹਿਸ਼ੀਆਨਾ ਵਿਹਾਰ ਬਾਰੇ ਵੀ ਗੱਲ ਕੀਤੀ ਜਿਸ ਦੇ ਫਲਸਰੂਪ ਦੋਵਾਂ ਪਾਸਿਆਂ ਤੋਂ ਸਾਰੇ ਭਾਈਚਾਰਿਆਂ ਦੇ ਲੱਖਾਂ ਲੋਕਾਂ ਨੂੰ ਅਕਹਿ ਦੁੱਖਾਂ ਦਾ ਸਾਹਮਣਾ ਕਰਨਾ ਪਿਆ । ਮੈਂ ਕੰਡੇਦਾਰ ਤਾਰ ਦੇ ਉਰਾਰ-ਪਾਰ ਵੱਸਦੇ ਸਾਰੇ ਭੈਣ-ਭਰਾਵਾਂ ਨੂੰ ਬੇਨਤੀ ਕੀਤੀ ਕਿ ਭਾਵੇਂ ਬੀਤਿਆ ਭੁਲਾਇਆ ਨਹੀਂ ਜਾ ਸਕਦਾ, ਪਰ ਇਸ ਤੋਂ ਸਬਕ ਤਾਂ ਸਿੱਖਿਆ ਹੀ ਜਾ ਸਕਦਾ ਹੈ । ਗਵਰਨਰ ਖ਼ਾਲਿਦ ਮਕਬੂਲ ਨੇ ਬੜੀ ਦਲੀਲ ਨਾਲ ਆਪਣੇ ਵਿਚਾਰ ਪੇਸ਼ ਕੀਤੇ ਅਤ ਡਾਕਟਰ ਅੰਬੇਡਕਰ ਨੂੰ ਸ਼ਰਧਾਂਜਲੀ ਅਰਪਣ ਕੀਤੀ । ਪ੍ਰੋਗਰਾਮ ਦੇ ਖ਼ਤਮ ਹੋਣ ਪਿੱਛੋਂ ਬਹੁਤ ਸਾਰੇ ਲੋਕ ਮੇਰੇ ਕੋਲ ਆ ਕੇ ਬੜੀ ਗਰਮਜੋਸ਼ੀ ਨਾਲ ਮੇਰੇ ਗਲ਼ੇ ਲੱਗ ਕੇ ਮਿਲੇ । ਸਾਡੇ ਸਾਂਝੇ ਸਭਿਆਚਾਰਕ ਰਿਸ਼ਤਿਆਂ ਬਰੇ ਪੇਸ਼ ਕੀਤੇ ਮੇਰੇ ਵਿਚਾਰਾਂ ਨੇ ਉਨ੍ਹਾਂ ਦੇ ਮਨਾਂ ਨੂੰ ਛੋਹ ਲਿਆ ਸੀ ।

ਰਾਤ ਦੇ ਖਾਣੇ ਵੇਲੇ ਮੈਂ ਪਾਕਿਸਤਾਨ ਦੇ ਦਲਿਤ ਸਮਾਜ ਦੇ ਪ੍ਰਤੀਨਿਧਾਂ ਨੂੰ ਮਿਲਿਆ । ਉਨ੍ਹਾਂ ਵਿਚੋਂ ਬਹੁਤੇ ਈਸਾਈ ਬਰਾਦਰੀ ਨਾਲ ਸੰਬੰਧ ਰੱਖਦੇ ਸਨ ਅਤੇ ਉਹ ਪੰਜਾਬ ਅਸੈਂਬਲੀ ਜਾਂ ਜ਼ਿਲ੍ਹਾ ਅਸੈਂਬਲੀ ਦੇ ਮੈਂਬਰ ਸਨ । ਲੈਫਟੀਨੈਂਟ ਜਨਰਲ (ਰਿਟਾਇਰਡ) ਜ਼ੁਲਫ਼ਿਕਾਰ ਅਲੀ ਖ਼ਾਨ ਵੀ ਇਸ ਮੌਕੇ ਹਾਜ਼ਰ ਸੀ । ਉਹ ਐਵੇਕਿਊਜ਼ ਪ੍ਰਾਪਰਟੀ ਟਰੱਸਟ ਬੋਰਡ ਦਾ ਚੇਅਰਮੈਨ ਹੈ । ਇਹ ਜਾਣਕਾਰੀ ਦਿਲਚਸਪ ਲੱਗੀ ਕਿ ਪਾਕਿਸਤਾਨ ਸਰਕਾਰ ਨੇ ਪਿਛਲੇ ਦੋ-ਤਿੰਨ ਸਾਲ ਵਿਚ ਗੰਗਾਰਾਮ ਫਾਊਂਡੇਸ਼ਨ ਕਾਇਮ ਕਰਨ ਅਤੇ ਨਾਲ ਹੀ ਦਿਆਲ ਸਿੰਘ ਰੀਸਰਚ ਐਂਡ ਫਾਊਂਡੇਸ਼ਨ ਕਾਇਮ ਕਰਨ ਦੀ ਆਗਿਆ ਦੇ ਦਿੱਤੀ ਹੈ । ਗੰਗਾਰਾਮ ਫਾਊਂਡੇਸ਼ਨ ਅਗਰਵਾਲ ਗਲੀ ਦੀ ਅਗਰਵਾਲ ਧਰਮਸ਼ਾਲਾ ਵਿਚ ਸਥਿਤ ਹੈ । ਧਰਮਸ਼ਾਲਾ ਦੀ ਹਾਲਤ ਚੰਗੀ ਨਹੀਂ ਸੀ ਅਤੇ ਹੁਣ ਇਸ ਨੂੰ ਠੀਕ ਕੀਤਾ ਜਾ ਰਿਹਾ ਹੈ । ਸਿੱਖ ਜੱਥੇ ਦੇ ਬਹੁਤ ਸਾਰੇ ਮੈਂਬਰ ਵੀ ਉਨ੍ਹੀਂ ਦਿਨੀਂ ਇਸ ਧਰਮਸ਼ਾਲਾ ਵਿਚ ਠਹਿਰੇ ਹੋਏ ਸਨ । ਵਿਸਾਖੀ ਦੇ ਦਿਹਾੜੇ ਉਤੇ, ਜਿਹੜਾ ਦਿਆਲ ਸਿੰਘ ਫਾਊਂਡੇਸ਼ਨ ਵੱਲੋਂ ਆਪਣੇ ਤੌਰ ਤੇ ਮਨਾਇਆ ਜਾ ਰਿਹਾ ਸੀ, ਪਾਕਿਸਤਾਨ ਸਰਕਾਰ ਨੇ

ਨਕਾਣਾ ਸਾਹਿਬ ਜਾਂ ਟੈਕਸਲਾ ਵਿਖੇ ਗੁਰੂ ਨਾਨਕ ਯੂਨੀਵਰਸਿਟੀ ਕਾਇਮ ਕਰਨ ਦਾ ਐਲਾਨ ਕੀਤਾ । ਪੰਜਾਬ ਦੇ ਗਵਰਨਰ ਨੇ ਉਸ ਪ੍ਰੋਗਰਾਮ ਵਿਚ ਵੀ ਸ਼ਿਰਕਤ ਕੀਤੀ । ਇਥੇ ਭਾਰਤੀ ਜੱਥੇ ਦੇ ਮੈਂਬਰ ਵੀ ਹਾਜ਼ਰ ਸਨ ।

ਮੈਂ 21 ਅਪ੍ਰੈਲ ਦੀ ਦੁਪਹਿਰ ਤਕ ਲਾਹੌਰ ਵਿਚ ਸਾਂ ਅਤੇ ਮੈਂ ਚਾਹੁੰਦਾ ਸਾਂ ਕਿ ਏਥੇ ਆਪਣੀ ਠਹਿਰ ਦਾ ਵੱਧ ਤੋਂ ਵੱਧ ਲਾਭ ਲੈ ਸਕਾਂ । ਮੇਰਾ ਮਕਸਦ ਲੇਖਕਾਂ/ਵਿਦਵਾਨਾਂ ਅਤੇ ਆਪਣੀ ਸੋਚ ਦੇ ਬੰਦਿਆਂ ਨੂੰ ਮਿਲਣਾ ਅਤੇ ਇਤਿਹਾਸਕ ਥਾਵਾਂ ਨੂੰ ਵੇਖਣਾ ਸੀ । ਮੈਂ ਪਹਿਲਾਂ ਯਾਤਰੂ ਬਣ ਕੇ ਸ਼ੁਰੂਆਤ ਕੀਤੀ । ਮੇਰਾ ਪਹਿਲਾ ਪੜਾਅ ਪ੍ਰਸਿੱਧ ਲਾਹੌਰ ਮਿਊਜ਼ੀਅਮ ਸੀ । ਮੈਨੂੰ ਆਜ਼ਾਦੀ ਸੰਗਰਾਮ ਨਾਲ ਸੰਬੰਧਿਤ ਕਾਲੀਆਂ-ਚਿੱਟੀਆਂ ਤਸਵੀਰਾਂ ਦੇ ਸੈਕਸ਼ਨ ਨੇ ਸਭ ਤੋਂ ਵੱਧ ਆਕ੍ਰਸ਼ਿਤ ਕੀਤਾ । ਲਾਹੌਰ ਵਿਚ ਇਹ ਪਾਕਿਸਤਾਨ ਦੀ ਆਜ਼ਾਦੀ ਦੀ ਜੱਦੋ-ਜਹਿਦ ਸੀ ਜਦਕਿ ਮੇਰੇ ਲਈ ਇਹ ਸਾਂਝੇ ਸੰਘਰਸ਼ ਦੀ ਦਾਸਤਾਂ ਸੀ । ਮੈਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਅਤੇ ਬਲਦੇਵ ਸਿੰਘ ਦੀਆਂ ਤਸਵੀਰਾਂ ਵੇਖੀਆਂ ਜਿਨ੍ਹਾਂ ਦੇ ਨਾਲ ਲਿਆਕਤ ਅਲੀ ਖ਼ਾਨ, ਅਬਦੁੱਲ ਗ਼ਫ਼ਾਰ ਖ਼ਾਨ ਆਦਿ ਦੀਆਂ ਤਸਵੀਰਾਂ ਸਨ । ਬਹੁਤ ਸਾਰੀਆਂ ਤਸਵੀਰਾਂ ਫ਼ਾਤਮਾ ਜਿਨਾਹ ਦੀਆਂ ਵੀ ਸਨ । ਜਿਨਾਹ ਦੀ ਪਾਰਸੀ ਪਤਨੀ, ਰੱਤੀ, ਤੇ ਉਨ੍ਹਾਂ ਦੀ ਧੀ ਦੀਨਾ ਦੀਆਂ ਤਸਵੀਰਾਂ ਨੇ ਮੇਰਾ ਉਚੇਚਾ ਧਿਆਨ ਖਿੱਚਿਆ । ਉਥੇ ਗੰਧਾਰ ਕਲਾ-ਸ਼ੈਲੀ ਦਾ ਇਕ ਵੱਖਰਾ ਮੁਕੰਮਲ ਸੈਕਸ਼ਨ ਸੀ ਜਿਸ ਵਿਚ ਬੋਧੀ ਪਰੰਪਰਾ ਕਲਾ ਦੇ ਨਮੂਨੇ ਸਨ । ਇੰਜ ਹੀ ਉਥੇ ਸਿੱਖ ਆਰਟ ਨਾਲ ਸੰਬੰਧਿਤ ਇਕ ਪੂਰਾ ਸੈਕਸ਼ਨ ਸੀ । ਪੁਰਾਣੀਆਂ ਡਿਉਢੀਆਂ ਵੀ ਖਿੱਚ ਪਾਉਂਦੀਆਂ ਸਨ । ਪ੍ਰਸਿੱਧ ਨੈਸ਼ਨਲ ਕਾਲਜ ਆਫ ਆਰਟ ਇਸ ਮਿਊਜ਼ੀਅਮ ਦੇ ਨਾਲ ਹੀ ਸਥਿਤ ਸੀ ਪਰ ਮੈਂ ਇਸ ਨੂੰ ਬਾਅਦ ਵਿਚ ਹੀ ਦੇਖ ਸਕਿਆ । ਮੈਂ ਹਾਲ ਹੀ ਵਿਚ ਕਾਲਜ ਵੱਲੋਂ ਪ੍ਰਕਾਸ਼ਿਤ ਕੀਤੀਆਂ ਤਿੰਨ ਕਿਤਾਬਾਂ ਵੇਖੀਆਂ । ਇਨ੍ਹਾਂ ਵਿਚੋਂ ਦੋ ਸਰ ਗੰਗਾਰਾਮ ਬਾਰੇ ਅਤੇ ਇਕ ਭਾਈ ਰਾਮ ਸਿੰਘ ਬਾਰੇ । ਇੰਝ ਜਾਪਦਾ ਹੈ ਕਿ ਹੌਲੀ-ਹੌਲੀ ਪਰ ਮਜ਼ਬੂਤੀ ਨਾਲ ਪਾਕਿਸਤਾਨ, ਵਿਸ਼ੇਸ਼ ਤੌਰ ਤੇ ਪੰਜਾਬ, ਆਪਣੀ ਵਿਰਾਸਤ ਦੀ ਪਰੰਪਰਿਕ ਅਮੀਰੀ ਨੂੰ, ਭਾਵੇਂ ਉਹ ਇਸਲਾਮਿਕ ਨਾ ਵੀ ਹੋਵੇ, ਅਪਨਾ ਰਿਹਾ ਹੈ ।

ਜੇ ਤੁਸੀਂ ਸ਼ਾਕਾਹਾਰੀ ਹੋ ਤਾਂ ਬਾਜ਼ਾਰ ਵਿਚ ਖਾਣਾ ਖਾਣ ਲਈ ਤੁਹਾਨੂੰ ਚੰਗੀ ਬਣੀ ਹੋਈ ਸਬਜ਼ੀ ਮੁਸ਼ਕਿਲ ਨਾਲ ਹੀ ਮਿਲ ਸਕੇਗੀ ਜਦਕਿ ਮਾਸਾਹਾਰੀਆਂ ਲਈ ਲਾਹੌਰ ਸਵਰਗ ਹੈ । ਅਨਾਰਕਲੀ ਅਤੇ ਗਵਾਲ ਮੰਡੀ ਦੀ ਫੂਡ ਸਟਰੀਟ ਦੀ ਏਨੀ ਬੇਤਾਬ ਖਿੱਚ ਹੁੰਦੀ ਹੈ ਕਿ ਏਥੇ ਲਾਹੌਰ ਸਾਰੀ ਰਾਤ ਜਾਗਦਾ ਰਹਿੰਦਾ ਹੈ । ਇਕ ਰਾਤ ਫੂਡ ਸਟਰੀਟ ਵਿਚੋਂ ਅਸੀਂ ਅੱਧੀ ਰਾਤ ਤੋਂ ਬਾਅਦ ਇਕ ਵਜੇ ਵਿਹਲੇ ਹੋਏ ਅਤੇ ਬਾਗ਼-ਏ-ਜਿਨਾਹ ਦੀਆਂ ਸ਼ਿਮਲਾ ਪਹਾੜੀਆਂ ਵੱਲ ਚੱਲ ਪਏ ਜਿਥੇ ਰਾਤ ਦੇ ਦੋ ਵਜੇ ਕਲਾਸੀਕਲ ਸੰਗੀਤ ਦਾ ਪ੍ਰੋਗਰਾਮ ਚੱਲ ਰਿਹਾ ਸੀ । ਫ਼ਰੀਦਾ ਖ਼ਾਨਮ ਨੇ ਅਜੇ ਹੁਣੇ ਹੀ ਆਪਣਾ ਗਾਇਨ ਸਮਾਪਤ ਕੀਤਾ ਸੀ । ਲਾਹੌਰ ਸਭਿਆਚਾਰਕ ਤੌਰ 'ਤੇ ਏਨਾ ਜਾਗ੍ਰਿਤ ਸ਼ਹਿਰ ਹੈ ਕਿ ਵੇਖ ਕੇ ਹੈਰਾਨ ਰਹਿ ਜਾਈਦਾ ਹੈ । ਮੈਨੂੰ ਆਪਣੇ ਵਿਦਿਆਰਥੀ ਜੀਵਨ ਦੇ ਉਹ ਦਿਨ ਯਾਦ ਆਏ ਜਦੋਂ ਮੈਂ ਜੇ.ਐਨ.ਯੂ. ਵਿਚ ਪੜ੍ਹਦਾ ਸਾਂ ਅਤੇ ਦੇਰ ਰਾਤ ਗਏ ਮਾਵਲੰਕਰ ਹਾਲ ਵਿਚ ਕਲਾਸੀਕਲ ਸੰਗੀਤ ਸੁਣਨ ਜਾਇਆ ਕਰਦਾ ਸਾਂ । ਦਿੱਲੀ ਵਿਚ ਤਾਂ ਉਹ ਦਿਹਾੜੇ ਲੱਦ ਗਏ ਹਨ ਪਰ ਲਾਹੌਰ ਇਸ ਪੱਖੋਂ ਅਜੇ ਜਿਉਂਦਾ ਹੈ ।

ਸ਼ਾਹੀ ਕਿਲ੍ਹੇ ਨੂੰ ਵੇਖ ਕੇ ਬਹੁਤੀ ਖ਼ੁਸ਼ੀ ਨਾ ਹੋਈ । ਇਸ ਨੂੰ ਚੰਗੀ ਤਰ੍ਹਾਂ ਨਹੀਂ ਸੀ ਸੰਭਾਲਿਆ ਗਿਆ । ਪੰਜਾਬ ਉਤੇ ਇਕ ਸਮੇਂ ਰਾਜ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਵੀ ਇਥੇ ਸੀ । ਪੰਜਵੇਂ ਗੁਰੂ ਦੀ ਯਾਦ ਵਿਚ ਬਣਿਆ ਗੁਰਦਵਾਰਾ ਡੇਹਰਾ ਸਾਹਿਬ ਵੀ ਨਜ਼ਦੀਕ ਹੀ ਹੈ । ਇਸ ਦੇ ਨੇੜੇ ਹੀ 1947 ਤੋਂ ਪਿੱਛੋਂ ਬਣਿਆ ਮੀਨਾਰ-ਏ-ਪਾਕਿਸਤਾਨ ਹੈ, ਜਿਸ ਦੀਆਂ ਕੰਧਾਂ ਉਤੇ ਪਾਕਿਸਤਾਨ ਦਾ ਮਤਾ ਲਿਖਿਆ ਹੋਇਆ ਹੈ । ਇਹ ਮਤਾ ਅੰਗਰੇਜ਼ੀ, ਉਰਦੂ, ਪੰਜਾਬੀ ਅਤੇ ਬੰਗਾਲੀ ਵਿਚ ਉੱਕਰਿਆ ਹੋਇਆ ਹੈ ।

ਭਗਤ ਸਿੰਘ ਦੇ ਕਾਰਨਾਮਿਆਂ ਨਾਲ ਸੰਬੰਧਿਤ ਥਾਵਾਂ ਨੂੰ ਵੇਖਣਾ ਮੇਰੇ ਲਈ ਇਕ ਹੋਰ ਵੱਡੀ ਖਿੱਚ ਸੀ । ਪ੍ਰਸਿੱਧ ਅਗਾਂਹਵਧੂ ਪੰਜਾਬੀ ਕਹਾਣੀਕਾਰ ਜ਼ੁਬੈਰ ਦੇ ਸੰਗ-ਸਾਥ ਵਿਚ ਪਹਿਲਾਂ ਮੈਂ ਬਰੈਡਲਾ ਹਾਲ ਵੇਖਣ ਗਿਆ, ਜਿਸ ਦੀ ਮਹੱਤਤਾ ਨੂੰ ਹੁਣ ਉਥੇ ਬਹੁਤ ਘੱਟ ਲੋਕ ਜਾਣਦੇ ਹਨ । ਹਾਲ ਚੰਗੀ ਹਾਲਤ ਵਿਚ ਨਹੀਂ ਸੀ ਅਤੇ ਇਥੇ ਕੋਈ ਟਰੇਨਿੰਗ ਸਕੂਲ ਚੱਲ ਰਿਹਾ ਸੀ । ਇਮਾਰਤ ਦੇ ਆਕਾਰ ਤੋਂ ਇਹ ਲੱਗਦਾ ਸੀ ਕਿ ਕਿਸੇ ਵੇਲੇ ਇਹ ਬੜੀ ਵੱਡੀ ਇਮਾਰਤ ਹੋਵੇਗੀ । ਚੰਗੀ ਕਿਸਮਤ ਨੂੰ ਅਜੇ ਇਸ ਦਾ ਨੀਂਹ-ਪੱਥਰ ਸੁਰੱਖਿਅਤ ਹੈ । ਆਜ਼ਾਦੀ ਸੰਗਰਾਮ ਦੇ ਇਸ ਹੈੱਡਕੁਆਰਟਰ ਦੀ ਨੀਂਹ 1900 ਵਿਚ ਸੁਰੇਂਦਰ ਨਾਥ ਸੇਨ ਨੇ ਰੱਖੀ ਸੀ । ਇਹ ਚੰਗਾ ਹੋਵੇਗਾ ਕਿ ਭਾਰਤ ਸਰਕਾਰ ਆਪਣੇ ਪ੍ਰਭਾਵ ਦੀ ਵਰਤੋਂ ਕਰ ਕੇ ਪਾਕਿਸਤਾਨ ਸਰਕਾਰ ਕੋਲੋਂ ਇਸ ਨੂੰ 'ਵਿਰਾਸਤੀ ਇਮਾਰਤ' ਵਜੋਂ ਸਾਂਭੇ ਜਾਣ ਦੀ ਗੱਲ ਮੰਨਵਾ ਲਵੇ । ਲਾਹੌਰ ਦਾ ਲਾਲਾ ਲਾਜਪਤ ਰਾਏ ਹਾਲ, ਜਿਥੇ ਪ੍ਰਸਿੱਧ ਦਵਾਰਕਾ ਦਾਸ ਲਾਇਬ੍ਰੇਰੀ (ਜਿਹੜੀ ਹੁਣ ਚੰਡੀਗੜ੍ਹ ਵਿਚ ਹੈ) ਸੀ, ਵਿਚ ਹੁਣ ਪਾਕਿਸਤਾਨੀ ਪੁਲਿਸ ਦਾ 'ਫਿੰਗਰ ਪ੍ਰਿੰਟ ਬਿਊਰੋ' ਹੈ । ਮੈਂ ਇਸ ਥਾਂ ਨੂੰ ਨਾ ਵੇਖ ਸਕਿਆ । ਮੈਂ ਲਾਹੌਰ ਨੇੜਲਾ 'ਖਵਾਸਰੀਆਂ' ਨਾਂ ਦਾ ਪਿੰਡ ਵੀ ਨਾ ਵੇਖ ਸਕਿਆ ਜਿਥੇ ਭਗਤ ਸਿੰਘ ਦਾ ਪਰਿਵਾਰ ਕਈ ਸਾਲਾਂ ਤਕ ਰਹਿੰਦਾ ਰਿਹਾ ਸੀ । ਨਾ ਹੀ ਮੈਨੂੰ ਰਾਵੀ ਦੇ ਕਿਨਾਰੇ ਉਹ ਥਾਂ ਮਿਲ ਸਕੀ ਜਿਥੇ ਪਹਿਲਾਂ ਲਾਲਾ ਲਾਜਪਤ ਰਾਏ ਅਤੇ ਪਿੱਛੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਮੁਸ਼ਤੇ-ਖ਼ਾਕ ਨੇ ਅੰਤਿਮ ਪਨਾਹ ਲਈ ਸੀ । ਇਹੋ ਹੀ ਉਹ ਰਾਵੀ ਦਾ ਕਿਨਾਰਾ ਸੀ ਜਿਥੇ ਭਗਵਤੀ ਚਰਨ ਵੋਹਰਾ ਇਕ ਬੰਬ ਨੂੰ ਪਰਖਣ ਸਮੇਂ ਸ਼ਹੀਦੀ ਪਾ ਗਿਆ ਸੀ । ਇਹ ਸਾਰੇ ਥਾਂ ਗੁੰਮ-ਗੁਆਚ ਜਾਣ ਦਾ ਇਕ ਕਾਰਨ ਇਹ ਵੀ ਹੈ ਕਿ ਰਾਵੀ ਦਰਿਆ ਹੁਣ ਸੁੱਕ ਗਿਆ ਹੈ ਅਤੇ ਲੋਕ ਤਾਂ ਇਹ ਵੀ ਆਖਦੇ ਹਨ ਕਿ ਭਾਰਤ ਨੇ ਰਾਵੀ ਵਿਚ ਵਗਣ ਵਾਲਾ ਪਾਣੀ ਰੋਕ ਲਿਆ ਹੋਇਆ ਹੈ । ਜਿਥੇ ਮੈਨੂੰ ਇਹ ਇਤਿਹਾਸਕ ਥਾਂ ਨਾ ਲੱਭ ਸਕਣ ਨਾਲ ਬੜੀ ਨਿਰਾਸ਼ਾ ਹੋਈ ਸੀ ਉਥੇ ਇਹ ਮੇਰੇ ਲਈ ਤਸੱਲੀ ਵਾਲੀ

ਗੱਲ ਇਹ ਸੀ ਕਿ ਮੈਂ ਡੀ.ਏ.ਵੀ. ਕਾਲਜ ਦਾ ਹੋਸਟਲ ਤੇ ਨੇੜੇ ਹੀ ਉਹ ਥਾਂ ਆਸਾਨੀ ਨਾਲ ਲੱਭ ਲਈ ਜਿਥੇ ਸਾਂਡਰਸ ਨੂੰ ਕਤਲ ਕੀਤਾ ਗਿਆ ਸੀ। ਇਸ ਇਲਾਕੇ ਵਿਚ ਕੋਈ ਬਹੁਤੀ ਜ਼ਿਆਦਾ ਤਬਦੀਲੀ ਨਹੀਂ ਹੋਈ ਸਿਵਾਏ ਇਸ ਦੇ ਕਿ ਡੀ.ਏ.ਵੀ. ਕਾਲਜ ਹੁਣ ਇਸਲਾਮੀਆ ਗੌਰਮਿੰਟ ਕਾਲਜ ਅਤੇ ਉਸ ਦੇ ਹੋਸਟਲ ਵਿਚ ਤਬਦੀਲ ਹੋ ਚੁੱਕਾ ਹੈ। ਪਰ ਐਸ.ਐਸ.ਪੀ. ਦਾ ਦਫ਼ਤਰ ਉਸੇ ਤਰ੍ਹਾਂ ਹੈ ਜਿਵੇਂ ਉਹ ਸਕਾਟ ਦੇ ਸਮੇਂ ਵਿਚ ਸੀ। ਮੈਂ ਲਾਹੌਰ ਜੇਲ੍ਹ ਵਾਲੇ ਉਸ ਫਾਂਸੀਘਾਟ ਦੀ ਵੀ ਨਿਸ਼ਾਨਦੇਹੀ ਕਰ ਲਈ ਸੀ, ਜਿਥੇ ਫਾਂਸੀਆਂ ਦਿੱਤੀਆਂ ਜਾਂਦੀਆਂ ਸਨ ਅਤੇ ਜਿਸ ਨੂੰ ਪਿੱਛੋਂ ਢਾਹ ਦਿੱਤਾ ਗਿਆ, ਹੁਣ ਉਸ ਥਾਂ ਤੇ 'ਸ਼ਾਦਮਾਨ ਚੌਕ' ਅਤੇ 'ਫ਼ੁਹਾਰਾ ਚੌਕ' ਬਣ ਗਏ ਹਨ। ਇਹ ਹੁਣ ਰਿਹਾਇਸ਼ੀ ਕਾਲੋਨੀ ਬਣ ਗਈ ਹੈ ਅਤੇ ਇਥੋਂ ਉਸ ਜੇਲ੍ਹ ਅਤੇ ਉਸ ਨਾਲ ਜੁੜੀ ਇਤਿਹਾਸਕਤਾ ਦਾ ਨਾਂ-ਨਿਸ਼ਾਨ ਵੀ ਨਹੀਂ ਲੱਭਦਾ ਜਿਥੇ ਸੈਂਕੜੇ ਆਜ਼ਾਦੀ ਸੰਗਰਾਮੀਆਂ ਨੂੰ ਫਾਂਸੀ ਦਿੱਤੀ ਗਈ ਸੀ। ਜਮਹੂਰੀ ਕਦਰਾਂ ਨਾਲ ਜੁੜੇ ਹੋਏ ਪਾਕਿਸਤਾਨੀ ਕਾਰਕੁੰਨ ਹਰ ਸਾਲ 23 ਮਾਰਚ ਨੂੰ 'ਸ਼ਾਦਮਾਨ ਚੌਕ' ਵਿਖੇ ਇਕੱਠੇ ਹੁੰਦੇ ਹਨ ਅਤੇ ਇਥੇ ਮੋਮਬੱਤੀਆਂ ਜਗਾਉਂਦੇ ਹਨ। ਉਹ ਇਸ ਥਾਂ ਦੀ ਇਤਿਹਾਸਿਕ ਮਹੱਤਤਾ ਨੂੰ ਉਜਾਗਰ ਕਰਨ ਵਾਲੀ ਇਕ ਯਾਦਗਾਰੀ ਤਖ਼ਤੀ ਇਥੇ ਲਾਉਣ ਦੀ ਯੋਜਨਾ ਬਣਾ ਰਹੇ ਹਨ। ਭਗਤ ਸਿੰਘ ਆਪਣੇ ਗੁਪਤਵਾਸ ਸਮੇਂ ਲਾਹੌਰ ਦੇ ਕਈ ਮਕਾਨਾਂ ਵਿਚ ਰਹਿੰਦਾ ਰਿਹਾ ਜਿਨ੍ਹਾਂ ਬਾਰੇ ਲੋਕ ਅੱਜ ਵੀ ਜ਼ਿਕਰ ਕਰਦੇ ਹਨ। ਇਹੋ ਜਿਹਾ ਇਕ ਘਰ ਜੇਲ੍ਹ ਰੋਡ ਉਤੇ ਵੀ ਸਥਿਤ ਹੈ। ਪ੍ਰਸਿੱਧ ਲੇਖਕ ਨਜ਼ਮ ਹੁਸੈਨ ਸੱਯਦ ਜੇਲ੍ਹ ਰੋਡ ਉਤੇ ਹੀ ਰਹਿੰਦਾ ਹੈ, ਪਰ ਉਸ ਨੂੰ ਭਗਤ ਸਿੰਘ ਦੀ ਰਿਹਾਇਸ਼ ਵਾਲੇ ਉਸ ਮਕਾਨ ਦਾ ਪਤਾ ਨਹੀਂ ਸੀ।

ਮੈਂ ਨਵੇਂ ਬਣੇ ਸਥਾਨਕ ਮਿੱਤਰਾਂ ਦੀ ਕਾਰ ਵਿਚ ਭਗਤ ਸਿੰਘ ਦੇ ਪਿੰਡ ਜਾਣਾ ਸੀ, ਪਰ ਉਹ ਪਹਿਲਾਂ ਮੈਨੂੰ ਜੰਡਿਆਲਾ ਸ਼ੇਰ ਖਾਂ ਪਿੰਡ ਵਿਚ ਵਾਰਿਸ ਸ਼ਾਹ ਦੀ ਮਜ਼ਾਰ 'ਤੇ ਲੈ ਕੇ ਗਏ। ਉਧਰ ਨੂੰ ਜਾਂਦਿਆਂ ਅਸੀਂ ਜਾਣੇ-ਪਛਾਣੇ ਸ਼ਹਿਰ ਸ਼ੇਖ਼ੂਪੁਰਾ ਵਿਚੋਂ ਦੀ ਗੁਜ਼ਰੇ। ਮੈਂ ਦੂਰੋਂ ਹੀ ਬਣੇ ਹੋਏ 'ਹਰਨ ਮਜ਼ਾਰ' ਨੂੰ ਵੇਖਿਆ। ਇਹ ਸ਼ਹਿਜ਼ਾਦਾ ਸਲੀਮ ਦੁਆਰਾ ਮਾਰੇ ਗਏ ਇਕ ਹਿਰਨ ਦੀ ਯਾਦ ਵਿਚ ਬਣੀ ਹੋਈ ਖ਼ੂਬਸੂਰਤ ਯਾਦਗਾਰ ਹੈ। ਵਾਰਿਸ ਸ਼ਾਹ ਦੇ ਮਜ਼ਾਰ ਨੂੰ ਵੇਖਣਾ ਵੀ ਇਕ ਦਿਲਚਸਪ ਅਨੁਭਵ ਸੀ, ਇਸ ਥਾਂ 'ਤੇ ਹਰ ਸਾਲ ਮੇਲਾ ਲੱਗਦਾ ਹੈ ਅਤੇ 'ਹੀਰ' ਗਾਏ ਜਾਣ ਦੇ ਮੁਕਾਬਲੇ ਹੁੰਦੇ ਹਨ। ਇਨ੍ਹਾਂ ਮੁਕਾਬਲਿਆਂ ਦੀ ਸ਼ੁਰੂਆਤ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ...' ਨਾਲ ਕੀਤੀ ਜਾਂਦੀ ਹੈ। ਜੰਡਿਆਲੇ ਤੋਂ ਅਸੀਂ ਨਨਕਾਣਾ ਸਾਹਿਬ ਵੱਲ ਚੱਲ ਪਏ। ਇਹ ਇਕ ਛੋਟਾ ਕਸਬਾ ਹੈ, ਪਰ ਇਸ ਨੂੰ ਜਾਣ ਵਾਲੀ ਸੜਕ ਕਾਫ਼ੀ ਵੱਡੀ ਬਣ ਗਈ ਹੈ। ਪਾਕਿਸਤਾਨ ਆਪਣੀਆਂ ਸੜਕਾਂ ਉਤੇ ਬਹੁਤ ਧਿਆਨ ਦੇ ਰਿਹਾ ਹੈ ਅਤੇ ਉਹ ਲਾਹੌਰ ਤੋਂ ਪੇਸ਼ਾਵਰ ਨੂੰ ਜਾਣ ਵਾਲੀ ਮੋਟਰਵੇਅ ਉਤੇ ਨਿਸ਼ਚੇ ਹੀ ਮਾਣ ਕਰ ਸਕਦਾ ਹੈ। ਪਰ ਪਾਕਿਸਤਾਨ ਵਿਚ ਰੇਲਵੇ ਸੇਵਾਵਾਂ ਦੀ ਘਾਟ ਹੈ। ਨਨਕਾਣਾ ਸਾਹਿਬ ਵਿਚ ਮੁੱਖ ਗੁਰਦੁਆਰੇ ਨੂੰ ਰਲਾ ਕੇ ਗੁਰੂ ਨਾਨਕ ਸਾਹਿਬ ਦੀ ਯਾਦ ਨਾਲ ਸੰਬੰਧਿਤ ਅੱਠ ਗੁਰਦੁਆਰੇ ਹਨ। ਮੁੱਖ ਗੁਰਦੁਆਰਾ ਉਹ ਹੈ, ਜਿਥੇ ਫਰਵਰੀ 1921 ਵਿਚ ਪਵਿੱਤਰ ਸਥਾਨ ਨੂੰ ਪਲੀਤ ਕਰਨ ਵਾਲੇ ਮਹੰਤ ਨਾਰਾਇਣ ਦਾਸ ਦੇ ਖ਼ਿਲਾਫ਼ ਮੋਰਚਾ ਲੱਗਾ ਸੀ। ਮਹੰਤ ਨੂੰ ਅੰਗਰੇਜ਼ੀ ਰਾਜ ਦੀ ਸ਼ਹਿ ਪ੍ਰਾਪਤ ਸੀ ਅਤੇ ਉਸ ਨੇ ਗੁਰਦੁਆਰਾ ਛੱਡਣ ਤੋਂ ਪਹਿਲਾਂ 200 ਦੇ ਲਗਭਗ ਸਿੱਖਾਂ ਦਾ ਕਤਲੇਆਮ ਕੀਤਾ। ਗੁਰਦੁਆਰੇ ਵਿਚ ਇਕ ਥਾਂ 'ਤੇ ਉਹ 'ਸ਼ਹੀਦੀ ਜੰਡ' ਵੀ ਹੈ, ਜਿਥੇ ਇਸ ਗੁਰਦੁਆਰੇ ਨੂੰ ਆਜ਼ਾਦ ਕਰਵਾਉਣ ਲਈ ਆਏ ਜੱਥੇ ਦੇ ਆਗੂ ਲਛਮਣ ਸਿੰਘ ਨੂੰ ਜਿਉਂਦਿਆਂ ਉਸ ਜੰਡ ਨਾਲ ਬੰਨ੍ਹ ਕੇ ਮਹੰਤ ਵੱਲੋਂ ਸਾੜਿਆ ਗਿਆ ਸੀ। ਨਨਕਾਣਾ ਸਾਹਿਬ ਦੇ ਬਹੁਤੇ ਅਸਥਾਨ ਗੁਰੂ ਨਾਨਕ ਦੇ ਬਚਪਨ ਦੀਆਂ ਸਾਖੀਆਂ ਨਾਲ ਸੰਬੰਧਿਤ ਹਨ। ਇਹ ਉਹ ਥਾਂ ਹਨ ਜਿਥੇ ਉਹ ਜਨਮੇ, ਪੜ੍ਹੇ, ਜਿਥੇ ਉਨ੍ਹਾਂ ਨੇ ਵਿਦਿਆ ਪ੍ਰਾਪਤ ਕੀਤੀ, ਜਿਥੇ ਉਹ ਖੇਡੇ ਅਤੇ ਉਨ੍ਹਾਂ ਨੇ ਡੰਗਰ ਚਾਰੇ ਆਦਿ। ਮੈਂ ਆਪਣੇ ਮੁਸਲਿਮ ਦੋਸਤਾਂ ਦੀ ਸੰਗਤ ਵਿਚ ਇਥੇ 'ਪੰਗਤ' ਵਿਚ ਬੈਠ ਕੇ 'ਲੰਗਰ' ਛਕਿਆ।

ਨਨਕਾਣਾ ਸਾਹਿਬ ਤੋਂ ਜੜ੍ਹਾਂਵਾਲਾ ਤਕ ਦਾ ਰਸਤਾ ਸਿੱਧਾ ਸੀ, ਭਾਵੇਂਕਿ ਸੜਕ ਦਾ ਕੁਝ ਟੁਕੜਾ ਕੁਝ ਕਿਲੋਮੀਟਰਾਂ ਤਕ ਖ਼ਰਾਬ ਸੀ। ਜੜ੍ਹਾਂਵਾਲਾ, ਜਿਹੜਾ ਇਕ ਤਹਿਸੀਲੀ ਕਸਬਾ ਹੈ, ਨੂੰ ਪਾਰ ਕਰ ਕੇ ਅਸੀਂ ਚੱਕ ਨੰਬਰ 105 ਨੂੰ ਜਾਣ ਵਾਲੀ ਸੜਕੇ ਪੈ ਗਏ। ਇਸ ਤੋਂ ਪਹਿਲਾਂ ਕਿ ਅਸੀਂ ਕਿਸੇ ਨੂੰ ਕੁਝ ਪੁੱਛਦੇ, ਇਕ ਖ਼ੁਸ਼ਗਵਾਰ ਝਾਕੀ ਦੇਖਣ ਨੂੰ ਮਿਲੀ। ਇਥੇ ਸੜਕ ਦੇ ਇਕ ਪਾਸੇ ਟੀਨ ਦੇ ਸਾਈਨ ਬੋਰਡ ਉਤੇ ਸੀਖਾਂ ਪਿੱਛੇ ਬੰਦ ਭਗਤ ਸਿੰਘ ਦੀ ਪੇਂਟਿੰਗ ਬਣੀ ਹੋਈ ਸੀ, ਜਿਸ ਨੂੰ ਫ਼ੈਸਲਾਬਾਦ (ਪੁਰਾਣਾ ਨਾਮ ਲਾਇਲਪੁਰ) ਦੇ ਕਿਸੇ ਜਸਬੀਰ ਸਿੰਘ ਨਾਂ ਦੇ ਵਿਅਕਤੀ ਨੇ ਬਣਾਇਆ ਸੀ ਅਤੇ ਉਸ ਉਤੇ ਉਸ ਦਾ ਈਮੇਲ ਪਤਾ ਵੀ ਲਿਖਿਆ ਹੋਇਆ ਸੀ। ਸਾਡੇ ਲਈ ਹੁਣ ਸੌਖ ਹੋ ਗਈ। ਜਦੋਂ ਅਸੀਂ ਸਾਈਨ-ਬੋਰਡ ਪੜ੍ਹ ਰਹੇ ਸਾਂ ਤਾਂ ਕੁਝ ਲੋਕ ਸਾਡੇ ਕੋਲ ਆ ਗਏ ਅਤੇ ਭਗਤ ਸਿੰਘ ਵਿਚ ਸਾਡੀ ਦਿਲਚਸਪੀ ਨੂੰ ਵੇਖ ਕੇ ਸਾਨੂੰ ਉਸ ਦੇ ਪਿੰਡ ਨੂੰ ਜਾਣ ਵਾਲਾ ਰਾਹ ਦੱਸਿਆ। ਉਨ੍ਹਾਂ ਇਹ ਵੀ ਸਲਾਹ ਦਿੱਤੀ ਕਿ ਪਿੰਡ ਵੱਲ ਜਾਣ ਤੋਂ ਪਹਿਲਾਂ ਸਾਨੂੰ ਨਜ਼ਦੀਕ ਹੀ ਰਹਿੰਦੇ ਫਰਹਾਨ ਖ਼ਾਂ ਨਾਂ ਦੇ ਵਿਅਕਤੀ ਨੂੰ ਮਿਲ ਲੈਣਾ ਚਾਹੀਦਾ ਹੈ। ਫਰਹਾਨ ਖ਼ਾਂ 82 ਸਾਲਾਂ ਦਾ ਬਜ਼ੁਰਗ ਵਿਅਕਤੀ ਹੈ, ਜਿਹੜਾ ਐਕਸਾਈਜ਼ ਅਫ਼ਸਰ ਵਜੋਂ ਰੀਟਾਇਰ ਹੋਇਆ ਹੈ ਅਤੇ ਜਿਸ ਦੀ 'ਗੁਲਾਬ ਫਾਰਮ' ਨਾਂ ਦੀ ਫੈਕਟਰੀ ਹੈ। ਉਹ ਨੇੜੇ ਹੀ ਚੱਕ ਨੰਬਰ 107, ਪਠਾਨਕੋਟ ਦਾ ਵਸਨੀਕ ਸੀ। ਅਸੀਂ ਉਸ ਦੇ ਨਿਵਾਸ ਅਸਥਾਨ 'ਤੇ ਪਹੁੰਚੇ। ਉਸ ਨੇ ਸਾਡਾ ਬੜੀ ਗਰਮਜੋਸ਼ੀ ਨਾਲ ਸਵਾਗਤ ਕੀਤਾ। ਉਸ ਦੇ ਡਰਾਇੰਗ ਰੂਮ ਵਿਚ ਫਰੇਮ ਕੀਤੀ ਪਰ ਟੁੱਟੇ ਹੋਏ ਸ਼ੀਸ਼ੇ ਵਾਲੀ, ਹੈਟ ਪਹਿਨੇ ਭਗਤ ਸਿੰਘ ਦੀ ਜਾਣੀ-ਪਛਾਣੀ ਕਾਲੀ-ਚਿੱਟੀ ਤਸਵੀਰ ਸੀ। ਫਰਹਾਨ ਖ਼ਾਨ ਭਗਤ ਸਿੰਘ ਦੇ ਪਰਿਵਾਰ ਬਾਰੇ ਗੱਲਾਂ ਕਰਦਿਆਂ ਬਾਗ਼ੋ-ਬਾਗ਼ ਹੋ ਰਿਹਾ ਸੀ। ਜਦੋਂ ਭਗਤ ਸਿੰਘ ਸ਼ਹੀਦ ਹੋਇਆ ਤਾਂ ਉਦੋਂ ਉਹ ਪੰਜ ਕੁ ਸਾਲ ਦਾ ਸੀ। ਉਸ ਨੇ ਦੱਸਿਆ ਕਿ

ਭਗਤ ਸਿੰਘ ਦੇ ਛੋਟੇ ਭਰਾ, ਜਿਨ੍ਹਾਂ ਦੇ ਉਸ ਨੂੰ ਨਾਂ ਯਾਦ ਨਹੀਂ ਸਨ ਆ ਰਹੇ (ਨਿਸ਼ਚੇ ਹੀ ਕੁਲਬੀਰ ਅਤੇ ਕੁਲਤਾਰ ਸਿੰਘ) ਉਸ ਨੂੰ ਮਿਲਦੇ ਰਹਿੰਦੇ ਸਨ। ਉਹ ਭਗਤ ਸਿੰਘ ਦਾ ਏਨਾ ਪ੍ਰਸ਼ੰਸਕ ਸੀ ਕਿ ਮੇਰਾ ਉਸ ਨੂੰ 'ਭਗਤ ਸਿੰਘ ਦੀਆਂ ਲਿਖਤਾਂ' ਦੀ ਕਾਪੀ ਭੇਟ ਕਰਨ ਨੂੰ ਦਿਲ ਕਰ ਆਇਆ। ਪਰ ਮੇਰੇ ਕੋਲ ਕੋਈ ਵਾਧੂ ਕਾਪੀ ਨਹੀਂ ਸੀ। ਮੈਂ ਲੈਫਟ ਵਰਡ ਅਤੇ ਐਨ.ਬੀ.ਟੀ. ਵੱਲੋਂ ਹਾਲ ਹੀ ਵਿਚ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਹੋਈਆਂ ਭਗਤ ਸਿੰਘ ਦੀਆਂ ਲਿਖਤਾਂ ਦੀਆਂ ਕੁਝ ਕੁ ਕਾਪੀਆਂ ਹੀ ਆਪਣੇ ਨਾਲ ਲੈ ਕੇ ਗਿਆ ਸਾਂ। ਫਰਹਾਨ ਖ਼ਾਂ ਨੇ ਮੇਰੇ ਕੋਲੋਂ ਇਸ ਪੁਸਤਕ ਦੀ ਇਕ ਕਾਪੀ ਮਾਂਗਵੀਂ ਲਈ ਅਤੇ ਜਿੰਨੇ ਚਿਰ ਤਕ ਅਸੀਂ ਭਗਤ ਸਿੰਘ ਦੇ ਘਰੋਂ ਹੋ ਕੇ ਪਰਤੇ, ਇਸ ਦੌਰਾਨ ਹੀ, ਲਗਭਗ ਘੰਟੇ-ਸਵਾ ਘੰਟੇ ਵਿਚ ਉਸ ਨੇ ਉਸ ਪੁਸਤਕ ਦੀ ਫੋਟੋਕਾਪੀ ਕਰਵਾ ਲਈ। ਫਰਹਾਨ ਖ਼ਾਂ ਵੱਲੋਂ ਸਾਡੀ ਅਗਵਾਈ ਲਈ ਭੇਜੇ ਗਏ ਵਿਅਕਤੀ ਦੇ ਸਾਥ ਵਿਚ ਅਸੀਂ ਚੱਕ ਨੰਬਰ 105 ਵੱਲ ਚੱਲ ਪਏ। ਹਨੇਰਾ ਹੋ ਰਿਹਾ ਸੀ ਪਿੰਡ ਵੱਲ ਜਾਂਦੀ ਸੜਕ ਕੋਈ ਚੰਗੀ ਹਾਲਤ ਵਿਚ ਨਹੀਂ ਸੀ।

ਅਸੀਂ ਉਥੇ ਜਾ ਕੇ ਵੇਖਿਆ ਕਿ ਭਗਤ ਸਿੰਘ ਦਾ ਪੁਰਾਣਾ ਘਰ ਉਸ ਪੁਰਾਣੀ ਸ਼ਕਲ ਵਿਚ ਨਹੀਂ ਸੀ ਰਹਿ ਗਿਆ, ਸਗੋਂ ਤਿੰਨ ਵਿਰਕ ਭਰਾਵਾਂ ਨੇ ਇਸ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡ ਲਿਆ ਹੋਇਆ ਸੀ। ਭਾਰਤੀ ਪੰਜਾਬ ਵਾਂਗ ਹੀ ਪਾਕਿਸਤਾਨੀ ਪੰਜਾਬ ਵਿਚ ਵੀ ਵਿਰਕਾਂ, ਰੰਧਾਵਿਆਂ, ਸਹਿਗਲਾਂ, ਭੱਟੀਆਂ, ਚੀਮਿਆਂ, ਵੜੈਚਾਂ, ਗਿੱਲਾਂ, ਸੰਧੂਆਂ ਅਤੇ ਸਿੱਧੂਆਂ ਦੀ ਵੱਡੀ ਗਿਣਤੀ ਵੱਸਦੀ ਹੈ। ਚਾਰ ਕਨਾਲ ਦਾ ਇਹ ਘਰ ਇਸ ਵਿਰਕ ਪਰਿਵਾਰ ਨੂੰ ਦੇਸ਼ ਦੀ ਵੰਡ ਤੋਂ ਬਾਅਦ ਅਲਾਟ ਹੋਇਆ ਸੀ ਅਤੇ ਹੁਣ ਇਸ ਵਿਚ ਇਕਬਾਲ ਵਿਰਕ, ਸਦੀਕ ਵਿਰਕ ਅਤੇ ਮੁਸ਼ਤਾਕ ਵਿਰਕ ਨਾਂ ਦੇ ਤਿੰਨ ਭਰਾਵਾਂ ਦੇ ਪਰਿਵਾਰ ਰਹਿੰਦੇ ਹਨ। ਉਹ ਅੰਮ੍ਰਿਤਸਰ ਦੇ 'ਵਿਰਕ' ਪਿੰਡ ਤੋਂ ਹਿਜਰਤ ਕਰ ਕੇ ਉਥੇ ਗਏ ਸਨ। ਤਿੰਨਾਂ ਭਰਾਵਾਂ ਵਿਚੋਂ ਸਦੀਕ ਵਿਰਕ ਦੀ ਮੌਤ ਹੋ ਚੁੱਕੀ ਹੈ, ਪਰ ਉਸ ਦਾ ਪਰਿਵਾਰ ਉਥੇ ਹੀ ਰਹਿੰਦਾ ਹੈ। ਜਦੋਂ ਅਸੀਂ ਉਥੇ ਪਹੁੰਚੇ ਤਾਂ ਘਰ ਦੀਆਂ ਕੁਝ ਸੁਆਣੀਆਂ ਚੁੱਲ੍ਹੇ ਦੁਆਲੇ ਬੈਠੀਆਂ ਕੰਮਕਾਰ ਵਿਚ ਰੁੱਝੀਆਂ ਹੋਈਆਂ ਸਨ। ਪਿੱਛੋਂ ਅਸੀਂ ਫ਼ੈਸਲਾਬਾਦ ਵਿਚ ਵਕਾਲਤ ਕਰ ਰਹੇ ਮੁਸ਼ਤਾਕ ਵਿਰਕ ਦੇ ਪੁੱਤਰ ਐਡਵੋਕੇਟ ਅਖ਼ਤਰ ਵਿਰਕ ਨੂੰ ਮਿਲੇ। ਉਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਰਫ਼ ਇਹ ਘਰ ਹੀ ਨਹੀਂ ਸੀ ਮਿਲਿਆ, ਸਗੋਂ ਭਗਤ ਸਿੰਘ ਦੇ ਪਿਤਾ ਦਾ 17 ਏਕੜਾਂ ਵਿਚ ਫੈਲਿਆ ਅੰਬਾਂ ਦਾ ਬਾਗ ਵੀ ਉਨ੍ਹਾਂ ਨੂੰ ਅਲਾਟ ਹੋਇਆ ਸੀ। ਪੁੱਛਣ ਤੇ ਪਤਾ ਲੱਗਿਆ ਕਿ ਇਸ ਜ਼ਮੀਨ ਦੀ ਕੀਮਤ ਇਸ ਸਮੇਂ 6 ਲੱਖ ਫੀ ਏਕੜ ਹੈ, ਜੋ ਕਿ ਲਗਭਗ ਇਕ ਕਰੋੜ ਤੋਂ ਵੀ ਵੱਧ ਬਣਦੀ ਹੈ। ਭਾਵੇਂ ਕਿ ਮੈਨੂੰ ਇਹ ਪਹਿਲਾਂ ਪਤਾ ਨਹੀਂ ਸੀ ਕਿ ਭਗਤ ਸਿੰਘ ਦੇ ਪਰਿਵਾਰ ਕੋਲ ਚੱਕ ਨੰਬਰ 105 ਵਿਚ ਏਡਾ ਵੱਡਾ ਬਾਗ ਵੀ ਹੈ, ਤਾਂ ਵੀ ਇਸ ਬਾਰੇ ਜਾਣ ਕੇ ਮੈਨੂੰ ਕੋਈ ਹੈਰਾਨੀ ਨਾ ਹੋਈ ਕਿਉਂਕਿ ਮੈਨੂੰ ਪਤਾ ਸੀ ਕਿ ਭਗਤ ਸਿੰਘ ਹੁਰਾਂ ਦਾ ਪਰਿਵਾਰ ਇਕ ਸਰਦਾ-ਪੁਜਦਾ ਪਰਿਵਾਰ ਸੀ। ਜਿਹੜੇ ਜੱਜ ਨੇ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੀ ਸਜ਼ਾ ਦਿੱਤੀ ਸੀ, ਉਸ ਨੇ ਆਪਣੇ ਫ਼ੈਸਲੇ ਵਿਚ ਬੜਾ ਸਾਫ਼ ਲਿਖਿਆ ਸੀ ਕਿ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਨੇ 1914-15 ਵਿਚ ਗ਼ਦਰ ਪਾਰਟੀ ਦੀ ਸਹਾਇਤਾ ਲਈ ਇਕ ਹਜ਼ਾਰ ਰੁਪਿਆ (ਜੋ ਕਿ ਅੱਜ ਦੇ ਹਿਸਾਬ ਨਾਲ ਇਕ ਲੱਖ ਬਣ ਜਾਂਦਾ ਹੈ) ਦਿੱਤਾ ਸੀ। ਭਗਤ ਸਿੰਘ ਅਤੇ ਉਸ ਦੇ ਪਰਿਵਾਰ ਦੀ ਕਹਾਣੀ ਬੜੀ ਖਿੱਚ ਭਰਪੂਰ ਹੈ, ਕਿਉਂਕਿ ਇਸ ਪਰਿਵਾਰ ਨੇ ਆਪਣੇ ਦੇਸ਼ ਦੇ ਮੁਕਾਬਲੇ ਆਪਣੇ ਦੁਨੀਆਵੀ ਸੁੱਖਾਂ ਨੂੰ ਤਰਜੀਹ ਨਹੀਂ ਸੀ ਦਿੱਤੀ ਅਤੇ ਦੇਸ਼ ਦੇ ਭਲੇ ਵਾਸਤੇ ਇਨ੍ਹਾਂ ਸੁੱਖਾਂ ਦਾ ਤਿਆਗ ਕਰ ਦਿੱਤਾ।

ਮੈਨੂੰ ਉਦੋਂ ਵੀ ਇਹ ਕੋਈ ਹੈਰਾਨੀ ਵਾਲੀ ਗੱਲ ਨਾ ਲੱਗੀ ਜਦੋਂ ਭਗਤ ਸਿੰਘ ਦੀ ਸ਼ਖ਼ਸੀਅਤ 'ਤੇ ਮੋਹਿਤ ਹੋਏ ਪੇਸ਼ਾਵਰ ਦੇ ਰਾਜਨੀਤੀ ਸ਼ਾਸਤਰ ਦੇ ਵਿਦਿਆਰਥੀ ਵਕਾਰ ਅਹਿਮਦ ਨੇ ਮੇਰੇ ਕੋਲੋਂ ਭਗਤ ਸਿੰਘ ਬਾਰੇ ਈਮੇਲ ਰਾਹੀਂ ਹੋਰ ਜਾਣਕਾਰੀ ਪ੍ਰਾਪਤ ਕਰਨੀ ਚਾਹੀ। ਲਾਹੌਰ ਵਿਚ ਮੇਰੀ ਠਾਹਰ ਸਮੇਂ ਵਕਾਰ ਫ਼ੋਨ ਉਤੇ ਲਗਾਤਾਰ ਮੇਰੇ ਨਾਲ ਸੰਪਰਕ ਵਿਚ ਰਿਹਾ। ਵਕਾਰ ਮੈਨੂੰ ਪੇਸ਼ਾਵਰ ਵਿਚ ਮਿਲਣ ਦੀ ਆਸ ਲਾਈ ਬੈਠਾ ਸੀ, ਕਿਉਂਕਿ ਪੇਸ਼ਾਵਰ ਯੂਨੀਵਰਸਿਟੀ ਦੀ ਟੀਚਰਜ਼ ਐਸੋਸੀਏਸ਼ਨ ਉਥੇ ਆਉਣ ਲਈ ਮੇਰੇ ਪੇਸ਼ਾਵਰ ਦੇ ਵੀਜ਼ੇ ਨੂੰ ਕਲੀਅਰ ਕਰਾਉਣ ਲਈ ਯਤਨ ਕਰ ਰਹੀ ਸੀ। ਅਸੀਂ ਅਜੇ ਪਿੱਛੇ ਜਿਹੇ ਹੀ ਜੇ.ਐਨ.ਯੂ. ਵਿਚ ਪੇਸ਼ਾਵਰ ਯੂਨੀਵਰਸਿਟੀ ਦੇ ਅਧਿਆਪਕਾਂ ਦੇ ਇਕ ਡੈਲੀਗੇਸ਼ਨ ਦਾ ਸਵਾਗਤ ਕੀਤਾ ਸੀ। ਜਦੋਂ ਮੈਂ ਲਾਹੌਰ ਵਿਚ ਸਾਂ ਤਾਂ 'ਡਾਨ' ਅਖ਼ਬਾਰ ਦੇ ਪੱਤਰਕਾਰ ਰਜ਼ਾ ਨਈਮ ਨੇ ਵੀ ਈਮੇਲ ਰਾਹੀਂ ਮੇਰੇ ਨਾਲ ਸੰਪਰਕ ਕੀਤਾ ਅਤੇ 'ਡਾਨ' ਵਿਚ ਰਿਵੀਊ ਕਰਨ ਲਈ ਮੇਰੇ ਕੋਲੋਂ, ਮੇਰੇ ਵੱਲੋਂ ਸੰਪਾਦਿਤ ਕੀਤੀ ਅਤੇ ਲੈਫਟਵਰਡ ਵੱਲੋਂ ਇਸੇ ਸਾਲ 23 ਮਾਰਚ ਨੂੰ ਪ੍ਰਕਾਸ਼ਿਤ ਕੀਤੀ 'ਭਗਤ ਸਿੰਘ ਦੀ ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ' ਨਾਂ ਦੀ ਪੁਸਤਕ ਦੀ ਮੰਗ ਕੀਤੀ। ਮੈਂ ਉਸ ਨਾਲ ਫ਼ੋਨ 'ਤੇ ਵੀ ਬੜੀ ਵਾਰ ਗੱਲ ਕੀਤੀ ਅਤੇ ਉਸ ਵਾਸਤੇ ਲਾਹੌਰ ਵਿਚ ਪੁਸਤਕ ਦੀ ਇਕ ਕਾਪੀ ਛੱਡ ਵੀ ਦਿੱਤੀ।

ਅੰਗਰੇਜ਼ੀ ਅਫ਼ਸਰਾਂ ਨੇ ਲਾਇਲਪੁਰ ਸ਼ਹਿਰ ਨੂੰ ਬੜੇ ਯੋਜਨਾਬੱਧ ਤਰੀਕੇ ਨਾਲ ਉਸਾਰਿਆ ਸੀ। ਜਦੋਂ ਇਹ ਬਾਰ ਦਾ ਇਲਾਕਾ ਵੱਸਿਆ ਤਾਂ ਇਸ ਇਲਾਕੇ ਦੀ ਜ਼ਮੀਨ ਖੇਤੀ ਲਈ ਬੜੀ ਉਪਜਾਊ ਸੀ, ਇਸ ਲਈ ਦੂਜੇ ਇਲਾਕਿਆਂ ਦੇ ਕਿਸਾਨਾਂ ਨੇ ਵੀ ਇਥੇ ਜ਼ਮੀਨ ਖ਼ਰੀਦਣ ਲਈ ਬੜਾ ਉਤਸ਼ਾਹ ਵਿਖਾਇਆ, ਬਿਲਕੁਲ ਉਵੇਂ ਹੀ ਜਿਵੇਂ ਪੰਜਾਬੀ ਲੋਕ ਤਰਾਈ ਦੇ ਇਲਾਕੇ ਵਿਚ ਜ਼ਮੀਨ ਖ਼ਰੀਦਣ ਜਾਂਦੇ ਹਨ। ਦਿਲਚਸਪ ਗੱਲ ਇਹ ਹੈ ਕਿ ਬਹੁਤੇ ਲੋਕ ਦੁਆਬੇ ਤੋਂ ਆਏ ਸਨ। ਇਨ੍ਹਾਂ ਨਵੇਂ ਆਉਣ ਵਾਲੇ ਲੋਕਾਂ ਲਈ ਨਵੇਂ ਪਿੰਡ ਵੀ ਵਸਾਏ ਗਏ। ਇਨ੍ਹਾਂ ਪਿੰਡਾਂ ਨੂੰ ਚੱਕ ਕਿਹਾ ਜਾਂਦਾ ਸੀ ਤੇ ਹਰ ਚੱਕ ਦਾ ਇਕ ਵੱਖਰਾ ਨੰਬਰ ਹੁੰਦਾ ਸੀ। ਭਾਵੇਂ ਕਿ ਇਨ੍ਹਾਂ ਚੱਕਾਂ ਵਿਚ ਵੱਸਣ ਵਾਲੇ ਲੋਕਾਂ ਨੇ ਇਨ੍ਹਾਂ ਨੂੰ ਆਪਣੇ ਪੁਰਾਣੇ ਪਿੰਡਾਂ ਦਾ ਨਾਮ ਵੀ ਦੇ ਲਿਆ ਹੋਇਆ ਸੀ। ਇੰਜ ਚੱਕ ਨੰਬਰ 65 ਦਾ ਨਾਲ ਮੁਕੰਦਪੁਰ, ਚੱਕ ਨੰਬਰ 57 ਦਾ ਨਾਮ ਗਿੱਦੜਪਿੰਡੀ, ਚੱਕ ਨੰਬਰ 104 ਦਾ ਨਾਮ ਸਮਰਾ, ਚੱਕ ਨੰਬਰ 105 ਦਾ ਨਾਮ ਬੰਗੇ

(ਦੁਆਬੇ ਦੇ ਬੈਂਗੋ ਤੋਂ), ਚੱਕ ਨੰਬਰ 106 ਦਾ ਖੁਰਲਾ, ਚੱਕ ਨੰਬਰ 107 ਦਾ ਨਾਮ ਪਠਾਨਕੋਟ, ਚੱਕ ਨੰਬਰ 109 ਦਾ ਨਾਮ ਬਜਾਜਾਂਵਾਲਾ ਆਦਿ ਸਨ। ਵੰਡ ਤੋਂ ਬਾਅਦ ਵੀ ਪਿੰਡਾਂ ਦੇ ਨਾਮ ਇਹੋ ਹੀ ਬਣੇ ਰਹੇ ਹਨ। ਸਿਰਫ਼ ਜ਼ਮੀਨਾਂ ਦੇ ਮਾਲਕ ਅਤੇ ਇਥੋਂ ਦੇ ਵਾਸੀ ਹੀ ਤਬਦੀਲ ਹੋਏ। ਸਾਨੂੰ ਦੱਸਿਆ ਗਿਆ ਕਿ 1965 ਤੋਂ ਪਹਿਲਾਂ ਭਾਰਤ ਤੋਂ ਆਏ ਯਾਤਰੀਆਂ ਲਈ ਇਧਰ ਆਉਣ ਵਿਚ ਬਹੁਤ ਬੰਦਿਸ਼ ਨਹੀਂ ਸੀ ਅਤੇ ਇਨ੍ਹਾਂ ਪਿੰਡਾਂ ਨੂੰ ਵੇਖਣ ਲਈ ਲੋਕ ਅਕਸਰ ਆਉਂਦੇ ਰਹਿੰਦੇ ਸਨ। ਪਰ 1965 ਤੋਂ ਬਾਅਦ ਬੰਦਿਸ਼ਾਂ ਵਧ ਗਈਆਂ। ਪਿਛਲੇ ਕੁਝ ਸਮੇਂ ਤੋਂ ਫਿਰ ਬੰਦਿਸ਼ਾਂ ਢਿੱਲੀਆਂ ਕੀਤੀਆਂ ਗਈਆਂ ਹਨ ਅਤੇ ਲੋਕ ਫਿਰ ਇਨ੍ਹਾਂ ਥਾਵਾਂ ਤੇ ਆਉਣ-ਜਾਣ ਲੱਗ ਪਏ ਹਨ। ਸਾਨੂੰ ਇਹ ਵੀ ਦੱਸਿਆ ਗਿਆ ਕਿ ਪਿਛਲੇ ਸਾਲ ਕੈਨੇਡਾ ਤੋਂ ਆਏ ਮੁਸਾਫ਼ਰਾਂ ਦੀ ਇਕ ਭਰੀ ਹੋਈ ਬੱਸ ਇਸ ਥਾਂ ਨੂੰ ਵੇਖਣ ਆਈ ਸੀ। ਵੰਡ ਤੋਂ ਬਾਅਦ ਲਾਇਲਪੁਰ ਦਾ ਨਾਮ ਫ਼ੈਸਲਾਬਾਦ ਰੱਖ ਦਿੱਤਾ ਗਿਆ ਸੀ। ਇਹ ਸ਼ਹਿਰ ਟੈਕਸਟਾਈਲ ਉਦਯੋਗ ਦਾ ਗੜ੍ਹ ਮੰਨਿਆ ਜਾਂਦਾ ਹੈ। ਇਹ ਕਰਾਚੀ ਅਤੇ ਲਾਹੌਰ ਨੂੰ ਛੱਡ ਕੇ ਪਾਕਿਸਤਾਨ ਦਾ ਤੀਜਾ ਵੱਡਾ ਸ਼ਹਿਰ ਹੈ। ਪਰ ਇਸ ਸ਼ਹਿਰ ਦੀਆਂ ਭੀੜ, ਪ੍ਰਦੂਸ਼ਣ ਅਤੇ ਟ੍ਰੈਫਿਕ ਵਰਗੀਆਂ ਸਮੱਸਿਆਵਾਂ ਸਾਡੇ ਸ਼ਹਿਰ ਲੁਧਿਆਣੇ ਨਾਲ ਬਹੁਤ ਹੱਦ ਤਕ ਮਿਲਦੀਆਂ-ਜੁਲਦੀਆਂ ਹਨ। ਫ਼ੈਸਲਾਬਾਦ ਦੇ ਬਣੇ ਹੋਏ ਕੱਪੜੇ ਦੀ ਏਸ਼ੀਅਨ ਮੰਡੀ ਵਿਚ ਚੰਗੀ ਕੀਮਤ ਹੈ। ਚੱਕ ਨੰਬਰ 105 ਤੋਂ ਅਸੀਂ ਫ਼ੈਸਲਾਬਾਦ ਨੂੰ ਚੱਲ ਪਏ। ਹੁਣ ਰਾਤ ਪੈ ਚੁੱਕੀ ਸੀ। ਥੋੜ੍ਹੇ ਵਕਫ਼ੇ ਪਿੱਛੋਂ ਅਸੀਂ ਮੋਟਰਵੇਅ ਤੇ ਚੜ੍ਹ ਗਏ ਅਤੇ ਦੋ ਘੰਟਿਆਂ ਵਿਚ ਲਾਹੌਰ ਪਹੁੰਚ ਗਏ। ਮੋਟਰਵੇਅ ਤੇ ਕੁਝ ਨਿਸ਼ਚਿਤ ਵਾਹਨ ਹੀ ਚਲਾਏ ਜਾਣ ਦੀ ਆਗਿਆ ਹੈ, ਇਸ ਲਈ ਸੜਕ ਉਤੇ ਜਾਣ ਵਾਲੀ ਟ੍ਰੈਫਿਕ ਬੜੀ ਤੇਜ਼, ਸਹਿਜ ਅਤੇ ਸੁਰੱਖਿਅਤ ਹੈ।

ਮੇਰਾ ਇਰਾਦਾ ਘੱਟੋ-ਘੱਟ ਤਕਸ਼ਿਲਾ ਅਤੇ ਇਸਲਾਮਾਬਾਦ ਜਾਣ ਦਾ ਤਾਂ ਸੀ, ਪਰ ਸਮੇਂ ਦੀ ਬੜੀ ਘਾਟ ਸੀ। ਅਜੇ ਮੈਂ ਲਾਹੌਰ ਵਿਚ ਹੀ ਕਈ ਲੋਕਾਂ ਨੂੰ ਮਿਲਣਾ ਸੀ। ਇਸ ਲਈ ਮੈਂ ਬਾਕੀ ਦੇ ਦਿਨ ਵੀ ਲਾਹੌਰ ਵਿਚ ਠਹਿਰਣ ਦਾ ਹੀ ਫ਼ੈਸਲਾ ਕਰ ਲਿਆ। ਲਾਹੌਰ ਵਿਚ ਮੈਂ ਪੰਜ ਤਾਰਾ ਹੋਟਲ ਨੂੰ ਛੱਡ ਕੇ ਵੱਖ-ਵੱਖ ਥਾਵਾਂ ਤੇ ਰਹਿੰਦਾ ਰਿਹਾ। ਇਕ ਰਾਤ ਮੈਂ ਨੌਜਵਾਨ ਵਿਦਿਆਰਥੀਆਂ ਵਿਚ ਕੱਟੀ, ਜਿਨ੍ਹਾਂ ਵਿਚੋਂ ਇਕ ਜਣਾ, ਇਮਰਾਨ, ਨਨਕਾਣਾ ਸਾਹਿਬ ਦੇ ਸਰਕਾਰੀ ਕਾਲਜ ਵਿਚ ਉਰਦੂ ਪੜ੍ਹਾਉਂਦਾ ਸੀ। ਇਕ ਹੋਰ ਰਾਤ ਮੈਂ 'ਸਾਊਥ ਏਸ਼ੀਆ ਪਾਰਟੀਸਿਪੇਸ਼ਨ' ਨਾਂ ਦੀ ਐਨ.ਜੀ.ਓ. ਦੇ ਗੈਸਟ ਹਾਊਸ ਵਿਚ ਬਿਤਾਈ। ਇਸ ਅਦਾਰੇ ਨੇ ਆਪਣੇ ਖੋਜ-ਵਿਦਿਆਰਥੀਆਂ ਅਤੇ ਸਟਾਫ਼ ਨਾਲ ਮੇਰੀ ਗੱਲਬਾਤ ਕਰਵਾਈ। ਇਸ ਸੰਸਥਾ ਦੇ ਡਿਪਟੀ ਡਾਇਰੈਕਟਰ ਇਰਫ਼ਾਨ ਮੁਫ਼ਤੀ ਨੇ ਮੈਨੂੰ ਇਕ ਸ਼ਾਮ ਬੁੱਲ੍ਹੇ ਸ਼ਾਹ ਦੇ ਮਜ਼ਾਰ ਤੇ ਲਿਜਾਣ ਦੀ ਪੇਸ਼ਕਸ਼ ਕੀਤੀ ਜੋ ਮੈਂ ਖ਼ੁਸ਼ੀ-ਖ਼ੁਸ਼ੀ ਪਰਵਾਨ ਕਰ ਲਈ। ਕਸੂਰ ਨੂੰ ਜਾਣ ਵਾਲੀ ਸੜਕ ਨੂੰ ਮੁੜ ਤੋਂ ਬਣਾਇਆ ਜਾ ਰਿਹਾ ਸੀ। ਸੜਕ ਦੀ ਖ਼ਰਾਬੀ ਕਾਰਨ ਦਿਲ ਵੀ ਖ਼ਰਾਬ ਹੋਇਆ ਅਤੇ ਸੱਠ ਕਿਲੋਮੀਟਰ ਦਾ ਸਫ਼ਰ ਅਸੀਂ ਤਿੰਨ ਘੰਟਿਆਂ ਵਿਚ ਕੀਤਾ। ਪਰ ਮਜ਼ਾਰ ਦੇ ਖ਼ੁਸ਼ਗਵਾਰ ਮਾਹੌਲ ਨੇ ਸਭ ਕੁਝ ਭੁਲਾ ਦਿੱਤਾ। ਰਾਤ ਦੇ ਗਿਆਰ੍ਹਾਂ ਵਜੇ ਵੀ ਮਜ਼ਾਰ ਉਤੇ ਲੋਕ ਵੱਡੀ ਗਿਣਤੀ ਵਿਚ ਮੌਜੂਦ ਸਨ ਅਤੇ ਮਜ਼ਾਰ ਤੋਂ ਬਾਹਰ ਖੁੱਲ੍ਹੇ ਥਾਂ ਨੱਚ ਅਤੇ ਗਾ ਰਹੇ ਸਨ। ਲੋਕਾਂ ਵੱਲੋਂ ਮਜ਼ਾਰ ਤੇ ਫੁੱਲ ਚੜ੍ਹਾਏ ਜਾ ਰਹੇ ਸਨ ਪਰ ਔਰਤਾਂ ਨੂੰ ਪਵਿੱਤਰ ਮਜ਼ਾਰ ਦੇ ਅੰਦਰ ਜਾਣ ਦੀ ਆਗਿਆ ਨਹੀਂ ਸੀ। ਫੁੱਲ ਉਹ ਉਥੋਂ ਦੇ ਮਜਾਵਰ ਨੂੰ ਦੇ ਦਿੰਦੀਆਂ ਅਤੇ ਮਜ਼ਾਰ ਵਿਚ ਖੁੱਲ੍ਹਦੀ ਬਾਰੀ ਵਿਚੋਂ ਅੰਦਰ ਦੇ ਦੀਦਾਰ ਕਰਦੀਆਂ। ਇਹ ਗੱਲ ਬੁੱਲ੍ਹੇ ਸ਼ਾਹ ਦੀ ਸੋਚ ਮੁਤਾਬਕ ਨਹੀਂ ਸੀ ਪਰ ਬਾਕੀ ਸਾਰਾ ਕੁਝ ਬੁੱਲ੍ਹੇ ਸ਼ਾਹ ਦੇ ਮੁਤਾਬਕ ਹੀ ਹੋ ਰਿਹਾ ਸੀ। ਲੋਕ 'ਝੁੰਮਰ' ਵਰਗਾ ਰਵਾਇਤੀ ਨਾਚ ਨੱਚ ਰਹੇ ਸਨ ਅਤੇ ਸਾਜ਼ਾਂ ਦੀਆਂ ਮਧੁਰ ਧੁਨਾਂ ਉਤੇ ਮੰਤਰ-ਮੁਗਧ ਕਰ ਦੇਣ ਵਾਲੀ ਆਵਾਜ਼ ਵਿਚ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਗਾ ਰਹੇ ਸਨ।

ਨਨਕਾਣਾ ਸਾਹਿਬ, ਬੁੱਲ੍ਹੇ ਸ਼ਾਹ ਅਤੇ ਵਾਰਿਸਸ਼ਾਹ ਦੇ ਸਥਾਨਾਂ ਦੇ ਦੀਦਾਰ ਕਰਨ ਤੋਂ ਬਾਅਦ ਵੱਖ-ਵੱਖ ਖੇਤਰਾਂ ਦੇ ਲੋਕਾਂ ਨਾਲ ਗੱਲਬਾਤ ਕਰਨ ਉਪਰੰਤ ਮੈਂ ਇਹ ਮਹਿਸੂਸ ਕੀਤਾ ਕਿ ਦੇਸ਼ ਦੀ ਵੰਡ ਨਾਲ ਸਾਡੀ ਸਭਿਆਚਾਰਕ ਏਕਤਾ ਨੂੰ ਅਧਰੰਗ ਹੋ ਗਿਆ ਹੈ। ਦੋਵਾਂ ਪਾਸਿਆਂ ਦੇ ਪੰਜਾਬੀਆਂ ਦੇ ਮਨਾਂ ਵਿਚ ਇਕ-ਦੂਜੇ ਨੂੰ ਮਿਲਣ ਅਤੇ ਜਾਨਣ ਦੀ ਅਜੀਬ ਕਿਸਮ ਦੀ ਪਿਆਸ ਹੈ। ਲਾਹੌਰ ਵਿਚ, ਮੈਂ, ਇਹ ਮਹਿਸੂਸ ਕੀਤਾ ਕਿ ਦੋਵੇਂ ਧਿਰਾਂ ਇਕ-ਦੂਜੇ ਤੋਂ ਬਿਨਾਂ ਆਪਣੇ ਆਪ ਨੂੰ ਅਧੂਰਾ ਸਮਝਦੀਆਂ ਹਨ ਅਤੇ ਇਕ ਦੂਸਰੇ ਦੇ ਸਜਿੰਦ ਅਤੇ ਸਿਹਤਮੰਦ ਹਿੱਸੇ ਨਾਲ ਮਿਲਾਪ ਦੀ ਨੇੜਲੀ ਤਾਂਘ ਰੱਖਦੀਆਂ ਹਨ। ਦੋਵਾਂ ਪਾਸਿਆਂ ਦੇ ਲੋਕ ਇਕ ਦੂਜੇ ਨੂੰ ਮਿਲ ਕੇ 'ਮੁਕੰਮਲ' ਹੋਣ ਲਈ ਵੈਰਾਗੇ ਪਏ ਹਨ। ਦੋਹਾਂ ਪਾਸਿਆਂ ਤੋਂ ਇਕ ਦੂਜੇ ਲਈ ਮੁਹੱਬਤ ਦਾ ਜਜ਼ਬਾ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਸ਼ਾਇਦ ਇਹ ਜਜ਼ਬਾ ਪੱਛਮੀ ਪੰਜਾਬ ਵਿਚ ਕੁਝ ਵਧੇਰੇ ਹੀ ਹੋਵੇ। ਅਜਿਹਾ ਸੋਚਣ ਵਾਲੇ ਲੋਕਾਂ ਨੂੰ ਲੱਗਦਾ ਹੈ ਕਿ ਸਿਰਫ਼ ਰਾਜਸੀ ਤਾਕਤ ਨੂੰ ਹਾਸਲ ਕਰਨ ਦੀ ਮਨਸ਼ਾ ਨਾਲ ਅਤੇ ਨਿਰੋਲ ਰਾਜਨੀਤਕ ਕਾਰਨਾਂ ਕਰ ਕੇ ਹੋਈ ਬਿਲਕੁਲ ਹੀ ਤਰਕਹੀਣ ਦੇਸ਼ ਦੀ ਇਸ ਵੰਡ ਨੇ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨ ਭਾਈਚਾਰਿਆਂ ਦੇ ਆਧਾਰ ਤੇ ਉਸਰੀ ਮੁਕੰਮਲ ਪੰਜਾਬੀ ਸਭਿਆਚਾਰਕ ਇਕਾਈ ਨੂੰ ਖੰਡਿਤ ਕਰ ਕੇ ਰੱਖ ਦਿੱਤਾ ਹੈ ਅਤੇ ਇਸ ਦਾ ਪੰਜਾਬੀਆਂ ਨੂੰ ਬਹੁਤ ਹੀ ਨੁਕਸਾਨ ਝੱਲਣਾ ਪਿਆ ਹੈ। ਮੇਰਾ ਖ਼ਿਆਲ ਹੈ ਕਿ ਸਰਹੱਦ ਦੇ ਆਰ-ਪਾਰ ਵੱਸਦੇ ਸਾਰੇ ਪੰਜਾਬੀ ਲੋਕ ਉਨ੍ਹਾਂ ਰਾਜਨੇਤਾਵਾਂ ਨੂੰ ਇਸ ਗੱਲ ਲਈ ਕੋਸਦੇ ਹੋਣਗੇ, ਜਿਨ੍ਹਾਂ ਨੇ ਰਾਜਸੀ ਤਾਕਤ ਹਾਸਲ ਕਰਨ ਲਈ ਪੰਜਾਬ ਦੀ ਸਭਿਆਚਾਰਕ ਏਕਤਾ ਨੂੰ ਕੁਰਬਾਨ ਕਰ ਦਿੱਤਾ। ਪਾਕਿਸਤਾਨੀ ਪੰਜਾਬ ਭਾਰਤੀ ਪੰਜਾਬ ਨਾਲੋਂ ਲਗਭਗ ਤਿੰਨ ਗੁਣਾ ਵੱਡਾ ਹੈ। ਪਾਕਿਸਤਾਨੀ ਪੰਜਾਬ ਦੀ ਆਬਾਦੀ ਨੌਂ ਕਰੋੜ ਹੈ ਅਤੇ ਇਹ ਪਾਕਿਸਤਾਨ ਦੀ ਸਮੁੱਚੀ ਆਬਾਦੀ ਦੇ ਅੱਧ ਤੋਂ ਵਧੇਰੇ ਹੈ। ਇਹ ਠੀਕ ਹੈ ਕਿ ਭਾਰਤੀ ਪੰਜਾਬ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਨੇ ਵਧੇਰੇ ਵਿਕਾਸ ਕੀਤਾ ਹੈ। ਪਰ ਸਮੁੱਚੇ ਤੌਰ 'ਤੇ ਵੇਖਿਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਪਾਕਿਸਤਾਨ ਵਿਚ ਪੰਜਾਬੀ ਸਭਿਆਚਾਰ ਦਾ ਦ੍ਰਿਸ਼ ਬੜਾ ਸਜਿੰਦ ਅਤੇ ਜਾਨਦਾਰ ਹੈ।

ਪੰਜਾਬੀਆਂ ਦਾ ਇਹ ਆਖ ਕੇ ਅਕਸਰ ਮਜ਼ਾਕ ਉਡਾਇਆ ਜਾਂਦਾ ਹੈ ਕਿ ਪੰਜਾਬੀਆਂ ਦਾ ਕਲਚਰ 'ਐਗਰੀਕਲਚਰ' ਹੈ। ਇਹ ਵੀ ਆਜ਼ਾਦੀ ਤੋਂ ਪਿੱਛੋਂ ਦੇ ਭਾਰਤੀ ਪੰਜਾਬ ਦੀ ਪੰਜਾਬੀਆਂ ਨੂੰ ਦੇਣ ਹੈ। ਕਿਉਂਕਿ ਇਸ ਪੰਜਾਬ ਦਾ ਕੋਈ ਆਪਣਾ ਸਭਿਆਚਾਰਕ ਕੇਂਦਰ ਨਹੀਂ ਸੀ ਰਹਿ ਗਿਆ। ਜਦ ਕਿ ਲਾਹੌਰ ਅਣਵੰਡੇ ਪੰਜਾਬ ਦਾ ਸਭ ਤੋਂ ਵੱਧ ਸਭਿਆਚਾਰਕ ਸ਼ਹਿਰ ਗਿਣਿਆ ਜਾਂਦਾ ਸੀ ਅਤੇ ਲਾਹੌਰ ਦੀ ਜਾਨਦਾਰ ਤੇ ਸ਼ਾਨਦਾਰ ਪਰੰਪਰਾ ਅੱਜ ਵੀ ਜਿਉਂਦੀ-ਜਾਗਦੀ ਹੈ। ਆਜ਼ਾਦੀ ਉਪਰੰਤ ਲਾਹੌਰ ਨੇ ਲੋਹੜੇ ਦਾ ਵਿਕਾਸ ਕੀਤਾ ਹੈ, ਅਤੇ ਹੁਣ ਇਸ ਦੀ ਆਬਾਦੀ ਇਕ ਕਰੋੜ ਦੇ ਲਗਭਗ ਹੈ। ਆਜ਼ਾਦੀ ਤੋਂ ਪਹਿਲਾਂ ਅੰਮ੍ਰਿਤਸਰ ਤੇ ਲਾਹੌਰ ਲਗਭਗ ਜੌੜੇ ਸ਼ਹਿਰ ਸਨ। ਅੰਮ੍ਰਿਤਸਰ ਸੁੰਗੜ ਗਿਆ ਹੈ, ਆਜ਼ਾਦੀ ਤੋਂ ਬਾਅਦ ਉਸ ਦਾ ਧਾਰਮਿਕ ਮਹੱਤਵ ਤਾਂ ਭਾਵੇਂ ਕਾਇਮ ਹੈ, ਪਰ ਉਸ ਦਾ ਸਭਿਆਚਾਰਕ ਮਹੱਤਵ ਪਹਿਲਾਂ ਜਿਹਾ ਨਹੀਂ ਰਹਿ ਗਿਆ।

ਮੈਂ ਅੰਦਰੂਨੀ ਸ਼ਹਿਰ ਅਤੇ ਉਸ ਦੇ ਦੁਆਲੇ ਬਣੇ ਬਹੁਤ ਚਰਚਿਤ ਬਾਰ੍ਹਾਂ ਦਰਵਾਜ਼ਿਆਂ ਨੂੰ ਨਹੀਂ ਵੇਖ ਸਕਿਆ। ਇਨ੍ਹਾਂ ਦਰਵਾਜ਼ਿਆਂ ਵਿਚੋਂ ਸ਼ਹਾਲਮੀ ਦਰਵਾਜ਼ਾ (**1947** ਵਿਚ ਹੋਏ ਫ਼ਿਰਕੂ ਫ਼ਸਾਦਾਂ ਦਾ ਮੁੱਖ ਕੇਂਦਰ), ਮੋਚੀ ਦਰਵਾਜ਼ਾ, ਭਾਟੀ ਦਰਵਾਜ਼ਾ, ਹਾਥੀ ਦਰਵਾਜ਼ਾ, ਦਮੋਰੀਆ ਦਰਵਾਜ਼ਾ ਆਦਿ ਦਾ ਜ਼ਿਕਰ ਪ੍ਰਸਿੱਧ ਹਿੰਦੀ ਲੇਖਕ ਯਸ਼ਪਾਲ ਨੇ ਆਪਣੇ ਮਹਾਂਕਾਵਿਕ ਨਾਵਲ 'ਝੂਠਾ ਸੱਚ' ਵਿਚ ਬੜੀ ਚੰਗੀ ਤਰ੍ਹਾਂ ਬਿਆਨ ਕੀਤਾ ਹੈ। ਲਾਹੌਰ ਵਿਚ ਆਪਣੇ ਆਖ਼ਰੀ ਤਿੰਨ ਦਿਨ ਮੈਂ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਗੈਸਟ ਹਾਊਸ ਵਿਚ ਗੁਜ਼ਾਰੇ। ਇਨ੍ਹਾਂ ਦਿਨਾਂ ਨੇ ਮੈਨੂੰ **1971-72** ਵਿਚਲੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਬਿਤਾਏ ਆਪਣੇ ਵਿਦਿਆਰਥੀ ਜੀਵਨ ਦੇ ਦਿਨਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਪੰਜਾਬ ਯੂਨੀਵਰਸਿਟੀ ਲਾਹੌਰ ਦੇ ਨਵੇਂ ਕੈਂਪਸ ਵਿਚ ਬਣੀ ਹੋਈ ਛੋਟੀ ਮਾਰਕੀਟ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਮਾਰਕੀਟ ਵਰਗੀ ਹੀ ਹੈ, ਭਾਵੇਂ ਕਿ ਚੰਡੀਗੜ੍ਹ ਵਾਲੀ ਮਾਰਕੀਟ ਕੁਝ ਵਧੇਰੇ ਵਿਕਸਿਤ ਹੈ। ਜਿਹੜੇ ਹੋਸਟਲ ਵਿਚ ਮੈਂ ਸਵੇਰ ਦਾ ਨਾਸ਼ਤਾ ਅਤੇ ਚਾਹ ਲੈਂਦਾ ਸਾਂ, ਉਹ ਵੀ ਹੂ-ਬ-ਹੂ ਚੰਡੀਗੜ੍ਹ ਦੇ ਹੋਸਟਲ ਵਰਗਾ ਹੀ ਸੀ। ਵੰਡ ਤੋਂ ਬਾਅਦ 'ਪੰਜਾਬ ਯੂਨੀਵਰਸਿਟੀ' ਦਾ ਨਾਮ ਬਦਲ ਕੇ 'ਯੂਨੀਵਰਸਿਟੀ ਆਫ਼ ਪੰਜਾਬ' ਕਰ ਦਿੱਤਾ ਗਿਆ ਹੈ ਜਦਕਿ ਕੈਫੇਟੇਰੀਆ ਅਤੇ ਲਾਇਬ੍ਰੇਰੀ ਦੇ ਆਜ਼ਾਦੀ ਤੋਂ ਪਹਿਲਾਂ ਵਾਲੇ ਪੁਰਾਣੇ ਨਾਮ ਹੀ ਬਰਕਰਾਰ ਹਨ। ਲਾਹੌਰ ਦੀ ਪੰਜਾਬ ਯੂਨੀਵਰਸਿਟੀ ਤੋਂ ਵਖਰਿਆਉਣ ਦੇ ਮਕਸਦ ਨਾਲ ਪੰਜਾਬ ਯੂਨੀਵਰਸਿਟੀ ਵਿਚਲੇ **PUNJAB** ਦੇ ਸ਼ਬਦ-ਜੋੜ **PANJAB** ਕਰ ਦਿੱਤੇ ਗਏ ਹਨ। ਯੂਨੀਵਰਸਿਟੀ ਦੇ ਪੁਰਾਣੇ ਕੈਂਪਸ ਵਿਚ ਮੇਰੀ ਫੇਰੀ ਵੀ ਦਿਲਚਸਪ ਰਹੀ। ਇਸ ਕੈਂਪਸ ਵਿਚ ਉਰਦੂ, ਪਰਸ਼ੀਅਨ, ਪੰਜਾਬੀ ਦੇ ਵਿਭਾਗ ਤਾਂ ਕਾਇਮ ਹੀ ਸਨ, ਹੁਣ ਹਿੰਦੀ ਦਾ ਵਿਭਾਗ ਵੀ ਮੁੜ ਚਾਲੂ ਕੀਤਾ ਗਿਆ ਹੈ। ਪੰਜਾਬੀ ਵਿਭਾਗ ਵਿਚ ਡਾ. ਮੋਹਨ ਸਿੰਘ ਦੀਵਾਨਾ ਅਤੇ ਭਾਈ ਸੰਤੋਖ ਸਿੰਘ ਅਤੇ ਸਾਧੂ ਦਿਤ ਸਿੰਘ ਦੇ ਨਾਂਵਾਂ ਨੂੰ ਵੇਖਣਾ ਵੀ ਆਪਣੇ ਆਪ ਵਿਚ ਇਕ ਵਿਲੱਖਣ ਅਨੁਭਵ ਸੀ। ਇਧਰਲੇ ਪੰਜਾਬ ਵਿਚ ਸ਼ਾਇਦ ਕਿਸੇ ਨੂੰ ਇਹ ਪਤਾ ਨਾ ਹੋਵੇ ਕਿ ਪੰਜਾਬ ਯੂਨੀਵਰਸਿਟੀ ਲਾਹੌਰ ਦਾ ਪੰਜਾਬੀ ਵਿਭਾਗ **1879** ਵਿਚ ਸ਼ੁਰੂ ਹੋਇਆ ਸੀ। ਦਿਲਚਸਪ ਗੱਲ ਇਹ ਵੀ ਸੀ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਹਿੰਦੀ ਵਿਭਾਗ ਵਿਚ ਕੰਮ ਕਰ ਰਹੀ ਇਕੋ-ਇਕ ਆਰਜ਼ੀ ਅਧਿਆਪਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮੇਰੀ ਵਿਦਿਆਰਥਣ ਰਹਿ ਚੁੱਕੀ ਸੀ। ਇਸ ਦਾ ਨਾਮ ਸ਼ਬਨਮ ਰਿਆਜ਼ ਸੀ ਅਤੇ ਇਹ ਪਟਿਆਲੇ ਤੋਂ ਹਿੰਦੀ ਦੀ ਐਮ.ਏ. ਕਰਨ ਤੋਂ ਬਾਅਦ ਵਿਆਹ ਕਰਵਾ ਕੇ ਮਲੇਰਕੋਟਲੇ ਤੋਂ ਹਿਜਰਤ ਕਰ ਆਈ ਸੀ। ਲਾਹੌਰ ਆਪਣੀਆਂ ਵਿਦਿਅਕ ਸੰਸਥਾਵਾਂ ਕਰ ਕੇ ਵੀ ਜਾਣਿਆ ਜਾਂਦਾ ਹੈ। 'ਪ੍ਰਾਈਵੇਟਾਈਜ਼ੇਸ਼ਨ' ਦੀ ਬੀਮਾਰੀ ਦਾ ਸ਼ਿਕਾਰ ਹੋਣ ਕਰ ਕੇ ਇਕੱਲੇ ਲਾਹੌਰ ਸ਼ਹਿਰ ਵਿਚ ਹੀ ਲਗਭਗ ਪੰਝੀ ਯੂਨੀਵਰਸਿਟੀਆਂ ਬਣ ਗਈਆਂ ਹਨ। ਇਥੋਂ ਤਕ ਕਿ ਗੌਰਮਿੰਟ ਕਾਲਜ ਦਾ ਨਾਂ ਬਦਲ ਕੇ 'ਗੌਰਮਿੰਟ ਕਾਲਜ ਯੂਨੀਵਰਸਿਟੀ' ਹੋ ਗਿਆ ਹੈ ਅਤੇ ਇਹ ਨਾਂ ਬੜਾ ਹੀ ਅਜੀਬੋ-ਗ਼ਰੀਬ ਲੱਗਦਾ ਹੈ।

ਲੋਕਾਂ ਨੂੰ ਮਿਲਣਾ ਮੇਰੇ ਲਈ ਬੜਾ ਅਮੀਰ ਕਰ ਦੇਣ ਵਾਲਾ ਅਨੁਭਵ ਸੀ। ਕੁਝ ਲੋਕਾਂ ਨਾਲ ਮੇਰਾ ਪਹਿਲਾਂ ਹੀ ਸੰਪਰਕ ਸੀ ਅਤੇ ਕੁਝ ਹਵਾਲੇ ਮੈਂ ਭਾਰਤ ਤੋਂ ਨਾਲ ਲੈ ਕੇ ਤੁਰਿਆ ਸਾਂ। ਮੈਂ ਮਹਾਨ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੀ ਧੀ ਸਲੀਮਾ ਹਾਸ਼ਮੀ ਅਤੇ ਉਸ ਦੇ ਨਾਲ ਹੀ ਫ਼ਕੀਰ ਅਜ਼ੀਜ਼ੁਦੀਨ ਨੂੰ ਮਿਲਣ ਲਈ ਕਾਹਲਾ ਸਾਂ। ਇਹ ਦੋਵੇਂ ਪਾਕਿਸਤਾਨ ਦੇ ਬੜੇ ਪ੍ਰਸਿੱਧ ਆਰਟਿਸਟ ਹਨ ਅਤੇ ਹਾਲ ਹੀ ਵਿਚ ਪੰਜਾਬੀ ਯੂਨੀਵਰਸਿਟੀ ਦੇ ਫਾਈਨ ਆਰਟਸ ਡੀਪਾਰਟਮੈਂਟ ਵਿਚ ਹੋਏ ਇਕ ਸੈਮੀਨਾਰ ਦੇ ਸਿਲਸਿਲੇ ਵਿਚ ਪੰਜਾਬ ਆਏ ਸਨ। ਸੋ, ਇਕ ਸ਼ਾਮ ਤਾਂ ਮੈਂ ਹਾਸ਼ਮੀ ਪਰਿਵਾਰ ਨਾਲ ਮਾਡਲ ਟਾਊਨ ਵਾਲੇ ਉਸ ਘਰ ਵਿਚ ਬਿਤਾਈ ਜਿਥੇ ਕਦੀ ਫ਼ੈਜ਼ ਸਾਹਿਬ ਰਹਿੰਦੇ ਸਨ। ਲਾਹੌਰ ਦੇ ਪ੍ਰਸਿੱਧ ਨੈਸ਼ਨਲ ਆਰਟ ਕਾਲਜ ਦੀ ਪ੍ਰਿੰਸੀਪਲ ਵਜੋਂ ਰਿਟਾਇਰ ਹੋਣ ਉਪਰੰਤ ਸਲੀਮਾ ਹਾਸ਼ਮੀ ਅੱਜਕਲ੍ਹ ਬੈਕਨਹੈੱਡ ਯੂਨੀਵਰਸਿਟੀ ਲਾਹੌਰ ਦੀ ਵਿਯੂਅਲ ਆਰਟਸ ਦੀ ਡੀਨ ਹੈ। ਉਸ ਦਾ ਪਤੀ, ਸ਼ੁਏਬ ਹਾਸ਼ਮੀ, ਜੋ ਅਰਥ-ਸ਼ਾਸਤਰ ਦਾ ਰਿਟਾਇਰਡ ਪ੍ਰੋਫ਼ੈਸਰ ਹੈ, ਇਕ ਹਸਮੁਖ ਆਦਮੀ ਹੈ। ਉਹ ਕੁਝ ਰੋਜ਼ਾਨਾ ਅਖ਼ਬਾਰਾਂ ਲਈ ਕਾਲਮ ਵੀ ਲਿਖਦਾ ਹੈ। ਉਨ੍ਹਾਂ ਦੀ ਧੀ ਦਾ ਨਾਂ ਮੀਰਾ ਹੈ ਅਤੇ ਦੋਹਤੀ ਦਾ ਨਾਂ ਅੱਨਾ। ਸਲੀਮਾ ਦੱਸਦੀ ਹੈ ਕਿ ਫ਼ੈਜ਼ ਸਾਹਿਬ ਨੇ ਭਗਤ ਸਿੰਘ ਹੁਰਾਂ ਵੱਲੋਂ ਸਾਂਡਰਸ ਉਤੇ ਕੀਤੇ ਫਾਇਰਾਂ ਦਾ ਖੜਾਕ ਸੁਣਿਆ ਸੀ। ਉਹ ਉਸ ਦਿਨ ਉਸ ਸਮੇਂ ਕਿਧਰੇ ਡੀ.ਏ.ਵੀ. ਕਾਲਜ ਦੇ ਨੇੜੇ ਹੀ ਸਨ। ਇਨ੍ਹਾਂ ਫਾਇਰਾਂ ਦਾ ਖੜਾਕ ਪਾਕਿਸਤਾਨ ਦੇ ਪ੍ਰਸਿੱਧ ਕਮਿਊਨਿਸਟ ਲੀਡਰ ਸਵਰਗੀ ਮਜ਼ਹਰ ਅਲੀ ਨੇ ਵੀ ਸੁਣਿਆ ਸੀ। ਇਸ ਗੱਲ ਦੀ ਪੁਸ਼ਟੀ ਉਸ ਦੀ ਪਤਨੀ ਤਾਹਿਰਾ ਮਜ਼ਹਰ ਵੱਲੋਂ ਕੀਤੀ ਗਈ ਜਿਹੜੀ ਪ੍ਰਸਿੱਧ ਲੇਖਕ ਤਾਰਕ ਅਲੀ ਦੀ ਮਾਂ ਹੈ। ਇਹ ਉਨ੍ਹਾਂ ਲੋਕਾਂ ਵਿਚੋਂ ਹੈ ਜਿਹੜੇ ਪਾਕਿਸਤਾਨ ਵਿਚ ਭਗਤ ਸਿੰਘ ਦੀ ਯਾਦ ਮਨਾਉਂਦੇ ਰਹਿੰਦੇ ਹਨ। ਮੈਂ ਉਸ ਦੇ ਘਰ ਉਸ ਨੂੰ ਮਿਲਿਆ ਅਤੇ ਭਗਤ ਸਿੰਘ ਦੀਆਂ ਲਿਖਤਾਂ ਵਾਲੀ ਕਿਤਾਬ ਵੀ ਉਸ ਨੂੰ ਭੇਟ ਕੀਤੀ। ਤਾਹਿਰਾ ਮਜ਼ਹਰ ਅਲੀ, ਜਿਹੜੀ ਇਸ ਸਮੇਂ ਬਿਆਸੀ ਵਰ੍ਹਿਆਂ ਦੀ ਹੈ ਅਤੇ

ਸਲੀਮਾ ਹਾਸ਼ਮੀ, ਦੋਵੇਂ ਪਾਕਿਸਤਾਨ ਦੀ ਜਮਹੂਰੀ ਲਹਿਰ ਵਿਚ ਕ੍ਰਿਆਸ਼ੀਲ ਹਨ। ਮੇਰੀ ਠਹਿਰ ਦੇ ਸਮੇਂ ਹੀ ਸਲੀਮਾ ਨੇ ਔਰਤਾਂ ਦੀ ਇਕ ਰੈਲੀ ਵਿਚ ਭਾਗ ਲਿਆ। ਖੱਬੇਪੱਖੀ ਕਾਰਜਕਰਤਾਵਾਂ ਨੂੰ ਪਾਕਿਸਤਾਨ ਵਿਚ ਆਮ ਬੋਲਚਾਲ ਦੀ ਬੋਲੀ ਵਿਚ 'ਸੁਰਖ਼ੇ' (ਲਾਲ) ਕਿਹਾ ਜਾਂਦਾ ਹੈ। ਇਕ ਫਿਕਸ਼ਨ ਹਾਊਸ ਬੁੱਕ ਸ਼ਾਪ ਉੱਤੇ ਲਾਹੌਰ ਦੇ ਇਕ ਪ੍ਰਗਤੀਵਾਦੀ ਪ੍ਰਕਾਸ਼ਕ ਅਤੇ ਪੁਸਤਕ ਵਿਕ੍ਰੇਤਾ ਨਾਲ ਅਚਨਚੇਤ ਹੀ ਮੇਰਾ ਮੇਲ ਹੋ ਗਿਆ। ਫਿਕਸ਼ਨ ਹਾਊਸ ਨੇ ਪ੍ਰਸਿੱਧ ਇਤਿਹਾਸਕਾਰ ਮੁਬਾਰਕ ਅਲੀ ਦੀਆਂ, ਲਗਭਗ ਸਾਰੀਆਂ ਹੀ ਪੁਸਤਕਾਂ, ਉਰਦੂ ਅਤੇ ਅੰਗਰੇਜ਼ੀ ਵਿਚ, ਪ੍ਰਕਾਸ਼ਿਤ ਕੀਤੀਆਂ ਹਨ। ਮੈਂ ਭਗਤ ਸਿੰਘ ਅਤੇ ਡਾਕਟਰ ਅੰਬੇਡਕਰ ਦੇ ਕੁਝ ਫੋਟੋ-ਕਾਰਡ ਵੰਡਣ ਲਈ ਆਪਣੇ ਨਾਲ ਲੈ ਕੇ ਗਿਆ ਸਾਂ। ਇਹੋ ਜਿਹਾ ਇਕ ਕਾਰਡ ਮੈਂ ਫਿਕਸ਼ਨ ਹਾਊਸ ਦੇ ਮਾਲਕ ਨੂੰ ਦਿੱਤਾ। ਇਕ ਬਜ਼ੁਰਗ ਆਦਮੀ ਨੇ, ਜਿਹੜਾ ਉਸ ਸਮੇਂ ਉੱਥੇ ਹਾਜ਼ਰ ਸੀ, ਨੇ ਵੀ ਅਜਿਹਾ ਹੀ ਇਕ ਕਾਰਡ ਉਸ ਨੂੰ ਵੀ ਦੇਣ ਲਈ ਆਖਿਆ। ਫਿਰ ਉਸ ਨੇ ਆਪਣੀ ਪਛਾਣ ਅਸਲਮ ਰਹੀਲ ਮਿਰਜ਼ਾ ਵੱਲੋਂ ਕਰਵਾਈ। ਉਹ ਪਾਕਿਸਤਾਨ ਦੀ ਕਮਿਊਨਿਸਟ ਪਾਰਟੀ ਦਾ ਕਾਰਕੁੰਨ ਸੀ। ਉਹਨੇ ਦੱਸਿਆ ਕਿ ਉਹ ਹਰ ਸਾਲ ਭਗਤ ਸਿੰਘ ਦਾ ਯਾਦਗਾਰੀ ਦਿਹਾੜਾ ਮਨਾਉਂਦੇ ਹਨ। ਭਾਵੇਂ ਇਨ੍ਹਾਂ ਦਿਨਾਂ ਵਿਚ ਪਾਕਿਸਤਾਨ ਕਮਿਊਨਿਸਟ ਪਾਰਟੀ 'ਤੇ ਕੋਈ ਪਾਬੰਦੀ ਨਹੀਂ ਹੈ ਪਰ ਕਮਿਊਨਿਸਟ ਤਾਕਤਾਂ ਕਾਫੀ ਕਮਜ਼ੋਰ ਹਨ। ਇਹ ਕਮਿਊਨਿਸਟ ਪਾਰਟੀ (ਜਿਸ ਦਾ ਸਿੰਧ-ਹੈਦਰਾਬਾਦ ਵਿਚ ਤਕੜਾ ਅਦਾਰਾ ਹੈ), ਤੋਂ ਇਲਾਵਾ ਨੈਸ਼ਨਲ ਵਰਕਰਜ਼ ਪਾਰਟੀ, ਮਜ਼ਦੂਰ ਕਿਸਾਨ ਪਾਰਟੀ, ਲੇਬਰ ਪਾਰਟੀ ਆਦਿ ਗਰੁੱਪਾਂ ਵਿਚ ਵੰਡੀਆਂ ਹੋਈਆਂ ਹਨ।

ਪ੍ਰੋਫੈਸਰ ਮਨਜ਼ੂਰ ਅਹਿਮਦ, ਪ੍ਰੋਫੈਸਰ ਅਜ਼ੀਜ਼ੁਦੀਨ ਅਤੇ ਤਹਿਸੀਨ ਅਹਿਮਦ ਦੀ ਸੰਗਤ ਵਿਚ, ਜਿਨ੍ਹਾਂ ਦੀ ਮੁਹੱਬਤ ਸਦਕਾ ਮੈਨੂੰ ਕਿਤੇ ਰਾਤ ਦੇ ਖਾਣੇ 'ਤੇ ਬੁਲਾਇਆ ਗਿਆ ਸੀ, ਮੁੱਢਲੇ ਸਮਿਆਂ ਦੀ ਕਮਿਊਨਿਸਟ ਲਹਿਰ ਬਾਰੇ ਬਹੁਤ ਸਾਰੀਆਂ ਕਹਾਣੀਆਂ ਸੁਣਨ ਨੂੰ ਮਿਲੀਆਂ, ਜਿਨ੍ਹਾਂ ਵਿਚੋਂ ਵਧੇਰੇ ਸੱਚੀਆਂ ਸਨ। ਪ੍ਰੋਫੈਸਰ ਮਨਜ਼ੂਰ ਅਹਿਮਦ ਇਸ ਵੇਲੇ ਬਿਆਸੀ ਵਰ੍ਹਿਆਂ ਦੇ ਹਨ ਅਤੇ ਉਨ੍ਹਾਂ ਦੇ ਮਿੱਤਰ ਉਨ੍ਹਾਂ ਨੂੰ ਗਾਂਧੀਵਾਦੀ ਸਮਝਦੇ ਹਨ। ਭਾਵੇਂ ਉਨ੍ਹਾਂ ਦਾ ਕੋਈ ਵੀ ਮਿੱਤਰ ਗਾਂਧੀ ਬਾਰੇ ਉਸ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਤਾਂ ਵੀ ਸਾਰੇ ਜਣੇ ਉਸ ਨੂੰ ਇਕ ਪ੍ਰਸੰਨਚਿੱਤ ਅਤੇ ਮਿਲਾਪੜੇ ਬੰਦੇ ਵਜੋਂ ਪਿਆਰ ਕਰਦੇ ਹਨ। ਮੈਂ ਲਾਹੌਰ ਦੇ ਇਕ ਸੇਠ ਪ੍ਰਾਣਨਾਥ ਦੀ ਬੜੀ ਹੀ ਦਿਲਚਸਪ ਕਹਾਣੀ ਸੁਣੀ। ਜਿਹਨੇ 1947 ਵਿਚ ਲਾਹੌਰ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ। ਸੇਠ ਪ੍ਰਾਣਨਾਥ ਫ਼ਜ਼ਲ ਹੁਸੈਨ ਮੰਤਰੀ ਮੰਡਲ ਵਿਚ ਪਹਿਲੀ ਵਾਰ ਮੰਤਰੀ ਬਣਨ ਵਾਲੇ ਲਾਲਾ ਹਰਕ੍ਰਿਸ਼ਨ ਦਾ ਦਾਮਾਦ ਸੀ। ਪ੍ਰਾਣਨਾਥ ਨੂੰ 1965 ਵਿਚ ਭਾਰਤ-ਪਾਕਿ ਜੰਗ ਸਮੇਂ ਥੋੜ੍ਹੇ ਚਿਰ ਲਈ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਹ ਕੁਝ ਸਮੇਂ ਲਈ ਭਾਰਤ ਆਇਆ ਅਤੇ ਇਥੇ ਬਿਮਾਰ ਹੋ ਗਿਆ। ਉਸ ਨੇ ਐਲਾਨ ਕਰ ਦਿੱਤਾ ਕਿ ਉਹ ਲਾਹੌਰ ਤੋਂ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ। ਉਹ ਲਾਹੌਰ ਵਾਪਸ ਪਰਤ ਗਿਆ ਅਤੇ ਉੱਥੇ ਜਾ ਕੇ ਠੀਕ-ਠਾਕ ਹੋ ਗਿਆ। ਪ੍ਰਸਿੱਧ ਉਰਦੂ ਲੇਖਕ ਸੱਜਾਦ ਜ਼ਹੀਰ, 1947 ਵਿਚ ਪਾਕਿਸਤਾਨ ਵਿਚ ਕਮਿਊਨਿਸਟ ਲਹਿਰ ਖੜੀ ਕਰਨ ਲਈ ਪਾਕਿਸਤਾਨ ਚਲਾ ਗਿਆ ਸੀ, ਨੇ ਫਰਜ਼ੀ ਨਾਂ ਹੇਠਾਂ ਸੇਠ ਪ੍ਰਾਣਨਾਥ ਕੋਲ ਹੀ ਪਨਾਹ ਲਈ ਸੀ। ਜਦੋਂ ਇਕ ਵਾਰ ਪੁਲਿਸ ਨੇ ਸੱਜਾਦ ਜ਼ਹੀਰ ਨੂੰ ਗ੍ਰਿਫ਼ਤਾਰ ਕਰਨ ਲਈ ਉਸ ਦੇ ਘਰ ਛਾਪਾ ਮਾਰਿਆ (ਭਾਵੇਂ ਸੱਜਾਦ ਜ਼ਹੀਰ, ਬਚ ਕੇ, ਪਹਿਲਾਂ ਹੀ ਨਿਕਲ ਗਿਆ ਸੀ) ਤਾਂ ਆਪਣੀਆਂ ਰਈਸਾਂ ਵਾਲੀਆਂ ਆਦਤਾਂ ਹੋਣ ਕਰ ਕੇ ਉਸ ਨੇ ਪੁਲਿਸ ਨਾਲ ਇਸ ਗੱਲੋਂ ਡਾਹਢੀ ਨਾਰਾਜ਼ਗੀ ਜਤਾਈ ਕਿ ਉਨ੍ਹਾਂ ਨੇ ਉਸ ਦੇ ਘਰ ਛਾਪਾ ਮਾਰਨ ਤੋਂ ਪਹਿਲਾਂ ਉਸ ਨੂੰ ਸੂਚਿਤ ਕਿਉਂ ਨਹੀਂ ਕੀਤਾ ਜਦਕਿ ਪੁਲਿਸ ਦਾ ਡੀ.ਆਈ.ਜੀ. ਉਸ ਦਾ ਮਿੱਤਰ ਸੀ। ਤਦ ਉਸ ਨੂੰ ਦੱਸਿਆ ਗਿਆ ਕਿ ਜਿਹੜੇ ਪ੍ਰੋਫੈਸਰ ਨੂੰ ਉਸ ਨੇ ਆਪਣੀ ਅਨੈਕਸੀ ਵਿਚ ਠਹਿਰਾਇਆ ਹੋਇਆ ਸੀ, ਉਹ ਅਸਲ ਵਿਚ ਇਕ ਭੂਮੀਗਤ ਕਮਿਊਨਿਸਟ ਲੀਡਰ ਸੀ। ਇਹ ਉਹ ਦਿਨ ਸਨ, ਜਦੋਂ ਸ਼ਾਇਰ ਸਾਹਿਰ ਲੁਧਿਆਣਵੀ ਵੀ ਪਾਕਿਸਤਾਨ ਕਮਿਊਨਿਸਟ ਪਾਰਟੀ ਵਿਚ ਕੰਮ ਕਰਨ ਲਈ ਪਾਕਿਸਤਾਨ ਗਿਆ ਸੀ ਅਤੇ ਲੇਖਕ ਅਹਿਮਦ ਰਾਹੀ ਕੋਲ ਠਹਿਰਿਆ ਸੀ।

ਮੈਂ ਇਨ੍ਹਾਂ ਵੱਡੇ ਬਜ਼ੁਰਗਾਂ ਕੋਲੋਂ, ਵੰਡ ਤੋਂ ਪਹਿਲਾਂ ਅਤੇ ਪਿੱਛੋਂ ਦੇ ਦਿਨਾਂ ਦੀਆਂ ਕਹਾਣੀਆਂ ਸੁਣਨ ਦਾ ਅਨੰਦ ਮਾਣਿਆਂ। ਮੈਨੂੰ ਇਤਿਹਾਸਕਾਰ ਮੁਬਾਰਕ ਅਲੀ ਨੂੰ ਮਿਲ ਕੇ ਵੀ ਕਾਫ਼ੀ ਲਾਭ ਹੋਇਆ, ਜਿਸ ਨੇ ਜਿਨਾਹ ਬਾਰੇ ਖਰੀਆਂ ਗੱਲਾਂ ਕਰ ਕੇ ਲੋਕਾਂ ਨੂੰ ਨਾਰਾਜ਼ ਕਰ ਲਿਆ ਸੀ। ਦਿਲ ਨੂੰ ਛੂਹਣ ਵਾਲੀ ਇਕ ਹੋਰ ਮਿਲਣੀ ਪਾਕਿਸਤਾਨ ਦੇ ਪਹਿਲੇ ਫੋਟੋ ਪੱਤਰਕਾਰ, 98 ਸਾਲਾ ਬਜ਼ੁਰਗ ਐਫ. ਈ. ਚੌਧਰੀ ਨਾਲ ਹੋਈ। 'ਦਾ ਟ੍ਰਿਬਿਊਨ' ਦਾ ਖੱਪਾ ਪੂਰਾ ਕਰਨ ਲਈ ਚਾਲੂ ਹੋਈ ਅਖ਼ਬਾਰ 'ਪਾਕਿਸਤਾਨ ਟਾਈਮਜ਼' ਦਾ ਸੰਪਾਦਕ, ਜਦੋਂ ਫ਼ੈਜ਼ ਅਹਿਮਦ ਫ਼ੈਜ਼, ਬਣਿਆ ਤਾਂ ਚੌਧਰੀ ਨੇ ਉਸ ਨਾਲ ਕੰਮ ਕੀਤਾ ਸੀ। ਪਾਕਿਸਤਾਨੀ ਲੀਡਰਾਂ ਦੀਆਂ ਪਹਿਲੀਆਂ ਤਸਵੀਰਾਂ ਐਫ. ਈ. ਚੌਧਰੀ (ਇਕ ਕ੍ਰਿਸ਼ਚੀਅਨ) ਨੇ ਹੀ ਖਿੱਚੀਆਂ ਸਨ। ਉਹੋ ਹੀ ਇਕ ਅਜਿਹਾ ਫੋਟੋਗ੍ਰਾਫਰ ਸੀ, ਜਿਸ ਨੇ ਸੈਂਟਰਲ ਜੇਲ੍ਹ ਲਾਹੌਰ ਦੀਆਂ ਉਦੋਂ ਤਸਵੀਰਾਂ ਖਿੱਚੀਆਂ, ਜਦੋਂ ਉਹ 1960 ਵਿਚ ਢਾਹੀ ਜਾ ਰਹੀ ਸੀ। ਉਸ ਨੇ ਉਨ੍ਹਾਂ ਫੋਟੋਆਂ ਦੀ ਫਾਈਲ ਸਾਂਭ ਕੇ ਰੱਖੀ ਹੋਈ ਸੀ, ਜਿਨ੍ਹਾਂ ਵਿਚ ਉਸ ਫਾਂਸੀ ਘਾਟ ਦੀਆਂ ਤਸਵੀਰਾਂ ਵੀ ਸਨ, ਜਿੱਥੇ ਭਗਤ ਸਿੰਘ, ਸਰਾਭਾ ਅਤੇ ਹੋਰ ਆਜ਼ਾਦੀ ਸੰਗਰਾਮੀਆਂ ਨੂੰ ਫਾਂਸੀ ਦਿੱਤੀ ਗਈ ਸੀ। ਮੈਂ ਆਪਣੇ ਸਾਧਾਰਨ ਕੈਮਰੇ ਵਿਚ ਉਨ੍ਹਾਂ ਤਸਵੀਰਾਂ ਨੂੰ ਸੰਭਾਲ ਲੈਣ ਦੀ ਕੋਸ਼ਿਸ਼ ਕੀਤੀ ਪਰ ਮੈਨੂੰ ਇਸ ਵਿਚ ਸਫ਼ਲਤਾ ਪ੍ਰਾਪਤ ਨਾ ਹੋਈ। ਪਰ ਮੈਨੂੰ ਪਤਾ ਸੀ ਕਿ ਦਲਜੀਤ ਅਮੀ ਨੇ ਕੁਝ ਦਿਨ ਪਹਿਲਾਂ ਇਨ੍ਹਾਂ ਤਸਵੀਰਾਂ ਨੂੰ ਆਪਣੇ ਵੀਡੀਓ ਕੈਮਰੇ ਵਿਚ ਸਾਂਭ ਲਿਆ ਸੀ। ਚੌਧਰੀ ਆਪਣੇ ਪੁੱਤਰ ਨਾਲ ਰਹਿ ਰਿਹਾ ਹੈ, ਜੋ ਇਕ ਕ੍ਰਿਸ਼ਚੀਅਨ ਸਕੂਲ ਦਾ ਪ੍ਰਿੰਸੀਪਲ ਹੈ। ਬੜੇ ਹੀ ਮਿਠਬੋਲੜੇ ਚੌਧਰੀ ਦੀ ਇਹ ਖ਼ਾਹਿਸ਼ ਸੀ ਕਿ ਉਹ ਵੰਡ ਤੋਂ ਪਹਿਲਾਂ ਦੇ ਆਪਣੇ ਮਿੱਤਰਾਂ ਨੂੰ ਲੱਭ ਕੇ ਮਿਲਣਾ ਚਾਹੁੰਦਾ ਹੈ ਜਿਨ੍ਹਾਂ ਵਿਚੋਂ ਬਹੁਤੇ

ਫੋਟੋਗ੍ਰਾਫਰ ਹੀ ਸਨ ਅਤੇ ਦਿੱਲੀ ਵਿਚ ਹਿਜਰਤ ਕਰ ਗਏ ਸਨ। ਇਕ ਨਾਂ, ਜਿਸ ਦਾ ਉਸ ਨੇ ਜ਼ਿਕਰ ਕੀਤਾ, ਉਹ ਸੀ.ਐਲ. ਸੋਨੀ ਐਂਡ ਕੰਪਨੀ ਸੀ ਅਤੇ ਦੂਜਾ ਸੀ ਸ਼ੰਕਰ ਦਾਸ ਐਂਡ ਕੰਪਨੀ। ਇਕ ਪਰਿਵਾਰ ਦੇ ਤਿੰਨ ਭਰਾ ਸਨ : ਸੁੰਦਰ ਦਾਸ, ਹਰੀਸ਼ ਅਤੇ ਜਗਦੀਸ਼। ਇਨ੍ਹਾਂ ਵਿਚੋਂ ਇਕ ਫੋਟੋਗ੍ਰਾਫੀ ਦੇ ਕਿੱਤੇ ਨਾਲ ਸੰਬੰਧਿਤ ਸੀ ਅਤੇ ਦੂਜੇ ਭਰਾ ਹੋਰ ਕੰਮ-ਧੰਦੇ ਕਰਦੇ ਸਨ। ਉਸ ਨੂੰ ਆਪਣੀ ਵੀਹਵਿਆਂ ਦੀ ਜਵਾਨੀ ਦੇ ਉਹ ਦਿਨ ਯਾਦ ਸਨ ਜਦੋਂ ਲਾਹੌਰ ਦੇ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਦੁਕਾਨਦਾਰਾਂ ਵਿਚ ਗੂੜ੍ਹੀ ਮਿੱਤਰਤਾ ਸੀ ਅਤੇ ਉਹ ਪੂਰੀ ਸਦਭਾਵਨਾ ਨਾਲ ਰਹਿੰਦੇ ਸਨ। ਬੀਤੇ ਦਾ ਹੇਰਵਾ ਲਾਹੌਰ ਦੇ ਲੋਕਾਂ ਵਿਚ ਪਹਿਲੀ ਪੀੜ੍ਹੀ ਦੇ ਮਨਾਂ ਉਤੇ ਹੀ ਨਹੀਂ ਛਾਇਆ ਹੋਇਆ, ਸਗੋਂ ਇਸ ਹੇਰਵੇ ਦੀ ਪੀੜ ਨਵੀਂ ਪੀੜ੍ਹੀ ਦੇ ਮਨਾਂ ਵਿਚ ਵੀ ਉਤਰ ਗਈ ਹੈ, ਜਿਸ ਨੇ ਆਪਣੇ ਵਡੇਰਿਆਂ ਤੋਂ ਸਿਰਫ਼ ਬੀਤੇ ਦੀਆਂ ਕਹਾਣੀਆਂ ਹੀ ਸੁਣੀਆਂ ਹੋਈਆਂ ਹਨ। ਇਸੇ ਕਰ ਕੇ ਲੁਧਿਆਣੇ ਤੋਂ ਹਿਜਰਤ ਕਰ ਕੇ ਗਏ ਇਕ ਪਠਾਣ ਪਰਿਵਾਰ ਦਾ ਮੇਰੇ ਨਾਲ ਵਿਹਾਰ ਬੜਾ ਹੀ ਮਿੱਤਰਤਾ ਪੂਰਨ ਹੋ ਗਿਆ। ਇਕ ਹੋਟਲ ਦਾ ਵੇਟਰ ਮੇਰੇ ਨਾਲ ਲੁਧਿਆਣੇ ਤੋਂ ਹਿਜਰਤ ਕਰ ਕੇ ਪਾਕਿਸਤਾਨ ਦੀਆਂ ਗੱਲਾਂ ਕਰਦਾ ਏਨਾ ਭਾਵੁਕ ਹੋਇਆ ਕਿ ਇਸ ਤਰਲ ਭਾਵਨਾ ਦਾ ਪ੍ਰਗਟਾਵਾ ਕਰਨ ਲਈ ਮੇਰੇ ਵਾਸਤੇ ਫਲਾਂ ਅਤੇ ਪੇਸਟਰੀਆਂ ਦੀ ਇਕ ਟੋਕਰੀ ਭਰ ਲਿਆਇਆ। ਭਾਰਤ ਵਿਚੋਂ ਗਏ ਯਾਤਰੀਆਂ ਨੂੰ ਲਾਹੌਰ ਵਿਚ ਇਹ ਸ਼ਬਦ ਅਕਸਰ ਸੁਣਨ ਨੂੰ ਮਿਲਦੇ ਹਨ, "ਜੀ ਤੁਸੀਂ ਤਾਂ ਸਾਡੇ ਮਹਿਮਾਨ ਹੋ।" ਇਹ ਸ਼ਬਦ ਜਦੋਂ ਅਸੀਂ ਵਾਰ-ਵਾਰ ਸੁਣਦੇ ਹਾਂ ਤਾਂ ਮਨ ਹੀ ਮਨ ਆਪਣੇ ਆਪ ਨੂੰ ਇਸ ਕਰ ਕੇ ਦੋਸ਼ੀ ਵੀ ਮਹਿਸੂਸ ਕਰਦੇ ਹਾਂ ਕਿ ਅਸੀਂ ਤਾਂ ਸਰਹੱਦ ਪਾਰੋਂ ਆਏ ਮਹਿਮਾਨਾਂ ਦੀ ਸ਼ਾਇਦ ਉਸ ਤਰ੍ਹਾਂ ਦੀ ਸੇਵਾ ਨਹੀਂ ਕਰਦੇ, ਜਿੰਨੀ ਸੇਵਾ ਲਾਹੌਰੀਏ ਸਾਡੀ ਕਰਦੇ ਹਨ।

ਲਾਹੌਰ ਵਿਚਲੇ ਨਜ਼ਮ ਹੁਸੈਨ ਸੱਯਦ ਦੇ ਜੇਲ੍ਹ ਰੋਡ ਉਤਲੇ ਘਰ ਵਿਚ ਸ਼ੁਕਰਵਾਰ ਵਾਲੇ ਦਿਨ ਹੋਣ ਵਾਲੀ 'ਸੰਗਤ' ਦੀ ਹਾਜ਼ਰੀ ਭਰਨਾ ਵੀ ਬੜਾ ਵਿਲੱਖਣ ਅਨੁਭਵ ਹੈ। ਵੀਹ-ਪੰਝੀ ਵਿਦਵਾਨ, ਜਿਨ੍ਹਾਂ ਵਿਚ ਚਾਰ-ਪੰਜ ਔਰਤਾਂ ਵੀ ਸ਼ਾਮਲ ਹੁੰਦੀਆਂ ਹਨ, ਹਰੇਕ ਸ਼ੁਕਰਵਾਰ ਦੀ ਸ਼ਾਮ ਨੂੰ ਇਕੱਤਰ ਹੁੰਦੇ ਹਨ। ਗੁਰਬਾਣੀ ਪੜ੍ਹੀ ਜਾਂਦੀ ਹੈ ਅਤੇ ਨਜ਼ਮ ਹੁਸੈਨ ਸੱਯਦ ਇਸ ਦੀ ਵਿਆਖਿਆ ਕਰਦਾ ਹੈ। ਸ਼ਾਮ ਨੂੰ ਵਿਛੜਣ ਤੋਂ ਪਹਿਲਾਂ ਉਹ ਰਲ ਕੇ ਖਾਣਾ ਖਾਂਦੇ ਹਨ। ਆਪਣੀਆਂ ਲਿਖਤਾਂ ਵਿਚਲੀ ਬੌਧਿਕ ਲਿਸ਼ਕ ਸਦਕਾ ਨਜ਼ਮ ਹੁਸੈਨ ਸੱਯਦ ਪੂਰਬੀ ਪੰਜਾਬ ਵਿਚ ਵੀ ਜਾਣਿਆ-ਪਛਾਣਿਆ ਨਾਂ ਹੈ। ਜਦੋਂ ਭਾਸ਼ਾ ਵਿਭਾਗ ਪੰਜਾਬ ਨੇ 'ਵਿਸ਼ਵ ਪੰਜਾਬੀ ਕਾਨਫਰੰਸ' ਦੇ ਮੌਕੇ 'ਤੇ ਪੰਜਾਬ ਯੂਨੀਵਰਸਿਟੀ ਪਟਿਆਲਾ ਵਿਚ ਸ਼੍ਰੋਮਣੀ ਸਾਹਿਤਕਾਰਾਂ ਨੂੰ ਸਨਮਾਨਿਤ ਕਰਨ ਲਈ ਸਾਲਾਨਾ ਸਨਮਾਨ ਸਮਾਰੋਹ ਕੀਤਾ ਤਾਂ ਇਸ ਸਮਾਗਮ ਵਿਚ ਪਾਕਿਸਤਾਨ ਦਾ ਮੁੱਖ ਮੰਤਰੀ ਪ੍ਰਵੇਜ਼ ਇਲਾਹੀ ਵੀ ਸ਼ਾਮਲ ਹੋਇਆ ਸੀ। ਇਸ ਸਮੇਂ ਨਜ਼ਮ ਹੁਸੈਨ ਸੱਯਦ ਨੂੰ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' (ਵਿਦੇਸ਼ੀ) 2004 ਦਾ ਐਲਾਨ ਹੋਇਆ ਸੀ ਪਰ ਉਸ ਨੇ ਇਹ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਇਹ ਇਨਕਾਰ ਕਿਸੇ ਹੋਰ ਕਾਰਨ ਕਰ ਕੇ ਨਹੀਂ ਸਗੋਂ ਅਸੂਲਾਂ ਦੀ ਬਿਨਾ ਤੇ ਕੀਤਾ ਸੀ। ਸੱਯਦ ਦੀ ਪਤਨੀ ਸਾਜਦਾ ਸੂਫ਼ੀ ਕਲਾਮ ਦਾ ਗਾਇਨ ਬਹੁਤ ਹੀ ਵਧੀਆ ਕਰਦੀ ਹੈ। ਕੋਈ ਵੀ ਆਦਮੀ ਲਾਹੌਰ ਦੀਆਂ ਗੱਲਾਂ ਕਰਨ ਲੱਗੇ ਤਾਂ ਇਹ ਮੁੱਕਣ ਵਿਚ ਹੀ ਨਹੀਂ ਆਉਂਦੀਆਂ। ਪਰ ਮੈਂ ਆਪਣੀ ਗੱਲਬਾਤ ਨੂੰ ਇਕ ਦਿਲਚਸਪ ਸੰਜੋਗ ਦੀ ਕਹਾਣੀ ਸੁਣਾ ਕੇ ਖ਼ਤਮ ਕਰਾਂਗਾ।

ਨਵਾਬ ਮੁਹੰਮਦ ਅਹਿਮਦ ਖਾਂ ਉਹ ਸਰਕਾਰੀ ਗਵਾਹ ਸੀ ਜੋ ਲਾਹੌਰ ਸਾਜ਼ਿਸ਼ ਕੇਸ ਵਿਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਖ਼ਿਲਾਫ਼ ਭੁਗਤਿਆ। ਪਾਕਿਸਤਾਨ ਬਣਨ 'ਤੇ ਉਸ ਨੂੰ ਆਨਰੇਰੀ ਮੈਜਿਸਟ੍ਰੇਟ ਬਣਾਇਆ ਗਿਆ। ਅਜੀਬ ਇਤਫ਼ਾਕ ਹੋਇਆ ਕਿ ਜਿਸ ਸ਼ਾਦਮਾਨ ਚੌਕ ਵਾਲੀ ਥਾਂ 'ਤੇ ਕਦੀ ਭਗਤ ਸਿੰਘ ਹੋਰਾਂ ਨੂੰ ਫਾਂਸੀ ਦਿੱਤੀ ਗਈ ਸੀ, ਐਨ ਉਸੇ ਥਾਂ 'ਤੇ ਸੱਤਰਵਿਆਂ ਵਿਚ ਉਸ ਦਾ ਕਤਲ ਹੋ ਗਿਆ। ਅਗਲਾ ਸੰਜੋਗ ਇਹ ਸੀ ਕਿ ਇਸੇ ਹੀ ਬੰਦੇ ਦੇ ਕਤਲ ਕੇਸ ਵਿਚ ਜ਼ਿਆ-ਉਲ ਹੱਕ ਨੇ ਜ਼ੁਲਫ਼ਕਾਰ ਅਲੀ ਭੁੱਟੋ ਨੂੰ ਫਸਾਇਆ ਅਤੇ ਉਸ ਨੂੰ 1977 ਵਿਚ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਸੀ। ਹੁਣ ਪਾਕਿਸਤਾਨ ਵਿਚ ਹਰ ਕੋਈ ਇਹ ਆਖਦਾ ਹੈ ਕਿ ਭੁੱਟੋ ਉਤੇ ਇਹ ਕੇਸ ਅਮਰੀਕਾ ਦੀ ਸ਼ਹਿ 'ਤੇ ਹੀ ਬਣਾਇਆ ਗਿਆ ਸੀ। ਹੁਣ ਸਾਰੇ ਇਹ ਵੀ ਮੰਨਦੇ ਹਨ ਕਿ ਜ਼ਿਆ-ਉਲ ਹੱਕ ਦੇ ਗਿਆਰ੍ਹਾਂ ਸਾਲਾ ਰਾਜ ਦਾ ਸਮਾਂ ਪਾਕਿਸਤਾਨ ਦੇ ਇਤਿਹਾਸ ਦਾ ਸਭ ਤੋਂ ਕਾਲਾ ਸਮਾਂ ਸੀ ਅਤੇ ਇਹ ਪਾਕਿਸਤਾਨ ਦੇ ਸਾਰੇ ਡਿਕਟੇਟਰਾਂ—ਅਯੂਬ ਖ਼ਾਂ, ਯਾਹੀਆ ਖ਼ਾਂ ਜਾਂ ਪਰਵੇਜ਼ ਮੁਸ਼ੱਰਫ਼ ਦੇ ਸਮੇਂ ਨਾਲੋਂ ਵੀ ਭੈੜਾ ਸਮਾਂ ਸੀ। ਜ਼ਿਆ ਦੇ ਦੌਰ ਵਿਚ ਪਾਕਿਸਤਾਨੀ ਸਮਾਜ ਦੀਆਂ ਜਮਹੂਰੀ ਅਤੇ ਸੰਤੁਲਤ ਕਦਰਾਂ-ਕੀਮਤਾਂ ਮੁਕੰਮਲ ਤੌਰ ਤੇ ਤਹਿਸ-ਨਹਿਸ ਕਰ ਦਿੱਤੀਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਜਮਹੂਰੀ ਆਜ਼ਾਦੀ ਪ੍ਰਾਪਤ ਕਰਨ ਦੀ ਲੰਮੀ ਜੱਦੋ-ਜਹਿਦ ਵਿਚ ਧੱਕ ਦਿੱਤਾ ਗਿਆ ਸੀ। ਇਸ ਸਮੇਂ ਪਾਕਿਸਤਾਨੀ ਸਮਾਜ ਜਾਗ੍ਰਿਤ ਹੈ ਅਤੇ ਜ਼ਿਆ ਦੇ ਸਮੇਂ ਦੇ ਪਏ ਅਤਿ ਜ਼ਹਿਰੀਲੇ ਪ੍ਰਭਾਵਾਂ ਤੋਂ ਖ਼ਲਾਸੀ ਪਾਉਣ ਲਈ ਸੰਘਰਸ਼ ਕਰ ਰਿਹਾ ਹੈ। ਸਾਡੀ ਇੱਛਾ ਅਤੇ ਕਾਮਨਾ ਹੈ ਕਿ ਉਹ ਇਸ ਯਤਨ ਵਿਚ ਕਾਮਯਾਬ ਹੋਣ।

# ਭਾਗ-II

## ਸਾਥੀਆਂ ਦੀ ਨਜ਼ਰ ਵਿਚ ਭਗਤ ਸਿੰਘ ਤੇ ਹੋਰ ਲਿਖਤਾਂ

*ਪਹਿਲੀ ਵਾਰ 'ਡੇਲੀ ਵਰਕਰ' (ਨਿਊਯਾਰਕ) ਵਿਚ 25 ਮਾਰਚ 1931 ਨੂੰ ਛਪੀ ਰਿਪੋਰਟ*

# ਲੇਬਰ ਸਰਕਾਰ ਨੇ ਤਿੰਨ ਭਾਰਤੀ ਬਾਗ਼ੀਆਂ ਨੂੰ ਫਾਂਸੀ ਦਿੱਤੀ
## ਬਰਤਾਨਵੀ ਸਾਮਰਾਜਵਾਦ ਨੇ ਇਨਕਲਾਬੀਆਂ ਨੂੰ ਝੂਠਾ ਫਸਾਇਆ

(ਇਨਪ੍ਰੇਕੋਰ ਤੋਂ ਤਾਰ ਰਾਹੀਂ)

ਲੰਡਨ, 24 ਮਾਰਚ : ਹਿੰਦੁਸਤਾਨ ਦੀ ਆਜ਼ਾਦੀ ਦੇ ਯੋਧੇ, ਲਾਹੌਰ ਜੇਲ੍ਹ ਦੇ ਤਿੰਨ ਕੈਦੀਆਂ—ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਲੇਬਰ ਸਰਕਾਰ ਨੇ ਬਰਤਾਨਵੀ ਸਾਮਰਾਜਵਾਦ ਦੇ ਹਿਤ ਵਿਚ ਫਾਂਸੀ 'ਤੇ ਚੜ੍ਹਾ ਦਿੱਤਾ। ਮੈਕਡੋਨਾਲਡ ਦੀ ਅਗਵਾਈ ਵਿਚ ਬਰਤਾਨਵੀ ਲੇਬਰ ਸਰਕਾਰ ਰਾਹੀਂ ਹੁਣ ਤਕ ਕੀਤੀ ਗਈ ਇਹ ਸਭ ਤੋਂ ਵੱਡੀ ਖ਼ੂੰਰੇਜ਼ੀ ਘਟਨਾ ਹੈ।

ਇੰਡੀਅਨ ਨੈਸ਼ਨਲ ਕਾਂਗਰਸ ਦਾ ਵੀਰਵਾਰ ਤੋਂ ਕਰਾਚੀ ਸੈਸ਼ਨ ਸ਼ੁਰੂ ਹੋ ਰਿਹਾ ਹੈ। ਫਾਂਸੀ ਦੇ ਖ਼ਿਲਾਫ਼ ਨਾਰਾਜ਼ਗੀ ਕਾਰਨ ਗਾਂਧੀ-ਇਰਵਿਨ ਸਮਝੌਤੇ ਖ਼ਿਲਾਫ਼ ਲੋਕ-ਵਿਰੋਧ ਪੈਦਾ ਹੋ ਰਿਹਾ ਹੈ। ਵਿਧਾਨ ਮੰਡਲ ਦੇ ਪੰਜਾਬ ਦੇ ਮੈਂਬਰ ਫਾਂਸੀ ਦੇਣ ਕਾਰਨ ਸਰਕਾਰ ਦੇ ਖ਼ਿਲਾਫ਼ ਕੰਮ-ਰੋਕੂ ਅਤੇ ਸੈਂਸਰ ਮਤਾ ਲਿਆ ਰਹੇ ਹਨ। ਲੰਦਨ ਦਾ ਪ੍ਰੈੱਸ ਕਰਾਚੀ ਕਾਂਗਰਸ ਨੂੰ ਗਾਂਧੀ ਦੀ (ਨੈਤਿਕ) ਸੱਤਾ ਨੂੰ ਸਭ ਤੋਂ ਔਖੀ ਪ੍ਰੀਖਿਆ ਦੱਸ ਕੇ ਗਾਂਧੀ ਦੀ ਕਾਮਯਾਬੀ ਵਿਚ ਸ਼ੱਕ ਜ਼ਾਹਰ ਕਰ ਰਿਹਾ ਹੈ।

ਲੇਬਰ ਸਰਕਾਰ ਦੇ ਹੁਕਮ 'ਤੇ ਜਾਣ-ਬੁੱਝ ਕੇ ਸਿਆਸੀ ਸਾਜ਼ਿਸ਼ ਵਿਚ ਫਸਾਏ ਤਿੰਨ ਭਾਰਤੀ ਇਨਕਲਾਬੀਆਂ ਦੀ ਫਾਂਸੀ ਤੋਂ ਸਪੱਸ਼ਟ ਹੈ ਕਿ ਭਾਰਤ ਵਿਚ ਬਰਤਾਨਵੀ ਸਾਮਰਾਜ-ਵਾਦ ਨੂੰ ਬਚਾਉਣ ਲਈ ਮੈਕਡੋਨਾਲਡ ਸਰਕਾਰ ਹਕੂਮਤ ਕਿਸੇ ਹੱਦ ਤਕ ਵੀ ਜਾ ਸਕਦੀ ਹੈ। ਮੈਕਡੋਨਾਲਡ ਸਰਕਾਰ, ਜੋ ਸੋਵੀਅਤ ਯੂਨੀਅਨ ਵਿਚ ਉਨ੍ਹਾਂ ਇਨਕਲਾਬ ਵਿਰੋਧੀ ਮੇਨਸ਼ੇਵਿਕਾਂ, ਜਿਨ੍ਹਾਂ ਨਾਲ ਸੋਵੀਅਤ ਯੂਨੀਅਨ ਦੇ ਮਜ਼ਦੂਰਾਂ ਅਤੇ ਕਿਸਾਨਾਂ ਖ਼ਿਲਾਫ਼ ਲੜਾਈ ਦੀ ਸਾਜ਼ਿਸ਼ ਰਚਣ ਦੇ ਬਾਵਜੂਦ, ਸ਼ਾਨਦਾਰ ਸਲੂਕ ਕੀਤਾ ਗਿਆ, ਦੇ ਮੁਕੱਦਮੇ ਤੇ ਕੌੜੇ ਹੰਝੂ ਵਹਾ ਕੇ ਰੋ ਰਹੀ ਹੈ, ਭਾਰਤੀ ਇਨਕਲਾਬੀਆਂ ਨੂੰ ਜਾਣ-ਬੁੱਝ ਕੇ ਸਭ ਤੋਂ ਭੈੜੇ ਤਸੀਹੇ ਦੇ ਰਹੀ ਹੈ।

ਫਾਹੇ ਲਾਏ ਗਏ ਤਿੰਨ ਭਾਰਤੀ ਇਨਕਲਾਬੀਆਂ ਨੂੰ ਪਿਛਲੇ ਅਪਰੈਲ ਵਿਚ ਬੰਬ ਚਲਾਉਣ ਅਤੇ ਲੈਫਟੀਨੈਂਟ ਸਾਂਡਰਸ, ਜਿਸ ਨੇ ਹਜ਼ਾਰਾਂ ਭਾਰਤੀਆਂ ਨੂੰ ਕੁੱਟਿਆ ਅਤੇ ਅਨੇਕਾਂ ਕਾਰਕੁੰਨਾਂ ਨੂੰ ਜਾਨੋਂ ਮਾਰ ਮੁਕਾਇਆ, ਦੇ ਕਤਲ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਗ੍ਰਿਫ਼ਤਾਰ ਸ਼ੱਕੀ ਵਿਅਕਤੀਆਂ ਖ਼ਿਲਾਫ਼ ਲੇਬਰ ਸਰਕਾਰ ਨੇ ਆਪਣੀ ਨਫ਼ਰਤ ਅਤੇ ਗੁੱਸਾ ਕੱਢਿਆ। ਸਾਰੇ ਕੈਦੀਆਂ ਨੂੰ ਬਰਤਾਨਵੀ ਸਾਮਰਾਜਵਾਦੀਆਂ ਅਤੇ ਲੇਬਰ ਹਾਕਮਾਂ ਰਾਹੀਂ ਖ਼ਾਸ ਤਰੀਕੇ ਈਜਾਦ ਕਰ ਕੇ ਕੁੱਟਿਆ ਗਿਆ ਅਤੇ ਤਸੀਹੇ ਦਿੱਤੇ ਗਏ। ਮੁਲਜ਼ਮਾਂ ਵਿਚੋਂ ਇਕ, ਜਤਿਨ ਦਾਸ, ਜੋ ਫਾਂਸੀ ਤੋਂ ਪਹਿਲਾਂ ਹੀ ਚੱਲ ਵੱਸਿਆ, ਨੂੰ 63 ਦਿਨਾਂ ਤਕ ਤਸੀਹੇ ਦਿੱਤੇ ਗਏ, ਉਹ ਤਸੀਹਿਆਂ ਕਾਰਨ ਅੰਨ੍ਹਾ ਅਤੇ ਅਪੰਗ ਹੋ ਗਿਆ। ਸਿਵਾ ਦਿਲ ਦੇ ਖੇਤਰ ਦੇ ਆਸ-ਪਾਸ ਨੂੰ ਛੱਡ ਕੇ ਉਸ ਦਾ ਖ਼ੂਨ ਵਹਾਅ ਰੁਕ ਗਿਆ ਸੀ। ਦੇਹਾਂਤ ਸਮੇਂ ਉਸ ਦਾ ਵਜ਼ਨ ਸਿਰਫ਼ 19 ਪੌਂਡ (ਕਰੀਬ ਦਸ ਕਿਲੋ) ਰਹਿ ਗਿਆ ਸੀ। ਉਸ ਦੇ ਅੰਤਿਮ ਸਫ਼ਰ ਵਿਚ 'ਇਨਕਲਾਬ ਜ਼ਿੰਦਾਬਾਦ' ਅਤੇ 'ਸਮਾਰਜਵਾਦ ਦਾ ਨਾਸ਼ ਹੋਵੇ' ਦੇ ਨਾਅਰਿਆਂ ਅਤੇ ਝੰਡਿਆਂ ਸਮੇਤ ਪੰਜਾਹ ਹਜ਼ਾਰ ਲੋਕ ਸ਼ਾਮਲ ਹੋਏ।

ਬਾਕੀ ਸਾਰੇ ਕੈਦੀਆਂ ਨੂੰ ਵੀ ਤਸੀਹੇ ਦਿੱਤੇ ਗਏ ਅਤੇ ਵਾਰ-ਵਾਰ ਕੁੱਟਿਆ ਗਿਆ। ਉਨ੍ਹਾਂ ਨੂੰ ਬਰਤਾਨਵੀ ਲੇਬਰ ਸਰਕਾਰ ਦੇ ਸਭਿਅਤਾ ਸਿਖਾਉਣ ਵਾਲਿਆਂ ਨੇ ਹੱਥਕੜੀਆਂ ਲਾਈਆਂ ਅਤੇ ਛਾਂਟਿਆਂ ਨਾਲ ਮਾਰਿਆ। ਇਕ ਭਾਰਤੀ ਅਖ਼ਬਾਰ ਨੇ ਤਸੀਹਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਹੈ:

ਹਰ ਕੈਦੀ 'ਤੇ ਘੱਟੋ-ਘੱਟ 20 ਜਾਂ 25 ਪੁਲਿਸ ਸਿਪਾਹੀਆਂ ਵੱਲੋਂ ਹਮਲਾ ਕੀਤਾ ਗਿਆ, ਹਮਲੇ ਦਾ ਤਰੀਕਾ ਬੇਹੱਦ ਗ਼ੈਰ-ਮਨੁੱਖੀ ਸੀ। (ਅਸਲੀ ਬਿਉਰੇ ਤਾਂ ਛਾਪੇ ਵੀ ਨਹੀਂ ਜਾ ਸਕਦੇ)। ਵਰਤੇ ਗਏ ਤਰੀਕਿਆਂ ਵਿਚੋਂ ਇਕ ਗੁਦਾ ਵਿਚ ਉਂਗਲੀ ਦੇਣਾ ਅਤੇ ਗੁਪਤ ਅੰਗਾਂ ਨੂੰ ਠੋਕਰਾਂ ਮਾਰਨਾ ਸ਼ਾਮਲ ਸੀ। ਇਹ ਹਮਲਾ ਇਕ ਘੰਟੇ ਤਕ ਚੱਲਦਾ ਰਿਹਾ, ਜਿਸ ਦੇ ਬਾਅਦ ਪੰਜ ਕੈਦੀਆਂ ਨੂੰ ਬੁਖ਼ਾਰ ਚੜ੍ਹ ਗਿਆ। ਹੋਰ ਸਾਰਿਆਂ ਦੇ ਸਰੀਰਾਂ ਦੇ ਵੱਖ-ਵੱਖ ਹਿੱਸਿਆਂ ਵਿਚ ਸਖ਼ਤ ਪੀੜ ਹੋ ਰਹੀ ਸੀ। ਮਹਾਵੀਰ ਸਿੰਘ ਅਤੇ ਰਾਜਗੁਰੂ ਬੇਹੋਸ਼ ਹੋ ਕੇ ਉਥੇ ਹੀ ਡਿੱਗ ਪਏ। ਬੈਂਤਾਂ ਦੀ ਖੁੱਲ੍ਹੀ ਵਰਤੋਂ ਕੀਤੀ ਗਈ ਅਤੇ ਕੈਦੀਆਂ 'ਤੇ ਇਨ੍ਹਾਂ ਦੇ ਨਿਸ਼ਾਨ ਦੇਖੇ ਜਾ ਸਕਦੇ ਹਨ।

ਹੁਣ ਉਨ੍ਹਾਂ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਬਰਤਾਨਵੀ ਸਾਮਰਾਜਵਾਦ ਦੇ 'ਸਮਾਜਵਾਦੀ' ਨੇਤਾ ਇਨਕਲਾਬ ਦੀ ਵਧਦੀ ਹੋਈ ਜੰਗ ਨੂੰ ਰੋਕਣ ਲਈ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਨਾ ਤਾਂ ਉਹ ਅਤੇ ਨਾ ਹੀ ਉਨ੍ਹਾਂ ਦਾ ਪੂੰਜੀਵਾਦ ਯੋਧੂ ਗਾਂਧੀ, ਨਾ ਹੀ (ਭਾਰਤੀਆਂ) ਕੀਤੇ ਜਾ ਰਹੇ ਕਤਲ ਅਤੇ (ਉਨ੍ਹਾਂ ਨੂੰ) ਦਿੱਤੇ ਜਾ ਰਹੇ ਹਰ ਕਿਸਮ ਦੇ ਤਸੀਹੇ ਵਿਸ਼ਾਲ ਭਾਰਤੀ ਮਜ਼ਦੂਰ ਅਤੇ ਕਿਸਾਨ-ਸਮੂਹਾਂ ਦੇ ਵਧਦੇ ਸੰਘਰਸ਼ਾਂ ਨੂੰ ਰੋਕ ਸਕਣ ਵਿਚ ਕਾਮਯਾਬ ਹੋ ਸਕਣਗੇ।

ਅਨੁਵਾਦ : ਪ੍ਰੋ. ਚਮਨ ਲਾਲ

*(ਨੈਸ਼ਨਲ ਆਰਕਾਈਵਜ਼ ਨਵੀਂ ਦਿੱਲੀ ਦੇ ਧੰਨਵਾਦ ਸਹਿਤ)*

# ਮਹਾਨ ਭਤੀਜੇ ਦੇ ਮਹਾਨ ਦੇਸ਼ਭਗਤ ਚਾਚਾ ਅਜੀਤ ਸਿੰਘ

**14-15** ਅਗਸਤ **1947** ਦੀ ਵਿਚਕਾਰਲੀ ਰਾਤ ! ਦਿੱਲੀ ਦੀ ਕੇਂਦਰੀ ਅਸੈਂਬਲੀ ਵਿਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਆਜ਼ਾਦੀ ਦਾ ਐਲਾਨ ਜਿਸ ਨੂੰ ਸੁਣ ਕੇ ਡਲਹੌਜ਼ੀ ਵਿਚ ਬਿਮਾਰੀ ਕਾਰਣ ਜ਼ੇਰੇ-ਇਲਾਜ ਪਏ ਮਹਾਨ ਦੇਸ਼ਭਗਤ ਅਤੇ ਸ਼ਹੀਦ-ਏ-ਆਜ਼ਮ ਦੇ ਚਾਚਾ ਅਜੀਤ ਸਿੰਘ ਨੂੰ ਚੈਨ ਮਿਲਿਆ ਅਤੇ ਕਲੇਜੇ ਠੰਡ ਪਈ ਅਤੇ ਸਵੇਰੇ **4.30** ਵਜੇ ਆਪਣੀ ਪਤਨੀ ਹਰਨਾਮ ਕੌਰ ਨੂੰ ਅਲਵਿਦਾ ਕਹੀ ਅਤੇ ਸਦਾ ਲਈ ਅੱਖਾਂ ਮੀਟ ਗਏ । ਇਹ ਉਹ ਅਜੀਤ ਸਿੰਘ ਸਨ, ਜਿਨ੍ਹਾਂ ਦੇਸ਼ ਦੀ ਆਜ਼ਾਦੀ ਹਿਤ **1909** ਤੋਂ **1947** ਤਕ ਪੂਰੇ **38** ਵਰ੍ਹੇ ਦੁਨੀਆ ਦੇ ਅਨੇਕ ਦੇਸ਼ਾਂ ਵਿਚ ਭਟਕਦੇ ਜਲਾਵਤਨੀ ਵਿਚ ਗੁਜ਼ਾਰੇ । ਬਰਤਾਨਵੀ ਬਸਤੀਵਾਦ ਜ਼ਾਲਮ ਹਾਕਮਾਂ ਹੱਥੋਂ ਸਿਹਤ ਬੁਰੀ ਤਰ੍ਹਾਂ ਖ਼ਰਾਬ ਕਰਵਾ ਕੇ ਅਤੇ ਮੌਤ ਦੇ ਕੰਢੇ ਪਹੁੰਚ ਕੇ ਮਾਰਚ **1947** ਵਿਚ ਦੇਸ਼ ਦੀ ਧਰਤੀ 'ਤੇ ਪੈਰ ਧਰਿਆ ਅਤੇ ਪੰਜ ਸਾਢੇ ਪੰਜ ਮਹੀਨਿਆਂ ਬਾਅਦ ਹੀ, ਸਿਰਫ਼ ਆਜ਼ਾਦੀ ਦਾ ਐਲਾਨ ਸੁਣਨ ਦੀ ਤਾਂਘ ਵਿਚ ਨਿੱਤ ਨੇੜੇ ਆਉਂਦੀ ਮੌਤ ਦੀ ਦਸਤਕ ਸੁਣਦਿਆਂ, ਅੰਤਾਂ ਦੀ ਇੱਛਾ-ਸ਼ਕਤੀ ਦੇ ਬਲ ਨਾਲ ਆਖ਼ਰੀ ਸਾਹ ਬਚਾ ਕੇ ਰੱਖਦਿਆਂ, ਮੁਲਕ ਭਰ ਵਿਚ ਮਨਾਏ ਜਾ ਰਹੇ ਜਸ਼ਨਾਂ ਅਤੇ ਪੰਜਾਬ ਵਿਚ ਹੋ ਰਹੇ ਫ਼ਿਰਕੂ ਕਤਲੇਆਮ ਦੇ ਰੂ-ਬ-ਰੂ **15** ਅਗਸਤ **1947** ਦੀ ਊਸ਼ਾ ਲਾਲੀ ਦਾ ਸਵਾਗਤ ਕਰ ਕੇ ਸ਼ਾਂਤੀ ਨਾਲ ਆਪਣੀ ਜੀਵਨ-ਯਾਤਰਾ ਸੰਪੂਰਨ ਕਰ ਲਈ, ਜੋ ਸਿਰਫ਼ ਦੇਸ਼ ਦੀ ਆਜ਼ਾਦੀ ਦੇ ਲੇਖੇ ਲੱਗੀ ਸੀ ।

ਅਜੀਤ ਸਿੰਘ ਉਸ ਮਹਾਨ ਖ਼ਾਨਦਾਨ ਵਿਚ ਪੈਦਾ ਹੋਏ, ਜਿਸ ਦੀਆਂ ਤਿੰਨ ਪੀੜ੍ਹੀਆਂ ਨੇ ਦੇਸ਼ਭਗਤੀ ਹਿਤ ਕੁਰਬਾਨੀਆਂ ਦੀ ਅਜਿਹੀ ਮਿਸਾਲ ਕਾਇਮ ਕੀਤੀ, ਜੋ ਦੁਨੀਆ ਭਰ ਦੇ ਮੁਕਤੀ ਸੰਗਰਾਮਾਂ ਵਿਚ ਵੀ ਬੜੀ ਘੱਟ ਦੇਖਣ ਨੂੰ ਮਿਲਦੀ ਹੈ । ਨਵਾਂ ਸ਼ਹਿਰ ਜ਼ਿਲ੍ਹੇ ਦੇ ਜੱਦੀ ਪਿੰਡ ਖਟਕੜ ਕਲਾਂ ਦਾ ਵਸਨੀਕ ਇਸ ਖ਼ਾਨਦਾਨ ਦੇ ਪੁਰਖੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਜੁੜੇ ਹੋਏ ਸਨ । ਇਸੇ ਖ਼ਾਨਦਾਨ ਵਿਚ ਬਾਬਾ ਅਰਜਨ ਸਿੰਘ ਅਤੇ ਮਾਤਾ ਜੈ ਕੌਰ ਦੇ ਖਟਕੜ ਕਲਾਂ ਵਾਲੇ ਘਰ ਵਿਚ ਸ. ਅਜੀਤ ਸਿੰਘ ਦਾ ਜਨਮ **23** ਫਰਵਰੀ **1881** ਨੂੰ ਹੋਇਆ । ਸ. ਅਰਜਨ ਸਿੰਘ ਉਤੇ ਉਨ੍ਹੀਂ ਦਿਨੀਂ ਪੰਜਾਬ ਵਿਚ ਜ਼ੋਰਦਾਰ ਸਮਾਜ ਸੁਧਾਰ ਲਹਿਰ ਵੱਲ ਉਠੇ ਆਰੀਆ ਸਮਾਜ ਅੰਦੋਲਨ ਦਾ ਡੂੰਘਾ ਪ੍ਰਭਾਵ ਪਿਆ, ਖ਼ਾਸ ਕਰ ਆਰੀਆ ਸਮਾਜ ਦੀ ਬਰਤਾਨਵੀ ਬਸਤੀਵਾਦ ਵਿਰੋਧੀ ਦੇਸ਼ਭਗਤੀ ਦੀ ਭਾਵਨਾ ਭਰਪੂਰ ਪ੍ਰਵਿਰਤੀ ਦਾ । ਸ. ਅਰਜਨ ਸਿੰਘ ਨੇ ਆਪਣੇ ਬੱਚਿਆਂ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਅਤੇ ਉਸ ਵੇਲੇ ਦੇ ਜਲੰਧਰ ਦੇ ਪ੍ਰਸਿੱਧ ਸਕੂਲ (ਅੱਜ ਵੀ ਪ੍ਰਸਿੱਧ) ਸਾਈਂਦਾਸ ਐਂਗਲੋ-ਸੰਸਕ੍ਰਿਤ ਹਾਈ ਸਕੂਲ ਵਿਚ ਬੱਚਿਆਂ ਨੂੰ ਪੜ੍ਹਨ ਪਾਇਆ, ਜਿਥੇ ਅਜੀਤ ਸਿੰਘ ਨੇ **1894** ਵਿਚ ਅਰਥਾਤ **13** ਸਾਲਾਂ ਦੀ ਉਮਰ ਵਿਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ । ਅਗਲੀ ਵਕਾਲਤ ਦੀ ਪੜ੍ਹਾਈ ਲਈ ਉਨ੍ਹਾਂ ਨੂੰ ਬਰੇਲੀ ਭੇਜਿਆ ਗਿਆ । ਪਰ ਬਿਮਾਰ ਹੋਣ ਕਾਰਣ ਮੁੜ ਆਏ ਅਤੇ ਡੀ.ਏ.ਵੀ. ਕਾਲਜ ਲਾਹੌਰ ਵਿਖੇ ਪੜ੍ਹਨ ਲੱਗੇ, ਜਿਥੋਂ ਉਨ੍ਹਾਂ **1896** ਵਿਚ ਇੰਟਰ ਪਾਸ ਕੀਤੀ ਅਤੇ ਅਧਿਆਪਕ ਲੱਗ ਗਏ । ਹੁਣ ਤਕ ਉਨ੍ਹਾਂ ਨੂੰ ਦੇਸ਼ਭਗਤੀ ਦੇ ਵਿਚਾਰਾਂ ਦੀ ਚੇਟਕ ਲੱਗ ਚੁੱਕੀ ਸੀ ਅਤੇ ਉਹ ਉਸ ਸਮੇਂ ਦੀ ਪ੍ਰਤੀਨਿਧੀ ਸੰਸਥਾ ਕਾਂਗਰਸ ਨਾਲ ਜੁੜ ਗਏ ।

**1900** ਈਸਵੀ ਵਿਚ ਅੰਗਰੇਜ਼ ਸਰਕਾਰ ਵੱਲੋਂ ਬਾਰ (ਜੰਗਲੀ ਇਲਾਕਾ) ਵਿਚ ਜਾ ਕੇ ਵੱਸਣ ਵਾਲੇ ਹਰ ਪਰਵਾਰ ਨੂੰ ਪੱਚੀ ਏਕੜ ਜ਼ਮੀਨ ਦੇਣ ਦਾ ਐਲਾਨ ਕੀਤਾ ਗਿਆ, ਜਿਸ ਨਾਲ ਆਲੇ-ਦੁਆਲੇ ਦੇ ਸੈਂਕੜੇ ਕਿਸਾਨ ਉਥੇ ਜਾ ਵੱਸੇ, ਇਨ੍ਹਾਂ ਵਿਚ ਅਰਜਨ ਸਿੰਘ ਦਾ ਪਰਿਵਾਰ ਵੀ ਸੀ, ਜੋ ਲਾਇਲਪੁਰ ਜ਼ਿਲ੍ਹੇ ਦੇ ਬੰਗਾ ਪਿੰਡ ਜਾ ਵੱਸਿਆ, ਸ. ਅਰਜਨ ਸਿੰਘ ਉਥੇ ਖੇਤੀ ਅਤੇ ਹਿਕਮਤ ਕਰਨ ਲੱਗੇ, ਖ਼ੁਦ ਅਰਜਨ ਸਿੰਘ **1890** ਤੋਂ ਕਾਂਗਰਸ ਦੇ ਮੈਂਬਰ ਚਲੇ ਆ ਰਹੇ ਸਨ ।

ਅਜੀਤ ਸਿੰਘ ਹੁਰਾਂ ਦਾ ਵਿਆਹ **1903** ਵਿਚ ਕਸੂਰ ਸ਼ਹਿਰ ਦੇ ਪ੍ਰਸਿੱਧ ਵਕੀਲ ਧਨਪਤ ਰਾਇ ਦੀ ਗੋਦ ਲਈ ਪੁੱਤਰੀ ਬੀਬੀ ਹਰਨਾਮ ਕੌਰ ਨਾਲ ਹੋਇਆ । ਡੀ.ਏ.ਵੀ. ਕਾਲਜ ਲਾਹੌਰ ਵਿਚ ਪੜ੍ਹਦਿਆਂ ਅਜੀਤ ਸਿੰਘ ਹੁਰੀਂ ਲਾਲਾ ਲਾਜਪਤ ਰਾਏ ਦੇ ਸੰਪਰਕ ਵਿਚ ਆ ਗਏ ਸਨ ਅਤੇ ਦੇਸ਼ ਦੀ ਆਜ਼ਾਦੀ ਹਿਤ ਸਾਂਝੀ ਸਰਗਰਮੀ ਕਰਨ ਲੱਗ ਪਏ ਸਨ ।

ਵੱਡੇ ਭਰਾ ਕਿਸ਼ਨ ਸਿੰਘ (ਸ਼ਹੀਦ ਭਗਤ ਸਿੰਘ ਦੇ ਪਿਤਾ), ਮਹਿਤਾ ਨੰਦ ਕਿਸ਼ੋਰ, ਡਾ. ਰਾਮਸਰਨ ਦਾਸ, ਸੂਫ਼ੀ ਅੰਬਾਪ੍ਰਸਾਦ, ਬਾਂਕੇ ਦਿਆਲ ਆਦਿ ਦੇਸ਼ਭਗਤਾਂ ਨਾਲ ਮਿਲ ਕੇ ਅਜੀਤ ਸਿੰਘ ਨੇ ਲਾਹੌਰ ਵਿਚ 'ਭਾਰਤ ਮਾਤਾ ਸੁਸਾਇਟੀ' ਅਤੇ 'ਕਿਰਤੀਆਂ ਦੀ ਯੂਨੀਅਨ' ਅਤੇ 'ਮਹਿਬੂਬਾਨਿ ਵਤਨ' ਸੰਸਥਾਵਾਂ ਬਣਾਈਆਂ, ਇਸ ਵਿਚ ਲਾਲਾ ਪਿੰਡੀਦਾਸ, ਲਾਲ ਚੰਦ ਫਲਕ ਆਦਿ ਵੀ ਸ਼ਾਮਲ ਸਨ ।

**1905** ਦੀ ਬੰਗਾਲ ਵੰਡ ਤੋਂ ਬਾਅਦ **1906** ਵਿਚ ਕਲਕੱਤਾ ਵਿਖੇ ਕਾਂਗਰਸ ਪਾਰਟੀ ਦੇ **22**ਵੇਂ ਸਮਾਗਮ ਵਿਚ ਅਜੀਤ ਸਿੰਘ ਨੇ ਸ਼ਿਰਕਤ ਕੀਤੀ । ਇਸ ਸਮਾਗਮ ਦੀ ਪ੍ਰਧਾਨਗੀ ਦਾਦਾ ਭਾਈ ਨਾਰੋਜੀ ਨੇ ਕੀਤੀ । **1907** ਵਿਚ ਅਜੀਤ ਸਿੰਘ ਦੇ ਛੋਟੇ ਭਰਾ ਸਵਰਨ ਸਿੰਘ ਦਾ ਜੇਲ੍ਹ ਵਿਚ ਕੀਤੇ ਗਏ ਵਹਿਸ਼ੀ ਸਲੂਕ ਕਾਰਨ **23** ਸਾਲ ਦੀ ਉਮਰ ਵਿਚ **1910** ਵਿਚ ਦੇਹਾਂਤ ਹੋ ਗਿਆ ਸੀ ਅਤੇ ਉਨ੍ਹਾਂ ਦੀ ਵਿਧਵਾ ਬੀਬੀ ਹੁਕਮ ਕੌਰ ਨੇ ਬਿਨਾਂ ਸੰਤਾਨ ਤੋਂ **45** ਵਰ੍ਹੇ ਇਕੱਲ ਦਾ ਦੁੱਖ ਭੋਗਿਆ । ਅਜੀਤ ਸਿੰਘ ਵੀ ਪਤਨੀ ਨਾਲ ਏਨਾ ਘੱਟ ਸਮਾਂ ਰਹੇ ਕਿ ਉਨ੍ਹਾਂ ਦੇ ਵੀ ਕੋਈ ਸੰਤਾਨ ਨਹੀਂ ਸੀ । ਸਿਰਫ਼ ਸ. ਕਿਸ਼ਨ ਸਿੰਘ ਦੇ ਘਰ ਹੀ ਪੰਜ ਪੁੱਤਰ ਅਤੇ ਤਿੰਨ ਧੀਆਂ ਦਾ ਵੱਡਾ ਭਰਿਆ-ਪੂਰਾ ਪਰਵਾਰ ਸੀ ।

ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਹੁਰਾਂ ਨੇ ਸਾਲ **1907** ਦੌਰਾਨ ਪੰਜਾਬ ਦੇ ਕਿਰਸਾਣਾਂ ਅਤੇ ਹੋਰ ਵਰਗਾਂ ਵਿਚ ਦੇਸ਼ਭਗਤੀ ਦਾ ਜਜ਼ਬਾ ਜਗਾਉਣ ਅਤੇ ਜਾਗ੍ਰਿਤੀ ਲਿਆਉਣ ਲਈ ਜ਼ਬਰਦਸਤ ਸਰਗਰਮੀਆਂ ਕੀਤੀਆਂ । ਬਾਂਕੇ

ਦਿਆਲ ਹੁਰਾਂ ਨੇ 'ਪਗੜੀ ਸੰਭਾਲ ਜੱਟਾ' ਵਰਗੇ ਗੀਤ ਅਤੇ ਅਜੀਤ ਸਿੰਘ ਦੇ ਆਰਥਿਕ ਲੁੱਟ-ਖਸੁੱਟ ਦੇ ਤੱਥਾਂ ਅਤੇ ਤਰਕਪੂਰਣ ਭਾਸ਼ਣਾਂ ਨੇ ਪੰਜਾਬ ਦੇ ਲੋਕਾਂ ਵਿਚ ਚੇਤਨਾ ਦੀ ਲਹਿਰ ਜਗਾ ਦਿੱਤੀ ਅਤੇ ਅੰਗਰੇਜ਼ ਬਸਤੀਵਾਦੀਆਂ ਨੇ ਪੰਜਾਬ ਦੇ ਹਰ ਸ਼ਹਿਰ ਵਿਚ ਹਜ਼ਾਰਾਂ ਲੋਕਾਂ ਦੀਆਂ ਇਨ੍ਹਾਂ ਕਾਰਵਾਈਆਂ ਵਿਚ ਸ਼ਮੂਲੀਅਤ ਦੇਖ ਕੇ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਇ ਨੂੰ ਬਰਮਾ ਦੀ ਮਾਂਡਲਾ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ। ਮਾਂਡਲੇ ਜੇਲ੍ਹ ਦੀ ਨਜ਼ਰਬੰਦੀ ਦੌਰਾਨ ਹਾਲਾਂਕਿ ਸਰਕਾਰ ਨੇ ਅਜੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਲਈ ਭੱਤਾ ਲਾਇਆ, ਪਰ ਉਨ੍ਹਾਂ ਨੇ ਇਹ ਭੱਤਾ ਠੁਕਰਾ ਦਿੱਤਾ। ਜੂਨ 1907 ਦੀ ਗ੍ਰਿਫ਼ਤਾਰੀ ਬਾਅਦ ਨਵੰਬਰ 1907 ਵਿਚ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਮਾਂਡਲੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਤਾਂ ਸਾਰੇ ਪੰਜਾਬ ਵਿਚ ਉਨ੍ਹਾਂ ਦਾ ਨਿੱਘਾ ਸਵਾਗਤ ਹੋਇਆ ਅਤੇ ਉਨ੍ਹਾਂ ਦੀ ਰਿਹਾਈ ਤੇ ਥਾਂ-ਥਾਂ ਜਸ਼ਨ ਮਨਾਏ ਗਏ।

ਦਸੰਬਰ 1907 ਵਿਚ ਅਜੀਤ ਸਿੰਘ ਨੇ ਭਾਰਤੀ ਰਾਸ਼ਟਰੀ ਕਾਂਗਰਸ ਦੇ ਸੂਰਤ ਸਮਾਗਮ ਵਿਚ ਹਿੱਸਾ ਲਿਆ। ਸੂਫ਼ੀ ਅੰਬਾਪ੍ਰਸਾਦ ਨਾਲ ਉਹ ਮੁਰਾਦਾਬਾਦ (ਸੂਫ਼ੀ ਜੀ ਦਾ ਘਰ) ਤੋਂ ਪੰਜਾਬ ਮੁੜੇ। ਇਸ ਦੌਰਾਨ ਅਜੀਤ ਸਿੰਘ ਦੇ ਚਚੇਰੇ ਭਰਾ ਅਤੇ ਅੰਗਰੇਜ਼ਾਂ ਦੇ ਟਾਊਟ ਦਿਲਬਾਗ ਸਿੰਘ ਨੇ ਅਜੀਤ ਸਿੰਘ ਦੀ ਪੁਲਿਸ ਕੋਲ ਮੁਖ਼ਬਰੀ ਕੀਤੀ ਕਿ ਅਜੀਤ ਸਿੰਘ ਕੋਲ ਪੈਰਿਸ ਤੋਂ ਇਨਕਲਾਬੀ ਪੱਤ੍ਰਿਕਾਵਾਂ (ਇੰਡੀਅਨ ਸੋਸ਼ਿਆਲੋਜਿਸਟ ਸੰਪਾਦਕ ਸ਼ਿਆਮ ਜੀ ਕ੍ਰਿਸ਼ਨ ਵਰਮਾ) ਆਉਂਦੀਆਂ ਹਨ। ਅਰਜਨ ਸਿੰਘ ਦੇ ਭਰਾ ਸੁਰਜਨ ਸਿੰਘ ਜੋ ਖ਼ੁਦ ਵੀ ਅੰਗਰੇਜ਼ਪ੍ਰਸਤ ਸੀ, ਦੇ ਇਸ ਬਰਤਾਨਵੀ ਪਿੱਠੂ ਪੁੱਤਰ ਦਿਲਬਾਗ ਸਿੰਘ ਨੇ ਸ਼ਹੀਦ ਭਗਤ ਸਿੰਘ ਦੇ ਖ਼ਿਲਾਫ਼ ਵੀ ਅੰਗਰੇਜ਼ ਪੁਲਸੀਆਂ ਕੋਲ ਮੁਖ਼ਬਰੀ ਕੀਤੀ ਸੀ।

1905 ਦੌਰਾਨ ਅਜੀਤ ਸਿੰਘ ਨੇ ਦੇਸ਼ਭਗਤੀ ਦੀਆਂ ਤਿੱਖੀਆਂ ਸਰਗਰਮੀਆਂ ਕੀਤੀਆਂ। 'ਹਿੰਦੁਸਤਾਨ' ਅਖ਼ਬਾਰ ਵਿਚ ਕੰਮ ਕੀਤਾ ਜੋ ਉਨ੍ਹੀਂ ਦਿਨੀਂ ਦੇਸ਼ਭਗਤਾਂ ਦਾ ਮੁੱਖ ਅਖ਼ਬਾਰ ਬਣਿਆ ਹੋਇਆ ਸੀ। ਅੰਗਰੇਜ਼ ਸਰਕਾਰ ਨੇ ਅਜੀਤ ਸਿੰਘ ਦੀਆਂ ਸਰਗਰਮੀਆਂ ਨੂੰ ਰੋਕਣ ਲਈ ਉਸ ਦੇ ਖ਼ਿਲਾਫ਼ ਬਗ਼ਾਵਤ ਦੇ ਦੋਸ਼ ਅਧੀਨ ਮੁਕੱਦਮਾ ਚਲਾਉਣ ਅਤੇ ਜਲਾਵਤਨ ਕਰਨ ਦੀ ਯੋਜਨਾ ਬਣਾਈ। ਇਸ ਦੀ ਖ਼ਬਰ ਅਜੀਤ ਸਿੰਘ ਨੂੰ ਮਿਲਦਿਆਂ ਹੀ ਉਹ ਅੰਡਰਗ੍ਰਾਊਂਡ ਹੋ ਗਏ ਅਤੇ ਸੂਫ਼ੀ ਅੰਬਾਪ੍ਰਸਾਦ ਅਤੇ ਜ਼ਿਆਉਲ ਹੱਕ ਨਾਲ ਮਿਲ ਕੇ ਕਰਾਚੀ ਹੋ ਕੇ ਈਰਾਨ ਵੱਲ ਨਿਕਲ ਗਏ। ਈਰਾਨ ਦੇ ਸ਼ਿਰਾਜ ਸ਼ਹਿਰ ਤੋਂ ਉਨ੍ਹਾਂ 'ਹਿਯਾਤ' ਨਾਮੀ ਪੱਤ੍ਰਿਕਾ ਕੱਢ ਕੇ ਭਾਰਤ ਦੀ ਆਜ਼ਾਦੀ ਲਹਿਰ ਦਾ ਪ੍ਰਚਾਰ ਸ਼ੁਰੂ ਕੀਤਾ। ਸੂਫ਼ੀ ਅੰਬਾਪ੍ਰਸਾਦ ਨੇ 'ਇੰਤਕਾਮ' ਨਾਂ ਦੀ ਹੋਰ ਪੱਤ੍ਰਿਕਾ ਸ਼ੁਰੂ ਕੀਤੀ। ਇਰਾਨੀ ਦੇਸ਼ਭਗਤਾਂ ਨਾਲ ਮਿਲ ਕੇ ਸੂਫ਼ੀ ਹੁਰਾਂ ਬਗ਼ਾਵਤ ਵਿਚ ਹਿੱਸਾ ਲਿਆ ਤਾਂ 1916 ਵਿਚ ਫੜੇ ਜਾਣ ਬਾਅਦ ਫਾਂਸੀ ਦੀ ਸਜ਼ਾ ਹੋਈ, ਪਰ ਫਾਂਸੀ ਤੋਂ ਇਕ ਦਿਨ ਪਹਿਲਾਂ ਜੇਲ੍ਹ ਵਿਚ ਹੀ ਪ੍ਰਾਣ ਤਿਆਗ ਦਿੱਤੇ। ਸ਼ਿਰਾਜ ਵਿਚ ਉਨ੍ਹਾਂ ਨੂੰ ਦਫ਼ਨਾਇਆ ਗਿਆ ਅਤੇ ਅੱਜ ਵੀ ਇਸ ਹਿੰਦੀ ਪੀਰ ਦੀ 'ਮਜ਼ਾਰ' 'ਤੇ ਉਥੇ ਹਰ ਵਰ੍ਹੇ ਮੇਲਾ ਲੱਗਦਾ ਹੈ।

ਅਜੀਤ ਸਿੰਘ ਇਰਾਨ ਤੋਂ ਤੁਰਕੀ ਪਹੁੰਚੇ ਤੇ ਉਥੋਂ ਦੇ ਪ੍ਰਸਿੱਧ ਦੇਸ਼ਭਗਤ ਆਗੂ ਕਮਾਲ ਪਾਸ਼ਾ ਨੂੰ ਮਿਲੇ। ਉਥੋਂ ਉਹ ਲੁਸੇਨ (ਸਵਿਟਜ਼ਰਲੈਂਡ) ਚਲੇ ਗਏ। ਧੂਰੀ ਦੇ ਲਾਲਾ ਠਾਕੁਰ ਦਾਸ ਦੀ ਮਦਦ ਨਾਲ ਉਨ੍ਹਾਂ ਪੈਰਿਸ ਵਿਚਲੇ ਭਾਰਤੀ ਦੇਸ਼ਭਗਤਾਂ ਨਾਲ ਸੰਪਰਕ ਕੀਤਾ। 1912 ਵਿਚ ਉਹ ਮਿਰਜ਼ਾ ਹਸਨ ਖਾਨ ਦੇ ਇਰਾਨੀ ਰੂਪ ਵਿਚ ਪੈਰਿਸ ਆਏ ਅਤੇ ਇਨਕਲਾਬੀਆਂ—ਵਰਿੰਦਰਨਾਥ ਚੱਟੋਪਾਧਿਆਇ, ਮੈਡਮ ਭੀਖਾਜੀ ਕਾਮਾ ਅਤੇ ਸ਼ਿਆਮਜੀ ਕ੍ਰਿਸ਼ਨ ਵਰਮਾ ਆਦਿ ਨੂੰ ਮਿਲੇ। ਇਥੋਂ ਫਿਰ ਉਹ ਜਨੇਵਾ (ਸਵਿਟਜ਼ਰਲੈਂਡ) ਹੀ ਪਰਤੇ। ਜ਼ਿਊਰਿਚ ਵਿਚ ਅਜੀਤ ਸਿੰਘ ਨੇ ਲੈਨਿਨ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ ਉਹ ਜਰਮਨੀ, ਇਟਲੀ, ਫਰਾਂਸ, ਸਪੇਨ ਅਤੇ ਬਰਾਜ਼ੀਲ ਆਦਿ ਦੇਸ਼ਾਂ ਵਿਚ ਗਏ ਅਤੇ ਪਹਿਲੇ ਸੰਸਾਰ-ਯੁੱਧ (1914-18) ਤੋਂ ਪਹਿਲਾਂ ਭਾਰਤ ਦੀ ਆਜ਼ਾਦੀ ਲਹਿਰ ਬਾਰੇ ਪ੍ਰਚਾਰ ਕੀਤਾ। ਬਰਾਜ਼ੀਲ ਆ ਕੇ ਅਜੀਤ ਸਿੰਘ ਨੇ ਦੱਖਣੀ ਅਮਰੀਕਾ ਵਿਚ ਸਥਾਪਤ ਗ਼ਦਰ ਲਹਿਰ ਨਾਲ ਸੰਪਰਕ ਕੀਤਾ। ਦੱਖਣੀ ਅਮਰੀਕਾ ਵਿਚ ਰਹਿੰਦਿਆਂ ਅਜੀਤ ਸਿੰਘ ਨੇ ਭਾਈ ਰਤਨ ਸਿੰਘ, ਸ. ਤੇਜਾ ਸਿੰਘ ਸੁਤੰਤਰ ਅਤੇ ਭਗਤ ਸਿੰਘ ਬਿਲਗਾ ਵਰਗੇ ਇਨਕਲਾਬੀਆਂ ਨਾਲ ਤਾਲਮੇਲ ਰੱਖਿਆ। ਉਧਰ ਭਾਰਤ ਦੀ ਕੇਂਦਰੀ ਅਸੈਂਬਲੀ ਅਤੇ ਪੰਜਾਬ ਅਸੈਂਬਲੀ ਵਿਚ ਅਜੀਤ ਸਿੰਘ ਦੀ ਦੇਸ਼-ਵਾਪਸੀ ਸੰਬੰਧੀ ਕਈ ਵਾਰ ਮੈਂਬਰਾਂ ਨੇ ਸਵਾਲ ਕੀਤੇ।

1930 ਵਿਚ ਭਗਤ ਸਿੰਘ ਉਤੇ ਚੱਲ ਰਹੇ ਮੁਕੱਦਮੇ ਦੌਰਾਨ ਸ. ਕਿਸ਼ਨ ਸਿੰਘ ਨੂੰ ਅਜੀਤ ਸਿੰਘ ਹੁਰਾਂ ਨੇ ਪੱਤਰ ਲਿਖ ਕੇ ਭਗਤ ਸਿੰਘ ਨੂੰ ਬਰਾਜ਼ੀਲ ਭੇਜਣ ਦਾ ਸੁਝਾਅ ਦਿੱਤਾ ਸੀ। ਭਗਤ ਸਿੰਘ ਆਪਣੀ ਸ਼ਖ਼ਸੀਅਤ ਤੇ ਸਭ ਤੋਂ ਵੱਧ ਪ੍ਰਭਾਵ ਆਪਣੇ ਚਾਚਾ ਅਜੀਤ ਸਿੰਘ ਦਾ ਹੀ ਕਬੂਲ ਕਰਦਾ ਸੀ। ਅਜੀਤ ਸਿੰਘ ਹੁਰਾਂ ਦੀ ਤੱਥ ਅਤੇ ਤਰਕ ਆਧਾਰਿਤ ਵਿਦਵਤਾਪੂਰਨ ਇਨਕਲਾਬੀ ਸ਼ਖ਼ਸੀਅਤ ਦਾ ਭਗਤ ਸਿੰਘ ਦੀ ਆਪਣੀ ਸ਼ਖ਼ਸੀਅਤ ਨੂੰ ਵਿਗਿਆਨਕ ਸੋਚਣੀ ਵਿਚ ਢਾਲਣ ਵਿਚ ਵੱਡਾ ਯੋਗਦਾਨ ਸੀ।

1932 ਵਿਚ ਅਜੀਤ ਸਿੰਘ ਨੇ ਅਰਜਨਟੀਨਾ ਵਿਚ ਗ਼ਦਰ ਪਾਰਟੀ ਕਾਰਕੁੰਨਾਂ ਨਾਲ ਮੁਲਾਕਾਤ ਕੀਤੀ। ਯੂਰਪ ਵਿਚ ਉਹ ਜਵਾਹਰ ਲਾਲ ਨਹਿਰੂ ਨੂੰ ਵੀ ਮਿਲੇ। 1914 ਤੋਂ 1930 ਤਕ ਉਹ ਬਰਾਜ਼ੀਲ ਰਹੇ। 1937 ਦੀਆਂ ਕਾਂਗਰਸ ਸਰਕਾਰਾਂ ਬਣਨ ਤੋਂ ਬਾਅਦ ਅਜੀਤ ਸਿੰਘ ਹੁਰਾਂ ਦੇਸ਼-ਵਾਪਸੀ ਲਈ ਯਤਨ ਆਰੰਭੇ ਜੋ ਦੂਜੇ ਸੰਸਾਰ-ਯੁੱਧ (1939-45) ਤਕ ਰੁਕ ਗਏ। ਦੂਜੇ ਸੰਸਾਰ-ਯੁੱਧ ਦੌਰਾਨ ਅਜੀਤ ਸਿੰਘ ਹੁਰਾਂ ਨੇ ਨੇਤਾ ਜੀ ਸੁਭਾਸ਼ ਬੋਸ ਨਾਲ ਸੰਪਰਕ ਰੱਖਿਆ ਅਤੇ ਰੇਡੀਓ ਇਟਲੀ ਤੋਂ ਭਾਰਤ ਦੀ ਸੁਤੰਤਰਤਾ ਦਾ ਪ੍ਰਚਾਰ ਕਰਦੇ ਰਹੇ। ਮਈ 1945 ਵਿਚ ਇਤਹਾਦੀ ਫ਼ੌਜਾਂ ਦੀ ਜਿੱਤ ਉਪਰੰਤ ਅਜੀਤ ਸਿੰਘ ਨੂੰ ਉਨ੍ਹਾਂ ਇਟਲੀ ਤੋਂ ਗ੍ਰਿਫ਼ਤਾਰ ਕਰ ਕੇ ਜਰਮਨੀ ਦੇ ਨਜ਼ਰਬੰਦੀ ਕੈਂਪਾਂ ਵਿਚ ਕੜਾਕੇ ਦੀ ਠੰਢ ਵਿਚ ਭੇਜਿਆ, ਜਿਥੇ ਉਨ੍ਹਾਂ ਦੀ ਸਿਹਤ ਏਨੀ ਖ਼ਰਾਬ ਹੋ ਗਈ ਕਿ ਉਹ ਮਰਨ ਕਿਨਾਰੇ

ਪਹੁੰਚ ਗਏ। ਦਿੱਲੀ ਵਿਚ ਕੇਂਦਰੀ ਅਸੈਂਬਲੀ ਵਿਚ ਅਨੇਕ ਭਾਰਤੀ ਮੈਂਬਰਾਂ ਦੇ ਹੱਲੇ-ਗੁੱਲੇ ਤੋਂ ਬਾਅਦ 1945 ਦੇ ਅਖ਼ੀਰ ਵਿਚ ਉਹ ਪਹਿਲਾਂ ਇੰਗਲੈਂਡ ਤੇ ਫਿਰ ਭਾਰਤ ਪੁੱਜੇ। ਅਜੀਤ ਸਿੰਘ ਨੂੰ ਭਾਰਤ ਵਾਪਸ ਲਿਆਉਣ ਹਿਤ ਉਨ੍ਹਾਂ ਦੇ ਭਤੀਜਿਆਂ ਕੁਲਤਾਰ ਸਿੰਘ ਤੇ ਕੁਲਬੀਰ ਸਿੰਘ ਹੁਰਾਂ ਵੀ ਬੜੀ ਨੱਠ-ਭੱਜ ਕੀਤੀ। ਹਾਲਾਂਕਿ ਉਨ੍ਹਾਂ ਨੂੰ ਵੀ ਕਈ ਵਰ੍ਹਿਆਂ ਦੀ ਜੇਲ੍ਹ ਕੱਟਣੀ ਪਈ ਸੀ। ਸ. ਮੰਗਲ ਸਿੰਘ ਐਮ.ਪੀ. ਦੇ ਜਤਨ ਵੀ ਜ਼ੋਰਦਾਰ ਸਨ। ਇਕ ਵਾਰ ਇਹ ਅਫ਼ਵਾਹ ਵੀ ਉੱਡੀ ਕਿ ਸੀ ਕਿ ਸ. ਅਜੀਤ ਸਿੰਘ ਚੱਲ ਵੱਸੇ ਹਨ। (ਜੈ ਪ੍ਰਕਾਸ਼ ਨਾਰਾਇਣ ਸੰਬੰਧੀ ਅਫ਼ਵਾਹ ਵਾਂਗ)

ਜਨਵਰੀ 1947 ਵਿਚ ਅਜੀਤ ਸਿੰਘ ਹੁਰੀਂ ਇੰਗਲੈਂਡ ਪਹੁੰਚੇ ਤਾਂ ਭਾਰਤੀ ਵਰਕਰਜ਼ ਐਸੋਸੀਏਸ਼ਨ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਅਤੇ ਮਾਣ-ਸਤਿਕਾਰ ਕੀਤਾ। 17 ਮਾਰਚ 1947 ਨੂੰ ਉਹ ਲਗਭਗ ਚਾਰ ਦਹਾਕਿਆਂ ਬਾਅਦ ਕਰਾਚੀ ਪਹੁੰਚੇ ਅਤੇ ਵਤਨ ਦੀ ਧਰਤੀ 'ਤੇ ਮੁੜ ਪੈਰ ਪਾਇਆ। ਇਕ ਹਫ਼ਤਾ ਉਹ ਕਰਾਚੀ ਰਹਿ ਕੇ ਤਿੰਨ ਹਫ਼ਤੇ ਦਿੱਲੀ ਰਹੇ। ਦਿੱਲੀ ਵਿਖੇ ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ ਚਾਲ੍ਹੀ ਸਾਲਾਂ ਬਾਅਦ ਮਿਲੀ ਤਾਂ ਪਛਾਣ ਨਾ ਸਕੀ। ਪਹਿਲੀ ਅਪ੍ਰੈਲ 1947 ਨੂੰ ਭਾਰਤ ਦੇ ਨੌਜਵਾਨਾਂ ਦੇ ਨਾਂ ਅਜੀਤ ਸਿੰਘ ਹੁਰਾਂ ਅਪੀਲ ਜਾਰੀ ਕੀਤੀ ਅਤੇ ਹਿੰਦੁਸਤਾਨ ਵਿਚ ਤਮੱਦਨੀ ਅਤੇ ਸਿਆਸੀ ਇਨਕਲਾਬ ਦੀ ਸਖ਼ਤ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਾਂਗ ਕੁਰਬਾਨੀ ਦੇ ਪੁਤਲੇ ਬਣਨ ਦੀ ਸਲਾਹ ਵੀ ਦਿੱਤੀ। ਪੰਜਾਬ ਆਉਣ ਤੇ ਲਾਹੌਰ ਵਿਚ ਅਜੀਤ ਸਿੰਘ ਦੇ ਮਾਣ ਵਿਚ ਅਨੇਕਾਂ ਮੀਟਿੰਗਾਂ ਹੋਈਆਂ ਹਾਲਾਂਕਿ ਫ਼ਿਰਕੂ ਅੱਗ ਭੜਕਣ ਨਾਲ ਮਾਹੌਲ ਖ਼ਰਾਬ ਹੋ ਰਿਹਾ ਸੀ। ਸਿਹਤ ਜ਼ਿਆਦਾ ਖ਼ਰਾਬ ਹੋਣ ਕਾਰਨ ਅਜੀਤ ਸਿੰਘ ਆਪਣੀ ਪਤਨੀ ਨਾਲ ਡਲਹੌਜ਼ੀ ਚਲੇ ਗਏ, ਜਿਥੇ ਉਹ ਆਪਣੇ ਮਿੱਤਰ ਹੰਸਰਾਜ ਸਿਆਲ ਦੇ ਸਪਰਿੰਗ ਹਾਊਸ ਵਿਚ ਠਹਿਰੇ। ਤਿੰਨ ਜੂਨ 1947 ਨੂੰ ਆਜ਼ਾਦੀ ਬਦਲੇ ਦੇਸ਼ ਦੀ ਦੋ ਟੁਕੜਿਆਂ 'ਭਾਰਤ' ਅਤੇ 'ਪਾਕਿਸਤਾਨ' ਵਿਚ ਵੰਡ ਦੇ ਪ੍ਰਸਤਾਵ ਦੀ ਅਜੀਤ ਸਿੰਘ ਹੁਰਾਂ ਨੇ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਨੂੰ ਇਸ ਵੰਡ ਨਾਲ ਬੜੀ ਠੇਸ ਲੱਗੀ।

15 ਅਗਸਤ ਨੂੰ ਆਜ਼ਾਦੀ ਦਾ ਐਲਾਨ ਸੁਣਨ ਬਾਅਦ ਪ੍ਰਭਾਤ ਵੇਲੇ ਸਰੀਰ ਤਿਆਗਣ ਬਾਅਦ ਉਸੇ ਦਿਨ ਡਲਹੌਜ਼ੀ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਅਤੇ ਉਨ੍ਹਾਂ ਦੀ ਯਾਦ ਵਿਚ ਉਥੇ ਗੇਟ ਵੀ ਬਣਿਆ ਹੋਇਆ ਹੈ। ਪਰ ਭਗਤ ਸਿੰਘ ਦੇ ਇਨਕਲਾਬੀ ਜੀਵਨ ਦੀ ਪਿਉਂਦ ਲਾਉਣ ਵਾਲੇ ਖ਼ੁਦ ਇਨਕਲਾਬੀ ਕਿਰਦਾਰ ਸ. ਅਜੀਤ ਸਿੰਘ ਦਾ ਕੋਈ ਨਾਮਲੇਵਾ ਨਹੀਂ ਹੈ। ਅਜੀਤ ਸਿੰਘ ਦਾ ਭਾਰਤ ਅਤੇ ਵਿਦੇਸ਼ਾਂ ਵਿਚ ਬੜਾ ਮਾਣ-ਸਤਿਕਾਰ ਸੀ। ਅਜੀਤ ਸਿੰਘ ਦੇ ਜੀਵਨ ਸੰਬੰਧੀ ਜਾਣਕਾਰੀ ਉਨ੍ਹਾਂ ਦੀ ਭਤੀਜੀ ਵੀਰਿੰਦਰ ਸੰਧੂ ਦੀ ਕਿਤਾਬ 'ਭਗਤ ਸਿੰਘ ਅਤੇ ਉਨ੍ਹਾਂ ਦੇ ਪੁਰਖੇ' ਵਿਚ ਮਿਲਦੀ ਹੈ ਜਿਸ ਨੂੰ ਆਧਾਰ ਬਣਾ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਪ੍ਰਕਾਸ਼ਨ ਤੋਂ ਡਾ. ਗੁਰਦੇਵ ਸਿੰਘ 'ਦਿਉਲ' ਨੇ ਕਿਤਾਬ ਛਾਪੀ ਹੈ।

## ਅਜੀਤ ਸਿੰਘ ਦੀ ਸ੍ਵੈ-ਜੀਵਨੀ

ਭਾਰਤੀ ਸਮਾਜ ਆਪਣੇ ਦੇਸ਼ਭਗਤਾਂ ਅਤੇ ਇਤਿਹਾਸ ਪ੍ਰਤੀ ਕਿੰਨਾ ਕੁ ਸੰਵੇਦਨਸ਼ੀਲ ਹੈ, ਇਸ ਦੀ ਮਿਸਾਲ ਭਗਤ ਸਿੰਘ ਪਰਵਾਰ ਪ੍ਰਤੀ ਉਸ ਦੇ ਰਵੱਈਏ ਤੋਂ ਹੀ ਲਾਇਆ ਜਾ ਸਕਦਾ ਹੈ। ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ, 1931 ਤੋਂ 1994 ਤਕ ਨਹੀਂ ਛਪ ਸਕੀ ਅਤੇ ਸ. ਅਜੀਤ ਸਿੰਘ ਵੱਲੋਂ ਅੰਗਰੇਜ਼ੀ ਵਿਚ ਲਿਖੀ ਸ੍ਵੈ-ਜੀਵਨੀ ਵੀ 2001 ਤਕ ਨਹੀਂ ਛਪੀ। 2001 ਵਿਚ ਵੀ ਪੰਜਾਬੀ ਵਿਚ ਇਸ ਦਾ ਅਨੁਵਾਦ ਹੀ ਛਪਿਆ ਹੈ, ਜਿਸ ਤੋਂ ਸ੍ਵੈ-ਜੀਵਨੀ ਦੇ ਮੂਲ ਰੂਪ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਕਿ ਇਹ ਮੂਲ ਰੂਪ ਵਿਚ (ਅੰਗਰੇਜ਼ੀ) ਛਪੀ ਹੈ ਜਾਂ ਨਹੀਂ ? ਜੇ ਛਪੀ ਹੈ ਤਾਂ ਕਿਥੇ ਅਤੇ ਕਦੋਂ ? ਮਾਸਟਰ ਸੁਦਰਸ਼ਨ ਕੁਮਾਰ ਵੱਲੋਂ ਪੰਜਾਬੀ ਵਿਚ ਅਨੁਵਾਦਤ ਇਸ ਸ੍ਵੈ-ਜੀਵਨੀ ਦਾ ਸਿਰਲੇਖ 'ਪਗੜੀ ਸੰਭਾਲ ਜੱਟਾ ਤੋਂ ਆਜ਼ਾਦੀ ਵੱਲ' ਰੱਖਿਆ ਗਿਆ ਹੈ। ਇਸ ਆਤਮ-ਕਥਾ ਵਿਚ ਸ. ਅਜੀਤ ਸਿੰਘ ਦੇ ਬਹੁਤੇ ਤੱਥ ਉਹ ਹਨ, ਜਿਨ੍ਹਾਂ ਨੂੰ ਵੀਰਿੰਦਰ ਸੰਧੂ ਨੇ ਸੰਖੇਪ ਵਿਚ ਆਪਣੀ ਕਿਤਾਬ ਵਿਚ ਪ੍ਰਕਾਸ਼ਤ ਕੀਤਾ ਹੈ। ਅਜੀਤ ਸਿੰਘ ਹੁਰਾਂ ਨੇ ਇਹ ਦਿਲਚਸਪ ਇੰਕਸ਼ਾਫ਼ ਕੀਤਾ ਹੈ ਕਿ ਉਨ੍ਹਾਂ ਦੇ ਪੁਰਿਖਆਂ ਨੇ ਖਾਲਸਾ ਰਾਜ ਦੀ ਹਿਮਾਇਤ ਵਿਚ ਅੰਗਰੇਜ਼ਾਂ ਖ਼ਿਲਾਫ਼ ਮੁੱਦਕੀ (ਬੱਦੋਵਾਲ) ਧਾਲੀਵਾਲ ਅਤੇ ਸਭਰਾਓਂ ਦੀ ਲੜਾਈ ਵਿਚ ਹਿੱਸਾ ਲਿਆ ਸੀ। ਇਸ ਸ੍ਵੈ-ਜੀਵਨੀ ਤੋਂ ਬਾਬਾ ਰਤਨ ਸਿੰਘ ਦੇ ਕੱਟੜ ਅੰਤਰਰਾਸ਼ਟਰੀ ਕਮਿਊਨਿਜ਼ਮ ਦੇ ਖ਼ਿਆਲਾਤ ਅਤੇ ਅਜੀਤ ਸਿੰਘ ਹੁਰਾਂ ਦੇ ਕੱਟੜ ਕੌਮੀ ਖ਼ਿਆਲਾਤ ਦੇ ਫ਼ਰਕ ਦਾ ਵੀ ਪਤਾ ਲੱਗਦਾ ਹੈ ਅਤੇ ਇਸ ਗੱਲ ਦਾ ਵੀ ਕਿ ਕਿਵੇਂ ਬਾਬਾ ਰਤਨ ਸਿੰਘ ਹੁਰੀਂ ਦੂਜੀ ਸੰਸਾਰ-ਜੰਗ ਬਾਅਦ ਇਟਲੀ ਦੀ ਹੀ ਕਿਸੇ ਜੇਲ੍ਹ ਵਿਚ ਅੰਤਮ ਸਾਹ ਪੂਰੇ ਕਰ ਗਏ।

ਇਸ ਸ੍ਵੈ-ਜੀਵਨੀ ਦੇ ਨਾਲ ਇਸ ਕਿਤਾਬ ਵਿਚ ਬਾਂਕੇ ਦਿਆਲ ਵੱਲੋਂ 3 ਮਾਰਚ 1907 ਨੂੰ ਪਹਿਲੀ ਵਾਰ ਗਾਇਆ 'ਪਗੜੀ ਸੰਭਾਲ ਜੱਟਾ' ਗੀਤ ਆਪਣੇ ਮੂਲ ਰੂਪ ਵਿਚ ਸ਼ਾਮਲ ਹੈ ਅਤੇ ਡਾ. ਗੁਰਦੇਵ 'ਦਿਉਲ' ਦੀ ਕਿਤਾਬ ਵਿਚ ਸੰਖੇਪ ਰੂਪ ਵਿਚ ਸ਼ਾਮਲ ਸ. ਅਜੀਤ ਸਿੰਘ ਦੇ ਵਧੇਰੇ ਭਾਸ਼ਣ ਜੋ ਉਨ੍ਹਾਂ 17 ਮਾਰਚ 1907 ਤੋਂ 11 ਜੁਲਾਈ 1909 ਤਕ ਅਤੇ ਫਿਰ 1 ਅਪ੍ਰੈਲ 1947, 9 ਅਪ੍ਰੈਲ 1947 ਅਤੇ 13 ਅਗਸਤ ਅਰਥਾਤ ਦੇਹਾਂਤ ਤੋਂ ਦਿਨ ਪਹਿਲਾਂ ਦੇ ਭਾਸ਼ਣ ਸ਼ਾਮਲ ਹਨ। 1907 ਤੋਂ 1909 ਦੌਰਾਨ ਦਿੱਤੇ 17 ਭਾਸ਼ਣਾਂ ਵਿਚੋਂ ਜੁਲਾਈ ਨੂੰ ਬਰੈਡਲੇ ਹਾਲ, ਲਾਹੌਰ ਵਿਚ ਦਿੱਤਾ ਭਾਸ਼ਣ ਬਹੁਤ ਦਿਲਚਸਪ ਅਤੇ ਮਹੱਤਵਪੂਰਨ ਹੈ ਅਤੇ ਜਿਸ ਦੀ ਅੱਜ ਵੀ ਬੜੀ ਪ੍ਰਸੰਸਾ ਕੀਤੀ ਜਾਂਦੀ ਹੈ। ਇਸ ਭਾਸ਼ਣ ਵਿਚ ਉਨ੍ਹਾਂ ਭਾਰਤ ਅੰਦਰਲੀ ਜਾਤੀ-ਵਿਵਸਥਾ ਬਾਰੇ ਲਿਖਦਿਆਂ ਦਲਿਤਾਂ ਪ੍ਰਤੀ ਅਣਮਨੁੱਖੀ ਰਵੱਈਏ ਦੀ ਕਰੜੀ ਨਿਖੇਧੀ ਕੀਤੀ ਹੈ। ਕਿਤਾਬ ਦੇ ਅੰਤਲੇ ਹਿੱਸੇ ਵਿਚ ਦੇਸ਼ਭਗਤ ਯਾਦਗਾਰ ਹਾਲ, ਜਲੰਧਰ ਦੇ ਪ੍ਰਧਾਨ

ਬਾਬਾ ਭਗਤ ਸਿੰਘ ਬਿਲਗਾ ਦੀਆਂ ਸ. ਅਜੀਤ ਸਿੰਘ ਬਾਰੇ ਯਾਦਾਂ ਹਨ, ਜਦ ਜਲਾਵਤਨੀ ਦੌਰਾਨ ਅਜੀਤ ਸਿੰਘ ਨੂੰ ਅਰਜਨਟੀਨਾ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਾਬਾ ਭਗਤ ਸਿੰਘ ਬਿਲਗਾ ਅਰਜਨਟੀਨਾ ਲੈ ਕੇ ਆਏ । ਵਿਦੇਸ਼ਾਂ ਵਿਚ ਸ. ਤੇਜਾ ਸਿੰਘ ਸੁਤੰਤਰ ਵੀ ਸ. ਅਜੀਤ ਸਿੰਘ ਨਾਲ ਰਹੇ ਸਨ । ਕਿਤਾਬ ਦੇ ਸ਼ੁਰੂ ਵਿਚ ਸ. ਅਜੀਤ ਸਿੰਘ ਦੇ ਕੁਝ ਚਿੱਤਰ ਵੀ ਸ਼ਾਮਲ ਕੀਤੇ ਗਏ ਹਨ । ਪਰ ਇਹ ਸ੍ਵੈ-ਜੀਵਨੀ ਸਾਰੇ ਹਿੰਦੁਸਤਾਨ ਅਤੇ ਆਧੁਨਿਕ ਭਾਰਤ ਦੇ ਇਤਿਹਾਸਕਾਰਾਂ ਤਕ ਕਿਉਂ ਨਹੀਂ ਪਹੁੰਚੀ ?

## 'ਸ਼ਹੀਦਾਂ ਦੇ ਅੰਗ-ਸੰਗ' : ਸ਼ਿਵ ਵਰਮਾ

ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ (H.S.R.A.) ਜਿਸ ਦੇ ਸਿਧਾਂਤਕ ਤੇ ਜਥੇਬੰਦਕ ਆਗੂ ਭਗਤ ਸਿੰਘ ਸਨ ਅਤੇ ਸੈਨਾਪਤੀ ਚੰਦਰਸ਼ੇਖਰ ਆਜ਼ਾਦ ਨੇ ਭਾਰਤ ਦੇ ਰਾਜਨੀਤਕ ਇਤਿਹਾਸ ਤੇ ਆਪਣੀ ਥੋੜ੍ਹਚਿਰੀ ਜ਼ਿੰਦਗੀ ਦੌਰਾਨ ਹੀ ਬਹੁਤ ਡੂੰਘੀ ਛਾਪ ਛੱਡੀ ਹੈ । ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ (H.R.A.) ਦੀ ਅਗਵਾਈ ਵਿਚ 1925 ਦੀ ਕਾਕੋਰੀ ਰੇਲ ਡਕੈਤੀ ਦੀ ਸਨਸਨੀਖ਼ੇਜ਼ ਘਟਨਾ ਤੋਂ ਬਾਅਦ ਸ਼ੁਰੂ ਹੋਏ ਇਸ ਇਨਕਲਾਬੀ ਸਫ਼ਰ ਦਾ ਇਕ ਪੜਾਅ 23 ਮਾਰਚ 1931 ਨੂੰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਸ਼ਹਾਦਤ ਨਾਲ ਖ਼ਤਮ ਹੋ ਗਿਆ ਸੀ । ਪਰ ਭਗਤ ਸਿੰਘ ਦੇ ਅਨੇਕ ਸਾਥੀਆਂ, ਜੋ ਲੰਮੇ ਸਮੇਂ ਲਈ ਜੇਲ੍ਹਾਂ ਵਿਚ ਬੰਦ ਕੀਤੇ ਗਏ ਸਨ ਅਜੈ ਘੋਸ਼, ਵਿਜੈ ਕੁਮਾਰ ਸਿਨਹਾ, ਸ਼ਿਵ ਵਰਮਾ, ਜੈਦੇਵ, ਜੈਦੇਵ ਕਪੂਰ, ਪੰਡਤ ਕਿਸ਼ੋਰੀ ਲਾਲ, ਮਨਮਥਨਾਥ ਗੁਪਤਾ, ਡਾ. ਗਇਆਪ੍ਰਸਾਦ ਅਤੇ ਹੋਰ ਅਨੇਕਾਂ ਇਨਕਲਾਬੀਆਂ ਨੇ ਲੰਮੀਆਂ ਜੇਲ੍ਹਾਂ ਦੀਆਂ ਸਜ਼ਾਵਾਂ ਕੱਟ ਕੇ ਜੇਲ੍ਹਾਂ ਅੰਦਰ ਅਤੇ ਜੇਲ੍ਹਾਂ ਤੋਂ ਬਾਹਰ ਆ ਕੇ ਆਪਣਾ ਇਨਕਲਾਬ ਜਾਰੀ ਰੱਖਿਆ । ਇਨ੍ਹਾਂ ਵਿਚੋਂ ਵਧੇਰੇ ਇਨਕਲਾਬੀਆਂ ਨੇ ਜੇਲ੍ਹ ਅੰਦਰ ਹੀ ਮਾਰਕਸਵਾਦੀ ਵਿਚਾਰਧਾਰਾ ਨੂੰ ਅਪਣਾ ਲਿਆ ਸੀ, ਜਿਸ ਦਾ ਬੀਜ ਖ਼ੁਦ ਭਗਤ ਸਿੰਘ ਹੀ ਉਨ੍ਹਾਂ ਦੇ ਮਨਾਂ ਅੰਦਰ ਬੀਜ ਗਿਆ ਸੀ । ਭਗਤ ਸਿੰਘ ਦੇ ਇਨ੍ਹਾਂ ਨੇੜਲੇ ਸਾਥੀਆਂ ਵਿਚੋਂ ਇਕ ਸੀ ਸ਼ਿਵ ਵਰਮਾ, ਜਿਸ ਨੇ ਭਗਤ ਸਿੰਘ ਨਾਲ ਕਾਫ਼ੀ ਨੇੜਲੇ ਪਲ ਵੀ ਬਿਤਾਏ ਸਨ ਅਤੇ ਲਹਿਰ ਦੇ ਹੋਰ ਆਗੂਆਂ ਨਾਲ ਵੀ ਸ਼ਿਵ ਵਰਮਾ ਲਾਹੌਰ ਸਾਜ਼ਿਸ਼ ਕੇਸ ਵਿਚ ਉਮਰ ਕੈਦ ਲਈ ਸਜ਼ਾਯਾਫ਼ਤਾ ਬਣੇ । ਉਹ ਤਾਜ਼ਿੰਦਗੀ ਮਾਰਕਸਵਾਦ ਨੂੰ ਪਰਨਾਏ ਰਹੇ । 1964 ਵਿਚ ਸੀ.ਪੀ.ਐਮ. ਨਾਲ ਜੁੜੇ । ਅਤੇ ਆਪਣੀ ਨੌਂ ਦਹਾਕੇ ਲੰਮੀ ਜ਼ਿੰਦਗੀ ਦੇ ਅੰਤ ਤਕ ਪਾਰਟੀ ਪ੍ਰਤੀ ਵਫ਼ਾਦਾਰ ਅਤੇ ਸਭ ਤੋਂ ਵੱਧ ਈਮਾਨਦਾਰ ਕਾਰਕੁੰਨ ਬਣੇ ਰਹੇ ।

ਸ਼ਿਵ ਵਰਮਾ ਨੇ ਭਗਤ ਸਿੰਘ ਦੀ ਰੂਹ ਨੂੰ ਸਭ ਤੋਂ ਵੱਧ ਆਤਮਸਾਤ ਕੀਤਾ ਸੀ ਅਤੇ ਭਗਤ ਸਿੰਘ ਦੀ ਸ਼ਖ਼ਸੀਅਤ ਅਤੇ ਵਿਚਾਰਾਂ ਨੂੰ ਸਭ ਤੋਂ ਵੱਧ ਤਰਕਸ਼ੀਲ ਅਤੇ ਗਿਆਨਵਾਨ ਢੰਗ ਨਾਲ ਸਮਝ ਕੇ ਉਨ੍ਹਾਂ ਹੀ ਉਸ ਦੇ ਵਿਚਾਰਾਂ ਦੀ ਅਤੇ ਉਸ ਪੂਰੀ ਇਨਕਲਾਬੀ ਲਹਿਰ ਦੀ ਸ਼ਾਨਦਾਰ ਵਿਆਖਿਆ ਕੀਤੀ ਸੀ । ਭਗਤ ਸਿੰਘ ਦੇ ਕੁਝ ਦਸਤਾਵੇਜ਼ਾਂ ਨੂੰ ਸਭ ਤੋਂ ਪਹਿਲਾਂ ਸ਼ਿਵ ਵਰਮਾ ਨੇ ਹੀ ਆਪਣੀ ਲੰਮੀ ਭੂਮਿਕਾ ਸਹਿਤ ਸੰਪਾਦਨ ਕੀਤਾ ਸੀ । ਸ਼ਿਵ ਵਰਮਾ ਨੂੰ ਲਿਖਣ ਦਾ ਕਾਫ਼ੀ ਸ਼ੌਕ ਸੀ ਅਤੇ ਪੁਸਤਕਾਂ ਵਿਚ ਅਭਿਵਿਅਕਤ ਕੀਤਾ । 'ਮੌਤ ਦੇ ਸਾਏ ਹੇਠ' ਅਤੇ 'ਸੰਸਮ੍ਰਿਤੀਆਂ' ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ ਹਨ । ਪਿਛਲੇ ਦਿਨੀਂ ਉਨ੍ਹਾਂ ਦੀਆਂ ਇਨ੍ਹਾਂ ਪੁਸਤਕਾਂ ਦਾ ਪੰਜਾਬੀ ਅਨੁਵਾਦ ਵੀ ਛਪ ਗਿਆ ਹੈ । 1970 ਵਿਚ ਪਹਿਲੀ ਵਾਰ ਛਪੀ 'ਸੰਸਮ੍ਰਿਤੀਆਂ' ਜਿਸ ਦੇ ਹਿੰਦੀ ਵਿਚ ਕਈ ਸੰਸਕਰਣ ਛਪ ਚੁੱਕੇ ਹਨ, ਦਾ ਪੰਜਾਬੀ ਰੂਪਾਂਤਰਣ ਡਾ. ਮਨਿੰਦਰ ਰੰਧਾਵਾ ਨੇ ਕੀਤਾ ਹੈ ਅਤੇ ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਵੱਲੋਂ ਇਹ ਪੁਸਤਕ 'ਸ਼ਹੀਦਾਂ ਦੇ ਅੰਗ ਸੰਗ' ਸਿਰਲੇਖ ਹੇਠ 2001 ਵਿਚ ਛਾਪ ਦਿੱਤੀ ਗਈ ।

ਜਿਵੇਂ ਕਿ ਪੁਸਤਕ ਦੇ ਮੂਲ ਹਿੰਦੀ ਸਿਰਲੇਖ ਤੋਂ ਹੀ ਸਪੱਸ਼ਟ ਹੈ ਕਿ ਇਸ ਪੁਸਤਕ ਵਿਚ ਸ਼ਿਵ ਵਰਮਾ ਦੇ ਆਪਣੇ ਹਾਣੀਆਂ ਦੀਆਂ ਯਾਦਾਂ/ਸਿਮ੍ਰਤੀਆਂ ਨੂੰ ਕਲਮ ਰਾਹੀਂ ਸ਼ਬਦਾਂ ਦਾ ਰੂਪ ਦਿੱਤਾ ਹੈ । ਇਸ ਕਿਤਾਬ ਵਿਚ ਉਨ੍ਹਾਂ ਦੇ ਸੱਤ ਸਾਥੀਆਂ ਦੇ ਰੇਖਾ-ਚਿੱਤਰ ਸ਼ਾਮਲ ਹਨ । ਇਹ ਸੱਤੇ ਹੀ ਸਾਥੀ ਭਾਰਤ ਦੀ ਇਨਕਲਾਬੀ ਲਹਿਰ ਦੇ ਮਹਾਨ ਸ਼ਹੀਦ ਹਨ ਅਤੇ ਸ਼ਿਵ ਵਰਮਾ ਨੇ ਇਨ੍ਹਾਂ ਮਹਾਨ ਇਨਕਲਾਬੀਆਂ ਨਾਲ ਬਿਤਾਏ ਪਲਾਂ ਨੂੰ ਯਾਦਾਂ ਦੇ ਰੂਪ ਵਿਚ ਸੰਜੋ ਕੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਦਿਲਕਸ਼ ਰੂਪ ਵਿਚ ਪੇਸ਼ ਕੀਤਾ ਹੈ ਕਿ ਸਾਧਾਰਣ ਪਾਠਕ ਇਹ ਪੜ੍ਹ ਕੇ ਦੰਗ ਰਹਿ ਜਾਂਦਾ ਹੈ ਕਿ ਖ਼ੂੰਖਾਰ ਬਰਤਾਨਵੀ ਸਾਮਰਾਜਵਾਦ ਨੂੰ ਕੰਬਾਅ ਦੇਣ ਵਾਲੇ ਇਹ ਨੌਜਵਾਨ ਇੰਨੇ ਸਾਧਾਰਣ, ਪਰ ਇੰਨੇ ਪਿਆਰੇ ਤੇ ਖ਼ੂਬਸੂਰਤ ਇਨਸਾਨ ਸਨ, ਜਿਨ੍ਹਾਂ ਅੰਦਰ ਇਸ ਕਦਰ ਕੋਮਲ ਇਨਸਾਨੀ ਜਜ਼ਬੇ ਸਨ । ਪਰ ਇਨ੍ਹਾਂ ਕੋਮਲ ਇਨਸਾਨੀ ਜਜ਼ਬਿਆਂ ਵਾਲੇ ਇਨਸਾਨਾਂ ਨੇ ਦੇਸ਼ ਅਤੇ ਆਪਣੇ ਦੇਸ਼ ਦੇ ਲੋਕਾਂ ਲਈ ਭਰ-ਜਵਾਨੀ ਵਿਚ ਸ਼ਹਾਦਤ ਦਾ ਜਾਮ ਪੀ ਕੇ ਇਨਕਲਾਬੀ ਇਤਿਹਾਸ ਦੇ ਪੰਨਿਆਂ ਨੂੰ ਸੁਨਹਿਰੀ ਬਣਾ ਦਿੱਤਾ ਹੈ ।

ਭਾਰਤ ਦੀ ਇਨਕਲਾਬੀ ਲਹਿਰ ਦੇ ਇਹ ਸੱਤ ਮਹਾਨ ਸ਼ਹੀਦ ਸਨ—ਭਗਤ ਸਿੰਘ, ਚੰਦਰਸ਼ੇਖਰ ਆਜ਼ਾਦ, ਸੁਖਦੇਵ, ਰਾਜਗੁਰੂ, ਮਹਾਵੀਰ ਸਿੰਘ, ਜਤਿੰਦਰਨਾਥ ਦਾਸ ਅਤੇ ਭਗਵਤੀ ਚਰਣ ਵੋਹਰਾ । ਇਹ ਸਾਰੇ 8-9 ਸਤੰਬਰ 1928 ਨੂੰ ਦਿੱਲੀ ਦੇ ਫ਼ਿਰੋਜ਼ਸ਼ਾਹ ਕੋਟਲਾ ਮੈਦਾਨ ਵਿਚ ਸਥਾਪਤ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਸਰਗਰਮ ਕਾਰਕੁੰਨ ਸਨ ਅਤੇ ਚੰਦਰਸ਼ੇਖਰ ਆਜ਼ਾਦ ਇਸ ਇਨਕਲਾਬੀ ਜਥੇਬੰਦੀ ਦੇ ਸੈਨਾਪਤੀ ਸਨ । ਭਗਤ ਸਿੰਘ ਅਤੇ ਭਗਵਤੀ ਚਰਣ ਵੋਹਰਾ ਇਸ ਸੰਗਠਨ ਦਾ ਦਿਮਾਗ ਸਨ ਯਾਨੀ ਸਿਧਾਂਤਕ ਸੰਗਠਨਾਤਮਕ ਨੀਤੀ ਘਾੜੇ । ਸੁਖਦੇਵ ਵੀ ਸਿਧਾਂਤਕ ਤੌਰ ਤੇ ਕਾਫ਼ੀ ਅੱਗੇ ਵਧਿਆ ਅਧਿਐਨਸ਼ੀਲ ਵਿਅਕਤੀ ਸੀ ਅਤੇ ਸਾਰੇ ਦੇ ਸਾਰੇ ਦ੍ਰਿੜ੍ਹ ਇਰਾਦਿਆਂ ਦੇ ਨੌਜਵਾਨ ਸਨ । ਸੰਗਠਨ ਅੰਦਰ ਸਮਾਜਵਾਦੀ ਅਤੇ ਮਾਰਕਸਵਾਦੀ ਵਿਚਾਰਾਂ ਦੀ ਜਾਗ ਲਾਉਣ ਵਾਲਿਆਂ ਵਿਚ ਭਗਤ ਸਿੰਘ, ਭਗਵਤੀ ਚਰਣ ਵੋਹਰਾ, ਸੁਖਦੇਵ ਅਤੇ ਵਿਜੈ ਕੁਮਾਰ ਸਿਨਹਾ ਵੱਧ ਸਰਗਰਮ ਸਨ ।

'ਸੰਸਮ੍ਰਿਤੀਆਂ' ਪੁਸਤਕ ਵਿਚ ਇਨ੍ਹਾਂ ਸੱਤਾਂ ਸ਼ਹੀਦਾਂ ਦੇ ਰੇਖਾ-ਚਿੱਤਰਾਂ ਤੋਂ ਇਨ੍ਹਾਂ ਨੌਜਵਾਨਾਂ ਦੀ ਸ਼ਖ਼ਸੀਅਤ ਦੇ ਮਨੁੱਖੀ ਰੂਪ ਵਿਚ ਬੜੇ ਕੋਮਲਭਾਵੀ, ਨਿੱਘੇ ਜਜ਼ਬਾਤੀ ਅਤੇ ਵਿਚਾਰਵਾਨ ਪੱਖ ਉੱਘੜ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਰੇਖਾ-ਚਿੱਤਰਾਂ ਨੂੰ ਨਿੱਜੀ ਛੋਹ ਦੇਣ ਲਈ ਸ਼ਿਵ ਵਰਮਾ ਨੇ ਹਿੰਦੀ ਦੇ ਪ੍ਰਸਿੱਧ ਮੱਧਕਾਲੀਨ ਕਵੀ ਰਸਖ਼ਾਨ ਦੇ ਸ਼ਬਦਾਂ ਦਾ ਸਹਾਰਾ ਲੈ ਕੇ ਕਿਹਾ ਹੈ ਕਿ "ਨੈਨਨ ਮੇਂ ਜੋ ਸਦਾ ਰਹਿਤੇ ਤਿਨਕੀ ਅਬ ਕਾਨ ਕਹਾਣੀ ਸੁਨੇ ਕਰੇ"—ਜੋ ਹਮੇਸ਼ਾ ਨੈਣਾਂ ਵਿਚ ਰਹਿੰਦੇ ਸਨ, ਹੁਣ ਉਨ੍ਹਾਂ ਦੀ ਕਹਾਣੀ ਕੰਨ ਹੀ ਸੁਣਦੇ ਹਨ।

ਇਨ੍ਹਾਂ ਸੱਤਾਂ ਸ਼ਹੀਦਾਂ ਦੀ ਜ਼ਿੰਦਗੀ ਦੇ ਕੁਝ ਸਾਂਝੇ ਪੱਖ ਹਨ ਕਿ ਇਨ੍ਹਾਂ ਵਿਚੋਂ ਕਿਸੇ ਨੇ ਵੀ ਜ਼ਿੰਦਗੀ ਦੇ ਤਿੰਨ ਦਹਾਕੇ ਵੀ ਪੂਰੇ ਨਹੀਂ ਕੀਤੇ। ਇਨ੍ਹਾਂ ਵਿਚੋਂ ਭਗਵਤੀ ਚਰਣ ਵੋਹਰਾ ਹੀ ਉਮਰ ਵਿਚ ਕੁਝ ਵੱਡੇ ਸਨ ਅਰਥਾਤ ਉਨ੍ਹਾਂ ਦਾ ਜਨਮ ਵਰ੍ਹਾ 1903 ਸੀ, ਜਤਿੰਦਰਨਾਥ ਦਾਸ ਦਾ 1904, ਮਹਾਵੀਰ ਸਿੰਘ ਦਾ 1907, ਅਤੇ ਰਾਜਗੁਰੂ ਸਭ ਤੋਂ ਛੋਟੇ ਅਰਥਾਤ 1908 ਵਿਚ ਪੈਦਾ ਹੋਏ ਸਨ। ਖ਼ੁਦ ਕਿਤਾਬ ਦੇ ਲੇਖਕ ਸ਼ਿਵ ਵਰਮਾ ਦਾ ਜਨਮ ਵਰ੍ਹਾ 1906 ਦਾ ਸੀ, ਅਤੇ ਲਗਭਗ ਏਸੇ ਹੀ ਉਮਰ ਦੇ ਜੈਦੇਵ ਕਪੂਰ, ਵਿਜੈ ਕੁਮਾਰ ਸਿਨਹਾ, ਕੁੰਦਨ ਲਾਲ, ਅਜੈ ਘੋਸ਼ ਆਦਿ ਸਨ, ਜਿਨ੍ਹਾਂ ਲੰਮੀਆਂ ਕੈਦਾਂ ਕੱਟੀਆਂ।

'ਸੰਸਮ੍ਰਿਤੀਆਂ' ਵਿਚ ਸ਼ਿਵ ਵਰਮਾ ਨੇ ਸਭ ਤੋਂ ਵੱਧ ਚਾਹ ਕੇ ਅਤੇ ਵਿਚਾਰ ਕੇ ਭਗਤ ਸਿੰਘ ਦੇ ਬਾਰੇ ਲਿਖਿਆ ਹੈ। ਸਭ ਤੋਂ ਲੰਮਾ ਸਿਮ੍ਰਤੀ ਲੇਖ ਵੀ ਭਗਤ ਸਿੰਘ ਬਾਰੇ ਹੀ ਹੈ। ਸ਼ਿਵ ਵਰਮਾ ਜਿਸ ਸਮੇਂ ਕਾਨ੍ਹਪੁਰ ਵਿਚ ਪੜ੍ਹ ਰਹੇ ਸਨ ਤਾਂ ਉਹ ਤੇ ਜੈਦੇਵ ਕਪੂਰ ਡੀ.ਏ.ਵੀ. ਕਾਲਜ ਦੇ ਹੋਸਟਲ ਵਿਚ ਰਹਿੰਦੇ ਸਨ। ਉਸ ਸਮੇਂ 'ਰੰਜੀਤ' ਨਾਂ ਦਾ ਪੰਜਾਬੀ ਪਾਰਟੀ ਕਾਰਕੁੰਨ ਉਨ੍ਹਾਂ ਨੂੰ ਮਿਲਣ ਆਇਆ, ਜਿਸ ਨੇ ਮੈਲੀ ਸਲਵਾਰ-ਕਮੀਜ਼ ਪਹਿਨੀ ਹੋਈ ਸੀ ਤੇ ਜਿਸ ਨੇ ਕੰਬਲ ਦੀ ਬੁੱਕਲ ਮਾਰੀ ਹੋਈ ਸੀ। ਸ਼ਿਵ ਵਰਮਾ ਦੇ ਸ਼ਬਦਾਂ ਵਿਚ ਭਗਤ ਸਿੰਘ ਦਾ 'ਲੰਮਾ ਕੱਦ, ਖ਼ੂਬ ਗੋਰਾ ਰੰਗ, ਛੋਟੀਆਂ-ਛੋਟੀਆਂ ਅੱਖਾਂ, ਚੁਭਵੀਂ ਤਿੱਖੀ ਨਜ਼ਰ, ਖ਼ੂਬਸੂਰਤ ਚਿਹਰੇ ਤੇ ਹਲਕੀ-ਹਲਕੀ ਛੋਟੀ ਦਾੜ੍ਹੀ, ਕੇਸ ਅਤੇ ਪਗੜੀ।" ਉੱਤਰ ਪ੍ਰਦੇਸ਼ ਦੇ ਸੰਕੋਚੀ ਬੰਦੇ ਨੂੰ ਪੰਜਾਬੀ ਸੁਭਾਅ ਦੇ ਬੰਦੇ ਨੇ ਘੁੱਟ ਕੇ ਗਲਵੱਕੜੀ ਪਾਈ ਅਤੇ ਉਸ ਦੇ ਸਹਿਜ ਵਿਚਾਰ, ਭੋਲੇ ਹਾਸੇ ਅਤੇ ਮੁਸਕ੍ਰਾਉਂਦੀਆਂ ਅੱਖਾਂ ਨੇ ਪਹਿਲੀ ਹੀ ਮੁਲਾਕਾਤ ਵਿਚ ਮੇਰੇ ਸਾਰੇ ਹਥਿਆਰ ਖੋਹ ਲਏ।" ਜਿੰਨੇ ਦਿਨ ਭਗਤ ਸਿੰਘ ਉਥੇ ਰਿਹਾ, ਉਸ ਦੇ ਗੰਭੀਰ ਸੁਭਾਅ ਪੜ੍ਹਾਕੂ ਸੁਭਾਅ ਨੇ ਅਤੇ ਉਸਦੀਆਂ ਡੂੰਘੀਆਂ ਵਿਚਾਰਵਾਨ ਗੱਲਾਂ ਨੇ ਸ਼ਿਵ ਵਰਮਾ ਨੂੰ ਕੀਲ ਲਿਆ। 1927 ਵਿਚ ਉਸ ਸਮੇਂ ਭਗਤ ਸਿੰਘ ਕੁਲ ਵੀਹ ਵਰ੍ਹਿਆਂ ਦਾ ਗੱਭਰੂ ਸੀ, ਜੋ 1926 ਵਿਚ 'ਨੌਜਵਾਨ ਭਾਰਤ ਸਭਾ' ਦਾ ਪਹਿਲਾ ਜਨਰਲ ਸਕੱਤਰ ਚੁਣਿਆ ਗਿਆ ਸੀ।

ਸ਼ਿਵ ਦੇ ਸ਼ਬਦਾਂ ਵਿਚ "ਮੈਨੂੰ ਇਕ ਵੀ ਮੌਕਾ ਯਾਦ ਨਹੀਂ ਜਦੋਂ ਮੈਂ ਉਸ ਕੋਲ ਕੋਈ ਨਾ ਕੋਈ ਕਿਤਾਬ ਨਾ ਵੇਖੀ ਹੋਵੇ।"

"ਸਾਡੇ ਅੱਜ ਦੇ ਇਨਕਲਾਬੀ ਕਾਰਕੁੰਨਾਂ ਦਾ ਕੀ ਹਾਲ ਹੈ, ਬੌਧਿਕ ਗ਼ਰੀਬੀ ਦੂਰ ਕਰਨ ਲਈ ਕੀ ਉਹ ਮੁੜ ਭਗਤ ਸਿੰਘ ਵਲ ਵੇਖਣਗੇ ?"

ਜੇਲ੍ਹ ਪ੍ਰਵਾਸ ਦੌਰਾਨ ਭਗਤ ਸਿੰਘ ਦੀ ਸ਼ਖ਼ਸੀਅਤ ਦੀ ਦ੍ਰਿੜ੍ਹਤਾ, ਪ੍ਰਪੱਕਤਾ ਅਤੇ ਸਿਧਾਂਤਕ ਦੂਰ-ਦ੍ਰਿਸ਼ਟੀ ਦੇ ਹੋਰ ਪਹਿਲੂਆਂ ਨੂੰ ਵੀ ਸ਼ਿਵ ਵਰਮਾ ਹੁਰਾਂ ਬੜੇ ਪ੍ਰਪੱਕ ਢੰਗ ਨਾਲ ਚਿੱਤਰਿਆ ਹੈ।

ਭਗਤ ਸਿੰਘ ਤੋਂ ਬਾਅਦ ਸ਼ਿਵ ਵਰਮਾ ਨੇ ਚੰਦਰਸ਼ੇਖਰ ਆਜ਼ਾਦ ਦੀ ਬਹਾਦਰੀ ਨਾਲ ਭਰਪੂਰ ਮਿਕਨਾਤੀਸੀ ਸ਼ਖ਼ਸੀਅਤ ਦਾ ਚਿੱਤਰ ਖਿੱਚਿਆ ਹੈ। ਆਜ਼ਾਦ ਦਾ ਜਨਮ ਇਕ ਬੇਹੱਦ ਗ਼ਰੀਬ ਪਰਿਵਾਰ ਵਿਚ ਹੋਇਆ ਸੀ ਅਤੇ ਬਹੁਤਾ ਪੜ੍ਹ-ਲਿਖ ਨਾ ਸਕਣ ਦੇ ਬਾਵਜੂਦ ਭਗਤ ਸਿੰਘ ਅਤੇ ਹੋਰ ਸਾਥੀਆਂ ਤੋਂ ਮਾਰਕਸਵਾਦੀ ਸਿਧਾਂਤ ਬਾਰੇ ਸੁਣ-ਸੁਣ ਕੇ ਹੀ ਆਜ਼ਾਦੀ ਦੀ ਸਾਮਰਾਜਵਾਦ ਵਿਚ ਪੂਰਨ ਆਸਥਾ ਬੱਝ ਗਈ ਸੀ। ਭਗਤ ਸਿੰਘ ਦੀ ਸ਼ਹਾਦਤ ਤੋਂ ਕਰੀਬ ਇਕ ਮਹੀਨਾ ਪਹਿਲਾਂ 27 ਫਰਵਰੀ 1931 ਨੂੰ ਇਲਾਹਾਬਾਦ ਦੇ ਅਲਫਰੇਡ ਪਾਰਕ ਵਿਚ ਜ਼ਿੰਦਗੀ ਦੇ ਪੰਝੀ ਵਰ੍ਹੇ ਪੂਰੇ ਕਰਨ ਤੋਂ ਪਹਿਲਾਂ ਹੀ ਆਜ਼ਾਦ ਆਪਣੇ ਅੰਦਾਜ਼ ਵਿਚ ਇਕ-ਦੋ ਨੂੰ ਮੁਕਾਬਲੇ ਵਿਚ ਮਾਰ ਕੇ ਸ਼ਹੀਦ ਹੋਏ।

ਭਗਤ ਸਿੰਘ ਦੇ ਨਾਲ ਹੀ ਸ਼ਹੀਦ ਹੋਏ ਸੁਖਦੇਵ ਅਤੇ ਰਾਜਗੁਰੂ ਦੀ ਸ਼ਖ਼ਸੀਅਤ ਦੇ ਕੋਮਲ ਭਾਵੀ ਰੂਪਾਂ ਦਾ ਵੀ ਸ਼ਿਵ ਵਰਮਾ ਨੇ ਬੜਾ ਦਿਲਕਸ਼ ਚਿੱਤਰ ਖਿੱਚਿਆ ਹੈ। ਮਰਾਠੀ ਰਾਜਗੁਰੂ ਦੀ ਬੇਹੱਦ ਸੌਣ ਦੀ ਆਦਤ ਦਾ, ਉਸ ਦੀ ਬੇਹੱਦ ਗ਼ਰੀਬੀ ਦੀ ਪਿੱਠਭੂਮੀ ਦਾ, ਸੁਖਦੇਵ ਦੀ ਭਗਤ ਸਿੰਘ ਨਾਲ ਬੇਹੱਦ ਨਿੱਘੀ ਦੋਸਤੀ ਅਤੇ ਉਸ ਦੋਸਤੀ ਵਿਚ ਆਉਣ ਵਾਲੀਆਂ ਤ੍ਰੇੜਾਂ ਤੇ ਸੁਖਦੇਵ ਦੇ ਕੁਝ ਸਨਕੀਪਣ ਦਾ, ਪਰ ਨਾਲ ਹੀ ਮੌਤ ਤੋਂ ਬਿਲਕੁਲ ਵੀ ਨਾ ਡਰਨ ਵਾਲਾ ਅਤੇ ਹੱਸ ਕੇ ਫਾਂਸੀ ਦਾ ਰੱਸਾ ਗਲ ਵਿਚ ਪਾਉਣ ਦੀ ਭਾਵਨਾ ਦਾ।

ਜਤਿੰਦਰਨਾਥ ਦਾਸ ਬੰਗਾਲ ਦਾ ਵਿਗਿਆਨੀ ਇਨਕਲਾਬੀ ਸੀ, ਜਿਸ ਨੇ ਇਨਕਲਾਬੀਆਂ ਨੂੰ ਬੰਬ ਬਣਾ-ਬਣਾ ਕੇ ਵੀ ਦਿੱਤੇ ਅਤੇ ਬਣਾਉਣੇ ਵੀ ਸਿਖਾਏ। ਪਰ ਸ਼ਖ਼ਸੀਅਤ ਦੀ ਅਜਿਹੀ ਦ੍ਰਿੜ੍ਹਤਾ ਕਿ ਇਕ ਵਾਰ ਜੇਲ੍ਹ ਵਿਚ ਭੁੱਖ ਹੜਤਾਲ ਸ਼ੁਰੂ ਕੀਤੀ ਤਾਂ 63 ਦਿਨਾਂ ਦੀ ਤਿਲ-ਤਿਲ ਭਰੀ ਯਾਤਨਾ ਸਹਿ ਕੇ ਆਪਣੀ ਮਰਜ਼ੀ ਨਾਲ ਸ਼ਹਾਦਤ ਹਾਸਲ ਕੀਤੀ। ਦਾਸ ਦੀ ਸ਼ਹਾਦਤ ਬਾਅਦ ਲਾਹੌਰ ਤੋਂ ਕਲਕੱਤਾ ਤਕ ਉਨ੍ਹਾਂ ਦੀ ਦੇਹ-ਦਰਸ਼ਨ ਲਈ ਜਿਨ੍ਹਾਂ ਲੱਖਾਂ ਲੋਕਾਂ ਦਾ ਇਕੱਠ ਹੋਇਆ, ਇੰਨਾ ਮਹਾਤਮਾ ਗਾਂਧੀ ਦੀ ਕਿਸੇ ਸਭਾ ਜਾਂ ਉਨ੍ਹਾਂ ਦੀ ਸ਼ਵ-ਯਾਤਰਾ 'ਤੇ ਵੀ ਨਹੀਂ ਹੋਇਆ। ਦਾਸ ਨੇ ਪੰਝੀ ਵਰ੍ਹਿਆਂ ਦੀ ਉਮਰ ਵਿਚ ਸ਼ਹਾਦਤ ਦਾ ਜਾਮ ਪੀਤਾ ਅਤੇ ਦਾਸ ਦੀ ਪ੍ਰੇਰਨਾ ਲੈ ਕੇ ਮਹਾਵੀਰ ਸਿੰਘ ਨੇ ਵੀ ਆਪਣੇ ਦੋ ਸਾਥੀਆਂ ਨਾਲ ਅੰਡੇਮਾਨ ਨਿਕੋਬਾਰ (ਕਾਲੇ ਪਾਣੀ) ਜੇਲ੍ਹ ਵਿਚ 17 ਮਈ 1933 ਨੂੰ ਭੁੱਖ ਹੜਤਾਲ ਕਰ ਕੇ ਸ਼ਹਾਦਤ ਦਾ ਜਾਮ ਪੀਤਾ। ਇਨ੍ਹਾਂ ਸੱਤ ਸ਼ਹੀਦਾਂ ਵਿਚੋਂ ਸਭ ਤੋਂ ਵੱਧ ਲੰਮੀ ਉਮਰ ਭੋਗਣ ਵਾਲੇ ਮਹਾਵੀਰ ਸਿੰਘ

ਨੇ ਵੀ ਉਮਰ ਦੇ ਤਿੰਨ ਦਹਾਕੇ ਪੂਰੇ ਨਹੀਂ ਕੀਤੇ । ਯੂ.ਪੀ. ਦੇ ਏਟਾ ਜ਼ਿਲ੍ਹੇ ਦਾ ਇਹ ਬਹਾਦਰ ਸਾਥੀ ਲਾਹੌਰ ਸਾਜ਼ਿਸ਼ ਕੇਸ ਦੀ ਅਦਾਲਤੀ ਕਾਰਵਾਈ ਨੂੰ ਢੌਂਗ ਦੱਸ ਕੇ ਉਸ ਵਿਚ ਸ਼ਾਮਲ ਹੀ ਨਹੀਂ ਹੋਇਆ ।

ਗੁਜਰਾਤ ਦਾ ਭਗਵਤੀ ਚਰਣ ਵੋਹਰਾ ਆਗਰਾ ਵਿਚ ਜੰਮਿਆ, ਪਲਿਆ । ਪਿਤਾ ਰਾਏ ਬਹਾਦਰ ਸਨ, ਘਰ-ਪਰਿਵਾਰ ਤਕੜਾ ਸੀ, ਇਸ ਲਈ ਇਨਕਲਾਬੀਆਂ ਵਿਚ ਸ਼ੱਕ-ਸੁਬਾਹ ਦਾ ਸ਼ਿਕਾਰ ਵੀ ਹੋਇਆ । ਦੁਰਗਾ ਭਾਬੀ ਦੇ ਜੀਵਨ-ਸਾਥੀ ਬੰਬ ਦੇ ਪ੍ਰੀਖਣ ਵਿਚ 28 ਮਈ 1930 ਨੂੰ ਲਾਹੌਰ ਦੇ ਰਾਵੀ ਕੰਢੇ ਤੇ ਸ਼ਹੀਦ ਹੋਏ ਅਤੇ ਫਿਰ ਦੁਰਗਾ ਭਾਬੀ ਨੇ ਆਪਣੀ ਜ਼ਿੰਦਗੀ ਇਨਕਲਾਬ ਅਤੇ ਕੌਮ ਦੇ ਲੇਖੇ ਲਾਈ । ਭਗਵਤੀ ਚਰਣ ਵਰਮਾ ਨੇ ਨੌਜਵਾਨ ਭਾਰਤ ਸਭਾ ਦਾ ਐਲਾਨਨਾਮਾ 'ਬੰਬ ਦਾ ਫ਼ਲਸਫ਼ਾ' ਵਰਗੇ ਗੰਭੀਰ ਸਿਧਾਂਤਕ ਦਸਤਾਵੇਜ਼ ਲਿਖੇ ਸਨ । ਉਹ ਅਤੇ ਭਗਤ ਸਿੰਘ ਭਾਰਤ ਦੇ ਮਾਰਕਸ ਏਂਜਲਜ਼ ਬਣਨ ਦੇ ਸਮਰੱਥ ਸਨ, ਸ਼ਾਇਦ ਇਸੇ ਲਈ ਬਰਤਾਨਵੀ ਸਾਮਰਾਜ ਉਨ੍ਹਾਂ ਨੂੰ ਜਿਉਣ ਦੀ ਆਗਿਆ ਦੇਣ ਤੋਂ ਇਨਕਾਰੀ ਸੀ ।

10 ਜਨਵਰੀ 1997 ਨੂੰ ਕਰੀਬ 91 ਵਰ੍ਹਿਆਂ ਦੀ ਉਮਰ ਵਿਚ ਸ਼ਿਵ ਵਰਮਾ ਦਾ ਦੇਹਾਂਤ ਹੋਇਆ ।

## ਅੱਖਾਂ 'ਚੋਂ ਝਲਕਦੀ ਹੈ ਇਨਕਲਾਬ ਦੀ ਲੋਅ : ਜੈਦੇਵ ਕਪੂਰ

ਉਮਰ ਹੈ ਉਨ੍ਹਾਂ ਦੀ 81 ਵਰ੍ਹਿਆਂ ਤੋਂ ਉਪਰ ਪਰ ਖਲੋਂਦੇ ਹਨ ਤਣ ਕੇ ਅਤੇ ਚਲਦੇ ਹਨ ਸਿੱਧੇ ਬਿਨਾਂ ਲਾਠੀ ਦੇ ਸਹਾਰੇ । ਰੇਲਗੱਡੀ ਦੇ ਸਾਧਾਰਣ ਡੱਬਿਆਂ ਵਿਚ ਇਕੱਲਿਆਂ ਸਫ਼ਰ ਵੀ ਕਰ ਲੈਂਦੇ ਹਨ । ਹਾਲੀਂ ਤਕ ਨਾ ਉਨ੍ਹਾਂ ਨੂੰ ਚਸ਼ਮੇ ਦੀ ਲੋੜ ਪਈ ਹੈ ਅਤੇ ਨਾ ਹੀ ਕੰਨਾਂ ਵਿਚ ਸੁਨਣ ਵਾਲਾ ਯੰਤਰ ਲਗਾਉਣ ਦੀ । ਹਾਲੀਂ ਇੰਨੇ ਕੁਦਰਤੀ ਦੰਦ ਵੀ ਹੈਨ ਕਿ ਸਾਧਾਰਨ ਰੂਪ ਵਿਚ ਖਾ ਸਕਣ । ਗੱਲਬਾਤ ਵਿਚ ਜਜ਼ਬਿਆਂ ਨਾਲ ਭਰ ਕੇ ਬੋਲਦੇ ਹਨ ਅਤੇ ਬੜੇ ਧੀਰਜ ਨਾਲ ਦੂਜੇ ਦੀ ਗੱਲ ਸੁਣਦੇ ਹਨ । ਅਨੇਕਾਂ ਉੱਘੇ ਵਿਅਕਤੀਆਂ ਵਿਚ ਬੁਢਾਪੇ ਵਿਚ ਪੈਦਾ ਹੋ ਜਾਂਦੀ ਸ੍ਵੈ-ਕੇਂਦ੍ਰਿਤਾ ਦਾ ਉਨ੍ਹਾਂ ਵਿਚ ਕਿਧਰੇ ਨਾਂ-ਨਿਸ਼ਾਨ ਵੀ ਨਹੀਂ ਉਨ੍ਹਾਂ ਦੀ ਸ਼ਖ਼ਸੀਅਤ ਵਿਚ । ਉਨ੍ਹਾਂ ਦੀ ਨਿਗਾਹ ਨਿੱਘ ਅਤੇ ਮੋਹ ਨਾਲ ਭਰਪੂਰ ਹੈ, ਨਾਲ ਹੀ ਨਿਗਾਹ ਵਿਚ ਉਸ ਇਨਕਲਾਬੀ ਸੁਪਨੇ ਦੀ ਲੋਅ ਵੀ ਝਲਕਦੀ ਹੈ ਜੋ ਉਨ੍ਹਾਂ ਆਪਣੇ ਸਾਥੀ ਸ਼ਹੀਦ ਭਗਤ ਸਿੰਘ ਨਾਲ ਮਿਲ ਕੇ ਦੇਖਿਆ ਸੀ ਪਰ ਇਸ ਲੌਅ ਦੀ ਝਲਕ ਵਿਚ 1947 ਵਿਚ ਇਸ ਸੁਪਨੇ ਦੇ ਟੁੱਟ ਜਾਣ ਦੀ ਉਦਾਸੀ ਵੀ ਸ਼ਾਮਲ ਹੈ ਅਤੇ ਜ਼ਿੰਦਗੀ ਵਿਚ ਇਸ ਸੁਪਨੇ ਦੇ ਫਲਣ ਦੀ ਉਮੀਦ ਵੀ ਕੋਈ ਨਹੀਂ ਹੈ । ਬਾਵਜੂਦ ਇਸ ਦੇ ਉਹ ਨਿਰਾਸ਼ਾਵਾਦੀ ਨਹੀਂ ਹਨ ।

ਇਸ ਸ਼ਖ਼ਸੀਅਤ ਦਾ ਨਾਂ ਹੈ ਜੈਦੇਵ ਕਪੂਰ, ਜਿਨ੍ਹਾਂ ਨੂੰ 'ਲਾਹੌਰ ਸਾਜ਼ਸ਼ ਕੇਸ' ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ । ਇਹ ਸਾਜ਼ਸ਼ ਕੇਸ ਬਰਤਾਨਵੀ ਬਸਤੀਵਾਦੀਆਂ ਨੇ ਭਾਰਤ ਦੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਜਵਾਨੀ 'ਤੇ ਥੋਪਿਆ ਸੀ ਅਤੇ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ 23 ਮਾਰਚ 1931 ਨੂੰ ਫਾਂਸੀ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਸੀ । ਸ਼ਿਵ ਵਰਮਾ, ਜੈਦੇਵ ਕਪੂਰ, ਡਾ. ਗਿਆਪ੍ਰਸਾਦ, ਵਿਜੈ ਕੁਮਾਰ ਸਿਨਹਾ, ਪੰਡਿਤ ਕਿਸ਼ੋਰੀ ਲਾਲ, ਮਹਾਵੀਰ ਸਿੰਘ ਆਦਿ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ । 17 ਸਾਲ ਬਰਤਾਨਵੀ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਜਿਨ੍ਹਾਂ ਵਿਚ ਕਾਲੇ ਪਾਣੀ ਦੀ ਬਦਨਾਮ ਜੇਲ੍ਹ ਵੀ ਸ਼ਾਮਲ ਸੀ, ਬਿਤਾ ਕੇ ਇਨ੍ਹਾਂ ਮੁੱਛ-ਫੁੱਟ ਗੱਭਰੂਆਂ ਨੂੰ 1946 ਵਿਚ ਅੰਤਰਿਮ ਸਰਕਾਰ ਦੀ ਸਥਾਪਨਾ ਬਾਅਦ ਹੀ ਰਿਹਾਅ ਕੀਤਾ ਗਿਆ ਸੀ, ਉਦੋਂ ਤਕ ਉਹ ਉਮਰ ਦਾ ਅੱਧਾ ਸਫ਼ਰ ਲੰਘਾ ਚੁੱਕੇ ਸਨ ।

ਜੈਦੇਵ ਕਪੂਰ ਦਾ ਜਨਮ ਇਕ ਪੰਜਾਬੀ ਪਰਿਵਾਰ ਵਿਚ 1908 ਵਿਚ ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ਦੇ ਇਕ ਕਸਬੇ ਵਿਚ ਹੋਇਆ । ਉਨ੍ਹਾਂ ਦੇ ਦਾਦਾ ਸਰਕਾਰੀ ਨੌਕਰੀ ਵਿਚ ਹੋਣ ਕਰ ਕੇ ਅੰਮ੍ਰਿਤਸਰ ਤੋਂ ਯੂ.ਪੀ. ਚਲੇ ਗਏ ਸਨ । ਜੈਦੇਵ ਦੇ ਪਿਤਾ ਵੀ ਰੇਲਵੇ ਵਿਚ ਨੌਕਰੀ ਕਰਦੇ ਸਨ ਅਤੇ ਉਹ ਆਪਣੇ ਮਾਤਾ-ਪਿਤਾ ਦੀ ਇਕਲੌਤੀ ਸੰਤਾਨ ਸਨ ।

ਮੈਟ੍ਰਿਕ ਮਗਰੋਂ ਜੈਦੇਵ ਬੀ.ਐਸ.ਸੀ. ਦੀ ਅਗਲੇਰੀ ਪੜ੍ਹਾਈ ਲਈ ਕਾਨ੍ਹਪੁਰ ਆ ਗਏ । ਉਨ੍ਹਾਂ ਦੇ ਇਲਾਕੇ ਵਿਚ ਕਾਕੋਰੀ ਕੇਸ ਦੇ ਸ਼ਹੀਦਾਂ ਰਾਮਪ੍ਰਸਾਦ ਬਿਸਮਿਲ, ਅਸ਼ਫ਼ਾਕੁੱਲਾ ਖਾਨ, ਰੌਸ਼ਨ ਸਿੰਘ ਅਤੇ ਰਾਜਿੰਦਰ ਨਾਥ ਲਹਿਰੀ ਤੋਂ ਉਹ ਡੂੰਘੇ ਪ੍ਰਭਾਵਤ ਹੋਏ । ਆਪਣੇ ਵਿਦਿਆਰਥੀ ਜੀਵਨ ਵਿਚ ਹੀ ਜੈਦੇਵ ਇਨਕਲਾਬੀਆਂ ਦੇ ਸੰਪਰਕ ਵਿਚ ਆ ਗਏ ਸਨ ਅਤੇ ਉਨ੍ਹਾਂ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਨਾਲ ਆਪਣਾ ਸੰਬੰਧ ਜੋੜਿਆ ।

ਜੈਦੇਵ ਕਪੂਰ ਨੂੰ 1926 ਵਿਚ ਭਗਤ ਸਿੰਘ ਨਾਲ ਹੋਈ ਆਪਣੀ ਪਹਿਲੀ ਮੁਲਾਕਾਤ ਦੀ ਯਾਦ ਬਿਲਕੁਲ ਤਾਜ਼ਾ ਹੈ । ਦਿੱਲੀ ਦੇ ਇਕ ਕੰਟੈਕਟ ਦੇ ਰੈਫ਼ਰੈਂਸ ਨਾਲ ਭਗਤ ਸਿੰਘ ਕਾਨ੍ਹਪੁਰ ਵਿਚ ਜੈਦੇਵ ਨੂੰ ਮਿਲਿਆ ਅਤੇ ਕਈ ਦਿਨ ਉਸ ਕੋਲ ਰਿਹਾ । ਭਗਤ ਸਿੰਘ ਉਨ੍ਹਾਂ ਦਿਨਾਂ ਵਿਚ ਬਲਵੰਤ ਸਿੰਘ ਦੇ ਨਾਂ ਨਾਲ ਘੁੰਮਦਾ ਸੀ ਅਤੇ ਇਸੇ ਨਾਂ ਹੇਠ ਸੋਹਣ ਸਿੰਘ ਜੋਸ਼ ਰਾਹੀਂ ਸੰਪਾਦਤ 'ਕਿਰਤੀ' ਅਤੇ ਗਣੇਸ਼ ਸ਼ੰਕਰ ਵਿਦਿਆਰਥੀ ਰਾਹੀਂ ਸੰਪਾਦਤ ਹਿੰਦੀ 'ਪ੍ਰਤਾਪ' ਵਿਚ ਉਸ ਦੇ ਬਹੁਤ ਸਾਰੇ ਲੇਖ ਵੀ ਛਪੇ ।

8 ਅਪ੍ਰੈਲ 1929 ਨੂੰ ਦਿੱਲੀ ਅਸੈਂਬਲੀ ਵਿਚ ਭਗਤ ਸਿੰਘ ਅਤੇ ਬਟੂਕੇਸ਼ਵਰ ਦੱਤ ਨੇ ਜੋ ਬੰਬ ਸੁੱਟਿਆ, ਉਸ ਲਈ ਪਹਿਲਾਂ ਜੈਦੇਵ ਕਪੂਰ ਤੇ ਸ਼ਿਵ ਵਰਮਾ ਦੀ ਡਿਊਟੀ ਲੱਗੀ ਸੀ ਪਰ ਸੁਖਦੇਵ, ਜੋ ਨਿੱਜੀ ਤੌਰ 'ਤੇ ਭਗਤ ਸਿੰਘ ਦੇ ਨੇੜੇ ਸੀ, ਨੇ ਭਗਤ ਸਿੰਘ ਨੂੰ ਕਾਇਰ ਹੋਣ ਦਾ ਤਾਅਨਾ ਦਿੱਤਾ ਤੇ ਭਗਤ ਸਿੰਘ ਨੇ ਪਾਰਟੀ ਦੀ ਮੀਟਿੰਗ ਦੁਬਾਰਾ ਬੁਲਵਾ ਕੇ ਆਪਣੇ ਤੇ ਦੱਤ ਦੇ ਬੰਬ ਸੁੱਟਣ ਜਾਣ ਦਾ ਫ਼ੈਸਲਾ ਕਰਵਾਇਆ । ਪਰ ਅਸੈਂਬਲੀ ਅੰਦਰ ਪਾਸ ਨਾਲ ਅਤੇ ਬਗੈਰ ਪਾਸ ਦਾਖ਼ਲ ਹੋਣ ਲਈ ਜੈਦੇਵ ਨੇ ਇਕ ਨਿਗਰਾਨ ਅਫ਼ਸਰ ਨਾਲ ਦੋਸਤੀ ਗੰਢ ਲਈ । ਇਹ ਅਫ਼ਸਰ ਕਵਿਤਾ ਦਾ ਸ਼ੌਕੀਨ ਸੀ ਤੇ ਜੈਦੇਵ ਉਸ ਲਈ ਚੰਗੀ ਕੰਪਨੀ ਸਾਬਤ ਹੋਇਆ । ਉਸ ਨੇ ਚੌਕੀਦਾਰਾਂ ਨੂੰ ਜੈਦੇਵ ਤੇ ਉਸ

ਦੇ ਸਾਥੀਆਂ ਨੂੰ ਬਿਨਾਂ ਰੋਕ-ਟੋਕ ਅਸੈਂਬਲੀ ਅੰਦਰ ਆਉਣ ਲਈ ਕਹਿ ਦਿੱਤਾ। ਇਕ ਵੇਰਾਂ ਅਸੈਂਬਲੀ ਅੰਦਰ ਦਰਸ਼ਕ ਗੈਲਰੀ ਵਿਚ ਭਗਤ ਸਿੰਘ ਅਤੇ ਜੈਦੇਵ ਨੂੰ ਦੇਖ ਕੇ ਪੰਜਾਬ ਤੋਂ ਮੈਂਬਰ ਡਾ. ਸਤਿਆਪਾਲ ਘਬਰਾ ਗਏ ਕਿਉਂਕਿ ਭਗਤ ਸਿੰਘ ਸਾਂਡਰਸ ਕਤਲ ਕੇਸ ਵਿਚ ਫ਼ਰਾਰ ਸੀ। ਬਾਅਦ ਵਿਚ ਉਨ੍ਹਾਂ ਭਗਤ ਸਿੰਘ ਤੇ ਜੈਦੇਵ ਨੂੰ ਢੰਗ ਨਾਲ ਮਿਲ ਕੇ ਆਰਥਿਕ ਸਹਾਇਤਾ ਦਿੱਤੀ।

ਅਸੈਂਬਲੀ ਵਿਚ ਬੰਬ ਸੁੱਟੇ ਜਾਣ ਤੋਂ ਪਹਿਲਾਂ ਭਗਤ ਸਿੰਘ ਆਪਣੇ ਨਵੇਂ ਜੋੜੇ ਅਤੇ ਵੈਸਟਨ ਪਾਕਟ ਘੜੀ ਜੈਦੇਵ ਨੂੰ ਦੇ ਗਏ। ਇਹ ਜੋੜੇ ਪਾਰਟੀ ਨੇ ਉਨ੍ਹਾਂ ਨੂੰ ਸਾਂਡਰਸ ਦੇ ਕਤਲ ਮਗਰੋਂ ਲਾਹੌਰ ਵਿਚੋਂ ਸਾਹਿਬ ਬਣਾ ਕੇ ਕੱਢਣ ਲਈ ਖ਼ਰੀਦੇ ਸਨ। ਭਗਤ ਸਿੰਘ ਨੇ ਬੰਬ ਸੁੱਟਣ ਬਾਅਦ ਗ੍ਰਿਫ਼ਤਾਰ ਹੋਣਾ ਸੀ, ਸੋ 'ਜੈਦੇਵ ਕੋਲ ਚੰਗੇ ਜੋੜੇ ਨਾ ਹੋਣ ਕਰ ਕੇ' ਉਨ੍ਹਾਂ ਨੂੰ ਦੇ ਗਏ।

1929 ਵਿਚ ਜੈਦੇਵ ਕਪੂਰ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੂੰ ਤੋੜਨ ਲਈ ਬਰਤਾਨਵੀ ਅਧਿਕਾਰੀਆਂ ਨੇ ਘਟੀਆ ਤਰੀਕੇ ਵਰਤੇ। ਮਾਂ-ਬਾਪ ਦਾ ਇਕਲੌਤਾ ਪੁੱਤਰ ਹੋਣ ਕਰ ਕੇ ਅਧਿਕਾਰੀਆਂ ਨੇ ਹਰਦੋਈ ਤੋਂ ਉਨ੍ਹਾਂ ਦੇ ਮਾਂ-ਬਾਪ ਨੂੰ ਲਿਆ ਕੇ ਜੈਦੇਵ ਨੂੰ ਸਰਕਾਰੀ ਗਵਾਹ ਬਣਾਉਣ ਲਈ ਦਬਾਅ ਪਾਉਣਾ ਚਾਹਿਆ। ਪਰ ਜੈਦੇਵ ਦੇ ਮਾਂ-ਬਾਪ ਵੀ ਮਹਾਨ ਸਨ। ਜੇਲ੍ਹ ਵਿਚ ਜੈਦੇਵ ਨਾਲ ਮੁਲਾਕਾਤ ਤੇ ਬਰਤਾਨਵੀ ਅਧਿਕਾਰੀ ਦੇ ਮਾਂ-ਬਾਪ ਨੂੰ ਜੈਦੇਵ ਨੂੰ 'ਕਹਿਣ' ਲਈ ਇਸ਼ਾਰਾ ਕਰਨ 'ਤੇ ਜੈਦੇਵ ਦੇ ਪਿਤਾ ਨੇ ਖਿਝ ਕੇ ਕਿਹਾ, "ਮੈਂ ਇਸ ਨੂੰ ਚੰਗੀ ਉਚੇਰੀ ਸਿੱਖਿਆ ਹਾਸਲ ਕਰਵਾਈ ਹੈ। ਹੁਣ ਇਸ ਨੇ ਜ਼ਿੰਦਗੀ ਵਿਚ ਆਪਣਾ ਰਾਹ ਆਪ ਤੈਅ ਕਰਨਾ ਹੈ। ਮੈਂ ਹੋਰ ਕੀ ਕਹਿ ਸਕਦਾ ਹਾਂ?" ਅਤੇ ਜੈਦੇਵ ਦੇ ਪਿਤਾ ਦੇ ਹਰਦੋਈ ਪਹੁੰਚਣ ਤੋਂ ਪਹਿਲੋਂ ਹੀ ਰੇਲਵੇ ਵਿਚੋਂ ਉਨ੍ਹਾਂ ਦੀ ਬਰਖ਼ਾਸਤਗੀ ਦੇ ਹੁਕਮ ਪਹੁੰਚ ਗਏ ਸਨ, ਕਿਉਂਕਿ "ਉਹ ਇਕ ਖ਼ਤਰਨਾਕ ਇਨਕਲਾਬੀ ਦੇ ਪਿਤਾ ਸਨ।"

ਜੈਦੇਵ ਦੇ ਪਰਿਵਾਰ ਨੇ ਜੋ ਬਾਹਰ ਤਕਲੀਫ਼ਾਂ ਝੱਲੀਆਂ ਤਾਂ ਜੈਦੇਵ ਨੂੰ ਜੇਲ੍ਹ ਵਿਚ ਤਕਲੀਫ਼ਾਂ ਝੱਲਣੀਆਂ ਪਈਆਂ। ਉਨ੍ਹਾਂ ਨੂੰ ਕਈ ਜੇਲ੍ਹਾਂ ਵਿਚ ਰੱਖਿਆ ਗਿਆ। ਜਿਸ ਦਿਨ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਦਿੱਤੀ ਗਈ, ਉਸ ਦਿਨ ਉਹ ਧੁਰ ਦੱਖਣ ਦੀ ਜੇਲ੍ਹ ਤ੍ਰਿਚਨਾਪੱਲੀ ਵਿਚ ਸਨ। ਅੰਡੇਮਾਨ-ਨਿਕੋਬਾਰ ਦੀ 'ਕਾਲੇ ਪਾਣੀ' ਨਾਂ ਨਾਲ ਜਾਣੀ ਜਾਂਦੀ ਸੈਲੂਲਰ ਜੇਲ੍ਹ ਵਿਚ ਉਹ ਪੰਜ ਸਾਲ ਸੀਖਾਂ ਪਿੱਛੇ ਬੰਦ ਰਹੇ ਜਦਕਿ ਉਥੇ ਜ਼ਿਆਦਾਤਰ ਕੈਦੀ ਖੁੱਲ੍ਹੇ ਰੱਖੇ ਜਾਂਦੇ ਸਨ ਤੇ ਉਨ੍ਹਾਂ ਨੂੰ ਕੰਮ ਬਦਲੇ ਮਿਹਨਤਾਨਾ ਵੀ ਦਿੱਤਾ ਜਾਂਦਾ ਸੀ। ਰਾਜਾਮੁੰਦਰੀ ਜੇਲ੍ਹ ਵਿਚ ਉਨ੍ਹਾਂ ਦੀ ਸਖ਼ਤ ਪ੍ਰੀਖਿਆ ਹੋਈ। ਇਥੇ ਉਨ੍ਹਾਂ ਨੂੰ ਤੀਹ ਬੈਂਤਾਂ ਦੀ ਸਜ਼ਾ ਮਿਲੀ, ਪਰ ਇਨਕਲਾਬੀ ਸਪਿਰਟ ਦੇ ਸਹਾਰੇ ਉਨ੍ਹਾਂ ਹਸਪਤਾਲ ਜਾਣ ਦੀ ਪ੍ਰਾਰਥਨਾ ਨੂੰ ਠੁਕਰਾ ਦਿੱਤਾ।

'ਆਜ਼ਾਦ' ਭਾਰਤ ਅੰਦਰ ਵੀ ਜੈਦੇਵ ਨੂੰ ਕਈ ਵਾਰ ਜੇਲ੍ਹ ਜਾਣ ਦਾ ਮਾਣ ਮਿਲਿਆ। ਜੈਦੇਵ ਕਪੂਰ 1964 ਤਕ ਕਮਿਉਨਿਸਟ ਪਾਰਟੀ ਵਿਚ ਰਹੇ। ਜਦ ਪਾਰਟੀ ਵਿਚ ਫੁੱਟ ਪੈ ਗਈ ਤਾਂ ਉਹ ਇਹ ਕਹਿ ਕੇ "ਮੈਨੂੰ ਨਹੀਂ ਪਤਾ ਕਿ ਕੌਣ ਠੀਕ ਹੈ ਤੇ ਕੌਣ ਗ਼ਲਤ" ਕਿਸੇ ਵੀ ਧੜੇ ਵਿਚ ਨਾ ਰਹੇ।

ਆਪਣੇ ਇਲਾਕੇ ਵਿਚ ਜੈਦੇਵ ਕਪੂਰ ਦਾ ਬੜਾ ਰਸੂਖ਼ ਹੈ, ਪਰ ਉਨ੍ਹਾਂ ਨੂੰ ਬੜਾ ਦੁੱਖ ਹੈ ਕਿ ਨੌਜਵਾਨ ਪੀੜ੍ਹੀ ਦੇਸ਼ ਦੇ ਸ਼ਹੀਦਾਂ ਨੂੰ ਭੁੱਲਦੀ ਜਾ ਰਹੀ ਹੈ, ਭਾਵੇਂ ਕਿ ਇਸ ਲਈ ਉਹ ਸਰਕਾਰ ਤੇ ਵਿਦਿਆ ਪ੍ਰਣਾਲੀ ਨੂੰ ਜ਼ਿੰਮੇਦਾਰ ਮੰਨਦੇ ਹਨ, ਜੋ ਨੌਜਵਾਨਾਂ ਤੋਂ ਇਨਕਲਾਬੀਆਂ ਦੇ ਵਿਚਾਰ ਲੁਕੋ ਕੇ ਰੱਖਦੇ ਹਨ। ਇਕ ਵੇਰਾਂ ਹਿਮਾਚਲ ਪ੍ਰਦੇਸ਼ ਦੇ ਉਦੋਂ ਦੇ ਮੁੱਖ ਮੰਤਰੀ ਸ਼ਾਂਤਾ ਕੁਮਾਰ ਨੇ ਉਨ੍ਹਾਂ ਨੂੰ ਸ਼ਹੀਦ ਜਤਿਨ ਦਾਸ ਦਾ ਚਿੱਤਰ ਭੇਟ ਕੀਤਾ। ਘਰ ਮੁੜਨ 'ਤੇ ਉਨ੍ਹਾਂ ਦੇ ਪੁੱਤਰ ਨੇ ਪੁੱਛਿਆ, "ਇਹ ਕੌਣ ਹਨ, ਪਿਤਾ ਜੀ?" ਤੇ ਬਜ਼ੁਰਗ ਇਨਕਲਾਬੀ ਦੀਆਂ ਅੱਖਾਂ ਵਿਚ ਦੁੱਖ ਦੇ ਹੰਝੂ ਵਹਿ ਤੁਰੇ।

*(23 ਮਈ 1989 ਨੂੰ 'ਪੰਜਾਬੀ ਟ੍ਰਿਬਿਊਨ ਵਿਚ ਛਪਿਆ)*

ਨੋਟ: ਜੈਦੇਵ ਕਪੂਰ 9 ਸਤੰਬਰ 1989 ਨੂੰ ਪਹਿਲੇ ਪਾਸ਼ ਯਾਦਗਾਰੀ ਪ੍ਰੋਗਰਾਮ ਵਿਚ ਹਿੱਸਾ ਲੈਣ ਦੇਸ਼ਭਗਤ ਯਾਦਗਾਰ ਹਾਲ, ਜਲੰਧਰ ਪਹੁੰਚੇ ਸਨ ਅਤੇ ਉਥੇ ਉਨ੍ਹਾਂ ਪ੍ਰਿੰ. ਸੁਜਾਨ ਸਿੰਘ ਅਤੇ ਹਿੰਦੀ ਕਵੀ ਬਾਬਾ ਨਾਗਾਰਜੁਨ ਸਹਿਤ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ ਸੀ। ਉਥੇ ਤਿੰਨਾਂ ਬਜ਼ੁਰਗਾਂ ਨੇ ਪਾਸ਼ ਦੀ ਯਾਦ ਵਿਚ ਪੌਦੇ ਵੀ ਲਾਏ ਸਨ।

ਜੈਦੇਵ ਕਪੂਰ ਦਾ ਹਰਦੋਈ ਵਿਖੇ 19 ਸਤੰਬਰ 1994 ਨੂੰ 86 ਵਰ੍ਹਿਆਂ ਦੀ ਉਮਰ ਵਿਚ ਦੇਹਾਂਤ ਹੋਇਆ।

**ਮੁਲਾਕਾਤ/ਦੁਰਗਾ ਭਾਬੀ**

## ਭਗਤ ਸਿੰਘ ਮੈਨੂੰ ਸਕੇ ਭਰਾ ਅਤੇ ਸਕੇ ਬੇਟੇ ਤੋਂ ਵੀ ਵੱਧ ਪਿਆਰਾ ਸੀ

**ਪ੍ਰ:** ਆਪ ਹਮੇਂ ਯੇਹ ਬਤਾਏਂ ਕਿ ਆਪਕਾ ਜਨਮ ਕਹਾਂ ਹੂਆ? ਕਹਾਂ ਪਰ ਸਿਖਸ਼ਾ ਪ੍ਰਾਪਤ ਕੀ ਔਰ ਜੀਵਨ ਕੇ ਕੁਛ ਅਹਿਮ ਹਾਲ ਬਤਾਏਂ?

ਉ: ਮੇਰਾ ਜਨਮ ਸਾਤ ਅਕਤੂਬਰ 1907 ਕੋ ਇਲਾਹਾਬਾਦ ਮੇਂ ਹੂਆ। ਮੇਰੇ ਪਿਤਾ ਸਰਕਾਰੀ ਨੌਕਰ ਥੇ ਔਰ ਇਲਾਹਾਬਾਦ ਜ਼ਿਲ੍ਹੇ ਮੇਂ ਹੀ ਏਕ ਸ਼ਾਹਜ਼ਾਦਪੁਰ ਨਗਰ ਹੈ, ਜਹਾਂ ਹਮਾਰੀ ਜ਼ਿਮੀਂਦਾਰੀ ਥੀ। ਬਚਪਨ ਮੇਂ ਮੁਝੇ ਕਿਸੀ

ਮਿਸ਼ਨ ਸਕੂਲ ਮੇਂ ਦਾਖਲ ਕਰਵਾਯਾ ਗਿਆ ਲੇਕਿਨ ਕਿਸੀ ਵਜਹ ਸੇ ਮੇਰੀ ਸ਼ਿਕਸ਼ਾ ਅਧਿਕ ਦਿਨ ਨਾ ਚਲ ਸਕੀ ਔਰ ਹਮ ਲੋਗੋਂ ਕੋ ਗਾਂਵ ਜਾਨਾ ਪੜਾ। ਉਸਕੇ ਬਾਅਦ ਛੋਟੀ ਉਮਰ ਮੇਂ ਹੀ ਮੇਰੀ ਸ਼ਾਦੀ ਹੋ ਗਈ ਥੀ। ਜਿਸ ਸਮਯ ਹਮਾਰੀ ਸ਼ਾਦੀ ਹੂਈ, ਉਸ ਸਮਯ ਮੇਰੀ ਉਮਰ, ਸਾਢੇ ਗਿਆਰਾਂ ਸਾਲ ਕੀ ਥੀ। ਮੇਰੀ ਸ਼ਿਕਸ਼ਾ ਵਗੈਰਾ ਤੋ ਬਸ ਇਤਨੀ ਥੀ ਕਿ ਮੈਂ ਥੋੜਾ-ਬਹੁਤ ਹਿੰਦੀ ਵਗੈਰਾ ਪੜ੍ਹ ਲੇਤੀ ਥੀ। ਉਸ ਜ਼ਮਾਨੇ ਮੇਂ ਮਹਾਂਭਾਰਤ ਵ ਰਾਮਾਇਣ ਬਹੁਤ ਚਲਤੀ ਥੀ।

ਪ੍ਰ: ਤੋ ਆਪਕੀ ਸ਼ਾਦੀ ਭਗਵਤੀ ਚਰਨ ਵੋਹਰਾ ਸੇ ਹੂਈ ?

ਉ: ਜੀ ਹਾਂ।

ਪ੍ਰ: ਵਹ ਉਸ ਵਕਤ ਲਾਹੌਰ ਮੇਂ ਰਹਤੇ ਥੇ ?

ਉ: ਜੀ ਹਾਂ, ਉਸ ਵਕਤ ਵਹ ਲਾਹੌਰ ਰਹਤੇ ਥੇ। ਉਨਕੇ ਪਿਤਾ ਰੇਲਵੇ ਮੇਂ ਕਿਸੀ ਊਂਚੀ ਪੋਸਟ ਪਰ ਥੇ।

ਪ੍ਰ: ਭਗਵਤੀ ਚਰਨ ਕਿਆ ਕਰਤੇ ਥੇ ?

ਉ: ਯਹ ਤੋ ਪੜ੍ਹਤੇ ਥੇ ਉਸ ਜ਼ਮਾਨੇ ਮੇਂ। ਜਬ ਸ਼ਾਦੀ ਹੂਈ ਤੋਂ ਵੋਹ ਪੜ੍ਹਤੇ ਥੇ ਔਰ ਉਸ ਸਾਲ ਉਨ੍ਹੋਂ ਨੇ ਹਾਈ ਸਕੂਲ ਕੀ ਪ੍ਰੀਕਸ਼ਾ ਦੀ ਥੀ।

ਪ੍ਰ: ਆਪ ਭਗਤ ਸਿੰਘ ਕੋ ਕੈਸੇ ਜਾਨਤੀ ਹੈਂ ? ਉਨਕੇ ਸਾਥ ਕੈਸੇ ਸੰਪਰਕ ਮੇਂ ਆਈ ?

ਉ: ਭਗਤ ਸਿੰਘ ਕਾ ਹਮਾਰੇ ਸਾਥ ਆਨਾ ਜਾਨਾ ਥਾ ਔਰ ਕਾਲਿਜ ਭੀ ਛੋੜਾ ਥਾ ਉਸਨੇ। ਔਰ ਜਿਤਨੇ ਕਾਲਿਜ ਛੋੜੇ ਹੂਏ ਥੇ, ਉਨਕੀ ਤੋ ਗੋਸ਼ਟੀ ਹੀ ਹਮਾਰੇ ਘਰ ਪਰ ਹੋਤੀ ਥੀ। ਤੋ ਇਸ ਸੇ ਹਮਾਰਾ ਏਕ ਦੂਸਰੇ ਸੇ ਸੰਪਰਕ ਥਾ। ਤੋ ਇਸ ਤਰਹ ਹਮਨੇ ਉਸੇ (ਕ੍ਰਾਂਤੀਕਾਰੀ ਅੰਦੋਲਨ) ਸੰਗਠਿਤ ਕਰਨਾ ਸ਼ੁਰੂ ਕੀਆ। ਓਪਨ ਪਲੇਟਫਾਰਮ ਤੋ ਹਮਾਰੇ ਪਾਸ ਕੋਈ ਹੋਤਾ ਨਹੀਂ ਥਾ, ਕਯੋਂਕਿ ਹਮੇਂ ਛਿਪੇ-ਛਿਪੇ ਕਾਮ ਕਰਨਾ ਹੋਤਾ ਥਾ ਤੋ ਇਸ ਲੀਏ ਹਮਨੇ 'ਨੌਜਵਾਨ ਭਾਰਤ ਸਭਾ' ਔਰਗੇਨਾਈਜ਼ ਕੀਆ, ਕੁਛ ਨਾਟਕ-ਮੰਡਲੀਆਂ ਬਨਾਈਂ।

ਪ੍ਰ: ਭਗਤ ਸਿੰਘ ਮੁਤਾਬਿਕ ਆਪਕੇ ਕਯਾ ਖ਼ਿਆਲ ਹੈਂ ? ਵੋਹ ਕੈਸੇ ਥੇ ਮੇਰਾ ਭਾਵ ਉਨਕੇ ਸੰਬੰਧ ਮੇਂ ਆਪ ਕੇ ਕਿਆ ਵਿਚਾਰ ਹੈਂ ?

ਉ: ਭਗਤ ਸਿੰਘ ਕੇ ਮੁਤਲਿਕ ਤੋ ਮੈਂ ਆਪਕੋ ਕਿਆ ਖ਼ਿਆਲ ਬਤਾਊਂ, ਸ਼ਾਇਦ ਮੇਰਾ ਸਗਾ ਭਾਈ ਯਾ ਸਗਾ ਬੇਟਾ ਹੋਤਾ ਤੋ ਉਤਨਾ ਪਿਆਰਾ ਨਾ ਹੋਤਾ। ਭਗਤ ਸਿੰਘ ਕੇ ਪਰਿਵਾਰ ਸੇ ਮੇਰਾ ਬੰਧਨ ਥਾ। ਸਰਦਾਰ ਕਿਸ਼ਨ ਸਿੰਘ ਹਮਕੋ ਲੜਕੀ ਕੀ ਤਰਹ ਮਾਨਤੇ ਥੇ। ਅਭੀ ਭਗਤ ਸਿੰਘ ਕੀ ਮਾਤਾ ਕੀ ਮ੍ਰਿਤਯੂ ਹੂਈ ਹੈ, ਉਸਕੇ ਏਕ ਸਾਲ ਪਹਿਲੇ ਵਹ ਯਹਾਂ ਆਈ ਥੀ ਤੋ ਵੇਟਿੰਗ ਰੂਮ ਮੇਂ ਠਹਿਰੀ ਥੀ, ਉਨਕੋ ਪਟਨਾ ਜਾਨਾ ਥਾ ਤੋ ਉਨ੍ਹੋਂ ਨੇ ਮੁਝੇ ਫੋਨ ਕਰਵਾਯਾ ਤੋ ਮੈਂ ਉਨਸੇ ਮਿਲਨੇ ਗਈ। ਇਤਨੀ ਤੜਫ-ਤੜਫ ਕੇ ਰੋਈ ਕਿ ਮੈਂ ਆਪਕੋ ਬਤਾ ਨਹੀਂ ਸਕਤੀ। ਉਨਕੀ ਮ੍ਰਿਤਯੂ ਪਰ ਮੈਂ ਆਂਖੋਂ ਕੀ ਵਜਹ ਸੇ ਜਾ ਨਹੀਂ ਸਕੀ, ਲੇਕਿਨ ਪੂਰੇ ਪਰਿਵਾਰ ਕੇ ਲੀਏ ਮੇਰੇ ਦਿਲ ਮੇਂ ਬਹੁਤ ਸ਼ਰਧਾ ਹੈ।

ਪ੍ਰ: ਜਬ ਸਾਂਡਰਸ ਕੋ ਮਾਰਾ ਗਯਾ ਤੋ ਆਪਕੋ ਇਸ ਬਾਤ ਕਾ ਪਤਾ ਥਾ ਕਿ ਨਹੀਂ ?

ਉ: ਕੁਛ ਹੋਨੇ ਵਾਲਾ ਹੈ, ਯੇਹ ਤੋ ਪਤਾ ਥਾ ਲੇਕਿਨ ਕਯਾ ਹੋਨੇ ਵਾਲਾ ਹੈ, ਇਸਕਾ ਮੁਝੇ ਪਤਾ ਨਹੀਂ ਥਾ।

ਪ੍ਰ: ਔਰ ਕਿਸਨੇ ਕਰਨਾ ਹੈ, ਯੇਹ ਭੀ ਪਤਾ ਥਾ ?

ਉ: ਨਹੀਂ, ਯੇਹ ਭੀ ਪਤਾ ਨਹੀਂ ਥਾ। ਐਸਾ ਥਾ ਕਿ ਜਬ 'ਮੇਰਠ ਕਾਂਸਪੀਰੇਸੀ ਕੇਸ' ਚਲ ਰਹਾ ਥਾ, ਸ਼ਾਇਦ ਆਪਕੋ ਯਾਦ ਹੋਗਾ ਕਿ ਇੰਟਰਨੈਸ਼ਨਲ ਕਮਿਊਨਿਸਟ ਆਰਗੇਨਾਈਜ਼ੇਸ਼ਨ ਕਾ ਥਾ, ਤੋਂ ਉਸਮੇਂ ਮੇਰੇ ਪਤੀ ਕੇ ਭੀ ਵਾਰੰਟ ਥੇ। ਪਰ ਸ਼ੱਕ ਹੋ ਗਯਾ ਕਿ ਐਸਾ ਹੋ ਸਕਤਾ ਹੈ ਤੋ ਵੋਹ ਘਰ ਛੋੜਕਰ ਫ਼ਰਾਰ ਹੋ ਗਏ। ਤੋ ਵਹ ਕਲਕੱਤੇ ਚਲੇ ਗਏ ਔਰ ਵਹੀਂ ਰਹਤੇ ਥੇ, ਔਰ ਮੈਂ ਲਾਹੌਰ ਮੇਂ ਰਹਤੀ ਥੀ ਯਾਨਿ ਜਿਸ ਵਕਤ ਆਜ਼ਾਦ ਨੇ ਅਪਨੇ ਆਦਮੀ ਕੋ, ਜਿਸਕਾ ਨਾਮ ਵੈਸ਼ਮਪਾਇਨ ਥਾ, ਲਾਹੌਰ ਭੇਜਾ ਸਾਰੀ ਬਾਤ ਸਮਝਾਨੇ ਕੇ ਲੀਏ ਤੋ ਵੈਸ਼ਮਪਾਇਨ ਮੁਝ ਸੇ ਹੀ ਮਿਲਾ ਥਾ।

ਪ੍ਰ: ਉਸਕੋ ਆਪਕੇ ਪਾਸ ਕਿਸ ਲੀਏ ਭੇਜਾ ਗਯਾ ਥਾ ?

ਉ: ਉਸਕੋ, ਉਸੇ ਇਸ ਬਾਤ ਕਾ ਪਤਾ ਕਰਨੇ ਕੇ ਲੀਏ ਭੇਜਾ ਗਯਾ ਥਾ ਕਿ ਯਹ (ਹਮ) ਸੀ.ਆਈ.ਡੀ. ਕੇ ਆਦਮੀ ਹੈਂ ਯਾ ਨਹੀਂ ? ਤੋ ਕੁਛ ਭਗਤ ਸਿੰਘ ਕੀ ਕੋਸ਼ਿਸ਼ ਔਰ ਕੁਛ ਵੈਸ਼ਮਪਾਇਨ ਸੇ ਬਾਤਚੀਤ ਕਾ ਜੋ ਨਤੀਜਾ ਨਿਕਲਾ ਵਹ ਯਹ ਥਾ ਕਿ ਹਮ ਲੋਗੋਂ ਮੇਂ ਵਹ ਸਾਰੀ ਸਮੱਸਿਆ ਹੱਲ ਹੋ ਗਈ ਔਰ ਹਮ ਏਕ ਦੂਸਰੇ ਸੇ ਬਹੁਤ ਪ੍ਰੇਮ ਸੇ ਮਿਲੇ। ਔਰ ਹਮ ਲੋਗ ਏਕ ਹੋਕਰ ਕਾਮ ਕਰਨੇ ਲਗੇ। ਤੋ ਭਗਤ ਸਿੰਘ ਕੇ ਔਰ ਹਮਾਰੇ ਸੰਬੰਧ ਬਹੁਤ ਗਹਿਰੇ ਥੇ। ਉਸ ਕੇ ਪਰਿਵਾਰ ਕੇ ਸਾਥ ਆਜ ਭੀ ਹੈਂ ਔਰ ਮੈਂ ਸਮਝਤੀ ਹੂੰ ਕਿ ਭਗਤ ਸਿੰਘ ਜੈਸਾ ਆਦਮੀ ਹਮਾਰੇ ਬੀਚ ਮੇਂ ਕੋਈ ਦੂਸਰਾ ਨਾ ਥਾ। ਹਰ ਮਾਅਨੇ ਮੇਂ, ਯਾਨੀ ਕਿਸੀ ਸੇ ਮੁਕਾਬਲਾ ਕਰਨਾ ਗ਼ਲਤ ਹੈ, ਕੋਈ ਯੋਗਜਤਾ ਸੇ ਆਗੇ ਹੋਤਾ ਹੈ, ਕੋਈ ਸਰੀਰਕ ਬਲ ਮੇਂ ਆਗੇ ਹੋਤਾ ਹੈ ਤੋ ਕੋਈ ਕਿਸੀ ਚੀਜ਼ ਮੇਂ ਆਗੇ ਹੋਤਾ ਹੈ ਮਗਰ ਉਸਮੇਂ ਵਕਤਾ ਕਾ ਭਾਸ਼ਨ ਦੇਨੇ ਕੀ ਜੋ ਯੋਗਜਤਾ ਥੀ ਉਸੀ ਵਜਹ ਸੇ ਹਮਨੇ ਭਗਤ ਸਿੰਘ ਕੋ ਅਸੈਂਬਲੀ ਮੇਂ ਭੇਜਾ ਥਾ।

ਸਾਂਡਰਸ ਕਾਂਡ ਜਬ ਹੋਨੇ ਲਗਾ ਥਾ ਤੋ ਤਬ 'ਮੇਰਠ ਕਾਂਸਪੀਰੇਸੀ ਕੇਸ' ਚਲ ਹੀ ਰਹਾ ਥਾ। ਤੋ ਮੇਰੇ ਪਤੀ ਲਾਹੌਰ ਜਾਤੇ ਭੀ ਥੇ ਕਭੀ-ਕਭਾਰ। ਕਹੀਂ ਏਕ-ਆਧ ਦਿਨ ਠਹਿਰੇ ਭੀ ਥੇ ਤੋ ਉਸ ਦੌਰਾਨ ਉਨ੍ਹੋਂ ਨੇ ਕੁਛ ਰੁਪਿਆ ਰਖਾ ਕਿ ਜ਼ਰੂਰਤ ਪੜ ਸਕਤੀ ਹੈ। ਤੋ ਹਮਕੋ ਜ਼ਰਾ ਸ਼ੱਕ ਹੋ ਗਯਾ ਇਸ ਬਾਤ ਪਰ। ਮੈਂ ਵਹੀਂ ਲਾਹੌਰ ਮੇਂ ਆਰਯਾ ਕੰਨਿਆ ਵਿਦਿਆਲੇ ਮੇਂ ਪੜ੍ਹਾਤੀ ਥੀ। ਮੈਂ ਵਹਾਂ ਹਿੰਦੀ ਕੀ ਲੈਕਚਰਾਰ ਥੀ। ਤੋ ਉਸਸੇ ਹੀ ਹਮਕੋ ਸ਼ੱਕ ਹੋ ਗਯਾ। ਤੋ ਸਕੂਲ

ਕੀ ਬਸ ਮੇਂ ਕਭੀ-ਕਭੀ ਏਕ ਟੀਚਰ ਕੀ ਡਿਊਟੀ ਹੋਤੀ ਥੀ ਕਿ ਜਬ ਸਬ ਬੱਚੇ/ਲੜਕੀਆਂ ਚਲੀ ਜਾਏਂ ਤਬ ਜਾਨਾ ਹੋਗਾ। ਤੋ ਹਮਾਰੀ ਡਿਊਟੀ ਥੀ ਉਸ ਦਿਨ। ਤੋ ਡਰਾਈਵਰ ਥਾ ਜੋ ਬੱਸ ਵਾਲਾ, ਵਹ ਕਹਿਨੇ ਲਗਾ ਕਿ ਸਾਹਿਬ ਆਜ ਤੋ ਏਕ ਐਸੀ ਘਟਨਾ ਹੋ ਗਈ ਹੈ ਪੁਲਿਸ ਸਟੇਸ਼ਨ ਕੇ ਪਾਸ ਜੋ ਸੰਭਾਲਾ ਨਹੀਂ ਜਾ ਰਹਾ ਥਾ। ਹਮ ਸੋਚ ਰਹੇ ਥੇ ਕਿ ਕੁਛ ਪਤਾ ਲਗੇ। ਲੇਕਿਨ ਜਬ ਮੈਂ ਗਾੜੀ ਮੇਂ ਬੈਠੀ ਤੋ ਉਸਸੇ ਕਹਾ ਕਿ ਗਾੜੀ ਕੋ ਉਸੀ ਤਰਫ ਸੇ ਨਿਕਾਲੋ। ਆਖਿਰ ਮਾਮਲਾ ਕਯਾ ਹੈ? ਤੋ ਵਹਾਂ ਦੇਖਾ ਕਿ ਵਹਾਂ ਪੁਲਿਸ ਹੀ ਪੁਲਿਸ ਥੀ, ਸਭ ਅਫਸਰ ਲੋਗ ਥੇ, ਭੀੜ ਥੀ। ਮੈਂ ਸੀਧੀ ਅਪਨੇ ਘਰ ਚਲੀ ਗਈ। ਉਸੀ ਰਾਤ ਕੋ ਸੁਖਦੇਵ ਆਠ ਬਜੇ ਕੇ ਕਰੀਬ ਮੇਰੇ ਪਾਸ ਆਇਆ। ਅਸਲ ਮੇਂ ਹਮ ਲੋਗ ਬਹੁਤ ਸਾਰੀ ਅਜਬ-ਅਜਬ ਸੀ ਚੀਜ਼ੇਂ ਰਖਤੇ ਥੇ ਅਪਨੇ ਪਾਸ, ਜੈਸੇ ਏਕ ਪੰਡਿਤ ਆ ਰਹੇ ਹੈਂ, ਵਹ ਸੰਸਕ੍ਰਿਤ ਪੜ੍ਹਾ ਰਹੇ ਹੈਂ। ਕੋਈ ਸੰਸਕ੍ਰਿਤ ਕੀ ਤੋ ਹਮਕੋ ਜ਼ਰੂਰਤ ਨਹੀਂ ਥੀ ਪਰ ਪੰਡਿਤ ਜੀ ਹਮਕੋ ਸੰਸਕ੍ਰਿਤ ਪੜ੍ਹਾ ਰਹੇ ਥੇ। ਤੋ ਸੁਖਦੇਵ ਆਏ ਔਰ ਆਨੇ ਕੇ ਬਾਅਦ ਉਨ੍ਹੋਂ ਨੇ ਕਹਾ ਕਿ ਸੰਸਕ੍ਰਿਤ ਵਗੈਰਾ ਕਾ ਸਭ ਕਾਮ ਖ਼ਤਮ ਕਰੋ। ਵੋਹ ਬੋਲਤਾ ਤੋ ਐਸੇ ਹੀ ਥਾ। ਤੋ ਪੰਡਿਤ ਜੀ ਚਲੇ ਗਏ। ਵੋ ਕਹਿਨੇ ਲਗਾ ਕਿ ਐਸਾ ਹੈ ਕਿ ਹਮੇਂ ਕੁਛ ਰੁਪਿਯੋਂ ਕੀ ਜ਼ਰੂਰਤ ਹੈ। ਮੈਨੇ ਕਹਾ ਲੇ ਜਾਓ। ਮੈਨੇ ਉਸਕੋ ਰੁਪਏ ਦੇ ਦੀਏ। ਉਸਕੇ ਆਧੇ ਘੰਟੇ ਬਾਅਦ ਵਹ ਫਿਰ ਆਯਾ। ਔਰ ਕਹਿਨੇ ਲਗਾ ਕਿ ਤੁਮ ਛੁੱਟੀ ਲੇ ਸਕਤੀ ਹੋ? ਯਹ ਸ਼ਾਇਦ **18** ਦਸੰਬਰ ਕੀ ਬਾਤ ਹੈ। **21** ਤਾਰੀਖ਼ ਕੋ ਛੁੱਟੀਆਂ ਹੋ ਹੀ ਜਾਤੀ ਥੀਂ ਕ੍ਰਿਸਮਿਸ ਕੀ। ਔਰ ਯੇਹ ਛੁੱਟੀਆਂ ਹੋਨੇ ਹੀ ਵਾਲੀ ਹੈਂ। ਕਹਿਨੇ ਲਗਾ, "ਨਹੀਂ ਪਹਿਲੇ ਸੇ ਲੇਨੀ ਪੜੇਂਗੀ।" ਤੋ ਮੈਨੇ ਕਹਾ, "ਅੱਛੀ ਬਾਤ ਹੈ, ਲੇ ਲੇਂਗੇ।" ਯਹ ਬਾਤ ਹੋ ਗਈ। ਯਹ ਜੋ ਸੰਸਕ੍ਰਿਤ ਕਾ ਮੈਨੇ ਜ਼ਿਕਰ ਕਿਯਾ ਕਿ ਹਮ ਜੋ ਐਸੀ ਬਾਤ ਕਰਤੇ ਥੇ, ਉਸਸੇ ਯਹ ਹੋਤਾ ਥਾ ਕਿ ਜੋ ਹਮਾਰੇ ਕਿਰਾਏਦਾਰ ਥੇ ਉਨਮੇਂ ਭੀ ਏਕ ਸੀ.ਆਈ.ਡੀ.ਕਾ ਆਦਮੀ ਥਾ। ਵਹ ਹਮਾਰੇ ਘਰ ਕੀ ਸਾਰੀ ਗਤੀਵਿਧੀਆਂ ਸਮਝਤਾ ਥਾ। ਔਰ ਯਹ ਭੀ ਕੋਸ਼ਿਸ਼ ਕਰਤਾ ਥਾ ਕਿ ਯਹ ਔਰਤ ਹੈ, ਇਸਕੋ ਬਦਨਾਮ ਕਰੋ, ਅਕੇਲੀ ਰਹਤੀ ਹੈ ਘਰ ਮੇਂ ਬੱਚੋਂ ਕੋ ਲੇਕਰ।

**ਪ੍ਰ:** ਕਯਾ ਆਪਕੇ ਸਸੁਰ ਜੀ ਭੀ ਨਾ ਥੇ?

ਉ: ਮੇਰੇ ਪਤੀ ਤੋ ਚਲੇ ਗਏ ਥੇ ਔਰ ਸਸੁਰ ਕੀ ਮੌਤ ਹੋ ਚੁਕੀ ਥੀ। ਇਸ ਤਰਹ ਯਹ ਘਰ ਮੇਂ ਹਰ ਆਨੇ-ਜਾਨੇ ਵਾਲੇ ਕਾ ਧਿਆਨ ਰਖਤੇ ਥੇ ਤੋ ਇਸੀ ਲੀਏ ਹਮਾਰੇ ਯਹਾਂ ਹਰ ਕਿਸਮ ਕੇ ਆਦਮੀ ਆਤੇ ਥੇ। ਪੰਡਿਤ ਜੀ ਆ ਰਹੇ ਹੈਂ, ਮੁੱਲਾਂ ਭੀ ਆ ਰਹੇ ਹੈਂ। ਮਤਲਬ ਜੋ ਥੋੜ੍ਹਾ-ਬਹੁਤਾ ਕਾਮ ਨਾਰਮਲ ਜ਼ਿੰਦਗੀ ਮੇਂ ਹੋਤਾ ਥਾ। ਖ਼ੈਰ ਮੈਨੇ ਛੁੱਟੀ ਲੇ ਲੀ। ਉਸਨੇ (ਸੁਖਦੇਵ) ਨੇ ਕਹਾ ਕਿ ਆਪਕੋ ਅਪਨਾ ਲੜਕਾ ਭੀ ਸਾਥ ਲੇ ਜਾਨਾ ਹੋਗਾ। ਮੈਨੇ ਕਹਾ ਕਿ ਲੇ ਜਾਏਂਗੇ। ਲੜਕਾ ਤੋ ਤੀਨ ਸਾਲ ਕਾ ਥਾ ਹਮ ਕਹਾਂ ਛੋੜ ਜਾਏਂਗੇ।

**ਪ੍ਰ:** ਯਹ ਕਿਸ ਦਿਨ ਕਹਾ ਥਾ ਉਸਨੇ?

ਉ: ਜਿਸ ਦਿਨ ਰੁਪਿਆ ਲੀਆ ਉਸਨੇ, ਉਸੀ ਦਿਨ ਦੋਬਾਰਾ ਆਕਰ ਕਹਾ। ਉਸ ਨੇ ਹੀ ਸੋਚਾ ਹੋਗਾ ਕਿ ਕੈਸੇ-ਕੈਸੇ ਨਿਕਲਨਾ ਹੈ ਕਿਸਕੋ। ਚੰਦਰਸ਼ੇਖਰ ਆਜ਼ਾਦ ਕੋ ਨਿਕਾਲਨਾ ਥਾ, ਭਗਤ ਸਿੰਘ ਕੋ ਨਿਕਾਲਨਾ ਥਾ ਔਰ ਰਾਜਗੁਰੂ ਕੋ ਨਿਕਾਲਨਾ ਥਾ। ਇਨ ਤੀਨੋਂ ਕੋ ਨਿਕਾਲਨਾ ਥਾ ਔਰ ਤੀਨੋਂ ਹੀ ਮਹੱਤਵਪੂਰਨ ਹਸਤੀਆਂ। ਤੋ ਫਿਰ ਉਸਕੇ ਦੂਸਰੇ ਦਿਨ (ਯਹ ਮੁਝੇ ਪੂਰੀ ਤਰਹ ਸੇ ਯਾਦ ਨਹੀਂ) ਭਗਤ ਸਿੰਘ ਔਰ ਰਾਜਗੁਰੂ ਦੋਨੋਂ ਆਏ।

ਪ੍ਰ: ਸਾਂਡਰਸ ਕੋ ਮਾਰਨੇ ਕੇ ਬਾਅਦ ਯਾ ਪਹਿਲੇ?

**ਉ:** ਮਾਰਨੇ ਕੇ ਬਾਅਦ। ਉਸੀ ਦਿਨ ਜਿਸ ਦਿਨ ਸਾਂਡਰਸ ਮਾਰਾ ਗਯਾ ਔਰ ਸੁਖਦੇਵ ਪੈਸੇ ਲੈ ਗਯਾ ਔਰ ਹਮਸੇ ਕਹ ਗਯਾ ਕਿ ਆਪਕੋ ਜਾਨਾ ਪੜੇਗਾ। ਉਸਕੇ ਬਾਅਦ ਦੂਸਰੇ ਦਿਨ ਰਾਤ ਕੇ **9-00** ਬਜੇ ਭਗਤ ਸਿੰਘ ਔਰ ਉਸਕੇ ਸਾਥ ਰਾਜਗੁਰੂ ਆਏ। ਉਸ ਸਮਯ ਹਮਾਰੇ ਘਰ ਪਰ ਪੁਲਿਸ ਵਾਲੇ ਇਤਨੇ ਹੋਤੇ ਥੇ ਕਿ ਦੋ ਆਦਮੀ ਤੋ ਬਿਲਕੁਲ ਬੈਠੇ ਹੀ ਰਹਿਤੇ ਥੇ। ਕਯੋਂਕਿ ਅਪਨੇ ਮਿਲਨੇ ਵਾਲੇ ਭੀ ਜੋ ਥੇ **15-20** ਲੋਗ, ਉਨਕੇ ਪੀਛੇ ਭੀ ਦੋ-ਦੋ ਪੁਲਿਸ ਵਾਲੇ ਹੋਤੇ ਥੇ, ਤੋ ਏਕ ਅੱਛੀ-ਖਾਸੀ ਕਤਾਰ ਲਗ ਜਾਤੀ ਥੀ ਪੁਲਿਸ ਵਾਲੋਂ ਕੀ। ਤੋ ਉਨਕੋ ਚਕਮਾ ਦੇਕਰ ਆਨਾ-ਜਾਨਾ ਭੀ ਮੁਸ਼ਕਿਲ ਹੋਤਾ ਥਾ। ਵਹ ਫਿਰ ਦੋਨੋਂ ਕਿਸੀ ਤਰੀਕੇ ਸੇ ਆਏ। ਭਗਤ ਸਿੰਘ ਕੋ ਮੈਨੇ ਪਹਿਲੀ ਬਾਰ ਦੇਖਾ ਕਿ ਵਹ ਦਾੜ੍ਹੀ ਵਗੈਰਾ ਸਾਫ਼ ਕੀਏ ਹੁਏ ਥਾ ਔਰ ਹੈਟ ਪਹਿਨੇ ਹੁਏ ਥਾ।

**ਪ੍ਰ:** ਤੋ ਇਸਸੇ ਪਹਿਲੇ ਦਾੜ੍ਹੀ ਰਖਤੇ ਥੇ?

ਉ: ਜੀ ਹਾਂ, ਵੋਹ ਰਖਤੇ ਥੇ। ਵੋਹ ਅਸਲ ਮੇਂ ਇਨ੍ਹੋਂ ਨੇ ਸਾਂਡਰਸ ਕੇ ਲੀਏ ਹੀ ਅਪਨਾ ਯੇਹ ਭੇਸ ਬਨਾਯਾ ਥਾ। ਤੋ ਸੁਖਦੇਵ ਨੇ ਕਹਾ ਕਿ ਇਨਕੋ ਪਹਿਚਾਨਾ? ਤੋ ਮੈਂ ਕਯਾ ਕਹਿਤੀ? ਮੈਨੇ ਕਹਾ ਭਾਈ ਮੈਨੇ ਤੋ ਨਹੀਂ ਪਹਚਾਨਾ। ਮੈਂ ਉਸਕੋ ਭੀ ਨਹੀਂ ਜਾਨਤੀ ਥੀ ਰਾਜਗੁਰੂ ਕੋ। ਤੋ ਸੁਖਦੇਵ ਕਹਿਨੇ ਲਗਾ, "ਵਹੀ ਜਾਟੂ ਹੈਗਾ ਜਿਸ ਨੂੰ ਸੰਗਤਰੇ ਖੁਆਏ ਸੀ।" ਰੋਜ਼ ਆਤਾ ਥਾ ਨਾ ਘਰ ਤੋ ਕੁਛ ਨਾ ਕੁਛ ਡਰਾਈ ਫਰੂਟ, ਅਗਰ ਖਾਨਾ ਖਾ ਰਹੇ ਹੈਂ ਤੋ ਖਾਨਾ ਹੀ ਖਿਲਾ ਦੀਯਾ ਸਾਥ ਮੇਂ। ਮੈਂ ਸਮਝ ਗਈ। ਤੋ ਵਹ (ਭਗਤ ਸਿੰਘ) ਹੰਸ ਪੜਾ ਤੋ ਮੈਂ ਏਕਦਮ ਉਸਕੀ ਹੰਸੀ ਕੋ ਸਮਝ ਗਈ। ਖ਼ੈਰ ਖਾਨਾ ਵਗੈਰਾ ਬਨਾ ਔਰ ਖਾਨਾ ਖਿਲਾਯਾ ਗਯਾ ਉਨਕੋ। ਰਾਤ ਕੋ ਸਭ ਲੋਗ ਵਹੀਂ ਸੋਏ। ਤੋ ਰਾਜਗੁਰੂ ਜੋ ਹੈਂ ਵਹ ਨੌਕਰ ਬਨਕਰ ਆਯਾ ਥਾ ਸਾਹਿਬ ਕਾ। ਫਟੀ ਹੁਈ ਦਰੀ ਮੇਂ ਕੁਛ ਲਪੇਟਾ ਹੁਆ ਔਰ ਨੌਕਰੋਂ ਵਾਲੇ ਕਪੜੇ ਪਹਿਨੇ ਹੁਏ ਥੇ ਉਸਨੇ। ਔਰ ਯੇਹ ਜੋ ਭਗਤ ਸਿੰਘ ਥਾ ਯਹ ਸਾਹਿਬ ਬਨੇ ਹੁਏ ਥਾ। ਯਾਨਿ ਕਿ ਜਬ ਭੀ ਮੁਝੇ ਜ਼ਿੰਦਗੀ ਮੇਂ ਯੇਹ ਚੀਜ਼ ਯਾਦ ਆਤੀ ਹੈ ਤੋ ਬਹੁਤ ਬੁਰਾ ਲਗਤਾ ਹੈ ਕਿ ਭਗਤ ਸਿੰਘ ਔਰ ਸੁਖਦੇਵ ਕੋ ਤੋ ਹਮਨੇ ਬੜੀ ਖ਼ਾਤਰਦਾਰੀ ਸੇ ਖਾਨਾ ਖਿਲਾਯਾ ਔਰ ਉਸਕੋ (ਰਾਜਗੁਰੂ ਕੋ) ਨੌਕਰੋਂ ਕੀ ਤਰਹ ਉਠਾਕਰ ਏਕ ਪਲੇਟ ਮੇਂ ਭੇਜ ਦੀਆ ਥਾ। ਕਿਉਂਕਿ ਉਸ ਸਮਯ ਵਹ ਨੌਕਰ ਕੇ ਵੇਸ਼ ਮੇਂ ਥਾ। ਉਸ ਸਮਯ ਦਿਮਾਗ਼ ਮੇਂ ਇਤਨੀ ਚੀਜ਼ੇਂ ਚੱਕਰ

ਲਗਾ ਰਹੀ ਥੀ ਕਿ ਯਹ ਸੋਚਾ ਭੀ ਨਹੀਂ ਜਾ ਸਕਤਾ ਥਾ ਕਿ ਯਹ ਭੀ ਕੋਈ ਅਪਨਾ ਆਦਮੀ ਹੋਗਾ । ਖ਼ੈਰ, ਉਸਕੇ ਬਾਅਦ ਸੁਬਹ ਕੋਈ ਗਾੜੀ ਚਲਤੀ ਥੀ ਔਰ ਸੁਖਦੇਵ ਨੇ ਟਿਕਟ ਖ਼ਰੀਦ ਰੱਖੇ ਥੇ । ਤੋ ਸੁਬਹ ਤੜਕੇ ਪੁਲਿਸ ਵਾਲੋਂ ਕੇ ਆਨੇ ਸੇ ਪਹਿਲੇ ਹੀ ਹਮ ਇਧਰ-ਉਧਰ ਸੇ ਨਿਕਲ ਗਏ । ਟਾਂਗੇ ਮੇਂ ਗਏ ਥੇ ਸ਼ਾਇਦ !

ਪ੍ਰ: ਹਾਂ ਤੋ ਆਪਕੋ ਕਹਾ ਗਯਾ ਥਾ ਕਿ ਸਾਥ ਚਲਨਾ ਹੈ ਕਲਕੱਤੇ ਕੇ ਲੀਏ ?

ਉ: ਹਾਂ । ਲੇਕਿਨ ਯੇ ਨਹੀਂ ਬਤਲਾਯਾ ਗਯਾ ਥਾ ਕਿ ਕਲਕੱਤਾ ਜਾਨਾ ਹੈ । ਟਿਕਟ ਭੀ ਉਸ (ਸੁਖਦੇਵ) ਨੇ ਖ਼ਰੀਦੇ ਥੇ । ਫਸਟ ਕਲਾਸ ਮੇਂ ਮੈਂ, ਭਗਤ ਸਿੰਘ ਔਰ ਮੇਰਾ ਲੜਕਾ ਬੈਠੇ ਔਰ ਨੌਕਰੋਂ ਕੇ ਭੇਸ ਮੇਂ ਰਾਜਗੁਰੂ ਬੈਠ ਗਯਾ । ਅਬ ਮੁਝੇ ਠੀਕ ਤਰਹ ਯਾਦ ਨਹੀਂ ਕਿ ਆਜ਼ਾਦ ਭੀ ਥੇ ਕਿ ਨਹੀਂ ਥੇ । ਕਯੋਂਕਿ ਮੈਨੇ ਕਭੀ ਇਸ ਬਾਤ ਪਰ ਧਿਆਨ ਨਹੀਂ ਦੀਯਾ । ਲੇਕਿਨ ਬਾਅਦ ਮੇਂ ਇਧਰ-ਉਧਰ ਪੜ੍ਹਾ ਥਾ ਕਿ ਆਜ਼ਾਦ ਭੀ ਰਾਮਨਾਮੀ ਦੁਪੱਟਾ ਪਹਿਨਕਰ ਉਸੀ ਗਾੜੀ ਸੇ ਨਿਕਲੇ ਥੇ । ਜੋ ਭੀ ਹੋ ਇਸ ਸਮਯ ਉਨਸੇ ਕੋਈ ਵਾਸਤਾ ਨਹੀਂ ਕਯੋਂਕਿ ਯਹ ਦੂਸਰੀ ਚੀਜ਼ ਹੈ ।

ਤੋ ਇਸ ਤਰਹ ਹਮ ਲੋਗ ਵਹਾਂ ਸੇ ਨਿਕਲੇ । ਹਮੇਂ ਲਖਨਊ ਆਨਾ ਪੜਾ ਔਰ ਯਹਾਂ ਸੇ ਗਾੜੀ ਬਦਲਨੀ ਪੜੀ ।

ਪ੍ਰ: ਆਪ ਫਿਰ ਲਖਨਊ ਕਯੋਂ ਠਹਿਰੇ ?

ਉ: ਯਹ ਮੈਂ ਨਹੀਂ ਬਤਾ ਸਕਤੀ ਕਿ ਕਯੋਂ ? ਯਹਾਂ ਹਮ ਲੋਗ ਉਤਰੇ ਔਰ ਕਈ ਘੰਟੇ ਤਕ ਰੁਕੇ ਔਰ ਸ਼ਾਮ ਕੋ ਜੋ ਮੇਲ ਜਾਤੀ ਹੈ ਸੁਬਹ, ਕੋਈ ਭੀ ਗਾੜੀ ਜਾਤੀ ਹੋਗੀ ਸ਼ਾਮ ਕੋ, ਸਿਆਲਦਾ ਜਾਤੀ ਹੈ ਯਾ ਕੋਈ ਔਰ ਜਾਤੀ ਹੈ, ਉਸ ਗਾੜੀ ਸੇ ਹਮ ਗਏ । ਯਾ ਤੋ ਉਨ ਲੋਗੋਂ ਨੇ ਸੋਚਾ ਹੋਗਾ ਕਿ 'ਡਾਇਰੈਕਟ' ਟਿਕਟ ਨਾ ਲੀਆ ਜਾਏ ।

ਪ੍ਰ: ਦਿਨ ਬਿਤਾਨੇ ਕੇ ਲੀਯੇ ਤਾਂ ਕਿ ਰਾਤ ਕੋ ਸਫ਼ਰ ਕੀਯਾ ਜਾਏ ?

ਉ: ਹਾਂ, ਹਾਂ, ਸੀਧਾ ਟਿਕਟ ਲੀਯਾ ਜਾਏ ਕਯੋਂਕਿ ਪੁਲਿਸ ਵਾਲੇ ਤੋ ਹਮੇਂ ਘੇਰੇ ਹੂਏ ਥੇ । ਲਖਨਊ ਆਕਰ, ਵਹਾਂ ਸੇ ਦੋ ਸਵਾਰੀਆਂ ਉਠਾਈ ਜਾ ਰਹੀ ਹੈਂ ਤੋ ਅਲੱਗ ਬਾਤ ਹੈ । ਯਹਾਂ ਸੇ ਫਿਰ ਹਮ ਕਲਕੱਤਾ ਪਹੁੰਚੇ । ਕਲਕੱਤੇ ਭਗਤ ਸਿੰਘ ਨੇ ਸੁਸ਼ੀਲਾ ਦੇਵੀ ਥੀ, ਉਨਕੋ ਤਾਰ ਦੀਯਾ ।

ਪ੍ਰ: ਵਹਾਂ ਆਪ ਕਿਤਨੇ ਦਿਨ ਠਹਿਰੇ ?

ਉ: ਏਕ ਹਫ਼ਤਾ ਠਹਿਰੇ । ਕਲਕੱਤਾ ਕਾਂਗਰਸ ਸੈਸ਼ਨ ਸ਼ੁਰੂ ਹੋ ਗਯਾ ਥਾ, ਉਸੀ ਕਾ ਫ਼ਾਇਦਾ ਉਠਾਨਾ ਚਾਹਤੇ ਥੇ ਭਗਤ ਸਿੰਘ, ਵਹਾਂ ਕੇ ਲੋਗੋਂ ਸੇ ਸੰਬੰਧ ਕਾਇਮ ਕਰਨੇ ਮੇਂ । ਵਹ ਦਿਨ ਭਰ ਤੋ ਮਿਕਸਚਰ ਕੀ ਸ਼ੀਸ਼ੀ ਲੇਕਰ ਚਾਰਪਾਈ ਪਰ ਪੜਾ ਰਹਿਤਾ ਥਾ ਕਿ ਬਿਮਾਰ ਹੈ । ਲੇਕਿਨ ਹਮਾਰਾ ਜੋ ਖਾਨਾ ਆਏ ਸਾਰਾ ਵਹੀ ਖਾ ਜਾਤਾ ਥਾ । ਏਕ ਬੇਚਾਰਾ ਸਰਦਾਰ ਜਸਵੰਤ ਸਿੰਘ ਥਾ, ਵਹ ਅਪਨੇ ਸਾਥ ਸ਼ੱਕਰ ਔਰ ਘੀ ਲੇਕਰ ਗਯਾ ਥਾ ਏਕ ਟੀਨ । ਵਹ ਭਗਤ ਸਿੰਘ ਨਿਕਾਲੇ ਅੰਦਰ ਸੇ ਔਰ ਮਾਰਵਾੜੀਓਂ ਕੀ ਰੋਟੀ ਕੇ ਸਾਥ ਖਾਤਾ ਥਾ ਖ਼ੂਬ । ਦਿਨ ਮੇਂ ਵਹ ਬੀਮਾਰ ਰਹਿਤਾ ਔਰ ਰਾਤ ਕੋ ਚੱਕਰ ਲਗਾਤਾ ਥਾ । ਲੋਗੋਂ ਸੇ ਮਿਲਤਾ-ਜੁਲਤਾ ਥਾ ।

ਪ੍ਰ: ਉਸਕੇ ਬਾਅਦ ਆਪ ਕਹਾਂ ਗਏ ਕਲਕੱਤੇ ਸੇ ?

ਉ: ਉਸ ਕੇ ਬਾਅਦ ਮੈਂ ਲਾਹੌਰ ਚਲੀ ਗਈ ਔਰ ਯੇਹ ਸਭ ਲੋਗ ਅਲਗ-ਅਲਗ ਆਏ ।

ਪ੍ਰ: ਕਿਆ ਆਪਕੇ ਪਤੀ ਭੀ ਆਪਕੇ ਸਾਥ ਆਏ ?

ਉ: ਨਹੀਂ, ਵਹ ਤੋ ਕਹੀਂ ਔਰ ਚਲੇ ਗਏ । ਆਗਰੇ ਗਏ ਯਾ ਲਾਹੌਰ ਗਏ, ਯਹ ਮੁਝੇ ਮਾਲੂਮ ਨਹੀਂ । ਕਯੋਂਕਿ ਹਮ ਲੋਗ ਏਕ-ਦੂਸਰੇ ਕੋ ਬਤਾਤੇ ਨਹੀਂ ਥੇ, ਯੇਹ ਬਾਤੇਂ ।

ਪ੍ਰ: ਆਪ ਯੇਹ ਬਤਾਏ ਕਿ ਭਗਤ ਸਿੰਘ ਪਰ ਉਸ ਸਮਯ ਕਮਿਊਨਿਸਟੋਂ ਕਾ ਅਸਰ ਥਾ ਯਾ ਕਿ ਕੌਮੀ ਲਹਰ ਕਾ ?

ਉ: ਕਮਿਊਨਿਸਟ ਵਿਚਾਰਧਾਰਾ ਉਸ ਸਮਯ ਤਕ ਹਿੰਦੁਸਤਾਨ ਮੇਂ ਇਤਨੀ ਪਾਪੂਲਰ ਨਹੀਂ ਥੀ ਪਰ ਲਿਟਰੇਚਰ ਕਾ ਅਸਰ ਜ਼ਰੂਰ ਥਾ । ਆਜ਼ਾਦੀ ਉਨ੍ਹੋਂ ਨੇ ਹਾਸਿਲ ਕਰਨੀ ਥੀ, ਇਸਕਾ (ਕਮਿਊਨਿਸਟ ਲਹਿਰ ਕਾ) ਅਸਰ ਜ਼ਰੂਰ ਥਾ ਹੂ-ਬ-ਹੂ ਜੈਸੇ ਮੇਰਠ ਕਮਿਊਨਿਸਟ ਕਾਨਸਪੀਰੇਸੀ ਹੁਈ ਵਹ ਬਾਤ ਨਹੀਂ ਥੀ ।

ਪ੍ਰ: ਕੋਈ ਔਰ ਬਾਤ ਜੋ ਭਗਤ ਸਿੰਘ ਕੇ ਮੁਤੱਲਿਕ ਜਾਨਤੀ ਹੋਂ ?

ਉ: ਭਗਤ ਸਿੰਘ ਕੇ ਮੁਤੱਲਿਕ ਤੋ ਸਭੀ ਬਾਤੇਂ ਮਾਲੂਮ ਹੈਂ ।

ਪ੍ਰ: ਨਹੀਂ, ਜੋ ਆਪਕੋ ਜ਼ਾਤੀ ਤੌਰ ਪਰ ਪਤਾ ਹੋ ?

ਉ: ਮੇਰਾ ਅਪਨਾ ਉਨਕੇ ਬਾਰੇ ਮੇਂ ਜੋ ਖ਼ਯਾਲ ਹੈ ਵਹ ਯਹ ਹੈ ਕਿ ਹਮ ਭਾਸ਼ਣ-ਵਾਸ਼ਣ ਤੋ ਬਹੁਤ ਸੁਨਤੇ ਹੈਂ ਲੋਗੋਂ ਕੇ ਅਗਰ ਜਿਸ ਤਰਹ ਸੇ ਭਗਤ ਸਿੰਘ ਬੋਲ ਸਕਤੇ ਥੇ ਜਬ ਕੋਰਟ ਯਾ ਕਚਹਿਰੀ ਮੇਂ ਜਾਤੇ ਥੇ ਵਹ ਉਨਕਾ ਏਕ ਅਪਨਾ ਹੀ ਤਰੀਕਾ ਥਾ । ਹਮੇਂ ਯਹ ਦੁਖ ਨਹੀਂ ਕਿ ਭਗਤ ਸਿੰਘ ਚਲਾ ਗਯਾ, ਕਯੋਂਕਿ ਭਗਤ ਸਿੰਘ ਤੋ ਉਸੀ ਕਾਮ ਕੇ ਲੀਏ ਹੀ ਬਨਾ ਥਾ । ਏਕ-ਦੋ ਔਰ ਛੋਟੀ ਸੀ ਬਾਤੇਂ ਉਨਕੇ ਬਾਰੇ ਮੇਂ ਕਿ ਪਹਿਲੇ ਜਬ ਹਮਾਰੇ ਘਰ ਆਤਾ ਥਾ, ਹਮਾਰਾ ਮਕਾਨ ਇਸ ਤਰੀਕੇ ਸੇ ਬਨਾ ਹੂਆ ਥਾ, ਤੀਨ ਮਕਾਨ ਥੇ ਹਮਾਰੇ , ਦੋ ਕਿਰਾਏ ਪਰ ਥੇ ਔਰ ਏਕ ਮੇਂ ਹਮ ਰਹਿਤੇ ਥੇ । ਨੀਚੇ ਬੈਠਕ ਥੀ । ਖਾਨਾ ਬਨਾਨੇ ਕੀ ਜਗਹ ਉਪਰ ਥੀ ਔਰ ਬੈਡਰੂਮ ਭੀ ਉਪਰ ਥੇ । ਤੋ ਭਗਤ ਸਿੰਘ ਆਯਾ ਨੀਚੇ । ਨੀਚੇ ਏਕ ਤਖ਼ਤਾ ਪੜਾ ਰਹਿਤਾ ਥਾ ਜਿਸ ਪਰ ਨੌਕਰ ਬੈਠਤੇ ਥੇ, ਤੋ ਉਸ ਨੇ ਉਸ ਤਖ਼ਤੇ ਪਰ ਪੈਰ ਰੱਖੇ ਔਰ ਖੜਾ ਥਾ । ਉਸਨੇ ਆਵਾਜ਼ ਦੀ ਯਾ ਸ਼ਾਇਦ ਘੰਟੀ ਬਜਾਈ ਤੋ ਮੈਨੇ ਉਪਰ ਸੇ ਦੇਖਾ ਔਰ ਕਹਾ, "ਕੌਨ ਹੈ ?" ਉਸ ਨੇ ਕਹਾ, "ਭਗਤ ਸਿੰਘ ।" ਮੈਨੇ ਕਹਾ, "ਨਹੀਂ, ਵਹ ਬਾਹਰ ਗਯਾ ਹੂਆ ਹੈ ।" (ਪਤੀ ਭਗਵਤੀਚਰਣ-ਸੰ.) ਮੈਂ ਤੋ ਯਹ ਕਹ ਕਰ ਲੇਟ ਗਈ ਲੇਕਿਨ ਵਹ ਖੜਾ ਰਹਾ । ਜੇਬ ਮੇਂ ਉਸਕੇ ਸੰਗਤਰੇ ਭਰੇ ਹੂਏ ਥੇ, ਦਸ ਯਾ

ਬਾਰਹਾ। ਵਹ ਉਸਨੇ ਵਹੀਂ ਬੈਠ ਕਰ ਖਾਏ ਔਰ ਸਾਰੇ ਛਿਲਕੇ ਵਹੀਂ ਡਾਲ ਕਰ ਚਲਾ ਗਯਾ। ਮੈਨੇ ਤੋ ਦੇਖਾ ਨਹੀਂ, ਯਹ ਤੋ ਮੁਝੇ ਬਾਅਦ ਮੇਂ ਪਤਾ ਚਲਾ। ਜਿਸ ਦਿਨ ਵਹ ਹਮਾਰੇ ਯਹਾਂ ਆਯਾ ਔਰ ਖਾਨਾ ਖਿਲਾਯਾ ਮੈਨੇ, ਤੋ ਕਹਿਨੇ ਲਗਾ ਕਿ "ਹਮਕੋ ਪੂਛਾ ਹੀ ਨਹੀਂ ਹੈ, ਹਮ ਨੀਚੇ ਖੜੇ ਸੰਗਤਰੇ ਖਾਤੇ ਰਹੇ। ਭਗਵਤੀ ਨਹੀਂ ਥਾ ਤੋ ਹਮਕੋ ਘਰ ਮੇਂ ਕਿਸੀ ਨੇ ਨਹੀਂ ਬਿਠਾਯਾ।" ਤੋ ਇਸ ਤਰਹ ਮਜ਼ਾਕ ਕੀਯਾ ਕਰਤੇ ਥੇ।

ਏਕ ਬਾਰ ਉਸਸੇ ਜੇਲ੍ਹ ਮੇਂ ਮਿਲਨੇ ਕੇ ਲੀਏ ਗਈ। ਮੈਂ ਭਗਤ ਸਿੰਘ ਕੀ ਚਾਚੀ ਬਨਕੇ ਮਿਲਨੇ ਗਈ ਥੀ (ਅਜੀਤ ਸਿੰਘ ਕੀ ਬੀਵੀ ਬਨਕੇ)। ਕਯੋਂਕਿ ਔਰ ਤਰਹ ਤੋ ਜਾਨੇ ਹੀ ਨਹੀਂ ਦੇਤੇ ਥੇ। ਪਹਿਲੇ ਤੋ ਪੁਲਿਸ ਵਾਲੋਂ ਸੇ ਛੁਟਕਾਰਾ ਪਾਯਾ। ਕਹੀਂ ਫਿਰ ਉਸਕੇ ਬਾਅਦ ਸਰਦਾਰ ਜੀ ਸੇ ਟਾਈਮ ਲੀਯਾ ਤੋ ਇਸ ਤਰਹ ਸੇ ਕਹੀਂ ਮੈਂ ਪਹੁੰਚੀ। ਭਗਤ ਸਿੰਘ ਕੀ ਫਾਂਸੀ ਵਾਲੀ ਕੋਠੜੀ ਮੇਂ ਥੇ। ਤੋ ਕੱਚੀ ਸੀ ਕੋਠੜੀ ਥੀ ਵਹਾਂ ਜਹਾਂ ਭਗਤ ਸਿੰਘ ਬੈਠਾ ਥਾ। ਉਸਕੇ ਪੀਛੇ ਏਕ ਔਰ ਥੋੜ੍ਹੀ ਸੀ ਜਗਹ ਥੀ। ਵੈਸੀ ਖੁਲ੍ਹੀ ਥੀ ਵਹਾਂ ਪਰ ਕੋਈ ਦਰਵਾਜ਼ਾ ਨਹੀਂ ਥਾ। ਭਗਤ ਸਿੰਘ ਕਹਿਨੇ ਲਗੇ, "ਚਲੋ ਪੇੜੇ ਖਾਏਂ।" ਮੈਨੇ ਕਹਾ, "ਪੇੜੇ ਕਹਾਂ ਸੇ ਆਏ ?" ਅਸਲ ਮੇਂ ਵਹ ਕੋਈ ਗੁਪਤ ਬਾਤ ਕਰਨਾ ਚਾਹਤਾ ਥਾ ਕਯੋਂਕਿ ਮੈਂ ਭਗਤ ਸਿੰਘ ਕੇ ਲੀਏ ਬਾਹਰ ਕਾ ਲਿੰਕ ਥੀ। ਏਕ ਤਰੀਕੇ ਸੇ ਜਬ ਤਕ ਮੈਂ ਫ਼ਰਾਰ ਨਹੀਂ ਹੂਈ ਥੀ ਉਸ ਵਕਤ ਤਕ ਸਾਰੀ ਬਾਹਰ ਕੀ ਖ਼ਬਰੇਂ ਮੁਝੇ ਅੰਦਰ ਭੇਜਨੀ ਪੜਤੀ ਥੀ ਔਰ ਅੰਦਰ ਕੀ ਬਾਤੇਂ ਬਾਹਰ ਪਹੁੰਚਾਨੀ ਪੜਤੀ ਥੀ। ਤੋ ਕੋਈ ਬਾਤ ਕਹਿਨੀ ਹੋਗੀ ਸਰਦਾਰ ਜੀ ਨੇ ਹਮੇਂ। ਲੋਗੋਂ ਕੇ ਸਾਮਨੇ ਕਹਿਨਾ ਠੀਕ ਨਹੀਂ ਸਮਝਤਾ ਹੋਗਾ। ਤੋ ਹਮਕੋ ਵਹਾਂ ਲੇ ਗਯਾ। ਵਹਾਂ ਏਕ ਸਟੋਵ, ਜੋ ਪਹਿਲੇ ਜ਼ਮਾਨੇ ਮੇਂ ਪੀਤਲ ਕੇ ਛੋਟੇ-ਛੋਟੇ, ਉਸ ਸਟੋਵ ਪਰ ਉਸ ਨੇ ਪਤਾ ਨਹੀਂ ਕਯਾ ਚੀਜ਼ ਰਖੀ ਥੀ, ਉਸ ਪਰ ਤੀਨ-ਚਾਰ ਪੇੜੇ ਰਖੇ ਥੇ, ਮੈਨੇ ਕਹਾ, "ਯਹ ਕਹਾਂ ਸੇ ਆ ਗਏ ?" ਤੋ ਭਗਤ ਸਿੰਘ ਕਹਿਨੇ ਲਗਾ, "ਦੂਧ ਮਿਲਾਕਰ ਉਸਕੋ ਪਕਾਯਾ ਔਰ ਪੇੜੇ ਬਨ ਗਏ" ਯਹ ਜੇਲ੍ਹ ਕੀ ਫਾਂਸੀ ਕੀ ਕੋਠੜੀ ਕੀ ਬਾਤ ਹੈ। ਜਬ ਕਿ ਉਸੇ ਫਾਂਸੀ ਕੀ ਸਜ਼ਾ ਹੋ ਚੁਕੀ ਥੀ। ਤੋ ਵੈਸੇ ਤੋ ਕੋਈ ਖ਼ਾਸ ਚੀਜ਼ ਮੁਝੇ ਯਾਦ ਨਹੀਂ ਪੜ ਰਹੀ ਲੇਕਿਨ...

ਪ੍ਰ: ਚੰਦਰਸ਼ੇਖਰ ਆਜ਼ਾਦ ਕਹਾਂ ਕੇ ਰਹਿਨੇ ਵਾਲੇ ਥੇ ?

ਉ: ਵਹ ਝਾਂਸੀ ਕੇ ਰਹਿਨੇ ਵਾਲੇ ਥੇ...। ਮੇਰੇ ਪਤੀ ਕੋ ਇਨ੍ਹੋਂ ਨੇ ਜੋ ਆਰਗੇਨਾਈ-ਜ਼ੇਸ਼ਨ ਥੀ, ਉਸਮੇਂ ਸ਼ਾਮਿਲ ਕਰ ਲੀਯਾ ਥਾ। ਅਬ ਦੋਨੋਂ ਏਕ ਹੋ ਗਏ ਥੇ ਕਯੋਂਕਿ ਅਬ ਕੋਈ ਗ਼ਲਤਫਹਿਮੀ ਨਹੀਂ ਥੀ। ਤੋ ਇਨ ਲੋਗੋਂ ਨੇ ਯਹ ਤੈਅ ਕੀਯਾ ਕਿ ਹਮ ਭਗਤ ਸਿੰਘ ਕੋ ਜੇਲ੍ਹ ਸੇ ਛੁੜਾਏਂਗੇ। ਤੋ ਭਗਤ ਸਿੰਘ ਕੋ ਜੇਲ੍ਹ ਸੇ ਛੁੜਾਨੇ ਕੀ ਕੋਸ਼ਿਸ਼ ਕਰਨੇ ਕੇ ਲੀਏਮੇਰੇ ਭੀ ਵਾਰੰਟ ਨਿਕਲ ਚੁਕੇ ਥੇ। ਤੋ ਮੈਂ ਭੀ ਵਹੀਂ ਕਹੀਂ ਦੋ-ਚਾਰ ਦਿਨ ਛੁਪਕਰ ਰਹੀ ਥੀ, ਲਾਹੌਰ ਮੇਂ ਹੀ। ਯਸ਼ਪਾਲ ਕੇ ਭੀ ਵਾਰੰਟ ਨਿਕਲ ਚੁਕੇ ਥੇ। ਘਰ ਹਮਨੇ ਛੋੜ ਦੀਯਾ ਥਾ। ਤੋ ਹਮ ਸਭ ਲੋਗ—ਯਸ਼ਪਾਲ ਥੇ, ਧਨਵੰਤਰੀ ਥੇ, ਹਮਾਰੇ ਲੋਗੋਂ ਕੇ ਵਾਰੰਟ ਇਕੱਠੇ ਹੀ ਨਿਕਲੇ ਥੇ। ਹਮ ਲੋਗ ਭਗਤ ਸਿੰਘ ਕੇ ਕਾਮ ਮੇਂ ਹੀ ਲਗੇ ਰਹਿਤੇ ਥੇ ਔਰ ਇਸ ਬਾਤ ਕਾ ਖ਼ਯਾਲ ਰਖਤੇ ਥੇ ਕਿ ਹਮਾਰੀ ਬਾਰੀ ਕਬ ਆਤੀ ਹੈ।

ਤੋ ਕੁਛ ਮਾਲੂਮ ਹੂਆ ਹਮੇਂ ਕਯੋਂਕਿ ਪੁਲਿਸ ਮੇਂ ਕੁਛ ਅਪਨੇ ਭੀ ਤੋ ਆਦਮੀ ਹੋਤੇ ਥੇ। ਤੋ ਹਮੇਂ ਯਹ ਮਾਲੂਮ ਹੋ ਗਯਾ ਕਿ ਹਮਾਰੇ ਵਾਰੰਟ ਨਿਕਲ ਰਹੇ ਹੈਂ ਔਰ ਹਮ ਦੋ-ਚਾਰ ਦਿਨ ਕੇ ਲੀਏ ਛਿਪ ਗਏ। ਇਸੀ ਬੀਚ ਆਜ਼ਾਦ ਨੇ, ਮੇਰੇ ਪਤੀ ਨੇ ਔਰ ਦੂਸਰੇ ਸਾਥੀਓਂ ਨੇ ਯਹ ਮੁਝੇ ਯਾਦ ਨਹੀਂ ਕਿ ਕੋਈ ਮੀਟਿੰਗ-ਵੀਟਿੰਗ ਕਰਕੇ ਤੈਅ ਕੀਯਾ ਯਾ ਕੈਸੇ ਕੀਯਾ...?

ਪ੍ਰ: ਆਪਕੇ ਪਤੀ ਕਬ ਲਾਹੌਰ ਆਏ ?

ਉ: ਉਸੀ ਵਕਤ। ਬੀਚ-ਬੀਚ ਮੇਂ ਆਤੇ ਭੀ ਰਹਿਤੇ ਥੇ। ਠਹਿਰਤੇ ਕਹੀਂ ਔਰ ਥੇ ਪਰ ਆਤੇ-ਜਾਤੇ ਰਹਿਤੇ ਥੇ। ਤੋ ਜਬ ਭਗਤ ਸਿੰਘ ਕੋ ਛੁੜਾਨੇ ਕੀ ਬਾਤ ਹੂਈ ਤੋ ਸਬ ਇਕੱਠੇ ਹੂਏ। ਆਜ਼ਾਦ ਭੀ ਥੇ, ਵੈਸ਼ਮਪਾਇਨ ਭੀ, ਸਭ ਆ ਗਏ। ਹਮਨੇ ਜੇਲ੍ਹ ਰੋਡ ਪਰ ਏਕ ਕੋਠੀ ਲੀ ਥੀ ਕਿਰਾਏ ਪਰ। ਜੋ ਕੋਠੀ ਹਮਨੇ ਕਿਰਾਏ ਪਰ ਲੀ ਥੀ ਉਸਕੇ ਆਧੇ ਹਿੱਸੇ ਮੇਂ ਏਕ ਇੰਜੀਨੀਅਰ ਰਹਿਤਾ ਥਾ। ਤੋ ਵਹਾਂ ਯਹ ਮਹਿਸੂਸ ਕੀਯਾ ਗਯਾ ਕਿ ਅਗਰ ਸਿਰਫ਼ ਮਰਦ ਲੋਗ ਹੀ ਰਹੇਂਗੇ ਤੋ ਲੋਗ ਕਹੇਂਗੇ ਕਿ ਯਹ ਕਿਸ ਕਿਸਮ ਕੇ ਲੋਗ ਆ ਗਏ ਹੈਂ। ਤੋ ਫਿਰ ਹਮਨੇ ਸੁਸ਼ੀਲਾ ਜੀ ਕੋ ਭੀ ਬੁਲਾ ਲੀਯਾ ਕਲਕੱਤੇ ਸੇ। ਵਹ ਨੌਕਰੀ ਛੋੜ ਕਰ ਆ ਗਈ। ਮੈਂ ਤੋ ਵੈਸੇ ਹੀ ਘਰ ਛੋੜ ਚੁਕੀ ਥੀ। ਤੋ ਹਮ ਦੋਨੋਂ ਔਰਤੇਂ ਵਹਾਂ ਹੋ ਗਈ।

ਪ੍ਰ: ਤੋ ਆਪਨੇ ਨੌਕਰੀ ਭੀ ਛੋੜ ਦੀ ਹੋਗੀ ?

ਉ: ਵਹ ਤੋ ਅਪਨੇ ਆਪ ਹੀ ਛੂਟ ਗਈ ਥੀ। ਤੋ ਹਮ ਦੋਨੋਂ ਭੀ ਉਸੀ ਮੇਂ ਚਲੀ ਗਈ ਅਪਨਾ ਵੇਸ਼ ਬਦਲ ਕੇ। ਉਸੀ ਮੇਂ ਆਜ਼ਾਦ, ਉਸੀ ਮੇਂ ਭਗਵਤੀ ਚਰਨ, ਉਸੀ ਮੇਂ ਯਸ਼ਪਾਲ, ਸਭਨ ਲੋਗ ਉਸੀ ਮੇਂ ਰਹਿਤੇ ਥੇ। ਤੋ ਅਬ ਯੋਜਨਾ ਯਹ ਬਨੀ ਕਿ ਇਸ ਲੋਗੋਂ ਕੋ ਛੁੜਾਨਾ ਹੈ। ਤੋ ਅੰਦਰ-ਬਾਹਰ ਮੈਸੇਜ ਭੇਜਨੇ ਕਾ ਕੋਈ ਤਰੀਕਾ ਤੋ ਨਿਕਾਲਾ ਹੋਗਾ ਇਨ੍ਹੋਂ ਨੇ। ਬਹਿਰਹਾਲ ਯਹ ਤੈਅ ਹੂਆ ਕਿ ਹਮਾਰੇ ਦੋ ਆਦਮੀ ਬਾਹਰ ਲਾਅਨ ਮੇਂ ਬੈਠਕਰ ਤਾਸ਼ ਖੇਲੇਂਗੇ, ਔਰ ਯਹ ਪ੍ਰੋਗਰਾਮ ਭਗਤ ਸਿੰਘ ਕਾ ਹੀ ਬਨਾਯਾ ਹੂਆ ਥਾ, ਕਯੋਂਕਿ ਹਮ ਸਾਰਾ ਪ੍ਰੋਗਰਾਮ ਭਗਤ ਸਿੰਘ ਕਾ ਹੀ ਲੇਤੇ ਥੇ ਬਾਹਰ। ਤੋ ਹਮਾਰੇ ਰਾਜ-ਨੀਤਿਕ ਕੈਦੀਯੋਂ ਨੇ ਭੂਖ ਹੜਤਾਲ ਤੋ ਜਾਨ-ਬੂਝ ਕਰਾ ਹੀ ਕਰਤੇ ਥੇ ਕਯੋਂਕਿ ਇਸ ਬਾਤ ਮੇਂ ਪਬਲੀਸਿਟੀ ਹੋਤੀ ਥੀ। ਛੇੜਛਾੜੀ ਭੀ ਹੋਤੀ ਥੀ। ਤੋ ਵਹ ਭੂਖ ਹੜਤਾਲ ਕੀਏ ਹੂਏ ਥੇ ਤੋ ਭਗਤ ਸਿੰਘ ਉਨਕੋ ਮਨਾਨੇ ਕੇ ਲੀਯੇ ਜਾ ਰਹਾ ਥਾ ਕਿ ਭਾਈ ਤੁਮ ਹੜਤਾਲ ਤੋੜ ਦੋ। ਵਕੀਲੋਂ ਨੇ ਕਹਾ, ਸਭਨੇ ਕਹਾ ਤੋ

ਯਹ ਤੈਅ ਹੂਆ ਕਿ ਭਗਤ ਸਿੰਘ ਜਾਕਰ ਉਨਕੋ  ਨੇਤਾ ਕੇ ਤੌਰ ਪਰ ਮਨਾਏਗਾ ਕਿ ਅਬ ਤੋ ਤੋੜ ਦੋ, ਹਮਾਰੀ ਮਾਂਗੇ ਪੂਰੀ ਹੋ ਰਹੀ ਹੈਂ।

ਤੋ ਭਗਤ ਸਿੰਘ ਵਹਾਂ ਸੇ ਨਿਕਲੇਗਾ, ਬੋਸਟਲ ਜੇਲ੍ਹ ਸੇ, ਜੋ ਸਭ ਲੋਗ ਸਜ਼ਾ ਪਾਏ ਹੂਏ ਥੇ ਵਹ ਤੋ ਸੈਂਟਰਲ ਜੇਲ੍ਹ ਮੇਂ ਔਰ ਇਨਕਾ ਮੁਕੱਦਮਾ ਚਲ ਰਹਾ ਥਾ ਵਹ ਬੋਸਟਲ ਜੇਲ੍ਹ ਮੇਂ ਥੇ। ਥੋੜਾ ਫਾਸਲਾ ਥਾ ਬੀਚ ਮੇਂ ਔਰ ਇਸੀ ਕੇ ਆਗੇ ਹਮਾਰੀ ਕੋਠੀ ਥੀ ਔਰ  ਵਹਾਂ ਸਾਮਨੇ ਲਾਅਨ ਮੇਂ ਹਮਾਰੇ ਚਾਰ ਆਦਮੀ ਤਾਸ਼ ਖੇਲੇਂਗੇ। ਆਦਮੀਯੋਂ ਕੀ ਹਮਾਰੇ ਪਾਸ ਕਮੀ ਨਹੀਂ ਥੀ। ਭਗਤ ਸਿੰਘ ਕੀ ਵਜਹ ਸੇ ਪੰਜਾਬ ਮੇਂ ਤੋ ਐਸੀ ਜ਼ਿੰਦਗੀ ਆ ਗਈ ਥੀ ਕਿ ਜੋ ਬੜੇ-ਬੜੇ ਸਰਕਾਰੀ ਅਫ਼ਸਰ ਥੇ ਵੋਹ ਲੋਗ ਖ਼ੁਦ ਹੀ ਪੈਸਾ ਦੇਤੇ ਥੇ। ਅਬ ਹਮਕੋ ਭੀ ਜ਼ਰੂਰਤ ਨਹੀਂ ਰਹਿ ਗਈ ਥੀ ਕਿ ਡਾਕਾ ਵਗ਼ੈਰਾ ਡਾਲੇਂ ਯਾ ਕੁਛ ਔਰ ਕਰੇਂ, ਹਮਕੋ ਪੈਸੇ ਮਿਲਤੇ ਥੇ, ਹਰ ਤਰਹ ਕੀ ਸਹਾਇਤਾ ਮਿਲਤੀ ਥੀ।

ਖ਼ੈਰ ਭਗਤ ਸਿੰਘ ਕੋ ਛੁੜਾਨੇ ਮੇਂ, ਵਹ ਜਬ ਬੋਸਟਲ ਜੇਲ੍ਹ ਸੇ ਨਿਕਲੇਗਾ ਤੋ ਵਹੀ ਲੋਗ ਜੋ ਤਾਸ਼ ਖੇਲ ਰਹੇ ਹੈਂ, ਸੀਟੀ ਬਜਾਏਂਗੇ ਯਾ ਕਿਸੀ ਤਰਹ ਕਾ ਭੀ ਕੋਈ ਇਸ਼ਾਰਾ ਜੋ ਉਨ੍ਹੋਂ ਨੇ ਰੱਖਾ ਹੋਗਾ, ਕਰੇਂਗੇ। ਔਰ ਭਗਤ ਸਿੰਘ ਜਬ ਬੈਠ ਰਹਾ ਹੋਗਾ ਯਾ ਕਯਾ ਹੈ ਮੁਝੇ ਪੂਰੀ ਡੀਟੇਲਜ਼ ਯਾਦ ਨਹੀਂ ਹੈ ਤੋ ਉਸ ਵਕਤ ਚੰਦਰਸ਼ੇਖਰ ਵਗ਼ੈਰਾ ਅਪਨੀ ਕਾਰ ਲੇਕਰ ਨਜ਼ਦੀਕ ਜਾਏਂਗੇ ਔਰ ਅਟੈਕ ਕਰੇਂਗੇ। ਦੋ-ਚਾਰ ਆਦਮੀ ਪੀਛੇ ਰਹੇਂਗੇ ਜਿਨਕੇ ਪਾਸ ਬੰਬ ਭੀ ਹੋਂਗੇ। ਤੋ ਅਟੈਕ ਮੇਂ ਪੁਲਿਸ ਵਾਲੇ ਤੋ ਹੋਤੇ ਹੀ ਹੈਂ ਜੇਲ੍ਹ ਵਾਲੋਂ ਕੇ ਸਾਥ, ਤੋ ਉਨਕੋ ਰੋਕੇਂਗੇ। ਇਸ ਤਰਹ ਸੇ ਥੀ ਹਮਾਰੀ ਯੋਜਨਾ। ਮਗਰ ਹੂਆ ਯਹ ਕਿ ਜਬ ਵਹ ਬੰਬ ਬਨਾਨੇ ਆਗਰੇ ਸੇ ਪਹੁੰਚੇ ਤੋ ਮੇਰੇ ਪਤੀ ਯਹ ਕਹਿਨੇ ਲਗੇ ਕਿ ਇਨਕੋ ਪਹਿਲੇ ਦੇਖਨਾ ਚਾਹੀਏ ਤਜਰਬਾ ਕਰਕੇ ਕਿ ਠੀਕ ਹੈਂ ਯਾ ਨਹੀਂ। ਤੋ ਏਕ ਦਿਨ ਬਸ ਵਹ ਦੁਪਹਿਰ ਕੋ ਖਾਨੇ ਕੇ ਬਾਅਦ...

ਪ੍ਰ: ਕਯਾ ਵੋਹ ਜੋ ਸਕੀਮ ਥੀ ਉਸਸੇ ਪਹਿਲੇ ਕੀਯਾ ਹੂਯਾ ਥਾ ?

ਉ: ਹਾਂ ਪਹਿਲੇ। ਰਿਹਰਸਲ ਤੋ ਰੋਜ਼ ਹੋ ਰਹੀ ਥੀ, ਲੋਗ ਜਾਤੇ ਥੇ, ਬੈਠਤੇ ਥੇ ਕਿ ਕੋਈ ਚੀਜ਼ ਉਠ ਨਾ ਜਾਏ। ਵੋਹ ਤੋ ਅਕਸਰ ਸਾਈਡ ਬਾਈ ਸਾਈਡ ਚਲ ਰਹਾ ਥਾ ਮਗਰ ਜੋ ਦਿਨ ਤੈਅ ਕੀਯਾ ਥਾ ਵੋਹ ਦਿਨ ਨਹੀਂ ਥਾ। ਯਹ ਤੋ ਉਨ੍ਹੋਂ ਨੇ ਕਹਾ ਕਿ ਹਮ ਚਲ ਕਰ ਪਹਿਲੇ ਤਜਰਬਾ ਕਰ ਲੇਂ ਤੋ ਸੁਖਦੇਵ ਰਾਜ, ਮੇਰਾ ਖ਼ਯਾਲ ਹੈ ਵੈਸ਼ਮਪਾਇਨ, ਸੁਖਦੇਵ ਰਾਜ ਯਹ ਦੂਸਰਾ ਹੈ...

ਪ੍ਰ: ਕਯਾ ਸੁਖਦੇਵ ਰਾਜ ਦੋ ਥੇ ?

ਉ: ਹਾਂ, ਦੋ ਥੇ।

ਪ੍ਰ: ਪਹਿਲਾ ਕੌਨ ਥਾ ?

ਉ: ਯਹ ਜਿਸਕਾ ਅਭੀ ਜ਼ਿਕਰ ਕਰ ਰਹੇ ਹੈਂ, ਜਿਸਕੋ ਫਾਂਸੀ ਹੂਈ ਭਗਤ ਸਿੰਘ ਕੇ ਸਾਥ।

ਪ੍ਰ: ਯਹ ਕਹਾਂ ਕੇ ਰਹਿਨੇ ਵਾਲੇ ਥੇ ?

ਉ: ਯਹ ਲਾਇਲਪੁਰ ਕਾ ਥਾ।

ਪ੍ਰ: ਯਾਨਿ ਕਿ ਪੰਜਾਬ ਕੇ ਹੀ ਥੇ।

ਉ: ਹਾਂ ਪੰਜਾਬ ਕਾ ਹੀ ਥਾ, ਲੇਕਿਨ ਖੱਤਰੀ ਥਾ, ਥਾਪੜ ਥਾ।

ਪ੍ਰ: ਇਨਕੇ ਪਿਤਾ ਜੀ ਕਯਾ ਕਰਤੇ ਥੇ ?

ਉ: ਇਨਕੇ ਪਿਤਾ ਜੀ ਨਹੀਂ ਥੇ। ਇਨਕੇ ਚਾਚਾ ਥੇ ਜੋ ਬਿਜ਼ਨੇਸ ਕਰਤੇ ਥੇ ਔਰ ਮਾਂ ਥੀ। ਪਰ ਯਹ ਖ਼ੁਸ਼ ਨਹੀਂ ਥਾ ਅਪਨੇ ਘਰ ਮੇਂ। ਯਹ ਜਬ ਪਾਰਟੀ ਮੇਂ ਆਯਾ ਤੋ ਹਮ ਸਭ ਲੋਗੋਂ ਕੋ ਛੇੜਤਾ ਥਾ, ਔਰ ਆਦਮੀ ਬਹੁਤ ਬੜ੍ਹੀਆ ਥਾ। ਲੇਕਿਨ ਭਿੜਤਾ ਥਾ ਲੜਤਾ ਤੋ ਵਹ ਇਸ ਲੀਏ ਥਾ ਕਿ ਵੋਹ ਅਪਨੇ ਘਰ ਮੇਂ ਬਹੁਤ ਦੁਖੀ ਥਾ।

ਪ੍ਰ: ਕੈਸੇ ਦੁਖੀ ਥਾ, ਕਯੋਂ ਥਾ ?

ਉ: ਘਰ ਕਾ ਵਾਤਾਵਰਨ ਪਸੰਦ ਨਹੀਂ ਹੋਗਾ।

ਪ੍ਰ: ਦੂਸਰਾ ਸੁਖਦੇਵ ਰਾਜ ਕੌਨ ਥਾ ?

ਉ: ਦੂਸਰਾ ਸੁਖਦੇਵ ਰਾਜ ਏਕ ਔਰ ਥਾ ਜੋ ਡੀ.ਏ.ਵੀ. ਕਾਲਜ ਮੇਂ ਪੜ੍ਹਤਾ ਥਾ। ਜਿਸਨੇ ਹਮ ਸਭ ਲੋਗੋਂ ਕੇ ਸਾਥ, ਯਸ਼ਪਾਲ ਕੇ ਸਾਥ, ਮੇਰੇ ਪਤੀ ਕੇ ਸਾਥ ਮੇਂ ਹੀ ਪੜ੍ਹਾਈ ਛੋੜੀ ਥੀ। ਯਹ ਵਹ ਥਾ, ਉਸਕੀ ਮੌਤ ਹੋ ਗਈ ਹੈ।

ਪ੍ਰ: ਵਹ ਕਹਾਂ ਕਾ ਰਹਿਨੇ ਵਾਲਾ ਥਾ ਸੁਖਦੇਵ ਰਾਜ ?

ਉ: ਵਹੀ ਸ਼ਾਇਦ ਲਾਹੌਰ ਕਾ ਰਹਿਨੇ ਵਾਲਾ ਥਾ।

ਪ੍ਰ: ਤੋਂ ਹਾਂ ਵਹ ਤਜਰਬੇ ਕੀ ਬਾਤ ਚਲ ਰਹੀ ਥੀ...

ਉ: ...ਹਾਂ ਤੋ ਸੁਖਦੇਵ ਰਾਜ ਕੋ ਔਰ ਵੈਸ਼ਮਪਾਇਨ ਕੋ ਸਾਥ ਲੇਕਰ ਦੁਪਹਿਰ ਕੋ ਏਕ ਬਜੇ ਕੇ ਕਰੀਬ ਰਾਵੀ ਕੇ ਕਿਨਾਰੇ ਪਰ ਗਏ। ਵਹ ਬੰਬ ਕੀ ਕੋਈ ਪਿੰਨ ਗ਼ਲਤ ਥੀ ਜੋ ਢੀਲੀ ਥੀ, ਵਹੀਂ ਫਟ ਗਯਾ। ਔਰ ਫਟਨੇ ਸੇ ਸਾਰਾ ਊਪਰ ਪੜ ਗਯਾ। ਵੈਸੇ ਹਮ ਲੋਗੋਂ ਨੇ ਡਾਕਟਰੋਂ ਕਾ ਭੀ ਇੰਤਜ਼ਾਮ ਕੀਯਾ ਹੂਆ ਥਾਂ, ਫਸਟ-ਏਡ ਕਾ ਭੀ ਇੰਤਜ਼ਾਮ ਥਾ। ਡਾਕਟਰ ਮੌਜੂਦ ਥੇ, ਫਸਟ-ਏਡ ਭੀ, ਲੇਕਿਨ ਅਭੀ ਤੋ ਕੋਈ ਐਕਸ਼ਨ ਨਹੀਂ ਹੋ ਰਹਾ ਥਾ ਕਿ ਹਮ ਲੋਗ ਉਸਕੇ ਲੀਏ ਏਕਦਮ ਸੇ ਤੈਯਾਰ ਹੋਤੇ। ਤੋ ਖ਼ੈਰ ਉਸਮੇਂ ਯਹ ਹੂਆ ਕਿ ਵੋਹ...ਫਟ ਗਯਾ ਤੋ ਸੁਖਦੇਵ ਆਯਾ ਘਰ ਮੇਂ ਤੋ ਉਸਨੇ ਬਤਾਯਾ...

ਪ੍ਰ: ਤੋ ਕਯਾ ਵਹ ਭਗਵਤੀ ਚਰਨ ਪਰ ਪੜ ਗਯਾ ਥਾ ?

**ਉ:** ਹਾਂ, ਉਪਰ ਪੜ ਗਯਾ ਥਾ । ਸੁਖਦੇਵ ਰਾਜ ਜੋ ਥਾ ਇਸਕੇ ਪੈਰ ਮੇਂ ਭੀ ਚੋਟ ਆਈ, ਇਸਕੇ ਪੈਰ ਮੇਂ ਭੀ ਧਸ ਗਯਾ ਯਾ । ਤੋ ਯਹ ਕਿਸੀ ਤਰਹ ਤਾਂਗੇ ਮੇਂ ਘਰ ਪਹੁੰਚਾ ਤੋ ਇਸਨੇ ਆਕਰ ਇਤਲਾਹ ਦੀ । ਸਭ ਲੋਗ ਪਰੇਸ਼ਾਨ ਹੋ ਗਏ । ਉਸਕੇ ਬਾਅਦ ਮੇਂ ਧਨਵੰਤਰੀ ਜੀ ਕੋ ਬੁਲਾਯਾ ਗਯਾ । ਧਨਵੰਤਰੀ ਅਭੀ ਬਾਹਰ ਹੀ ਰਹਿਤਾ ਥਾ । ਤੋ ਫਿਰ ਹੂਆ ਯਹ ਕਿ ਯਸ਼ਪਾਲ ਨਿਕਲੇ ਔਰ ਇਨ੍ਹੋਂ ਨੇ ਡਾਕਟਰ ਵਗੈਰਾ ਕੋ ਢੂੰਡਨਾ ਸ਼ੁਰੂ ਕਿਯਾ । ਏਕ ਆਧ ਅਪਨਾ ਸਾਥੀ ਭੀ ਢੂੰਡਾ । ਔਰ ਇਸ ਤਰਹ ਕਰਤੇ-ਕਰਾਤੇ ਕਾਫੀ ਟਾਈਮ ਨਿਕਲ ਗਯਾ । ਜਬ ਵਹਾਂ ਪਹੁੰਚੇ ਤੋ ਇਨ ਲੋਗੋਂ ਕੇ ਕਹਿਨੇ ਕੇ ਅਨੁਸਾਰ ਵਹ ਆਖਰੀ ਘੜੀਆਂ ਥੀਂ, ਤੋ ਉਨ੍ਹੋਂ ਨੇ (ਮੇਰੇ ਪਤੀ ਨੇ) ਕਹਾ ਕਿ ਅਬ ਮੁਝੇ ਬੇਕਾਰ ਲੇ ਜਾਓਗੇ, ਵਹਾਂ ਔਰ ਲੋਗ ਫਸੇਂਗੇ, ਯਹੀਂ ਠੀਕ ਹੈ, ਮੈਂ ਤੋ ਖ਼ਤਮ ਹੋ ਹੀ ਰਹਾ ਹੂੰ, ਮੈਨੇ ਜੋ ਕਾਮ ਤੈਅ ਕੀਯਾ ਥਾਂ ਵਹ ਚਲਨਾ ਚਾਹੀਏ ।

**ਪ੍ਰ:** ਤੋ ਆਪਕੋ ਕਬ ਪਤਾ ਚਲਾ ਇਸ ਬਾਤ ਕਾ ?

**ਉ:** ਵਹੀਂ ਜਬ ਸੁਖਦੇਵ ਰਾਜ ਆਯਾ ਵਾਪਿਸ । ਉਸਕੇ ਪੈਰ ਮੇਂ ਭੀ ਚੋਟ ਲਗੀ ਥੀ, ਤੋ ਵਹ ਲੌਟ ਕੇ ਆਯਾ ਤੋ ਉਸਨੇ ਹਮੇਂ ਬਤਾਯਾ ।

ਪ੍ਰ: ਤੋ ਆਪ ਵਹਾਂ ਗਏ ?

**ਉ:** ਨਹੀਂ, ਹਮ ਲੋਗ ਨਹੀਂ ਗਏ । ਤੀਨ-ਚਾਰ ਆਦਮੀ ਗਏ । ਹਮ ਲੋਗ ਇਸ ਲੀਏ ਨਹੀਂ ਗਏ ਕਯੋਂਕਿ ਆਜ਼ਾਦ ਨੇ ਕਹਾ ਕਿ ਵਹਾਂ ਜਾਨਾ ਸੁਰੱਕਸ਼ਿਤ ਨਹੀਂ ਹੈ । ਤੋ ਰਾਤ ਕੋ ਤੀਨ-ਚਾਰ ਬਜੇ ਆਜ਼ਾਦ, ਧਨਵੰਤਰੀ, ਪਹਿਲੇ ਤੋ ਯਸ਼ਪਾਲ ਗਏ, ਸਾਮਾਨ ਲੇ ਕਰ ਫਸਟ-ਏਡ ਕਾ, ਪਰ ਅਬ ਦੇਰ ਹੋ ਚੁਕੀ ਥੀ । ਤੋ ਉਸਕੇ ਬਾਅਦ ਫਿਰ ਰਾਤ ਕੋ ਚੰਦਰਸ਼ੇਖਰ ਆਜ਼ਾਦ, ਧਨਵੰਤਰੀ ਔਰ ਦੋ-ਚਾਰ ਆਦਮੀ ਔਰ (ਨਾਮ ਤੋ ਮੁਝੇ ਯਾਦ ਨਹੀਂ) ਉਨ੍ਹੋਂ ਨੇ ਉਨ੍ਹੇਂ ਵਹੀਂ ਪਰ ਦਫ਼ਨਾ ਦੀਯਾ ।

**ਪ੍ਰ:** ਸਸਕਾਰ ਨਹੀਂ ਕੀਯਾ ?

ਉ: ਸਸਕਾਰ ਵਗੈਰਾ ਜੋ ਕੁਛ ਭੀ ਕੀਯਾ, ਵਹੀਂ ਪਰ ਕੀਯਾ ।

**ਪ੍ਰ:** ਤੋ ਉਸ ਵਕਤ ਆਪਕਾ ਲੜਕਾ ਕਿਤਨੀ ਉਮਰ ਕਾ ਥਾ ?

**ਉ:** ਤੀਨ ਸਾਲ ਕਾ ਹੋਗਾ ।

ਪ੍ਰ: ਯਹੀ ਬੱਚਾ ਜੋ ਆਪਕੇ ਸਾਥ ਹੈ ?

**ਉ:** ਨਹੀਂ, ਵਹ ਆਜਕਲ ਯਹਾਂ ਨਹੀਂ ਹੈ । ਬਾਹਰ ਗਯਾ ਹੂਆ ਹੈ ।

**ਪ੍ਰ:** ਉਸਕੇ ਬਾਅਦ ਆਪ ਯਹੀਂ ਰਹੇ ਯਾ ਲਖਨਊ ਮੇਂ ?

ਉ: ਨਹੀਂ, ਉਸਕੇ ਬਾਅਦ ਮੈਂ ਪਕੜੀ ਗਈ । ਉਸਕੇ ਬਾਅਦ ਫਿਰ ਹੂਆ ਯਹ ਕਿ... ਯਹ ਬਹੁਤ ਲੰਬੀ ਕਹਾਨੀ ਹੈ ।

**ਪ੍ਰ:** ਉਸ ਸਕੀਮ ਕਾ ਕਯਾ ਹੂਆ ?

ਉ: ਵਹ ਸਕੀਮ ਫੇਲ੍ਹ ਹੋ ਗਈ । ਕੋਈ ਐਕਸ਼ਨ ਤੋ ਹੋ ਨਹੀਂ ਸਕਾ । ਉਸਕੇ ਸਾਥ ਹੀ ਦੂਸਰੀ ਦੁਰਘਟਨਾ ਯਹ ਹੂਈ ਵਹ ਯਹ ਕਿ ਯਹਾਂ ਘਰ ਮੇਂ ਦੋ ਬੰਬ ਰੱਖੇ ਹੂਏ ਥੇ ਅਲਮਾਰੀ ਮੇਂ । ਯਸ਼ਪਾਲ ਸੋ ਰਹੇ ਥੇ ਏਕ ਕਮਰੇ ਮੇਂ, ਮੈਂ ਔਰ ਸੁਸ਼ੀਲਾ ਜੀ ਏਕ ਕਮਰੇ ਮੇਂ, ਚੰਦਰਸ਼ੇਖਰ ਆਜ਼ਾਦ ਔਰ ਬਾਕੀ ਲੋਗ ਏਕ ਕਮਰੇ ਮੇਂ ਥੇ । ਤੋ ਯਸ਼ਪਾਲ ਕੇ ਕਮਰੇ ਮੇਂ ਬੰਬ ਫਟ ਗਯਾ, ਪੰਖਾ ਚਲਾਯਾ ਨਾ ਰਾਤ ਕੋ, ਮਈ ਕਾ ਮਹੀਨਾ ਥਾਂ, ਤੋ ਪੰਖਾ ਜੈਸੇ ਹੀ ਬੰਦ ਕੀਯਾ ਤੋ ਗਰਮੀ ਸੇ ਵਹ ਫਟ ਗਯਾ । ਤੋ ਯਹ ਸਭ ਨਿਕਲ ਆਏ ਔਰ ਜਬ ਬੰਬ ਫਟ ਗਯਾ ਤੋ ਯਹ ਸੋਚ ਕੇ ਯਹ ਸਾਥ ਵਾਲੇ ਜ਼ਰੂਰ ਇਤਲਾਹ ਕਰੇਂਗੇ, ਬਤਲਾਏਂਗੇ ਲੋਗੋਂ ਕੋ । ਤੋ ਚੰਦਰਸ਼ੇਖਰ ਆਜ਼ਾਦ ਕੋਠੀ ਸੇ ਨਿਕਲੇ ਔਰ ਸਾਥ ਵਾਲੇ ਇੰਜੀਨੀਅਰ ਕੇ ਯਹਾਂ ਗਏ । ਰਿਵਾਲਵਰ ਉਨਕੇ ਹਾਥ ਮੇਂ ਥਾ । ਚੰਦਰਸ਼ੇਖਰ ਆਜ਼ਾਦ ਨੇ ਇੰਜੀਨੀਅਰ ਕੋ ਕਹਾ, "ਦੇਖੋ, ਤੁਮ ਸਰਕਾਰੀ ਮੁਲਾਜ਼ਮ ਹੋ, ਤੁਮ ਪੁਲਿਸ ਕੋ ਅਭੀ ਇਤਲਾਹ ਮਤ ਕਰੋ, ਆਧੇ ਘੰਟੇ ਕੇ ਬਾਅਦ ਮੇਂ ਕਰਨਾ, ਹਮ ਲੋਗ ਇਨਕਲਾਬੀ ਹੈਂ, ਜਬ ਹਮ ਯਹਾਂ ਸੇ ਹਟ ਜਾਏਂਗੇ, ਤਬ ਇਤਲਾਹ ਕਰ ਦੇਨਾ ।" ਵਹ ਬੇਚਾਰਾ ਮਾਨ ਗਯਾ । ਸਾਮਾਨ ਵਗੈਰਾ ਤੋ ਹਮਾਰੇ ਪਾਸ ਇਤਨਾ ਨਹੀਂ ਥਾ, ਹਮ ਸਭ ਲੋਗ ਜਲਦੀ-ਜਲਦੀ ਨਿਕਲ ਗਏ । ਮੈਂ ਤੋ ਕੇਵਲ ਕ੍ਰਿਸ਼ਨ ਇੰਜੀਨੀਅਰ ਥੇ, ਲਾਹੌਰ ਮੇਂ, ਵਹੀਂ ਹਮਕੋ ਬੰਬ ਵਗੈਰਾ ਕਾ ਮਸਾਲਾ ਬਤਾਤਾ ਥਾ, ਪਤਾ ਨਹੀਂ ਵਹ ਬੇਚਾਰਾ ਜ਼ਿੰਦਾ ਭੀ ਹੈ ਯਾ ਨਹੀਂ, ਅਗਰ ਜ਼ਿੰਦਾ ਹੈ ਤੋ ਕਹੀਂ ਯਹ ਬਾਤ ਉਸਕੇ ਖ਼ਿਲਾਫ਼ ਨਾ ਜਾਏ, ਖ਼ੈਰ ਉਸਕੇ ਯਹਾਂ ਹਮਕੋ ਪੰਦਰਾਂ ਦਿਨ ਰਹਿਨਾ ਪੜਾ ਕਯੋਂਕਿ ਵਹਾਂ ਸੇ ਕਿਸੀ ਕਾ ਭੀ ਨਿਕਲਨਾ ਮੁਸ਼ਕਿਲ ਥਾ । ਫਿਰ ਧੀਰੇ-ਧੀਰੇ ਜਿਸਕੋ ਭੀ ਜਿਸ ਤਰਫ਼ ਰਾਸਤਾ ਮਿਲਾ ਯਹ ਹਮਕੋ ਕਿਸੀ ਕੋ ਭੀ ਨਹੀਂ ਮਾਲੂਮ, ਤੋ ਸਭ ਲੋਗ ਨਿਕਲੇ ਵਹਾਂ ਸੇ । ਸੁਸ਼ੀਲਾ ਜੀ ਅਪਨੀ ਕਿਸੀ ਸਹੇਲੀ ਕੇ ਯਹਾਂ ਚਲੀ ਗਈ । ਤੋ ਕਿਸੀ ਤਰਹ ਸੇ ਕਰ-ਕਰਾ ਕੇ ਹਮ ਦਿੱਲੀ ਆਏ । ਦਿੱਲੀ ਮੇਂ ਸਕੀਮੇਂ ਬਨਤੀ ਰਹੀ । ਉਸਕੇ ਬਾਅਦ ਭਗਤ ਸਿੰਘ ਕੋ ਫਾਂਸੀ ਕੀ ਸਜ਼ਾ ਹੂਈ । ਜਬ ਭਗਤ ਸਿੰਘ ਕੋ ਫਾਂਸੀ ਕਾ ਐਲਾਨ ਹੂਆ ਤੋ ਉਸ ਵਕਤ ਮੈਂ, ਚੰਦਰਸ਼ੇਖਰ ਆਜ਼ਾਦ, ਔਰ ਲੋਗ ਕਾਨਪੁਰ ਮੇਂ ਥੇ ।

ਪ੍ਰ: ਆਪ ਕਾਨਪੁਰ ਕਬ ਗਏ ਥੇ ?

**ਉ:** ਮੈਂ ਬਤਾਤੀ ਹੂੰ । ਤੋ ਕਾਨਪੁਰ ਮੇਂ ਜਬ ਯਹ ਹੂਆ ਤੋ ਹਮਨੇ ਭਈਆ ਸੇ ਕਹਾ (ਚੰਦਰਸ਼ੇਖਰ ਆਜ਼ਾਦ ਕੋ ਹਮ ਭੱਈਆ ਹੀ ਕਹਿਤੇ। ਥੇ) ਕਿ ਅਬ ਤੋ ਹਮੇਂ ਕੁਛ ਕਰਨਾ ਚਾਹੀਏ । ਯਹ ਤੋ ਬਹੁਤ ਗ਼ਲਤ ਬਾਤ ਹੈ ਕਿ ਯੇਹ ਫਾਂਸੀ ਲਟਕਾ ਦੇਂ ਹਮਾਰੇ ਇਤਨੇ ਮਹੱਤਵਪੂਰਨ ਆਦਮੀ ਕੋ । ਔਰ ਨਾ ਗਾਂਧੀ ਜੀ ਕੁਛ ਕਰ ਰਹੇ ਹੈਂ ਔਰ ਨਾ ਵੋਹ

ਲੋਗ ਕੁਛ ਕਰ ਰਹੇ ਹੈਂ । ਤੋ ਮੈਂ ਪਹਿਲੇ ਦਿੱਲੀ ਮੇਂ ਗਾਂਧੀ ਜੀ ਸੇ ਮਿਲੀ ਥੀ ਸੰਨ 1930 ਮੇਂ, ਦਿਨ ਮੁਝੇ ਯਾਦ ਨਹੀਂ । ਮੈਂ ਗਾਂਧੀ ਜੀ ਕੋ ਰਾਤ ਕੇ 12 ਬਜੇ ਡਾ. ਅਨਸਾਰੀ ਕੀ ਕੋਠੀ ਪਰ ਮਿਲੀ । ਮੈਂ ਔਰ ਸੁਸ਼ੀਲਾ ਜੀ ਦੋਨੋਂ ਥੀਂ ਔਰ ਗਾਂਧੀ ਜੀ ਸੇ ਕਹਾ ਕਿ ਦੇਖੋ ਆਪ 'ਗਾਂਧੀ ਇਰਵਿਨ ਪੈਕਟ' ਮੇਂ ਜਾ ਰਹੇ ਹੈਂ (ਰਾਊਂਡ ਟੇਬਲ ਕਾਨਫਰੰਸ) ਆਪ ਹਮਾਰੇ ਭਗਤ ਸਿੰਘ ਕੀ ਜ਼ਿੰਦਗੀ ਭੀ ਰਖੀਏ ਇਸ ਮੇਂ । ਜੈਸੇ ਕਿ ਕਾਂਗਰਸ ਕੇ ਲੋਗੋਂ ਕੋ ਛੁੜਾਨੇ ਕੇ ਲੀਏ ਰਖੀ ਥੀ, ਤੋ ਹਮਨੇ ਕਹਾ ਕਿ ਭਗਤ ਸਿੰਘ ਕੀ ਭੀ ਰਖੀਏ । ਤੋ ਗਾਂਧੀ ਜੀ ਨੇ ਕਹਾ ਕਿ ਭਈ ਯਹ ਤੋ ਹਿੰਸਾ-ਅਹਿੰਸਾ ਕਾ ਮਾਮਲਾ ਹੈ ਔਰ ਹਮ ਤੋ ਇਸਮੇਂ ਵਿਸ਼ਵਾਸ ਨਹੀਂ ਰਖਤੇ । ਤੋ ਖ਼ੈਰ ਫਿਰ ਹਮਨੇ ਚੰਦਰਸ਼ੇਖਰ ਆਜ਼ਾਦ ਸੇ ਕਹਾ ਕਿ ਅਬ ਤੋ ਕੁਛ ਕਰਨਾ ਚਾਹੀਏ ਹਮੇਂ । ਤੋ ਆਜ਼ਾਦ ਨੇ ਹਮਕੋ ਬੰਬੇ ਭੇਜ ਦੀਯਾ । ਬੰਬੇ ਜਾਕਰ ਕੇ...ਵਹਾਂ ਭੀ ਏਕ ਨੇਤਾ ਥੇ ਸਰਦਾਰ ਪ੍ਰਿਥਵੀ ਸਿੰਘ ਪੁਰਾਨੀ ਗ਼ਦਰ ਪਾਰਟੀ ਕੇ...।

ਪ੍ਰ: ਬਾਬਾ ਪ੍ਰਿਥੀ ਸਿੰਘ ਆਜ਼ਾਦ ।

ਉ: ਹਾਂ, ਬਾਬਾ ਪ੍ਰਿਥਵੀ ਸਿੰਘ ਆਜ਼ਾਦ । ਵਹ ਅਬ ਭੀ ਕਈ ਬਾਰ ਹਮਾਰੇ ਪਾਸ ਆਏ ਹੈਂ । ਯਹ ਵਹਾਂ ਕੇ ਨੇਤਾ ਥੇ । ਤੋ ਹਮ ਲੋਗੋਂ ਨੇ ਯਹ ਤੈਅ ਕੀਯਾ ਕਿ ਲਾਰਡ ਹੇਲੀ ਥਾ ਵਹਾਂ, ਵਹ ਪਹਿਲੇ ਪੰਜਾਬ ਕਾ ਗਵਰਨਰ ਰਹਿ ਚੁਕਾ ਥਾ, ਤੋ ਹਮਨੇ ਕਹਾ ਕਿ ਉਸਕੋ ਖ਼ਤਮ ਕਰਨਾ ਹੈ । ਯਹ ਤੈਅ ਕੀਯਾ ਗਯਾ ਕਿ ਉਸਕੋ ਗੋਲੀ ਮਾਰੇਂਗੇ ਬਾਅਦ ਮੇਂ ਪਬਲੀਸਿਟੀ ਕਰੇਂਗੇ ਕਿ ਹਮਨੇ ਐਸਾ ਕਯੋਂ ਕੀਯਾ ? ਤੋ ਮਾਲਾਬਾਰ ਹਿੱਲ ਪਰ ਰਹਿਤਾ ਥਾ ਵਹ ਗਵਰਨਰ । ਤੋ ਸਕੀਮ ਯਹ ਬਨੀ ਕਿ ਮੈਂ ਕੋਈ ਪਾਰਸੀ ਲੇਡੀ ਕੀ ਹੈਸੀਅਤ ਸੇ ਵਹਾਂ ਪਰ ਜਾਊਂਗੀ, ਉਸਕੋ ਅਪਨਾ ਕਾਰਡ ਪੇਸ਼ ਕਰੂੰਗੀ ਔਰ ਜਬ ਵਹ ਕਾਰਡ ਦੇਖ ਰਹਾ ਹੋਗਾ ਉਸ ਵਕਤ ਦੋ ਆਦਮੀ ਉਸਕੋ ਗੋਲੀ ਮਾਰੇਂਗੇ । ਯਹ ਬੜੀ ਸ਼ੇਖਚਿੱਲੀ ਜੈਸੀ ਬਾਤੇਂ ਲਗਤੀ ਹੈਂ ਅਬ ਕਰਤੇ ਹੈਂ ਤੋ । ਲੇਕਿਨ ਸੱਚਾਈ ਯਹ ਹੈ ਕਿ ਹੋਤੇ ਹੀ ਐਸੇ ਥੇ ਕਾਮ । ਖ਼ੈਰ ! ਤੋ ਹਮਨੇ ਰਿਹਰਸਲ ਸ਼ੁਰੂ ਕਰ ਦੀ ਜੈਸੇ ਕਿ ਕੋਈ ਭੀ ਡਰਾਮਾ ਸ਼ੁਰੂ ਕਰਨੇ ਸੇ ਪਹਿਲੇ ਰਿਹਰਸਲ ਕੀ ਜਾਤੀ ਹੈ । ਜੈਸੇ ਕਿ ਲਾਹੌਰ ਮੇਂ ਭਗਤ ਸਿੰਘ ਕੋ ਛੁੜਾਨੇ ਕੇ ਲੀਏ ਰਿਹਰਸਲ ਹੁਈ ਥੀ ਵੈਸੇ ਯਹਾਂ ਭੀ ਰਿਹਰਸਲ ਸ਼ੁਰੂ ਹੁਈ ਔਰ ਰਿਹਰਸਲ ਕਰਨੇ ਵਾਲੇ ਐਸੇ ਬੇਵਕੂਫ ਥੇ ਕਿ ਵਹ ਪਹਿਲੇ ਪੁਲਿਸ ਵਾਲੋਂ ਕੋ ਪਤਾ ਲਗ ਗਯਾ ਔਰ ਸਾਰੇ ਪੰਜਾਬ ਕੀ ਜੋ ਪੁਲਿਸ ਹੈ ਵਹ ਮਾਲਾਬਾਰ ਹਿੱਲ ਮੇਂ ਖੜੀ ਥੀ । ਕੋਈ ਭੀ ਗਾੜੀ ਜਾਤੀ ਤੋ ਉਸਕਾ ਨੰਬਰ ਲਿਖਤੇ ਥੇ, ਕੋਈ ਭੀ ਚੀਜ਼ ਜਾਏ ਵਹ ਪੂਛਤੇ ਥੇ । ਤੋ ਕੁਦਰਤੀ ਹੀ ਵਹਾਂ ਜਾਨਾ ਸੇਫ਼ ਨਹੀਂ ਥਾ । ਤੋ ਇਤਨੇ ਮੇਂ ਮਾਲਾਬਾਰ ਹਿੱਲ ਸੇ ਏਕ ਗਾੜੀ ਆਈ ਔਰ ਸਿਨਮੇ ਕੇ ਆਗੇ ਰੁਕੀ । ਉਸ ਗਾੜੀ ਮੇਂ ਸਭ ਲੋਗ ਤਗਮੇਂ-ਵਗਮੇਂ ਲਗਾਏ ਹੁਏ, ਪੁਲਿਸ ਅਫਸਰ ਹੀ ਲਗ ਰਹੇ ਥੇ । ਰਾਤ ਕਾ ਵਕਤ ਥਾ, ਸਾਢੇ ਗਿਆਰਾਂ ਬਜ ਚੁਕੇ ਥੇ ਘੂਮਤੇ-ਘੂਮਤੇ । ਪ੍ਰਿਥਵੀ ਸਿੰਘ ਨੇ ਤੈਅ ਕੀਯਾ ਕਿ ਅਬ ਤੋ ਕੁਛ ਕਰ ਕੇ ਹੀ ਜਾਨਾ ਹੈ ਤੋ ਉਨ੍ਹੋਂ ਨੇ ਆਰਡਰ ਦੇ ਦੀਯਾ 'ਸ਼ੂਟ', ਤੋ ਹਮਨੇ ਪਿਸਤੌਲ ਚਲਾ ਦੀ ਉਸੀ ਗਾੜੀ ਕੇ ਊਪਰ । ਔਰ ਕਮਬਖ਼ਤ ਕੋਈ ਸਾਰਜੈਂਟ ਨਿਕਲਾ, ਉਸਕੇ ਏਕ ਹਾਥ ਪਰ ਗੋਲੀ ਲਗੀ, ਏਕ ਟਾਇਰ ਫਟ ਗਯਾ । ਪਤਾ ਨਹੀਂ ਕਿਯਾ ਹੂਆ ਲੇਕਿਨ ਵਹ ਮਰਾ ਨਹੀਂ ਔਰ ਨਾ ਹੀ ਉਸਕੋ ਮਾਰਨੇ ਕਾ ਮਤਲਬ ਥਾ । ਤੋ ਉਸਕੇ ਬਾਅਦ ਯਹਾਂ ਆ ਗਏ ਕਾਨਪੁਰ । ਕਾਨਪੁਰ ਸੇ ਮੇਂ ਇਲਾਹਾਬਾਦ ਚਲੀ ਗਈ ।

ਪ੍ਰ: ਤੋ ਫਿਰ ਪਕੜਾ ਨਹੀਂ ਉਨ੍ਹੋਂ ਨੇ ਕਿਸੀ ਕੋ ?

ਉ: ਪਕੜਤੇ ਕੈਸੇ ? ਪਤਾ ਹੀ ਨਹੀਂ ਥਾ ਕਿਸੀ ਕੋ । ਸ਼ਾਰਦਾ ਬਹਿਨ ਹਮਾਰਾ ਨਾਮ ਥਾ । ਹਮ ਭਾਗ ਗਏ ਵਹਾਂ ਸੇ ਰਾਤੋ-ਰਾਤ ਕਾਰ ਥੀ ਅਪਨੇ ਪਾਸ । ਲੇਕਿਨ ਕੇਸ ਚਲਾ ਬਾਅਦ ਮੇਂ । ਕੇਸ ਯੂੰ ਚਲਾ ਕਿ ਸੁਖਦੇਵ ਰਾਜ ਮੇਰੇ ਸਾਥ ਮੇਂ ਥਾ । ਮੈਂ ਸੁਖਦੇਵ ਰਾਜ ਔਰ ਬੱਚੇ ਹਮਨੇ ਬਾਬਾ ਸਾਵਰਕਰ ਜੋ ਥੇ ਉਨਕੇ ਪਾਸ ਛੋੜ ਦੀਯਾ ਥਾ ਮੈਨੇ ਔਰ ਕਹਾ ਕਿ ਹਮ ਕਿਸੀ ਕਾਮ ਸੇ ਜਾ ਰਹੇ ਹੈਂ ਅਗਰ ਜ਼ਿੰਦਾ ਆ ਗਏ ਤੋ ਅਪਨਾ ਲੜਕਾ ਵਾਪਿਸ ਲੇ ਲੇਂਗੇ ਔਰ ਅਗਰ ਮਰ ਗਏ ਤੋ ਇਸ ਪਤੇ ਪਰ ਵਹਾਂ ਪਹੁੰਚਾ ਦੇਨਾ । ਖ਼ੈਰ ਜ਼ਿੰਦਾ ਤੋ ਹਮ ਆ ਗਏ । ਉਸਕੇ ਬਾਅਦ ਹਮੇਂ ਵਹਾਂ ਸੇ ਨਿਕਲਨੇ ਮੇਂ ਕਾਫ਼ੀ ਦਿੱਕਤ ਹੁਈ । ਕਲਯਾਨ ਤਕ ਹਮਨੇ ਟੈਕਸੀ ਕਿਰਾਏ ਪਰ ਲੀ ਥੀ ਔਰ ਕਲਯਾਣ ਸੇ ਆਕਰ ਕੇ ਫਿਰ ਟਿਕਟ ਲੀਯਾ ਕਾਨਪੁਰ ਕਾ ਔਰ ਫਿਰ ਕਾਨਪੁਰ ਆ ਗਏ । ਚੰਦਰਸ਼ੇਖਰ ਕੋ ਸਾਰੀ ਦਾਸਤਾਨ ਸੁਨਾਈ । ਫਿਰ ਇਲਾਹਾਬਾਦ ਚਲੇ ਗਏ । ਅਬ ਏਕ ਤਰਹ ਸੇ ਕਾਮ ਖ਼ਤਮ ਹੋ ਗਯਾ । ਅਬ ਤੋ ਕਿਸੀ ਤਰਹ ਸੇ ਜ਼ਿੰਦਗੀ ਕਾਟਨੇ ਵਾਲੀ ਬਾਤ ਰਹਿ ਗਈ ।

ਪ੍ਰ: ਯੇਹ ਕਬ ਕੀ ਬਾਤ ਹੈ ?

ਉ: ਜਬ ਭਗਤ ਸਿੰਘ ਕੋ ਫਾਂਸੀ ਹੁਈ ਹੈ ਉਸਕੇ ਬਾਅਦ । 1931 ਕੀ ਬਾਤ ਹੈ । ਜਿਸ ਸਾਲ ਭਗਤ ਸਿੰਘ ਕੋ ਫਾਂਸੀ ਹੁਈ, ਚੰਦਰਸ਼ੇਖਰ ਆਜ਼ਾਦ ਭੀ ਉਸੀ ਸਾਲ ਮਰੇ । ਯਹ ਫਰਵਰੀ ਕਾ ਮਹੀਨਾ ਥਾ । ਮੈਂ ਇਲਾਹਾਬਾਦ ਮੇਂ ਹੀ ਥੀ ।

ਪ੍ਰ: ਤੋ ਆਪ ਨੇ ਸੋਚਾ ਕਿ ਅਬ ਕਿਸੀ ਤਰਹ ਸੇ ਟਿਕ ਜਾਏਂ ?

ਉ: ਹਾਂ, ਐਸਾ ਹੂਆ ਕਿ ਜਬ ਮੇਰੇ ਪਤੀ ਕੀ ਮ੍ਰਿਤਯੂ ਹੁਈ, ਭਗਤ ਸਿੰਘ ਵਗੈਰਾ ਸਭ ਕੋ ਫਾਂਸੀ ਹੁਈ ਤੀਨੋਂ ਕੋ, ਔਰ ਉਧਰ ਯਹ ਆਜ਼ਾਦ ਕੀ ਭੀ ਮ੍ਰਿਤਯੂ ਹੋ ਗਈ ਫਰਵਰੀ ਮੇਂ । ਅਬ ਜੋ ਕੁਛ ਪਾਰਟੀ ਕਾ ਸੰਗਠਨ ਥਾ ਵਹ ਸਭ ਬਿਖਰ ਗਯਾ । ਐਸਾ ਤੋ ਸ਼ੁਰੂ ਸੇ ਹੀ ਰਹਿਤਾ ਹੈ ਕਿ ਕਭੀ ਤੋ ਜ਼ੋਰ ਪਕੜਤੇ ਥੇ ਯਹ ਕਾਮ ਔਰ ਕਭੀ ਰੁਕ ਜਾਤੇ ਥੇ । ਤੋ ਇਸ ਲੀਏ ਸਮਝ ਮੇਂ ਨਹੀਂ ਆਤਾ ਥਾ ਕਿ ਕਿਆ ਕੀਯਾ ਜਾਏ ? ਥੋੜ੍ਹੇ ਦਿਨ ਮੈਂ ਇਲਾਹਾਬਾਦ ਮੇਂ ਕ੍ਰਿਸਮਿਸ ਕਾਲਜ ਮੇਂ ਦਾਖ਼ਲ ਹੋ ਗਈ, ਸਪੈਸ਼ਲ ਕਲਾਸ ਮੇਂ ਤਾਂਕਿ ਬੋਰਡਿੰਗ ਮੇਂ ਰਹਿਨੇ ਕੇ ਲੀਏ ਜਗਹ ਮਿਲ ਜਾਏ ।

ਪ੍ਰ: ਔਰ ਆਪਕਾ ਬੱਚਾ ਕਹਾਂ ਥਾ ?

**ਉ:** ਬੱਚਾ ਤੋ ਹਮਨੇ ਭੇਜ ਦੀਯਾ ਥਾ ਡਲਹੌਜ਼ੀ । ਵਹਾਂ ਡਾਕਟਰ ਮੇਲਾਰਾਮ ਸਿਵਿਲ ਸਰਜਨ ਥੇ ਲਾਹੌਰ ਮੇਂ ਉਨਕੇ ਕੋਈ ਬੱਚਾ ਨਹੀਂ ਥਾ ਤੋ ਉਨਕੇ ਪਾਸ ਵਹਾਂ ਭੇਜ ਦੀਯਾ ਥਾ । ਸ਼ਰਤ ਯਹ ਥੀ ਕਿ ਅਗਰ ਹਮ ਮਰ ਗਏ ਤੋ ਬੱਚਾ ਆਪਕਾ ਔਰ ਅਗਰ ਹਮ ਬਚ ਗਏ ਤੋ ਹਮਾਰਾ । ਖ਼ੈਰ ਉਸਕੇ ਬਾਅਦ ਹੂਆ ਯਹ ਕਿ ਜਬ ਦੇਖਾ ਕਿ ਕੁਛ ਨਹੀਂ ਹੋ ਰਹਾ ਤੋ ਏਕ ਬਾਬੂ ਪਰਸ਼ੋਤਮ ਦਾਸ ਟੰਡਨ ਥੇ ਇਲਾਹਾਬਾਦ ਕੇ ਜੋ ਸਪੀਕਰ ਰਹਿ ਚੁਕੇ ਹੈਂ ।

ਪ੍ਰ: ਤੋ ਆਪ ਟੰਡਨ ਜੀ ਕੇ ਪਾਸ ਗਈ ?

ਉ: ਹਾਂ, ਟੰਡਨ ਜੀ ਨੇ ਮੁਝੇ ਕਹਾ ਕਿ ਦੇਖੋ ਮੈਂ ਤੁਮ੍ਹੇਂ ਅਪਨੀ ਲੜਕੀ ਕੀ ਤਰਹ ਮਾਨਤਾ ਹੂੰ, ਲੇਕਿਨ ਮੈਂ ਵਹਾਂ ਰਹਿਨਾ ਠੀਕ ਨਹੀਂ ਸਮਝਤੀ ਥੀ ਔਰ ਜਬ ਯਹ ਦੇਖਾ ਕਿ ਪਾਰਟੀ ਕਾ ਸੰਗਠਨ ਔਰ ਸਭ ਲੋਕ ਅਲਗ-ਅਲਗ ਹੋ ਗਏ ਹੈਂ । ਕੋਈ ਐਸਾ ਕੇਂਦਰ ਨਹੀਂ ਰਹਿ ਗਯਾ ਜੋ ਸਬਕੋ ਸਾਥ ਲੇਕਰ ਚਲਤਾ । ਔਰ ਇਤਨੀ ਬੜੀ ਹਮਾਰੀ ਤੀਨ ਹਸਤੀਆਂ ਏਕ ਸਾਲ ਮੇਂ ਉਠ ਗਈ ਤੋ ਹਮਾਰੀ ਹਿੰਮਤ ਟੂਟ ਗਈ । ਤੋ ਹਮਨੇ ਯਹ ਤੈਅ ਕਰ ਲੀਯਾ ਚਲੋ ਦਿੱਲੀ ਮੇਂ ਕੁਛ ਲੋਗੋਂ ਸੇ ਮਿਲੇਂ । ਅਗਰ ਨਏ ਸਿਰੇ ਸੇ ਕੋਈ ਕਾਮ ਕਰ ਸਕੇਂ ਨਹੀਂ ਤੋ ਸੋਚੇਂ ਕਿ ਕਿਆ ਕਰੇਂ ? ਹਮਾਰਾ ਯਹ ਇਰਾਦਾ ਨਹੀਂ ਥਾ ਕਿ ਹਮ ਅਪਨੇ ਆਪ ਕੋ ਪਕੜਵਾ ਦੇਂ । ਲੇਕਿਨ ਜਬ ਘਿਰ ਗਏ, ਮੈਂ ਇਲਾਹਾਬਾਦ ਸੇ ਕਾਨਪੁਰ ਸੇ ਹੋਤੀ ਹੁਈ ਜਾ ਰਹੀ ਥੀ, ਦਿੱਲੀ, ਤੋ ਕਾਨਪੁਰ ਮੇਂ ਮੁਝੇ ਪੁਲਿਸ ਵਾਲੋਂ ਨੇ ਘੇਰਾ । ਔਰ ਦਿੱਲੀ ਜਿਸ ਹੋਟਲ ਮੇਂ ਹਮ ਠਹਿਰੇ ਵਹਾਂ ਭੀ ਉਨ੍ਹੋਂ ਨੇ ਘੇਰਾ । ਪੁਲਿਸ ਵਾਲਾ ਉਸੀ ਸਾਥ ਕੇ ਕਮਰੇ ਮੇਂ ਠਹਿਰ ਗਯਾ ਤੋ ਤੀਨ-ਚਾਰ ਬਾਰ ਕੋਸ਼ਿਸ਼ ਭੀ ਕੀ, ਕਭੀ ਪੈਦਲ ਤੋ ਕਭੀ ਟੈਕਸੀ ਸੇ, ਕਭੀ ਟਾਂਗੇ ਸੇ, ਤਬ ਰਿਕਸ਼ਾ ਨਹੀਂ ਚਲਤੀ ਥੀ ਉਸ ਜ਼ਮਾਨੇ ਮੇਂ, ਕਿ ਹਮ ਕੁਛ ਲੋਗੋਂ ਸੇ ਸੰਪਰਕ ਕਰੇਂ । ਲੇਕਿਨ ਵਹ ਬਹੁਤ ਬੁਰੀ ਤਰਹ ਪੀਛਾ ਕਰਤੇ ਥੇ । ਪੀਛਾ ਕਰਨੇ ਕਾ ਮਤਲਬ ਥਾ ਹਮ ਜਿਸੇ ਭੀ ਮਿਲੇਂ ਉਸਕੋ ਫਸਾਏਂ ਤੋ ਚਾਰ-ਪਾਂਚ ਆਦਮੀ ਹੋ ਜਾਏਂ ਤਬ ਏਕ ਐਸਾ ਹੋਗਾ । ਵਹ ਭੀ ਮੁਝੇ ਠੀਕ ਨਹੀਂ ਲਗਾ । ਤੋ ਮੈਨੇ ਏਕ ਦਿਨ ਤੈਅ ਕੀਯਾ ਕਿ ਯਹਾਂ ਸੇ ਚਲਾ ਜਾਏ । ਲਾਹੌਰ ਕਾ ਟਿਕਟ ਲੀਯਾ ਔਰ ਰਾਤ ਕੀ ਗਾੜੀ ਮੇਂ ਬੈਠ ਗਈ । ਵਹਾਂ ਪਹੁੰਚ ਕਰ ਮੈਂ ਸਟੇਸ਼ਨ ਸੇ ਸੀਧੀ ਟ੍ਰਿਪਤੀ ਪ੍ਰੈਸ ਆਫ਼ ਇੰਡੀਆ ਮੇਂ ਗਈ ਔਰ ਉਨਕੋ ਅਪਨਾ ਬਿਆਨ ਦੀਯਾ ਕਿ ਯਹ ਪੁਲਿਸ ਵਾਲੇ ਮੁਝੇ ਘੇਰੇ ਹੁਏ ਹੈਂ, ਨਾ ਯਹ ਪਕੜਤੇ ਹੈਂ ਔਰ ਨਾ ਹਮੇਂ ਆਜ਼ਾਦੀ ਦੇਤੇ ਹੈਂ ਕਿ ਹਮ ਕਿਸੀ ਸੇ ਮਿਲੇਂ-ਜੁਲੇਂ, ਕੁਛ ਕਰੇਂ । ਮੈਂ ਕੋਈ 10-11 ਬਜੇ ਅਪਨੇ ਘਰ ਪਹੁੰਚ ਗਈ । ਪਹੁੰਚੀ ਤੋ ਕੋਈ ਏਕ ਘੰਟੇ ਕੇ ਬਾਅਦ ਹੀ ਪੁਲਿਸ ਆ ਗਈ । ਦੋ ਮੋਟਰੇਂ ਥੀਂ ਪੁਲਿਸ ਕੀ ਗਾੜੀ ਬੀਚ ਮੇਂ । ਬਾਕਾਇਦਾ ਜੈਸੇ ਰਿਵਾਜ ਥਾ ਉਸ ਜ਼ਮਾਨੇ ਮੇਂ ਸੰਗੀਨ ਲੇ ਕੇ ਬੈਠਨਾ । ਅਬ ਵਹ ਲੇ ਗਏ ਪਕੜ ਕੇ । ਵਹਾਂ ਸੇ ਕਿਲੇ ਮੇਂ ਲੇ ਗਏ । ਬਾਅਦ ਮੇਂ ਪੁਲਿਸ ਨੇ ਕੁਛ ਸਮਯ ਕੇ ਲੀਏ ਰੀਮਾਂਡ ਭੀ ਲੀਯਾ ਔਰ 1918 ਕੇ ਰੈਗੂਲੇਸ਼ਨ ਤੀਨ ਕੇ ਮਾਤਹਿਤ ਨਜ਼ਰਬੰਦ ਕਰ ਦੀਯਾ । ਛੇ ਮਹੀਨੇ ਨਜ਼ਰਬੰਦ ਰਖਨੇ ਕੇ ਬਾਅਦ ਲਾਹੌਰ ਸ਼ਹਿਰ ਮੇਂ 3 ਸਾਲ ਤਕ ਨਜ਼ਰਬੰਦ ਰੱਖਾ । ਇਸੀ ਤਰਹ 1934 ਕਾ ਸਮਯ ਆ ਗਯਾ ਔਰ ਨਜ਼ਰਬੰਦੀ ਖ਼ਤਮ ਹੋਨੇ ਕੇ ਬਾਅਦ ਮੈਂ ਗਾਜ਼ੀਆਬਾਦ ਆ ਗਈ । ਵਹਾਂ 'ਪਿਆਰੇ ਲਾਲ ਗਰਲਜ਼ ਸਕੂਲ' ਮੇਂ ਅਧਿਆਪਕਾ ਕੇ ਰੂਪ ਮੇਂ ਕਾਮ ਕਰਨਾ ਸ਼ੁਰੂ ਕਰ ਦੀਯਾ ।

*(ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਕੀਤੀ ਗਈ*
*ਇੰਟਰਵਿਊ— 'ਸੀਰਤ ' ਦੇ ਧੰਨਵਾਦ ਸਹਿਤ)*

ਦੁਰਗਾ ਭਾਬੀ: ਜਨਮ 7 ਅਕਤੂਬਰ 1907
ਦਿਹਾਂਤ 14 ਅਕਤੂਬਰ 1999

## ਕਾਮਰੇਡ ਕਿਸ਼ੋਰੀ ਲਾਲ, ਜਲੰਧਰ ਦੀਆਂ ਨਜ਼ਰਾਂ ਵਿਚ
## ਭਗਤ ਸਿੰਘ

*ਇਹ ਬਿਆਨ ਡਾ. ਕ੍ਰਿਪਾਲ ਸਿੰਘ, ਪ੍ਰਾਜੈਕਟ ਅਫ਼ਸਰ ਤੇ ਸ. ਬਲਬੀਰ ਸਿੰਘ, ਰੀਸਰਚ ਐਸਿਸਟੈਂਟ ਨੇ ਮਿਤੀ 3-3-1976 ਨੂੰ ਜਲੰਧਰ ਵਿਖੇ ਟੇਪ ਕੀਤਾ ।*

ਪ੍ਰਸ਼ਨ : ਤੁਸੀਂ ਦੱਸੋ ਕਿ ਤੁਹਾਡਾ ਜਨਮ ਕਦੋਂ, ਕਿੱਥੇ ਤੇ ਵਿਦਿਆ ਕਿੱਥੇ ਪ੍ਰਾਪਤ ਕੀਤੀ ਤੇ ਆਪਣੇ ਪਿਤਾ ਜੀ ਬਾਰੇ ਦੱਸੋ ।

**ਉੱਤਰ** : ਮੇਰਾ ਜਨਮ 1910 ਦੇ ਕਰੀਬ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਧਰਮਪੁਰ ਪਿੰਡ ਵਿਚ ਹੋਇਆ । ਤਹਿਸੀਲ ਮੁਕੇਰੀਆਂ ਹੈ । ਮੇਰੇ ਪਿਤਾ ਜੀ ਰਘੁਵੀਰ ਦੱਤ ਸ਼ਾਸਤਰੀ ਕੋਇਟੇ ਸਕੂਲ ਵਿਚ ਮਾਸਟਰ ਸਨ । ਪਹਿਲਾਂ ਮੁਲਤਾਨ ਟੀਚਰ ਸਨ । ਮੁਲਤਾਨ ਜਦ 1907-08 ਵਿਚ ਤਹਿਰੀਕ ਚੱਲੀ ਤਾਂ ਉਨ੍ਹਾਂ ਨੂੰ ਕਿਸੇ ਜਲਸੇ ਵਿਚ ਹਿੱਸਾ ਲੈਣ ਕਰ ਕੇ ਕੋਇਟੇ ਬਦਲ ਦਿੱਤਾ ਗਿਆ । ਦਸਵੀਂ ਤਕ ਦੀ ਤਾਲੀਮ ਮੈਂ ਕੋਇਟੇ ਵਿਚ ਪ੍ਰਾਪਤ ਕੀਤੀ । ਫਿਰ ਮੈਂ ਲਾਹੌਰ ਆ ਗਿਆ ਤੇ ਡੀ. ਏ. ਵੀ. ਕਾਲਜ ਵਿਚ ਪੜ੍ਹਨ ਲੱਗ ਪਿਆ । ਮੈਂ ਹੋਸਟਲ ਵਿਚ ਰਹਿੰਦਾ ਸੀ । ਮੇਰਾ ਵੱਡਾ ਭਰਾ

ਸਤਪਾਲ ਆਰੀਆ ਸਮਾਜ ਦਾ ਪ੍ਰਚਾਰਕ ਸੀ । ਮੇਰੇ ਪਿਤਾ ਜੀ ਸਨਾਤਨ ਧਰਮੀ ਪੰਡਤ ਸਨ । ਲਾਲਾ ਜਗਤ ਨਾਰਾਇਣ ਜੀ ਦੇ ਕਾਰਣ ਮੈਂ ਲਾਹੌਰ ਦਾਖ਼ਲ ਹੋਇਆ ।

**ਪ੍ਰਸ਼ਨ :** ਫਿਰ ਤੁਸੀਂ ਡੀ. ਏ. ਵੀ. ਕਾਲਜ ਰਹਿੰਦਿਆਂ ਕੌਮੀ ਲਹਿਰ ਵਿਚ ਕਿਵੇਂ ਆਏ ?

**ਉੱਤਰ :** ਉਨ੍ਹਾਂ ਦਿਨਾਂ ਵਿਚ 1921 ਦੀ ਮੂਵਮੈਂਟ ਵਿਚ ਸਟੇਅ ਆ ਗਿਆ ਸੀ । ਮਹਾਤਮਾ ਗਾਂਧੀ ਜੀ ਦਾ ਅੰਦੋਲਨ ਵਾਪਸ ਲੈਣ ਦੀ ਜੋ ਗੱਲ ਹੋਈ । ਫਿਰ 1923 ਵਿਚ ਲਹਿਰ ਨੇ ਬਹੁਤ ਉਭਾਰ ਖਾਧਾ । ਕੋਈ ਕਿਸੇ ਕਿਸਮ ਦੀ ਫਿਰਕੇਦਾਰੀ ਨਹੀਂ ਸੀ । ਸਾਡਾ ਹੋਸਟਲ ਨੌਜਵਾਨਾਂ ਦਾ ਗੜ੍ਹ ਸੀ । ਉਸ ਵੇਲੇ ਦੇ ਨੌਜਵਾਨਾਂ ਵਿਚ ਇਕ ਉਭਾਰ ਆਇਆ ਤੇ ਫਿਰ 'ਨੌਜਵਾਨ ਭਾਰਤ ਸਭਾ' ਬਣੀ । ਪਹਿਲਾਂ-ਪਹਿਲਾਂ ਨਿੱਕੇ-ਨਿੱਕੇ ਜਲਸੇ ਹੁੰਦੇ ਰਹੇ । ਫਿਰ ਇਹ 1927-28 ਵਿਚ ਉਭਰ ਕੇ ਆਈ ਤੇ ਫਿਰ ਇਸ ਦੀ ਬਣਤਰ ਜਲ੍ਹਿਆਂਵਾਲੇ ਬਾਗ਼ ਵੇਲੇ ਆਈ ।

**ਪ੍ਰਸ਼ਨ :** ਤੁਸੀਂ ਦੱਸੋ ਇਸ ਨੌਜਵਾਨ ਸਭਾ ਦਾ ਕੋਈ ਵਿਧਾਨ ਵੀ ਸੀ ਕਿ ਨਹੀਂ ?

**ਉੱਤਰ :** ਮੈਂ ਉਸ ਦੇ ਬਨਾਉਣ ਵਿਚ ਕੋਈ ਪਾਰਟ ਨਹੀਂ ਲਿਆ । ਮੇਰਾ ਸੰਬੰਧ ਭਗਤ ਸਿੰਘ ਗਰੁੱਪ ਨਾਲ ਸੀ । ਇਹ ਜੋ ਸਾਰਾ ਗਰੁੱਪ ਸੀ, ਉਹ ਇਕ ਤਰ੍ਹਾਂ ਦਾ ਇਨਕਲਾਬੀ ਗਰੁੱਪ ਸੀ । ਕਿਵੇਂ ਬਣਾਇਆ ਜਾਵੇ, ਕਿੱਦਾਂ ਬਣਾਇਆ ਜਾਵੇ, ਇਸ ਦੇ ਮੈਂਬਰ ਅੱਧੇ ਤੋਂ ਵੱਧ ਅੰਡਰ-ਗਰਾਊਂਡ ਸਨ । ਕੁਝ ਖੁੱਲ੍ਹੇ ਵੀ ਸਨ ।

**ਪ੍ਰਸ਼ਨ :** ਇਸ ਨੌਜਵਾਨ ਸਭਾ ਨੂੰ ਬਨਾਉਣ ਦੀ ਲੋੜ ਕਿਉਂ ਪਈ ?

**ਉੱਤਰ :** ਨੌਜਵਾਨ ਸਮਝਦੇ ਸਨ ਕਿ ਕਾਂਗਰਸ ਦੀ ਹੁਣ ਬੱਸ ਹੋ ਗਈ ਹੈ । ਨੌਜਵਾਨਾਂ ਵਿਚ ਉਭਾਰ ਸੀ । ਉਹ ਸਮਝਦੇ ਸਨ ਕਿ ਕਾਂਗਰਸ ਹੁਣ ਕਿਸੇ ਮੰਜ਼ਲ 'ਤੇ ਨਹੀਂ ਪਹੁੰਚ ਸਕਦੀ । ਕਿਉਂਕਿ ਕੋਈ ਜਲਸਾ-ਜਲੂਸ ਨਹੀਂ ਸੀ । ਨੌਜਵਾਨ ਸਮਝਦੇ ਸਨ ਕਿ ਕਾਂਗਰਸ ਮੁੱਕ ਗਈ ਹੈ । ਛੋਟੇ-ਛੋਟੇ ਜਲਸੇ ਲਾਹੌਰ ਹੀ ਹੁੰਦੇ ਸਨ । ਉਸ ਵਿਚ ਸੋਸ਼ਲਿਜ਼ਮ ਦਾ ਪ੍ਰਚਾਰ ਹੁੰਦਾ ਸੀ ਕਿ ਇਹ ਤਰੀਕਾ ਨਹੀਂ ਚੱਲੇਗਾ ।

**ਪ੍ਰਸ਼ਨ :** ਸੋਸ਼ਲਿਜ਼ਮ ਪ੍ਰਚਾਰ ਤੋਂ ਤੁਹਾਡਾ ਕੀ ਭਾਵ ਹੈ ?

**ਉੱਤਰ :** ਉਸ ਵੇਲੇ ਇਕੋ ਸੋਸ਼ਲਿਜ਼ਮ ਸਮਝਿਆ ਜਾਂਦਾ ਸੀ । ਸਾਥੋਂ ਪਹਿਲਾਂ ਕਾਕੋਰੀ ਵਾਲੇ ਸਮਝਦੇ ਸਨ ਕਿ ਇਹ ਰਾਹ ਹੁਣ ਬਦਲਣਾ ਪਵੇਗਾ ।

**ਪ੍ਰਸ਼ਨ :** ਇਹ ਕਾਕੋਰੀ ਵਾਲੇ ਕੌਣ ਸਨ ?

**ਉੱਤਰ :** ਭਾਰਤ ਵਿਚ ਇਕ ਟੈਰੋਰਿਸਟ ਮੂਵਮੈਂਟ ਚੱਲੀ । ਇਨ੍ਹਾਂ ਨੇ ਡਾਕੇ ਮਾਰੇ, ਚੋਰੀਆਂ ਵੀ ਕੀਤੀਆਂ । ਅੰਗਰੇਜ਼ਾਂ ਦੇ ਬਰਖ਼ਿਲਾਫ਼ ਉਹ ਬਹੁਤੇ ਹੋ ਗਏ ਸਨ । ਕਾਕੋਰੀ ਖ਼ੁਦ ਯੂ. ਪੀ. ਵਿਚ ਇਕ ਜ਼ਿਲ੍ਹਾ ਹੈ । ਇਹ ਈਸਟਰਨ ਯੂ. ਪੀ. ਵਿਚ ਹੈ । ਇਹ 1923-24 ਦੀ ਗੱਲ ਹੈ । ਸਾਡੇ ਵਿਚ ਇਹ ਵਿਚਾਰ ਚਲਦੀ ਸੀ ਕਿ ਆਇਰਲੈਂਡ ਵਾਲਿਆਂ ਦਾ ਤਰੀਕਾ ਠੀਕ ਹੈ ਕਿ ਨਹੀਂ ? ਪਰ ਅਸੀਂ ਸੋਚਦੇ ਸਾਂ ਕਿ ਰੂਸ ਦੀ ਥਿਊਰੀ ਠੀਕ ਹੈ । ਲਾਲਾ ਲਾਜਪਤ ਰਾਇ ਦੀ ਕੋਠੀ ਹਰ ਮਹੀਨੇ ਇਹ ਚਰਚਾ ਹੁੰਦੀ ਸੀ ਕਿ ਰੂਸ ਵਾਲਿਆਂ ਦਾ ਕੀ ਤਰੀਕਾ ਹੈ ? ਸਾਨੂੰ ਕੀ ਕਰਨਾ ਚਾਹੀਦਾ ਹੈ ? ਸਾਰੇ ਨਵੇਂ ਤੇ ਪੁਰਾਣੇ ਵਰਕਰ ਇਥੇ ਆਉਂਦੇ ਸਨ । ਲਾਹੌਰ ਬਰੈਡਲਾ ਹਾਲ ਵਿਚ ਨੈਸ਼ਨਲ ਸਕੂਲ ਸੀ ਜਿਸ ਵਿਚ ਸੋਸ਼ਲਿਜ਼ਮ ਬਾਰੇ ਵਿਚਾਰ-ਵਟਾਂਦਰਾ ਹੁੰਦਾ ਸੀ । ਸਾਡੇ ਵਿਚ ਇਹ ਵਿਚਾਰ ਚਲਦੀ ਸੀ ਕਿ ਕਿਹੜਾ ਤਰੀਕਾ ਆਜ਼ਾਦੀ ਲੈਣ ਲਈ ਠੀਕ ਰਹੇਗਾ, ਰੂਸੀ ਕਿ ਆਇਰਲੈਂਡ ਵਾਲਾ ? ਜਲਸੇ ਵਗੈਰਾ ਹੁੰਦੇ ਸਨ ਤੇ ਅੰਦਰ ਰਹਿ ਕੇ ਮੈਂਬਰ ਆਪਣਾ ਕੰਮ ਕਰਦੇ ਸਨ । ਧਨਵੰਤਰੀ ਇਕ ਜੰਮੂ ਦਾ ਰਹਿਣ ਵਾਲਾ ਸੀ । ਇਹ ਗਰੈਜੂਏਟ ਵੈਦਿਕ ਕਾਲਜ ਦਾ ਸੀ । ਇਹ ਵੀ ਇਸ ਮੁਹਿੰਮ ਵਿਚ ਹਿੱਸਾ ਲੈਂਦੇ ਸੀ ।

**ਪ੍ਰਸ਼ਨ :** ਤੁਸੀਂ ਭਗਤ ਸਿੰਘ ਨਾਲ ਕਿਵੇਂ ਸੰਪਰਕ ਵਿਚ ਆਏ ?

**ਉੱਤਰ :** ਜਦੋਂ ਮੈਂ ਕਾਲਜ ਵਿਚ ਪੜ੍ਹਦਾ ਸੀ ਤਾਂ ਉਦੋਂ ਇਕ ਕੇਸ ਹੋਇਆ । ਯੂ. ਪੀ. ਤੋਂ ਇਕ ਆਦਮੀ ਆਇਆ ਤੇ ਉਸ ਨੇ ਗੁਰਦਿੱਤ ਭਵਨ ਫਿਰੋਜ਼ਪੁਰ ਦੇ ਲੜਕਿਆਂ ਨਾਲ ਸਕੀਮ ਬਣਾਈ ਕਿ ਡਾਕਾ ਮਾਰਾਂਗੇ ਤੇ ਸਮਾਨ ਲੁੱਟ ਕੇ ਲਿਆਵਾਂਗੇ । ਫਿਰ ਉਸ ਨਾਲ ਅੰਗਰੇਜ਼ਾਂ ਨੂੰ ਕੱਢਾਂਗੇ । ਪਰ ਉਹ ਸੀ. ਆਈ. ਡੀ. ਦਾ ਬੰਦਾ ਸੀ । ਉਹ ਇਥੇ ਮੈਡੀਕਲ ਕਾਲਜ ਦੇ ਇਕ ਵਿਦਿਆਰਥੀ ਕੋਲ ਠਹਿਰਿਆ । ਉਹ ਵੀ ਅੱਗੇ ਸੀ. ਆਈ. ਡੀ. ਦਾ ਬੰਦਾ ਸੀ । ਉਸ ਨੇ ਮੁੰਡਿਆਂ ਨੂੰ ਤਿਆਰ ਕਰ ਕੇ ਕਿਹਾ ਕਿ ਮੈਂ ਹੋਰ ਹਥਿਆਰ ਲੈਣ ਚਲਿਆ ਹਾਂ ਤੇ ਹੋਰ ਹਥਿਆਰ ਲਿਆ ਕੇ ਫਿਰ ਡਾਕਾ ਮਾਰਾਂਗੇ । ਜਦੋਂ ਉਹ ਸਟੇਸ਼ਨ ਨੂੰ ਵਾਪਸ ਜਾ ਰਿਹਾ ਸੀ ਤਾਂ ਉਸ ਨੂੰ ਮੈਡੀਕਲ ਦੇ ਵਿਦਿਆਰਥੀ ਨੇ ਗ੍ਰਿਫ਼ਤਾਰ ਕਰਵਾ ਦਿੱਤਾ । ਉਸ ਕੋਲੋਂ ਪਿਸਤੌਲ ਨਿਕਲਣਾ ਹੀ ਸੀ । ਉਹ ਲਈ ਫਿਰਦਾ ਸੀ । ਉਸ ਨੂੰ ਫੜ ਲਿਆ ਤੇ ਦੂਸਰੀ ਹੀ ਪੇਸ਼ੀ ਤੇ ਮੈਜਿਸਟਰੇਟ ਟੈਲਬੂਸ ਨੇ ਉਸ ਨੂੰ 7 ਸਾਲ ਦੀ ਸਜ਼ਾ ਦੇ ਦਿੱਤੀ । ਉਸ ਨੇ ਅੰਦਰੋਂ ਫਿਰ ਸੁਪਰਡੈਂਟ ਨੂੰ ਲਿਖਿਆ ਤੇ ਉਹ ਲੈਟਰ ਬਾਹਰ ਗਏ ਪੋਲੀਟੀਕਲ ਵਰਕਰਾਂ ਰਾਹੀਂ । ਅਸੀਂ ਉਸ ਨੂੰ ਡੀਫੈਂਸ ਕਰ ਰਹੇ ਸੀ । ਸਰਕਾਰ ਨੇ ਉਸ ਨੂੰ ਪਹਿਲਾਂ ਹੀ ਛੱਡ ਦਿੱਤਾ । ਸਜ਼ਾ ਨਹੀਂ ਹੋਈ । ਉਹ ਤਿੰਨਾਂ ਮਹੀਨਿਆਂ ਮਗਰੋਂ ਵਾਪਸ ਆ ਗਿਆ । ਉਹ ਪੱਤਰ ਫਿਰ 'ਟ੍ਰੀਬਿਊਨ' ਵਿਚ ਛਪਿਆ । ਇਹ ਇਕ ਸਕੈਂਡਲ ਸੀ । ਉਹ ਆਦਮੀ ਇਕ ਏਜੰਟ ਸੀ ।

**ਪ੍ਰਸ਼ਨ :** ਤੁਸੀਂ ਭਗਤ ਸਿੰਘ ਨੂੰ ਪਹਿਲਾਂ ਕਿਹੜੇ ਸਾਲ ਮਿਲੇ ?

**ਉੱਤਰ :** ਮੈਂ ਭਗਤ ਸਿੰਘ ਨੂੰ ਪਹਿਲੀ ਵਾਰ 1928 ਵਿਚ ਮਿਲਿਆ । ਮੈਂ ਉਸ ਨੂੰ ਲਾਹੌਰ ਹੀ ਮਿਲਿਆ । ਮੇਰਾ ਭਾਈ ਉਸ ਨੂੰ ਨਾਲ ਲੈ ਆਇਆ ਤੇ ਮੇਰੇ ਨਾਲ ਮੁਲਾਕਾਤ ਕਰਵਾਈ । ਭਗਤ ਸਿੰਘ ਮੈਨੂੰ ਵੇਖ ਕੇ ਕਹਿਣ ਲੱਗਾ ਕਿ ਕਮਜ਼ੋਰ ਹੈ । (**it is too young**) ਮੈਂ ਕਿਹਾ ਕਿ ਗੱਲ ਇਹ ਹੈ ਕਿ ਇਕ ਕੌਮੀ ਇਮਾਰਤ ਆਜ਼ਾਦੀ ਲਈ ਬਣ ਰਹੀ ਹੈ । ਇਹਦੇ ਵਿਚ ਇੱਟਾਂ ਵੀ ਲੱਗਣਗੀਆਂ, ਰੋੜੇ ਵੀ ਲੱਗਣਗੇ । ਮੈਂ ਕਿਹਾ ਕਿ ਤੁਹਾਡਾ ਖ਼ਿਆਲ ਹੈ ਕਿ ਮੈਂ

ਕਿਤੇ ਵੀ ਕੰਮ ਨਹੀਂ ਆਵਾਂਗਾ ? ਫਿਰ ਉਨ੍ਹਾਂ ਨੂੰ ਮਿਲਦੇ ਰਹੇ ਤੇ ਕੰਮ ਕਰਦੇ ਰਹੇ । ਫਿਰ ਉਨ੍ਹਾਂ ਹੀ ਦਿਨਾਂ ਵਿਚ ਸਾਈਮਨ ਕਮਿਸ਼ਨ ਆ ਗਿਆ । ਅਸੀਂ ਸ਼ਾਮਲ ਹੋਏ ਸਾਂ । ਪਹਿਲਾਂ ਜਦੋਂ ਸਾਈਮਨ ਕਮਿਸ਼ਨ ਬੰਬਈ ਆਇਆ ਤਾਂ ਹੜਤਾਲ ਨਾ ਹੋਈ । ਉਦੋਂ ਲਾਹੌਰ ਵਿਚ ਕੇਵਲ ਬੇਲੀ ਰਾਮ ਤੇਲ ਵਾਲੇ ਦੀ ਦੁਕਾਨ ਬੰਦ ਸੀ । ਪਰ ਜਦੋਂ ਫਿਰ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ ਜਲੂਸ ਨਿਕਲਿਆ ਤੇ ਹੜਤਾਲ ਵੀ ਹੋਈ । ਸ਼ਹਿਰ ਵਿਚ 144 ਲੱਗੀ ਸੀ । ਵਿਦਿਆਰਥੀ ਵੀ ਸ਼ਾਮਲ ਹੋਏ ਸਨ । ਰੇਲਵੇ ਦੇ ਕਰਮਚਾਰੀ ਵੀ ਸ਼ਾਮਲ ਹੋਏ ਸਨ । ਪਹਿਲਾਂ ਸ਼ਹਿਰ ਅੰਦਰ ਲਾਠੀਚਾਰਜ ਹੋਇਆ । ਲਛਮਨ ਦਾਸ ਹਿੰਦੂ ਮਹਾਸਭਾ ਦਾ ਲੀਡਰ ਸੀ, ਉਹ ਸਾਈਮਨ ਕਮਿਸ਼ਨ ਨੂੰ ਜੀ-ਆਇਆਂ ਕਹਿਣ ਗਿਆ ਸੀ । ਉਸ ਦੇ ਘਰ ਦੇ ਸਾਹਮਣੇ ਲੋਕਾਂ ਨੇ ਮੁਜ਼ਾਹਰਾ ਕੀਤਾ । ਫਿਰ ਦੂਬਾਰਾ ਲਾਠੀਚਾਰਜ ਸਟੇਸ਼ਨ ਦੇ ਕੋਲ ਹੋਇਆ ।

ਪ੍ਰਸ਼ਨ : ਇਹ ਦੱਸੋ ਕਿ ਲਾਲਾ ਲਾਜਪਤ ਰਾਇ ਤੇ ਲਾਠੀਚਾਰਜ ਕਿਉਂ ਹੋਇਆ ?

**ਉੱਤਰ** : ਸਭ ਤੋਂ ਪਹਿਲਾਂ ਅਸੀਂ ਜਦੋਂ ਉਥੇ ਗਏ ਤਾਂ ਪੁਲਿਸ ਬੜੀ ਤੇਜ਼ੀ ਨਾਲ ਕੰਡਿਆਂ ਵਾਲੀ ਵਾੜ ਲਾ ਰਹੀ ਸੀ ਤੇ ਇਕ ਰੇਲਿੰਗ ਜਿਹੀ ਵੀ ਲਾਈ ਹੋਈ ਸੀ । ਸਭ ਤੋਂ ਪਹਿਲਾਂ ਰਾਏਜ਼ਾਦਾ ਹੰਸਰਾਜ (ਜਲੰਧਰ ਵਾਲੇ) ਨੇ ਰੇਲਿੰਗ 'ਤੇ ਹੱਥ ਰੱਖ ਦਿੱਤਾ ਤਾਂ ਸਾਂਡਰਸ ਨੇ ਦੋ-ਤਿੰਨ ਡੰਡੇ ਮਾਰ ਦਿੱਤੇ । ਇਸ ਤੋਂ ਲਾਲਾ ਲਾਜਪਤ ਰਾਏ ਨੇ ਕਿਹਾ ਕਿ ਤੂੰ ਇਸ ਨੂੰ ਕਿਉਂ ਮਾਰਿਆ ਹੈ ? ਤੂੰ ਕੌਣ ਹੈਂ ਤੇ ਤੇਰੀ ਕੀ ਅਥਾਰਿਟੀ ਹੈ ? ਉਨ੍ਹਾਂ ਨੇ ਆਪਣਾ ਨਾਮ ਨਹੀਂ ਦੱਸਿਆ ਸੀ । ਉਸ ਨੇ ਲਾਲਾ ਜੀ ਤੇ ਵੀ ਦੋ-ਤਿੰਨ ਲਾਠੀਆਂ ਮਾਰੀਆਂ । ਇੰਨੀ ਹੀ ਦੇਰ ਵਿਚ ਡਾਕਟਰ ਸਤਪਾਲ ਨੇ ਉਨ੍ਹਾਂ ਨੂੰ ਪਿੱਛੇ ਜਿਹੇ ਕਰ ਦਿੱਤਾ ਤੇ ਫਿਰ ਸਤਪਾਲ ਦੇ ਕਈ ਲਾਠੀਆਂ ਲੱਗੀਆਂ ।

**ਪ੍ਰਸ਼ਨ** : ਡਾਕਟਰ ਸਤਪਾਲ ਤੇ ਲਾਲਾ ਲਾਜਪਤ ਰਾਏ ਦੇ ਕੀ ਤਅੱਲਕ ਸਨ ?

**ਉੱਤਰ** : ਇਹ ਇਕ-ਦੂਸਰੇ ਦੇ ਵਿਰੋਧੀ ਸਨ । ਡਾਕਟਰ ਸਤਪਾਲ ਅੰਮ੍ਰਿਤਸਰ ਦੇ ਲੀਡਰ ਸਮਝੇ ਜਾਂਦੇ ਸਨ ਤੇ ਲਾਲਾ ਲਾਜਪਤ ਰਾਏ ਲਾਹੌਰ ਦੇ ਲੀਡਰ ਸਮਝੇ ਜਾਂਦੇ ਸਨ । ਇਨ੍ਹਾਂ ਦੀ ਇਕ-ਦੂਸਰੇ ਨਾਲ ਪੂਰੀ ਵਿਰੋਧਤਾ ਰਹਿੰਦੀ ਸੀ । ਇਨ੍ਹਾਂ ਦਾ ਝਗੜਾ ਲੀਡਰਸ਼ਿਪ ਦਾ ਸੀ । ਉਸ ਵੇਲੇ ਲੋਕ ਹੈਰਾਨ ਵੀ ਹੋਏ ਕਿ ਡਾ. ਸਤਪਾਲ ਨੇ ਲਾਲਾ ਲਾਜਪਤ ਰਾਏ ਦੀ ਮਦਦ ਕਿਉਂ ਕੀਤੀ । ਫਿਰ ਰਾਤ ਨੂੰ ਲਾਲਾ ਲਾਜਪਤ ਰਾਏ ਨੇ ਤਕਰੀਰ ਕੀਤੀ ਤੇ ਕਿਹਾ ਕਿ ਅੱਜ ਤਾਂ ਅਸੀਂ ਇਹ ਰੋਸ ਪ੍ਰਗਟ ਕੀਤਾ ਹੈ ਤੇ ਜਲਸਾ ਵੀ ਕੀਤਾ ਹੈ । ਇਕ ਸਮਾਂ ਆਵੇਗਾ ਜਦੋਂ ਅਸੀਂ ਨਹੀਂ ਹੋਵਾਂਗੇ ਪਰ ਇਹ ਨੌਜਵਾਨ ਹੋਣਗੇ । ਅਸੀਂ ਨੌਜਵਾਨਾਂ ਨੂੰ ਉਤਸ਼ਾਹ ਦੇਵਾਂਗੇ ਕਿ ਉਹ ਪੂਰਾ ਹਿੱਸਾ ਲੈਣ । ਅਤਾ ਉੱਲਾਸ਼ਾਹ ਬੁਖ਼ਾਰੀ ਵੀ ਉਸ ਦਿਨ ਬੋਲਿਆ ।

**ਪ੍ਰਸ਼ਨ** : ਅਤਾ ਉੱਲਾ ਸ਼ਾਹ ਬੁਖ਼ਾਰੀ ਬਾਰੇ ਦੱਸੋ ?

**ਉੱਤਰ** : ਅਤਾ ਉੱਲਾ ਸ਼ਾਹ ਬੁਖ਼ਾਰੀ ਮੁਲਤਾਨ ਦੇ ਰਹਿਣ ਵਾਲੇ ਸਨ । ਉਹ ਅੰਮ੍ਰਿਤਸਰ ਵੀ ਰਹਿੰਦੇ ਸਨ । ਮੈਂ ਉਨ੍ਹਾਂ ਦੇ ਦਰਸ਼ਨ ਦੋ ਵਾਰ ਲਾਹੌਰ ਹੀ ਕੀਤੇ ਸਨ । ਲਾਹੌਰੀ ਗੇਟ ਦੇ ਬਾਹਰ ਬਹੁਤ ਵੱਡਾ ਜਲਸਾ ਸੀ, ਉਥੇ ਉਹ ਬੋਲੇ ਸਨ ।

ਪ੍ਰਸ਼ਨ : ਤੁਹਾਡਾ ਫਿਰ ਸਿਆਸਤ ਵਲ ਝੁਕਾਅ ਕਿਵੇਂ ਬਣਦਾ ਗਿਆ ?

**ਉੱਤਰ** : ਮੈਂ ਸਟੂਡੈਂਟ ਯੂਨੀਅਨ ਵਿਚ ਵੀ ਕੰਮ ਕਰਦਾ ਸੀ । ਪਠਾਨ ਜੋ ਅੰਗਰੇਜ਼ਾਂ ਦੇ ਬਹੁਤ ਵਿਰੋਧੀ ਸਨ । ਇਥੋਂ ਤਕ ਕਿ ਅੰਗਰੇਜ਼ ਇੰਜੀਨੀਅਰ ਇਕ ਪਠਾਨ ਨੂੰ ਕਹਿਣ ਲੱਗਿਆ ਕਿ ਦੇਖੋ ਹਮਨੇ ਤੁਮ੍ਹਾਰੇ ਲੀਏ ਸੜਕ ਬਨਾਈ ਹੈ । ਹਮਨੇ ਕਿਤਨਾ ਤਰੱਕੀ ਕੀਆ ਹੈ । ਸਕੂਲ ਬਨਾਏ ਹੈਂ । ਉਹ ਪਠਾਨ ਕਹਿਣ ਲੱਗਾ ਕਿ ਤੂੰ ਇਧਰ ਸੇ ਜਬ ਜਾਏਗਾ ਤੋ ਹਮ ਇਸ ਸਕੂਲ ਮੇਂ ਗਧੇ ਬਾਂਧੇਗਾ । ਇਹ ਸੜਕ ਜੋ ਸਾਡੇ ਸਕੂਲ ਦੇ ਸਾਹਮਣੇ ਬਣੀ ਸੀ । ਉਹ ਪਠਾਨ ਕਹਿਣ ਲੱਗਿਆ ਕਿ ਇਸ ਸੜਕ ਕੋ ਲੇ ਜਾਓ ਸਾਥ ਇੰਗਲੈਂਡ ਕੋ । ਇਹ ਜੋ ਪਠਾਨ ਹਨ ਇਨ੍ਹਾਂ ਵਿਚ ਸਾਡੇ ਨਾਲੋਂ ਅੰਗਰੇਜ਼ਾਂ ਦੇ ਬਹੁਤ ਵਿਰੋਧੀ ਸਨ । ਪਠਾਨਾਂ ਕੋਲ ਹਥਿਆਰ ਸਨ । ਉਹ ਸ਼ਹਿਰ ਨੂੰ ਛੱਡ ਕੇ ਬਾਕੀ ਤਾਂ ਇਹ ਲਗਦਾ ਸੀ ਕਿ ਅੰਗਰੇਜ਼ ਹੈ ਹੀ ਨਹੀਂ ਹਨ । ਮੇਰੇ ਤੇ ਬਲੋਚਿਸਤਾਨ ਵਿਚ ਰਹਿਣ ਕਰ ਕੇ ਵੀ ਅਸਰ ਪਿਆ ਸੀ ਤੇ ਦੂਸਰੇ ਲਾਹੌਰ ਯੂਨੀਅਨ ਵਿਚ ਆਉਣ ਕਰ ਕੇ ਲਾਲਾ ਲਾਜਪਤ ਰਾਏ ਦੇ ਸਟੱਡੀ ਸਰਕਲ ਦਾ ਵੀ ਅਸਰ ਹੋਇਆ ।

**ਪ੍ਰਸ਼ਨ** : ਲਾਲਾ ਲਾਜਪਤ ਰਾਏ ਬਾਰੇ ਸੁਣਿਆ ਹੈ ਕਿ ਉਹ ਅਖ਼ੀਰ ਵਿਚ ਆ ਕੇ ਕਮਿਊਨਲ ਬਣ ਗਏ ਸਨ, ਇਸ ਬਾਰੇ ਦੱਸੋ ।

**ਉੱਤਰ** : ਜਿਥੋਂ ਤਕ ਪੁਲੀਟੀਕਲ ਜ਼ਿੰਦਗੀ ਬਾਰੇ ਹੈ, ਉਹ ਅਮਰੀਕਾ ਵਿਚੋਂ ਪੜ੍ਹ ਕੇ ਆਏ ਸਨ । ਇਹ ਆਦਮੀ ਸੀ, ਜਿਸ ਨੇ ਕਿਹਾ ਸੀ ਕਿ ਜਦ ਤਕ ਮਜ਼ਦੂਰਾਂ ਵਲੋਂ ਤਹਿਰੀਕ ਨਹੀਂ ਚਲਦੀ ਉਦੋਂ ਤਕ ਕਾਮਯਾਬ ਨਹੀਂ ਹੋ ਸਕਦੀ । ਪਹਿਲਾਂ ਉਹ ਆਰੀਆ ਸਮਾਜ ਦੇ ਲੀਡਰ ਸਨ । ਫਿਰ ਉਹ ਨੈਸ਼ਨਲਿਸਟ ਲੀਡਰ ਸਨ । ਲਾਲਾ ਜੀ ਤਹਿਰੀਕ ਦੇ ਵਿੰਡ-ਕਲਾਕ (wind clock) ਸਨ । ਜੋ ਵੀ ਲਹਿਰ ਚੱਲੀ ਉਸ ਦੇ ਉਹ ਚੋਟੀ ਦੇ ਲੀਡਰ ਹੁੰਦੇ ਸਨ । ਲਾਲਾ ਲਾਜਪਤ ਰਾਏ ਇੰਨਾ ਹਰਮਨ ਪਿਆਰਾ ਸੀ ਕਿ ਉਹ ਦੋਨਾਂ ਪੰਜਾਬਾਂ ਦੀਆਂ ਸੀਟਾਂ ਤੇ ਕਾਂਗਰਸ ਦੇ ਉਲਟ ਖੜੇ ਸਨ ਤੇ ਦੋਵੇਂ ਥਾਵਾਂ ਤੋਂ ਜਿੱਤ ਗਏ ਸਨ । ਕਿਉਂਕਿ ਹਿੰਦੂ ਮਹਾਸਭਾ ਸਿਰ ਚੁੱਕ ਰਹੀ ਸੀ । ਜਿਧਰ ਲੋਕ ਹੁੰਦੇ ਸਨ ਉਹ ਉਧਰ ਹੋ ਜਾਂਦੇ ਸਨ । ਰਾਏਜ਼ਾਦਾ ਹੰਸਰਾਜ ਤੇ ਚਮਨ ਲਾਲ, ਦੋਨਾਂ ਨੂੰ ਹੀ ਹਰਾ ਦਿੱਤਾ ਸੀ । ਉੱਤਰ ਤੇ ਦੱਖਣ ਦੀਆਂ ਦੋਨਾਂ ਸੀਟਾਂ ਤੋਂ ਜਿੱਤੇ ਸਨ । ਸੋ ਮੈਂ ਕਹਾਂਗਾ ਕਿ ਉਹ ਬਾਅਦ ਵਿਚ ਕਮਿਊਨਲ ਨਹੀਂ ਹੋਇਆ, ਉਹ ਹਮੇਸ਼ਾ ਹੀ ਕਮਿਊਨਲ ਰਿਹਾ । ਲਾਹੌਰ ਰਾਵੀ ਉਤੇ ਔਰਤਾਂ ਨੰਗੀਆਂ ਨਹਾਉਂਦੀਆਂ ਸਨ, ਉਸ ਦੇ ਵਿਰੁੱਧ ਵੀ ਅੰਦੋਲਨ ਚਲਿਆ । ਲਾਲਾ ਜੀ ਉਸ ਦੇ ਵੀ ਲੀਡਰ ਸਨ । ਇਹ 1926-27 ਦੀ ਗੱਲ ਹੈ । ਸੋ ਲਾਲਾ ਜੀ ਕੋਈ ਵੀ ਤਹਿਰੀਕ ਚਲਦੀ

ਉਸ ਦੇ ਲੀਡਰ ਹੁੰਦੇ ਸਨ । ਲਾਲਾ ਜੀ ਕੋਈ ਕਾਂਗਰਸੀ ਨਹੀਂ ਸਨ, ਉਹ ਆਜ਼ਾਦ ਖ਼ਿਆਲ ਨਾਲ ਚਲਦੇ ਸਨ । ਉਦੋਂ ਲੋਕ ਨੈਸ਼ਨਲਿਸਟਾਂ ਨੂੰ ਇਹ ਨਹੀਂ ਸਮਝਦੇ ਸਨ ਕਿ ਉਹ ਗਾਂਧੀ ਜੀ ਦੇ ਨੇੜੇ ਹੋਏ ਹਨ ਕਿ ਨਹੀਂ ।

**ਪ੍ਰਸ਼ਨ** : ਲਾਲਾ ਲਾਜਪਤ ਰਾਏ ਦੀ ਮੌਤ ਫਿਰ ਲਾਠੀਚਾਰਜ ਹੋਣ ਕਰ ਕੇ ਤਾਂ ਨਾ ਹੋਈ, ਇਸ ਬਾਰੇ ਦੱਸੋ ?

**ਉੱਤਰ** : ਲਾਠੀਚਾਰਜ ਤੋਂ ਬਾਅਦ ਇਕ ਤਹਿਰੀਕ ਚੱਲੀ ਕਿ ਇਸ ਦੀ ਨਿਰਪੱਖ ਇਨਕੁਆਰੀ ਹੋਣੀ ਚਾਹੀਦੀ ਹੈ । ਪਰ ਗੌਰਮਿੰਟ ਨਾ ਮੰਨੀ । ਫਿਰ ਉਸ ਵੇਲੇ ਲੋਕਾਂ ਵਿਚ ਇਸ ਤਹਿਰੀਕ ਦਾ ਇੰਨਾ ਉਭਾਰ ਸੀ ਕਿ ਹਰ ਇਕ ਪਾਰਟੀ ਨੇ ਇੰਡੀਆ ਲੈਵਲ ਤੇ ਕਿਹਾ ਕਿ ਇਨਕੁਆਰੀ ਨਿਰਪੱਖ ਹੋਣੀ ਚਾਹੀਦੀ ਹੈ । ਇਥੋਂ ਤਕ ਕਿ ਗਵਰਨਰ ਦੇ ਐਡਵਾਈਜ਼ਰਾਂ ਨੇ ਵੀ ਕਿਹਾ ਕਿ ਇਨਕੁਆਰੀ ਨਿਰਪੱਖ ਹੋਣੀ ਚਾਹੀਦੀ ਹੈ । ਪਰ ਗੌਰਮਿੰਟ ਨਾ ਮੰਨੀ । ਲਾਲਾ ਲਾਜਪਤ ਰਾਏ ਜੀ ਤਕਰੀਬਨ ਡੇਢ ਮਹੀਨਾ ਜ਼ਿੰਦਾ ਰਹੇ । ਉਹ ਸ਼ਿਮਲਾ ਅਸੈਂਬਲੀ ਦੇ ਸੈਸ਼ਨ ਤੋਂ ਆਏ ਸਨ, ਜਿਸ ਦਿਨ ਉਨ੍ਹਾਂ ਦੀ ਮੌਤ ਹੋਈ । ਉਹ ਪੰਜ-ਸੱਤ ਦਿਨ ਪਹਿਲਾਂ ਹੀ ਕਹਿਣ ਲੱਗ ਪਏ ਸਨ ਕਿ ਹੁਣ ਇਸ ਮੁਲਕ ਵਿਚ ਜੀਣ ਦਾ ਕੋਈ ਹੱਕ ਨਹੀਂ । ਮੈਂ ਆਪ ਉਨ੍ਹਾਂ ਨੂੰ ਮਿਲਿਆ ਹਾਂ ।

**ਪ੍ਰਸ਼ਨ** : ਲਾਲਾ ਲਾਜਪਤ ਰਾਇ ਇਹ ਕਿਉਂ ਕਹਿਣ ਲੱਗ ਪਏ ਸਨ ?

**ਉੱਤਰ** : ਉਹ ਸਮਝਦੇ ਸਨ ਕਿ ਮੈਂ ਆਪ ਜਨਤਾ ਦਾ ਲੀਡਰ ਹਾਂ । ਇੰਨਾ ਹਰਮਨ-ਪਿਆਰਾ ਹਾਂ । ਇਥੇ ਮੈਂ ਕੌਮ ਕਰਨ ਵਾਲੀ ਜਮਾਤ ਦਾ ਲੀਡਰ ਹਾਂ ਤੇ ਮੈਨੂੰ ਇਕ ਮਾਮੂਲੀ ਸਾਰਜੰਟ (ਸਾਂਡਰਸ) ਨਾਲ ਤੋਲ ਦਿੱਤਾ ਹੈ । ਉਹ ਕਹਿੰਦੇ ਸਨ ਕਿ ਮੈਂ ਕੌਮ ਦਾ ਲੀਡਰ ਹਾਂ ਤੇ ਇਹ ਵਤੀਰਾ ਮੇਰੇ ਨਾਲ ਇਨ੍ਹਾਂ ਅੰਗਰੇਜ਼ਾਂ ਨੇ ਕੀਤਾ ਹੈ ।

**ਪ੍ਰਸ਼ਨ** : ਉਨ੍ਹਾਂ ਦੀ ਨੈਸ਼ਨਲਿਸਟ ਲੀਡਰਾਂ ਵਿਚ ਕੀ ਪੋਜ਼ੀਸ਼ਨ ਸੀ ?

**ਉੱਤਰ** : ਇਕ ਤਾਂ ਉਹ ਨੈਸ਼ਨਲਿਸਟ ਲੀਡਰ ਸਨ ਤੇ ਬ੍ਰਿਟਿਸ਼ ਕਾਰਸਪੌਂਡੈਂਟ ਸਨ, ਅਮਰੀਕਨ ਅਖ਼ਬਾਰ ਜੋ ਨਿਕਲਦਾ ਸੀ । ਇਕ ਲੇਖ ਜੋ 1921 ਦੇ ਵਿਚ ਕੰਨਟਰੋ-ਵਰਸ਼ੀਅਨ ਸੀ ਜੋ 'ਟਾਈਮਜ਼ ਆਫ਼ ਇੰਡੀਆ' ਵਿਚ ਛਪਿਆ ਸੀ । ਅਜੇ ਮੂਵਮੈਂਟ ਵਾਪਸ ਨਹੀਂ ਸੀ ਹੋਈ । ਉਨ੍ਹਾਂ ਦਾ ਲੇਖ 'ਨਿਊਯਾਰਕ ਟਾਈਮਜ਼' 'ਚ ਛਪਿਆ ਸੀ । ਇਹ ਵੀ ਉਨ੍ਹਾਂ ਦੀ ਆਮਦਨ ਸੀ ।

**ਪ੍ਰਸ਼ਨ** : ਤੁਸੀਂ ਭਗਤ ਸਿੰਘ ਨਾਲ ਫਿਰ ਕਿਉਂ ਜੁੜੇ ?

**ਉੱਤਰ** : ਜਦ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ ਤਾਂ ਸਾਰੇ ਹਿੰਦੁਸਤਾਨ ਵਿਚ ਇਕ ਰੋਸ ਉਠਿਆ ਕਿ ਇਸ ਮੌਤ ਦਾ ਬਦਲਾ ਜ਼ਰੂਰ ਲੈਣਾ ਚਾਹੀਦਾ ਹੈ । ਸਾਰੇ ਹੀ ਲੀਡਰ ਫਿਰ ਡਾ. ਸਤਪਾਲ ਤੇ ਕਿਚਲੂ ਹੁਰੀਂ ਕਹਿਣ ਲੱਗੇ ਕਿ ਨੌਜਵਾਨੋਂ ਕੁਝ ਕਰੋ । ਫਿਰ ਸਾਡੀ ਮੀਟਿੰਗ ਲਾਹੌਰ ਵਿਖੇ ਸ. ਭਗਤ ਸਿੰਘ ਦੀ ਅਗਵਾਈ ਹੇਠ ਹੋਈ ਤੇ ਭਗਤ ਸਿੰਘ ਨੇ ਕਿਹਾ ਕਿ ਕੁਝ ਕਰਨਾ ਚਾਹੀਦਾ ਹੈ । ਪਰ ਉਸ ਨੇ ਕਿਹਾ ਕਿ ਇਕ ਗੱਲ ਮੈਂ ਤੁਹਾਨੂੰ ਦੱਸ ਦਿਆਂ ਕਿ ਗੌਰਮਿੰਟ ਦਾ ਜੋ ਜਵਾਬੀ ਹਮਲਾ ਹੋਵੇਗਾ, ਉਹ ਅਸੀਂ ਸਹਿਣ ਜੋਗੇ ਨਹੀਂ ਹੋਵਾਂਗੇ । ਇਸ ਵਾਸਤੇ ਇਸ ਬਾਰੇ ਸੋਚੋ । ਪਰ ਲੋਕਾਂ ਦੀ ਇਸ ਵੇਲੇ ਮੰਗ ਸੀ ਕਿ ਸਾਨੂੰ ਕੁਝ ਕਰਨਾ ਚਾਹੀਦਾ ਹੈ । ਫਿਰ ਅਸੀਂ ਮਤਾ ਪਾਸ ਕੀਤਾ ਤੇ ਸੈਂਟਰ ਤੋਂ ਇਜਾਜ਼ਤ ਲਈ । ਇਹ ਸਾਡੀ ਨੌਜਵਾਨ ਸਭਾ ਦੀ ਸੋਸ਼ਲਿਸਟ ਰੀਪਬਲਿਕਨ ਆਰਮੀ ਜੋ ਸੀ, ਉਸ ਕੋਲੋਂ ਇਜਾਜ਼ਤ ਲਈ । ਇਹ ਗੁਪਤ ਸੀ ਤੇ ਇਸ ਦਾ ਪੰਜਾਬ ਵਿਚ ਕਿਸੇ ਸ਼ਹਿਰ ਵਿਚ ਹੈਡ-ਕੁਆਰਟਰ ਸੀ । ਇਸ ਦਾ ਇਕ ਲੀਡਰ ਚੰਦਰਸ਼ੇਖਰ ਆਜ਼ਾਦ ਵੀ ਸੀ ।

**ਪ੍ਰਸ਼ਨ** : ਫਿਰ ਅੱਗੇ ਤੁਸੀਂ ਕੀ ਕੀਤਾ ?

**ਉੱਤਰ** : ਫਿਰ ਅਸੀਂ ਕੁਝ ਘਰ ਕਿਰਾਏ 'ਤੇ ਲਏ । ਉਨ੍ਹਾਂ ਵਿਚੋਂ ਕੁਝ ਗੁਪਤ ਜਗ੍ਹਾਵਾਂ ਦਾ ਇੰਚਾਰਜ ਮੈਂ ਵੀ ਸਾਂ । ਲਾਹੌਰ ਮੈਂ ਪੰਜ-ਛੇ ਗੁਪਤ ਘਰਾਂ ਦਾ ਇੰਚਾਰਜ ਸੀ । ਪਹਿਲਾਂ ਤਾਂ ਜੋ ਵਰਕਰ ਬਾਹਰੋਂ ਆਉਂਦਾ ਸੀ, ਉਸ ਨੂੰ ਸੰਭਾਲਦੇ ਸੀ । ਮਹਾਂਵੀਰ ਵੀ ਇਕ ਸਾਡਾ ਵਰਕਰ ਸੀ ਤੇ ਆਉਂਦਾ ਰਹਿੰਦਾ ਸੀ । ਉਸ ਦੀ ਮੌਤ ਕਾਲੇ ਪਾਣੀ ਹੋਈ । ਅੱਡੋ-ਅੱਡ ਨਾਵਾਂ ਤੇ ਕਿਰਾਏ 'ਤੇ ਲੈਂਦੇ ਸਾਂ । ਫਿਰ ਜਿਸ ਦਿਨ ਐਕਸ਼ਨ ਹੋਇਆ ਤਾਂ ਫਿਰ ਲਾਹੌਰ ਤੋਂ ਹੀ ਇਹ ਗਏ ਸਨ । ਇਹ ਹਮਲਾ ਕਰਨ ਗਏ ਸਨ । ਸੁਪਰਡੈਂਟ ਪੁਲਿਸ ਦਾ ਜੋ ਦਫ਼ਤਰ ਸੀ, ਉਹ ਲਾਹੌਰ ਕਚਹਿਰੀਆਂ ਦੇ ਨਾਲ ਸੀ । ਇਹ ਸਕਾਟ ਤੇ ਸਾਂਡਰਸ ਦੋਨਾਂ ਨੂੰ ਮਾਰਨਾ ਚਾਹੁੰਦੇ ਸਨ । ਸਕਾਟ ਐਸ. ਪੀ. ਸੀ ਅਤੇ ਸਾਂਡਰਸ ਡੀ. ਐਸ. ਪੀ. ਸੀ ।

**ਪ੍ਰਸ਼ਨ** : ਸਾਂਡਰਸ ਨੂੰ ਮਾਰਨ ਵਾਲੇ ਕੌਣ ਸਨ ?

**ਉੱਤਰ** : ਸਾਂਡਰਸ ਨੂੰ ਮਾਰਨ ਵਾਲੇ ਸਰਦਾਰ ਭਗਤ ਸਿੰਘ, ਚੰਦਰਸ਼ੇਖਰ ਆਜ਼ਾਦ ਤੇ ਤੀਜਾ ਰਾਜਗੁਰੂ ਸੀ ।

**ਪ੍ਰਸ਼ਨ** : ਰਾਜਗੁਰੂ ਬਾਰੇ ਕੁਝ ਦੱਸੋ ?

**ਉੱਤਰ** : ਰਾਜਗੁਰੂ ਪਹਿਲਾਂ ਬਨਾਰਸ ਦਾ ਵਿਦਿਆਰਥੀ ਸੀ । ਫਿਰ ਉਥੇ ਹੀ ਫਿਜ਼ੀਕਲ ਟਰੇਨਰ ਲੱਗ ਗਿਆ ਤੇ ਇਹ ਮਰਹੱਟਾ ਸੀ ਤੇ ਪੂਨੇ ਦਾ ਰਹਿਣ ਵਾਲਾ ਸੀ ।

**ਪ੍ਰਸ਼ਨ** : ਰਾਜਗੁਰੂ ਭਗਤ ਸਿੰਘ ਨੂੰ ਫਿਰ ਕਿਵੇਂ ਮਿਲਿਆ ਤੇ ਉਸ ਦਾ ਮਿੱਤਰ ਕਿਵੇਂ ਬਣਿਆ ?

**ਉੱਤਰ** : ਇਹ ਕਾਕੋਰੀ ਤਹਿਰੀਕ ਦੇ ਕਾਰਨ ਮੇਲ ਹੋਇਆ । ਉਥੇ ਕਾਨਪੁਰ ਭਗਤ ਸਿੰਘ ਨਾਲ ਮੇਲ ਹੋਇਆ ਉਸ ਤੋਂ ਮਗਰੋਂ ਇਸ ਨੂੰ ਫਿਰ ਇਥੇ ਲਿਆਏ ।

**ਪ੍ਰਸ਼ਨ** : ਚੰਦਰਸ਼ੇਖਰ ਆਜ਼ਾਦ ਬਾਰੇ ਵੀ ਕੁਝ ਦੱਸੋ ?

**ਉੱਤਰ :** ਚੰਦਰਸ਼ੇਖਰ ਪੁਰਾਣਾ ਰੈਵੂਲੇਸ਼ਨਰੀ ਸੀ। ਕਾਕੋਰੀ ਕੇਸ ਵਿਚ ਇਸ ਦੀ ਭਾਲ ਵੀ ਸੀ। ਇਹ ਨੈਸ਼ਨਲਿਸਟ ਸੀ। ਇਸ 'ਤੇ ਕਮਿਊਨਿਜ਼ਮ ਦਾ ਕੋਈ ਅਸਰ ਨਹੀਂ ਸੀ। ਇਹ ਕਾਕੋਰੀ ਵਰਗਾ ਹੀ ਗਰੁੱਪ ਬਣਾਉਣਾ ਚਾਹੁੰਦਾ ਸੀ।

**ਪ੍ਰਸ਼ਨ :** ਸੁਖਦੇਵ ਬਾਰੇ ਦੱਸੋ ਕਿ ਇਹ ਭਗਤ ਸਿੰਘ ਹੁਰਾਂ ਨਾਲ ਕਿਵੇਂ ਰਲ ਗਿਆ ?

**ਉੱਤਰ :** ਇਹ ਲਾਹੌਰ ਨੈਸ਼ਨਲ ਕਾਲਜ ਦਾ ਗਰੈਜੂਏਟ ਸੀ। ਇਹ ਭਗਤ ਸਿੰਘ ਦੇ ਸਾਥੀਆਂ ਵਿਚੋਂ ਸੀ। ਇਹ ਦੁਬਾਰਾ ਜਦੋਂ ਗਰੁੱਪ ਆਰਗੇਨਾਈਜ਼ ਕੀਤਾ ਗਿਆ ਉਦੋਂ ਇਹ ਇਕ ਲੀਡਰ ਸੀ। ਇਹ ਸੋਸ਼ਲਿਜ਼ਮ ਦਾ ਹਾਮੀ ਸੀ। ਜੇਲ੍ਹ ਵਿਚ ਜਾ ਕੇ ਸਾਨੂੰ ਸੋਸ਼ਲਿਜ਼ਮ ਬਾਰੇ ਪਤਾ ਲੱਗਿਆ ਜਦੋਂ ਅਸੀਂ ਇਸ ਬਾਰੇ ਗਹੁ ਨਾਲ ਵਾਚਿਆ। ਸੁਖਦੇਵ ਤੇ ਭਗਤ ਸਿੰਘ ਦੋ ਪਹਿਲੇ ਆਦਮੀ ਸਨ ਜੋ ਪੂਰੀ ਤਰ੍ਹਾਂ ਨਾਲ ਸੋਸ਼ਲਿਜ਼ਮ ਬਾਰੇ ਪੂਰੀ ਵਾਕਫ਼ੀਅਤ ਰਖਦੇ ਸਨ।

**ਪ੍ਰਸ਼ਨ :** ਸੁਖਦੇਵ ਕਿੱਥੋਂ ਦਾ ਰਹਿਣ ਵਾਲਾ ਸੀ ?

**ਉੱਤਰ :** ਇਨ੍ਹਾਂ ਦੀ ਲਾਇਲਪੁਰ ਵਿਚ ਆੜ੍ਹਤ ਦੀ ਦੁਕਾਨ ਸੀ। ਇਨ੍ਹਾਂ ਦੇ ਚਾਚਾ ਜੀ ਦੀ ਦੁਕਾਨ ਸੀ। ਉਹ ਵੀ ਨੈਸ਼ਨਲਿਸਟ ਸੀ। ਸੁਖਦੇਵ ਪਿੱਛੋਂ (ਲੁਧਿਆਣੇ ਦੇ) ਰਹਿਣ ਵਾਲੇ ਸਨ।

**ਪ੍ਰਸ਼ਨ :** ਤੁਸੀਂ ਸਾਂਡਰਸ ਨੂੰ ਮਾਰਨ ਤੋਂ ਬਾਅਦ ਫਿਰ ਕੀ ਕੀਤਾ ?

**ਪ੍ਰਸ਼ਨ :** ਫਿਰ ਇਹ ਸਾਰੇ ਆਪਣੇ ਡੇਰੇ ਆ ਗਏ। ਉਥੇ **5-7** ਦਿਨ ਰਹੇ। ਫਿਰ ਅਸੀਂ ਇਨ੍ਹਾਂ ਨੂੰ ਕਲਕੱਤੇ ਵਲ ਕੱਢ ਦਿੱਤਾ, ਉਥੇ ਕਾਂਗਰਸ ਦਾ ਸੈਸ਼ਨ ਹੋ ਰਿਹਾ ਸੀ। ਪੁਲਿਸ ਦਾ ਪੂਰਾ ਪਹਿਰਾ ਸੀ। ਹਰ ਚੌਕ ਤੇ ਪੁਲਿਸ ਦੇ ਟੈਂਟ ਲੱਗੇ ਹੋਏ ਸਨ। ਸਾਰਾ ਸ਼ਹਿਰ ਪੁਲਿਸ ਨਾਲ ਭਰਿਆ ਪਿਆ ਸੀ। ਇਸ ਦੇ ਬਾਵਜੂਦ ਅਸੀਂ ਉਨ੍ਹਾਂ ਨੂੰ ਅੰਗਰੇਜ਼ੀ ਡਰੈਸ ਪੁਆਈ ਤੇ ਫਸਟ ਕਲਾਸ ਦੇ ਡੱਬੇ ਵਿਚ ਬਿਠਾ ਦਿੱਤਾ। ਰਾਜਗੁਰੂ ਇਨ੍ਹਾਂ ਦੇ ਨੌਕਰ ਦੇ ਤੌਰ ਤੇ ਨਾਲ ਗਿਆ। ਭਗਵਤੀ ਚਰਣ ਵੋਹਰਾ ਦੀ ਪਤਨੀ, ਦੁਰਗਾ ਭਾਬੀ ਉਸ ਦੀ ਪਤਨੀ ਦੇ ਤੌਰ ਤੇ ਨਾਲ ਗਈ।

**ਪ੍ਰਸ਼ਨ :** ਸਾਂਡਰਸ ਨੂੰ ਮਾਰਨ ਮਗਰੋਂ ਲਾਹੌਰ ਇੰਨੇ ਦਿਨ ਰਹਿਣਾ ਠੀਕ ਨਹੀਂ ਸੀ ਪਰ ਭਗਤ ਸਿੰਘ ਹੁਰੀਂ ਕਿਉਂ ਠਹਿਰੇ ਰਹੇ ਜਦੋਂ ਕਿ ਹਰ ਪਾਸੇ ਪੁਲਿਸ ਹੀ ਸੀ ਪੁਲਿਸ ਸੀ।

**ਉੱਤਰ :** ਅਸੀਂ ਸੋਚਦੇ ਸਾਂ ਕਿ ਹੌਲੀ-ਹੌਲੀ ਠੰਢ ਵਰਤ ਜਾਵੇਗੀ ਤੇ ਗੱਲ ਢਿੱਲੀ ਪੈ ਜਾਵੇਗੀ। ਪਰ ਜਦੋਂ ਸਾਨੂੰ ਠੰਢ ਹੁੰਦੀ ਦਿਖਾਈ ਨਾ ਦਿੱਤੀ। ਕਿਉਂਕਿ ਹਾਲਤ ਇਹ ਹੋ ਗਈ ਕਿ ਜਿਸ ਦਿਨ ਇਹ ਘਟਨਾ ਹੋਈ ਅਗਲੇ ਦਿਨ ਸਾਰੇ ਪੰਜਾਬ ਦੀ ਪੁਲਿਸ ਉਥੇ ਪਹੁੰਚ ਗਈ ਤੇ ਦੂਰ-ਦੂਰ ਤਕ ਸਾਰੇ ਪਿੰਡਾਂ ਵਿਚ ਤਲਾਸ਼ੀ ਹੋਈ। ਰਾਤੋ-ਰਾਤ ਸਾਰੇ ਹੋਸਟਲਾਂ ਦੀ ਤਲਾਸ਼ੀ ਹੋਈ। ਸਾਰਾ ਸ਼ਹਿਰ ਘੇਰ ਲਿਆ। ਹੋਸਟਲਾਂ ਵਿਚ ਲਿਸਟ ਬਣਵਾਈ ਗਈ ਕਿ ਕਿਹੜੇ-ਕਿਹੜੇ ਗ਼ੈਰ-ਹਾਜ਼ਰ ਸਨ ਪਰ ਕੁਦਰਤੀ ਲਿਸਟ ਲਗਭਗ ਚਾਰ-ਪੰਜ ਹਜ਼ਾਰ ਤੋਂ ਉਪਰ ਬਣ ਗਈ ਕਿਉਂਕਿ ਲੜਕੇ ਉਥੇ ਨਹੀਂ ਸਨ। ਨਹੀਂ ਤਾਂ ਉਸੇ ਰਾਤ ਹੀ ਸਾਰੇ ਸਾਥੀਆਂ ਨੇ ਗ੍ਰਿਫ਼ਤਾਰ ਹੋ ਜਾਣਾ ਸੀ। ਫਿਰ ਇਸ ਤਰੀਕੇ ਨਾਲ ਭਗਤ ਸਿੰਘ ਹੁਰਾਂ ਨੂੰ ਕੱਢਿਆ ਗਿਆ। ਆਜ਼ਾਦ ਤੇ ਭਗਵਤੀ ਚਰਣ ਵੋਹਰਾ ਵੀ ਉਦੋਂ ਇਥੇ ਹੀ ਸਨ। ਫਿਰ ਸਾਰਿਆਂ ਨੇ ਸਕੀਮ ਬਣਾਈ ਕਿ ਅੰਗਰੇਜ਼ੀ ਡਰੈਸ ਪਾ ਕੇ ਹੀ ਬਾਹਰ ਨਿਕਲਿਆ ਜਾਵੇ ਤੇ ਉਹ ਸਕੀਮ ਉਨ੍ਹਾਂ ਦੀ ਕਾਮਯਾਬ ਹੋ ਗਈ। ਉਂਞ ਸਟੇਸ਼ਨ ਤੇ ਬਹੁਤ ਚੈਕਿੰਗ ਸੀ।

ਉਸ ਤੋਂ ਮਗਰੋਂ ਫਿਰ ਮੈਂ ਆਜ਼ਾਦ ਸਾਹਿਬ ਨੂੰ ਛੱਡਣ ਲਈ ਮੇਰਠ ਗਿਆ। ਮੇਰੇ ਨਾਲ ਸੁਖਦੇਵ ਦੇ ਮਾਤਾ ਜੀ ਵੀ ਸਨ। ਅਸੀਂ ਹਰਿਦੁਆਰ ਉਤਰ ਗਏ ਤੇ ਉਹ ਅੱਗੇ ਚਲੇ ਗਏ ਅਤੇ ਅਸੀਂ ਫਿਰ ਵਾਪਸ ਆ ਗਏ।

**ਪ੍ਰਸ਼ਨ :** ਚੰਦਰਸ਼ੇਖਰ ਆਜ਼ਾਦ ਫਿਰ ਪਕੜਿਆ ਗਿਆ ਕਿ ਨਹੀਂ ?

**ਉੱਤਰ :** ਚੰਦਰਸ਼ੇਖਰ ਆਜ਼ਾਦ, ਜਦ ਦੂਜਿਆਂ ਸਾਥੀਆਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਜ਼ਾਵਾਂ ਹੋ ਗਈਆਂ ਤਾਂ ਫਿਰ ਆਜ਼ਾਦ ਪੰਡਤ ਨਹਿਰੂ ਕੋਲ ਇਲਾਹਾਬਾਦ ਗਿਆ ਕਿ ਕਿਸੇ ਤਰ੍ਹਾਂ ਇਨ੍ਹਾਂ ਦੀ ਫਾਂਸੀ ਤੁੜਵਾਈ ਜਾਵੇ। ਇਲਾਹਾਬਾਦ ਫਿਰ ਆਜ਼ਾਦ ਦਾ ਪੁਲਿਸ ਨਾਲ ਮੁਕਾਬਲਾ ਹੋ ਗਿਆ। ਕਿਸੇ ਨੇ ਉਸ ਬਾਰੇ ਦੱਸ ਦਿੱਤਾ ਤੇ ਉਹ ਪੁਲਿਸ ਮੁਕਾਬਲੇ ਵਿਚ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋ ਗਿਆ। ਉਹ ਨਹਿਰੂ ਨੂੰ ਨਹੀਂ ਮਿਲ ਸਕਿਆ। ਚੰਦਰਸ਼ੇਖਰ ਆਜ਼ਾਦ ਸਾਧੂ ਦੇ ਭੇਸ ਵਿਚ ਗਿਆ ਸੀ ਤੇ ਉਥੇ ਇਕ ਬਾਗ਼ ਵਿਚ ਠਹਿਰਿਆ ਸੀ, ਜਿਸ ਨੂੰ ਪੁਲਿਸ ਨੇ ਘੇਰ ਲਿਆ ਸੀ। ਉਸ ਕੋਲ ਪਿਸਤੌਲ ਸੀ। ਵੈਸੇ ਤਾਂ ਉਹ ਆਪਣੇ ਕੋਲ ਮਾਊਜ਼ਰ ਰੱਖਦਾ ਹੁੰਦਾ ਸੀ ਪਰ ਉਸ ਦਿਨ ਉਸ ਕੋਲ ਮਾਮੂਲੀ ਪਿਸਤੌਲ ਸੀ।

**ਪ੍ਰਸ਼ਨ :** ਇਸ ਤੋਂ ਮਗਰੋਂ ਫਿਰ ਅੱਗੇ ਤੁਸੀਂ ਕੀ ਸੋਚਿਆ ?

**ਉੱਤਰ :** ਫਿਰ ਮੈਂ ਆਪਣਾ ਕੰਮ ਸ਼ੁਰੂ ਕਰ ਦਿੱਤਾ। ਬੰਬ ਬਨਾਉਣ ਦੇ ਸੰਬੰਧ ਵਿਚ ਅਸੀਂ ਫੜੇ ਗਏ ਸੀ। ਬੰਬ ਬਨਾਉਣ ਦੀ ਫੈਕਟਰੀ ਸਾਡੀ ਲਾਹੌਰ ਸੀ। ਕਸ਼ਮੀਰ ਬਿਲਡਿੰਗ ਕਿਲ੍ਹਾ ਗੁਜਰ ਸਿੰਘ ਕੋਲ ਜਗ੍ਹਾ ਸੀ। ਉਸ ਵਿਚ ਡੈਨ (den) ਸੀ। ਜਦੋਂ ਸੈਂਟਰਲ ਅਸੈਂਬਲੀ ਵਿਚ ਬੰਬ ਸੁੱਟਿਆ ਗਿਆ ਫਿਰ ਸਰਕਾਰ ਕਾਫ਼ੀ ਗੰਭੀਰ ਹੋ ਗਈ। ਪਹਿਲਾਂ ਉਹ ਕਲਕੱਤੇ ਗਏ ਸਨ ਫਿਰ ਆ ਕੇ ਬੰਬ ਸੁੱਟਿਆ ਸੀ। ਸਾਡਾ ਖ਼ਿਆਲ ਸੀ ਕਿ ਪੁਲਿਸ ਦਾ ਪਹਿਰਾ ਇੰਨਾ ਹੋਵੇਗਾ ਕਿ ਬੰਬ ਸੁੱਟਣ ਮਗਰੋਂ ਆਪਣੇ ਬੰਦਿਆਂ ਨੂੰ ਅਸੀਂ ਨਹੀਂ ਕੱਢ ਸਕਾਂਗੇ। ਖ਼ਿਆਲ ਇਹੀ ਸੀ ਕਿ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿਉ। ਬੰਬ ਸੁੱਟਣ ਮਗਰੋਂ ਭਗਤ ਸਿੰਘ ਤੇ ਦੱਤ ਨੇ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

**ਪ੍ਰਸ਼ਨ :** ਦੱਤ ਦਾ ਪੂਰਾ ਨਾਮ ਕੀ ਸੀ ? ਇਸ ਬਾਰੇ ਕੁਝ ਦੱਸੋ।

**ਉੱਤਰ :** ਇਹ ਕਾਨਪੁਰ ਏਰੀਏ ਦਾ ਯੂ. ਪੀ. ਦਾ ਰਹਿਣ ਵਾਲਾ ਸੀ । ਇਸ ਦਾ ਪੂਰਾ ਨਾਂ ਬਟੁਕੇਸ਼ਵਰ ਦੱਤ ਸੀ । ਇਸ ਦੀ ਸਿਹਤ ਕਾਫ਼ੀ ਖ਼ਰਾਬ ਹੋ ਗਈ ਸੀ ਤੇ ਇਸ ਨੇ ਕਿਹਾ ਸੀ ਕਿ ਉਂਞ ਵੀ ਮਰ ਜਾਣਾ ਹੈ ਕਿਉਂ ਨਾ ਕੁਝ ਕਰਾਂ । ਜਦੋਂ ਭੰਗੀਆਂ ਦੀ ਹੜਤਾਲ ਹੋਈ (ਇਹ ਹੜਤਾਲ ਕੋਈ ਡੇਢ ਮਹੀਨਾ ਚੱਲੀ) ਤਾਂ ਉਦੋਂ ਜੇਹਲ ਵਿਚ ਇਸ ਨੂੰ ਕਿਸੇ ਤਰ੍ਹਾਂ ਟੀ. ਬੀ. ਦਾ ਸ਼ਿਕਾਰ ਹੋਣਾ ਪਿਆ । ਇਹ ਬੰਗਾਲੀ ਸੀ, ਨਾਜ਼ੁਕ ਤਬੀਅਤ ਦਾ ਸੀ । ਇਸ ਨੇ ਫਿਰ ਇਹ ਮਨ ਬਣਾ ਲਿਆ ਸੀ ਕਿ ਕੁਝ ਕਰਨਾ ਹੈ । ਭਗਤ ਸਿੰਘ ਨੂੰ ਸਾਂਡਰਸ ਕੇਸ ਕਰ ਕੇ ਫਾਂਸੀ ਹੋਈ ਸੀ ਤੇ ਦੱਤ ਨੂੰ ਬਰੀ ਕਰ ਦਿੱਤਾ ਗਿਆ ਸੀ ਕਿਉਂਕਿ ਉਹ ਸਾਂਡਰਸ ਨੂੰ ਮਾਰਨ ਵਿਚ ਨਹੀਂ ਸੀ ।

**ਪ੍ਰਸ਼ਨ :** ਜਦੋਂ ਤੁਸੀਂ ਬੰਬ ਬਣਾਉਂਦੇ ਹੋਏ ਫੜੇ ਗਏ ਸੀ ਤਾਂ ਤੁਹਾਡੇ ਨਾਲ ਹੋਰ ਕੌਣ ਸੀ ?

**ਉੱਤਰ :** ਉਦੋਂ ਮੈਂ, ਸੁਖਦੇਵ ਤੇ ਜੈ ਗੁਪਾਲ ਸਾਂ । ਜੈ ਗੁਪਾਲ ਵਾਇਦਾ-ਮਾਫ਼ ਹੋ ਗਿਆ ਸੀ । ਉਸ ਦਾ ਮਨ ਡੋਲ ਗਿਆ । ਜਦੋਂ ਉਸ ਨੂੰ ਪਹਿਲੇ ਹੀ ਰੇਲਵੇ ਪੁਲਿਸ ਅੰਦਰ ਬੰਦ ਕੀਤਾ ਗਿਆ ਤਾਂ ਉਹ ਘਬਰਾ ਗਿਆ ਤੇ ਉਸ ਨੇ ਸਾਰਾ ਕੁਝ ਦੱਸ ਦਿੱਤਾ ਤੇ ਉਸ ਨੂੰ ਫਿਰ ਛੱਡ ਦਿੱਤਾ ਗਿਆ ।

**ਪ੍ਰਸ਼ਨ :** ਤੁਸੀਂ ਬੰਬ ਕਿਵੇਂ ਬਣਾਉਂਦੇ ਸੀ ?

**ਉੱਤਰ :** ਅਸੀਂ ਬੰਬ ਦਾ ਖੋਲ ਬਾਹਰੋਂ ਲਿਆਉਂਦੇ ਸਾਂ । ਇਹ ਖੋਲ ਬ੍ਰਿਟਿਸ਼ ਬੰਬ ਦੇ ਖੋਲ ਤੋਂ ਵੱਡਾ ਸੀ । ਖੋਲ ਬਾਹਰੋਂ ਢਲਵਾਂ ਹੁੰਦਾ ਸੀ ਤੇ ਉਸ ਵਿਚ ਬਾਰੂਦ ਭਰਦੇ ਸਾਂ । ਸਾਡਾ ਇਕ ਦਾਸ ਨਾਮੀ ਆਦਮੀ ਵੀ ਬਾਰੂਦ ਬਣਾਉਣਾ ਜਾਣਦਾ ਸੀ । ਇਕ ਹੋਰ ਆਦਮੀ ਕਾਨਪੁਰ ਤੋਂ ਸੀ । ਸਾਡੇ ਅਸਲੀ ਨਾਮ ਹੋਰ ਰੱਖੇ ਹੋਏ ਸਨ । ਇਸ ਤਰ੍ਹਾਂ ਅਸੀਂ ਬੰਬ ਤਿਆਰ ਕਰਦੇ ਸਾਂ । ਸਾਨੂੰ ਬੰਬ ਤਿਆਰ ਕਰਦਿਆਂ ਨੂੰ ਫੜਿਆ ਗਿਆ ਸੀ ।

**ਪ੍ਰਸ਼ਨ :** ਫਿਰ ਤੁਹਾਨੂੰ ਫੜ ਕੇ ਕਿੱਥੇ ਲੈ ਗਏ ?

**ਉੱਤਰ :** ਮੈਨੂੰ ਤਾਂ ਲਾਹੌਰ ਕਿਲ੍ਹੇ ਵਿਚ ਲੈ ਗਏ ਤੇ ਉਨ੍ਹਾਂ ਨੂੰ ਲਾਹੌਰ ਹਵਾਲਾਤ ਲੈ ਗਏ ।

**ਪ੍ਰਸ਼ਨ :** ਫਿਰ ਜੇਲ੍ਹ ਵਿਚ ਤੁਹਾਡੇ ਨਾਲ ਕੀ ਬੀਤੀ ?

**ਉੱਤਰ :** ਲਾਹੌਰ ਦੇ ਕਿਲ੍ਹੇ ਦੀ ਸਜ਼ਾ ਤਾਂ ਇੰਨੀ ਭਿਆਨਕ ਸੀ ਕਿ ਮੈਂ ਅੱਜ ਵੀ ਕਹਿ ਦਿੰਦਾ ਹਾਂ ਕਿ ਜਿਹੜਾ ਲਾਹੌਰ ਦੇ ਕਿਲ੍ਹੇ ਵਿਚ ਰਹਿ ਆਇਆ ਹੈ, ਜੇ ਰੋਟੀ ਖਾਂਦੇ ਨੂੰ ਲਾਹੌਰ ਦੇ ਕਿਲ੍ਹੇ ਦਾ ਨਾਮ ਲੈ ਦਈਏ ਤਾਂ ਰੋਟੀ ਛੁੱਟ ਜਾਂਦੀ ਏ । 1914 ਵਿਚ ਇਕ ਸਜਨ ਅੰਬਾਲੇ ਦਾ ਸੀ, ਉਹ ਗ਼ਦਰੀਆਂ ਦੇ ਅੰਦੋਲਨ ਵਿਚ ਫੜਿਆ ਗਿਆ ਸੀ । ਉਸ ਤੋਂ ਮਗਰੋਂ ਉਸ ਨੂੰ ਛੱਡ ਦਿੱਤਾ ਗਿਆ । ਉਸ ਨੂੰ ਕਿਲ੍ਹੇ ਵਿਚ ਦੋ ਮਹੀਨੇ ਰਖਿਆ ਸੀ ਤੇ ਉਸ ਨੂੰ ਛੱਡਣ ਸਮੇਂ ਕਿਹਾ ਕਿ ਰੇਲਵੇ ਲਾਈਨ ਦੇ ਨਾਲ-ਨਾਲ ਤੁਰਿਆ ਜਾਵੀਂ, ਕਿਤੇ ਨਾ ਖਲੋਵੀਂ ਤੇ ਗੱਡੀ ਨਾ ਚੜ੍ਹੀਂ । ਅੰਬਾਲੇ ਤਕ ਉਹ ਪੈਦਲ ਤੁਰਦਾ ਰਿਹਾ । ਇਸ ਤਰ੍ਹਾਂ ਕੁੱਟ-ਕੁੱਟ ਕੇ ਸਿਰ ਫੇਂਹ ਦਿੰਦੇ ਸੀ । ਸਭ ਤੋਂ ਵੱਡੀ ਸਜ਼ਾ ਉਹ ਜਗਰਾਤਾ ਕਰਾਉਂਦੇ ਸਨ । ਬਲਬ ਲਾ ਦੇਣੇ, ਪਾਣੀ ਨਾ ਦੇਣਾ, ਕਮਰਾ ਛੋਟਾ ਹੋਣਾ, ਗੱਲਾਂ ਬਾਰੇ ਕਹਿਣਾ, ਫਿਰ ਕੁੱਟਣਾ । ਗੱਲ ਕਰਦਿਆਂ-ਕਰਦਿਆਂ ਇਕ ਥੱਪੜ ਇਧਰੋਂ ਮਾਰਨਾ ਇਕ ਦੂਸਰੇ ਪਾਸਿਉਂ । ਮੈਨੂੰ ਵੀ ਸਜ਼ਾ ਦਿੱਤੀ ਗਈ । ਮੈਨੂੰ ਜਗਾਣ ਲਈ ਲੰਮਾ ਪਾਇਆ ਤਾਂ ਸਵੇਰ ਦੇ ਵੇਲੇ ਇਕ ਥਾਣੇਦਾਰ ਮੇਰੇ ਵਾਲ ਖਿੱਚਣ ਲੱਗ ਪਿਆ ਤੇ ਕਹਿਣ ਲੱਗਿਆ ਕਿ ਪਹਾੜੀਆ ਪਿਆ ਹੈਂ । ਸੂਰ ਬੋਲਦਾ ਹੀ ਨਹੀਂ । ਮੈਂ ਉਸ ਦੇ ਮੂੰਹ 'ਤੇ ਥੁੱਕ ਦਿੱਤਾ । ਕਹਿਣ ਲੱਗਿਆ ਕਿ ਇਹ ਸ਼ਰਾਫਤ ਹੈ ? ਮੈਂ ਕਿਹਾ ਕਿ ਤੂੰ ਤਾਂ ਜਿਵੇਂ ਮੈਨੂੰ ਛੁਹਾਰਾ ਦੇ ਰਿਹਾ ਹੈਂ । ਫਿਰ ਮੈਨੂੰ ਕੁੱਟਿਆ ਗਿਆ ।

**ਪ੍ਰਸ਼ਨ :** ਤੁਸੀਂ ਜੇਲ੍ਹ ਵਿਚ ਕਿੰਨਾ ਚਿਰ ਰਹੇ ?

**ਉੱਤਰ :** ਮੈਂ ਕੋਈ 17 ਸਾਲ ਜੇਲ੍ਹ ਵਿਚ ਰਿਹਾ । ਮੈਨੂੰ ਉਮਰ ਕੈਦ ਦਿੱਤੀ ਸੀ । ਕਿਉਂਕਿ ਮੈਨੂੰ ਕਾਨਸੀਪੀਰੇਸੀ ਕਰ ਕੇ ਸਜ਼ਾ ਦਿੱਤੀ ਸੀ । ਇਕ ਮੇਰੇ ਤੋਂ ਹੋਰ ਵੀ ਛੋਟਾ ਸੀ, ਉਸ ਦਾ ਨਾਮ ਪ੍ਰੇਮ ਦੱਤ ਵਰਮਾ ਸੀ । ਉਹ ਅੱਜਕਲ੍ਹ ਚੰਡੀਗੜ੍ਹ ਰਹਿੰਦਾ ਹੈ । ਕਈ ਵਾਰੀ ਅਸੀਂ ਕੋਰਟ ਵਿਚ ਹੀ ਜੱਜ ਦੀ ਬੇਇੱਜ਼ਤੀ ਕਰ ਦਿੰਦੇ ਸੀ । ਫਿਰ ਸਾਡੇ ਤੇ ਲਾਠੀਚਾਰਜ ਵੀ ਹੁੰਦਾ ਸੀ ।

ਪ੍ਰਸ਼ਨ : ਤੁਹਾਡੇ ਉਤੇ ਕਿਸ ਵਿਅਕਤੀ ਦਾ ਬਹੁਤ ਅਸਰ ਹੋਇਆ ? ਕੀ ਤੁਹਾਡੇ ਤੇ ਲਾਲਾ ਲਾਜਪਤ ਰਾਏ ਦਾ ਵੀ ਕੋਈ ਅਸਰ ਸੀ ?

**ਉੱਤਰ :** ਲਾਲਾ ਲਾਜਪਤ ਰਾਏ ਦਾ ਸਾਡੇ ਤੇ ਕੋਈ ਬਹੁਤਾ ਅਸਰ ਨਹੀਂ ਸੀ । ਉਸ ਵੇਲੇ ਸੋਸ਼ਲਿਜ਼ਮ ਦਾ ਪ੍ਰਚਾਰ ਸੀ । ਰੂਸ ਦੇ ਸੋਸ਼ਲਿਜ਼ਮ ਦਾ ਸਾਡੇ 'ਤੇ ਅਸਰ ਸੀ । ਸਾਡੀ ਬਹੁਤੀ ਮਸ਼ਹੂਰੀ ਇਸ ਲਈ ਵੀ ਹੋਈ ਕਿ ਸਾਥੋਂ ਪਹਿਲਾਂ ਜੋ ਫਾਂਸੀ ਤੇ ਚਾੜ੍ਹੇ ਗਏ ਉਨ੍ਹਾਂ ਦਾ ਰਸਤਾ ਇਹ ਸੀ ਕਿ ਅੰਗਰੇਜ਼ਾਂ ਨੂੰ ਬੰਦੂਕ ਔਰ ਗੋਲੀ ਨਾਲ ਕੱਢੋ । ਪਰ ਅਸੀਂ ਕਿਹਾ ਕਿ ਇਹ ਰਾਹ ਗ਼ਲਤ ਹੈ । ਜਿੰਨਾਂ ਚਿਰ ਤਕ ਲੋਕ ਇਕਮੁੱਠ ਨਾ ਕੀਤੇ ਜਾਣ ਓਨਾ ਚਿਰ ਕੋਈ ਕਾਮਯਾਬੀ ਨਹੀਂ ਮਿਲਣੀ ।

ਪ੍ਰਸ਼ਨ : ਮੈਂ ਸੁਣਿਆ ਸੀ ਕਿ ਭਗਤ ਸਿੰਘ ਕਾਫ਼ੀ ਕਿਤਾਬਾਂ ਪੜ੍ਹਦਾ ਰਹਿੰਦਾ ਸੀ । ਇਹ ਜੋ ਕਿ ਉਹ ਕਿਸ ਕਿਸਮ ਦੀਆਂ ਕਿਤਾਬਾਂ ਪੜ੍ਹਦਾ ਸੀ ?

**ਉੱਤਰ :** ਸਾਡੇ ਵੇਲੇ ਜਿੰਨੇ ਵੀ ਇਨਕਲਾਬੀ ਸਨ ਉਹ ਫਰਾਂਸ ਦੇ ਇਨਕਲਾਬੀਆਂ ਤੋਂ ਬਹੁਤ ਪ੍ਰਭਾਵਿਤ ਸਨ । ਉਦੋਂ ਹੀ ਫਿਰ ਰੂਸ ਵਿਚ ਇਨਕਲਾਬ ਆਇਆ, ਇਹ 1917 ਦੀ ਗੱਲ ਹੈ । ਫਿਰ ਇਸ ਵੱਲ ਵਧੇ ਲੋਕ । ਸਾਡੇ ਜੋ ਟੈਰੋਰਿਸਟ (Terrorist) ਸਨ ਉਨ੍ਹਾਂ 'ਤੇ ਆਇਰਲੈਂਡ ਦੇ ਇਨਕਲਾਬ ਦਾ ਡੂੰਘਾ ਅਸਰ ਸੀ । ਸਾਡਾ ਝੁਕਾਅ ਇਹ ਸੀ ਕਿ ਕਿਹੜਾ ਰਾਹ ਸਾਡੇ ਲਈ ਵਧੀਆ ਤੇ ਢੁਕਵਾਂ ਹੈ । ਭਗਤ ਸਿੰਘ 'ਤੇ ਰੂਸ ਦੇ ਇਨਕਲਾਬ ਦਾ ਅਸਰ ਸੀ ।

**ਪ੍ਰਸ਼ਨ :** ਭਗਤ ਸਿੰਘ ਪੜ੍ਹਨ ਲਈ ਇਨਕਲਾਬੀ ਕਿਤਾਬਾਂ ਕਿੱਥੋਂ ਲੈਂਦੇ ਸਨ ਜਦੋਂ ਕਿ ਸੋਸ਼ਲਿਜ਼ਮ ਦੀਆਂ ਕਿਤਾਬਾਂ ਮਿਲਦੀਆਂ ਹੀ ਨਹੀਂ ਸਨ ?

**ਉੱਤਰ :** ਦੋ ਲਾਇਬਰੇਰੀਆ ਸਨ—ਇਕ ਤਾਂ ਦਵਾਰਕਾ ਲਾਇਬਰੇਰੀ ਸੀ ਤੇ ਦੂਜੀ ਐਫ. ਸੀ. ਕਾਲਜ ਦੀ ਲਾਇਬਰੇਰੀ ਵੀ ਬਹੁਤ ਵਧੀਆ ਸੀ । ਕਿਤਾਬਾਂ ਦੀ ਕੀਮਤ ਬਹੁਤ ਜ਼ਿਆਦਾ ਸੀ ਜਿਵੇਂ ਕਿ ਲੈਨਿਨਇਜ਼ਮ ਬਾਈ ਸਟਾਲਿਨ, ਇਸ ਦੀ ਕੀਮਤ 35/- ਰੁਪਏ ਹੁੰਦੀ ਸੀ ਜੋ ਅੱਜ ਕਲ੍ਹ ਦੋ-ਤਿੰਨ ਰੁਪਏ ਵਿਚ ਮਿਲ ਸਕਦੀ ਹੈ । ਇਹ ਕਿਤਾਬ ਇੰਗਲੈਂਡ ਤੋਂ ਆਉਂਦੀ ਸੀ ਤੇ ਕੇਵਲ ਵਕੀਲਾਂ ਕੋਲੋਂ ਹੀ ਮਿਲਦੀ ਸੀ । ਭਗਤ ਸਿੰਘ ਇਨ੍ਹਾਂ ਲਾਇਬਰੇਰੀਆਂ 'ਚੋਂ ਕਿਤਾਬਾਂ ਪੜ੍ਹਦਾ ਹੁੰਦਾ ਸੀ । ਉਸ ਤੇ ਇਸ ਇਨਕਲਾਬ ਦਾ ਪ੍ਰਭਾਵ ਪਿਆ । ਉਸ ਦਾ ਰੂਸ ਦੀ ਕਿਸੇ ਪਾਰਟੀ ਨਾਲ ਸੰਬੰਧ ਨਹੀਂ ਸੀ । ਉਸ 'ਤੇ ਰੂਸ ਦੇ ਸਿਧਾਂਤ ਦਾ ਅਸਰ ਪਿਆ ਕਿ ਉਨ੍ਹਾਂ ਨੇ ਕਿਵੇਂ ਆਜ਼ਾਦੀ ਲਈ ਹੈ । ਭਾਈ ਸੰਤੋਖ ਸਿੰਘ ਤੇ ਰਤਨ ਸਿੰਘ ਹੁਰਾਂ ਨੇ ਵੀ ਕਿਤੇ ਵਿਦਿਆਰਥੀਆਂ ਨੂੰ ਕਿਹਾ ਕਿ ਪਹਿਲਾਂ ਲੋਕਾਂ ਨੂੰ ਇਕ ਮੁੱਠ ਕਰੋ ਫਿਰ ਅਗਲਾ ਕਦਮ ਉਠਾਉ ਕਿਉਂਕਿ ਇਹ ਦੋਵੇਂ ਵਿਅਕਤੀ ਰੂਸ ਜਾ ਕੇ ਆਏ ਸਨ । ਦੇਖੋ ਕਿ ਜਿਵੇਂ ਮਹਾਤਮਾ ਗਾਂਧੀ ਦਾ ਹਰ ਇਕ ਵਿਅਕਤੀ ਦੀ ਨਬਜ਼ 'ਤੇ ਹੱਥ ਸੀ, ਤੇ ਨਮਕ ਇਕ ਮਾਮੂਲੀ ਜਿਹੀ ਚੀਜ਼ ਸੀ । ਪਰ ਵਰਤਦੇ ਸਾਰੇ ਸਨ । ਸੋ ਨਮਕ ਦਾ ਸੱਤਿਆਗ੍ਰਹਿ ਸਾਰਿਆਂ 'ਤੇ ਲਾਗੂ ਹੁੰਦਾ ਸੀ ।

**ਪ੍ਰਸ਼ਨ :** ਹੁਣ ਤੁਸੀਂ ਸਾਨੂੰ ਜੋ ਤੁਹਾਡੇ ਭਗਤ ਸਿੰਘ ਬਾਰੇ ਜ਼ਾਤੀ ਪ੍ਰਭਾਵ ਹਨ, ਉਨ੍ਹਾਂ ਕੁਝ ਬਾਰੇ ਦੱਸੋ ।

**ਉੱਤਰ :** ਭਗਤ ਸਿੰਘ ਇਕ ਜੱਟ ਖ਼ਾਨਦਾਨ ਵਿਚੋਂ ਸੀ, ਜਿਸ ਵਿਚ ਪਾਲੇਟਿਕਸ ਪਹਿਲਾਂ ਹੀ ਜਨਮ ਲੈ ਚੁੱਕੀ ਸੀ । ਉਨ੍ਹਾਂ ਦੇ ਚਾਚਾ ਇਕ ਨੈਸ਼ਨਲਿਸਟ ਲੀਡਰ ਸਨ । ਬਾਪ ਵੀ ਕੈਦ ਹੋਇਆ । ਇਸ ਤਰ੍ਹਾਂ ਉਸ 'ਤੇ ਇਹ ਅਸਰ ਵੀ ਸੀ ਕਿ ਹਿੰਦੁਸਤਾਨ ਕਿਵੇਂ ਆਜ਼ਾਦ ਹੋਵੇ । ਭਗਤ ਸਿੰਘ ਬੀ.ਏ. ਪਾਸ ਸੀ । ਭਗਤ ਸਿੰਘ ਪਹਿਲਾਂ ਅਕਾਲੀ ਤਹਿਰੀਕ ਵਿਚ ਗ੍ਰਿਫ਼ਤਾਰ ਹੋਇਆ । ਲਾਇਲਪੁਰ ਦਾ ਜੋ ਪਹਿਲਾ ਜੱਥਾ ਆਇਆ, ਉਸ ਵਿਚ ਇਹ ਇਕ ਲੀਡਰਾਂ 'ਚੋਂ ਸੀ । ਇਹ ਜੱਥਾ ਗੁਰੂ ਕੇ ਬਾਗ ਵੀ ਆਇਆ ਸੀ । ਇਹ ਕਾਕੋਰੀ ਕੇਸ ਵਿਚ ਵੀ ਸੀ ਪਰ ਫੜਿਆ ਨਹੀਂ ਗਿਆ ਸੀ । ਫਿਰ ਜਦੋਂ ਕਾਕੋਰੀ ਕੇਸ ਤੋਂ ਬਾਅਦ ਇਥੇ ਆਇਆ ਤਾਂ ਫਿਰ ਇਹ ਗ੍ਰਿਫ਼ਤਾਰ ਹੋਇਆ ਤੇ ਇਕ ਲੱਖ ਦੀ ਜ਼ਮਾਨਤ 'ਤੇ ਰਿਹਾਅ ਹੋਇਆ । ਇਹ 1926 ਦੀ ਗੱਲ ਹੈ । ਭਗਤ ਸਿੰਘ ਨੂੰ ਪਿੰਡ ਸਾਂਦੇ ਤੋਂ ਫੜਿਆ ਗਿਆ ਸੀ ।

**ਪ੍ਰਸ਼ਨ :** ਰਾਜਗੁਰੂ ਬਾਰੇ ਵੀ ਕੁਝ ਦੱਸੋ ।

**ਉੱਤਰ :** ਬਾਹਰ ਤਾਂ ਮੈਂ ਰਾਜਗੁਰੂ ਨੂੰ ਕਾਫ਼ੀ ਘੱਟ ਮਿਲਿਆ ਪਰ ਜੇਲ੍ਹ ਵਿਚ ਅਸੀਂ ਮਿਲਦੇ ਰਹੇ ਹਾਂ ਕਿਉਂਕਿ ਮੁਕੱਦਮਾ ਤਾਂ ਇਕੱਠਾ ਹੀ ਚਲਦਾ ਰਿਹਾ । ਮੈਂ ਤਾਂ 1929 ਵਿਚ ਪਕੜਿਆ ਗਿਆ ਸੀ ਤੇ ਰਾਜਗੁਰੂ 1930 ਵਿਚ ਪਕੜਿਆ ਗਿਆ ਸੀ । ਬਹੁਤ ਹੀ ਦਿਮਾਗੀ ਇਨਸਾਨ ਸੀ । ਮੈਂ ਬੰਬ ਕੇਸ ਤੋਂ ਮਗਰੋਂ ਫੜਿਆ ਗਿਆ ਸੀ । ਰਾਜਗੁਰੂ ਸੰਸਕ੍ਰਿਤ ਦਾ ਸਕਾਲਰ ਸੀ ਪਰ ਅੰਗਰੇਜ਼ੀ ਦਾ ਇਕ ਲਫ਼ਜ਼ ਵੀ ਨਹੀਂ ਜਾਣਦਾ ਸੀ । ਪਰ ਜਦੋਂ ਸਾਡਾ ਮੁਕੱਦਮਾ ਚੱਲਣ ਲੱਗਿਆ ਤਾਂ 7 ਮਹੀਨੇ ਮਗਰੋਂ ਉਹ ਆਇਆ ਤਾਂ ਅੰਗਰੇਜ਼ੀ ਦਾ ਅਖ਼ਬਾਰ ਵੀ ਪੜ੍ਹ ਲੈਂਦਾ ਸੀ ਤੇ ਆਪਣੇ ਕੇਸ ਬਾਰੇ ਜੱਜਾਂ ਨਾਲ ਗੱਲ ਬਾਤ ਵੀ ਕਰ ਲੈਂਦਾ ਸੀ । ਅਸੀਂ ਸਾਰੇ ਮੰਨ ਗਏ ਕਿ ਕਮਾਲ ਦੀ ਗੱਲ ਹੈ ਕਿ ਜੇ ਇਸ ਨੂੰ ਕਿਤੇ ਪਹਿਲੇ ਟਾਈਮ ਮਿਲ ਜਾਂਦਾ ਤਾਂ ਇਸ ਨੇ ਹੋਰ ਵੀ ਪ੍ਰਸੰਸਾ ਲੈਣੀ ਸੀ ।

ਪ੍ਰਸ਼ਨ : ਸੁਖਦੇਵ ਬਾਰੇ ਕੁਝ ਹੋਰ ਵੀ ਦੱਸੋ ?

**ਉੱਤਰ :** ਜਿਥੋਂ ਤਕ ਮਾਰਕਸਇਜ਼ਮ ਦੀ ਥਿਊਰੀ ਦਾ ਸਵਾਲ ਸੀ, ਇਹ ਤੇ ਭਗਤ ਸਿੰਘ ਦੋਵੇਂ ਬਿਲਕੁਲ ਜਾਣੂ ਸਨ । ਭਾਵੇਂ ਕਿਤਾਬਾਂ ਉਦੋਂ ਘੱਟ ਮਿਲਦੀਆਂ ਸਨ । ਇਸ ਨੂੰ ਭਗਤ ਸਿੰਘ ਦੇ ਨਾਲ ਹੀ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ ।

**ਪ੍ਰਸ਼ਨ :** ਭਗਵਤੀ ਚਰਣ ਬਾਰੇ ਵੀ ਦੱਸੋ । ਇਹ ਕੌਣ ਸੀ ?

**ਪ੍ਰਸ਼ਨ :** ਭਗਵਤੀ ਚਰਣ ਦਾ ਬਾਪ ਰੇਲਵੇ 'ਚ ਮੁਲਾਜ਼ਮ ਸੀ । ਰੀਟਾਇਰ ਹੋਣ ਮਗਰੋਂ ਉਹ ਲਾਹੌਰ ਹੀ ਰਹਿੰਦਾ ਸੀ । ਇਸ ਦਾ ਆਪਣਾ ਮਕਾਨ ਸੀ । ਭਗਵਤੀ ਚਰਣ ਨੈਸ਼ਨਲਿਸਟਾਂ ਦਾ ਇਕ ਵਰਕਰ ਸੀ । ਪੜ੍ਹਾਉਣ ਦਾ ਕੰਮ ਵੀ ਕਰਦਾ ਸੀ । ਪ੍ਰਾਈਵੇਟ ਟਿਊਸ਼ਨਾਂ ਕਰ ਲੈਂਦਾ ਸੀ । ਉਸ ਕੋਲ ਜਾਇਦਾਦ ਵੀ ਸੀ । ਉਸ ਦਾ ਵਿਆਹ ਦੁਰਗਾ ਭਾਬੀ ਨਾਲ ਹੋਇਆ । ਇਹ ਯੂ. ਪੀ. ਦੇ ਰਹਿਣ ਵਾਲੇ ਸਨ । ਪੰਜਾਬ ਵਿਚ ਕਾਫ਼ੀ ਲੋਕ ਯੂ. ਪੀ. ਦੇ ਵੱਸੇ ਹੋਏ ਸਨ । ਦੁਰਗਾ ਭਾਬੀ ਵੀ ਇਸ ਆਜ਼ਾਦੀ ਦੀ ਲਹਿਰ ਵਿਚ ਪੂਰਾ ਹਿੱਸਾ ਲੈਂਦੀ ਸੀ । ਇਹ ਦੋਵੇਂ ਵਿਅਕਤੀ ਪੂਰੀ ਲਗਨ ਨਾਲ ਕੰਮ ਕਰਦੇ ਸਨ ਤੇ ਇਹ ਦੋਵੇਂ ਹੀ ਸੋਸ਼ਲਿਸਟ ਖ਼ਿਆਲਾਂ ਦੇ ਸਨ ।

**ਉੱਤਰ :** ਭਗਵਤੀ ਚਰਣ ਇਸ ਆਜ਼ਾਦੀ ਦੀ ਲਹਿਰ ਵਲ ਕਿਵੇਂ ਉਤਸ਼ਾਹਿਤ ਹੋਇਆ ?

**ਪ੍ਰਸ਼ਨ :** ਲਾਹੌਰ ਨੌਜਵਾਨਾਂ ਦਾ ਸੈਂਟਰ ਸੀ । ਇਥੇ ਇਹ ਨੌਜਵਾਨ ਆਪਣੇ ਖ਼ਿਆਲਾਂ ਦਾ ਵਿਚਾਰ-ਵਟਾਂਦਰਾ ਕਰਦੇ ਸਨ । ਭਗਵਤੀ ਚਰਣ ਵੀ ਇਥੇ ਆਉਣ ਲੱਗ ਪਿਆ ਤੇ ਫਿਰ ਇਸ ਲਹਿਰ ਦੇ ਪ੍ਰਭਾਵ ਥੱਲੇ ਗੱਲਾਂਬਾਤਾਂ ਕਰ ਕੇ ਆਇਆ ਤੇ ਫਿਰ ਦੁਰਗਾ ਭਾਬੀ ਵੀ ਇਸ ਲਹਿਰ ਵਲ ਆ ਗਈ ਸੀ । ਇਹ ਦੋਵੇਂ ਕਾਕੋਰੀ ਕੇਸ ਵਿਚ ਵੀ ਸਨ ।

**ਪ੍ਰਸ਼ਨ :** ਤੁਸੀਂ ਦੁਰਗਾ ਦਾਸ ਖੰਨਾ ਦਾ ਜ਼ਿਕਰ ਕੀਤਾ ਸੀ । ਇਸ ਬਾਰੇ ਦੱਸੋ ਕਿ ਇਹ ਕੌਣ ਸੀ ? ਇਸ ਦਾ ਕੀ ਰੋਲ ਰਿਹਾ ਹੈ ?

**ਉੱਤਰ :** ਇਹ ਵੀ ਇਕ ਵਿਦਿਆਰਥੀ ਸੀ । ਇਹ ਲਾਹੌਰ ਦਾ ਹੀ ਰਹਿਣ ਵਾਲਾ ਸੀ । ਲਾਹੌਰ ਵਿਚ ਇਸ ਦਾ ਆਪਣਾ ਮਕਾਨ ਸੀ । ਪਹਿਲਾਂ ਤਾਂ ਇਹ ਸਾਡੇ ਕੇਸ ਵੇਲੇ ਪਾਲੇਟਿਕਸ ਛੱਡ ਗਿਆ ਸੀ ਪਰ ਫਿਰ ਇਸ ਡੀਫੈਂਸ

ਕਮੇਟੀ ਬਣਨ ਸਮੇਂ ਪੂਰਾ ਕੰਮ ਕੀਤਾ ਸੀ । ਇਹ ਅੱਜ ਕਲ੍ਹ ਚੰਡੀਗੜ੍ਹ ਰਹਿੰਦੇ ਨੇ । ਇਹ ਪਿੱਛੇ ਅਪਰ ਹਾਊਸ ਦੀ ਪ੍ਰਧਾਨਗੀ 'ਤੇ ਵੀ ਸੀ ।

**ਪ੍ਰਸ਼ਨ :** ਕੁਝ ਵਰਿੰਦਰ ਬਾਰੇ ਦੱਸੋ ?

**ਉੱਤਰ :** ਇਹ ਕ੍ਰਿਸ਼ਨ ਦਾ ਲੜਕਾ ਹੈ । ਇਹ ਸਾਡੇ ਨਾਲ ਕਾਫ਼ੀ ਚਿਰ ਰਿਹਾ । ਇਹ ਭਗਤ ਸਿੰਘ ਪਰੋ-ਪਾਰਟੀ ਦਾ ਸੀ । ਇਸ ਨੇ ਸਾਡੇ ਡੀਫੈਂਸ ਵਿਚ ਕਾਫ਼ੀ ਕੰਮ ਕੀਤਾ । ਇਹੀ ਦਰਅਸਲ ਜਾ ਕੇ ਮਾਲਵੀਆ ਜੀ ਨੂੰ ਲੈ ਕੇ ਆਏ । ਪੰਜਾਬ ਦੇ ਤਾਂ ਸਾਰੇ ਲੀਡਰ ਡਰ ਗਏ ਸਨ । ਮਾਲਵੀਆ ਜੀ ਨੇ 1914 ਵਿਚ ਵੀ ਗ਼ਦਰੀਆਂ ਬਾਰੇ ਦਖ਼ਲ ਦਿੱਤਾ ਸੀ ਤੇ ਵਾਇਸਰਾਏ ਨੂੰ ਮਿਲੇ ਸਨ ਕਿ ਤੁਸੀਂ ਐਵੇਂ ਹੀ ਕਈ ਨਿਰਦੋਸ਼ਿਆਂ ਨੂੰ ਫਾਂਸੀ ਲਾਈ ਜਾ ਰਹੇ ਹੋ । ਮਾਲਵੀਆ ਜੀ ਦੇ ਦਖ਼ਲ ਦੇਣ ਤੇ ਕਈ ਜਾਨਾਂ ਬਚ ਗਈਆਂ ਸਨ । ਮਾਲਵੀਆ ਜੀ ਫਿਰ ਲਾਹੌਰ ਆਏ ਤੇ ਉਨ੍ਹਾਂ ਨੇ ਇਕ ਜਲਸਾ ਕੀਤਾ ਤੇ ਕਿਹਾ ਕਿ ਇਹ ਸਾਰੇ ਸਾਡੇ ਬੱਚੇ ਹਨ । ਜਦ ਤਕ ਇਨ੍ਹਾਂ ਨੂੰ ਅਦਾਲਤ ਕੋਈ ਸਜ਼ਾ ਨਹੀਂ ਦਿੰਦੀ ਉਨੇ੍ਹਾ ਚਿਰ ਤਕ ਅਸੀਂ ਇਨ੍ਹਾਂ ਬੱਚਿਆਂ ਦੇ ਲਈ ਪੂਰਾ ਡੀਫੈਂਸ ਕਰਾਂਗੇ । ਉਦੋਂ ਤਕ ਇਹ ਸਾਡੇ ਲਈ ਬੇਗੁਨਾਹ ਹਨ । ਸਾਨੂੰ ਆਜ਼ਾਦੀ ਲਈ ਲੜਨ ਦਾ ਪੂਰਾ ਹੱਕ ਹੈ । ਫਿਰ ਹੌਸਲਾ ਪਿਆ ਲਾਲਾ ਲਾਜਪਤ ਰਾਏ ਤੇ ਗੋਪੀ ਚੰਦ ਭਾਰਗੋ ਨੂੰ । ਗੋਪੀ ਚੰਦ ਭਾਰਗੋ ਲਾਲਾ ਲਾਜਪਤ ਰਾਏ ਦਾ ਲੈਫਟੀਨੈਂਟ ਸੀ । ਫਿਰ ਮਾਲਵੀਆ ਜੀ ਨੇ ਜਲਸਾ ਕਰ ਕੇ ਕਿਹਾ ਕਿ ਜੇ ਪੰਜਾਬ 'ਚੋਂ ਵਕੀਲ ਨਹੀਂ ਮਿਲਣਗੇ ਤਾਂ ਮੈਂ ਬਨਾਰਸ ਵਿਚੋਂ ਵਕੀਲ ਲਿਆਵਾਂਗਾ ਤੇ ਕੇਸ ਨੂੰ ਪੂਰਾ ਡੀਫੈਂਡ ਕਰਾਂਗਾ । ਮਸ਼ਹੂਰ ਵਕੀਲ ਜੋ ਮਾਲਵੀਆ ਜੀ ਨੇ ਲਿਆਂਦਾ ਉਹ ਸਿਆਲਕੋਟ ਦਾ ਸੀ । ਉਸ ਦਾ ਨਾਮ ਲਾਲਾ ਅਮਰ ਨਾਥ ਸੀ ।

**ਪ੍ਰਸ਼ਨ :** ਰਣਬੀਰ ਬਾਰੇ ਦੱਸੋ ? ਇਸ ਦਾ ਕੀ ਰੋਲ ਰਿਹਾ ਹੈ ?

**ਉੱਤਰ :** ਨੌਜਵਾਨ ਸਭਾ ਦੇ ਲੀਡਰਾਂ 'ਚੋਂ ਇਹ ਵੀ ਇਕ ਸੀ । ਸਟੂਡੈਂਟ ਯੂਨੀਅਨ ਦਾ ਲੀਡਰ ਸੀ । ਨੌਜਵਾਨ ਸਭਾ ਦਾ ਕੰਮ ਇਹੀ ਚਲਾਉਂਦਾ ਸੀ । ਸਾਡਾ ਮੰਤਵ ਇਹ ਸੀ ਕਿ ਨੌਜਵਾਨ ਸਭਾ ਖੁੱਲ੍ਹੇ ਤੌਰ ਤੇ ਕਿਸਾਨਾਂ ਵਗੈਰਾ 'ਚ ਕੰਮ ਕਰੇਗੀ ਤੇ ਅੰਡਰ-ਗਰਾਊਂਡ, ਜਿਨ੍ਹਾਂ 'ਤੇ ਸਾਨੂੰ ਪੂਰਾ ਵਿਸ਼ਵਾਸ ਸੀ, ਉਹ ਸਨ । ਸਾਡਾ ਇਹ ਵਿਸ਼ਵਾਸ ਸੀ ਕਿ ਬਦੇਸ਼ੀਆਂ ਨੂੰ ਮਾਰ ਮਾਰ ਕੇ ਮੁਕਾਉਣ ਨਾਲ ਉਹ ਜਿੱਤ ਨਹੀਂ ਮਿਲ ਸਕਦੀ । ਕਾਕੋਰੀ ਵਾਲੇ ਕਹਿੰਦੇ ਸਨ ਕਿ ਅਸੀਂ ਮਾਰ-ਮਾਰ ਕੇ ਹੀ ਜਿੱਤ ਪ੍ਰਾਪਤ ਕਰਾਂਗੇ । ਅਸੀਂ ਦੇਖ ਲਿਆ ਸੀ ਕਿ ਕਾਕੋਰੀ ਵਾਲੇ ਇਕ ਹਫ਼ਤੇ ਦੇ ਅੰਦਰ-ਅੰਦਰ 900 ਬੰਦੂਕਾਂ ਵਾਲੇ ਇਕੱਠੇ ਕਰ ਸਕਦੇ ਸਨ । ਪਰ ਉਹ ਕੁਝ ਵੀ ਨਾ ਕਰ ਸਕੇ । ਅਸੀਂ ਸਮਝਦੇ ਸਾਂ ਕਿ ਜਦੋਂ ਉਹ ਕਾਮਯਾਬੀ ਪ੍ਰਾਪਤ ਨਹੀਂ ਕਰ ਸਕੇ ਤਾਂ ਫਿਰ ਇਹ ਰਸਤਾ ਗ਼ਲਤ ਹੈ । ਕਾਕੋਰੀ ਵਾਲਿਆਂ ਨੇ ਹਰਦੋਈ ਕਸਬੇ ਵਿਚ 4 ਤੋਂ 6 ਵਜੇ ਤਕ ਦੋ ਘੰਟੇ ਲੁੱਟ ਕੀਤੀ । ਤੇ ਲੋਕ ਸਗੋਂ ਕਹਿੰਦੇ ਸਨ ਕਿ ਸਾਨੂੰ ਇਨ੍ਹਾਂ ਤੋਂ ਬਚਾਉ । ਇਸ ਲਈ ਇਹ ਰਸਤਾ ਠੀਕ ਨਹੀਂ ਸੀ ।

**ਪ੍ਰਸ਼ਨ :** ਤੁਹਾਡੇ 'ਤੇ ਕਿਸ ਵਿਅਕਤੀ ਦਾ ਪ੍ਰਭਾਵ ਪਿਆ ?

**ਉੱਤਰ :** ਸਾਡੇ ਤੇ ਬਹੁਤਾ ਅਸਰ ਤਾਂ ਕਰਤਾਰ ਸਿੰਘ ਸਰਾਭਾ ਦਾ ਸੀ । ਉਸ ਨੂੰ ਪਹਿਲੇ ਫਾਂਸੀ ਹੋ ਚੁੱਕੀ ਸੀ । ਉਸ ਦਾ ਬਹੁਤਾ ਅਸਰ ਸੀ । ਅਸੀਂ ਉਸ ਨੂੰ ਕੌਮੀ ਹੀਰੋ ਸਮਝਦੇ ਸਾਂ । ਭਗਤ ਸਿੰਘ ਤਾਂ ਕਰਤਾਰ ਸਿੰਘ ਸਰਾਭਾ ਦੀ ਆਪਣੇ ਕੋਲ ਤਸਵੀਰ ਰਖਦਾ ਹੁੰਦਾ ਸੀ । ਉਹ ਸਮਝਦਾ ਸੀ ਕਿ ਜਿਸ ਬਹਾਦਰੀ ਨਾਲ ਕਰਤਾਰ ਸਿੰਘ ਨੇ ਕੋਰਟ ਵਿਚ ਆਪਣੇ-ਆਪ ਨੂੰ 'ਰਾਈਟ ਆਫ ਇੰਡੀਪੈਂਡੈਂਸ' ਨੂੰ ਡੀਫੈਂਡ ਕੀਤਾ, ਉਨ੍ਹਾ ਕਿਸੇ ਹੋਰ ਨੇ ਨਹੀਂ ਕੀਤਾ ਕਿਉਂਕਿ ਜਦ ਜੱਜ ਨੇ ਉਸ ਨੂੰ ਕਿਹਾ ਕਿ "ਨੌਜਵਾਨ ਤੂੰ ਸੋਚ ਲੈ ਕੇ ਜੋ ਕੁਝ ਤੂੰ ਕਹਿ ਰਿਹਾ ਹੈਂ ਇਸ ਤੋਂ ਫਾਂਸੀ ਤੋਂ ਇਲਾਵਾ ਕੁਝ ਹੋਰ ਨਹੀਂ ਹੋ ਸਕਦਾ । ਕਰਤਾਰ ਸਿੰਘ ਨੇ ਸਾਫ ਕਹਿ ਦਿੱਤਾ ਕਿ ਮੇਰਾ ਸਭ ਕੁਝ ਸੋਚਿਆ ਹੋਇਆ ਹੈ । ਇਹ ਸਭ ਕੁਝ ਠੀਕ ਹੈ । ਇਸ ਲਈ ਭਗਤ ਸਿੰਘ ਤੇ ਉਸ ਦਾ ਬਹੁਤਾ ਪ੍ਰਭਾਵ ਸੀ । 1914 ਵਿਚ ਸੈਂਕੜੇ ਆਦਮੀ ਫਾਂਸੀ ਲੱਗੇ ਸਨ । ਉਨ੍ਹਾਂ ਦੀ ਬੜੀ ਕੁਰਬਾਨੀ ਸੀ । ਉਨ੍ਹਾਂ ਸਭ ਦਾ ਵੀ ਸਾਡੇ ਤੇ ਪੂਰਾ ਅਸਰ ਸੀ । ਉਨ੍ਹਾਂ ਦੀਆਂ ਕੁਰਬਾਨੀਆਂ ਅਸੀਂ ਵਾਰ-ਵਾਰ ਦੁਹਰਾਉਂਦੇ ਸਾਂ ।

*(ਪੰਜਾਬ ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ
ਉਸ ਦੇ ਮੁਖੀ ਡਾ. ਨਵਤੇਜ ਸਿੰਘ ਦੇ ਧੰਨਵਾਦ ਸਹਿਤ)*

ਨੋਟ: ਪੰ. ਕਿਸ਼ੋਰੀ ਲਾਲ ਸਕੂਲ ਰਿਕਾਰਡ ਵਿਚ ਜਨਮ ਮਿਤੀ : **9 ਜੂਨ 1909**
ਦਿਹਾਂਤ : **11 ਜੁਲਾਈ 1990**

ਕੁਝ ਗੱਲਾਂ ਪੰ. ਕਿਸ਼ੋਰੀ ਲਾਲ ਹੁਰਾਂ ਭੁਲੇਖੇ ਨਾਲ ਕਹੀਆਂ ਹਨ । ਜਿਵੇਂ ਲਾਲਾ ਲਾਜਪਤ ਰਾਇ ਦਾ ਲਾਠੀਚਾਰਜ ਬਾਅਦ ਡੇਢ ਮਹੀਨਾ ਜਿਉਂਦੇ ਰਹਿਣਾ । ਲਾਠੀਚਾਰਜ 30 ਅਕਤੂਬਰ 1928 ਨੂੰ ਹੋਇਆ ਸੀ ਤੇ ਲਾਲਾ ਜੀ ਦਾ ਦਿਹਾਂਤ 17 ਨਵੰਬਰ 1928 ਨੂੰ ਅਰਥਾਤ 17-18 ਦਿਨਾਂ ਬਾਅਦ ।

# ਭਾਗ-III

## ਭਗਤ ਸਿੰਘ ਦੀਆਂ ਕੁਝ ਚੋਣਵੀਆਂ ਲਿਖਤਾਂ

# ਜ਼ਿੰਦਗੀ ਮੁਲਕ ਹਵਾਲੇ

*(ਵੱਡੇ ਭਾਈ ਜਗਤ ਸਿੰਘ ਦੇ 11 ਸਾਲ ਦੀ ਉਮਰੇ ਗੁਜ਼ਰ ਜਾਣ ਬਾਅਦ ਭਗਤ ਸਿੰਘ ਹੁਣ ਘਰ ਵਿਚ ਵੱਡੇ ਬੱਚੇ ਦੀ ਥਾਂ ਸੀ । ਦਾਦੀ ਜੀ ਦੀ ਇੱਛਾ ਸੀ ਕਿ ਵਿਆਹ ਜਲਦੀ ਹੋ ਜਾਵੇ । ਇਸੇ ਸਵਾਲ 'ਤੇ ਭਗਤ ਸਿੰਘ ਘਰ ਛੱਡ ਕੇ ਕਾਨਪੁਰ ਚਲੇ ਗਏ ਸਨ । ਇਹ 1923 ਦੀ ਗੱਲ ਹੈ । ਘਰੋਂ ਜਾਣ ਸਮੇਂ ਇਹ ਖ਼ਤ ਆਪਣੇ ਪਿਤਾ ਕਿਸ਼ਨ ਸਿੰਘ ਦੇ ਨਾਂ ਛੱਡ ਗਏ ਸਨ । ਖ਼ਤ ਉਰਦੂ ਵਿਚ ਹੈ । ਦਲੀਲ ਦੀ ਤੇਜ਼ੀ ਇਸ ਖ਼ਤ ਦੀ ਖ਼ਾਸੀਅਤ ਹੈ ।)*

ਪੂਜਨੀਕ ਪਿਤਾ ਜੀ,

ਨਮਸਤੇ

ਮੇਰੀ ਜ਼ਿੰਦਗੀ ਮਹਾਨ ਮਕਸਦ ਭਾਰਤ ਦੀ ਆਜ਼ਾਦੀ ਦੇ ਅਸੂਲ ਲੇਖੇ ਲੱਗ ਚੁੱਕੀ ਹੈ । ਇਸ ਲਈ ਮੇਰੀ ਜ਼ਿੰਦਗੀ ਵਿਚ ਆਰਾਮ ਤੇ ਦੁਨਿਆਵੀ ਖ਼ਾਹਿਸ਼ਾਂ ਵਾਸਤੇ ਕੋਈ ਖਿੱਚ ਨਹੀਂ ਹੈ ।

ਤੁਹਾਨੂੰ ਯਾਦ ਹੋਵੇਗਾ ਕਿ ਜਦ ਮੈਂ ਨਿੱਕਾ ਹੁੰਦਾ ਸੀ ਤਾਂ ਬਾਪੂ ਜੀ ਨੇ ਮੇਰੇ ਯਗਿਓਪਵੀਤ ਵੇਲੇ ਐਲਾਨ ਕੀਤਾ ਸੀ ਕਿ ਮੈਨੂੰ ਦੇਸ਼ ਸੇਵਾ ਦੇ ਲੇਖੇ ਲਾ ਦਿੱਤਾ ਗਿਆ ਹੈ । ਸੋ ਮੈਂ ਓਸ ਵੇਲੇ ਦੀ ਪ੍ਰਤਿੱਗਿਆ ਪੂਰੀ ਕਰ ਰਿਹਾ ਹਾਂ ।

ਆਸ ਹੈ ਤੁਸੀਂ ਮੈਨੂੰ ਮੁਆਫ਼ ਕਰੋਗੇ ।

ਤੁਹਾਡਾ ਤਾਬੇਦਾਰ,
ਭਗਤ ਸਿੰਘ

# ਸ਼ਹੀਦ ਕਰਤਾਰ ਸਿੰਘ ਸਰਾਭਾ

*(ਸ਼ਹੀਦ ਸਰਾਭਾ ਦੀ ਫੋਟੋ ਭਗਤ ਸਿੰਘ ਆਪਣੇ ਕੋਲ ਰੱਖਦੇ ਸਨ ਅਤੇ ਕਿਹਾ ਕਰਦੇ ਸਨ, 'ਇਹ ਮੇਰਾ ਗੁਰੂ, ਮੇਰਾ ਸਾਥੀ ਤੇ ਭਰਾ ਹੈ ।' ਉਨ੍ਹਾਂ ਦੀ ਪ੍ਰੇਰਨਾ ਦਾ ਸਰੋਤ ਤੇ ਇਨਕਲਾਬੀ ਜੀਵਨ ਵਿੱਚ ਸੰਦੇਸ਼ ਕਰਤਾਰ ਸਿੰਘ ਸਰਾਭਾ ਬਾਰੇ ਇਹ ਲੇਖ ਇੱਕ ਖ਼ਾਸ ਮਹੱਤਤਾ ਰਖਦਾ ਹੈ ।)*

ਰਣਚੰਡੀ ਦੇ ਇਸ ਪਰਮ ਭਗਤ ਬਾਗੀ ਕਰਤਾਰ ਸਿੰਘ ਦੀ ਉਮਰ ਇਸ ਵੇਲੇ ਵੀਹਾਂ ਸਾਲਾਂ ਦੀ ਵੀ ਨਹੀਂ ਹੋਈ ਸੀ ਕਿ ਜਦ ਉਨ੍ਹਾਂ ਨੇ ਸੁਤੰਤਰਤਾ ਦੇਵੀ ਦੀ ਬਲੀ ਵੇਦੀ ਉਤੇ ਆਪਣੀ ਕੁਰਬਾਨੀ ਦੇ ਦਿੱਤੀ । ਹਨੇਰੀ ਵਾਂਗ ਉਹ ਇਕਦਮ ਕਿਤਿਓਂ ਆਏ, ਅੱਗ ਭੜਕਾਈ ਤੇ ਸੁਪਨਿਆਂ 'ਚ ਪਈ ਰਣਚੰਡੀ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ । ਬਗ਼ਾਵਤ ਦਾ ਯੱਗ ਰਚਿਆ ਅਤੇ ਆਖ਼ਰ ਉਹ ਆਪ ਖ਼ੁਦ ਇਸ ਵਿੱਚ ਭਸਮ ਹੋ ਗਏ । ਉਹ ਕੀ ਸਨ, ਇਸ ਦੁਨੀਆ 'ਚ ਅਚਾਨਕ ਆਏ ਅਤੇ ਝੱਟ ਕਿਧਰੇ ਚਲੇ ਗਏ, ਅਸੀਂ ਕੁਝ ਵੀ ਨਾ ਜਾਣ ਸਕੇ । 19 ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਨੇ ਇੰਨੇ ਕੰਮ ਕਰ ਦਿਖਾਏ ਕਿ ਸੋਚ ਕੇ ਹੈਰਾਨੀ ਹੁੰਦੀ ਹੈ । ਐਨੀ ਜੁਰਅੱਤ, ਐਨਾ ਆਤਮ-ਵਿਸ਼ਵਾਸ, ਐਨਾ ਆਤਮ-ਤਿਆਗ ਅਤੇ ਐਨੀ ਲਗਨ ਬਹੁਤ ਘੱਟ ਦੇਖਣ ਨੂੰ ਮਿਲੇਗੀ । ਭਾਰਤ ਵਿੱਚ ਅਜਿਹੇ ਇਨਸਾਨ ਬਹੁਤ ਘੱਟ ਪੈਦਾ ਹੋਏ ਹਨ, ਜਿਨ੍ਹਾਂ ਨੂੰ ਕਿ ਸਹੀ ਅਰਥਾਂ ਵਿੱਚ ਬਾਗ਼ੀ ਆਖਿਆ ਜਾ ਸਕਦਾ ਹੈ । ਪਰੰਤੂ ਇਨ੍ਹਾਂ ਗਿਣਿਆਂ-ਮਿਣਿਆਂ ਆਗੂਆਂ ਵਿੱਚ ਕਰਤਾਰ ਸਿੰਘ ਦਾ ਨਾਂ ਸੂਚੀ ਦੇ ਉਪਰ ਹੈ । ਉਨ੍ਹਾਂ ਦੀ ਰਗ-ਰਗ ਵਿੱਚ ਇਨਕਲਾਬ ਦਾ ਜਜ਼ਬਾ ਸਮਾਇਆ ਹੋਇਆ ਸੀ । ਉਨ੍ਹਾਂ ਦੀ ਜ਼ਿੰਦਗੀ ਦਾ ਇਕੋ ਮਕਸਦ, ਇਕੋ ਖ਼ਾਹਿਸ਼ ਅਤੇ ਇਕੋ ਉਮੀਦ ਜੋ ਕੁਝ ਵੀ ਸੀ, ਇਨਕਲਾਬ ਹੀ ਸੀ । ਇਸ ਦੇ ਲਈ ਉਨ੍ਹਾਂ ਜ਼ਿੰਦਗੀ ਵਿੱਚ ਪੈਰ ਪਾਇਆ ਤੇ ਅਖ਼ੀਰ ਇਸੇ ਲਈ ਹੀ ਇਸ ਦੁਨੀਆ ਤੋਂ ਚਲਾਣਾ ਕਰ ਗਏ ।

ਆਪ ਦਾ ਜਨਮ 1896 ਵਿੱਚ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ ਸੀ । ਆਪ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ । ਹਾਲੇ ਉਨ੍ਹਾਂ ਦੀ ਉਮਰ ਛੋਟੀ ਹੀ ਸੀ ਕਿ ਪਿਤਾ ਜੀ ਚਲਾਣਾ ਕਰ ਗਏ । ਪਰੰਤੂ ਆਪ ਦੇ ਦਾਦਾ ਨੇ ਬਹੁਤ ਜਤਨ ਕਰਕੇ ਆਪ ਨੂੰ ਪਾਲਿਆ । ਨੌਵੀਂ ਜਮਾਤ ਪੜ੍ਹਨ ਤੋਂ ਬਾਅਦ ਆਪਣੇ ਚਾਚੇ ਕੋਲ ਚਲੇ ਗਏ । ਉਥੇ ਉਨ੍ਹਾਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ ਅਤੇ ਕਾਲਜ ਪੜ੍ਹਨ ਲੱਗ ਪਏ । ਇਹ 1910-11 ਦੇ ਦਿਨ ਸਨ । ਇਧਰ ਆਪ ਨੂੰ ਸਕੂਲ ਤੇ ਕਾਲਜ ਦੇ ਪਾਠ-ਕ੍ਰਮ ਦੇ ਤੰਗ ਘੇਰੇ ਤੋਂ ਬਾਹਰ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ । ਇਹ ਅੰਦੋਲਨ ਦਾ ਜ਼ਮਾਨਾ ਸੀ । ਇਸ ਵਾਤਾਵਰਨ ਵਿੱਚ ਰਹਿ ਕੇ ਆਪ ਦਾ ਦੇਸ਼-ਪ੍ਰੇਮ ਦਾ ਜਜ਼ਬਾ ਭੜਕਿਆ ।

ਇਸ ਤੋਂ ਬਾਅਦ ਆਪ ਦੀ ਅਮਰੀਕਾ ਜਾਣ ਦੀ ਖ਼ਾਹਿਸ਼ ਹੋਈ । ਘਰਦਿਆਂ ਨੇ ਉਸ ਦਾ ਕੋਈ ਵਿਰੋਧ ਨਾ ਕੀਤਾ । ਆਪ ਨੂੰ ਅਮਰੀਕਾ ਭੇਜ ਦਿੱਤਾ ਗਿਆ । ਸੰਨ 1912 ਵਿੱਚ ਆਪ ਸਾਨਫਰਾਂਸਿਸਕੋ ਦੀ ਬੰਦਰਗਾਹ 'ਤੇ ਪਹੁੰਚੇ । ਆਜ਼ਾਦ ਦੇਸ਼ ਵਿੱਚ ਜਾ ਕੇ ਕਦਮ-ਕਦਮ 'ਤੇ ਆਪ ਦੇ ਕੋਮਲ ਦਿਲ ਉਤੇ ਚੋਟ ਲੱਗਣ ਲੱਗੀ । ਇਨ੍ਹਾਂ ਗੋਰਿਆਂ ਦੀ

ਜ਼ਬਾਨ ਤੋਂ Damn Hindu (ਨਖਿੱਧ ਹਿੰਦੂ) ਅਤੇ Blackman (ਕਾਲੇ ਆਦਮੀ) ਆਦਿ ਸੁਣਦੇ ਹੀ ਉਹ ਪਾਗਲ ਹੋ ਉਠਦੇ ਸਨ। ਉਨ੍ਹਾਂ ਨੂੰ ਪੈਰ-ਪੈਰ 'ਤੇ ਦੇਸ਼ ਦੀ ਇੱਜ਼ਤ ਤੇ ਮਾਣ ਖ਼ਤਰੇ ਵਿੱਚ ਨਜ਼ਰ ਆਉਣ ਲੱਗੇ। ਘਰ ਯਾਦ ਆਉਣ 'ਤੇ ਜ਼ੰਜੀਰਾਂ ਵਿੱਚ ਜਕੜਿਆ ਹੋਇਆ ਬੇਵੱਸ ਭਾਰਤ ਸਾਹਮਣੇ ਆ ਜਾਂਦਾ। ਉਨ੍ਹਾਂ ਦਾ ਕੋਮਲ ਦਿਲ ਹੌਲੀ-ਹੌਲੀ ਸਖ਼ਤ ਹੋਣ ਲੱਗਾ ਅਤੇ ਦੇਸ਼ ਦੀ ਆਜ਼ਾਦੀ ਲਈ ਜ਼ਿੰਦਗੀ ਕੁਰਬਾਨ ਕਰਨ ਦਾ ਇਰਾਦਾ ਮਜ਼ਬੂਤ ਹੁੰਦਾ ਗਿਆ। ਉਨ੍ਹਾਂ ਦੇ ਦਿਲ ਉਤੇ ਉਸ ਵੇਲੇ ਕੀ ਗੁਜ਼ਰਦੀ ਸੀ, ਅਸੀਂ ਕਿਵੇਂ ਸਮਝ ਸਕਦੇ ਹਾਂ।

ਇਹ ਅਸੰਭਵ ਸੀ ਕਿ ਉਹ ਚੈਨ ਨਾਲ ਰਹਿ ਸਕਦੇ। ਹਰ ਵੇਲੇ ਉਨ੍ਹਾਂ ਦੇ ਸਾਹਮਣੇ ਇਹੀ ਸਵਾਲ ਆਉਣ ਲੱਗਾ ਕਿ ਜੇ ਸ਼ਾਂਤੀ ਨਾਲ ਕੰਮ ਨਾ ਚੱਲਿਆ ਤਾਂ ਦੇਸ਼ ਕਿਸ ਤਰ੍ਹਾਂ ਆਜ਼ਾਦ ਹੋਵੇਗਾ ? ਫਿਰ ਜ਼ਿਆਦਾ ਸੋਚੇ ਬਗ਼ੈਰ ਉਨ੍ਹਾਂ ਨੇ ਭਾਰਤੀ ਮਜ਼ਦੂਰਾਂ ਦੀ ਜਥੇਬੰਦੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿੱਚ ਆਜ਼ਾਦੀ ਦਾ ਜਜ਼ਬਾ ਉਭਰਨ ਲੱਗਾ। ਹਰ ਇਕ ਕੋਲ ਘੰਟਿਆਂ-ਬੱਧੀ ਬੈਠ ਕੇ ਸਮਝਾਉਣ ਲੱਗੇ ਕਿ ਬੇਇੱਜ਼ਤੀ ਨਾਲ ਭਰੀ ਹੋਈ ਜ਼ਿੰਦਗੀ ਜਿਉਣ ਨਾਲੋਂ ਤਾਂ ਮੌਤ ਹਜ਼ਾਰ ਦਰਜੇ ਚੰਗੀ ਹੈ। ਕੰਮ ਸ਼ੁਰੂ ਹੋਣ ਤੇ ਹੋਰ ਲੋਕ ਵੀ ਉਨ੍ਹਾਂ ਨਾਲ ਆ ਮਿਲੇ। ਮਈ 1912 ਵਿੱਚ ਇਨ੍ਹਾਂ ਲੋਕਾਂ ਦੀ ਇਕ ਖ਼ਾਸ ਮੀਟਿੰਗ ਹੋਈ। ਇਸ ਵਿੱਚ ਕੁਝ ਚੁਣੇ ਹੋਏ ਹਿੰਦੁਸਤਾਨੀ ਸ਼ਾਮਲ ਹੋਏ। ਸਾਰਿਆਂ ਨੇ ਦੇਸ਼ ਦੀ ਆਜ਼ਾਦੀ ਉਤੋਂ ਤਨ, ਮਨ, ਧਨ ਨਿਛਾਵਰ ਕਰਨ ਦਾ ਪ੍ਰਣ ਕੀਤਾ। ਇਨ੍ਹੀਂ ਦਿਨੀਂ ਪੰਜਾਬ ਦੇ ਜਲਾਵਤਨ ਦੇਸ਼ਭਗਤ ਭਗਵਾਨ ਸਿੰਘ ਉਥੇ ਪਹੁੰਚੇ। ਧੜਾਧੜ ਜਲਸੇ ਹੋਣ ਲੱਗੇ। ਉਪਦੇਸ਼ ਹੋਣ ਲੱਗੇ। ਕੰਮ ਤੇ ਕੰਮ ਹੁੰਦਾ ਗਿਆ। ਮੈਦਾਨ ਤਿਆਰ ਹੋ ਗਿਆ। ਫਿਰ ਅਖ਼ਬਾਰ ਦੀ ਜ਼ਰੂਰਤ ਮਹਿਸੂਸ ਹੋਣ ਲੱਗੀ। 'ਗ਼ਦਰ' ਨਾਮੀ ਅਖ਼ਬਾਰ ਕੱਢਿਆ ਗਿਆ। ਇਸ ਦੇ ਐਡੀਟੋਰੀਅਲ ਸਟਾਫ਼ ਵਿੱਚ ਕਰਤਾਰ ਸਿੰਘ ਵੀ ਸਨ। ਆਪ ਦੀ ਕਲਮ ਵਿੱਚ ਅਥਾਹ ਜੋਸ਼ ਸੀ। ਅਖ਼ਬਾਰ ਨੂੰ ਐਡੀਟੋਰੀਅਲ ਦੇ ਮੈਂਬਰ ਹੈਂਡ ਪ੍ਰੈੱਸ 'ਤੇ ਛਾਪਦੇ ਸਨ। ਕਰਤਾਰ ਸਿੰਘ ਮਤਵਾਲੇ ਇਨਕਲਾਬ ਪਸੰਦ ਨੌਜਵਾਨ ਸਨ। ਪ੍ਰੈੱਸ ਚਲਾਉਂਦਿਆਂ ਥੱਕ ਜਾਣ 'ਤੇ ਉਹ ਗੀਤ ਗਾਇਆ ਕਰਦੇ ਸਨ :

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,<br>
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।<br>
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,<br>
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਕਰਤਾਰ ਸਿੰਘ ਜਿਸ ਲਗਨ ਨਾਲ ਮਿਹਨਤ ਕਰਦੇ ਸਨ, ਇਸ ਨਾਲ ਸਭ ਦਾ ਹੌਸਲਾ ਵਧ ਜਾਂਦਾ ਸੀ। ਭਾਰਤ ਨੂੰ ਕਿਸ ਤਰ੍ਹਾਂ ਆਜ਼ਾਦ ਕਰਵਾਇਆ ਜਾਵੇ ? ਇਹ ਕਿਸੇ ਹੋਰ ਨੂੰ ਪਤਾ ਹੋਵੇ ਜਾਂ ਨਾ ਹੋਵੇ। ਕਿਸੇ ਨੇ ਇਸ ਸਵਾਲ 'ਤੇ ਸੋਚ-ਵਿਚਾਰ ਕੀਤੀ ਹੋਵੇ ਜਾਂ ਨਾ ਕੀਤੀ ਹੋਵੇ ਪਰ ਕਰਤਾਰ ਸਿੰਘ ਨੇ ਇਸ ਸਵਾਲ ਬਾਰੇ ਬਹੁਤ ਕੁਝ ਸੋਚ ਰੱਖਿਆ ਸੀ। ਇਸ ਦੌਰਾਨ ਆਪ ਨਿਊਯਾਰਕ ਵਿੱਚ ਹਵਾਈ ਜਹਾਜ਼ਾਂ ਦੀ ਕੰਪਨੀ ਵਿੱਚ ਭਰਤੀ ਹੋ ਗਏ। ਇਥੇ ਦਿਲ ਲਗਾ ਕੇ ਕੰਮ ਸਿੱਖਣ ਲੱਗੇ।

ਸਤੰਬਰ 1914 ਵਿੱਚ ਕਾਮਾਗਾਟਾਮਾਰੂ ਜਹਾਜ਼ ਨੂੰ ਜ਼ਾਲਮ ਗੋਰਾਸ਼ਾਹੀ ਦੇ ਹੱਥੋਂ ਨਾ ਵਰਣਨਯੋਗ ਤਸੀਹੇ ਝੱਲਣ 'ਤੇ ਉਸੇ ਤਰ੍ਹਾਂ ਹੀ ਵਾਪਸ ਮੁੜਨਾ ਪਿਆ। ਤਦ ਸਾਡੇ ਕਰਤਾਰ ਸਿੰਘ, ਇਨਕਲਾਬ ਪਸੰਦ ਗੁਪਤਾ ਤੇ ਇਕ ਅਮਰੀਕਨ ਅਨਾਰਕਿਸਟ ਜੈਕ ਨੂੰ ਨਾਲ ਲੈ ਕੇ ਹਵਾਈ ਜਹਾਜ਼ 'ਤੇ ਜਪਾਨ ਆਏ ਅਤੇ ਕੋਬੇ ਵਿਚ ਬਾਬਾ ਗੁਰਦਿੱਤ ਸਿੰਘ ਜੀ ਨਾਲ ਮਿਲ ਕੇ ਸਭ ਗੱਲਬਾਤ ਕੀਤੀ। ਯੁਗਾਂਤਰ ਆਸ਼ਰਮ ਸਾਨਫ਼ਰਾਂਸਿਸਕੋ ਦੇ ਗ਼ਦਰ ਪ੍ਰੈੱਸ ਵਿਚ 'ਗ਼ਦਰ' ਅਤੇ 'ਗ਼ਦਰ ਦੀ ਗੂੰਜ' ਅਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਛਾਪ ਕੇ ਵੰਡੀਆਂ ਜਾਂਦੀਆਂ ਰਹੀਆਂ। ਦਿਨੋ-ਦਿਨ ਪ੍ਰਚਾਰ ਜ਼ੋਰਾਂ 'ਤੇ ਹੁੰਦਾ ਗਿਆ। ਜੋਸ਼ ਵਧਦਾ ਗਿਆ। ਫ਼ਰਵਰੀ 1914 ਵਿੱਚ ਸਟਾਕਟਨ ਦੇ ਆਮ ਜਲਸੇ ਵਿੱਚ ਆਜ਼ਾਦੀ ਦਾ ਝੰਡਾ ਲਹਿਰਾਇਆ ਗਿਆ ਅਤੇ ਆਜ਼ਾਦੀ ਤੇ ਬਰਾਬਰੀ ਦੇ ਨਾਂ 'ਤੇ ਕਸਮ ਖਾਧੀ ਗਈ। ਇਸ ਜਲਸੇ ਦੇ ਬੁਲਾਰਿਆਂ ਵਿੱਚ ਕਰਤਾਰ ਸਿੰਘ ਵੀ ਸਨ। ਸਾਰਿਆਂ ਨੇ ਐਲਾਨ ਕੀਤਾ ਕਿ ਉਹ ਆਪਣੇ ਖ਼ੂਨ-ਪਸੀਨੇ ਦੀ ਕਮਾਈ ਇਕੱਠੀ ਕਰਕੇ ਮੁਲਕ ਦੀ ਆਜ਼ਾਦੀ ਦੀ ਜੱਦੋ-ਜਹਿਦ ਲਈ ਲਗਾ ਦੇਣਗੇ। ਇਸ ਤਰ੍ਹਾਂ ਦਿਨ ਗੁਜ਼ਰਦੇ ਰਹੇ। ਅਚਾਨਕ ਯੂਰਪ ਵਿੱਚ ਪਹਿਲੀ ਜੰਗ ਲੱਗਣ ਦੀ ਖ਼ਬਰ ਮਿਲੀ। ਉਹ ਖ਼ੁਸ਼ੀ ਨਾਲ ਫੁੱਲੇ ਨਹੀਂ ਸਮਾਉਂਦੇ ਸਨ। ਇਕਦਮ ਸਾਰੇ ਗਾਉਣ ਲੱਗ ਪਏ :

"ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ,<br>
ਇਹੋ ਆਖ਼ਰੀ ਵਚਨ ਤੇ ਫ਼ੁਰਮਾਨ ਹੋ ਗਏ।

ਕਰਤਾਰ ਸਿੰਘ ਨੇ ਦੇਸ਼ ਵਾਪਸ ਮੁੜਨ ਦਾ ਪ੍ਰਚਾਰ ਜ਼ੋਰਾਂ ਨਾਲ ਕੀਤਾ। ਫਿਰ ਆਪ ਵੀ ਜਹਾਜ਼ 'ਤੇ ਸਵਾਰ ਹੋ ਕੇ ਕੋਲੰਬੋ (ਲੰਕਾ) ਪਹੁੰਚ ਗਏ। ਇਨ੍ਹੀਂ ਦਿਨੀਂ ਅਮਰੀਕਾ ਤੋਂ ਪੰਜਾਬ ਆਉਣ ਵਾਲੇ ਆਮ ਤੌਰ 'ਤੇ ਡਿਫੈਂਸ ਆਫ਼ ਇੰਡੀਆ ਕਾਨੂੰਨ (D.I.R.) ਦੀ ਪਕੜ ਵਿੱਚ ਆ ਜਾਂਦੇ ਸਨ। ਬਹੁਤ ਘੱਟ ਸਹੀ-ਸਲਾਮਤ ਪਹੁੰਚ ਸਕਦੇ ਸਨ। ਕਰਤਾਰ ਸਿੰਘ ਸਹੀ-ਸਲਾਮਤ ਆ ਪਹੁੰਚਿਆ। ਬੜੇ ਜ਼ੋਰਾਂ ਨਾਲ ਕੰਮ ਸ਼ੁਰੂ ਹੋਇਆ। ਸੰਗਠਨ ਦੀ ਕਮੀ ਸੀ ਪਰੰਤੂ ਕਿਸੇ ਤਰ੍ਹਾਂ ਉਹ ਵੀ ਪੂਰੀ ਕੀਤੀ ਗਈ। ਦਸੰਬਰ 1914 ਵਿੱਚ ਮਰਹੱਟੇ ਨੌਜਵਾਨ ਵਿਸ਼ਨੂੰ ਗਣੇਸ਼ ਪਿੰਗਲੇ ਵੀ ਆ ਗਏ। ਇਨ੍ਹਾਂ ਦੀ ਕੋਸ਼ਿਸ਼ ਨਾਲ ਸ੍ਰੀ ਸ਼ਚਿੰਦਰਨਾਥ ਸਾਨਿਆਲ ਤੇ ਰਾਸਬਿਹਾਰੀ ਬੋਸ ਪੰਜਾਬ ਆਏ। ਕਰਤਾਰ ਸਿੰਘ ਹਰ ਸਮੇਂ ਹਰ ਥਾਂ ਹੁੰਦੇ। ਅੱਜ ਮੋਗੇ ਵਿੱਚ ਖ਼ੁਫ਼ੀਆ ਮੀਟਿੰਗ ਹੈ, ਆਪ ਉਥੇ ਵੀ ਹਨ। ਕੱਲ੍ਹ ਲਾਹੌਰ ਦੇ ਵਿਦਿਆਰਥੀਆਂ ਵਿੱਚ ਪ੍ਰਚਾਰ ਹੋ ਰਿਹਾ। ਆਪ ਫਿਰ ਅਗਲੀ ਕਤਾਰ ਵਿੱਚ ਹਨ। ਅਗਲੇ ਦਿਨ ਫ਼ਿਰੋਜ਼ਪੁਰ ਦੀ ਛਾਉਣੀ ਦੇ ਸਿਪਾਹੀਆਂ ਨਾਲ ਗਠਜੋੜ ਹੋ ਰਿਹਾ ਹੈ। ਫਿਰ ਹਥਿਆਰਾਂ ਲਈ ਕਲਕੱਤੇ ਜਾ ਰਹੇ ਹਨ। ਰੁਪਏ ਦੀ

ਕਮੀ ਦਾ ਸਵਾਲ ਉੱਠਣ 'ਤੇ ਆਪ ਨੇ ਡਾਕਾ ਮਾਰਨ ਦੀ ਸਲਾਹ ਦਿੱਤੀ। ਡਾਕੇ ਦਾ ਨਾਂ ਸੁਣਦੇ ਹੀ ਬਹੁਤ ਸਾਰੇ ਲੋਕ ਹੱਕੇ-ਬੱਕੇ ਰਹਿ ਗਏ। ਪਰੰਤੂ ਆਪ ਨੇ ਕਹਿ ਦਿੱਤਾ ਕੋਈ ਡਰ ਨਹੀਂ ਹੈ। ਭਾਈ ਪਰਮਾਨੰਦ ਵੀ ਡਾਕੇ ਨਾਲ ਸਹਿਮਤ ਹਨ। ਇਨ੍ਹਾਂ ਤੋਂ ਤਸਦੀਕ ਕਰਵਾਉਣ ਦੀ ਜ਼ਿੰਮੇਵਾਰੀ ਆਪ 'ਤੇ ਸੁੱਟੀ ਗਈ। ਅਗਲੇ ਦਿਨ ਇਨ੍ਹਾਂ ਨੂੰ ਮਿਲੇ ਬਗ਼ੈਰ ਹੀ ਕਹਿ ਦਿੱਤਾ ਕਿ, "ਪੁੱਛ ਆਇਆ ਹਾਂ, ਉਹ ਸਹਿਮਤ ਹਨ।" ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ ਸਨ ਕਿ ਬਗ਼ਾਵਤ ਦੀ ਤਿਆਰੀ ਵਿੱਚ ਸਿਰਫ਼ ਰੁਪਏ ਦੀ ਘਾਟ ਕਰਕੇ ਦੇਰ ਹੋਵੇ।

ਇਕ ਦਿਨ ਉਹ ਡਾਕਾ ਮਾਰਨ ਇਕ ਪਿੰਡ ਗਏ, ਕਰਤਾਰ ਸਿੰਘ ਲੀਡਰ ਸਨ। ਡਾਕਾ ਪੈ ਰਿਹਾ ਸੀ। ਘਰ ਵਿੱਚ ਇਕ ਬੇਹੱਦ ਖ਼ੂਬਸੂਰਤ ਕੁੜੀ ਵੀ ਸੀ। ਉਸ ਨੂੰ ਵੇਖ ਕੇ ਇਕ ਪਾਪੀ ਆਤਮਾ ਦਾ ਦਿਲ ਡੋਲ ਗਿਆ। ਉਸ ਨੇ ਲੜਕੀ ਦਾ ਹੱਥ ਜ਼ਬਰਦਸਤੀ ਫੜ ਲਿਆ। ਲੜਕੀ ਘਬਰਾ ਕੇ ਰੌਲਾ ਪਾਉਣ ਲੱਗੀ। ਇਕਦਮ ਕਰਤਾਰ ਸਿੰਘ ਰਿਵਾਲਵਰ ਤਾਣ ਕੇ ਉਸ ਦੇ ਨੇੜੇ ਪਹੁੰਚ ਗਏ ਅਤੇ ਉਸ ਆਦਮੀ ਦੇ ਮੱਥੇ ਉੱਤੇ ਪਿਸਤੌਲ ਰੱਖ ਕੇ ਉਸ ਨੂੰ ਨਿਹੱਥਾ ਕਰ ਦਿੱਤਾ ਅਤੇ ਫਿਰ ਕੜਕ ਕੇ ਬੋਲੇ, "ਪਾਪੀ! ਤੇਰਾ ਜੁਰਮ ਬਹੁਤ ਸੰਗੀਨ ਹੈ। ਤੈਨੂੰ ਸਜ਼ਾਏ-ਮੌਤ ਮਿਲਣੀ ਚਾਹੀਦੀ ਹੈ ਪਰ ਹਾਲਤਾਂ ਤੋਂ ਮਜਬੂਰ ਹੋ ਕੇ ਮੁਆਫ਼ ਕੀਤਾ ਜਾਂਦਾ ਹੈ। ਛੇਤੀ ਇਸ ਲੜਕੀ ਦੇ ਪੈਰੀਂ ਪੈ ਕੇ ਮੁਆਫ਼ੀ ਮੰਗ ਕਿ, ਐ ਭੈਣ! ਮੈਨੂੰ ਮੁਆਫ਼ ਕਰ ਦੇ ਅਤੇ ਫਿਰ ਇਸ ਦੀ ਮਾਤਾ ਦੇ ਪੈਰ ਫੜ ਕੇ ਆਖ ਕਿ ਮਾਤਾ ਜੀ, ਮੈਂ ਇਸ ਗਿਰਾਵਟ ਦੇ ਲਈ ਮੁਆਫ਼ੀ ਮੰਗਦਾ ਹਾਂ। ਜੇ ਤੈਨੂੰ ਉਹ ਮੁਆਫ਼ ਕਰ ਦੇਣ ਤਾਂ ਜ਼ਿੰਦਾ ਛੱਡਿਆ ਜਾਵੇਂਗਾ ਵਰਨਾ ਗੋਲੀ ਨਾਲ ਉਡਾ ਦਿੱਤਾ ਜਾਵੇਂਗਾ।" ਉਸ ਨੇ ਇਸੇ ਤਰ੍ਹਾਂ ਕੀਤਾ। ਗੱਲ ਅਜੇ ਜ਼ਿਆਦਾ ਨਹੀਂ ਵਧੀ ਸੀ। ਇਹ ਵੇਖ ਕੇ ਮਾਂ-ਧੀ ਦੀਆਂ ਅੱਖਾਂ ਭਰ ਆਈਆਂ। ਮਾਂ ਨੇ ਕਰਤਾਰ ਸਿੰਘ ਨੂੰ ਪਿਆਰ ਭਰੇ ਲਹਿਜੇ ਵਿੱਚ ਕਿਹਾ, "ਬੇਟਾ, ਇਹੋ ਜਿਹੇ ਧਰਮਾਤਮਾ ਅਤੇ ਸੁਸ਼ੀਲ ਨੌਜਵਾਨ ਹੋ ਕੇ ਤੁਸੀਂ ਇਸ ਕੰਮ ਵਿੱਚ ਕਿਸ ਤਰ੍ਹਾਂ ਸ਼ਾਮਲ ਹੋਏ?" ਕਰਤਾਰ ਸਿੰਘ ਦਾ ਵੀ ਦਿਲ ਭਰ ਆਇਆ ਤੇ ਕਿਹਾ, "ਮਾਂ ਜੀ! ਰੁਪਏ ਦੇ ਲੋਭ ਨਾਲ ਇਹ ਕੰਮ ਨਹੀਂ ਕਰਨਾ ਸ਼ੁਰੂ ਕੀਤਾ। ਆਪਣਾ ਸਭ ਕੁਝ ਦਾਅ 'ਤੇ ਲਗਾ ਕੇ ਡਾਕਾ ਮਾਰਨ ਆਏ ਹਾਂ। ਹਥਿਆਰ ਖ਼ਰੀਦਣ ਲਈ ਰੁਪਏ ਦੀ ਜ਼ਰੂਰਤ ਹੈ। ਉਹ ਕਿੱਥੋਂ ਲਿਆਈਏ? ਮਾਂ ਜੀ, ਇਸੇ ਮਹਾਨ ਕੰਮ ਲਈ ਅੱਜ ਇਹ ਕੰਮ ਕਰਨ 'ਤੇ ਮਜਬੂਰ ਹੋ ਗਏ ਹਾਂ।" ਇਸ ਵਕਤ ਤੇ ਇਹ ਬੜਾ ਦਰਦਨਾਕ ਦ੍ਰਿਸ਼ ਸੀ। ਮਾਂ ਨੇ ਫਿਰ ਕਿਹਾ, "ਇਸ ਲੜਕੀ ਦੀ ਸ਼ਾਦੀ ਕਰਨੀ ਹੈ। ਇਸ ਲਈ ਕੁਝ ਦੇ ਜਾਓ ਤਾਂ ਚੰਗਾ ਹੈ। ਇਸ ਤੋਂ ਬਾਅਦ ਉਨ੍ਹਾਂ ਸਾਰਾ ਧਨ ਮਾਂ ਦੇ ਸਾਹਮਣੇ ਰੱਖ ਦਿੱਤਾ ਤੇ ਕਿਹਾ, "ਜਿੰਨਾ ਚਾਹੋ, ਲੈ ਲਓ।" ਕੁਝ ਪੈਸੇ ਲੈ ਬਾਕੀ ਸਾਰਾ ਮਾਈ ਨੇ ਬੜੇ ਚਾਅ ਨਾਲ ਕਰਤਾਰ ਸਿੰਘ ਦੀ ਝੋਲੀ ਪਾ ਦਿੱਤਾ ਅਤੇ ਆਸ਼ੀਰਵਾਦ ਦਿੱਤੀ, "ਜਾਓ ਬੇਟਾ, ਤੁਹਾਨੂੰ ਕਾਮਯਾਬੀ ਨਸੀਬ ਹੋਵੇ।" ਡਕੈਤੀ ਜਿਹੇ ਭਿਆਨਕ ਕੰਮ ਵਿੱਚ ਵੀ ਸ਼ਾਮਲ ਹੋ ਕੇ ਕਰਤਾਰ ਸਿੰਘ ਦਾ ਦਿਲ ਕਿੰਨਾ ਜਜ਼ਬਾਤੀ, ਕਿੰਨਾ ਪਵਿੱਤਰ ਤੇ ਕਿੰਨਾ ਵੱਡਾ ਸੀ। ਇਹ ਇਸ ਘਟਨਾ ਤੋਂ ਪਤਾ ਲੱਗਦਾ ਹੈ।

ਫ਼ਰਵਰੀ 1915 ਵਿੱਚ ਬਗ਼ਾਵਤ ਦੀ ਤਿਆਰੀ ਸੀ। ਪਹਿਲੇ ਹਫ਼ਤੇ ਆਪ, ਪਿੰਗਲੇ ਅਤੇ ਦੂਜੇ ਦੋ-ਤਿੰਨ ਸਾਥੀਆਂ ਨਾਲ ਆਗਰਾ, ਕਾਨ੍ਹਪੁਰ, ਇਲਾਹਾਬਾਦ, ਲਖਨਊ, ਮੇਰਠ ਅਤੇ ਕਈ ਹੋਰ ਥਾਵਾਂ 'ਤੇ ਗਏ ਅਤੇ ਬਗ਼ਾਵਤ ਲਈ ਉਨ੍ਹਾਂ ਨਾਲ ਮੇਲ-ਮਿਲਾਪ ਕਰ ਆਏ। ਅਖ਼ੀਰ ਉਹ ਦਿਨ ਨੇੜੇ ਆਉਣ ਲੱਗਾ, ਜਿਸ ਦਾ ਬੜੇ ਚਿਰ ਤੋਂ ਇੰਤਜ਼ਾਰ ਹੋ ਰਿਹਾ ਸੀ। 21 ਫ਼ਰਵਰੀ, 1915 ਨੂੰ ਭਾਰਤ ਵਿਚ ਬਗ਼ਾਵਤ ਦਾ ਦਿਨ ਮੁਕੱਰਰ ਹੋਇਆ ਸੀ। ਇਸ ਦੇ ਮੁਤਾਬਕ ਤਿਆਰੀ ਹੋ ਰਹੀ ਸੀ ਪਰੰਤੂ ਬਿਲਕੁਲ ਇਸ ਵੇਲੇ ਹੀ ਉਨ੍ਹਾਂ ਦੀਆਂ ਉਮੀਦਾਂ ਦੇ ਰੁੱਖ ਦੀ ਜੜ੍ਹ 'ਤੇ ਬੈਠਾ ਇਕ ਚੂਹਾ ਇਸ ਨੂੰ ਕੱਟ ਰਿਹਾ ਸੀ। ਚਾਰ-ਪੰਜ ਦਿਨ ਪਹਿਲਾਂ ਸ਼ੱਕ ਪੈ ਗਿਆ ਕਿ ਕ੍ਰਿਪਾਲ ਸਿੰਘ ਦੀ ਗ਼ੱਦਾਰੀ ਨਾਲ ਸਭ ਕੁਝ ਢਹਿ-ਢੇਰੀ ਹੋ ਜਾਏਗਾ। ਇਸ ਡਰ ਨਾਲ ਹੀ ਕਰਤਾਰ ਸਿੰਘ ਨੇ ਰਾਸਬਿਹਾਰੀ ਬੋਸ ਨੂੰ ਬਗ਼ਾਵਤ ਦੀ ਤਰੀਕ 21 ਫ਼ਰਵਰੀ ਦੀ ਬਜਾਏ 19 ਫ਼ਰਵਰੀ ਕਰਨ ਲਈ ਕਿਹਾ। ਇਸ ਤਰ੍ਹਾਂ ਹੋ ਜਾਣ ਦੀ ਵੀ ਕਿਰਪਾਲ ਸਿੰਘ ਨੂੰ ਸੂਹ ਪਹੁੰਚ ਗਈ। ਇਸ ਇਨਕਲਾਬੀ ਗਿਰੋਹ ਵਿੱਚ ਇਕ ਗ਼ੱਦਾਰ ਦੀ ਹੋਂਦ ਕਿੰਨੀ ਖ਼ਤਰਨਾਕ ਨਤੀਜੇ ਦਾ ਕਾਰਨ ਬਣੀ। ਰਾਸਬਿਹਾਰੀ ਬੋਸ ਤੇ ਕਰਤਾਰ ਸਿੰਘ ਵੀ ਕੋਈ ਮੁਨਾਸਬ ਇੰਤਜ਼ਾਮ ਨਾ ਹੋਣ ਕਰਕੇ ਆਪਣਾ ਭੇਦ ਨਾ ਛੁਪਾ ਸਕੇ। ਇਸ ਦਾ ਕਾਰਨ ਭਾਰਤ ਦੀ ਬਦਕਿਸਮਤੀ ਦੇ ਸਿਵਾਏ ਹੋਰ ਕੀ ਹੋ ਸਕਦਾ ਸੀ?

ਕਰਤਾਰ ਸਿੰਘ ਪੰਜਾਹ-ਸੱਠ ਸਾਥੀਆਂ ਨਾਲ ਪਿਛਲੇ ਫ਼ੈਸਲੇ ਅਨੁਸਾਰ 19 ਫ਼ਰਵਰੀ ਨੂੰ ਫ਼ਿਰੋਜ਼ਪੁਰ ਜਾ ਪਹੁੰਚੇ। ਆਪਣੇ ਸਾਥੀ ਫ਼ੌਜੀ ਹੌਲਦਾਰ ਨੂੰ ਮਿਲੇ ਤੇ ਬਗ਼ਾਵਤ ਦੀ ਗੱਲ ਕੀਤੀ। ਪਰੰਤੂ ਕ੍ਰਿਪਾਲ ਸਿੰਘ ਨੇ ਤਾਂ ਸਾਰਾ ਮਾਮਲਾ ਪਹਿਲਾਂ ਹੀ ਤਿੱਤਰ-ਖਿੱਤਰ ਕਰ ਦਿੱਤਾ ਸੀ। ਹਿੰਦੁਸਤਾਨੀ ਸਿਪਾਹੀ ਨਿਹੱਥੇ ਕਰ ਦਿੱਤੇ ਗਏ। ਧੜਾਧੜ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਹੌਲਦਾਰ ਨੇ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ। ਕਰਤਾਰ ਸਿੰਘ ਦੀ ਕੋਸ਼ਿਸ਼ ਅਸਫ਼ਲ ਰਹੀ। ਨਿਰਾਸ਼ ਹੋ ਕੇ ਵਾਪਸ ਲਾਹੌਰ ਆ ਗਏ। ਪੰਜਾਬ ਭਰ ਵਿੱਚ ਗ੍ਰਿਫ਼ਤਾਰੀਆਂ ਦਾ ਚੱਕਰ ਤੇਜ਼ੀ ਨਾਲ ਚੱਲਣ ਲੱਗਾ। ਹੁਣ ਸਾਥੀ ਵੀ ਟੁੱਟਣ ਲੱਗੇ। ਇਹੋ ਜਿਹੀ ਹਾਲਤ ਵਿੱਚ ਰਾਸਬਿਹਾਰੀ ਬੋਸ ਮਾਯੂਸੀ ਦੀ ਹਾਲਤ ਵਿੱਚ ਲਾਹੌਰ ਦੇ ਇਕ ਮਕਾਨ ਵਿੱਚ ਲੇਟੇ ਹੋਏ ਸਨ। ਕਰਤਾਰ ਸਿੰਘ ਵੀ ਉਥੇ ਆ ਕੇ ਇਕ ਮੰਜੀ 'ਤੇ ਦੂਸਰੇ ਪਾਸੇ ਮੂੰਹ ਕਰਕੇ ਲੇਟ ਗਿਆ। ਆਪਸ ਵਿੱਚ ਕੋਈ ਗੱਲ ਨਾ ਕੀਤੀ। ਪਰੰਤੂ ਚੁੱਪਚਾਪ ਹੀ ਇਕ-ਦੂਜੇ ਦੇ ਦਿਲ ਦੀ ਹਾਲਤ ਤਾੜ ਗਏ। ਇਨ੍ਹਾਂ ਦੀ ਹਾਲਤ ਦਾ ਅੰਦਾਜ਼ਾ ਅਸੀਂ ਕੀ ਲਗਾ ਸਕਦੇ ਹਾਂ :

ਦਰੇ ਤਦਬੀਰ ਪਰ ਸਿਰ ਫੋੜਨਾ ਸ਼ੇਵਾਹ ਰਹਾ ਅਪਨਾ
ਵਸੀਲੇ ਹਾਥ ਹੀ ਨਾ ਆਏ ਕਿਸਮਤ ਆਜ਼ਮਾਈ ਕੇ।

(ਸਾਡਾ ਕੰਮ ਕਿਸਮਤ ਦੇ ਦਰਵਾਜ਼ਿਆਂ 'ਤੇ ਮੱਥਾ ਮਾਰਨਾ ਹੀ ਰਿਹਾ ਪਰ ਕਿਸਮਤ-ਅਜ਼ਮਾਈ ਲਈ ਵਸੀਲੇ ਹੱਥ ਹੀ ਨਾ ਲੱਗੇ।)

ਉਨ੍ਹਾਂ ਦੀ ਤਾਂ ਖ਼ਾਹਿਸ਼ ਇਹੀ ਸੀ ਕਿ ਕਿਤੇ ਲੜਾਈ ਹੋਵੇ ਅਤੇ ਉਹ ਆਪਣੇ ਦੇਸ਼ ਲਈ ਲੜਦੇ-ਲੜਦੇ ਜਾਨਾਂ ਦੇਣ। ਫਿਰ ਸਰਗੋਧਾ ਦੇ ਨੇੜੇ ਚੱਕ ਨੰਬਰ-5 ਵਿੱਚ ਆ ਗਏ। ਫਿਰ ਬਗ਼ਾਵਤ ਦਾ ਚਰਚਾ ਛੇੜ ਦਿੱਤਾ। ਉੱਥੇ ਹੀ ਫੜੇ ਗਏ। ਜ਼ੰਜੀਰਾਂ ਵਿੱਚ ਜਕੜੇ ਗਏ। ਨਿਡਰ ਬਾਗ਼ੀ ਕਰਤਾਰ ਸਿੰਘ ਨੂੰ ਲਾਹੌਰ ਸਟੇਸ਼ਨ 'ਤੇ ਲਿਆਂਦਾ ਗਿਆ। ਪੁਲਿਸ ਕਪਤਾਨ ਨੂੰ ਕਿਹਾ, "ਮਿਸਟਰ ਟਾਮਕਿਨ, ਕੁਝ ਖਾਣ ਨੂੰ ਲਿਆ ਦੇ।" ਉਹ ਕਿੰਨਾ ਮਸਤਾਨਾ ਮਨ ਸੀ, ਇਸ ਦਿਲਖਿੱਚਵੀਂ ਸ਼ਖ਼ਸੀਅਤ ਨੂੰ ਦੇਖ ਕੇ ਦੋਸਤ ਅਤੇ ਦੁਸ਼ਮਣ ਸਭ ਖ਼ੁਸ਼ ਹੋ ਜਾਂਦੇ ਸਨ। ਗ੍ਰਿਫ਼ਤਾਰੀ ਦੇ ਸਮੇਂ ਉਹ ਬਹੁਤ ਖ਼ੁਸ਼ ਸੀ। ਆਮ ਤੌਰ 'ਤੇ ਕਿਹਾ ਕਰਦੇ ਸਨ, "ਬਹਾਦਰੀ ਤੇ ਹਿੰਮਤ ਨਾਲ ਮਰ ਜਾਣ 'ਤੇ ਮੈਨੂੰ ਬਾਗ਼ੀ ਦਾ ਖ਼ਿਤਾਬ ਦੇਣਾ। ਕੋਈ ਯਾਦ ਕਰੇ ਤਾਂ ਬਾਗ਼ੀ ਕਰਤਾਰ ਸਿੰਘ ਕਹਿ ਕੇ ਯਾਦ ਕਰੇ।" ਮੁਕੱਦਮਾ ਚੱਲਿਆ। ਇਸ ਵੇਲੇ ਕਰਤਾਰ ਸਿੰਘ ਦੀ ਉਮਰ ਸਿਰਫ਼ ਸਾਢੇ ਅਠਾਰਾਂ ਸਾਲ ਦੀ ਸੀ। ਸਾਰਿਆਂ ਤੋਂ ਘੱਟ ਉਮਰ ਦੇ ਅਪਰਾਧੀ ਆਪ ਹੀ ਸਨ ਪਰੰਤੂ ਜੱਜ ਨੇ ਆਪ ਦੇ ਬਾਰੇ ਇਹ ਲਿਖਿਆ—

"ਉਹ ਇਨ੍ਹਾਂ ਅਪਰਾਧੀਆਂ ਵਿੱਚੋਂ ਸਭ ਤੋਂ ਖ਼ਤਰਨਾਕ ਅਪਰਾਧੀਆਂ ਵਿੱਚੋਂ ਇਕ ਹੈ। ਅਮਰੀਕਾ ਦੇ ਸਫ਼ਰ ਦੌਰਾਨ ਤੇ ਫਿਰ ਭਾਰਤ ਵਿੱਚ ਇਸ ਸਾਜ਼ਿਸ਼ ਦਾ ਅਜਿਹਾ ਕੋਈ ਹਿੱਸਾ ਨਹੀਂ, ਜਿਸ ਵਿੱਚ ਇਸ ਨੇ ਉੱਘਾ ਹਿੱਸਾ ਨਾ ਪਾਇਆ ਹੋਵੇ।"

ਇਕ ਦਿਨ ਆਪ ਦੇ ਬਿਆਨ ਦੇਣ ਦੀ ਵਾਰੀ ਆਈ। ਆਪ ਨੇ ਸਭ ਕੁਝ ਮੰਨ ਲਿਆ। ਆਪ ਇਕਬਾਲੀਆ ਬਿਆਨ ਦਿੰਦੇ ਰਹੇ। ਜੱਜ ਦੰਦਾਂ ਹੇਠ ਕਲਮ ਦਬਾਈ ਦੇਖਦਾ ਰਿਹਾ, ਇਕ ਲਫ਼ਜ਼ ਤਕ ਨਾ ਲਿਖਿਆ। ਬਾਅਦ ਵਿੱਚ ਇੰਨਾ ਹੀ ਕਿਹਾ, "ਕਰਤਾਰ ਸਿੰਘ, ਅਜੇ ਤੁਹਾਡਾ ਬਿਆਨ ਨਹੀਂ ਲਿਖਿਆ ਗਿਆ। ਤੁਸੀਂ ਸੋਚ-ਸਮਝ ਕੇ ਬਿਆਨ ਦਿਓ। ਤੁਸੀਂ ਜਾਣਦੇ ਹੋ ਕਿ ਤੁਹਾਡੇ ਬਿਆਨ ਦਾ ਨਤੀਜਾ ਕੀ ਨਿਕਲ ਸਕਦਾ ਹੈ?" ਵੇਖਣ ਵਾਲੇ ਦੱਸਦੇ ਹਨ ਕਿ ਜੱਜ ਦੇ ਇਨ੍ਹਾਂ ਲਫ਼ਜ਼ਾਂ 'ਤੇ ਕਰਤਾਰ ਸਿੰਘ ਨੇ ਬਹੁਤ ਮਸਤਾਨੀ ਅਦਾ ਨਾਲ ਕਿਹਾ, "ਫਾਂਸੀ ਹੀ ਲਾ ਦਿਓਗੇ, ਹੋਰ ਕੀ? ਅਸੀਂ ਇਸ ਤੋਂ ਨਹੀਂ ਡਰਦੇ।" ਇਸ ਦਿਨ ਅਦਾਲਤ ਦਾ ਸਮਾਂ ਖ਼ਤਮ ਹੋ ਗਿਆ। ਦੂਸਰੇ ਦਿਨ ਫਿਰ ਕਰਤਾਰ ਸਿੰਘ ਦਾ ਅਦਾਲਤ ਵਿੱਚ ਬਿਆਨ ਸ਼ੁਰੂ ਹੋਇਆ। ਪਹਿਲੇ ਦਿਨ ਜੱਜ ਦਾ ਕੁਝ ਇਹੋ ਜਿਹਾ ਖ਼ਿਆਲ ਸੀ ਕਿ ਕਰਤਾਰ ਸਿੰਘ ਭਾਈ ਪਰਮਾਨੰਦ ਦੇ ਇਸ਼ਾਰੇ 'ਤੇ ਉਹ ਬਿਆਨ ਦੇ ਰਹੇ ਸਨ। ਪਰੰਤੂ ਉਹ ਬਾਗ਼ੀ ਕਰਤਾਰ ਸਿੰਘ ਦੇ ਦਿਲ ਦੀਆਂ ਗਹਿਰਾਈਆਂ ਵਿੱਚ ਨਹੀਂ ਉਤਰ ਸਕਦੇ ਸਨ। ਕਰਤਾਰ ਸਿੰਘ ਦਾ ਬਿਆਨ ਜ਼ਿਆਦਾ ਜ਼ੋਰਦਾਰ, ਜ਼ਿਆਦਾ ਜੋਸ਼ੀਲਾ ਅਤੇ ਪਹਿਲੇ ਦਿਨ ਦੀ ਤਰ੍ਹਾਂ ਇਨਕਲਾਬੀ ਸੀ। ਅਖ਼ੀਰ ਵਿੱਚ ਆਪ ਨੇ ਕਿਹਾ, "ਜੁਰਮ ਦੇ ਲਈ ਮੈਨੂੰ ਉਮਰ ਕੈਦ ਦੀ ਸਜ਼ਾ ਮਿਲੇਗੀ ਜਾਂ ਫਾਂਸੀ। ਪਰੰਤੂ ਮੈਂ ਫਾਂਸੀ ਨੂੰ ਪਹਿਲ ਦੇਵਾਂਗਾ ਤਾਂ ਕਿ ਫਿਰ ਜਨਮ ਲੈ ਕੇ ਜਦ ਤਕ ਹਿੰਦੁਸਤਾਨ ਆਜ਼ਾਦ ਨਹੀਂ ਹੋਵੇਗਾ, ਤਦ ਤਕ ਮੈਂ ਵਾਰ-ਵਾਰ ਜਨਮ ਲੈ ਕੇ ਫਾਂਸੀ 'ਤੇ ਲਟਕਦਾ ਰਹਾਂਗਾ। ਇਹ ਮੇਰੀ ਖ਼ਾਹਿਸ਼ ਹੈ।"

ਆਪ ਦੀ ਬਹਾਦਰੀ ਨੇ ਜੱਜਾਂ ਨੂੰ ਬਹੁਤ ਪ੍ਰਭਾਵਤ ਕੀਤਾ। ਪਰੰਤੂ ਉਨ੍ਹਾਂ ਨੇ ਖੁੱਲ੍ਹੇ ਦਿਲ ਵਾਲੇ ਦੁਸ਼ਮਣ ਦੀ ਤਰ੍ਹਾਂ ਆਪ ਦੀ ਬਹਾਦਰੀ ਨੂੰ ਬਹਾਦਰੀ ਨਾ ਕਹਿ ਕੇ ਢੀਠਪੁਣੇ ਦੇ ਸ਼ਬਦਾਂ ਨਾਲ ਯਾਦ ਕੀਤਾ। ਕਰਤਾਰ ਸਿੰਘ ਨੂੰ ਸਿਰਫ਼ ਗਾਲ੍ਹਾਂ ਹੀ ਨਹੀਂ, ਮੌਤ ਦੀ ਸਜ਼ਾ ਵੀ ਮਿਲੀ। ਆਪ ਨੇ ਮੁਸਕਰਾਉਂਦੇ ਹੋਏ ਜੱਜ ਦਾ ਸ਼ੁਕਰੀਆ ਅਦਾ ਕੀਤਾ। ਕਰਤਾਰ ਸਿੰਘ ਫਾਂਸੀ ਦੀ ਕੋਠੜੀ ਵਿੱਚ ਬੰਦ ਸਨ। ਆਪ ਦੇ ਦਾਦਾ ਨੇ ਆ ਕੇ ਕਿਹਾ, "ਕਰਤਾਰ ਸਿੰਘ, ਕਿਨ੍ਹਾਂ ਲੋਕਾਂ ਲਈ ਮਰ ਰਿਹਾ ਏਂ? ਜਿਹੜੇ ਤੈਨੂੰ ਗਾਲ੍ਹੀਆਂ ਦਿੰਦੇ ਹਨ। ਤੇਰੇ ਮਰਨ ਨਾਲ ਦੇਸ਼ ਨੂੰ ਕੁਝ ਫ਼ਾਇਦਾ ਹੋਵੇਗਾ, ਇਹ ਵੀ ਨਜ਼ਰ ਨਹੀਂ ਆਉਂਦਾ।" ਕਰਤਾਰ ਸਿੰਘ ਨੇ ਬਹੁਤ ਹੌਲੀ ਜਿਹੀ ਪੁੱਛਿਆ—

"ਦਾਦਾ ਜੀ, ਫਲਾਣਾ ਰਿਸ਼ਤੇਦਾਰ ਕਿੱਥੇ ਹੈ?"

"ਪਲੇਗ ਨਾਲ ਮਰ ਗਿਆ।"

"ਫਲਾਣਾ ਕਿੱਥੇ ਹੈ?"

"ਹੈਜ਼ੇ ਨਾਲ ਮਰ ਗਿਆ।"

"ਤਾਂ ਕੀ ਤੁਸੀਂ ਚਾਹੁੰਦੇ ਹੋ ਕਿ ਕਰਤਾਰ ਸਿੰਘ ਬਿਸਤਰੇ 'ਤੇ ਮਹੀਨਿਆਂ-ਬੱਧੀ ਪਿਆ ਰਹੇ ਤੇ ਦਰਦ ਨਾਲ ਦੁਖੀ ਹੋ ਕੇ ਕਿਸੇ ਰੋਗ ਨਾਲ ਮਰੇ? ਕੀ ਉਸ ਮੌਤ ਨਾਲੋਂ ਇਹ ਮੌਤ ਹਜ਼ਾਰ ਦਰਜੇ ਚੰਗੀ ਨਹੀਂ?" ਦਾਦਾ ਚੁੱਪ ਹੋ ਗਏ।

ਅੱਜ ਫਿਰ ਸਵਾਲ ਉੱਠਦਾ ਹੈ ਕਿ ਉਨ੍ਹਾਂ ਦੇ ਮਰਨ ਨਾਲ ਕੀ ਫ਼ਾਇਦਾ ਹੋਇਆ? ਉਹ ਕਿਸ ਲਈ ਮਰੇ? ਇਸ ਦਾ ਜਵਾਬ ਬਿਲਕੁਲ ਸਾਫ਼ ਹੈ। ਦੇਸ਼ ਦੇ ਲਈ ਮਰੇ। ਉਨ੍ਹਾਂ ਦਾ ਆਦਰਸ਼ ਹੀ ਦੇਸ਼-ਸੇਵਾ ਵਿੱਚ ਲੜਦੇ ਹੋਏ ਮਰਨਾ ਸੀ। ਉਹ ਇਸ ਤੋਂ ਜ਼ਿਆਦਾ ਕੁਝ ਨਹੀਂ ਚਾਹੁੰਦੇ ਸਨ। ਮਰਨਾ ਵੀ ਗੁੰਮਨਾਮ ਰਹਿ ਕੇ ਚਾਹੁੰਦੇ ਸਨ।

ਚਮਨ ਜ਼ਾਰੇ ਮੁਹੱਬਤ ਮੇਂ, ਉਸੀ ਨੇ ਕੀ ਬਾਗ਼ਬਾਨੀ
ਜਿਸਨੇ ਮਿਹਨਤ ਕੋ ਹੀ ਮਿਹਨਤ ਕਾ ਸਮਰ ਜਾਨਾ।
ਨਹੀਂ ਹੋਤਾ ਮੁਹਤਾਜੇ ਨੁਮਾਇਸ਼ ਫ਼ੈਜ਼ ਸ਼ਬਨਮ ਕਾ,
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ।

(ਮੁਹੱਬਤ ਦੀ ਫੁਲਵਾੜੀ ਵਿੱਚ ਉਸ ਮਾਲੀ ਦੀ ਥਾਂ ਹੈ, ਜਿਹੜਾ ਕਿ ਆਪਣੀ ਮਿਹਨਤ ਨੂੰ ਹੀ ਆਪਣਾ ਫਲ ਸਮਝਦਾ ਹੈ। ਤ੍ਰੇਲ ਦੀ ਦਰਿਆਦਿਲੀ ਵਿਖਾਵੇ ਲਈ ਨਹੀਂ ਹੈ, ਉਹ ਤਾਂ ਹਨੇਰੀ ਰਾਤ ਵਿੱਚ ਚੁੱਪਚਾਪ ਬਾਗ਼ ਵਿੱਚ ਮੋਤੀ ਕੇਰ ਜਾਂਦੀ ਹੈ।)

ਡੇਢ ਸਾਲ ਤਕ ਮੁਕੱਦਮਾ ਚੱਲਿਆ। **16** ਨਵੰਬਰ, **1915** ਦਾ ਦਿਨ ਸੀ, ਜਦ ਉਨ੍ਹਾਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਉਸ ਦਿਨ ਵੀ ਉਹ ਹਮੇਸ਼ਾ ਦੀ ਤਰ੍ਹਾਂ ਖ਼ੁਸ਼ ਸਨ। ਉਨ੍ਹਾਂ ਦਾ ਭਾਰ ਦਸ ਪੌਂਡ ਵਧ ਗਿਆ ਸੀ। 'ਭਾਰਤ ਮਾਤਾ ਦੀ ਜੈ' ਕਹਿੰਦੇ ਹੋਏ ਉਹ ਫਾਂਸੀ ਦੇ ਤਖ਼ਤੇ 'ਤੇ ਝੂਲ ਗਏ।

## 'ਪੰਜਾਬ ਵਿਚ ਮਹਾਨ ਇਨਕਲਾਬ ਦੀ ਪਹਿਲੀ ਜਥੇਬੰਦੀ' ਕੂਕਾ ਲਹਿਰ

*(ਦਿੱਲੀ ਤੋਂ ਛਪਣ ਵਾਲੇ ਹਿੰਦੀ ਦੇ ਰਸਾਲੇ 'ਮਹਾਰਥੀ' ਵਿਚ ਫਰਵਰੀ, **1928** ਵਿਚ ਭਗਤ ਸਿੰਘ ਨੇ* **ਬੀ.ਐਸ. ਸੰਧੂ** *ਦੇ ਕਲਮੀ ਨਾਂ ਹੇਠ ਕੂਕਾ ਲਹਿਰ 'ਤੇ ਲੇਖ ਲਿਖਿਆ। ਇਹ ਲੇਖ ਪੇਸ਼ ਹੈ।)*

ਸਿੱਖਾਂ ਵਿਚ ਇਕ ਉਪ-ਫ਼ਿਰਕਾ ਹੈ, ਜੋ ਨਾਮਧਾਰੀ ਜਾਂ ਕੂਕਾ ਅਖਵਾਉਂਦਾ ਹੈ। ਇਹਦਾ ਇਤਿਹਾਸ ਕੋਈ ਬਹੁਤਾ ਪੁਰਾਣਾ ਨਹੀਂ। ਪਿਛਲੀ ਸਦੀ ਦੇ ਅੱਧ ਤੋਂ ਬਾਅਦ ਇਹਦਾ ਆਰੰਭ ਹੋਇਆ ਸੀ।

ਅੱਜ ਇਹ ਇਕ ਸੰਕੁਚਿਤ ਫ਼ਿਰਕਾ ਦਿਸਦਾ ਹੈ, ਪਰ ਇਹਦੇ ਬਾਨੀ ਸ੍ਰੀ ਗੁਰੂ ਰਾਮ ਸਿੰਘ ਇਕ ਕੱਟੜ ਇਨਕਲਾਬੀ ਸਨ। ਇਕ ਮਸ਼ਹੂਰ ਰੱਬ-ਭਗਤ, ਸਮਾਜ ਦੇ ਦੋਸ਼ ਤੱਕ ਕੇ ਇਕ ਵਿਦਰੋਹੀ ਸਮਾਜ ਸੁਧਾਰਕ ਬਣ ਗਿਆ ਅਤੇ ਇਕ ਸੱਚੇ ਸੁਧਾਰਕ ਵਾਂਗ ਜਦੋਂ ਉਹ ਕਰਮ-ਖੇਤਰ ਵਿਚ ਅਗਾਂਹ ਨਿੱਤਰੇ ਤਾਂ ਉਨ੍ਹਾਂ ਵੇਖਿਆ ਕਿ ਦੇਸ਼ ਦੀ ਉਨੱਤੀ ਲਈ ਗ਼ੁਲਾਮੀ ਦੀਆਂ ਬੇੜੀਆਂ ਕੱਟਣੀਆਂ ਸਭ ਤੋਂ ਜ਼ਰੂਰੀ ਹੈ। ਵਿਦੇਸ਼ੀ ਰਾਜ ਵਿਰੁੱਧ ਇਨਕਲਾਬ ਦੀ ਤਿਆਰੀ ਵਸੀਹ-ਪੈਮਾਨੇ 'ਤੇ ਕੀਤੀ। ਉਸ ਦੀ ਤਿਆਰੀ ਦੇ ਦੌਰਾਨ ਹੀ ਜੋ ਕੁਝ ਝਗੜਾ-ਫ਼ਸਾਦ ਹੋ ਗਿਆ, ਉਸ ਤੋਂ ਹਾਕਮਾਂ ਨੂੰ ਲਹਿਰ ਕੁਚਲਣ ਦਾ ਮੌਕਾ ਮਿਲ ਗਿਆ ਅਤੇ ਸਭ ਯਤਨਾਂ ਦਾ ਨਿਸਫਲਤਾ ਤੋਂ ਬਿਨਾਂ ਹੋਰ ਕੋਈ ਸਿੱਟਾ ਨਾ ਨਿਕਲ ਸਕਿਆ।

ਕੂਕਾ ਲਹਿਰ ਦਾ ਇਤਿਹਾਸ ਹਾਲ ਤਕ ਲੋਕਾਂ ਸਾਹਵੇਂ ਨਹੀਂ ਆਇਆ। ਕਿਸੇ ਨੇ ਇਸ ਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ਅਸੀਂ ਕੂਕਿਆਂ ਨੂੰ ਭੁੱਲੜ ਅਤੇ ਮੂਰਖ ਕਹਿ ਕੇ ਆਪਣੇ ਫ਼ਰਜ਼ ਤੋਂ ਲਾਂਭੇ ਹੋ ਜਾਂਦੇ ਹਾਂ। ਸਵਾਰਥ, ਜਾਂ ਲੋਭ ਲਈ ਉਨ੍ਹਾਂ ਆਪਣੀਆਂ ਜਾਨਾਂ ਦਿੱਤੀਆਂ ਹੁੰਦੀਆਂ ਤਾਂ ਅਸੀਂ ਅਣਗਿਹਲੀ ਵਿਖਾ ਸਕਦੇ ਸਾਂ। ਪਰ ਉਨ੍ਹਾਂ ਦੀ 'ਮੂਰਖਤਾ' ਵਿਚ ਦੇਸ਼-ਪ੍ਰੇਮ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਉਹ ਤਾਂ ਤੋਪ ਦੇ ਦਹਾਨੇ ਨਾਲ ਬੰਨ੍ਹੇ ਹੋਣ ਸਮੇਂ ਵੀ ਹੱਸ ਦਿੰਦੇ ਸਨ ਤੇ ਆਨੰਦ ਨਾਲ 'ਸਤਿ ਸ੍ਰੀ ਅਕਾਲ' ਦੇ ਆਕਾਸ਼-ਗੁੰਜਾਊ ਜੈਕਾਰਿਆਂ ਨਾਲ ਆਕਾਸ਼-ਪਤਾਲ ਇਕ ਕਰ ਦਿੰਦੇ ਸਨ। ਉਨ੍ਹਾਂ ਦੇ ਮੱਥਿਆਂ 'ਤੇ ਦੁੱਖ, ਫ਼ਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿਸਦੀ ਸੀ। ਕੀ ਉਹ ਭੁੱਲ ਜਾਣ ਵਾਲੇ ਹਨ? ਉਨ੍ਹਾਂ ਦਾ ਅਪਰਾਧ ਸ਼ਾਇਦ ਅਸਫ਼ਲਤਾ ਤੋਂ ਬਿਨਾਂ ਕੁਝ ਵੀ ਨਹੀਂ ਸੀ, ਪਰ ਸਕਾਟਲੈਂਡ ਦੇ ਬਹਾਦਰ ਵਿਲੀਅਮ ਵਾਲਿਸ ਵੀ ਤਾਂ ਅਸਫ਼ਲ ਹੋ ਕੇ ਮੌਤ ਦੀ ਸਜ਼ਾ ਦਾ ਭਾਗੀ ਬਣ ਗਿਆ ਸੀ। ਉਹਦੀ ਤਾਂ ਅੱਜ ਸਾਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਸਾਡੇ ਅਸਫ਼ਲ ਦੇਸ਼ਭਗਤ ਹੀ ਇਸ ਤਰ੍ਹਾਂ ਕਿਉਂ ਭੁਲਾ ਕੇ ਘੁੱਪ-ਹਨ੍ਹੇਰੇ ਵਿਚ ਸੁੱਟ ਦਿੱਤੇ ਜਾਣ?

ਅਸੀਂ ਸਮਝਦੇ ਹਾਂ ਕਿ ਸਾਡੇ ਲਈ ਦੇਸ਼ ਵਾਸਤੇ ਨਿਸ਼ਕਾਮ ਭਾਵ ਮਰ-ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬੜੀ ਵੱਡੀ ਅਹਿਸਾਨ-ਫ਼ਰਾਮੋਸ਼ੀ ਹੋਵੇਗੀ। ਅਸੀਂ ਉਨ੍ਹਾਂ ਦੀ ਯਾਦ ਵਿਚ ਕੋਈ ਵੱਡਾ ਥੰਮ੍ਹ ਨਹੀਂ ਖੜ੍ਹਾ ਕਰ ਸਕਦੇ, ਤਾਂ ਕੀ ਆਪਣੇ ਦਿਲ ਵਿਚ ਥੋੜ੍ਹੀ ਜਿਹੀ ਥਾਂ ਦੇਣੋਂ ਵੀ ਝਿਜਕੀਏ? ਇਸੇ ਵਿਚਾਰ ਤੋਂ ਪ੍ਰੇਰਿਤ ਹੋ ਕੇ ਅੱਜ ਉਨ੍ਹਾਂ 'ਮੂਰਖ' ਅਤੇ 'ਉਤਾਵਲੇ' ਆਸਵੰਦਾਂ ਦਾ ਸੰਖੇਪ ਇਤਿਹਾਸ ਲਿਖਣ ਦੀ ਇਹ ਕੋਸ਼ਿਸ਼ ਹੈ। ਇਸ ਨਾਲ ਜੇ ਲੋਕਾਂ ਨੂੰ ਉਨ੍ਹਾਂ ਦੇ ਸੰਬੰਧ ਵਿਚ ਠੀਕ-ਠਾਕ ਗੱਲਾਂ ਦਾ ਗਿਆਨ ਹੋ ਜਾਏ ਅਤੇ ਵਧੇਰੇ ਜਾਨਣ ਦੀ ਇੱਛਾ ਪੈਦਾ ਹੋਵੇ ਤਾਂ ਇਹ ਕੋਸ਼ਿਸ਼ਾਂ ਕਾਮਯਾਬ ਸਮਝਾਂਗਾ।

ਉਨ੍ਹਾਂ ਦੇ ਇਸ ਛੋਟੇ ਜਿਹੇ ਇਤਿਹਾਸ ਨੂੰ ਅਸੀਂ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ:

1. ਗੁਰੂ ਜੀ ਦਾ ਸ਼ਖ਼ਸੀ ਚਰਿੱਤਰ।
2. ਕੂਕਾ ਬਗ਼ਾਵਤ
3. ਬਗ਼ਾਵਤ ਤੋਂ ਬਾਅਦ।

ਗੁਰੂ ਰਾਮ ਸਿੰਘ ਦਾ ਜਨਮ ਸੰਨ **1824** ਈ. ਵਿਚ ਭੈਣੀ ਨਾਂ ਦੇ ਪਿੰਡ ਜ਼ਿਲ੍ਹਾ ਲੁਧਿਆਣਾ (ਪੰਜਾਬ) ਵਿਚ ਇਕ ਤਰਖਾਣ ਦੇ ਘਰ ਹੋਇਆ ਸੀ। ਕਹਿੰਦੇ ਨੇ ਗੁਰੂ ਗੋਬਿੰਦ ਸਿੰਘ ਜੀ ਨੇ ਕਦੇ ਕਿਹਾ ਸੀ "ਮੈਂ ਬਾਰ੍ਹਵੇਂ ਵੇਸ ਵਿਚ ਰਾਮ ਸਿੰਘ ਦੇ ਨਾਂ ਨਾਲ ਮਸ਼ਹੂਰ ਅਤੇ ਪ੍ਰਗਟ ਹੋਵਾਂਗਾ।" ਇਸ ਲਈ ਉਨ੍ਹਾਂ ਦੇ ਚੇਲੇ ਉਨ੍ਹਾਂ ਨੂੰ ਦਸ ਗੁਰੂਆਂ ਦਾ ਅਵਤਾਰ ਮੰਨਦੇ ਹਨ। ਪਰ ਬਾਕੀ ਸਿੱਖ ਪੰਥ ਦਾ ਯਕੀਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਦੇ ਸਭ ਅਧਿਕਾਰ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੇ ਸਨ ਅਤੇ ਗੁਰੂ-ਡੰਮ ਬੰਦ ਕਰਾ ਦਿੱਤਾ ਸੀ, ਇਸ ਲਈ ਗੁਰੂ ਰਾਮ ਸਿੰਘ ਗੁਰੂ ਨਹੀਂ ਹੋ ਸਕਦੇ।

ਸਾਨੂੰ ਇਨ੍ਹਾਂ ਝਗੜਿਆਂ ਨਾਲ ਕੋਈ ਸਰੋਕਾਰ ਨਹੀਂ। ਗੁਰੂ ਰਾਮ ਸਿੰਘ ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਭਰਤੀ ਹੋ ਗਏ। ਉਹ ਮੁੱਢੋਂ ਹੀ ਰੱਬ ਦੇ ਭਗਤ ਸਨ ਅਤੇ ਵਧੇਰੇ ਸਮਾਂ ਈਸ਼ਵਰ-ਪੂਜਾ ਵਿਚ ਹੀ

ਬਿਤਾਉਂਦੇ ਸਨ । ਇਸੇ ਕਾਰਨ ਜਲਦੀ ਹੀ ਫੌਜ ਵਿਚ ਉਹ ਹਰਮਨ-ਪਿਆਰੇ ਹੋ ਗਏ । ਉਹ ਜ਼ਿਆਦਾਤਰ ਭਗਤੀ ਵਿਚ ਲੱਗੇ ਰਹਿਣ ਕਾਰਨ ਫੌਜੀ ਫਰਜ਼ਾਂ ਦੀ ਪਾਲਨਾ ਵਿਚ ਅਸਮਰਥ ਰਹਿੰਦੇ ਪਰ ਉਨ੍ਹਾਂ ਨੂੰ ਸਭ ਅਜਿਹੇ ਫਰਜ਼ਾਂ ਤੋਂ ਲਾਂਭੇ ਕਰ ਕੇ ਫੌਜ ਵਿਚ ਹੀ ਰੱਖਿਆ ਗਿਆ । ਕਿਹਾ ਜਾਂਦਾ ਹੈ ਕਿ ਇਕ ਦਿਨ ਉਨ੍ਹਾਂ ਨੂੰ ਸੁਪਨੇ ਵਿਚ ਗੁਰੂ ਗੋਬਿੰਦ ਜੀ ਨੇ ਦਰਸ਼ਨ ਦਿੱਤੇ ਅਤੇ ਉਨ੍ਹਾਂ ਨੇ ਹਜ਼ਾਰਾ (ਸਰਹੱਦੀ ਸੂਬਾ) ਨਿਵਾਸੀ ਬਾਬਾ ਬਾਲਕ ਨਾਥ ਤੋਂ ਗੁਰਗੱਦੀ ਦਾ ਅਸ਼ੀਰਵਾਦ ਲੈਣ ਲਈ ਆਖਿਆ । ਦੂਜੇ ਹੀ ਦਿਨ ਉਨ੍ਹਾਂ ਵੀਹ-ਪੰਝੀ ਭਗਤਾਂ ਨਾਲ ਉਧਰ ਨੂੰ ਚਾਲੇ ਪਾ ਦਿੱਤੇ । ਬਾਬਾ ਬਾਲਕ ਨੇ ਉਨ੍ਹਾਂ ਨੂੰ ਜੀ-ਆਇਆਂ ਆਖਿਆ ਅਤੇ ਸਿੱਖਿਆ ਦਿੱਤੀ । ਉਥੋਂ ਵਾਪਸ ਆ ਕੇ ਇਨ੍ਹਾਂ ਨੇ ਨੌਕਰੀ ਛੱਡ ਦਿੱਤੀ ਅਤੇ ਪਿੰਡ ਵਿਚ ਜਾ ਕੇ ਸ਼ਾਂਤ ਜੀਵਨ ਬਿਤਾਉਣ ਲੱਗੇ ।

ਕਈ ਵਰ੍ਹੇ ਬੀਤ ਗਏ । ਕਈ ਤਬਦੀਲੀਆਂ ਹੋਈਆਂ । ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਗੱਦੀ ਲਈ ਲੈ-ਦੇ ਹੋਈ । ਅੰਗਰੇਜ਼ਾਂ ਪੰਜਾਬ ਜਿੱਤ ਲਿਆ ਅਤੇ ਇਸ ਨੂੰ ਵੀ ਬਾਕੀ ਭਾਰਤ ਵਾਂਗ ਗ਼ੁਲਾਮੀ ਦੀਆਂ ਬੇੜੀਆਂ ਵਿਚ ਜਕੜ ਲਿਆ । ਇਹ ਸਭ ਕੁਝ ਹੋ ਗਿਆ ਅਤੇ ਨਾਲ ਹੀ 1857 ਦਾ ਗ਼ਦਰ ਵੀ ਹੋ ਗਿਆ ਅਤੇ ਅੰਗਰੇਜ਼ ਬੜੀ ਸ਼ਾਂਤੀ ਨਾਲ ਭਾਰਤ ’ਤੇ ਹਕੂਮਤ ਕਰਨ ਲੱਗੇ । ਪਰ ਗੁਰੂ ਰਾਮ ਸਿੰਘ ਜੀ ਉਹੀ ਆਪਣਾ ਸ਼ਾਂਤ ਜੀਵਨ ਬਤੀਤ ਕਰਦੇ ਰਹੇ । ਹਾਂ, ਈਸ਼ਵਰ-ਭਗਤੀ ਕਾਰਨ ਆਪ ਦੂਰ-ਦੂਰ ਤਕ ਪ੍ਰਸਿੱਧ ਹੋ ਗਏ । ਸੂਬੇ ਭਰ ਤੋਂ ਲੋਕ ਦਰਸ਼ਨਾਂ ਲਈ ਆਉਂਦੇ ਸਨ ।

ਪਹਿਲਾਂ ਤਾਂ ਆਪ ਈਸ਼ਵਰ-ਭਗਤੀ ਦਾ ਹੀ ਉਪਦੇਸ਼ ਦਿੰਦੇ ਸਨ ਪਰ ਬਾਅਦ ਵਿਚ ਕੁਝ ਸਮਾਜ-ਸੁਧਾਰ ਸੰਬੰਧੀ ਉਪਦੇਸ਼ ਵੀ ਦੇਣ ਲੱਗੇ । ਇਨ੍ਹਾਂ ਕੰਨਿਆ ਖ਼ਰੀਦਣ-ਵੇਚਣ, ਸ਼ਰਾਬ-ਮਾਸ ਆਦਿ ਬਹੁਤ ਸਾਰੀਆਂ ਕੁਰੀਤਾਂ ਦਾ ਬੜੇ ਜ਼ੋਰ ਨਾਲ ਵਿਰੋਧ ਕੀਤਾ । ਆਪ ਦੇ ਚੇਲੇ ਵੀ ਸਾਦਾ ਜ਼ਿੰਦਗੀ ਬਿਤਾਉਂਦੇ ਅਤੇ ਰੱਬ ਪੂਜਾ ਵਿਚ ਮਗਨ ਰਹਿੰਦੇ । ਆਪਣੇ ਪਿੰਡ ਵਿਚ ‘ਗੁਰੂ ਕਾ ਲੰਗਰ’ ਖੋਲ੍ਹ ਰੱਖਿਆ ਸੀ । ਪਰ ਜਲਦੀ ਹੀ ਇਕ ਤਬਦੀਲੀ ਹੋਈ ।

ਕਿਹਾ ਜਾਂਦਾ ਹੈ, ਕਿਸੇ ਅਗਿਆਤ ਰਾਮਦਾਸ ਨਾਂ ਦੇ ਸੰਨਿਆਸੀ ਨੇ ਆ ਕੇ ਉਨ੍ਹਾਂ ਨੂੰ ਕਿਹਾ, “ਇਸ ਵੇਲੇ ਦੇਸ਼ ਨੂੰ ਬਦੇਸ਼ੀ ਰਾਜ ਤੋਂ ਖਲਾਸੀ ਪਵਾਉਣੀ ਹੀ ਸਭ ਤੋਂ ਪਹਿਲਾ ਫ਼ਰਜ਼ ਹੈ ।” ਉਸ ਵੇਲੇ ਤੋਂ ਇਨ੍ਹਾਂ ਆਪਣਾ ਸਿਆਸੀ ਪ੍ਰੋਗਰਾਮ ਬਣਾ ਲਿਆ । ਸੰਨਿਆਸੀ ਵਾਲੀ ਗੱਲ ਸੁਣੀ-ਸੁਣਾਈ ਹੈ । ਹੋ ਸਕਦਾ ਹੈ ਕਿ ਇਹ ਗੱਲ ਹੋਈ ਹੀ ਨਾ ਹੋਵੇ । ਪਰ ਇੰਨਾ ਤਾਂ ਮੰਨਣਾ ਹੀ ਪਵੇਗਾ ਕਿ ਇਸ ਵੇਲੇ ਪ੍ਰਾਧੀਨਤਾ ਗੁਰੂ ਜੀ ਨੂੰ ਬਹੁਤ ਬੁਰੀ ਤਰ੍ਹਾਂ ਰੜਕੀ । ਉਹ ਸਮਝ ਗਏ ਸਨ ਕਿ ਗ਼ੁਲਾਮੀ ਨਾਲ ਦੇਸ਼ਵਾਸੀਆਂ ਦੀ ਆਤਮਾ ਵੀ ਮਰਦੀ ਜਾ ਰਹੀ ਹੈ । ਲੋਕ ਸਵਾਧੀਨਤਾ ਦਾ ਵਿਚਾਰ ਤਕ ਛੱਡ ਬੈਠੇ ਸਨ । ਅਜੇ ਕੱਲ੍ਹ ਦੀ ਗੱਲ ਸੀ, ਜਦ ਗ਼ਦਰ ਅਤੇ ਉਹਦੀ ਅਸਫਲਤਾ ਦੇ ਬਾਅਦ ਅਕਹਿ ਜ਼ੁਲਮ ਵੇਖੇ-ਸੁਣੇ ਸਨ । ਉਸ ਤੋਂ ਵੀ ਉਨ੍ਹਾਂ ਨੂੰ ਜ਼ਰੂਰ ਠੇਸ ਲੱਗੀ ਹੋਵੇਗੀ । ਜੋ ਵੀ ਹੋਵੇ, ਉਨ੍ਹਾਂ ਵਿਦੇਸ਼ੀ ਹਕੂਮਤ ਦਾ ਖੋਖਲਾਪਨ ਖ਼ੂਬ ਚੰਗੀ ਤਰ੍ਹਾਂ ਵੇਖ ਕੇ, ਇਕ ਪ੍ਰੋਗਰਾਮ ਬਣਾ ਕੇ ਕੰਮ ਆਰੰਭ ਦਿੱਤਾ । ਹੁਣ ਤਕ ਸਿਰਫ਼ ‘ਉਪਦੇਸ਼’ ਹੀ ਹੁੰਦਾ ਸੀ ਪਰ ਹੁਣ ਦੀਕਸ਼ਾ ਅਤੇ ਸੰਗਠਨ ਵੀ ਸ਼ੁਰੂ ਹੋ ਗਿਆ ।

ਉਨ੍ਹਾਂ ਉਸ ਵੇਲੇ ਠੀਕ ਉਹੀ ਨਾਮਿਲਵਰਤਣ ਦਾ ਪ੍ਰਚਾਰ ਸ਼ੁਰੂ ਕੀਤਾ, ਜੋ 1920 ਵਿਚ ਮਹਾਤਮਾ ਗਾਂਧੀ ਨੇ ਕੀਤਾ ਸੀ । ਉਨ੍ਹਾਂ ਦੀ ਨਾਮਿਲਵਰਤਣ ਮਹਾਤਮਾ ਗਾਂਧੀ ਦੇ ਨਾ-ਮਿਲਵਰਤਣ ਤੋਂ ਕਈ ਗੱਲਾਂ ਵਿਚ ਵਧ ਕੇ ਸੀ । ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਬਦੇਸੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ, ਤਾਰ ਅਤੇ ਡਾਕ ਦੇ ਬਾਈਕਾਟ ਦਾ ਵੀ ਪ੍ਰਚਾਰ ਕੀਤਾ । ਉਸ ਵੇਲੇ ਦੇਸ਼ ਇੰਨਾ ਸਾਹ-ਸੱਤ ਹੀਣ ਹੋ ਕੇ ਉਨ੍ਹਾਂ ਚੀਜ਼ਾਂ ’ਤੇ ਇੰਨਾ ਨਿਰਭਰ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ ਵੀ ਨਹੀਂ ਸੀ ਜਾ ਸਕਦੀ । ਇਸ ਤਰ੍ਹਾਂ ਉਨ੍ਹਾਂ ਡਾਕ ਪ੍ਰਬੰਧ ਆਪਣਾ ਇੰਨਾ ਚੰਗਾ ਕਰ ਲਿਆ ਸੀ ਕਿ ਭਾਈ ਪਰਮਾਨੰਦ ਦੇ ਲੇਖ ਅਨੁਸਾਰ ਉਨ੍ਹਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਸ਼ਤਾਬਦੀ ਪਹੁੰਚਦੀ ਸੀ । ਇਨ੍ਹਾਂ ਗੱਲਾਂ ਦੇ ਨਾਲ-ਨਾਲ ਸਾਦਾ ਪਹਿਰਾਵੇ ਅਤੇ ਸਵਦੇਸ਼ੀ ਪੁਸ਼ਾਕ ਪਹਿਨਣ ਦਾ ਬੜੇ ਜ਼ੋਰ ਨਾਲ ਉਪਦੇਸ਼ ਹੁੰਦਾ ਸੀ । ਪ੍ਰਚਾਰ ਦਾ ਕੰਮ ਇੰਨੀ ਦੇਰ ਨਾ ਹੋ ਸਕਿਆ ਤੇ ਬਦੇਸ਼ੀ ਸਰਕਾਰ ਇਸ ’ਤੇ ਕਰੜੀ ਨਜ਼ਰ ਰੱਖਣ ਲੱਗੀ । ਉਸ ਨੂੰ ਇਸ ਪ੍ਰਚੰਡ-ਅੰਦੋਲਨ ਨੂੰ ਨੱਪ ਦੇਣ ਦੀ ਚਿੰਤਾ ਹੋ ਗਈ ।

ਟੀ.ਡੀ. ਫੋਰਸਿਥ, ਜੋ ਸੰਨ 1863 ਵਿਚ ਪੰਜਾਬ ਸਰਕਾਰ ਦੇ ਚੀਫ਼ ਸਕੱਤਰ ਸਨ ਅਤੇ ਬਾਅਦ ਵਿਚ 1872 ਵਿਚ ਕੂਕਾ ਵਿਦਰੋਹ ਸਮੇਂ ਅੰਬਾਲਾ ਡਵੀਜ਼ਨ ਦੇ ਉੱਚੇ ਅਹੁਦੇ ’ਤੇ ਕੰਮ ਕਰਦੇ ਸਨ । ਆਪਣੀ ਆਤਮ-ਕਥਾ ਵਿਚ ਲਿਖਦੇ ਹਨ :

“1863 ਵਿਚ ਹੀ ਮੈਂ ਇਸ ਲਹਿਰ ਦੀ ਤਹਿ ਤਕ ਪਹੁੰਚ ਗਿਆ ਸੀ ਅਤੇ ਸਮਝ ਗਿਆ ਸੀ ਕਿ ਇਹ ਕਿਹੜੇ-ਕਿਹੜੇ ਖ਼ਤਰਨਾਕ ਨਤੀਜੇ ਲਿਆ ਸਕਦੀ ਹੈ । ਇਸ ਲਈ ਮੈਂ ਉਨ੍ਹਾਂ ਦੇ ਪ੍ਰਚਾਰ ’ਤੇ ਬਹੁਤ ਸਾਰੀਆਂ ਪਾਬੰਦੀਆਂ ਲਾ ਦਿੱਤੀਆਂ, ਜਿਸ ਨਾਲ ਉਨ੍ਹਾਂ ਦੇ ਪ੍ਰਚਾਰ ਦੀ ਰਫ਼ਤਾਰ ਕੁਝ ਹੱਦ ਤਕ ਘਟ ਗਈ ।”

ਜਦ ਹਕੂਮਤ ਨੇ ਲੋਕਾਂ ਦਾ ਵੱਡੀ ਗਿਣਤੀ ਵਿਚ ਭੈਣੀ ਆਉਣਾ-ਜਾਣਾ ਅਤੇ ਉਨ੍ਹਾਂ ਦਾ ਉਥੇ ਦੇਰ ਤਕ ਠਹਿਰਨਾ ਵੀ ਬੰਦ ਕਰ ਦਿੱਤਾ ਤਾਂ ਗੁਰੂ ਰਾਮ ਸਿੰਘ ਨੇ ਆਪਣਾ ਕੰਮ ਜਾਰੀ ਰੱਖਣ ਦੀ ਇਕ ਤਦਬੀਰ ਸੋਚੀ । ਸਮੁੱਚੇ ਦੇਸ਼ ਨੂੰ 22 ਹਿੱਸਿਆਂ ਵਿਚ ਵੰਡ ਕੇ 22 ਯੋਗ ਬੰਦੇ ਉਨ੍ਹਾਂ ਦਾ ਸੰਗਠਨ ਕਰਨ ਲਈ ਮੁਕੱਰਰ ਕਰ ਦਿੱਤੇ । ਉਨ੍ਹਾਂ ਨੂੰ ‘ਸੂਬੇ’ ਕਿਹਾ ਜਾਂਦਾ ਸੀ । ਕੰਮ ਬੜੀ ਚੰਗੀ ਤਰ੍ਹਾਂ ਚੱਲਦਾ ਰਿਹਾ । ਸਾਰੇ ਨਾਮਧਾਰੀ ਸਿੱਖ ਆਪਣੀ ਕਮਾਈ ਦਾ ਦਸਵੰਧ ਗੁਰੂ ਜੀ ਦੀ ਭੇਟ ਕਰਦੇ ਸਨ । ਇਹ ਸਭ ਭੈਣੀ ਭੇਜ ਦਿੱਤਾ ਜਾਂਦਾ ਸੀ । ਇਹ ਸਭ ਕੁਝ ਤਾਂ ਹੁੰਦਾ ਹੀ ਸੀ ਅਤੇ ਨਾਲ-ਨਾਲ ਗੁਪਤ-ਰੂਪ ਵਿਚ ਵਿਦਰੋਹ ਦਾ ਪ੍ਰਚਾਰ ਵੀ ਹੁੰਦਾ ਰਿਹਾ । ਬਾਹਰਲਾ ਜੋਸ਼ ਬਹੁਤ ਘੱਟ ਕਰ ਦਿੱਤਾ ਗਿਆ, ਇਥੋਂ

ਤਕ ਕਿ ਸਰਕਾਰ ਦਾ ਸ਼ੱਕ ਕੁਝ ਹੱਦ ਤਕ ਦੂਰ ਹੋ ਗਿਆ ਅਤੇ ਸਾਰੀਆਂ ਪਾਬੰਦੀਆਂ 1869 ਈ. ਵਿਚ ਹਟਾ ਲਈਆਂ ਗਈਆਂ।

ਪਾਬੰਦੀਆਂ ਹਟਣ ਨਾਲ ਹੀ ਲੋਕਾਂ ਦਾ ਜੋਸ਼ ਵਧ ਗਿਆ, ਇੰਨਾ ਕਿ ਸੰਭਾਲਣਾ ਔਖਾ ਹੋ ਗਿਆ। ਇਸ ਨਾਲ 1872 ਵਿਚ ਬੇਮੌਕਾ ਬਗ਼ਾਵਤ ਉੱਠ ਖੜ੍ਹੀ ਹੋਈ, ਜਿਸ ਕਾਰਨ ਸਾਰਾ ਵਿਦਰੋਹ ਕੁਚਲਿਆ ਗਿਆ। ਪਰ ਉਸ ਮੁੱਖ ਘਟਨਾ ਬਾਰੇ ਲਿਖਣ ਤੋਂ ਪਹਿਲਾਂ ਗੁਰੂ ਜੀ ਦੇ ਸ਼ਖ਼ਸੀ ਚਰਿੱਤਰ ਬਾਰੇ ਕੁਝ ਦਿਲਚਸਪ ਗੱਲਾਂ ਦਾ ਜ਼ਿਕਰ ਕਰਨਾ ਗ਼ਲਤ ਨਹੀਂ।

ਗੁਰੂ ਰਾਮ ਸਿੰਘ ਬੜੇ ਪਰਤਾਪੀ ਅਤੇ ਪ੍ਰਭਾਵਸ਼ਾਲੀ ਵਿਅਕਤੀ ਸਨ। ਉਨ੍ਹਾਂ ਦੇ ਅਸਾਧਾਰਣ ਆਤਮਬਲ ਬਾਰੇ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ। ਕਹਿੰਦੇ ਹਨ ਕਿ ਉਹ ਜਿਸ ਦੇ ਕੰਨ ਵਿਚ ਸਿੱਖਿਆ ਦਾ ਮੰਤਰ ਪੜ੍ਹ ਦਿੰਦੇ ਸਨ, ਉਹੀ ਉਨ੍ਹਾਂ ਦਾ ਪਰਮ ਭਗਤ ਅਤੇ ਚੇਲਾ ਹੋ ਜਾਂਦਾ ਸੀ। ਜਦ ਇਹ ਗੱਲ ਪ੍ਰਸਿੱਧ ਹੋਈ ਤਾਂ ਦੋ ਬਦਮਾਸ਼ ਅੰਗਰੇਜ਼ ਉਨ੍ਹਾਂ ਕੋਲ ਉਨ੍ਹਾਂ ਦੀ ਸ਼ਕਤੀ ਦੀ ਪ੍ਰੀਖਿਆ ਲੈਣ ਗਏ। ਉਨ੍ਹਾਂ ਕਿਹਾ, "ਵੇਖਾਂਗੇ ਸਾਡੇ 'ਤੇ ਕੀ ਅਸਰ ਪੈਂਦਾ ਹੈ?" ਪਰ ਸਿੱਖਿਆ ਦੇ ਬਾਅਦ ਉਹ ਉਨ੍ਹਾਂ ਦੇ ਕੱਟੜ ਭਗਤ ਬਣ ਗਏ ਅਤੇ ਇੰਝ ਉਨ੍ਹਾਂ ਦੇ ਸ਼ਖ਼ਸੀ ਦੋਸ਼ ਵੀ ਦੂਰ ਹੋ ਗਏ। ਇਸੇ ਤਰ੍ਹਾਂ ਡਾ. ਗੋਕਲ ਚੰਦ ਨਾਰੰਗ ਇਕ ਲੇਖ ਵਿਚ ਲਿਖਦੇ ਹਨ ਕਿ ਉਨ੍ਹਾਂ ਦੀ ਦਾਦੀ ਦਾ ਭਰਾ ਮਾੜੇ ਚਾਲ-ਚਲਨ ਦਾ ਬੰਦਾ ਸੀ ਅਤੇ ਉਸ ਨੂੰ ਹੁੱਕਾ ਪੀਣ ਦੀ ਆਦਤ ਸੀ। ਸਿਰਫ਼ ਇਕ ਵਾਰ ਹੀ ਗੁਰੂ ਜੀ ਦੇ ਦਰਸ਼ਨਾਂ ਨੇ ਉਨ੍ਹਾਂ ਦਾ ਜੀਵਨ ਇਕਦਮ ਬਦਲ ਦਿੱਤਾ। ਇਸੇ ਤਰ੍ਹਾਂ ਇਕ ਹੋਰ ਆਦਮੀ, ਜਿਸ ਨੇ ਕਦੇ ਕੋਈ ਕਤਲ ਕੀਤਾ ਸੀ, ਗੁਰੂ ਜੀ ਤੋਂ ਸੁਧਰਿਆ। ਫਿਰ ਉਹਨੇ ਆਪਣੇ ਆਪ ਨੂੰ ਕਚਹਿਰੀ ਵਿਚ ਪੇਸ਼ ਕਰ ਦਿੱਤਾ ਅਤੇ ਆਪਣਾ ਜੁਰਮ ਮੰਨ ਲਿਆ। ਜਦ ਜੱਜ ਨੇ ਬੇਹੱਦ ਹੈਰਾਨਗੀ ਨਾਲ ਪੁੱਛਿਆ, "ਤੈਨੂੰ ਤਾਂ ਕੋਈ ਜਾਣਦਾ ਤਕ ਵੀ ਨਹੀਂ ਸੀ ਅਤੇ ਕਤਲ ਬਾਰੇ ਤੇਰੇ 'ਤੇ ਕੋਈ ਸ਼ੱਕ ਵੀ ਨਹੀਂ ਸੀ, ਫਿਰ ਤੂੰ ਅਚਾਨਕ ਜੁਰਮ ਮੰਨ ਕੇ ਮੌਤ ਨੂੰ ਸੱਦਾ ਕਿਉਂ ਦਿੱਤਾ?" ਤਾਂ ਉਸ ਨੇ ਕਿਹਾ, "ਮੇਰੇ ਗੁਰੂ ਜੀ ਦਾ ਇਹੀ ਹੁਕਮ ਆਇਆ ਹੈ।"

ਸਰਕਾਰ ਨੇ ਵੀ ਪਰਖਣਾ ਚਾਹਿਆ। ਇਕ ਸਬ-ਇੰਸਪੈਕਟਰ ਨੂੰ ਭੇਜਿਆ। ਉਹ ਵੀ ਬੜਾ ਖ਼ੁਸ਼ ਸੀ। ਉਸ ਨੂੰ ਆਸ ਸੀ ਕਿ ਸਾਰੇ ਭੇਦ ਖੋਲ੍ਹ ਕੇ ਕੁਝ ਇਨਾਮ ਲਵੇਗਾ। ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਵਾਪਸ ਆ ਗਿਆ। ਆਉਂਦਿਆਂ ਹੀ ਅਸਤੀਫ਼ਾ ਦੇ ਦਿੱਤਾ। ਅਫ਼ਸਰਾਂ ਨੇ ਪੁੱਛਿਆ, "ਅਸਤੀਫ਼ਾ ਕਿਉਂ ਦਿੰਦਾ ਏਂ?" ਉੱਤਰ ਦਿੱਤਾ, "ਗੁਰੂ ਜੀ ਦਾ ਇਹੀ ਹੁਕਮ ਹੈ। ਉਹ ਕਹਿੰਦੇ ਹਨ ਕਿ ਵਿਦੇਸ਼ੀ ਹਾਕਮਾਂ ਦੀ ਨੌਕਰੀ ਬਿਲਕੁਲ ਨਾ ਕਰੋ।"

ਅਜਿਹੀਆਂ ਅਨੇਕ ਵਾਰਦਾਤਾਂ ਹਨ। ਕੁਝ ਵੀ ਹੋਵੇ, ਇੰਨਾ ਤਾਂ ਮੰਨਣਾ ਹੀ ਪਵੇਗਾ ਕਿ ਗੁਰੂ ਜੀ ਰੱਬ ਦੇ ਭਗਤ ਅਤੇ ਉੱਚੇ ਇਖ਼ਲਾਕ ਸਦਕਾ ਇਕ ਮਹਾਨ ਸ਼ਕਤੀਸ਼ਾਲੀ ਮਹਾਂਪੁਰਖ ਸਨ। ਸਰਕਾਰ ਇਹ ਗੱਲ ਵੇਖ ਕੇ ਘਬਰਾਈ ਅਤੇ ਉਸ ਨੂੰ ਸਾਰੇ ਅੰਦੋਲਨ ਨੂੰ ਦਬਾਉਣ ਦੀ ਚਿੰਤਾ ਹੋਣੀ, ਇਹ ਸੁਭਾਵਿਕ ਹੀ ਸੀ।

## ਭਰ-ਬਗ਼ਾਵਤ ਦਾ ਆਰੰਭ

1868-69 ਵਿਚ ਸਾਰੀਆਂ ਪਾਬੰਦੀਆਂ ਹਟਾ ਲਈਆਂ ਗਈਆਂ। ਲੋਕ ਹਜ਼ਾਰਾਂ ਦੀ ਗਿਣਤੀ ਵਿਚ ਭੈਣੀ ਆਉਣ ਲੱਗੇ। ਸੰਨ 1871 ਵਿਚ ਕੁਝ ਕੂਕੇ ਵੀਰ ਅੰਮ੍ਰਿਤਸਰ ਵਿਚ ਦੀ ਗੁਜ਼ਰ ਰਹੇ ਸਨ। ਇਹ ਸੁਣਿਆ ਕਿ ਮੁਸਲਮਾਨ ਬੁੱਚੜ ਅਣਗਿਣਤ ਗਊਆਂ ਨੂੰ ਨਿੱਤ ਹਿੰਦੂਆਂ ਨੂੰ ਚਿੜਾਉਣ ਲਈ ਉਨ੍ਹਾਂ ਦੇ ਸਾਹਮਣੇ ਹੱਤਿਆ ਕਰਦੇ ਹਨ। ਹਿੰਦੂ ਸਮਾਜ ਨੂੰ ਬਹੁਤ ਦੁੱਖ ਹੁੰਦਾ ਹੈ। ਕੱਟੜ ਗਊ ਭਗਤ ਕੂਕੇ ਇਹ ਸਭ ਕੁਝ ਸਹਾਰ ਨਾ ਸਕੇ। ਉਨ੍ਹਾਂ ਬੁੱਚੜਖ਼ਾਨੇ 'ਤੇ ਹਮਲਾ ਕਰ ਦਿੱਤਾ ਅਤੇ ਆਪ ਭੈਣੀ ਵੱਲ ਨੂੰ ਹੋ ਪਏ। ਅੰਮ੍ਰਿਤਸਰ ਦੇ ਸਾਰੇ ਸਰਕਰਦਾ ਹਿੰਦੂ ਗ੍ਰਿਫ਼ਤਾਰ ਕਰ ਲਏ ਗਏ। ਗੁਰੂ ਜੀ ਨੂੰ ਇਹ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਸੀ ਅਤੇ ਉਨ੍ਹਾਂ ਕੂਕਿਆਂ ਨੇ ਜਾ ਸਾਰੀ ਵਿਥਿਆ ਸੁਣਾਈ। ਗੁਰੂ ਜੀ ਨੇ ਆਗਿਆ ਦਿੱਤੀ, "ਜਾਓ ਜਾ ਕੇ ਆਪਣਾ ਜੁਰਮ ਮੰਨ ਲਵੋ ਅਤੇ ਉਨ੍ਹਾਂ ਨਿਰਦੋਸ਼ ਲੋਕਾਂ ਨੂੰ ਆਫ਼ਤ ਤੋਂ ਬਚਾਓ।" ਹੁਕਮ ਦਾ ਪਾਲਣ ਕੀਤਾ ਗਿਆ। ਬੇਦੋਸ਼ੇ ਲੋਕ ਰਿਹਾਅ ਹੋ ਗਏ ਅਤੇ ਇਹ ਵੀਰ ਅਤਿਅੰਤ ਆਨੰਦ ਅਤੇ ਖ਼ੁਸ਼ੀ ਨਾਲ ਫਾਂਸੀ ਚੜ੍ਹ ਗਏ। ਅਜਿਹੀ ਘਟਨਾ ਰਾਏਕੋਟ ਵਿਚ ਵੀ ਹੋਈ, ਉਥੇ ਵੀ ਕਈ ਕੂਕਿਆਂ ਨੂੰ ਫਾਂਸੀ ਦਿੱਤੀ ਗਈ। ਕੁਝ ਹੋਰ ਸਿੱਖਾਂ ਨੇ ਮਹਿਸੂਸ ਕੀਤਾ ਕਿ ਬੇਦੋਸ਼ੇ ਸਾਥੀਆਂ ਨੂੰ ਫਾਂਸੀ ਚੜ੍ਹਾ ਦਿੱਤਾ ਗਿਆ ਹੈ। ਬਦਲੇ ਲਈ ਹਿੰਸਾ ਦੀ ਅਗਨੀ ਪ੍ਰਚੰਡ ਹੋਈ ਪਰ ਕੋਈ ਖ਼ਾਸ ਘਟਨਾ ਨਾ ਵਾਪਰੀ।

13 ਜਨਵਰੀ, 1872 ਨੂੰ ਭੈਣੀ ਵਿਚ ਮਾਘੀ ਦਾ ਮੇਲਾ ਹੋਣਾ ਸੀ। ਲੋਕ ਦੂਰ-ਦੂਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਆਉਣ ਲੱਗੇ। ਇਕ ਕੂਕਾ ਨਾਮਧਾਰੀ ਵੀਰ* ਰਿਆਸਤ ਮਲੇਰਕੋਟਲੇ ਦੇ ਇਸੇ ਨਾਂ ਦੇ ਸ਼ਹਿਰ ਥਾਣੀਂ ਲੰਘ ਰਿਹਾ ਸੀ। ਉਹਨੇ ਇਕ ਮੁਸਲਮਾਨ ਨੂੰ ਵੇਖਿਆ ਜੋ ਕਿ ਬਲਦ 'ਤੇ ਬੈਠਾ, ਬੇਹੱਦ ਭਾਰ ਲੱਦੀ ਉਸ ਨੂੰ ਕੁੱਟੀ ਜਾ ਰਿਹਾ ਸੀ। ਕੂਕੇ ਨੇ ਮੁਸਲਮਾਨ ਨੂੰ ਕਿਹਾ, "ਭਾਈ, ਇੰਨਾ ਜ਼ੁਲਮ ਨਾ ਕਰ। ਭਾਰ ਤਾਂ ਪਹਿਲਾਂ ਹੀ ਬਹੁਤ ਹੈ। ਤੂੰ ਥੱਲੇ ਉਤਰ ਆਏਂ ਤਾਂ ਕੀ ਹਰਜ ਹੈ?" ਪਰ ਜਵਾਬ ਵਿਚ ਝੱਟ ਦੋ-ਚਾਰ ਗਾਲ੍ਹਾਂ ਮਿਲੀਆਂ। ਕੂਕਾ ਕੋਈ ਬੁਜ਼ਦਿਲ ਜਾਂ ਕਾਇਰ ਤਾਂ ਹੈ ਹੀ ਨਹੀਂ ਸੀ। ਇੱਟ ਦਾ ਜਵਾਬ ਪੱਥਰ ਨਾਲ ਦਿੱਤਾ। ਨੌਬਤ ਹੱਥੋ-ਪਾਈ ਤਕ ਆ ਗਈ। ਰਿਆਸਤ ਦੇ ਬਦਦਿਮਾਗ਼ ਕਰਮਚਾਰੀ ਉਸ ਨੂੰ ਫੜ ਕੇ ਕੋਤਵਾਲੀ ਲੈ ਗਏ। ਉਥੇ ਉਸ ਗ਼ਰੀਬ ਨੂੰ ਅਣਗਿਣਤ ਦੁੱਖ, ਤਕਲੀਫ਼ਾਂ ਅਤੇ ਬੇਇੱਜ਼ਤੀ ਸਹਾਰਨੀ ਪਈ। ਬਾਅਦ ਵਿਚ ਉਹਦੀਆਂ ਅੱਖਾਂ ਸਾਹਮਣੇ ਉਹੀ ਬਲਦ ਮਾਰ ਦਿੱਤਾ ਗਿਆ। ਇਹ ਅਸਹਿ ਸੀ। ਰਿਹਾਅ ਹੁੰਦਿਆਂ ਹੀ ਉਹ ਭੈਣੀ ਪਹੁੰਚਿਆ। ਉਸ ਨੇ ਭਰੇ ਦੀਵਾਨ ਵਿਚ ਭਿਆਨਕ ਜ਼ੁਲਮਾਂ ਦੀ

ਵਿਥਿਆ ਸੁਣਾਈ । ਲੋਕ ਤਾਂ ਰਾਏਕੋਟ ਦੀ ਵਾਰਦਾਤ ਤੋਂ ਭੜਕੇ ਹੋਏ ਸਨ । ਬਲਦੀ 'ਤੇ ਤੇਲ ਪਿਆ ਅਤੇ ਮੱਚ ਉਠੀ । ਆਪਣੇ ਬਾਹੂਬਲ ਦੇ ਭਰੋਸੇ ਬਦਲਾ ਲੈਣ ਦਾ ਫ਼ੈਸਲਾ ਹੋ ਗਿਆ । ਜੋਸ਼ ਵਧਦਾ ਵੇਖ ਕੇ ਗੁਰੂ ਜੀ ਕੁਝ ਘਬਰਾਏ । ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ, "ਖਾਲਸਾ ਜੀ ! ਕੀ ਅਨਰਥ ਕਰਨ ਜਾ ਰਹੇ ਹੋ ? ਜ਼ਰਾ ਸ਼ਾਂਤੀ ਅਤੇ ਸਹਿਨਸ਼ੀਲਤਾ ਤੋਂ ਕੰਮ ਲਵੋ । ਜ਼ਰਾ ਸੋਚੋ ਤਾਂ ਸਹੀ, ਇਸ ਸਭ ਕੁਝ ਦਾ ਨਤੀਜਾ ਕੀ ਨਿਕਲੇਗਾ ? ਸਾਰਾ ਬਣਿਆ-ਬਣਾਇਆ ਕੰਮ ਵਿਗੜ ਜਾਵੇਗਾ ।" ਗੁਰੂ ਜੀ ਦੇ ਇਸ ਤਰ੍ਹਾਂ ਮੱਤ ਦੇਣ ਨਾਲ ਕੁਝ ਲੋਕਾਂ ਦਾ ਜੋਸ਼ ਮੱਠਾ ਤਾਂ ਪੈ ਗਿਆ ਪਰ ਹੋਰ ਆਦਮੀ ਪ੍ਰਤੀ ਹਿੰਸਾ ਦੀਆਂ ਸਖ਼ਤ ਮੂਰਤੀਆਂ ਬਣੇ ਬੈਠੇ ਸਨ । ਉਨ੍ਹਾਂ ਦਾ ਜੋਸ਼ ਥੰਮ੍ਹਿਆ ਨਾ ਗਿਆ । ਗੁਰੂ ਜੀ ਨੇ ਲੱਖ ਸਮਝਾਉਣ ਦੀ ਕੋਸ਼ਿਸ਼ ਕੀਤੀ । ਪਰ ਇਕ ਸਾਥੀ ਦੀ ਬੇਇੱਜ਼ਤੀ ਉਹ ਕਿਵੇਂ ਸਹਾਰ ਸਕਦੇ ਸਨ ।

ਇਹ ਬੜੀ ਨਾਜ਼ਕ ਹਾਲਤ ਸੀ । ਕੰਮ ਅਧੂਰਾ ਹੀ ਸੀ ਅਤੇ ਕੋਈ ਤਿਆਰੀ ਵੀ ਨਹੀਂ ਸੀ ਕੀਤੀ ਹੋਈ । ਇਸ ਹਾਲਤ ਵਿਚ ਇਨ੍ਹਾਂ 150 ਉਤੇਜਿਤ ਲੋਕਾਂ ਦਾ ਸਾਥ ਦੇਣ ਨਾਲ ਸਾਰਾ ਅੰਦੋਲਨ ਕੁਚਲੇ ਜਾਣ ਦੀ ਸੰਭਾਵਨਾ ਸੀ । ਕੀ ਕੀਤਾ ਜਾਵੇ ? ਫ਼ਰਜ਼ਸ਼ਿਨਾਸਾਂ ਦੀ ਤਰ੍ਹਾਂ ਸਾਰੇ ਦੇਖ ਰਹੇ ਸਨ, ਦੇਖ ਗੁਰੂ ਜੀ ਵੀ ਰਹੇ ਸਨ । ਕੋਈ ਦੂਜਾ ਆਦਮੀ ਇਹੋ ਜਿਹੇ ਸਮੇਂ ਕੀ ਕਰਦਾ, ਅਥਵਾ ਇਸ ਸਮੇਂ ਲੋਕ ਕੀ ਕਰਨ ਦੀ ਸਲਾਹ ਦੇ ਸਕਦੇ ਸਨ ? ਇਨ੍ਹਾਂ ਗੱਲਾਂ ਦਾ ਸਾਨੂੰ ਪਤਾ ਨਹੀਂ ਅਤੇ ਕੋਈ ਫ਼ਿਕਰ ਵੀ ਨਹੀਂ । ਦੂਰਦਰਸ਼ੀ ਗੁਰੂ ਜੀ ਨੇ ਉਸ ਵੇਲੇ ਇਹੀ ਸੋਚਿਆ ਕਿ ਉਹ ਉਤੇਜਿਤ ਲੋਕ ਤਾਂ ਸ਼ਾਂਤ ਹੋ ਹੀ ਨਹੀਂ ਰਹੇ । ਇਨ੍ਹਾਂ ਦੀ ਮਰਜ਼ੀ ਮੁਤਾਬਿਕ ਹੁਣ ਹੀ ਵਿਦਰੋਹ ਕਰਨ ਦੀ ਅਜੇ ਤਿਆਰੀ ਨਹੀਂ ਕੀਤੀ ਗਈ ਅਤੇ ਅਜੇ ਤਾਂ ਸਾਰਾ ਕੰਮ ਜਥੇਬੰਦ ਵੀ ਨਹੀਂ ਹੋਇਆ । ਇਸ ਵੇਲੇ ਜੇ ਇਹ ਚਲੇ ਜਾਣ ਅਤੇ ਅਸੀਂ ਸਰਕਾਰ ਨੂੰ ਇਹ ਦੱਸ ਦੇਈਏ ਕਿ ਸਾਡਾ ਇਨ੍ਹਾਂ ਨਾਲ ਕੋਈ ਵਾਸਤਾ ਨਹੀਂ ਤਾਂ ਬਾਕੀ ਅੰਦੋਲਨ ਬਚ ਜਾਵੇਗਾ । ਗੱਲ ਤਾਂ ਚੰਗੀ ਲੱਗਦੀ ਹੈ ਪਰ ਸਿਆਸੀ ਦਾਅ-ਪੇਚਾਂ ਦੀ ਅਹਿਮੀਅਤ ਉਨ੍ਹਾਂ ਦੀ ਸਫ਼ਲਤਾ 'ਤੇ ਆਧਾਰਤ ਹੁੰਦੀ ਹੈ । ਗੁਰੂ ਜੀ ਨੇ ਇਹ ਦਾਅ-ਪੇਚ ਵਰਤਿਆ, ਪਰ ਪਾਸਾ ਉਲਟ ਗਿਆ, ਇਹ ਨਿਸਫਲ ਰਿਹਾ । ਇਹੀ ਉਨ੍ਹਾਂ ਦਾ ਸਭ ਤੋਂ ਵੱਡਾ ਅਪਰਾਧ ਸੀ । ਉਨ੍ਹਾਂ ਉਸੇ ਵੇਲੇ ਪੁਲਿਸ ਨੂੰ ਖ਼ਬਰ ਦੇ ਦਿੱਤੀ ਕਿ ਇਹ ਲੋਕ ਭੜਕ ਕੇ, ਉਨ੍ਹਾਂ ਦੀਆਂ ਅਰਜ਼ਾਂ ਅਤੇ ਹੁਕਮਾਂ ਨੂੰ ਨਾ ਮੰਨ ਕੇ, ਝਗੜੇ, ਫ਼ਸਾਦ ਲਈ ਜਾ ਰਹੇ ਹਨ । ਮੈਂ ਹੁਣੇ ਹੀ ਪੁਲਿਸ ਨੂੰ ਖ਼ਬਰ ਦੇ ਕੇ ਖ਼ਬਰਦਾਰ ਕਰ ਦੇਣਾ ਚਾਹੁੰਦਾ ਹਾਂ । ਉਹ ਇਨ੍ਹਾਂ ਨਾਲ ਨਿੱਬੜ ਲੈਣ । ਮੈਂ ਅਨਰਥ ਦਾ ਜ਼ਿੰਮੇਵਾਰ ਨਹੀਂ ਹਾਂ ।

ਲੁਧਿਆਣੇ ਦੇ ਕਾਇਮ-ਮੁਕਾਮ ਡਿਪਟੀ ਕਮਿਸ਼ਨਰ ਮਿ. ਕਾਵਨ ਨੇ ਆਪਣੇ 15 ਜਨਵਰੀ ਦੇ ਖ਼ਤ ਵਿਚ ਅੰਬਾਲਾ ਕਮਿਸ਼ਨਰ ਨੂੰ ਇਸ ਵਾਰਦਾਤ ਦਾ ਵੇਰਵਾ ਇੰਝ ਲਿਖਿਆ—

"ਉਹਨੇ (ਇਕ ਪੁਲਿਸ ਦਾ ਸੂਹੀਆ) ਮੈਨੂੰ ਦੱਸਿਆ ਕਿ ਕੂਕਿਆਂ ਦਾ ਆਗੂ ਰਾਮ ਸਿੰਘ ਆਪਣੇ ਗਲ ਵਿਚ ਸਾਫ਼ਾ ਪਾ ਕੇ ਉਨ੍ਹਾਂ ਬੰਦਿਆਂ ਕੋਲ ਗਿਆ ਅਤੇ ਖਲਬਲੀ ਨਾ ਪਾਉਣ ਲਈ ਪ੍ਰੇਰਿਆ; ਪਰ ਉਨ੍ਹਾਂ ਨੇ ਉਸ ਨੂੰ ਸੁਣਿਆ ਤਕ ਨਾ, ਅਤੇ ਫਿਰ ਰਾਮ ਸਿੰਘ ਡਿਪਟੀ ਇੰਸਪੈਕਟਰ ਕੋਲ ਗਿਆ ਅਤੇ ਉਸ ਨੂੰ ਇਹ ਦੱਸਿਆ ਕਿ ਇਹ ਬੰਦੇ ਸ਼ਰਾਰਤ ਕਰਨ ਲਈ ਤੁਲੇ ਹੋਏ ਹਨ ਅਤੇ ਉਹਦਾ ਉਨ੍ਹਾਂ ਉਤੇ ਕੋਈ ਵੱਸ ਨਹੀਂ ਹੈ ।"

ਪਰ ਇਸ ਵੇਲੇ ਸਰਕਾਰ ਜਾਂ ਪੁਲਿਸ ਜਾਣ-ਬੁੱਝ ਕੇ ਚੁੱਪ ਰਹੀ । ਚੁੱਪਚਾਪ ਉਨ੍ਹਾਂ ਨੂੰ ਅੰਗਰੇਜ਼ ਰਾਜ ਵਿਚੋਂ ਰਿਆਸਤ ਵਿਚ ਘੁੰਮਣ ਦਿੱਤਾ । ਉਸ ਵੇਲੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਿਉਂ ਨਾ ਕਰ ਲਿਆ ਗਿਆ ? ਕੁਝ ਦਿਨਾਂ ਬਾਅਦ ਉਨ੍ਹਾਂ ਦਾ ਜੋਸ਼ ਠੰਡਾ ਹੋ ਹੀ ਜਾਂਦਾ; ਪਰ ਨਹੀਂ, ਸਰਕਾਰ ਤਾਂ ਖ਼ੁਦ ਚਾਹੁੰਦੀ ਸੀ ਕਿ ਉਸ ਨੂੰ ਕੋਈ ਮੌਕਾ ਮਿਲੇ, ਜਿਸ ਨਾਲ ਉਹ ਅੰਦੋਲਨ ਨੂੰ ਕੁਚਲ ਸਕੇ । ਜਿਸ ਵੇਲੇ ਦਿਲ-ਚਾਹਿਆ ਮੌਕਾ ਮਿਲ ਗਿਆ । ਲੋਕ ਤਾਂ ਇਥੋਂ ਤਕ ਕਹਿੰਦੇ ਹਨ ਕਿ ਉਨ੍ਹਾਂ ਨੂੰ ਭੜਕਾਉਣ ਵਿਚ ਵੀ 'ਸਰਕਾਰੀ ਬੰਦਿਆਂ' ਦਾ ਹੱਥ ਸੀ । ਖ਼ੈਰ, ਉਸ ਸੰਬੰਧ ਵਿਚ ਅਸੀਂ ਕੁਝ ਨਾ ਕਹਿ ਸਕੀਏ ਪਰ ਅਸੀਂ ਸਰਕਾਰ 'ਤੇ ਜਾਣ-ਬੁੱਝ ਕੇ ਚੁੱਪ ਰਹਿਣ ਦਾ ਅਪਰਾਧ ਲਾ ਸਕਦੇ ਹਾਂ । ਤੇ ਉਹ 150 ਕੂਕੇ ਵੀਰ ਪਟਿਆਲੇ ਦੀ ਹੱਦ ਨੇੜੇ ਰੱਬੋਂ ਪਿੰਡ ਦੇ ਬਾਹਰਵਾਰ ਜਾ ਠਹਿਰੇ । ਰਾਤ ਉਥੇ ਹੀ ਆਰਾਮ ਕੀਤਾ । ਅਗਲੇ ਦਿਨ ਵੀ ਉਥੇ ਹੀ ਟਿਕੇ ਰਹੇ । ਸ਼ਾਇਦ ਹੋਰ ਸਾਥੀਆਂ ਦੀ ਉਡੀਕ ਵਿਚ ਸਨ ।

14 ਜਨਵਰੀ, 1872 ਨੂੰ ਆਥਣ ਵੇਲੇ ਉਨ੍ਹਾਂ ਕੁਝ ਸਿੱਖ ਸਰਦਾਰਾਂ ਦੇ 'ਮਲੌਦ' ਨਾਂ ਦੇ ਕਿਲ੍ਹੇ 'ਤੇ ਹੱਲਾ ਬੋਲ ਦਿੱਤਾ । ਇਸ ਕਿਲ੍ਹੇ 'ਤੇ ਹਮਲਾ ਕਿਉਂ ਕੀਤਾ ਗਿਆ ? ਇਸ ਸੰਬੰਧ ਵਿਚ 'ਡਿਸਟ੍ਰਿਕਟ ਗ਼ਜ਼ਟੀਅਰ' ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਆਸ ਸੀ ਕਿ ਸਰਦਾਰ ਵਿਦਰੋਹ ਵਿਚ ਉਨ੍ਹਾਂ ਦੀ ਅਗਵਾਈ ਵਿਚ ਹਿੱਸਾ ਲੈਣਗੇ । ਸੰਭਵ ਹੈ, ਪਹਿਲੇ ਵਿਸ਼ਾਲ ਅੰਦੋਲਨ ਵਿਚ ਇਸੇ ਤਰ੍ਹਾਂ ਦੀ ਤਿਆਰੀ ਰਹੀ ਹੋਵੇ ਅਤੇ ਇਸ ਸਮੇਂ ਉਨ੍ਹਾਂ ਨੇ ਕੱਚਾ ਬਲਵਾ ਉਠਦਾ ਵੇਖ ਕੇ ਅਗਵਾਈ ਲੈਣੋਂ ਨਾਂਹ ਕਰ ਦਿੱਤੀ ਹੋਵੇ । ਖ਼ੈਰ, ਕੂਕਿਆਂ ਨੇ ਉਥੇ ਹੱਲਾ ਬੋਲ ਦਿੱਤਾ ਅਤੇ ਕੁਝ ਹਥਿਆਰ, ਕੁਝ ਘੋੜੇ ਇਕ ਤੋਪ ਲੈ ਕੇ ਚਲਦੇ ਬਣੇ । ਉਥੇ ਦੋਹਾਂ ਪਾਸਿਆਂ ਵਲੋਂ ਦੋ-ਦੋ ਬੰਦੇ ਮਰੇ ਅਤੇ ਕੁਝ ਫੱਟੜ ਹੋਏ ।

ਅਗਲੇ ਦਿਨ ਸਵੱਖਤੇ ਸੱਤ ਵਜੇ ਉਹ ਮਲੇਰਕੋਟਲੇ ਪਹੁੰਚ ਗਏ । ਸਰਕਾਰ ਨੇ ਮਲੇਰ-ਕੋਟਲਾ ਅਤੇ ਪਟਿਆਲਾ ਦੋਹਾਂ ਰਿਆਸਤਾਂ ਦੇ ਕੰਨ ਭਰ ਦਿੱਤੇ । ਮਲੇਰਕੋਟਲੇ ਦੀ ਹਿਫ਼ਾਜ਼ਤ ਦੀ ਖ਼ਾਸ ਤਿਆਰੀ ਕੀਤੀ ਗਈ ਸੀ ਪਰ ਇਨ੍ਹਾਂ ਹੌਂਸਲੇ ਵਾਲੇ ਵੀਰਾਂ ਨੇ ਇਸ ਵੇਗ ਨਾਲ ਹਮਲਾ ਕੀਤਾ ਕਿ ਸ਼ਹਿਰ ਤਾਂ ਕੀ, ਮਹਿਲ ਤਕ ਜਾ ਪਹੁੰਚੇ । ਖ਼ਜ਼ਾਨਾ ਲੁੱਟਣ ਦੀ ਕੋਸ਼ਿਸ਼ ਹੋਣ ਲੱਗੀ । ਖ਼ਜ਼ਾਨਾ ਲੁੱਟ ਲਿਆ ਹੁੰਦਾ ਪਰ ਮੰਦੇ ਭਾਗੀਂ ਗ਼ਲਤੀ ਨਾਲ ਇਕ ਹੋਰ ਦਰਵਾਜ਼ਾ ਤੋੜਨ ਵਿਚ ਕਾਫ਼ੀ ਸਮਾਂ ਖ਼ਰਾਬ ਹੋ ਗਿਆ, ਇਥੋਂ ਉਨ੍ਹਾਂ ਨੂੰ ਫ਼ਜ਼ੂਲ ਜਿਹੇ ਕਾਗ਼ਜ਼ਾਂ ਤੋਂ ਬਿਨਾਂ ਹੋਰ ਕੁਝ ਨਾ ਮਿਲਿਆ ਅਤੇ ਛੇਤੀ ਹੀ ਉਥੋਂ ਹਟਣਾ ਪਿਆ । ਅੱਠਾਂ ਨੂੰ ਮਾਰ ਕੇ, 15 ਨੂੰ ਜ਼ਖ਼ਮੀ ਕਰ ਕੇ ਅਤੇ ਘੋੜੇ ਲੈ ਕੇ ਉਥੋਂ ਨਿਕਲ ਪਏ ।

ਉਨ੍ਹਾਂ ਦੇ ਤਿੰਨ ਸਾਥੀ ਜਾਨ ਗਵਾ ਬੈਠੇ ਅਤੇ ਪੰਜ ਫੜੇ ਗਏ ਤੇ ਫੱਟੜ ਹੋ ਗਏ। ਉਨ੍ਹਾਂ ਦੇ ਮਗਰ ਕੋਟਲੇ ਦੇ ਹਥਿਆਰਬੰਦ ਸਿਪਾਹੀ ਵੀ ਨੱਠੇ।

ਇਸ ਤਰ੍ਹਾਂ ਨੱਠਦਿਆਂ-ਨੱਠਦਿਆਂ ਲੜਾਈ ਹੋਈ। ਗੋਲੀਆਂ ਚੱਲੀਆਂ ਅਤੇ ਦੋਹਾਂ ਧਿਰਾਂ ਦੇ ਪਟਿਆਲੇ ਰਿਆਸਤ ਦੇ ਪਿੰਡ ਰੂਰ ਤਕ ਪਹੁੰਚਣ ਤਕ ਕਈ ਕੂਕੇ ਫੱਟੜ ਹੋਏ। ਬਹੁਤੇ ਫੱਟੜ ਕੂਕੇ ਚੁੱਕ ਕੇ ਲੈ ਗਏ।"

ਰੂਰ ਪਿੰਡ ਦੇ ਨੇੜੇ ਦੇ ਜੰਗਲ ਵਿਚ ਉਹ ਲੁਕ ਗਏ। ਸਿਵਪੁਰ ਦੇ ਤਾਇਬ ਨਾਜ਼ਮ ਨੇ ਉਨ੍ਹਾਂ 'ਤੇ ਹਮਲਾ ਕੀਤਾ। ਫਿਰ ਲੜਾਈ ਛਿੜੀ ਪਰ ਕੂਕੇ ਥੱਕੇ-ਟੁੱਟੇ ਸਨ, ਭੁੱਖੇ-ਪਿਆਸੇ ਸਨ ਅਤੇ ਸਨ ਵੀ ਫੱਟੜ, ਬਿਨਾਂ ਦਾਰੂ-ਪੱਟੀ ਦੇ। ਫੜੇ ਜਾਣ ਵਾਲਿਆਂ ਦੀ ਗਿਣਤੀ 68 ਸੀ ਅਤੇ ਜਿਨ੍ਹਾਂ ਵਿਚ 23 ਫੱਟੜ ਹੋ ਚੁੱਕੇ ਸਨ।

ਇਹੀ ਘਟਨਾ 'ਵਿਦਰੋਹ' ਅਖਵਾਉਂਦੀ ਹੈ। ਮਿ. ਕਾਵਨ ਆਪਣੇ ਇਕ ਖ਼ਤ ਵਿਚ ਲਿਖਦਾ ਹੈ—

"ਇੰਝ ਲੱਗਦਾ ਹੈ ਜਿਵੇਂ ਇਹ ਬਗਾਵਤ ਦੀ ਸ਼ੁਰੂਆਤ ਸੀ...।"

ਇਕ ਹੋਰ ਥਾਂ ਲਿਖਦਾ ਹੈ—

"ਮੈਂ ਇਹ ਤਜਵੀਜ਼ ਪੇਸ਼ ਕਰਦਾ ਹਾਂ ਕਿ ਇਕਦਮ ਉਨ੍ਹਾਂ ਨੂੰ ਫਾਹੇ ਲਾ ਦਿੱਤਾ ਜਾਵੇ, ਜਿਹੜੇ ਮਲੌਦ ਅਤੇ ਮਲੇਰਕੋਟਲੇ ਦੇ ਹਮਲਿਆਂ ਵਿਚ ਸ਼ਾਮਲ ਸਨ। ਜਿਹੜੀ ਹੈਸੀਅਤ ਮੇਰੇ ਵਿਚ ਨਹੀਂ; ਉਸ ਨੂੰ ਵਰਤਦਿਆਂ ਮੇਰੇ ਵਿਚ ਵੱਡੀ ਜ਼ਿੰਮੇਵਾਰੀ ਦਾ ਪੂਰਾ-ਪੂਰਾ ਅਹਿਸਾਸ ਹੈ। ਇਹ ਬੰਦੇ ਕੋਈ ਮਾਮੂਲੀ ਮੁਜਰਿਮ ਨਹੀਂ ਹਨ। ਇਹ ਬਾਗ਼ੀ ਹਨ, ਜਿਨ੍ਹਾਂ ਨੂੰ ਫ਼ੌਰੀ ਕੰਮ ਹੈ ਲੁੱਟਮਾਰ ਅਤੇ ਹੁਕਮ-ਅਦੂਲੀ ਕਰਨੀ। ਇਹ ਪੱਕੀ ਗੱਲ ਹੈ ਕਿ ਉਹ ਆਪਣੀਆਂ ਪਹਿਲੀਆਂ ਕੋਸ਼ਿਸ਼ਾਂ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੇ, ਜੇ ਹੁਣ ਘੋੜੇ ਅਤੇ ਖ਼ਜ਼ਾਨੇ ਲੈ ਜਾਣ ਵਿਚ ਕਾਮਯਾਬ ਹੋ ਜਾਂਦੇ ਤਾਂ ਦੇਸ਼ ਦੇ ਸਾਰੇ ਭੈੜੇ ਚਲਣ ਵਾਲੇ ਬੰਦਿਆਂ ਨੇ ਉਨ੍ਹਾਂ ਨਾਲ ਰਲ ਜਾਣਾ ਸੀ ਅਤੇ ਇਨ੍ਹਾਂ ਨੂੰ ਬਿਨਾਂ ਬਾਹਲੀ ਮੁਸ਼ਕਲ ਦੇ ਥੰਮ੍ਹਿਆਂ ਨਹੀਂ ਸੀ ਜਾਣਾ।"

ਇਹ 68 ਬੰਦੇ 17 ਜਨਵਰੀ ਨੂੰ ਮਲੇਰਕੋਟਲੇ ਲਿਆਂਦੇ ਗਏ। ਇਨ੍ਹਾਂ ਵਿਚ ਦੋ ਔਰਤਾਂ ਵੀ ਸਨ। ਇਹ ਪਟਿਆਲਾ ਰਿਆਸਤ ਦੀਆਂ ਰਹਿਣ ਵਾਲੀਆਂ ਸਨ। ਉਨ੍ਹਾਂ ਨੂੰ ਤਾਂ ਰਿਆਸਤ ਦੇ ਸਪੁਰਦ ਕਰ ਦਿੱਤਾ ਗਿਆ ਅਤੇ ਬਾਕੀ 66 ਵਿਚੋਂ ਵਿਚੋਂ ਪੰਜਾਹਾਂ ਨੂੰ ਉਥੇ ਹੀ ਤੋਪ ਨਾਲ ਉਡਾ ਦੇਣ ਦਾ ਨਿਸ਼ਚਾ ਹੋ ਚੁੱਕਾ ਸੀ। ਆਪਣੀ-ਆਪਣੀ ਵਾਰੀ ਨਾਲ ਖੁਸ਼ੀ-ਖੁਸ਼ੀ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦਿਆਂ, ਤੋਪਾਂ ਦੇ ਮੂੰਹਾਂ ਨਾਲ ਬੰਨ੍ਹੇ ਜਾਂਦੇ। ਇਕ ਵਾਰ ਧਮਾਕਾ ਹੁੰਦਾ ਅਤੇ ਉਹ ਕੂਕਾ ਵੀਰ ਇਸ ਸੰਸਾਰ ਤੋਂ ਪਤਾ ਨਹੀਂ ਕਿਧਰ ਚਲਿਆ ਜਾਂਦਾ। ਇਨ੍ਹਾਂ ਪਰਵਾਨਿਆਂ ਨੂੰ ਮੌਤ ਦਾ ਕੋਈ ਡਰ ਨਹੀਂ ਸੀ। ਉਹ ਅਸਾਂ 'ਸਮਝਦਾਰ' ਲੋਕਾਂ ਵਾਂਗ ਮੌਤ ਦੀ ਕਲਪਨਾ ਨਾਲ ਥਰ-ਥਰ ਕੰਬੇ ਨਹੀਂ। ਇਸ ਤਰ੍ਹਾਂ ਦੇ 'ਮੂਰਖ' ਹੋਰ ਕਿੱਥੇ ਕਿੰਨੀ ਗਿਣਤੀ ਵਿਚ ਹੋ ਸਕਦੇ ਹਨ ? ਉਸ ਵੇਲੇ ਸਵਾਰਥ ਲਈ ਮਰਨ ਵਾਲੇ ਲੋਕ ਇਸੇ ਤਰ੍ਹਾਂ ਖੁਸ਼ ਰਹਿ ਸਕਦੇ, ਇਸ ਤਰ੍ਹਾਂ ਹੱਸਦਿਆਂ ਮੌਤ ਨਾਲ ਗਲਵੱਕੜੀ ਪਾਉਂਦੇ, ਇਹ ਅਸੰਭਵ ਲੱਗਦਾ ਹੈ। ਸ੍ਵੈ-ਆਦਰ, ਦੇਸ਼ ਲਈ ਅਤੇ ਆਜ਼ਾਦੀ ਪ੍ਰਾਪਤੀ ਆਦਿ ਪਤਾ ਨਹੀਂ ਕਿਹੜੇ-ਕਿਹੜੇ ਬੁਲੰਦ ਜਜ਼ਬਿਆਂ ਨਾਲ ਮੌਤ-ਵਿਜੇਈ ਬਣ ਸਕੇ ਸਨ ? ਇਸ ਤੋਂ ਅਸੀਂ ਉਨ੍ਹਾਂ ਦੀ ਉਤੇਜਨਾ ਅਤੇ ਜਲਦਬਾਜ਼ੀ ਨੂੰ ਭੁੱਲ ਕੇ ਉਨ੍ਹਾਂ ਦਾ ਪ੍ਰਣ ਸਮਝਣ ਵਿਚ ਸਫਲ ਹੁੰਦੇ ਹਾਂ। ਖ਼ੈਰ, ਇਕ-ਇਕ ਕਰ ਕੇ 49 ਤਾਂ ਤੋਪਾਂ ਨਾਲ ਉਡਾ ਦਿੱਤੇ ਗਏ ਪਰ ਪੰਜਾਹਵੇਂ ਨੇ, ਜੋ ਕਿ ਤੇਰ੍ਹਾਂ ਵਰ੍ਹਿਆਂ ਦਾ ਇਕ ਬਾਲਕ ਸੀ, ਉਥੇ ਝਗੜਾ ਖੜ੍ਹਾ ਕਰ ਦਿੱਤਾ। ਮਿ. ਕਾਵਨ ਇਕ ਖ਼ਤ ਵਿਚ ਲਿਖਦਾ ਹੈ :

"ਮੇਰੀ ਨੀਅਤ ਇਹ ਸੀ ਕਿ ਪੰਜਾਹਾਂ ਨੂੰ ਤਾਂ ਉਡਾ ਦਿੱਤਾ ਜਾਵੇ ਅਤੇ ਬਾਕੀ ਬਚਦੇ ਸੋਲ੍ਹਾਂ ਬਾਗ਼ੀ ਮਲੌਦ ਕੋਲ ਫਾਹੇ ਲਾਉਣ ਲਈ ਘੱਲ ਦਿਆਂ; ਪਰ ਇਕ ਨੇ ਪਹਿਰੇਦਾਰ ਤੋਂ ਬਚ ਕੇ ਮੇਰੇ 'ਤੇ ਖ਼ਤਰਨਾਕ ਹਮਲਾ ਕਰ ਦਿੱਤਾ। ਮੈਨੂੰ ਦਾੜ੍ਹੀ ਤੋਂ ਫੜ ਲਿਆ ਅਤੇ ਗਲ ਘੁੱਟਣ ਦੀ ਕੋਸ਼ਿਸ਼ ਕਰਨ ਲੱਗਾ ਅਤੇ ਜਿਵੇਂ ਕਿ ਉਹ ਬੜਾ ਤਾਕਤਵਰ ਬੰਦਾ ਸੀ, ਮੈਨੂੰ ਆਪਣਾ-ਆਪ ਛੁਡਾਉਣ ਦੀ ਬੜੀ ਮੁਸ਼ਕਲ ਹੋਈ। ਸਿਪਾਹੀਆਂ ਨੇ ਤਲਵਾਰਾਂ ਕੱਢੀਆਂ ਅਤੇ ਉਸ ਨੂੰ ਵੱਢ ਕੇ ਰੱਖ ਦਿੱਤਾ।"

ਇਸੇ ਘਟਨਾ ਦੇ ਸੰਬੰਧ ਵਿਚ ਜੋ ਗੱਲ ਸੁਣੀ ਜਾਂਦੀ ਹੈ, ਉਹ ਇਸ ਤਰ੍ਹਾਂ ਹੈ ਕਿ ਪੰਜਾਹਵਾਂ ਇਕ ਤੇਰ੍ਹਾਂ ਵਰ੍ਹਿਆਂ ਦਾ ਬੱਚਾ ਸੀ। ਉਹਨੂੰ ਵੇਖ ਕੇ ਮਿਸਿਜ਼ ਕਾਵਨ ਨੂੰ 'ਤਰਸ' ਆ ਗਿਆ ਅਤੇ ਆਪਣੇ ਪਤੀ ਨੂੰ ਉਹਨੂੰ ਛੱਡ ਦੇਣ ਲਈ ਕਿਹਾ। ਪਤਨੀ ਦੇ ਕਹਿਣ 'ਤੇ ਮਿ. ਕਾਵਨ ਨੇ ਨਿਉਂ ਕੇ ਉਸ ਬੱਚੇ ਨੂੰ ਕਿਹਾ, "ਪਾਜੀਆ, ਰਾਮ ਸਿੰਘ ਦਾ ਸਾਥ ਛੱਡ ਦੇ ਅਤੇ ਕਹਿ ਦੇ ਕਿ ਮੈਂ ਉਹਦਾ ਚੇਲਾ ਨਹੀਂ ਹਾਂ, ਤੈਨੂੰ ਛੱਡ ਦਿੱਤਾ ਜਾਵੇਗਾ।" ਬਹਾਦਰ ਬਾਲਕ ਆਪਣੇ ਗੁਰੂ ਲਈ ਅਜਿਹੇ ਬੇਇੱਜ਼ਤ ਲਫ਼ਜ਼ ਬਰਦਾਸ਼ਤ ਨਾ ਕਰ ਸਕਿਆ। ਗੁਸੈਲ ਸ਼ੇਰ ਵਾਂਗਣ ਝਪਟਿਆ ਅਤੇ ਮਿ. ਕਾਵਨ ਨੂੰ ਦਾੜ੍ਹੀ ਤੋਂ ਫੜ ਲਿਆ ਅਤੇ ਉਦੋਂ ਤਕ ਨਾ ਛੱਡਿਆ, ਜਦ ਤਕ ਉਹਦੇ ਦੋਵੇਂ ਹੱਥ ਕੱਟ ਨਾ ਦਿੱਤੇ ਗਏ ਅਤੇ ਤਲਵਾਰਾਂ ਨਾਲ ਉਸ ਨੂੰ ਸ਼ਹੀਦ ਨਾ ਕਰ ਦਿੱਤਾ ਗਿਆ। ਇਸ ਤਰ੍ਹਾਂ ਇਸ ਦੁਖਾਂਤ ਦਾ ਇਕ ਹੋਰ ਕਾਂਡ ਖ਼ਤਮ ਹੋ ਗਿਆ।

ਬਿਨਾਂ ਮੁਕੱਦਮਾ ਚਲਾਇਆਂ ਪੰਜਾਹਾਂ ਨੂੰ ਤੋਪ ਨਾਲ ਉਡਾ ਦੇਣਾ ਅਤੇ ਕਤਲੇਆਮ ਕਰਨਾ ਇਕਦਮ ਗ਼ਲਤ ਹੈ। ਮਿ. ਫਾਰਸਿਥ ਅੰਬਾਲਾ ਕਮਿਸ਼ਨਰ ਨੇ ਲਿਖ ਦਿੱਤਾ ਕਿ ਬਿਨਾਂ ਮੁਕੱਦਮਾ ਚਲਾਇਆਂ ਕਿਸੇ ਨੂੰ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ। ਪਰ ਇਸ ਕਾਵਨ ਨੇ ਮਨ-ਆਈ ਕੀਤੀ ਅਤੇ ਜਦੋਂ ਬਾਅਦ ਵਿਚ ਕਾਵਨ 'ਤੇ ਮੁਕੱਦਮਾ ਚੱਲਿਆ ਤਾਂ ਉਸ ਨੇ ਕਮਿਸ਼ਨਰ ਦਾ ਪਿਛਲੇ ਦਿਨ ਦਾ ਖ਼ਤ, ਜਿਸ ਵਿਚ ਉਸ ਨੇ ਉਹਦੀ ਵਡਿਆਈ ਕੀਤੀ ਸੀ, ਪੇਸ਼ ਕੀਤਾ। ਪਰ ਉਸ ਸੰਬੰਧ ਵਿਚ ਮਿ. ਫਾਰਸਿਥ ਦਾ ਕਹਿਣਾ ਹੈ ਕਿ ਮੌਕਾ ਨਾਜ਼ਕ ਜਾਣ, ਇਹ ਉਚਿਤ ਸਮਝਿਆ ਕਿ ਲੋਕਾਂ ਨੂੰ ਰੱਤੀ ਭਰ ਵੀ ਸ਼ੱਕ ਨਾ ਹੋਵੇ ਕਿ ਅਫ਼ਸਰਾਂ ਵਿਚ ਵੀ ਆਪਸ ਵਿਚ ਖਿੱਚੋਤਾਣ ਹੋ ਰਹੀ ਹੈ। ਇੰਝ ਉਸ ਨੇ ਪਿਛਲੇ ਕਾਰੇ ਦੀ

ਪ੍ਰਸ਼ੰਸਾ ਕਰ ਕੇ ਅਤੇ ਕਤਲੇਆਮ ਕਰਨੋਂ ਵਰਜ ਦਿੱਤਾ ਸੀ ਪਰ ਬਾਕੀ ਸੋਲ੍ਹਾਂ ਆਦਮੀਆਂ ਨੂੰ ਵੀ ਤਾਂ ਅਗਲੇ ਦਿਨ ਫਾਂਸੀ ਦੇ ਦਿੱਤੀ ਗਈ।

ਉਨ੍ਹਾਂ ਵੀਰਾਂ ਦੀ ਮੌਤ ਨੇ ਅਫ਼ਸਰਾਂ ਨੂੰ ਵੀ ਪ੍ਰਭਾਵਿਤ ਕਰ ਦਿੱਤਾ ਸੀ। ਮਿ. ਈ. ਪਰਕਿਨਸਨ ਡਿਪਟੀ ਸੁਪ੍ਰਿੰਟੈਂਡੈਂਟ ਪੁਲਿਸ, ਆਪਣੀ 17 ਜਨਵਰੀ ਦੀ ਰਿਪੋਰਟ ਵਿਚ ਦੋ ਆਦਮੀਆਂ ਬਾਰੇ ਲਿਖਦਾ ਹੈ :

"...ਹੀਰਾ ਸਿੰਘ ਅਤੇ ਲਹਿਣਾ ਸਿੰਘ ਦੋਵੇਂ ਆਗੂ ਲੱਗਦੇ ਹਨ ਅਤੇ ਬਣੇ-ਤਣੇ ਅਤੇ ਚੰਗੀ ਪੁਸ਼ਾਕ ਵਿਚ ਸਨ; ਪਰ ਲੱਗਦੇ ਦ੍ਰਿੜ੍ਹ ਇਰਾਦੇ ਵਾਲੇ ਅਤੇ ਬਹਾਦਰ ਸਨ।"

ਇਧਰ ਤਾਂ ਇਹ ਸਭ ਕੁਝ ਹੋ ਰਿਹਾ ਸੀ। ਉਧਰ ਡਿਪਟੀ ਕਮਿਸ਼ਨਰ ਨੇ ਗੁਰੂ ਰਾਮ ਸਿੰਘ ਨੂੰ ਬੁਲਾਇਆ ਅਤੇ ਘਰ ਵਾਪਸ ਭੇਜ ਦਿੱਤਾ ਕਿਉਂਕਿ ਉਹ ਸਮਝਦਾ ਸੀ ਕਿ ਉਹ ਨਿਰਦੋਸ਼ ਹਨ ਕਿਉਂਕਿ ਉਨ੍ਹਾਂ ਭੜਕੇ ਹੋਏ ਕੂਕਿਆਂ ਦੀ ਖ਼ਬਰ ਦੇ ਕੇ ਪੁਲਿਸ ਨੂੰ ਚੌਕੰਨਾ ਕਰ ਦਿੱਤਾ ਸੀ। ਗੁਰੂ ਰਾਮ ਸਿੰਘ ਦੀ ਨਿਰਦੋਸ਼ਤਾ ਬਾਰੇ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਇਹ ਲਿਖਿਆ :

"ਰਾਮ ਸਿੰਘ ਦੇ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਕੋਈ ਖ਼ਾਸ ਅਤੇ ਸਿੱਧਾ ਸਬੂਤ ਨਹੀਂ ਹੈ।"

ਪਰ 17 ਜਨਵਰੀ ਨੂੰ ਕਮਿਸ਼ਨਰ ਦੇ ਹੁਕਮ ਨਾਲ ਘੋੜਸਵਾਰ ਅਤੇ ਦੂਸਰੀ ਪੁਲਿਸ ਨੇ ਕਰਨਲ ਬਾਇਲੀ ਦੀ ਅਗਵਾਈ ਹੇਠ ਭੈਣੀ ਪਿੰਡ ਨੂੰ ਅਚਾਨਕ ਘੇਰਾ ਪਾ ਲਿਆ। ਲੋਕਾਂ ਨੂੰ ਇਹ ਦੇਖ ਕੇ ਬਹੁਤ ਹੈਰਾਨੀ ਹੋਈ ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸਰਕਾਰ ਉਨ੍ਹਾਂ ਨੂੰ ਫੜਨਾ ਚਾਹੁੰਦੀ ਹੈ ਤਾਂ ਉਨ੍ਹਾਂ ਆਪਣੇ-ਆਪ ਨੂੰ ਸ਼ਾਂਤੀ ਨਾਲ ਪੁਲਿਸ ਦੇ ਹਵਾਲੇ ਕਰ ਦਿੱਤਾ। ਉਸ ਵੇਲੇ ਗੁਰੂ ਰਾਮ ਸਿੰਘ ਨਾਲ ਵੱਖ-ਵੱਖ ਚਾਰ ਸੂਬਿਆਂ ਦੇ ਸਾਹਿਬ ਸਿੰਘ, ਜਵਾਹਰ ਸਿੰਘ, ਗੁਰਦਿੱਤ ਸਿੰਘ ਅਤੇ ਨਨੂ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲਾਂ ਤਾਂ ਇਨ੍ਹਾਂ ਨੂੰ ਇਲਾਹਾਬਾਦ ਭੇਜਿਆ ਗਿਆ ਅਤੇ ਬਾਅਦ ਵਿਚ ਰੰਗੂਨ। ਗ੍ਰਿਫ਼ਤਾਰੀ ਰੈਗੂਲੇਸ਼ਨ 1818 ਅਨੁਸਾਰ ਹੋਈ ਸੀ। ਇਥੇ ਹੀ ਗੁਰੂ ਰਾਮ ਸਿੰਘ ਜੀ ਦੀ ਉਹ ਚਾਲ ਉਲਟੀ ਪਈ। ਜੇ ਉਹ ਉਸ ਵੇਲੇ ਬਚੇ ਰਹਿੰਦੇ ਤਾਂ ਜਲਦੀ ਹੀ ਸਾਰੀ ਹਾਲਤ ਸੰਭਲ ਜਾਣੀ ਸੀ।

ਇਧਰ ਜਿਉਂ-ਜਿਉਂ ਸੂਬੇ ਭਰ ਵਿਚ ਬਗ਼ਾਵਤ ਦੀ ਖ਼ਬਰ ਫੈਲਣ ਲੱਗੀ, ਤਿਉਂ-ਤਿਉਂ ਲੋਕ ਭੈਣੀ ਵੱਲ ਨੂੰ ਜਾਣ ਲੱਗੇ। ਸਭਨਾਂ ਲੋਕਾਂ ਦਾ ਖ਼ਿਆਲ ਸੀ ਕਿ ਜਿਸ ਦਿਨ ਦੀ ਉਡੀਕ ਸੀ, ਉਹ ਆ ਗਿਆ। ਪੁਲਿਸ ਵੀ ਚੌਕੰਨੀ ਹੋ ਗਈ ਸੀ, ਜਿਥੇ ਕੋਈ ਕੂਕਾ ਮਿਲਦਾ, ਫੜ ਲਿਆ ਜਾਂਦਾ। ਇੰਜ ਹੀ 172 ਕੂਕਿਆਂ ਦੇ ਇਕ ਜਥੇ ਨਾਲ ਕਰਨਲ ਬਾਇਲੀ ਦੀ ਭੇਟ ਹੋ ਗਈ। ਉਨ੍ਹਾਂ ਵਿਚ ਚਾਰ ਤਾਂ ਵੱਖ-ਵੱਖ ਸਥਾਨਾਂ ਦੇ ਸੂਬੇ ਸਨ : ਸਰਵਸ੍ਰੀ ਬ੍ਰਹਮਾ ਸਿੰਘ, ਕਾਹਨ ਸਿੰਘ, ਪਹਾੜਾ ਸਿੰਘ ਅਤੇ ਹੁਕਮ ਸਿੰਘ, ਝੱਟ ਪਹਿਲਾਂ ਲੁਧਿਆਣੇ ਅਤੇ ਫਿਰ ਗੁਰੂ ਜੀ ਕੋਲ ਇਲਾਹਾਬਾਦ ਭੇਜ ਦਿੱਤੇ ਗਏ ਅਤੇ 120 ਘਰੀਂ ਵਾਪਸ ਕਰ ਦਿੱਤੇ ਅਤੇ ਬਾਕੀ 50...।"

"...ਜਿਨ੍ਹਾਂ ਦਾ ਕੋਈ ਘਰ ਨਹੀਂ, ਅਤੇ ਸਿਰਫ਼ ਦਿਖਾਵੇ ਵਾਲੇ ਗੁਜ਼ਾਰੇ ਜੋਗੇ ਕੰਮ ਕਰਦੇ ਹਨ ਪਰ ਅਸਲ ਵਿਚ ਇਹ ਬਹੁਤ ਖ਼ਤਰਨਾਕ ਜਮਾਤ ਹੈ, ਜਿਨ੍ਹਾਂ ਆਪਣਾ ਸਭ ਕੁਝ ਵੇਚ ਦਿੱਤਾ ਹੈ ਅਤੇ ਆਪਣੇ ਨੇਤਾ ਦੇ ਹੁਕਮ 'ਤੇ ਹਰ ਕੰਮ ਕਰਨ ਲਈ ਤੱਤਪਰ ਹਨ...।" ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ। ਇਸ ਤਰ੍ਹਾਂ ਕੁਝ ਹੀ ਦਿਨਾਂ ਵਿਚ ਸਾਰਾ ਮਾਮਲਾ ਠੱਪ ਹੋ ਗਿਆ।

ਉਸ ਦੇ ਬਾਅਦ :

ਸਭ ਕੁਝ ਹੋ ਚੁੱਕਿਆ। ਨਾਟਕ ਦੀ ਮੁਹਿੰਮ ਖ਼ਤਮ ਹੋ ਚੁੱਕੀ ਅਤੇ ਫਾਰਸਿਥ 'ਤੇ ਕਤਲੇ-ਆਮ (**Summary Execution**) ਕਰਨ ਦਾ ਮੁਕੱਦਮਾ ਚੱਲਿਆ। ਉਨ੍ਹਾਂ ਪੰਜਾਬ ਦੀ ਭੈੜੀ ਹਾਲਤ ਦੀ ਰੋਮਾਂਚਕਾਰੀ ਚਿੱਤਰ ਚਿਤਰਨ ਵਿਚ ਕੋਈ ਕਸਰ ਨਾ ਛੱਡੀ ਅਤੇ ਇਨਾਮ ਲੈਣ ਦੀ ਆਸ ਰੱਖਣ ਲੱਗੇ। ਮਿ. ਕਾਵਨ ਨੂੰ ਅਹੁਦਾ ਤਬਦੀਲ ਕਰ ਕੇ ਇੰਗਲੈਂਡ ਭੇਜ ਦਿੱਤਾ ਗਿਆ ਅਤੇ ਮਿ. ਫਾਰਸਿਥ ਨੂੰ ਉਸੇ ਅਹੁਦੇ 'ਤੇ ਅਵਧ ਤਬਦੀਲ ਕਰ ਦਿੱਤਾ ਗਿਆ। ਪੰਜਾਹਾਂ ਨੂੰ ਤੋਪ ਨਾਲ ਉਡਾਉਣ ਅਤੇ ਸੋਲ੍ਹਾਂ ਨੂੰ ਬਿਨਾਂ ਮੁਕੱਦਮਾ ਚਲਾਏ, ਬਿਨਾਂ ਉਨ੍ਹਾਂ ਦੀ ਸਫ਼ਾਈ ਦੇਣ ਦਾ ਮੌਕਾ ਦਿੱਤੇ, ਫਾਂਸੀ ਦੀ ਸਜ਼ਾ ਹੋਈ। ਸਰ ਹੈਨਰੀ ਕਾਟਕ ਦੇ ਸ਼ਬਦਾਂ ਵਿਚ ਤਾਂ ਇਹ ਸਜ਼ਾ ਇਕਦਮ ਨਾ-ਕਾਫ਼ੀ ਸੀ ਪਰ ਐਂਗਲੋ-ਇੰਡੀਅਨ ਅਖ਼ਬਾਰਾਂ ਵਿਚ ਇੰਨੀ ਸਜ਼ਾ ਦੇਣ 'ਤੇ ਬਹੁਤ ਚਰਚਾ ਹੋਇਆ।

ਬਾਕੀ ਕੂਕਿਆਂ 'ਤੇ ਬਹੁਤ ਜ਼ੁਲਮ ਹੋਣ ਲੱਗੇ। ਗੁਰੂ ਰਾਮ ਸਿੰਘ ਦੇ ਬਾਅਦ ਸ੍ਰੀ ਹਰੀ ਸਿੰਘ ਗੁਰੂ ਬਣੇ। ਉਨ੍ਹਾਂ ਨੂੰ ਭੈਣੀ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰਦੁਆਰੇ ਬਾਹਰ ਪੁਲਿਸ ਦੀ ਚੌਕੀ ਬਿਠਾ ਦਿੱਤੀ ਗਈ। ਛੇ ਸਾਲ ਤਾਂ ਭੈਣੀ ਦੀ ਹਾਲਤ ਇੰਝ ਰਹੀ, ਜਿਵੇਂ ਦੁਸ਼ਮਣ ਨੇ ਘੇਰਾ ਪਾਇਆ ਹੋਵੇ। ਨਾ ਕੋਈ ਅੰਦਰੋਂ ਬਾਹਰ ਜਾ ਸਕੇ, ਨਾ ਬਾਹਰੋਂ ਅੰਦਰ। ਹੌਲੀ-ਹੌਲੀ ਆਉਣ-ਜਾਣ ਖੁੱਲ੍ਹਿਆ। ਉਸ ਵੇਲੇ ਵੀ ਸ੍ਰੀ ਹਰੀ ਸਿੰਘ ਬਾਹਰ ਨਹੀਂ ਸਨ ਜਾ ਸਕਦੇ। ਬਾਵਜੂਦ ਆਉਣ-ਜਾਣ ਦੀ ਖੁੱਲ੍ਹ ਦੇ, ਯਾਤਰੂਆਂ ਨੂੰ ਬਹੁਤ ਤੰਗ ਕੀਤਾ ਜਾਂਦਾ : ਮਸ਼ਕਾਂ ਕੱਸ ਕੇ ਧੁੱਪੇ ਸੁੱਟਿਆ ਜਾਂਦਾ ਅਤੇ ਘੰਟਿਆਂ-ਬੱਧੀ ਝੁਲਸਦੇ ਰਹਿੰਦੇ। ਮੰਜੇ ਹੇਠਾਂ ਹੱਥ ਦਬਾ ਕੇ ਕਈ ਜਣੇ ਮੰਜੇ ਉੱਪਰ ਬੈਠ ਜਾਂਦੇ। ਉਨ੍ਹਾਂ 'ਤੇ ਹੁੱਕੇ ਦਾ ਗੰਦਾ ਪਾਣੀ ਡੋਲ੍ਹਿਆ ਜਾਂਦਾ। ਇਹ ਸਭ ਜ਼ੁਲਮ ਕਰਨ ਵਾਲੇ ਇਸੇ ਦੇਸ਼ ਦੇ ਨਿਵਾਸੀ ਹੁੰਦੇ ਸਨ ਅਤੇ ਉਨ੍ਹਾਂ ਤਸੀਹਿਆਂ ਨੂੰ ਚੁੱਪ ਕਰ ਕੇ ਜਰਨ ਵਾਲੇ ਵੀ ਇਸ ਦੇਸ਼ ਦੇ ਅਭਾਗੇ ਨਿਵਾਸੀ। ਅਤੇ ਹੁਣ ਤਾਂ ਇਹ ਨਿਰਾ ਧਾਰਮਿਕ ਫ਼ਿਰਕਾ ਰਹਿ ਗਿਆ ਸੀ ਪਰ ਪੰਜਾਬ ਦੇ ਸੂਬੇ ਦਾ ਇਤਿਹਾਸ ਬੜਾ ਰੋਮਾਂਚਕਾਰੀ ਹੈ। ਸਮਾਜ ਦਾ **Out Law** ਹੋਇਆ ਤਾਂ ਪੰਜਾਬ ਵਿਚ ਕਿਸੇ ਫ਼ਿਰਕੇ ਦੇ ਸਾਰੇ ਦੇ ਸਾਰੇ ਲੋਕ ਜ਼ੁਲਮਾਂ ਦਾ ਸ਼ਿਕਾਰ ਹੋਏ ਤਾਂ ਪੰਜਾਬ ਵਿਚ ਅਤੇ ਫੇਰ ਹਜ਼ਾਰਾਂ ਦਾ ਸਾਰੇ ਦਾ ਸਾਰਾ ਅੰਦੋਲਨ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਗਿਆ ਤਾਂ ਉਹ ਵੀ ਪੰਜਾਬ ਵਿਚ।

ਇਸ ਵੇਰ ਵੀ ਇੰਝ ਹੀ ਹੋਇਆ । ਹਰ ਇਕ ਕੂਕਾ ਆਪਣੇ ਘਰ ਵਿਚ ਨਜ਼ਰਬੰਦ ਸੀ । ਬਿਨਾਂ ਪੁਲਿਸ ਦੀ ਇਜਾਜ਼ਤ ਦੇ ਕਿਤੇ ਬਾਹਰ ਨਹੀਂ ਸੀ ਜਾ ਸਕਦਾ । ਇਹ ਹਾਲਤ ਬਹੁਤ ਦਿਨਾਂ ਤਕ ਚਲਦੀ ਰਹੀ ਅਤੇ ਬੰਦਸ਼ਾਂ ਤਾਂ ਹੁਣ 1920 ਵਿਚ ਆ ਕੇ ਅਸਹਿਯੋਗ ਦੇ ਦਿਨਾਂ ਵਿਚ ਹਟਾਈਆਂ ਗਈਆਂ ।

ਗੁਰੂ ਰਾਮ ਸਿੰਘ ਬਰਮਾ ਵਿਚ ਹੀ ਨਜ਼ਰਬੰਦ ਰਹੇ । ਉਥੇ 'ਗ਼ਜ਼ਟੀਅਰ' ਨੇ ਲਿਖਿਆ ਹੈ, "ਅੰਤ ਵਿਚ ਉਹ ਬਰਮਾ ਵਿਚ 1885 ਨੂੰ ਪੂਰੇ ਹੋ ਗਏ ।" ਪਰ 1920 ਵਿਚ ਉਥੋਂ ਦੇ ਨਿਵਾਸੀ ਸ੍ਰੀ ਆਲਮ ਸਿੰਘ ਇੰਜੀਨੀਅਰ ਨੇ ਇਕ ਲੇਖ ਵਿਚ ਉਪ੍ਰੋਕਤ ਗੱਲ ਦਾ ਖੰਡਨ ਕੀਤਾ ਸੀ । ਉਨ੍ਹਾਂ ਲਿਖਿਆ ਸੀ ਕਿ ਦੋ ਹੋਰ ਸਾਥੀਆਂ ਸਮੇਤ Lower Burma ਦੇ ਕਿਸੇ ਬੰਦਰਗਾਹ ਤੋਂ ਲਾਸਟ ਟਾਪੂ ਵੱਲ ਜਾ ਰਹੇ ਸਨ । ਉਸ ਬੰਦਰਗਾਹ ਦਾ ਨਾਂ ਮੋਲਮੀਨ ਸੀ । ਉਥੇ ਇਕ ਦਿਨ ਵੱਡੇ ਤੇਜਸਵੀ ਵਿਅਕਤੀ ਨੂੰ ਪੁਲਿਸ ਦੀ ਨਿਗਰਾਨੀ ਵਿਚ ਸੈਰ ਕਰਦਿਆਂ ਵੇਖ ਕੇ ਉਨ੍ਹਾਂ ਬਾਰੇ ਪੁੱਛਗਿੱਛ ਕਰਨ 'ਤੇ ਪਤਾ ਚੱਲਿਆ ਕਿ ਇਹ ਪੰਜਾਬ ਦਾ ਰਾਜਾ ਹੈ । ਉਹ ਸਮਝੇ ਸ਼ਾਇਦ ਮਹਾਰਾਜਾ ਦਲੀਪ ਸਿੰਘ ਹੋਣ । ਪਰ ਬਾਅਦ ਵਿਚ ਪਤਾ ਲੱਗਿਆ ਕਿ ਉਹ ਕੂਕਾ ਰਾਮ ਸਿੰਘ ਜੀ ਹਨ । ਉਸ ਸਮੇਂ ਉਨ੍ਹਾਂ ਨਾਲ ਸੂਬੇਦਾਰ ਲੱਖਾ ਸਿੰਘ ਵੀ ਸੀ । ਉਨ੍ਹਾਂ ਨੂੰ ਮਿਲਣ ਪੁਰ ਖ਼ੂਬ ਗੱਲਬਾਤ ਹੋਈ ਅਤੇ ਮਾਲੂਮ ਹੋਇਆ ਕਿ ਉਨ੍ਹਾਂ ਨੂੰ ਪੰਜ ਮੀਲ ਤਕ ਬਾਹਰ ਸੈਰ ਕਰਨ ਦੀ ਆਗਿਆ ਹੈ । ਸਰਕਾਰ ਨੇ ਇਸ ਲੇਖ ਦਾ ਕਦੇ ਨੋਟਿਸ ਨਹੀਂ ਲਿਆ । ਜੋ ਵੀ ਹੋਵੇ, ਮਾਲੂਮ ਇਸ ਤਰ੍ਹਾਂ ਹੀ ਹੁੰਦਾ ਹੈ ਕਿ ਗੁਰੂ ਜੀ ਇਸ ਸੰਸਾਰ ਵਿਚ ਨਹੀਂ ਹਨ । ਖ਼ੈਰ !

ਅੱਜ ਵੀ ਪੰਜਾਬੀ ਕੂਕਾ ਸੰਪਰਦਾ ਹੈ । ਉਨ੍ਹਾਂ ਵਿਚ ਈਸ਼ਵਰ-ਭਗਤੀ ਹਾਲੇ ਤਕ ਪ੍ਰਧਾਨ ਹੈ । ਬਹੁਤ ਤੜਕਸਾਰ ਉਠ ਕੇ ਕੇਸੀ ਇਸ਼ਨਾਨ ਕਰ ਕੇ ਘੰਟਿਆਂ-ਬੱਧੀ ਰੱਬੀ-ਭਜਨ ਵਿਚ ਲੀਨ ਰਹਿਣਾ ਉਨ੍ਹਾਂ ਦਾ ਪਿਆਰਾ ਨਿੱਤ-ਨੇਮ ਹੈ । ਮਾਸ, ਸ਼ਰਾਬ ਆਦਿ ਚੀਜ਼ਾਂ ਦੀ ਵਰਤੋਂ ਦੇ ਕੱਟੜ ਵਿਰੋਧੀ ਹਨ । ਇਕ ਪੱਗ, ਲੰਮਾ ਕੁੜਤਾ ਅਤੇ ਇਕ ਕੱਛ, ਇਹ ਉਨ੍ਹਾਂ ਦਾ ਪਹਿਰਾਵਾ ਹੈ । ਇਕ ਕੰਬਲ ਅਤੇ ਕਰਮੰਡਲ ਅਤੇ ਇਕ ਟਕੂਆ, ਜਿਸ ਨੂੰ ਉਹ 'ਸਫ਼ਾਜੰਗ' ਕਹਿੰਦੇ ਹਨ, ਇਹ ਉਨ੍ਹਾਂ ਦਾ ਸਾਮਾਨ ਹੈ । ਗਲ ਵਿਚ ਉਨ ਦੀ ਬਣੀ ਇਕ ਸੁਹਣੀ ਮਾਲਾ ਹੁੰਦੀ ਹੈ । ਇਹ ਇਕ ਖ਼ਾਸ ਮਸਤਾਨਾ ਦਲ ਹੁੰਦਾ ਹੈ । ਉਹ ਸ਼ਬਦ-ਕੀਰਤਨ ਕਰਦਿਆਂ ਇਕਦਮ ਸੁੱਧ-ਬੁੱਧ ਭੁੱਲ ਜਾਂਦੇ ਹਨ । ਇਨ੍ਹਾਂ ਦੇ ਕੀਰਤਨ ਨਾਲ ਹਰ ਵਿਅਕਤੀ ਪ੍ਰਫੁੱਲਤ ਅਤੇ ਰੋਮਾਂਚਿਤ ਜਿਹਾ ਹੋ ਜਾਂਦਾ ਹੈ । ਖ਼ੂਨ ਖੌਲਣ ਲੱਗਦਾ ਹੈ । ਅੱਖਾਂ ਵਿਚ ਪ੍ਰੇਮ ਅਤੇ ਭਗਤੀ ਦੇ ਹੰਝੂ ਆ ਜਾਂਦੇ ਹਨ ।

ਗਿਆਰ੍ਹਵੇਂ ਅਤੇ ਬਾਰ੍ਹਵੇਂ ਗੁਰੂ ਵਿਚ ਵਿਸ਼ਵਾਸ ਰੱਖਣ ਕਾਰਨ ਅਤੇ ਮਾਸ-ਸ਼ਰਾਬ ਦੇ ਕੱਟੜ ਵਿਰੋਧੀ ਹੋਣ ਕਾਰਨ ਉਹ ਬਾਕੀ ਸਿੱਖ ਸਮਾਜ ਤੋਂ ਅਲੱਗ ਹਨ । ਇਨ੍ਹਾਂ ਵਿਚ ਸਮਾਨਤਾ ਦਾ ਭਾਵ ਪ੍ਰਬਲ ਹੁੰਦਾ ਹੈ । ਹੋਲੀ ਆਦਿ ਦੇ ਅਵਸਰਾਂ 'ਤੇ ਉਨ੍ਹਾਂ ਦੇ ਖ਼ਾਸ ਤਿਉਹਾਰ ਹੁੰਦੇ ਹਨ, ਜਿਥੇ ਕਿ ਖ਼ੂਬ ਹੋਮ-ਜੱਗ ਹੁੰਦਾ ਹੈ । ਬਾਕੀ ਸਿੱਖ ਇਸ ਦੇ ਵਿਰੋਧੀ ਹਨ, ਕੂਕੇ ਆਪਣੇ ਆਪ ਨੂੰ ਹਿੰਦੂ ਮੰਨਦੇ ਹਨ; ਬਾਕੀ ਸਿੱਖ ਨਹੀਂ । ਪਿਛਲੇ ਅਕਾਲੀ ਮੋਰਚੇ ਦੇ ਦਿਨਾਂ ਵਿਚ ਉਨ੍ਹਾਂ ਅਕਾਲੀਆਂ ਦੀ ਵਿਰੋਧਤਾ ਕੀਤੀ ਸੀ, ਜਿਸ ਨਾਲ ਉਨ੍ਹਾਂ ਦੀ ਸਥਿਤੀ ਕੁਝ ਖ਼ਰਾਬ ਹੋ ਗਈ । ਫਿਰ ਵੀ ਉਹ ਆਪਣੇ ਢੰਗ ਦੇ ਨਿਰਾਲੇ ਲੋਕ ਹਨ । ਉਨ੍ਹਾਂ ਨੂੰ ਦੇਖ ਕੇ ਉਸ ਅੱਧਖਿੜੇ ਫੁੱਲ ਦੀ ਯਾਦ ਆ ਜਾਂਦੀ ਹੈ ਜੋ ਖਿੜਦਿਆਂ ਹੀ ਮਸਲ ਦਿੱਤਾ ਗਿਆ ਹੋਵੇ । ਗੁਰੂ ਰਾਮ ਸਿੰਘ ਜੀ ਦੀਆਂ ਹਸਰਤਾਂ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ ਸਨ । ਉਨ੍ਹਾਂ ਦੇ ਬਾਕੀ ਸਾਰੇ ਚੇਲਿਆਂ ਦਾ ਬਲੀਦਾਨ ਵੀ ਭੁੱਲ ਗਿਆ । ਉਨ੍ਹਾਂ ਅਨਜਾਣੇ ਲੋਕਾਂ ਦੇ ਬਲੀਦਾਨਾਂ ਦਾ ਕੀ ਸਿੱਟਾ ਨਿਕਲਿਆ, ਸੋ ਰੱਬ ਈ ਜਾਣੇ ! ਪਰ ਅਸੀਂ ਉਨ੍ਹਾਂ ਦੀ ਸਫ਼ਲਤਾ ਬਲੀਦਾਨ ਦੀ ਯਾਦ ਵਿਚ ਨਮਸਕਾਰ ਕਰਦੇ ਹਾਂ ।

## ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦਾ ਪਹਿਲਾ ਉਭਾਰ

*(ਸ਼ਹੀਦ ਭਗਤ ਸਿੰਘ ਨੇ ਜੇਲ੍ਹ ਵਿਚ ਬਹੁਤ ਕੁਝ ਲਿਖਿਆ । ਉਨ੍ਹਾਂ ਵਿਚ ਪੰਜਾਬ ਦੀ ਰਾਜਨੀਤਕ ਜਾਗ੍ਰਿਤੀ ਦਾ ਅਹਿਸਾਸ ਸੀ । ਜਿਸ ਦਾ ਹੇਠ ਲਿਖਿਆ ਹਿੱਸਾ 1931 ਵਿਚ ਲਾਹੌਰ ਦੇ ਰੋਜ਼ਾਨਾ ਅਖ਼ਬਾਰ 'ਪੀਪਲਜ਼' ਅਤੇ 'ਬੰਦੇ ਮਾਤਰਮ' ਵਿਚ ਲੜੀਵਾਰ ਛਪਿਆ ਸੀ । ਇਹ ਉਰਦੂ ਅਨੁਵਾਦ ਦਾ ਪੰਜਾਬੀ ਰੂਪ ਹੈ—ਸੰਪਾਦਕ)*

ਪੰਜਾਬ ਦੇ ਭੂਤਪੂਰਵ ਗਵਰਨਰ ਸਰ ਮਾਈਕਲ ਓਡਵਾਇਰ ਨੇ ਆਪਣੀ ਪੁਸਤਕ 'India as I saw' (ਭਾਰਤ ਵਿਚ ਜਿਵੇਂ ਮੈਂ ਡਿੱਠਾ) ਵਿਚ ਇਕ ਕੌੜੀ ਤੇ ਝੂਠੀ ਪਰ ਨਾਲ ਹੀ ਅਤਿਅੰਤ ਮਹੱਤਵਪੂਰਨ ਸੱਚਾਈ ਨੂੰ ਪ੍ਰਗਟ ਕੀਤਾ ਹੈ । ਜਦਕਿ ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਰਾਜਨੀਤਿਕ ਹਲਚਲਾਂ ਵਿਚ ਸਭ ਤੋਂ ਪਿੱਛੇ ਹੈ । ਪੰਜਾਬ ਦੇ ਰਾਜਨੀਤਿਕ ਅੰਦੋਲਨਾਂ ਦਾ, ਜਿਨ੍ਹਾਂ ਨੂੰ ਥੋੜ੍ਹਾ-ਬਹੁਤ ਗਿਆਨ ਹੈ, ਉਹ ਇਸ ਸੱਚਾਈ ਨੂੰ ਭਲੀ ਪ੍ਰਕਾਰ ਸਮਝ ਸਕਦੇ ਹਨ ।

ਅੱਜ ਤਕ ਦਾ ਇਤਿਹਾਸ ਫੋਲੀਏ ਤਾਂ ਪਤਾ ਚੱਲਦਾ ਹੈ ਕਿ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਇਸ ਸੂਬੇ ਨੇ ਹੀ ਕੀਤੀਆਂ ਹਨ । ਇਸ ਲਈ ਬੜੀਆਂ-ਬੜੀਆਂ ਮੁਸੀਬਤਾਂ ਇਸ ਸੂਬੇ ਦੀ ਜਨਤਾ ਨੂੰ ਸਹਿਣ ਕਰਨੀਆਂ ਪਈਆਂ ਹਨ । ਰਾਜਨੀਤਿਕ, ਧਾਰਮਿਕ ਆਦਿ ਅੰਦੋਲਨਾਂ ਵਿਚ ਪੰਜਾਬ ਭਾਰਤ ਦੇ ਦੂਸਰੇ ਸੂਬਿਆਂ ਨਾਲੋਂ ਅੱਗੇ ਰਿਹਾ ਹੈ ਅਤੇ ਦੇਸ਼ ਲਈ ਜਾਨ ਅਤੇ ਮਾਲ ਦੀ ਕੁਰਬਾਨੀ ਸਭ ਤੋਂ ਵੱਧ ਇਸ ਸੂਬੇ ਦੇ ਲੋਕਾਂ ਨੇ ਕੀਤੀ ਹੈ । ਪਰ ਫਿਰ ਵੀ ਸਾਨੂੰ ਸਿਰ ਝੁਕਾ ਕੇ ਇਹ ਮੰਨਣਾ ਪੈਂਦਾ ਹੈ ਕਿ ਰਾਜਨੀਤਿਕ ਖੇਤਰ ਵਿਚ ਪੰਜਾਬ ਸਭ ਤੋਂ ਪਿੱਛੇ ਹੈ ।

ਇਸ ਦਾ ਕਾਰਨ ਸਿਰਫ਼ ਇਹ ਹੈ ਕਿ ਰਾਜਨੀਤਿਕ ਅੰਦੋਲਨ ਇਥੋਂ ਦੀ ਜਨਤਾ ਦੇ ਵਿਅਕਤੀਗਤ ਜੀਵਨ ਦਾ ਇਕ ਜ਼ਰੂਰੀ ਅੰਗ ਨਹੀਂ ਬਣ ਸਕਿਆ । ਸਾਹਿਤਕ ਖੇਤਰ ਵਿਚ ਵੀ ਇਸ ਸੂਬੇ ਨੇ ਕੋਈ ਵਰਣਨਯੋਗ ਥਾਂ ਹਾਸਲ ਨਹੀਂ ਕੀਤੀ । ਬੁੱਧੀਜੀਵੀ ਵਰਗ ਲਈ ਉਸ ਸਮੇਂ ਤਕ (ਓਡਵਾਇਰ ਦੀ ਪੁਸਤਕ ਲਿਖਣ ਤਕ) ਦੇਸ਼ ਦੀ ਆਜ਼ਾਦੀ ਦਾ

ਸਵਾਲ ਸਭ ਤੋਂ ਜ਼ਰੂਰੀ ਅਤੇ ਮਹੱਤਵਪੂਰਨ ਨਹੀਂ ਬਣਿਆ ਸੀ । ਇਸੇ ਲਈ ਆਮ ਕਰ ਕੇ ਕਿਹਾ ਜਾਂਦਾ ਹੈ ਕਿ ਇਹ ਸੂਬਾ ਬਹੁਤ ਪਿੱਛੇ ਹੈ । ਭਾਰਤ ਵਿਚ ਹੋਰ ਵੀ ਬਹੁਤ ਸਾਰੇ ਸੂਬੇ ਹਨ ਜੋ ਪੰਜਾਬ ਤੋਂ ਬਹੁਤ ਪਿੱਛੇ ਹਨ । ਪਰ ਦੁੱਖ ਦੀ ਗੱਲ ਹੈ ਕਿ ਇਹ ਬਦਕਿਸਮਤ ਸੂਬਾ ਅਜਿਹੇ ਦੂਸ਼ਣ ਸਹਿ ਕੇ ਵੀ ਪਿੱਛੇ ਹੀ ਹੈ ।

ਪੰਜਾਬ ਦੀ ਕੋਈ ਵਿਸ਼ੇਸ਼ ਆਪਣੀ ਭਾਸ਼ਾ ਨਹੀਂ । ਭਾਸ਼ਾ ਨਾ ਹੋਣ ਦੇ ਕਾਰਨ ਸਾਹਿਤਕ ਖੇਤਰ ਵਿਚ ਕੋਈ ਤਰੱਕੀ ਨਹੀਂ ਹੋ ਸਕੀ । ਪੜ੍ਹੇ-ਲਿਖੇ ਲੋਕਾਂ ਨੂੰ ਪੱਛਮੀ ਸਾਹਿਤ 'ਤੇ ਹੀ ਨਿਰਭਰ ਰਹਿਣਾ ਪਿਆ । ਇਸ ਦਾ ਦੁੱਖਦਾਈ ਸਿੱਟਾ ਇਹ ਹੋਇਆ ਕਿ ਪੰਜਾਬ ਦਾ ਪੜ੍ਹਿਆ-ਲਿਖਿਆ ਵਰਗ ਆਪਣੇ ਸੂਬੇ ਦੀਆਂ ਰਾਜਨੀਤਿਕ ਹਲਚਲਾਂ ਤੋਂ ਅਲੱਗ ਜਿਹਾ ਹੀ ਰਿਹਾ ਹੈ । ਇਸੇ ਕਰ ਕੇ ਪੰਜਾਬ ਵਿਚ ਅਜਿਹੇ ਵਰਕਰ ਗਿਣੇ-ਮਿਥੇ ਹੀ ਹਨ ਜੋ ਆਪਣਾ ਪੂਰਾ ਜੀਵਨ ਰਾਜਨੀਤੀ ਨੂੰ ਹੀ ਦੇ ਸਕਦੇ ਹਨ । ਇਸੇ ਆਧਾਰ 'ਤੇ ਇਸ ਸੂਬੇ 'ਤੇ ਅਜਿਹੇ ਦੋਸ਼ ਲਾਏ ਜਾਂਦੇ ਹਨ । ਆਪਣੇ ਸੂਬੇ ਦੀ ਇਕ ਘਾਟ ਵੱਲ ਸੂਬੇ ਦੇ ਨੇਤਾਵਾਂ ਅਤੇ ਪੁਰਸ਼ ਸਮਾਜ ਦਾ ਧਿਆਨ ਖਿੱਚਣਾ ਹੀ ਇਨ੍ਹਾਂ ਲੇਖਾਂ ਦਾ ਉਦੇਸ਼ ਹੈ ।

ਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਹੋਏ ਕੂਕਾ ਵਿਦਰੋਹ ਤੋਂ ਲੈ ਕੇ ਅੱਜ ਤਕ ਜੋ ਅੰਦੋਲਨ ਚੱਲੇ ਅਤੇ ਜਿਸ ਪ੍ਰਕਾਰ ਜਨਤਾ ਵਿਚ ਇਹ ਸੂਝ ਆਈ ਹੈ ਕਿ ਉਹ ਸੁਤੰਤਰਤਾ ਦੀ ਬਲੀ ਵੇਦੀ 'ਤੇ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਏ ਅਤੇ ਜਿਨ੍ਹਾਂ ਵਿਅਕਤੀਆਂ ਨੇ ਪ੍ਰਾਣਾਂ ਦਾ ਬਲੀਦਾਨ ਦਿੱਤਾ ਉਨ੍ਹਾਂ ਦਾ ਜੀਵਨ, ਚਰਿੱਤਰ ਅਤੇ ਇਤਿਹਾਸ ਹਰ ਇਸਤਰੀ-ਪੁਰਸ਼ ਦੇ ਹੌਂਸਲੇ ਨੂੰ ਬੁਲੰਦ ਕਰੇਗਾ ਅਤੇ ਉਹ ਹੋਣ ਵਾਲੇ ਅੰਦੋਲਨਾਂ ਨੂੰ ਵੀ ਅਧਿਐਨ ਅਤੇ ਅਨੁਭਵਾਂ ਦੀ ਰੋਸ਼ਨੀ ਵਿਚ ਚੰਗੀ ਤਰ੍ਹਾਂ ਚਲਾ ਸਕਣਗੇ । ਇਸ ਇਤਿਹਾਸ ਨੂੰ ਲਿਖਣ ਤੋਂ ਮੇਰਾ ਇਹ ਉਦੇਸ਼ ਬਿਲਕੁਲ ਨਹੀਂ ਹੈ ਕਿ ਭਵਿੱਖ ਵਿਚ ਵੀ ਠੀਕ ਇਸੇ ਪ੍ਰਕਾਰ ਦੇ ਅੰਦੋਲਨ ਹੀ ਸਫ਼ਲ ਹੋ ਸਕਣਗੇ । ਮੇਰਾ ਉਦੇਸ਼ ਤਾਂ ਸਿਰਫ਼ ਇਹ ਹੈ ਕਿ ਜਨਤਾ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਜੀਵਨ ਭਰ ਦੇਸ਼ ਦੇ ਹੀ ਕੰਮ ਵਿਚ ਲੱਗੇ ਰਹਿਣ ਦੀ, ਉਨ੍ਹਾਂ ਦੀਆਂ ਮਿਸਾਲਾਂ ਤੋਂ ਪ੍ਰੇਰਨਾ ਹਾਸਲ ਕਰਨ ਅਤੇ ਉਨ੍ਹਾਂ ਦਾ ਪਾਲਣ ਕਰਨ । ਵਕਤ ਆਉਣ 'ਤੇ ਕਿਸ ਢੰਗ ਨਾਲ ਕੰਮ ਕਰਨਾ ਹੈ, ਇਸ ਦਾ ਫ਼ੈਸਲਾ ਕਰਨ ਵਾਲੇ ਦੇਸ਼ ਦੀ ਮੌਜੂਦਾ ਹਾਲਤ ਨੂੰ ਵੇਖਦੇ ਹੋਏ ਖ਼ੁਦ ਕਰ ਸਕਦੇ ਹਨ ।

## ਪੰਜਾਬ ਵਿਚ ਰਾਜਸੀ ਹਲਚਲਾਂ ਕਿਸ ਤਰ੍ਹਾਂ ਸ਼ੁਰੂ ਹੋਈਆਂ ?

ਸੰਨ **1907** ਤੋਂ ਪਹਿਲਾਂ ਪੰਜਾਬ ਵਿਚ ਬਿਲਕੁਲ ਹੀ ਖ਼ਾਮੋਸ਼ੀ ਸੀ । ਵਿਦਰੋਹ (ਕੂਕਾ ਵਿਦਰੋਹ) ਦੇ ਬਾਅਦ ਕੋਈ ਅਜਿਹਾ ਰਾਜਸੀ ਅੰਦੋਲਨ ਨਹੀਂ ਉਠਿਆ ਜੋ ਹਾਕਮਾਂ ਦੀ ਨੀਂਦ ਹਰਾਮ ਕਰ ਦੇਂਦਾ । ਸੰਨ **1908** ਵਿਚ ਪੰਜਾਬ ਵਿਚ ਪਹਿਲੀ ਵਾਰ ਕਾਂਗਰਸ ਦਾ ਇਜਲਾਸ ਹੋਇਆ ਪਰ ਉਸ ਸਮੇਂ ਕਾਂਗਰਸ ਦੇ ਕੰਮ ਦਾ ਆਧਾਰ ਹਾਕਮਾਂ ਪ੍ਰਤੀ ਵਫ਼ਾਦਾਰੀ ਪ੍ਰਗਟ ਕਰਨਾ ਸੀ । ਇਸ ਲਈ ਰਾਜਨੀਤਿਕ ਖੇਤਰ ਵਿਚ ਉਸ ਦਾ ਕੋਈ ਵਰਣਨਯੋਗ ਅਸਰ ਨਹੀਂ ਪਿਆ । **1905-06** ਵਿਚ ਬੰਗਾਲ ਦੀ ਵੰਡ ਦੇ ਵਿਰੁੱਧ ਜੋ ਸ਼ਕਤੀਸ਼ਾਲੀ ਅੰਦੋਲਨ ਉਠ ਖੜ੍ਹਾ ਹੋਇਆ ਸੀ ਅਤੇ ਸਵਦੇਸ਼ੀ ਦੀ ਵਰਤੋਂ ਤੇ ਵਿਦੇਸ਼ੀ ਮਾਲ ਦੀ ਬਾਈਕਾਟ ਦੀ ਜੋ ਹਲਚਲ ਸ਼ੁਰੂ ਹੋਈ ਇਸ ਦਾ ਪੰਜਾਬ ਦੇ ਉਦਯੋਗਿਕ ਜੀਵਨ ਅਤੇ ਆਮ ਜਨਤਾ 'ਤੇ ਬੜਾ ਭਾਰੀ ਅਸਰ ਹੋਇਆ ਸੀ । ਉਨ੍ਹਾਂ ਦਿਨਾਂ ਵਿਚ ਇਥੇ (ਪੰਜਾਬ) ਦਾ ਸਵਦੇਸ਼ੀ ਵਸਤਾਂ ਕਰ ਕੇ ਖੰਡ ਤਿਆਰ ਕਰਨ ਦਾ ਖ਼ਿਆਲ ਪੈਦਾ ਹੋਇਆ ਅਤੇ ਵੇਖਦਿਆਂ ਹੀ ਵੇਖਦਿਆਂ ਇਕ-ਦੋ ਮਿੱਲਾਂ ਵੀ ਖੁੱਲ੍ਹ ਗਈਆਂ । ਭਾਵੇਂ ਸੂਬੇ ਦੇ ਰਾਜਨੀਤਿਕ ਜੀਵਨ 'ਤੇ ਇਸ ਦਾ ਕੋਈ ਜ਼ਿਆਦਾ ਅਸਰ ਨਾ ਪਿਆ ਪਰ ਸਰਕਾਰ ਨੇ ਇਸ ਉਦਯੋਗ ਨੂੰ ਤਬਾਹ ਕਰਨ ਲਈ ਗੰਨੇ ਦੀ ਫ਼ਸਲ 'ਤੇ ਮਾਮਲਾ ਤਿੰਨ ਗੁਣਾ ਕਰ ਦਿੱਤਾ । ਜਿੱਥੇ ਪਹਿਲਾਂ ਇਕ ਵਿੱਘੇ ਦਾ ਮਾਮਲਾ ਢਾਈ ਰੁਪਏ ਸੀ, ਉਥੇ ਹੁਣ ਸਾਢੇ ਸੱਤ ਰੁਪਏ ਦੇਣੇ ਪੈਂਦੇ ਸਨ । ਇਸ ਨਾਲ ਕਿਸਾਨਾਂ 'ਤੇ ਇਕ ਭਾਰੀ ਭਾਰ ਆ ਪਿਆ ਅਤੇ ਉਹ ਇਕਦਮ ਬੌਂਦਲੇ ਜਿਹੇ ਰਹਿ ਗਏ ।

## ਨਵਾਂ ਕਾਲੋਨੀ ਐਕਟ

ਦੂਸਰੇ ਪਾਸੇ ਲਾਇਲਪੁਰ ਆਦਿ ਵਿਚਕਾਰ ਸਰਕਾਰ ਨੇ ਨਵੀਂ ਨਹਿਰ ਖੁਦਵਾ ਕੇ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ ਆਦਿ ਦੇ ਨਿਵਾਸੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਅਤੇ ਲਾਲਚ ਦੇ ਕੇ ਇਸ ਖੇਤਰ ਵਿਚ ਬੁਲਾ ਲਿਆ ਸੀ । ਇਹ ਲੋਕ ਆਪਣੀ ਪੁਰਾਣੀ ਜ਼ਮੀਨ ਤੇ ਜਾਇਦਾਦ ਛੱਡ ਕੇ ਆਏ ਅਤੇ ਕਈ ਸਾਲ ਤਕ ਆਪਣਾ ਖ਼ੂਨ-ਪਸੀਨਾ ਇਕ ਕਰ ਕੇ ਇਨ੍ਹਾਂ ਲੋਕਾਂ ਨੇ ਇਨ੍ਹਾਂ ਜੰਗਲਾਂ ਨੂੰ ਗੁਲਜ਼ਾਰ ਬਣਾ ਦਿੱਤਾ । ਲੇਕਿਨ ਅਜੇ ਉਨ੍ਹਾਂ ਸਾਹ ਵੀ ਨਹੀਂ ਸੀ ਲਿਆ ਕਿ ਨਵਾਂ ਕਾਲੋਨੀ ਐਕਟ ਉਨ੍ਹਾਂ ਦੇ ਸਿਰ 'ਤੇ ਆ ਖੜ੍ਹਾ ਹੋਇਆ । ਇਹ ਐਕਟ ਕੀ ਸੀ ? ਕਾਸ਼ਤਕਾਰਾਂ ਦੀ ਹੋਂਦ ਹੀ ਮਿਟਾ ਦੇਣ ਦਾ ਤਰੀਕਾ ਸੀ । ਇਸ ਐਕਟ ਅਨੁਸਾਰ ਹਰ ਵਿਅਕਤੀ ਦੀ ਨਿੱਜੀ ਜਾਇਦਾਦ ਦਾ ਮਾਲਕ ਸਿਰਫ਼ ਵੱਡਾ ਪੁੱਤਰ ਹੀ ਹੋ ਸਕਦਾ ਸੀ । ਛੋਟੇ ਪੁੱਤਰਾਂ ਲਈ ਕੋਈ ਹਿੱਸਾ ਨਹੀਂ ਰੱਖਿਆ ਗਿਆ ਸੀ । ਵੱਡੇ ਪੁੱਤਰ ਦੇ ਮਰਨ 'ਤੇ ਵੀ ਉਹ ਜ਼ਮੀਨ ਜਾਂ ਹੋਰ ਜਾਇਦਾਦ ਛੋਟੇ ਲੜਕੇ ਨੂੰ ਨਹੀਂ ਮਿਲ ਸਕਦੀ ਸੀ ਬਲਕਿ ਉਸ 'ਤੇ ਵੀ ਸਰਕਾਰ ਦਾ ਅਧਿਕਾਰ ਹੋ ਜਾਂਦਾ ਸੀ ।

ਕੋਈ ਆਦਮੀ ਆਪਣੀ ਜ਼ਮੀਨ 'ਤੇ ਖੜੇ ਦਰੱਖਤਾਂ ਨੂੰ ਨਹੀਂ ਕੱਟ ਸਕਦਾ ਸੀ । ਉਨ੍ਹਾਂ ਤੋਂ ਉਹ ਇਕ ਦਾਤਨ ਵੀ ਨਹੀਂ ਕੱਟ ਸਕਦਾ ਸੀ । ਜੋ ਜ਼ਮੀਨਾਂ ਉਨ੍ਹਾਂ ਨੂੰ ਮਿਲੀਆਂ ਸਨ, ਉਨ੍ਹਾਂ 'ਤੇ ਉਹ ਸਿਰਫ਼ ਖੇਤੀ ਹੀ ਕਰ ਸਕਦੇ ਸਨ । ਕਿਸੇ ਪ੍ਰਕਾਰ ਦਾ ਮਕਾਨ ਜਾਂ ਝੌਂਪੜੀ, ਇਥੋਂ ਤਕ ਕਿ ਪਸ਼ੂਆਂ ਨੂੰ ਪੱਠੇ ਪਾਉਣ ਲਈ ਖੁਰਲੀ ਤਕ ਵੀ ਨਹੀਂ ਬਣਾ ਸਕਦੇ ਸਨ । ਕਾਨੂੰਨ ਦਾ ਥੋੜ੍ਹਾ ਜਿਹਾ ਉਲੰਘਣ ਕਰਨ 'ਤੇ **24** ਘੰਟੇ ਦਾ ਨੋਟਿਸ ਦੇ ਕੇ ਅਖੌਤੀ ਅਪਰਾਧੀ ਦੀ ਜ਼ਮੀਨ ਜ਼ਬਤ ਕੀਤੀ ਜਾ ਸਕਦੀ ਸੀ । ਕਿਹਾ ਜਾਂਦਾ ਹੈ ਕਿ ਐਸਾ ਕਾਨੂੰਨ ਬਣਾ ਕੇ ਸਰਕਾਰ ਚਾਹੁੰਦੀ ਸੀ ਕਿ ਥੋੜ੍ਹੇ ਜਿਹੇ

ਵਿਦੇਸ਼ੀਆਂ ਨੂੰ ਕੁੱਲ ਜ਼ਮੀਨ ਦਾ ਮਾਲਕ ਬਣਾ ਦਿੱਤਾ ਜਾਵੇ ਤੇ ਹਿੰਦੁਸਤਾਨੀ ਕਾਸ਼ਤਕਾਰ ਉਨ੍ਹਾਂ ਦੇ ਰਹਿਮ 'ਤੇ ਰਹਿਣ। ਇਸ ਤੋਂ ਇਲਾਵਾ ਸਰਕਾਰ ਇਹ ਵੀ ਚਾਹੁੰਦੀ ਸੀ ਕਿ ਦੂਸਰੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਵੱਡੇ-ਵੱਡੇ ਜ਼ਿਮੀਂਦਾਰ ਹੋਣ ਅਤੇ ਬਾਕੀ ਬਹੁਤ ਗ਼ਰੀਬ ਕਾਸ਼ਤਕਾਰ ਹੋਣ। ਇਸ ਪ੍ਰਕਾਰ ਜਨਤਾ ਦੋ ਵਰਗਾਂ ਵਿਚ ਵੰਡੀ ਜਾਵੇ। ਮਾਲਦਾਰ ਕਦੀ ਵੀ ਕਿਸੇ ਵੀ ਹਾਲਤ ਵਿਚ ਸਰਕਾਰ ਵਿਰੋਧੀਆਂ ਦਾ ਸਾਥ ਦੇਣ ਦਾ ਹੌਸਲਾ ਨਹੀਂ ਕਰ ਸਕਣਗੇ ਅਤੇ ਗ਼ਰੀਬ ਕਾਸ਼ਤਕਾਰਾਂ ਨੂੰ ਜੋ ਦਿਨ-ਰਾਤ ਮਿਹਨਤ ਕਰ ਕੇ ਵੀ ਪੇਟ ਨਹੀਂ ਭਰ ਸਕਣਗੇ, ਇਸ ਦਾ ਮੌਕਾ ਹੀ ਨਹੀਂ ਮਿਲੇਗਾ। ਇਸ ਪ੍ਰਕਾਰ ਸਰਕਾਰ ਖੁੱਲ੍ਹੇ ਹੱਥੀਂ ਜੋ ਚਾਹੇਗੀ, ਕਰੇਗੀ।

## ਅਸ਼ਾਂਤੀ ਦੇ ਬੀਜ

ਉਨ੍ਹੀਂ ਦਿਨੀਂ ਯੂ.ਪੀ. ਅਤੇ ਬਿਹਾਰ ਵਰਗੇ ਸੂਬਿਆਂ ਵਿਚ ਵੀ ਕਿਸਾਨਾਂ ਦੀ ਹਾਲਤ ਐਸੀ ਹੀ ਸੀ। ਪਰ ਪੰਜਾਬ ਦੇ ਲੋਕ ਜਲਦੀ ਹੀ ਸੰਭਲ ਗਏ। ਸਰਕਾਰ ਦੀ ਇਸ ਚਾਲ ਵਿਰੁੱਧ ਉਨ੍ਹਾਂ ਜ਼ਬਰਦਸਤ ਅੰਦੋਲਨ ਸ਼ੁਰੂ ਕਰ ਦਿੱਤਾ। ਰਾਵਲਪਿੰਡੀ ਵੱਲ ਵੀ ਇਨ੍ਹੀਂ ਦਿਨੀਂ ਨਵਾਂ ਬੰਦੋਬਸਤ ਖ਼ਤਮ ਹੋਇਆ ਸੀ ਅਤੇ ਲਗਾਨ ਵਧਾਇਆ ਗਿਆ ਸੀ। ਇਸ ਪ੍ਰਕਾਰ ਸੰਨ 1907 ਦੇ ਸ਼ੁਰੂ ਵਿਚ ਹੀ ਅਸ਼ਾਂਤੀ ਦੇ ਕੁਝ ਕਾਰਨ ਹਾਜ਼ਰ ਸਨ। ਇਸ ਸਾਲ ਦੇ ਸ਼ੁਰੂ ਵਿਚ ਹੀ ਪੰਜਾਬ ਦੇ ਗਵਰਨਰ ਸਰ ਐਬਿਟਸਨ ਨੇ ਕਿਹਾ ਵੀ ਸੀ ਕਿ ਇਸ ਸਮੇਂ ਭਾਵੇਂ ਪ੍ਰਗਟ ਰੂਪ ਵਿਚ ਤਾਂ ਸ਼ਾਂਤੀ ਹੈ ਪਰ ਜਨਤਾ ਦੇ ਦਿਲ ਵਿਚ ਅਸੰਤੋਸ਼ ਪੈਦਾ ਹੁੰਦਾ ਜਾ ਰਿਹਾ ਹੈ।

ਇਨ੍ਹੀਂ ਦਿਨੀਂ ਦੇਸ਼ ਭਰ ਵਿਚ ਇਕ ਖ਼ਾਮੋਸ਼ੀ ਛਾਈ ਹੋਈ ਸੀ। 'ਠਹਿਰੋ ਤੇ ਦੇਖੋ' ਦੀ ਹਾਲਤ ਵਿਚ ਜਨਤਾ ਸੀ। ਇਹ ਖ਼ਾਮੋਸ਼ੀ ਤੂਫ਼ਾਨ ਦੇ ਆਉਣ ਤੋਂ ਪਹਿਲਾਂ ਵਾਲੀ ਸ਼ਾਂਤੀ ਸੀ। ਬੇਚੈਨੀ ਪੈਦਾ ਹੋਣ ਦੇ ਕਾਰਨ ਹਾਜ਼ਰ ਸਨ। ਖ਼ਾਸ ਕਰ ਕੇ ਪੰਜਾਬ ਵਿਚ ਤਾਂ ਐਸੀ ਹਾਲਤ ਸੀ ਕਿ ਅਸ਼ਾਂਤੀ ਦਾ ਪੈਦਾ ਹੋ ਜਾਣਾ ਬਿਲਕੁਲ ਉਚਿਤ ਅਤੇ ਜ਼ਰੂਰੀ ਹੀ ਸੀ।

## 1906 ਦਾ ਕਾਂਗਰਸ ਇਜਲਾਸ

1906 ਵਿਚ ਕਾਂਗਰਸ ਦਾ ਸਾਲਾਨਾ ਇਜਲਾਸ ਕਲਕੱਤੇ ਵਿਚ ਹੋਇਆ। ਦਾਦਾਭਾਈ ਨਾਰੋਜੀ ਇਸ ਦੇ ਪ੍ਰਧਾਨ ਸਨ। ਇਸ ਇਜਲਾਸ ਵਿਚ ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਭਾਸ਼ਣ ਵਿਚ 'ਸਵਰਾਜ' ਸ਼ਬਦ ਦੀ ਵਰਤੋਂ ਕੀਤੀ। ਬ੍ਰਿਟਿਸ਼ ਪਾਰਲੀਮੈਂਟ ਦੇ ਆਪਣੇ ਨਿੱਜੀ ਅਨੁਭਵਾਂ ਦੇ ਆਧਾਰ 'ਤੇ ਖ਼ੁਦ ਦਾਦਾਭਾਈ ਨੇ ਕਿਹਾ ਸੀ ਕਿ ਜੇ ਅਸੀਂ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਅੰਦਰ ਤਾਕਤ ਪੈਦਾ ਕਰਨੀ ਹੋਵੇਗੀ। ਸਾਨੂੰ ਆਪਣੇ ਭਾਰ ਹੀ ਖੜਾ ਹੋਣਾ ਪਵੇਗਾ। ਪੱਥਰਾਂ ਵਾਂਗ ਗੱਡੀ ਨਜ਼ਰ ਨਾਲ ਵੇਖਦੇ ਰਹਿਣ ਨਾਲ ਹੀ ਕੰਮ ਨਹੀਂ ਚੱਲੇਗਾ।

## ਲਾਲਾ ਲਾਜਪਤ ਰਾਏ

ਠੀਕ ਇਹੀ ਗੱਲ ਇਕ ਸਾਲ ਪਹਿਲਾਂ ਬਨਾਰਸ ਦੇ ਕਾਂਗਰਸ ਇਜਲਾਸ ਵਿਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਨੇ ਕਹੀ ਸੀ। ਲਾਲਾ ਜੀ ਕਾਂਗਰਸ ਦੇ ਪ੍ਰਧਾਨ ਸਵਰਗੀ ਗੋਖਲੇ ਦੇ ਨਾਲ ਇਕ ਡੈਪੂਟੇਸ਼ਨ ਵਿਚ ਇੰਗਲੈਂਡ ਭੇਜੇ ਗਏ ਸਨ। ਉਥੋਂ ਵਾਪਸ ਆ ਕੇ ਉਨ੍ਹਾਂ ਇਕ ਬਹੁਤ ਹੀ ਗਰਮ ਭਾਸ਼ਨ ਦਿੱਤਾ ਸੀ।

## ਲੋਕਮਾਨਿਆਂ ਤਿਲਕ

1906 ਦੇ ਕਾਂਗਰਸ ਇਜਲਾਸ ਵਿਚ ਲੋਕਮਾਨਿਆਂ ਤਿਲਕ ਦਾ ਬੋਲਬਾਲਾ ਸੀ। ਨੌਜਵਾਨ ਧੜਾ ਉਨ੍ਹਾਂ ਦੀਆਂ ਖਰੀਆਂ ਤੇ ਸਪੱਸ਼ਟ ਗੱਲਾਂ ਕਾਰਨ ਉਨ੍ਹਾਂ ਦਾ ਭਗਤ ਬਣ ਗਿਆ ਸੀ। ਉਨ੍ਹਾਂ ਦੀ ਨਿਡਰਤਾ ਕੁਝ ਕਰ ਗੁਜ਼ਰਨ ਦੀ ਭਾਵਨਾ ਅਤੇ ਵੱਡੇ ਤੋਂ ਵੱਡੇ ਕਸ਼ਟ ਸਹਿਣ ਲਈ ਹਮੇਸ਼ਾ ਤਿਆਰ ਰਹਿਣ ਦੇ ਕਾਰਨ ਨੌਜਵਾਨ ਉਨ੍ਹਾਂ ਵੱਲ ਖਿੱਚੇ ਆ ਰਹੇ ਸਨ। ਕਾਂਗਰਸ ਇਜਲਾਸ ਤੋਂ ਇਲਾਵਾ ਕਾਂਗਰਸ ਦੇ ਪੰਡਾਲ ਤੋਂ ਬਾਹਰ ਵੀ ਲੋਕਮਾਨਿਆਂ ਤਿਲਕ ਦੇ ਅਨੇਕਾਂ ਭਾਸ਼ਣ ਇਸ ਮੌਕੇ 'ਤੇ ਹੋਏ ਸਨ।

## ਸ. ਕਿਸ਼ਨ ਸਿੰਘ ਤੇ ਸ. ਅਜੀਤ ਸਿੰਘ

ਜੋ ਨੌਜਵਾਨ ਲੋਕਾਮਾਨਿਆਂ ਵੱਲ ਖ਼ਾਸ ਤੌਰ 'ਤੇ ਖਿੱਚੇ ਗਏ ਸਨ, ਉਨ੍ਹਾਂ ਵਿਚ ਕੁਝ ਪੰਜਾਬੀ ਨੌਜਵਾਨ ਵੀ ਸਨ। ਅਜਿਹੇ ਦੋ ਪੰਜਾਬੀ ਨੌਜਵਾਨ ਇਸ ਮੌਕੇ 'ਤੇ ਲੋਕਮਾਨਿਆਂ ਨੂੰ ਮਿਲੇ ਜਿਨ੍ਹਾਂ ਦਾ ਉਤਸ਼ਾਹ ਅਤੇ ਹੌਸਲਾ ਵੇਖ ਕੇ ਲੋਕਮਾਨਿਆਂ ਨੂੰ ਬਹੁਤ ਖ਼ੁਸ਼ੀ ਹੋਈ ਅਤੇ ਪੰਜਾਬ ਵਿਚ ਰਾਜਨੀਤਿਕ ਅੰਦੋਲਨ ਨੂੰ ਤਾਕਤਵਰ ਬਣਾਉਣ ਦੀ ਸਲਾਹ ਦੇ ਕੇ ਲੋਕਮਾਨਿਆਂ ਨੇ ਉਨ੍ਹਾਂ ਦੋਹਾਂ ਨੌਜਵਾਨਾਂ ਨੂੰ ਵਿਦਾ ਕਰ ਦਿੱਤਾ। ਇਹ ਦੋਵੇਂ ਨੌਜਵਾਨ ਮੇਰੇ ਪੂਜਨੀਕ ਪਿਤਾ ਸ. ਕਿਸ਼ਨ ਸਿੰਘ ਅਤੇ ਮੇਰੇ ਆਦਰਯੋਗ ਚਾਚਾ ਸ. ਅਜੀਤ ਸਿੰਘ ਜੀ ਸਨ।

## 'ਭਾਰਤ ਮਾਤਾ' ਅਖ਼ਬਾਰ ਅਤੇ ਮਹਿਤਾ ਨੰਦ ਕਿਸ਼ੋਰ

ਸ. ਕਿਸ਼ਨ ਅਤੇ ਸ. ਅਜੀਤ ਸਿੰਘ ਨੇ ਵਾਪਸ ਲਾਹੌਰ ਆ ਕੇ 'ਭਾਰਤ ਮਾਤਾ' ਨਾਂ ਦਾ ਇਕ ਮਾਸਕ ਪੱਤਰ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਮਾਨਯੋਗ ਮਹਿਤਾ ਨੰਦ ਕਿਸ਼ੋਰ ਨੂੰ ਨਾਲ ਲੈ ਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਕੋਲ ਨਾ ਧਨ ਸੀ ਅਤੇ ਨਾ ਹੀ ਧਨੀ ਵਰਗ ਨਾਲ ਕੋਈ ਸੰਬੰਧ ਹੀ ਸੀ। ਕਿਸੇ ਫ਼ਿਰਕੇ ਦੇ ਨੇਤਾ ਜਾਂ ਮਹੰਤ ਵੀ ਨਹੀਂ ਸਨ। ਸੋ ਪ੍ਰਚਾਰ ਦੇ ਕੰਮ ਲਈ ਜ਼ਰੂਰੀ ਸਭ ਸਾਧਨ ਖ਼ੁਦ ਹੀ ਇਕੱਠੇ ਕਰਨੇ ਪੈਂਦੇ। ਇਕ

ਦਿਨ ਘੰਟੀ ਵਜਾ ਕੇ ਬਾਜ਼ਾਰ ਵਿਚ ਕੁਝ ਲੋਕਾਂ ਨੂੰ ਇਕੱਠਾ ਕਰ ਲਿਆ ਅਤੇ ਇਸ ਵਿਸ਼ੇ 'ਤੇ ਭਾਸ਼ਨ ਦੇਣ ਲੱਗੇ ਕਿ ਵਿਦੇਸ਼ੀਆਂ ਨੇ ਭਾਰਤੀ ਉਦਯੋਗ ਅਤੇ ਵਪਾਰ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕੀਤਾ ਹੈ । ਉਥੇ ਇਹ ਵੀ ਐਲਾਨ ਕਰ ਦਿੱਤਾ ਕਿ ਆਉਂਦੇ ਐਤਵਾਰ ਨੂੰ ਇਕ ਮਹੱਤਵਪੂਰਨ ਸਭਾ 'ਭਾਰਤ ਮਾਤਾ' ਦੇ ਦਫ਼ਤਰ ਦੇ ਕੋਲ, ਜੋ ਲਾਹੌਰੀ ਅਤੇ ਸ਼ਾਲਾਮਾਰੀ ਦਰਵਾਜ਼ੇ ਦੇ ਵਿਚਕਾਰ ਸਥਿਤ ਹੈ, ਹੋਵੇਗੀ । ਪਹਿਲੀ ਸਭਾ ਪਾਪੜ ਮੰਡੀ ਵਿਚ, ਦੂਜੀ ਲਾਹੌਰੀ ਮੰਡੀ ਵਿਚ ਹੋਈ । ਤੀਸਰੀ ਸਭਾ ਵਿਚ ਭਾਸ਼ਨਾਂ ਤੋਂ ਪਹਿਲਾਂ ਇਕ ਪੰਜਾਬੀ ਨੌਜਵਾਨ ਨੇ ਬੜੇ ਹੀ ਦਿਲਟੁੰਬਵੇਂ ਅਤੇ ਦੇਸ਼ਭਗਤੀ ਦੀਆਂ ਭਾਵਨਾਵਾਂ ਨਾਲ ਭਰੀ ਹੋਈ ਇਕ ਨਜ਼ਮ ਪੜ੍ਹੀ, ਜਿਸ ਦੀ ਸਰੋਤਿਆਂ ਨੇ ਬਹੁਤ ਹੀ ਪ੍ਰਸ਼ੰਸਾ ਕੀਤੀ । ਹੁਣ ਇਹ ਨੌਜਵਾਨ ਵੀ ਇਸੇ ਦਲ ਵਿਚ ਸ਼ਾਮਲ ਹੋ ਗਿਆ । ਇਹ ਨੌਜਵਾਨ ਪੰਜਾਬ ਦੇ ਪ੍ਰਸਿੱਧ ਰਾਸ਼ਟਰਕਵੀ ਲਾਲਾ ਲਾਲ ਚੰਦ 'ਫ਼ਲਕ' ਸਨ ਜੋ ਅੱਜ ਤਕ ਆਪਣੀਆਂ ਉਤਸ਼ਾਹਪੂਰਨ ਕਵਿਤਾਵਾਂ ਨਾਲ ਦੇਸ਼ ਨੂੰ ਜਗਾਉਂਦੇ ਰਹੇ ਹਨ । ਇਸੇ ਹਫ਼ਤੇ ਲਾਲਾ ਪਿੰਡੀਦਾਸ ਜੀ ਅਤੇ ਡਾ. ਈਸ਼ਵਰੀ ਪ੍ਰਸਾਦ ਜੀ ਆਦਿ ਕੁਝ ਹੋਰ ਸੱਜਣਾਂ ਨੇ ਵੀ ਇਸ ਦਲ ਵਿਚ ਆਉਣ 'ਤੇ 'ਅੰਜੁਮਨ ਮੁਹਿਬਤਾਨੇ ਵਤਨ' ਨਾਂ ਦੀ ਇਕ ਸੰਸਥਾ ਬਣਾਈ ਜੋ ਬਾਅਦ ਵਿਚ 'ਭਾਰਤ ਮਾਤਾ ਸੁਸਾਇਟੀ' ਦੇ ਨਾਂ ਨਾਲ ਪ੍ਰਸਿੱਧ ਹੋਈ ।

## ਜੱਟਾਂ ਦੀ ਸਭਾ

ਇਕ-ਦੋ ਮਹੀਨੇ ਇਸੇ ਤਰ੍ਹਾਂ ਪ੍ਰਚਾਰ ਹੁੰਦਾ ਰਿਹਾ । ਇਕ ਦਿਨ ਲਾਹੌਰ ਅਤੇ ਅੰਮ੍ਰਿਤਸਰ ਖੇਤਰ ਦੇ ਜੱਟ ਕਾਸ਼ਤਕਾਰਾਂ ਨੇ ਲਗਾਨ ਵਧਾਉਣ ਦੇ ਵਿਰੁੱਧ ਇਕ ਸਭਾ ਕਰਨ ਦਾ ਫ਼ੈਸਲਾ ਕੀਤਾ । ਅਜਮੇਰੀ ਦਰਵਾਜ਼ੇ ਦੇ ਬਾਹਰ ਰਤਨ ਚੰਦ ਦੀ ਸਰਾਂ ਵਿਚ ਸਭਾ ਆਯੋਜਿਤ ਕੀਤੀ ਗਈ ਸੀ, ਪਰ ਜਦ ਜੱਟ ਇਕੱਠੇ ਹੋਏ ਤਾਂ ਡੀ.ਸੀ. ਨੇ ਰਤਨ ਚੰਦ ਦੇ ਲੜਕੇ ਨੂੰ ਬੁਲਾ ਕੇ ਜਾਇਦਾਦ ਜ਼ਬਤ ਕਰ ਲੈਣ ਦੀ ਧਮਕੀ ਦਿੱਤੀ । ਇਸ ਤਰ੍ਹਾਂ ਰਤਨ ਚੰਦ ਦੇ ਲੜਕੇ ਨੇ ਉਥੇ ਇਕੱਠੇ ਹੋਏ ਕਿਸਾਨਾਂ ਨੂੰ ਆਪਣੀ ਸਰਾਂ ਤੋਂ ਬਾਹਰ ਕੱਢ ਦਿੱਤਾ । ਤਦ ਕਿਸਾਨਾਂ ਨੇ ਸ਼ਹਿਰ ਦੇ ਨੇਤਾ ਮੰਨੇ ਜਾਣ ਵਾਲੇ ਲੋਕਾਂ ਨਾਲ ਸੰਬੰਧ ਸਥਾਪਿਤ ਕੀਤਾ ਪਰ ਉਥੋਂ ਵੀ ਉਨ੍ਹਾਂ ਨੂੰ ਸਾਫ਼ ਜਵਾਬ ਮਿਲ ਗਿਆ । ਹਰ ਤਰਫ਼ ਤੋਂ ਮਾਯੂਸ ਹੋ ਕੇ ਵਿਚਾਰੇ ਕਮੇਟੀ ਬਾਗ਼ ਵਿਚ ਜਾ ਬੈਠੇ । ਇੰਨੇ ਵਿਚ 'ਭਾਰਤ ਮਾਤਾ ਸੁਸਾਇਟੀ' ਦੇ ਮੈਂਬਰਾਂ ਨੂੰ ਇਸ ਦੀ ਸੂਚਨਾ ਮਿਲੀ ਅਤੇ ਇਨ੍ਹਾਂ ਲੋਕਾਂ ਨੂੰ ਆਪਣੀ ਥਾਂ 'ਤੇ ਲੈ ਗਏ । ਸੁਸਾਇਟੀ ਕੋਲ ਇਕ ਕਮਰੇ ਤੋਂ ਬਿਨਾਂ ਖੁੱਲ੍ਹਾ ਮੈਦਾਨ ਵੀ ਸੀ । ਇਸ ਮੈਦਾਨ ਵਿਚ ਦਰੀਆਂ ਵਿਛਾ ਕੇ ਸ਼ਾਮਿਆਨਾ ਲਗਵਾ ਦਿੱਤਾ ਗਿਆ ਅਤੇ ਇਕ ਪਾਸੇ ਉਨ੍ਹਾਂ ਕਿਸਾਨਾਂ ਦੇ ਭੋਜਨ ਲਈ ਲੰਗਰ ਦਾ ਪ੍ਰਬੰਧ ਵੀ ਕਰ ਦਿੱਤਾ ਗਿਆ । ਕਿਸਾਨਾਂ ਦਾ ਉਤਸ਼ਾਹ ਇਸ ਨਾਲ ਵਧ ਗਿਆ ਅਤੇ ਫਿਰ ਪੂਰਾ ਇਕ ਹਫ਼ਤਾ ਉਥੇ ਹਰ ਰੋਜ਼ ਸਭਾਵਾਂ ਹੋਈਆਂ ਜਿਨ੍ਹਾਂ ਵਿਚ ਨਿਡਰ ਭਾਸ਼ਨ ਦਿੱਤੇ ਗਏ । ਇਸ ਸਭਾ ਵਿਚ ਆਮ ਕਿਸਾਨਾਂ ਦਾ ਉਤਸ਼ਾਹ ਵੇਖ ਕੇ 'ਭਾਰਤ ਮਾਤਾ ਸੁਸਾਇਟੀ' ਦੇ ਮੈਂਬਰਾਂ ਦੇ ਹੌਸਲੇ ਵੀ ਵਧ ਗਏ।

ਇਸ ਦੇ ਬਾਅਦ ਪਿੰਡਾਂ ਦੇ ਦੌਰਿਆਂ ਦਾ ਪ੍ਰੋਗਰਾਮ ਬਣਾਇਆ ਗਿਆ, ਜਿਸ ਨਾਲ ਕਿਸਾਨਾਂ ਨੂੰ ਲਗਾਨਬੰਦੀ ਲਈ ਤਿਆਰ ਕੀਤਾ ਜਾ ਸਕੇ । ਇਹ ਸਰਕਾਰ ਦੇ ਵਿਰੁੱਧ ਯੁੱਧ ਦਾ ਐਲਾਨ ਸੀ ਅਤੇ ਜਨਤਾ ਵਿਚ ਏਨਾ ਜੋਸ਼ ਸੀ ਕਿ ਇਸ ਸੰਘਰਸ਼ ਵਿਚ ਉਹ ਆਪਣਾ ਸਭ ਕੁਝ ਦਾਅ 'ਤੇ ਲਗਾ ਦੇਣ ਲਈ ਹਮੇਸ਼ਾ ਤਿਆਰ ਸੀ ।

## ਸੂਫ਼ੀ ਅੰਬਾ ਪ੍ਰਸ਼ਾਦ

ਠੀਕ ਇਨ੍ਹੀਂ ਦਿਨੀਂ ਹੀ 'ਭਾਰਤ ਮਾਤਾ ਸੁਸਾਇਟੀ' ਵਿਚ ਇਕ ਉੱਚ ਕੋਟੀ ਦੇ ਦੇਸ਼ਭਗਤ, ਰਾਜਨੀਤਿਕ ਅਤੇ ਲੇਖਕ ਸ਼ਾਮਲ ਹੋਏ । ਆਪ ਜੀ ਦਾ ਨਾਂ ਸੀ ਸੂਫ਼ੀ ਅੰਬਾ ਪ੍ਰਸ਼ਾਦ । ਸੂਫ਼ੀ ਜੀ ਦਾ ਜਨਮ ਸੰਨ **1858** ਵਿਚ ਮੁਰਾਦਾਬਾਦ ਵਿਚ ਹੋਇਆ ਸੀ, ਉਰਦੂ ਦੇ ਪ੍ਰਭਾਵਸ਼ਾਲੀ ਲੇਖਕ ਹਿੰਦੂ-ਮੁਸਲਿਮ ਏਕਤਾ ਦੇ ਪ੍ਰਬਲ ਸਮਰਥਕ ਅਤੇ ਸੁਤੰਤਰਤਾ ਦੇ ਇਕ ਨਿਡਰ ਪੁਜਾਰੀ ਸਨ । ਆਪ ਨੇ ਇਕ ਹਫ਼ਤਾਵਾਰ ਅਖ਼ਬਾਰ ਕੱਢਿਆ । ਇਸ ਤੋਂ ਇਕ ਸਾਲ ਬਾਅਦ ਹੀ ਰਾਜ ਵਿਦਰੋਹ ਦੇ ਅਪਰਾਧ ਵਿਚ ਸਵਾ ਦੋ ਸਾਲ ਕੈਦ ਦੀ ਸਜ਼ਾ ਮਿਲੀ । ਇਹ ਸਜ਼ਾ ਕੱਟ ਕੇ ਆਏ ਤਾਂ ਇਸ ਦੇ ਬਾਅਦ ਸਾਲ ਭਰ ਦੇ ਅੰਦਰ ਹੀ ਆਪ ਦੇ ਖ਼ਿਲਾਫ਼ ਦੂਜਾ ਮੁਕੱਦਮਾ ਖੜ੍ਹਾ ਕਰ ਦਿੱਤਾ ਗਿਆ ਅਤੇ ਇਸ ਵਾਰ ਆਪ ਜੀ ਨੂੰ **6** ਸਾਲ ਦੀ ਕੈਦ ਦੀ ਸਜ਼ਾ ਮਿਲੀ । ਉਨ੍ਹੀਂ ਦਿਨੀਂ ਰਾਜ ਵਿਦਰੋਹ ਵਿਚ ਸਜ਼ਾ ਪਾਏ ਹੋਏ ਕੈਦੀਆਂ ਨੂੰ ਬਹੁਤ ਖ਼ਤਰਨਾਕ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਨਾਲ ਜੇਲ੍ਹ ਵਿਚ ਵਰਤਾਓ ਵੀ ਬਹੁਤ ਬੁਰਾ ਹੁੰਦਾ ਸੀ । **1906** ਵਿਚ ਆਪ ਜੇਲ੍ਹ ਵਿਚੋਂ ਰਿਹਾਅ ਹੋਏ ਅਤੇ ਪੰਜਾਬ ਵਿਚ ਰਾਜਨੀਤਕ ਜਾਗ੍ਰਿਤੀ ਵੇਖ ਕੇ ਪੰਜਾਬ ਚਲੇ ਆਏ । ਏਥੇ ਆ ਕੇ ਆਪ 'ਹਿੰਦੁਸਤਾਨ' ਸਪਤਾਹਿਕ ਦੇ ਸਹਾਇਕ ਸੰਪਾਦਕ ਬਣਾਏ ਗਏ । ਗਰਮਾ-ਗਰਮ ਲੇਖਾਂ ਅਤੇ ਸੰਪਾਦਕੀਆਂ ਵਿਚ ਆਪ ਜੀ ਦਾ ਨਾਂ ਦਿੱਤੇ ਜਾਣ 'ਤੇ ਅਖ਼ਬਾਰ ਦੇ ਮਾਲਕਾਂ ਨੂੰ ਬੜੀ ਘਬਰਾਹਟ ਰਹਿੰਦੀ ਸੀ । ਇਸ 'ਤੇ ਆਪ ਜੀ ਨੂੰ ਉਸ ਅਖ਼ਬਾਰ ਵਿਚੋਂ ਅਸਤੀਫ਼ਾ ਦੇਣਾ ਪਿਆ । ਸਭ ਤੋਂ ਪਹਿਲਾਂ ਆਪ ਜੱਟਾਂ ਦੀ ਸਭਾ ਵਿਚ ਆਏ ਸਨ ਤੇ ਫਿਰ ਉਥੇ ਹੀ ਰਹਿ ਗਏ । ਬਾਅਦ ਵਿਚ ਸ. ਅਜੀਤ ਸਿੰਘ ਜੀ ਨਾਲ ਆਪ ਜੀ ਦੀ ਐਸੀ ਡੂੰਘੀ ਮਿੱਤਰਤਾ ਹੋ ਗਈ ਕਿ ਇਕ-ਦੂਜੇ ਤੋਂ ਅਲੱਗ ਹੋਣਾ ਲਗਭਗ ਅਸੰਭਵ ਹੋ ਗਿਆ ।

ਇਨ੍ਹੀਂ ਦਿਨੀਂ ਹੀ ਲਾਇਲਪੁਰ ਵਿਚ ਇਕ ਬਹੁਤ ਵੱਡਾ ਮੇਲਾ ਹੋਣ ਵਾਲਾ ਸੀ । ਇਹ ਮੇਲਾ 'ਪਸ਼ੂ ਮੰਡੀ' ਦੇ ਨਾਂ ਨਾਲ ਪ੍ਰਸਿੱਧ ਸੀ । ਇਸ ਮੇਲੇ ਵਿਚ ਹਜ਼ਾਰਾਂ ਲੋਕੀਂ ਪਸ਼ੂ ਖ਼ਰੀਦਣ ਅਤੇ ਵੇਚਣ ਲਈ ਇਕੱਠੇ ਹੁੰਦੇ ਸਨ । ਇਸ ਸਾਲ ਰੋਜ਼ਾਨਾ 'ਜ਼ਿਮੀਂਦਾਰ' ਦੇ ਮਾਲਕ ਮੀਆਂ ਸਿਰਾਜੁਦੀਨ ਅਤੇ ਇਕ-ਦੋ ਹੋਰ ਸੱਜਣਾਂ ਨੇ ਇਸ ਮੌਕੇ 'ਤੇ ਇਕ ਸਭਾ ਕਰਨ ਦਾ ਨਿਸ਼ਚਾ ਕੀਤਾ । ਇਸ ਵਿਚ ਨਵੇਂ ਕਾਲੋਨੀ ਐਕਟ ਵਿਰੁੱਧ ਮਤੇ ਪਾਸ ਕਰਨੇ ਸਨ । ਇਸ ਸਭਾ ਵਿਚ ਭਾਸ਼ਣ ਦੇਣ

ਲਈ ਲਾਲਾ ਜੀ ਨੂੰ ਖ਼ਾਸ ਰੂਪ ਵਿਚ ਬੁਲਾਇਆ ਗਿਆ ਸੀ। 'ਭਾਰਤ ਮਾਤਾ ਸੁਸਾਇਟੀ' ਦੇ ਮੈਂਬਰ ਗਰਮ ਦਲੀਏ ਸਨ, ਵਿਧਾਨਕ ਰੂਪ ਨਾਲ ਅੰਦੋਲਨ ਚਲਾਉਣ ਦਾ ਵਿਚਾਰ ਰੱਖਣ ਵਾਲੇ ਸੱਜਣ ਥੋੜ੍ਹਾ ਘਬਰਾ ਗਏ। 'ਭਾਰਤ ਮਾਤਾ ਸੁਸਾਇਟੀ' ਵੱਲੋਂ ਦੋ ਕਾਰਜਕਰਤਾ ਉਥੇ ਇਸ ਉਦੇਸ਼ ਲਈ ਭੇਜੇ ਗਏ ਕਿ ਉਹ ਉਥੇ ਪਹੁੰਚ ਕੇ ਆਪਣੇ ਅਨੁਕੂਲ ਹਾਲਾਤ ਬਣਾ ਲੈਣ ਜਿਸ ਨਾਲ ਸ. ਅਜੀਤ ਸਿੰਘ ਜੀ ਆਪਣੇ ਦੂਸਰੇ ਸਾਥੀਆਂ ਨਾਲ ਪਹੁੰਚ ਕੇ ਸਫ਼ਲਤਾ ਨਾਲ ਆਪਣਾ ਪ੍ਰਚਾਰ ਕਰ ਸਕਣ।

ਜ਼ਿਮੀਦਾਰ ਸਭਾ ਵੱਲੋਂ ਜੋ ਪੰਡਾਲ ਲੱਗਾ ਸੀ ਉਸ ਵਿਚ ਹੀ ਇਕ ਦਿਨ ਭਾਸ਼ਣ ਦੇ ਕੇ 'ਭਾਰਤ ਮਾਤਾ ਸੁਸਾਇਟੀ' ਤੇ ਕਾਰਜਕਰਤਾ ਨੇ ਆਮ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਕਰ ਲਿਆ। ਉਧਰ ਜਿਸ ਦਿਨ ਲਾਲਾ ਜੀ ਲਾਹੌਰ ਤੋਂ ਰਵਾਨਾ ਹੋਏ ਉਸੇ ਦਿਨ ਸ. ਅਜੀਤ ਸਿੰਘ ਨੇ ਵੀ ਉਥੋਂ ਚਾਲੇ ਪਾ ਦਿੱਤੇ। ਲਾਲਾ ਜੀ ਨੇ ਸਰਦਾਰ ਤੋਂ ਪੁੱਛਿਆ ਕਿ ਤੁਹਾਡਾ ਅਗਲਾ ਪ੍ਰੋਗਰਾਮ ਕੀ ਹੈ ? ਆਪਣੇ ਪ੍ਰੋਗਰਾਮ ਦੀ ਸੂਚਨਾ ਵੀ ਲਾਲਾ ਜੀ ਨੇ ਦਿੱਤੀ ਕਿ ਸਰਕਾਰ ਨੇ ਕਾਲੋਨੀ ਐਕਟ ਵਿਚ ਜੋ ਥੋੜ੍ਹਾ ਜਿਹਾ ਪਰਿਵਰਤਨ ਕਰ ਦਿੱਤਾ ਹੈ ਇਸ ਲਈ ਸਰਕਾਰ ਦਾ ਧੰਨਵਾਦ ਕਰਦੇ ਹੋਏ ਬਾਕੀ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਕਰਾਂਗੇ।

ਸਰਦਾਰ ਜੀ ਨੇ ਉੱਤਰ ਵਿਚ ਕਿਹਾ ਕਿ ਸਾਡਾ ਪ੍ਰੋਗਰਾਮ ਤਾਂ ਇਹ ਹੈ ਕਿ ਜਨਤਾ ਨੂੰ ਲਗਾਨਬੰਦੀ ਲਈ ਤਿਆਰ ਕੀਤਾ ਜਾਵੇ। ਨਾਲ ਹੀ ਸਾਡੇ ਪ੍ਰੋਗਰਾਮ ਵਿਚ ਸਰਕਾਰ ਨੂੰ ਧੰਨਵਾਦ ਕਰਨ ਦੀ ਤਾਂ ਕੋਈ ਥਾਂ ਮਿਲ ਹੀ ਨਹੀਂ ਸਕਦੀ।

ਲਾਲਾ ਜੀ ਅਤੇ ਸ. ਅਜੀਤ ਸਿੰਘ ਲਾਇਲਪੁਰ ਪਹੁੰਚੇ। ਲਾਲਾ ਜੀ ਦਾ ਵਿਸ਼ਾਲ ਜਲੂਸ ਕੱਢਿਆ ਗਿਆ ਜਿਸ ਕਰ ਕੇ ਲਾਲਾ ਜੀ ਲਗਭਗ ਦੋ ਘੰਟੇ ਵਿਚ ਪੰਡਾਲ ਪੁੱਜੇ। ਸਾਡੇ ਲੋਕ ਅਜਿਹੇ ਵੀ ਹਨ ਜੋ ਜਲੂਸ ਵਿਚ ਸ਼ਾਮਲ ਨਾ ਹੋ ਕੇ ਸਿੱਧੇ ਪੰਡਾਲ ਵਿਚ ਹੀ ਪਹੁੰਚ ਗਏ ਸਨ ਅਤੇ ਉਥੇ ਭਾਸ਼ਣ ਸ਼ੁਰੂ ਹੋ ਗਏ ਸਨ। ਇਕ-ਦੋ ਛੋਟੇ-ਛੋਟੇ ਭਾਸ਼ਣਾਂ ਬਾਅਦ ਸ. ਅਜੀਤ ਸਿੰਘ ਜੀ ਨੇ ਭਾਸ਼ਣ ਦਿੱਤਾ। ਆਪ ਬਹੁਤ ਹੀ ਪ੍ਰਭਾਵਸ਼ਾਲੀ ਬੁਲਾਰੇ ਹਨ। ਆਪ ਜੀ ਦੀ ਨਿਡਰ ਭਾਸ਼ਣ-ਸ਼ੈਲੀ ਨੇ ਜਨਤਾ ਨੂੰ ਆਪਣਾ ਭਗਤ ਬਣਾ ਦਿੱਤਾ ਅਤੇ ਸਰੋਤੇ ਬੜੇ ਜੋਸ਼ ਵਿਚ ਆ ਚੁੱਕੇ ਸਨ।

ਲਾਇਲਪੁਰ ਦੇ ਡੀ.ਸੀ. ਵੀ ਇਥੇ ਹਾਜ਼ਰ ਸਨ। ਕਾਰਵਾਈ ਵੇਖ ਕੇ ਉਨ੍ਹਾਂ ਇਹ ਸਿੱਟਾ ਕੱਢਿਆ ਕਿ ਇਹ ਸਭਾ ਆਯੋਜਨ ਇਕ ਸਾਜ਼ਿਸ਼ ਸੀ। ਲਾਲਾ ਲਾਜਪਤ ਰਾਏ ਇਨ੍ਹਾਂ ਸਭ ਦੇ ਗੁਰੂ ਹਨ ਅਤੇ ਨੌਜਵਾਨ ਸ. ਅਜੀਤ ਸਿੰਘ ਉਨ੍ਹਾਂ ਦੇ ਚੇਲੇ ਹਨ। ਸਰਕਾਰ ਦਾ ਇਹ ਵਿਚਾਰ ਬਹੁਤ ਦਿਨਾਂ ਤਕ ਬਣਿਆ ਰਿਹਾ। ਹੋ ਸਕਦਾ ਹੈ ਲਾਲਾ ਜੀ ਅਤੇ ਸ. ਅਜੀਤ ਸਿੰਘ ਨੂੰ ਨਜ਼ਰਬੰਦ ਕਰਨ ਦਾ ਇਹੀ ਕਾਰਨ ਸੀ।

ਲਾਲਾ ਜੀ ਦੇ ਭਾਸ਼ਣ ਦੇ ਬਾਅਦ ਸ੍ਰੀ ਬਾਂਕੇ ਦਿਆਲ ਜੀ ਨੇ ਬਹੁਤ ਹੀ ਪ੍ਰਭਾਵਸ਼ਾਲੀ ਨਜ਼ਮ ਪੜ੍ਹੀ ਜੋ ਬਾਅਦ ਵਿਚ ਬਹੁਤ ਹੀ ਪ੍ਰਚੱਲਤ ਹੋ ਗਈ। ਇਹ ਨਜ਼ਮ 'ਪਗੜੀ ਸੰਭਾਲ ਉਏ ਜੱਟਾ' ਸੀ।

ਲਾਲਾ ਬਾਂਕੇ ਦਿਆਲ ਪੁਲਿਸ ਵਿਚ ਸਬ-ਇੰਸਪੈਕਟਰ ਸਨ ਅਤੇ ਸਰਕਾਰੀ ਨੌਕਰੀ ਛੱਡ ਕੇ ਇਸ ਅੰਦੋਲਨ ਵਿਚ ਸ਼ਾਮਲ ਹੋ ਗਏ ਸਨ। ਇਸ ਦਿਨ ਨਜ਼ਮ ਪੜ੍ਹ ਕੇ ਜਦ ਉਹ ਮੰਚ ਤੋਂ ਉਤਰੇ ਤਾਂ 'ਭਾਰਤ ਮਾਤਾ ਦਲ' ਦੇ ਕਾਰਜਕਰਤਿਆਂ ਨੇ ਉਨ੍ਹਾਂ ਨੂੰ ਗਲ਼ ਨਾਲ ਲਾ ਲਿਆ।

ਲਾਹੌਰ ਵਿਚ ਹੋਏ ਦੰਗੇ ਦੇ ਬਾਅਦ, ਮਿਉਂਸਿਪਲ ਬੋਰਡ ਨੇ ਇਹ ਪ੍ਰਸਤਾਵ ਪਾਸ ਕੀਤਾ ਕਿ ਸ਼ਹਿਰ ਵਿਚ ਸਭ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਕਿਹਾ ਜਾਵੇ ਕਿ ਉਹ ਵਿਦਿਆਰਥੀਆਂ ਨੂੰ ਰਾਜਨੀਤਿਕ ਅੰਦੋਲਨਾਂ ਵਿਚ ਹਿੱਸਾ ਲੈਣ ਤੋਂ ਰੋਕਣ ਅਤੇ ਉਨ੍ਹਾਂ ਨੂੰ ਹੋਸਟਲਾਂ ਤੋਂ ਬਾਹਰ ਨਾ ਜਾਣ ਦੇਣ। ਜੋ ਵਿਦਿਆਰਥੀ ਉਨ੍ਹਾਂ ਦੀ ਆਗਿਆ ਦਾ ਪਾਲਣ ਨਾ ਕਰੇ ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

ਇਸ ਪ੍ਰਸਤਾਵ ਦੇ ਸੰਬੰਧ ਵਿਚ ਲੋਕਮਾਨਿਆਂ ਤਿਲਕ ਨੇ ਆਪਣੇ ਮਰਾਠੀ ਪੱਤਰ 'ਕੇਸਰੀ' ਵਿਚ ਇਕ ਜ਼ਬਰਦਸਤ ਲੇਖ ਲਿਖਿਆ ਸੀ। ਲੋਕਮਾਨਿਆਂ ਨੇ ਲਿਖਿਆ ਸੀ ਕਿ ਇਨ੍ਹਾਂ ਦੰਗਿਆਂ ਤੋਂ ਕਿਸ ਨੂੰ ਦੁਖ ਅਤੇ ਖੇਦ ਨਹੀਂ ਹੋਵੇਗਾ ? ਕੌਣ ਚਾਹੁੰਦਾ ਹੈ ਕਿ ਨੌਜਵਾਨ ਥੋੜ੍ਹੇ ਹੌਂਸਲੇ ਤੋਂ ਕੰਮ ਨਾ ਲੈਣ ? ਪਰ ਮਿਉਂਸਿਪਲ ਬੋਰਡ ਦੇ ਇਸ ਫ਼ੈਸਲੇ ਦਾ ਕੀ ਭਾਵ ਹੈ। 50 ਸਾਲ ਬਾਅਦ ਅੱਜ ਦੇਸ਼ ਦੇ ਨੌਜਵਾਨਾਂ ਵਿਚ ਥੋੜ੍ਹੀ ਜਿਹੀ ਜਾਗ੍ਰਿਤੀ ਨਜ਼ਰ ਆਈ ਹੈ। ਉਸ ਸਾਧਾਰਨ ਜਿਹੇ ਦੰਗੇ ਦੇ ਕਾਰਨ ਨਸ਼ਟ ਕਰਨ ਦਾ ਪ੍ਰਸਤਾਵ ਕਿਉਂ ਕੀਤਾ ਜਾਵੇ ? ਅੱਜ ਨੌਜਵਾਨਾਂ ਵਿਚ ਦੇਸ਼ਭਗਤੀ ਦੀਆਂ ਭਾਵਨਾਵਾਂ ਉਮੜ ਰਹੀਆਂ ਹਨ ਅਤੇ ਉਹ ਸਵਾਧੀਨਤਾ-ਬੇਚੈਨ ਹਨ ਤਾਂ ਉਨ੍ਹਾਂ ਨੂੰ ਪ੍ਰੇਮ ਨਾਲ ਸਮਝਾਉਣਾ ਚਾਹੀਦਾ ਹੈ ਕਿ ਉਹ ਇਸ ਪ੍ਰਕਾਰ ਆਪਣੀ ਸ਼ਕਤੀ ਦਾ ਨਾਸ਼ ਨਾ ਕਰਨ।

ਜਨਤਾ ਜੋਸ਼ ਵਿਚ ਆ ਕੇ ਜਦ ਕੁਝ ਕਰ ਗੁਜ਼ਰਦੀ ਹੈ ਤਾਂ ਗਰਮ ਦਲ ਦੀ ਇਹ ਨੀਤੀ ਹੁੰਦੀ ਸੀ। ਗਰਮ ਦਲ ਦੇ ਨੇਤਾ ਜਾਣਦੇ ਸਨ ਕਿ ਜਨਤਾ ਵਿਚ ਜਾਗ੍ਰਿਤੀ ਹੁੰਦੀ ਹੈ ਤਾਂ ਉਸ ਦੇ ਨਾਲ ਜੋਸ਼ ਅਤੇ ਬੇਚੈਨੀ ਹੋਣੀ ਜ਼ਰੂਰੀ ਹੀ ਹੈ। ਉਹ ਇਹ ਵੀ ਜਾਣਦੇ ਸਨ ਕਿ ਫੂਕਾਂ ਮਾਰ-ਮਾਰ ਕੇ ਪੈਰ ਰੱਖਣ ਵਾਲੇ ਭੱਦਰ ਪੁਰਸ਼ ਸੁਤੰਤਰਤਾ ਸੰਗਰਾਮ ਵਿਚ ਜ਼ਿਆਦਾ ਦੇਰ ਤਕ ਨਹੀਂ ਟਿਕ ਸਕਦੇ। ਰਾਸ਼ਟਰ ਦੇ ਨਿਰਮਾਤਾ ਤਾਂ ਨੌਜਵਾਨ ਹੀ ਹੋਇਆ ਕਰਦੇ ਹਨ। ਕਿਸੇ ਨੇ ਸੱਚ ਹੀ ਕਿਹਾ ਹੈ :

"ਸੁਧਾਰ ਬੁੱਢੇ ਆਦਮੀ ਨਹੀਂ ਕਰ ਸਕਦੇ। ਉਹ ਤਾਂ ਬੁੱਧੀਮਾਨ ਅਤੇ ਸਮਝਦਾਰ ਹੁੰਦੇ ਹਨ। ਸੁਧਾਰ ਤਾਂ ਹੁੰਦੇ ਹਨ ਨੌਜਵਾਨਾਂ ਦੀ ਮਿਹਨਤ, ਹੌਂਸਲੇ, ਬਲੀਦਾਨ ਅਤੇ ਇਰਾਦੇ ਨਾਲ, ਜਿਨ੍ਹਾਂ ਨੂੰ ਭੈਭੀਤ ਹੋਣਾ ਆਉਂਦਾ ਹੀ ਨਹੀਂ ਤੇ ਜੋ ਵਿਚਾਰ ਘੱਟ ਅਤੇ ਅਨੁਭਵ ਜ਼ਿਆਦਾ ਕਰਦੇ ਹਨ।"

ਐਸਾ ਪ੍ਰਤੀਤ ਹੁੰਦਾ ਹੈ ਕਿ ਉਸ ਸਮੇਂ ਇਸ ਪ੍ਰਾਂਤ (ਪੰਜਾਬ) ਦੇ ਯੁਵਕ ਇਨ੍ਹਾਂ ਭਾਵਨਾਵਾਂ ਤੋਂ ਪ੍ਰਭਾਵਿਤ ਹੋ ਕੇ ਹੀ ਸੁਤੰਤਰਤਾ ਸੰਘਰਸ਼ ਵਿਚ ਕੁੱਦ ਪੈਂਦੇ ਸਨ। ਤਿੰਨ ਮਹੀਨੇ ਪਹਿਲਾਂ ਜਿੱਥੇ ਬਿਲਕੁਲ ਖ਼ਾਮੋਸ਼ੀ ਸੀ ਉਥੇ ਹੁਣ 'ਸਵਦੇਸ਼ੀ' ਅਤੇ 'ਸਵਰਾਜ' ਦਾ ਅੰਦੋਲਨ ਇੰਨਾ ਬਲਵਾਨ ਹੋ ਗਿਆ ਕਿ ਨੌਕਰਸ਼ਾਹੀ ਘਬਰਾ ਉਠੀ। ਉਧਰ ਲਾਇਲਪੁਰ ਆਦਿ ਜ਼ਿਲ੍ਹਿਆਂ ਵਿਚ ਨਵੇਂ ਕਾਲੋਨੀ ਐਕਟ ਦੇ ਵਿਰੁੱਧ ਅੰਦੋਲਨ ਚੱਲ ਰਿਹਾ ਸੀ। ਉਥੇ ਕਿਸਾਨਾਂ ਦੀ ਹਮਦਰਦੀ ਵਿਚ ਰੇਲਵੇ ਦੇ ਮਜ਼ਦੂਰਾਂ ਨੇ ਵੀ ਹੜਤਾਲ ਕੀਤੀ ਅਤੇ ਉਨ੍ਹਾਂ ਦੀ ਸਹਾਇਤਾ ਲਈ ਧਨ ਵੀ ਇਕੱਠਾ ਕੀਤਾ ਜਾਣ ਲੱਗਾ। ਇਸ ਦਾ ਸਿੱਟਾ ਇਹ ਹੋਇਆ ਕਿ ਅਪ੍ਰੈਲ ਦੇ ਅਖ਼ੀਰ ਤਕ ਪੰਜਾਬ ਸਰਕਾਰ ਘਬਰਾ ਉਠੀ। ਪੰਜਾਬ ਦੇ ਉਸ ਸਮੇਂ ਦੇ ਗਵਰਨਰ ਨੇ ਭਾਰਤ ਸਰਕਾਰ ਨੂੰ ਆਪਣੇ ਇਕ ਪੱਤਰ ਵਿਚ ਇਹ ਪੂਰੀ ਹਾਲਤ ਦੱਸਦੇ ਹੋਏ ਲਿਖਿਆ ਸੀ, ਸੂਬੇ ਦੇ ਉੱਤਰੀ ਜ਼ਿਲ੍ਹਿਆਂ ਵਿਚ ਸਿਰਫ਼ ਪੜ੍ਹੇ-ਲਿਖੇ ਤਬਕੇ ਅਤੇ ਉਨ੍ਹਾਂ ਵਿਚ ਵੀ ਖ਼ਾਸ ਕਰ ਕੇ ਵਕੀਲ ਅਤੇ ਵਿਦਿਆਰਥੀ ਸਮਾਜ ਤਕ ਹੀ ਨਵੇਂ ਵਿਚਾਰ ਸੀਮਿਤ ਹਨ। ਪਰ "ਸੂਬੇ ਦੇ ਕੇਂਦਰ ਵਧਦੇ ਹੀ ਇਹ ਸਪਸ਼ਟ ਨਜ਼ਰ ਆਉਂਦਾ ਹੈ ਕਿ ਅਸੰਤੋਸ਼ ਅਤੇ ਅਸ਼ਾਂਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ।" ਇਸੇ ਪੱਤਰ ਵਿਚ ਅੱਗੇ ਚੱਲ ਕੇ ਲਿਖਿਆ ਸੀ, "ਇਨ੍ਹਾਂ ਲੋਕਾਂ ਨੇ (ਅੰਦੋਲਨ ਦੇ ਨੇਤਾਵਾਂ ਨੇ) ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਵੀ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਫਿਰੋਜ਼ਪੁਰ ਵਿਚ ਉਨ੍ਹਾਂ ਨੂੰ ਖ਼ਾਸ ਸਫ਼ਲਤਾ ਮਿਲੀ ਹੈ। ਰਾਵਲਪਿੰਡੀ ਅਤੇ ਲਾਇਲਪੁਰ ਵੱਲ ਵੀ ਬੇਚੈਨੀ ਫੈਲਾਉਣ ਵਿਚ ਕਾਮਯਾਬ ਹੋ ਰਹੇ ਹਨ। ਲਾਹੌਰ ਦਾ ਤਾਂ ਕਹਿਣਾ ਹੀ ਕੀ ਹੈ?" ਪੱਤਰ ਦੇ ਅਖ਼ੀਰ ਵਿਚ ਕਿਹਾ ਗਿਆ ਹੈ, ਕੁਝ ਨੇਤਾ ਅੰਗਰੇਜ਼ ਨੂੰ ਦੇਸ਼ ਵਿਚੋਂ ਕੱਢ ਦੇਣ ਦੀਆਂ ਸਾਜ਼ਿਸ਼ਾਂ ਕਰ ਰਹੇ ਹਨ। ਘੱਟ ਤੋਂ ਘੱਟ ਉਹ ਸਾਨੂੰ ਹਕੂਮਤ ਤੋਂ ਹਟਾ ਦੇਣ ਦੀ ਕੋਸ਼ਿਸ਼ ਵਿਚ ਜ਼ਰੂਰ ਹਨ।...

ਉਹ ਤਾਂ ਤਾਕਤ ਨਾਲ ਵੀ ਅਜਿਹਾ ਕਰਨਾ ਚਾਹੁੰਦੇ ਹਨ। ਜਨਤਾ ਅਤੇ ਸ਼ਾਸਕ ਵਿਚਕਾਰ ਸਹਿਯੋਗ ਦੁਆਰਾ ਇਸ ਪ੍ਰਕਾਰ ਦਾ ਵਾਤਾਵਰਣ ਪੈਦਾ ਕਰਨ ਲਈ ਗ਼ੈਰ-ਜ਼ਿੰਮੇਵਾਰ ਢੰਗ ਨਾਲ ਘਿਰਣਾ ਤੇ ਅੰਗਰੇਜ਼ ਵੱਲ ਦੁਸ਼ਮਣੀ ਪੈਦਾ ਕਰ ਦੇਣਾ ਚਾਹੁੰਦੇ ਹਨ। ਵਰਤਮਾਨ ਹਾਲਤ ਬਹੁਤ ਹੀ ਨਾਜ਼ੁਕ ਹੈ ਅਤੇ ਜਲਦੀ ਹੀ ਸਾਨੂੰ ਕੁਝ ਨਾ ਕੁਝ ਪ੍ਰਬੰਧ ਕਰਨਾ ਚਾਹੀਦਾ ਹੈ।"

## ਮਜ਼੍ਹਬ ਅਤੇ ਸਾਡੀ ਆਜ਼ਾਦੀ ਦੀ ਮੰਗ

*— ਜੂਨ 1928*

*(ਮਈ 1928 ਵਿਚ 'ਕਿਰਤੀ' ਵਿਚ ਇਹ ਲੇਖ ਛਪਿਆ। ਅੰਮ੍ਰਿਤਸਰ ਅਪ੍ਰੈਲ ਵਿਚ ਰਾਜਨੀਤਿਕ ਕਾਨਫ਼ਰੰਸ ਅਤੇ ਨੌਜਵਾਨ ਸਭਾ ਦੀ ਕਾਨਫ਼ਰੰਸ ਹੋਈ। ਇਸ ਲੇਖ ਵਿਚ ਮਜ਼੍ਹਬ ਦੇ ਮਸਲੇ ਤੇ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਨੇ ਵਿਚਾਰ ਪ੍ਰਗਟਾਏ ਹਨ।)*

ਅੰਮ੍ਰਿਤਸਰ ਵਿਚ 11-12-13 ਅਪ੍ਰੈਲ ਨੂੰ ਪੰਜਾਬ ਪੁਲੀਟੀਕਲ ਕਾਨਫ਼ਰੰਸ ਹੋਈ ਅਤੇ ਨਾਲ ਹੀ ਨੌਜਵਾਨਾਂ ਦੀ ਕਾਨਫ਼ਰੰਸ ਹੋਈ। ਦੋ-ਤਿੰਨ ਸਵਾਲਾਂ 'ਤੇ ਬੜਾ ਝਗੜਾ ਤੇ ਬਹਿਸ ਹੋਈ। ਉਨ੍ਹਾਂ ਵਿਚੋਂ ਇਕ ਮਜ਼ਹਬ ਦਾ ਵੀ ਸੀ। ਉਂਝ ਤਾਂ ਮਜ਼ਹਬ ਦਾ ਕੋਈ ਸਵਾਲ ਨਾ ਉਠਦਾ, ਪਰ ਫ਼ਿਰਕੇਦਾਰਾਨਾ ਜਥੇਬੰਦੀਆਂ ਦੇ ਵਿਰੁੱਧ ਪ੍ਰਸਤਾਵ ਪੇਸ਼ ਹੋਇਆ ਤੇ ਮਜ਼ਹਬ ਦੇ ਬਹਾਨੇ ਉਨ੍ਹਾਂ ਜਥੇਬੰਦੀਆਂ ਦਾ ਪੱਖ ਲੈਣ ਵਾਲਿਆਂ ਨੇ ਆਪਣਾ ਆਪ ਬਚਾਉਣਾ ਚਾਹਿਆ। ਉਂਝ ਤਾਂ ਇਹ ਸਵਾਲ ਹੋਰ ਕੁਝ ਚਿਰ ਦੱਬਿਆ ਰਹਿੰਦਾ, ਪਰ ਇਸ ਤਰ੍ਹਾਂ ਸਾਹਮਣੇ ਆ ਜਾਣ 'ਤੇ ਖੁੱਲ੍ਹਮ-ਖੁੱਲ੍ਹਾ ਗੱਲਾਂ ਹੋ ਗਈਆਂ ਅਤੇ ਮਜ਼ਹਬ ਦੀ ਸਮੱਸਿਆ ਦੇ ਹੱਲ ਦਾ ਵਿਚਾਰ ਵੀ ਉਠਿਆ। ਪ੍ਰਾਵਿੰਸ਼ੀਅਲ ਕਾਨਫ਼ਰੰਸ ਦੀ ਸਬਜੈਕਟ ਕਮੇਟੀ ਵਿਚ ਵੀ ਮੌਲਾਨਾ ਜ਼ਫ਼ਰ ਅਲੀ ਸਾਹਿਬ ਦੇ ਪੰਜ-ਸੱਤ ਕੁ ਵੇਰਾਂ ਖ਼ੁਦਾ-ਖ਼ੁਦਾ ਕਰਨ ਪਰ ਪੰਡਿਤ ਜਵਾਹਰ ਲਾਲ ਨੇ ਪ੍ਰਧਾਨ ਹੋਰਾਂ ਨੂੰ ਕਿਹਾ ਕਿ ਸਟੇਜ 'ਤੇ ਆ ਕੇ ਖ਼ੁਦਾ-ਖ਼ੁਦਾ ਨਾ ਕਰੋ। ਤੁਸੀਂ ਮਜ਼ਹਬ (Religion) ਦੇ ਮਿਸ਼ਨਰੀ ਹੋ ਤਾਂ ਮੈਂ ਲਾਮਜ਼੍ਹਬੀਅਤ (Irreigion) ਦਾ ਪ੍ਰਚਾਰਕ ਹਾਂ। ਬਾਅਦ ਵਿਚ ਲਾਹੌਰ ਵੀ, ਨੌਜਵਾਨ ਭਾਰਤ ਸਭਾ ਲਾਹੌਰ ਨੇ ਇਕ ਜਲਸਾ ਇਸੇ ਮਜ਼ਮੂਨ ਉਤੇ ਕੀਤਾ। ਕਈ ਲੈਕਚਰਾਰ ਬੋਲੇ ਤੇ ਮਜ਼ਹਬ ਦੇ ਨਾਮ ਦਾ ਲਾਭ ਉਠਾਉਣ ਵਾਲੇ ਤੇ ਇਸ ਸਵਾਲ ਦੇ ਉੱਠਣ ਤੇ ਝਗੜੇ ਹੋ ਜਾਣ ਤੋਂ ਡਰਨ ਵਾਲੇ ਸੱਜਣਾਂ ਨੇ ਕਈ ਤਰ੍ਹਾਂ ਦੀਆਂ ਨੇਕ ਸਲਾਹਵਾਂ ਦਿੱਤੀਆਂ।

ਸਭ ਤੋਂ ਜ਼ਿਆਦਾ ਗੱਲ ਜੋ ਬਾਰ-ਬਾਰ ਕਹੀ ਗਈ ਹੈ ਅਤੇ ਜਿਸ ਤੇ ਸ੍ਰੀਮਾਨ ਭਾਈ ਅਮਰ ਸਿੰਘ ਜੀ ਝਬਾਲ ਨੇ ਖ਼ਾਸ ਜ਼ੋਰ ਦਿੱਤਾ, ਉਹ ਇਹ ਸੀ ਕਿ ਮਜ਼ਹਬ ਦੇ ਸਵਾਲ ਨੂੰ ਛੇੜਿਆ ਹੀ ਨਾ ਜਾਵੇ। ਬੜੀ ਨੇਕ ਸਲਾਹ ਹੈ। ਜੇ ਕਿਸੇ ਦਾ ਮਜ਼ਹਬ ਬਾਹਰ ਲੋਕਾਂ ਦੇ ਸੁਖ-ਅਮਨ ਵਿਚ ਕੋਈ ਰੁਕਾਵਟ ਨਾ ਪਾਉਂਦਾ ਹੋਵੇ ਤਾਂ ਕਿਸੇ ਨੂੰ ਵੀ ਉਸ ਦੇ ਵਿਰੁੱਧ ਆਵਾਜ਼ ਉਠਾਉਣ ਦੀ ਕੀ ਲੋੜ ਹੋ ਸਕਦੀ ਹੈ? ਪਰ ਸਵਾਲ ਤਾਂ ਇਹ ਹੈ ਕਿ ਹੁਣ ਤੀਕ ਦਾ ਤਜਰਬਾ ਕੀ ਦੱਸਦਾ ਹੈ? ਪਿਛਲੀ ਤਹਿਰੀਕ ਵਿਚ ਵੀ ਮਜ਼ਹਬ ਦਾ ਇਹੀ ਸਵਾਲ ਪੈਦਾ ਹੋਇਆ ਤੇ ਹਰ ਇਕ ਨੂੰ ਪੂਰਨ ਆਜ਼ਾਦੀ ਦੇ ਦਿੱਤੀ ਗਈ। ਇਥੋਂ ਤੀਕ ਕਿ ਕਾਂਗਰਸ ਸਟੇਜ ਪੁਰ ਵੀ ਆਇਤਾਂ ਤੇ ਮੰਤਰ ਪੀੜ੍ਹੇ ਜਾਣ ਲੱਗ ਪਏ। ਉਨ੍ਹਾਂ ਦਿਨਾਂ ਵਿਚ ਕੋਈ ਵੀ ਮਜ਼ਹਬ ਵਿਚ ਪਿੱਛੇ ਰਹਿਣ ਵਾਲਾ ਆਦਮੀ ਚੰਗਾ ਨਹੀਂ ਸੀ ਸਮਝਿਆ ਜਾਂਦਾ। ਸਗੋਂ ਤੁਅੱਸਬ ਅੱਗੇ ਵਧਣ ਲੱਗ ਪਿਆ।

ਜੋ ਭੈੜਾ ਨਤੀਜਾ ਹੋਇਆ, ਉਹ ਕਿਸ ਤੋਂ ਲੁਕਿਆ ਹੋਇਆ ਹੈ? ਹੁਣ ਕੌਮ-ਪ੍ਰਸਤ ਜਾਂ ਆਜ਼ਾਦੀ-ਪਸੰਦ ਲੋਕੀਂ ਮਜ਼ਹਬ ਦੀ ਅਸਲੀਅਤ ਸਮਝ ਗਏ ਹਨ ਅਤੇ ਉਹੋ ਇਸ ਨੂੰ ਆਪਣੇ ਰਸਤੇ ਦਾ ਰੋੜਾ ਸਮਝਦੇ ਹਨ।

ਗੱਲ ਇਹ ਹੈ ਕਿ ਕੀ ਮਜ਼ਹਬ ਘਰ ਵਿਚ ਰੱਖਦਿਆਂ ਹੋਇਆਂ ਲੋਕਾਂ ਦੇ ਦਿਲਾਂ ਵਿਚ ਭੇਦ-ਭਾਵ ਤੇ ਨਹੀਂ ਪੈਂਦਾ ? ਕੀ ਉਸ ਦੇਸ਼ ਦੀ ਪੂਰਨ ਆਜ਼ਾਦੀ ਤੀਕ ਪੁੱਜਣ ਵਿਚ ਕੋਈ ਅਸਰ ਤੇ ਨਹੀਂ ਪੈਂਦਾ ? ਇਸ ਸਮੇਂ ਪੂਰਨ ਆਜ਼ਾਦੀ ਦੇ ਉਪਾਸ਼ਕ ਸੱਜਣ ਮਜ਼ਹਬ ਨੂੰ (**Mental Slavery**) ਯਾ ਦਿਮਾਗ਼ੀ ਗ਼ੁਲਾਮੀ ਦਾ ਨਾਮ ਦੇਂਦੇ ਹਨ, ਤੇ ਉਹ ਕਹਿੰਦੇ ਹਨ ਕਿ ਬੱਚੇ ਨੂੰ ਇਹ ਦੱਸਣਾ ਕਿ ਰੱਬ ਹੀ ਸਰਬ-ਸ਼ਕਤੀਮਾਨ ਹੈ ਤੇ ਬੰਦਾ ਕੁਝ ਵੀ ਨਹੀਂ ਮਿੱਟੀ ਦਾ ਪੁਤਲਾ ਹੈ, ਬੱਚੇ ਨੂੰ ਸਦਾ ਵਾਸਤੇ ਕਮਜ਼ੋਰ ਬਣਾਉਣਾ ਹੈ । ਉਸ ਦੇ ਦਿਲ ਦੀ ਤਾਕਤ ਅਤੇ ਉਸ ਦੇ ਆਤਮ-ਵਿਸ਼ਵਾਸ ਦਾ ਭਾਵ ਹੀ ਨਾਸ ਕਰ ਦੇਣਾ ਹੈ; ਪਰ ਏਸ ਗੱਲ ਉਤੇ ਬਹਿਸ ਨਾ ਵੀ ਕਰੀਏ ਤਾਂ ਸਿੱਧੇ ਆਪਣੇ ਪ੍ਰਤੱਖ ਦੇ ਸਵਾਲਾਂ ਉਤੇ ਹੀ ਵਿਚਾਰ ਕਰੀਏ ਤਾਂ ਵੀ ਸਾਨੂੰ ਨਜ਼ਰ ਆਉਂਦਾ ਹੈ ਕਿ ਮਜ਼ਹਬ ਸਾਡੇ ਰਸਤੇ ਵਿਚ ਇਕ ਬੜਾ ਭਾਰੀ ਰੋੜਾ ਹੈ, ਮਸਲਨ ਅਸੀਂ ਚਾਹੁੰਦੇ ਹਾਂ ਕਿ ਸੱਭੇ ਲੋਕੀਂ ਇਕੋ ਜਿਹੇ ਹਨ । ਇਨ੍ਹਾਂ ਵਿਚ ਸਰਮਾਏ-ਦਾਰਾਂ ਅਤੇ ਊਚ-ਨੀਚ ਦੀ ਛੂਤ-ਅਛੂਤ ਦੀ ਕੋਈ ਵੰਡ ਨਾ ਰਹੇ ਪਰ ਸਨਾਤਨ ਧਰਮ ਤਾਂ ਇਸ ਭਿੰਨ-ਭੇਦ ਦੇ ਹੱਕ ਵਿਚ ਹੈ । ਵੀਹਵੀਂ ਸਦੀ ਵਿਚ ਵੀ ਪੰਡਤ, ਮੌਲਵੀ ਜੀ ਵਰਗੇ ਭੰਗੀ ਦੇ ਮੁੰਡੇ ਤੋਂ ਹਾਰ ਪੁਆ ਕੇ ਕਪੜਿਆਂ ਸਮੇਤ ਇਸ਼ਨਾਨ ਕਰਦੇ ਹਨ ਅਤੇ ਅਛੂਤਾਂ ਨੂੰ ਜਨੇਊ ਤੀਕ ਦੇਣ ਤੋਂ ਇਨਕਾਰੀ ਹਨ। ਜੇ ਇਸ ਮਜ਼ਹਬ ਦੇ ਵਿਰੁੱਧ ਕੁਝ ਨਾ ਕਹਿਣ ਦੀ ਸਹੁੰ ਖਾ ਲਈਏ ਤਾਂ ਚੁੱਪ ਕਰ ਕੇ ਘਰ ਬੈਠ ਜਾਣਾ ਚਾਹੀਦਾ ਹੈ । ਨਹੀਂ ਤਾਂ ਮਜ਼ਹਬ ਦੀ ਮੁਖ਼ਾਲਫ਼ਤ ਹੋਵੇਗੀ । ਲੋਕੀਂ ਇਹ ਵੀ ਕਹਿੰਦੇ ਹਨ ਕਿ ਇਨ੍ਹਾਂ ਬੁਰਾਈਆਂ ਦਾ ਸੁਧਾਰ ਕੀਤਾ ਜਾਵੇ । ਬਹੁਤ ਖ਼ੂਬ ! ਛੂਤ-ਅਛੂਤ ਨੂੰ ਜੋ ਸਵਾਮੀ ਦਯਾਨੰਦ ਹੋਰਾਂ ਨੇ ਮਿਟਾਇਆ ਤੇ ਵਰਣਾਂ ਤੋਂ ਅੱਗੇ ਉਹ ਵੀ ਨਾ ਜਾ ਸਕੇ । ਭਿੰਨ-ਭੇਦ ਤਾਂ ਫਿਰ ਵੀ ਰਹਿ ਗਿਆ । ਗੁਰਦੁਆਰੇ ਵਿਚ ਜਾ ਕੇ ਸਿੱਖ 'ਰਾਜ ਕਰੇਗਾ ਖਾਲਸਾ' ਗਾ ਲੈਣ ਤੇ ਬਾਹਰ ਆ ਕੇ ਪੰਚਾਇਤੀ ਰਾਜ ਦੀਆਂ ਗੱਲਾਂ ਕਰਨ ਦਾ ਕੀ ਮਤਲਬ ਹੋਵੇਗਾ ?

ਮਜ਼ਹਬ ਤੇ ਕਹਿੰਦਾ ਹੈ ਕਿ ਇਸਲਾਮ 'ਤੇ ਯਕੀਨ ਨਾ ਲਿਆਉਣ ਵਾਲੇ ਕਾਫ਼ਰ ਤਲਵਾਰ ਦੇ ਘਾਟ ਉਤਾਰ ਦੇਣੇ ਚਾਹੀਦੇ ਹਨ ਤੇ ਇਧਰ ਜੇ ਇਤਫ਼ਾਕ ਦੀ ਕੂਕ-ਪੁਕਾਰ ਮਚਾਈ ਜਾਵੇ ਤਾਂ ਨਤੀਜਾ ਕੀ ਹੋਵੇਗਾ ? ਅਸੀਂ ਜਾਣਦੇ ਹਾਂ ਕਿ ਹੁਣੇ ਕਈ ਹੋਰ ਆਇਤਾਂ ਤੇ ਮੰਤਰ ਬੜੇ ਉੱਚੇ ਭਾਵ ਦੇ ਪੜ੍ਹ ਕੇ ਖਿੱਚ-ਧੂਹ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ । ਪਰ ਸਵਾਲ ਤਾਂ ਇਹ ਹੈ ਕਿ ਇਸ ਸਾਰੇ ਝਗੜੇ ਤੋਂ ਛੁਟਕਾਰਾ ਹੀ ਕਿਉਂ ਨਾ ਪਾਇਆ ਜਾਵੇ ਕਿ ਭਾਰਤ ਵਿਚ ਆਜ਼ਾਦੀ ਦੀ ਜੰਗ ਛਿੜ ਪਵੇ । ਫ਼ੌਜਾਂ ਆਹਮਣੇ-ਸਾਹਮਣੇ ਬੰਦੂਕਾਂ ਲਈ ਖਲੋਤੀਆਂ ਹੋਣ, ਗੋਲੀ ਚੱਲਣ ਹੀ ਵਾਲੀ ਹੋਵੇ, ਤੇ ਜੇ ਉਸ ਵੇਲੇ ਮੁਹੰਮਦ ਗੌਰੀ ਵਾਂਗੂ—ਜੈਸਾ ਕਿ ਕਹਾਵਤ ਦੱਸੀ ਜਾਂਦੀ ਹੈ—ਅੱਜ ਵੀ ਸਾਡੇ ਸਾਹਮਣੇ ਗਾਈਆਂ, ਸੂਰ, ਗ੍ਰੰਥ ਸਾਹਿਬ, ਵੇਦ, ਕੁਰਾਨ ਆਦਿ ਚੀਜ਼ਾਂ ਖੜ੍ਹੀਆਂ ਕਰ ਦਿੱਤੀਆਂ ਜਾਣ ਤਾਂ ਅਸੀਂ ਕੀ ਕਰਾਂਗੇ ? ਜੇ ਤਾਂ ਪੱਕੇ ਮਜ਼ਹਬੀ ਹੋਵਾਂਗੇ, ਤਦ ਤੇ ਆਪਣਾ ਬੋਰੀਆ-ਬਿਸਤਰਾ ਲਪੇਟ ਕੇ ਘਰ ਬੈਠ ਜਾਵਾਂਗੇ । ਮਜ਼ਹਬ ਦੇ ਹੁੰਦਿਆਂ-ਸੁੰਦਿਆਂ ਤੇ ਹਿੰਦੂ ਜਾਂ ਸਿੱਖ ਗਾਂ ਉਤੇ, ਮੁਸਲਮਾਨ ਸੂਅਰ ਉਤੇ ਗੋਲੀ ਨਹੀਂ ਚਲਾ ਸਕਦੇ । ਮਜ਼ਹਬ ਦੇ ਬੜੇ ਪੱਕੇ ਬੰਦੇ ਤਾਂ ਉਸ ਵੇਲੇ ਸੋਮਨਾਥ ਦੇ ਕਈ ਹਜ਼ਾਰ ਪਾਂਡਿਆਂ ਵਾਂਗੂ ਠਾਕਰਾਂ ਅੱਗੇ ਲਿਟਦੇ ਰਹਿਣਗੇ । ਦੂਜੇ ਲੋਕੀਂ ਮਜ਼ਹਬਹੀਣ ਜਾਂ ਲਾਮਜ਼ਹਬ ਕੰਮ ਕਰ ਜਾਣਗੇ ਤੇ ਫਿਰ ਅਸੀਂ ਕਿਸੇ ਨਤੀਜੇ 'ਤੇ ਪੁੱਜਦੇ ਹਾਂ ? ਮਜ਼ਹਬ ਦੇ ਵਿਰੁੱਧ ਹੀ ਸੋਚਣਾ ਪੈਂਦਾ ਹੈ । ਪਰ ਜੇ ਮਜ਼ਹਬ ਦੇ ਪੱਖ ਵਾਲਿਆਂ ਦੀਆਂ ਦਲੀਲਾਂ ਭੀ ਸੋਚੀਆਂ ਜਾਣ, ਤਦ ਵੀ ਉਹ ਇਹ ਹੀ ਕਹਿੰਦੇ ਹਨ ਕਿ ਦੁਨੀਆਂ ਵਿਚ ਹਨੇਰ ਪੈ ਜਾਵੇਗਾ । ਪਾਪ ਵਧ ਜਾਵੇਗਾ । ਬਹੁਤ ਅੱਛਾ, ਇਸੇ ਗੱਲ ਨੂੰ ਹੀ ਲੈ ਲਈਏ ।

ਰੂਸੀ ਮਹਾਤਮਾ ਟਾਲਸਟਾਏ ਨੇ ਆਪਣੀ ਪੁਸਤਕ '**Essay and Letters**' ਵਿਚ ਮਜ਼ਹਬ ' ਤੇ ਬਹਿਸ ਕਰਦਿਆਂ ਹੋਇਆਂ ਤਿੰਨ ਹਿੱਸੇ ਪੇਸ਼ ਕੀਤੇ ਹਨ :

1. **Essentials of Religion** ਯਾਨੀ ਮਜ਼੍ਹਬ ਦੀਆਂ ਜ਼ਰੂਰੀ ਗੱਲਾਂ ਕਿ ਚੋਰੀ ਨਾ ਕਰੋ, ਗ਼ਰੀਬਾਂ ਦੀ ਸਹਾਇਤਾ ਕਰੋ, ਪਿਆਰ ਨਾਲ ਰਹੋ ਵਗ਼ੈਰਾ ।

2. **Philosophy and Religion** ਯਾਨੀ ਜਨਮ, ਮਰਨ, ਪੁਨਰ-ਜਨਮ, ਸੰਸਾਰ ਦੀ ਬਨਾਵਟੀ ਆਦਿ ਦੀ ਫ਼ਿਲਾਸਫ਼ੀ । ਇਸ ਵਿਚ ਆਦਮੀ ਆਪਣੀ ਮਰਜ਼ੀ ਅਨੁਸਾਰ ਸੋਚਦਾ ਤੇ ਸਮਝਣ ਦਾ ਯਤਨ ਕਰਦਾ ਹੈ ।

3. **Rituals of Religion** ਯਾਨੀ ਰਸਮੋ-ਰਿਵਾਜ ਵਗ਼ੈਰਾ । ਮਤਲਬ ਇਹ ਹੈ ਕਿ ਪਹਿਲੇ ਹਿੱਸੇ ਵਿਚ ਤੇ ਸਾਰੇ ਮਜ਼ਹਬ ਇਕੱਠੇ ਹਨ । ਸਭ ਕਹਿੰਦੇ ਹਨ ਸੱਚ ਬੋਲੋ, ਝੂਠ ਨਾ ਬੋਲੋ, ਪਿਆਰ ਨਾਲ ਰਹੋ । ਇਨ੍ਹਾਂ ਗੱਲਾਂ ਨੂੰ ਕੁਝ ਸੱਜਣਾਂ ਨੇ (**Indiviual Religion**) ਕਿਹਾ ਹੈ । ਇਸ ਵਿਚ ਤੇ ਝਗੜੇ ਦਾ ਖ਼ਿਆਲ ਹੀ ਨਹੀਂ ਉਠੋਂਦਾ, ਬਲਕਿ ਇਹ ਨੇਕ ਵਿਚਾਰ ਤਾਂ ਹਰੇਕ ਆਦਮੀ ਵਿਚ ਹੋਣੇ ਚਾਹੀਦੇ ਹਨ । ਦੂਜੇ ਫ਼ਿਲਾਸਫ਼ੀ ਦਾ ਸੁਆਲ ਹੈ । ਅਸਲ ਵਿਚ 'ਤੇ ਕਹਿਣਾ ਪੈਂਦਾ ਹੈ ਕਿ **Philosophy is the outcome of Human weakness** ਯਾਨੀ ਫ਼ਿਲਾਸਫ਼ੀ ਆਦਮੀ ਦੀ ਕਮਜ਼ੋਰੀ ਦਾ ਨਤੀਜਾ ਹੈ । ਜਿਥੇ ਵੀ ਆਦਮੀ ਦੇਖ ਸਕਦੇ ਹਨ ਉਥੇ ਤੀਕ ਕੋਈ ਝਗੜਾ ਨਹੀਂ । ਜਿਥੇ ਕੁਝ ਨਜ਼ਰ ਨਾ ਆਇਆ, ਉਥੇ ਦਿਮਾਗ਼ ਲੜਾਉਣਾ ਸ਼ੁਰੂ ਕਰ ਦਿੱਤਾ ਤੇ ਖ਼ਾਸ-ਖ਼ਾਸ ਨਤੀਜੇ ਕੱਢ ਲਏ । ਵੈਸੇ ਤੇ ਫ਼ਿਲਾਸਫ਼ੀ ਬੜੀ ਜ਼ਰੂਰੀ ਚੀਜ਼ ਹੈ ਕਿਉਂਕਿ ਇਸ ਤੋਂ ਬਿਨਾਂ ਉਨੱਤੀ ਨਹੀਂ ਹੋ ਸਕਦੀ । ਪਰ ਇਸ ਦੇ ਨਾਲ-ਨਾਲ ਸ਼ਾਂਤੀ ਹੋਣੀ ਵੀ ਬੜੀ ਜ਼ਰੂਰੀ ਹੈ । ਸਾਡੇ ਬਜ਼ੁਰਗ ਕਹਿ ਗਏ ਹਨ ਕਿ ਮਰਨ ਤੋਂ ਬਾਅਦ ਵੀ ਪੁਨਰ-ਜਨਮ ਹੁੰਦਾ ਹੈ, ਇਸਾਈ ਤੇ ਮੁਸਲਮਾਨ ਇਸ ਗੱਲ ਨੂੰ ਨਹੀਂ ਮੰਨਦੇ । ਬਹੁਤ ਅੱਛਾ, ਆਪਣਾ-ਆਪਣਾ ਵਿਚਾਰ ਹੈ । ਆਓ ਮੁਹੱਬਤ ਨਾਲ ਬੈਠ ਕੇ ਬਹਿਸ ਕਰੀਏ । ਇਕ ਦੂਜੇ ਦੇ ਖ਼ਿਆਲਾਤ ਸੁਣੀਏ । ਪਰ 'ਮਸਲਾ ਤਨਾਸੁਕ' 'ਤੇ ਬਹਿਸ ਹੁੰਦੀ ਹੈ ਤੇ ਆਰੀਆ ਸਮਾਜੀਆਂ ਅਤੇ ਮੁਸਲਮਾਨਾਂ ਦੀ ਡਾਂਗ ਚਲ ਜਾਂਦੀ ਹੈ । ਗੱਲ ਕੀ ਹੈ, ਦੋਵੇਂ ਧਿਰਾਂ ਦਿਮਾਗ਼ ਨੂੰ, ਅਕਲ ਨੂੰ,

ਸੋਚਣ-ਸਮਝਣ ਦੀ ਸ਼ਕਤੀ ਸ਼ਕਤੀ ਨੂੰ ਤਾਲਾ ਲਾ ਕੇ ਘਰ ਰੱਖ ਆਉਂਦੇ ਹਨ। ਉਹ ਸਮਝਦੇ ਹਨ ਕਿ ਵੇਦ ਭਗਵਾਨ ਵਿਚ ਪਰਮਾਤਮਾ ਨੇ ਇਸੇ ਤਰ੍ਹਾਂ ਲਿਖਿਆ ਹੈ ਤੇ ਸੱਚਾ ਹੈ। ਉਹ ਕਹਿੰਦੇ ਹਨ ਕਿ ਕੁਰਾਨ ਸ਼ਰੀਫ਼ ਵਿਚ ਖ਼ੁਦਾ ਨੇ ਇਉਂ ਲਿਖਿਆ ਹੈ ਤੇ ਇਹੋ ਹੀ ਸੱਚ ਹੈ। ਆਪਣੇ ਸੋਚਣ ਦੀ ਸ਼ਕਤੀ **Power of Reasoning** ਨੂੰ ਛੁੱਟੀ ਦਿੱਤੀ ਹੋਈ ਹੁੰਦੀ ਹੈ। ਸੋ ਜੇ ਫ਼ਿਲਾਸਫ਼ੀ ਹਰ ਇਕ ਆਦਮੀ ਦੀ ਜਾਤੀ ਰਾਇ ਤੋਂ ਵਧੀਕ ਕੋਈ ਵੁੱਕਤ ਨਾ ਰੱਖਦੀ ਹੋਵੇ ਤੇ ਇਕ ਖ਼ਾਸ ਫ਼ਿਲਾਸਫ਼ੀ ਮੰਨਣ ਕਰ ਕੇ ਵੱਖਰਾ ਜੱਥਾ ਨਾ ਬਣੇ ਤਾਂ ਇਸ ਵਿਚ ਕਿਸੇ ਨੂੰ ਕੀ ਸ਼ਿਕਾਇਤ ਹੋ ਸਕਦੀ ਹੈ।

ਹੁਣ ਆਉਂਦੀ ਹੈ ਤੀਸਰੀ ਗੱਲ। ਰਸਮੋ-ਰਿਵਾਜ—ਸਰਸਵਤੀ ਪੂਜਾ ਵਾਲੇ ਦਿਨ, ਸਰਸਵਤੀ ਦੀ ਮੂਰਤੀ ਦਾ ਜਲੂਸ ਨਿਕਲਣਾ ਜ਼ਰੂਰੀ ਹੈ ਅਤੇ ਉਸ ਵਿਚ ਅੱਗੇ-ਅੱਗੇ ਵਾਜਾ ਵਜਾਉਣਾ ਵੀ ਜ਼ਰੂਰੀ ਹੈ। ਪਰ ਹੈਰੀਸਨ ਰੋਡ ਦੇ ਰਸਤੇ ਵਿਚ ਇਕ ਮਸਜਿਦ ਵੀ ਪੈਂਦੀ ਹੈ। ਇਸਲਾਮ ਮਜ਼ਹਬ ਕਹਿੰਦਾ ਹੈ ਕਿ ਮਸਜਿਦ ਅੱਗੇ ਵਾਜਾ ਨਾ ਵੱਜੇ। ਹੁਣ ਕੀ ਹੋਣਾ ਚਾਹੀਦਾ ਹੈ ? **Civil Rights of a Citizen** ਸ਼ਹਿਰੀ ਹਕੂਕ ਕਹਿੰਦੇ ਹਨ ਕਿ ਬਾਜ਼ਾਰ ਵਿਚੋਂ ਵਾਜਾ ਵਜਾਉਂਦਿਆਂ ਹੋਇਆਂ ਵੀ ਜਾ ਸਕੀਦਾ ਹੈ, ਪਰ ਮਜ਼ਹਬ ਕਹਿੰਦਾ ਹੈ ਨਹੀਂ। ਇਨ੍ਹਾਂ ਦੇ ਮਜ਼ਹਬ ਵਿਚ ਗਾਂ ਦੀ ਕੁਰਬਾਨੀ ਜ਼ਰੂਰੀ ਹੈ ਤੇ ਦੂਸਰੇ ਦੇ ਵਿਚ ਗਊ ਦੀ ਪੂਜਾ ਲਿਖੀ ਹੋਈ ਹੈ, ਹੁਣ ਕੀ ਹੋਵੇ ? ਪਿੱਪਲ ਦੀ ਟਾਹਣੀ ਨੂੰ ਵੱਢਦਿਆਂ ਹੀ ਮਜ਼ਹਬ ਵਿਚ ਫ਼ਰਕ ਆ ਜਾਂਦਾ ਹੈ, ਤੇ ਕੀ ਕੀਤਾ ਜਾਵੇ ? ਅਤੇ ਇਹ ਫ਼ਿਲਾਸਫ਼ੀ ਤੇ ਰਸਮੋ-ਰਿਵਾਜ ਵਾਲੇ ਛੋਟੇ ਭੇਦ ਪਿੱਛੋਂ ਜਾ ਕੇ **National Religion** ਬਣ ਜਾਂਦੇ ਹਨ ਤੇ ਜੁਦਾ-ਜੁਦਾ ਜਥੇਬੰਦੀ ਦਾ ਕਾਰਨ ਹੁੰਦੇ ਹਨ, ਨਤੀਜਾ ਸਾਹਮਣੇ ਹੈ।

ਸੋ ਅਗਰ ਮਜ਼ਹਬ ਪਿਛਲੀ ਤੀਜੀ ਗੱਲ ਅਤੇ ਦੂਜੀ ਗੱਲ ਦੇ ਨਾਲ ਅੰਧ-ਵਿਸ਼ਵਾਸ ਮਿਲਾਉਣ ਦਾ ਨਾਮ ਹੈ ਤਾਂ ਮਜ਼ਹਬ ਦੀ ਕੋਈ ਲੋੜ ਨਹੀਂ। ਕੱਲ੍ਹ ਨੂੰ ਨਹੀਂ ਅੱਜ ਹੀ ਉਡਾ ਦੇਣਾ ਚਾਹੀਦਾ ਹੈ। ਜੇ ਪਹਿਲੀ ਗੱਲ 'ਤੇ ਦੂਜੀ ਵਿਚ ਆਜ਼ਾਦ-ਖ਼ਿਆਲੀ ਮਿਲਾ ਕੇ ਮਜ਼ਹਬ ਹੁੰਦਾ ਹੈ ਤਾਂ ਮੁਬਾਰਕ ਹੋਵੇ ਮਜ਼ਹਬ ਪਰ ਜੁਦੀ-ਜੁਦੀ ਫ਼ਿਰਕਬੰਦੀ ਅਤੇ ਖਾਣ-ਪੀਣ ਦਾ ਭੇਦ-ਭਾਵ ਹਰ ਸੂਰਤ ਵਿਚ ਮਿਟਾਉਣਾ ਜ਼ਰੂਰੀ ਹੈ, ਛੂਤ-ਅਛੂਤ ਲਫ਼ਜ਼ਾਂ ਨੂੰ ਜੜ੍ਹੋਂ ਵੱਢਣਾ ਪਵੇਗਾ।

ਜਿੰਨਾ ਚਿਰ ਅਸੀਂ ਆਪਣੀ ਤੰਗਦਿਲੀ ਛੱਡ ਕੇ ਇਕੱਠੇ ਨਾ ਹੋਵਾਂਗੇ ਓਨਾ ਚਿਰ ਸਾਡੇ ਵਿਚ ਹਕੀਕੀ ਇਤਫ਼ਾਕ ਨਹੀਂ ਹੋ ਸਕਦਾ। ਇਸ ਕਰ ਕੇ ਉਪਰ ਲਿਖੀ ਗੱਲ ਦੇ ਮੁਤਾਬਕ ਚੱਲਣ ਪਰ ਹੀ ਅਸੀਂ ਆਜ਼ਾਦੀ ਵੱਲ ਵਧ ਸਕਦੇ ਹਾਂ। ਸਾਡੀ ਆਜ਼ਾਦੀ ਦਾ ਮਤਲਬ ਕੇਵਲ ਅੰਗਰੇਜ਼ੀ ਚੁੰਗਲ ਤੋਂ ਛੁਟਕਾਰਾ ਪਾਉਣ ਦਾ ਹੀ ਨਾਮ ਨਹੀਂ, ਉਸ ਪੂਰਨ ਆਜ਼ਾਦੀ ਦਾ ਨਾਉਂ ਹੈ, ਜਦੋਂ ਕਿ ਲੋਕੀਂ ਆਪੋ ਵਿਚ ਘੁਲ-ਮਿਲ ਕੇ ਰਹਿਣਗੇ ਅਤੇ ਦਿਮਾਗ਼ੀ ਗ਼ੁਲਾਮੀ ਤੋਂ ਵੀ ਆਜ਼ਾਦ ਹੋ ਜਾਣਗੇ।

## ਫ਼ਿਰਕੂ ਫ਼ਸਾਦ ਅਤੇ ਉਨ੍ਹਾਂ ਦਾ ਇਲਾਜ

*ਜੂਨ,* **1929**

*(ਫ਼ਿਰਕਾਦਾਰਾਨਾ ਫ਼ਸਾਦ, **1919** ਦੇ ਜਲ੍ਹਿਆਂਵਾਲੇ ਬਾਗ਼ ਦੇ ਬਾਅਦ ਅੰਗਰੇਜ਼ੀ ਸਰਕਾਰ ਨੇ ਖ਼ੂਬ ਪ੍ਰਚਾਰਨੇ ਸ਼ੁਰੂ ਕਰ ਦਿੱਤੇ ਸਨ। ਇਸੇ ਦੇ ਅਸਰ ਹੇਠ **1924** ਵਿਚ ਕੋਹਾਟ ਦੇ ਮੁਕਾਮ 'ਤੇ ਬਹੁਤ ਹੀ ਗ਼ੈਰ-ਇਨਸਾਨੀ ਢੰਗ ਨਾਲ ਮੁਸਲਮਾਨ-ਹਿੰਦੂ ਦੰਗੇ ਹੋਏ। ਇਸ ਦੇ ਬਾਅਦ ਕੌਮੀ ਰਾਜਨੀਤਿਕ ਚੇਤਨਾ ਵਿਚ ਫ਼ਿਰਕੂ ਫ਼ਸਾਦਾਂ 'ਤੇ ਖ਼ੂਬ ਬਹਿਸ ਚੱਲੀ। ਇਨ੍ਹਾਂ ਨੂੰ ਖ਼ਤਮ ਕਰਨ ਦੀ ਲੋੜ ਤਾਂ ਸਭ ਨੇ ਮਹਿਸੂਸ ਕੀਤੀ ਪਰ ਕਾਂਗਰਸੀ ਨੇਤਾਵਾਂ ਨੇ ਮੁਸਲਮਾਨ-ਹਿੰਦੂ ਨੇਤਾਵਾਂ ਵਿਚ ਸੁਲਾਹਨਾਮਾ ਲਿਖਾ ਕੇ ਫ਼ਸਾਦਾਂ ਨੂੰ ਰੋਕਣ ਦੇ ਯਤਨ ਕੀਤੇ। — 'ਕਿਰਤੀ')*

ਭਾਰਤਵਰਸ਼ ਦੀ ਇਸ ਵੇਲੇ ਬੜੀ ਤਰਸਯੋਗ ਹਾਲਤ ਹੈ। ਇਕ ਧਰਮ ਦੇ ਪਿਛ-ਲੱਗ ਦੂਜੇ ਧਰਮ ਦੇ ਜਾਨੀ ਦੁਸ਼ਮਣ ਹਨ। ਹੁਣ ਤਾਂ ਇਕ ਧਰਮ ਦੇ ਹੋਣਾ ਹੀ ਦੂਜੇ ਧਰਮ ਦੇ ਕੱਟੜ ਵੈਰੀ ਹੋਣਾ ਹੈ, ਜੇ ਇਸ ਗੱਲ ਦਾ ਅਜੇ ਵੀ ਯਕੀਨ ਨਾ ਹੋਵੇ ਤਾਂ ਲਾਹੌਰ ਦੇ ਤਾਜ਼ੇਫ਼ਸਾਦ ਹੀ ਦੇਖ ਲਓ। ਕਿੰਦਾਂ ਮੁਸਲਮਾਨਾਂ ਨੇ ਬੇਗੁਨਾਹਾਂ ਸਿੱਖਾਂ, ਹਿੰਦੂਆਂ ਦੇ ਆਹੂ ਲਾਹੇ ਹਨ, ਤੇ ਕਿੰਦਾਂ ਸਿੱਖਾਂ ਨੇ ਵੀ ਲੱਗਦੀ ਵਾਹ ਕੋਈ ਕਸਰ ਨਹੀਂ ਛੱਡੀ ਹੈ। ਇਹ ਆਹੂ ਇਸ ਲਈ ਨਹੀਂ ਲਾਹੇ ਕਿ ਫਲਾਣਾ ਪੁਰਸ਼ ਦੋਸ਼ੀ ਹੈ, ਸਗੋਂ ਇਸ ਲਈ ਲਾਹੇ ਗਏ ਹਨ ਕਿ ਫਲਾਣਾ ਪੁਰਸ਼ ਹਿੰਦੂ ਹੈ ਜਾਂ ਸਿੱਖ ਹੈ ਜਾਂ ਮੁਸਲਮਾਨ ਹੈ। ਬੱਸ, ਕਿਸੇ ਪੁਰਸ਼ ਦਾ ਸਿੱਖ ਜਾਂ ਹਿੰਦੂ ਹੋਣਾ ਮੁਸਲਮਾਨਾਂ ਦੇ ਕਤਲ ਲਈ ਕਾਫ਼ੀ ਕਾਰਨ ਸੀ ਅਤੇ ਇਸੇ ਤਰ੍ਹਾਂ ਹੀ ਕਿਸੇ ਪੁਰਸ਼ ਦਾ ਮੁਸਲਮਾਨ ਹੋਣਾ ਹੀ, ਉਸ ਦੀ ਜਾਨ ਲੈਣ ਲਈ ਕਾਫ਼ੀ ਦਲੀਲ ਸੀ। ਜਦ ਇਹੋ ਜਿਹੀ ਹਾਲਤ ਹੋਵੇ ਤਾਂ ਹਿੰਦੋਸਤਾਨ ਦਾ ਅੱਲਾ ਹੀ ਬੇਲੀ ਹੈ।

ਇਸ ਹਾਲਤ ਵਿਚ ਹਿੰਦੋਸਤਾਨ ਦਾ ਭਵਿੱਖ ਬੜਾ ਕਾਲਾ ਨਜ਼ਰ ਆਉਂਦਾ ਹੈ। ਇਨ੍ਹਾਂ 'ਧਰਮਾਂ' ਨੇ ਭਾਰਤਵਰਸ਼ ਦਾ ਬੇੜਾ ਗ਼ਰਕ ਕਰ ਛੱਡਿਆ ਹੈ ਅਤੇ ਅਜੇ ਪਤਾ ਨਹੀਂ ਹੈ ਕਿ ਇਹ ਧਾਰਮਕ ਫ਼ਸਾਦ ਭਾਰਤਵਰਸ਼ ਦਾ ਖਹਿੜਾ ਕਦੋਂ ਛੱਡਣਗੇ ? ਇਨ੍ਹਾਂ ਫ਼ਸਾਦਾਂ ਨੇ ਸੰਸਾਰ ਦੀਆਂ ਅੱਖਾਂ ਵਿਚ ਹਿੰਦੋਸਤਾਨ ਨੂੰ ਬਦਨਾਮ ਕਰ ਛੱਡਿਆ ਹੈ ਅਤੇ ਅਸਾਂ ਵੇਖਿਆ ਹੈ ਕਿ ਇਸ ਅੰਧ-ਵਿਸ਼ਵਾਸੀ ਵਹਿਣ ਵਿਚ ਸਭ ਵਹਿ ਜਾਂਦੇ ਹਨ। ਕੋਈ ਵਿਰਲਾ ਹੀ ਹਿੰਦੂ, ਮੁਸਲਮਾਨ ਜਾਂ ਸਿੱਖ ਹੁੰਦਾ ਹੈ ਜਿਹੜਾ ਆਪਣਾ ਦਿਮਾਗ਼ ਠੰਡਾ ਰੱਖਦਾ ਹੈ, ਬਾਕੀ ਸਭ ਦੇ ਸਭ ਇਹ ਨਾਮਧਰੀਕ ਧਰਮੀ ਆਪਣੇ ਨਾਮਧਰੀਕ ਧਰਮ ਦਾ ਰੋਹਬ ਕਾਇਮ ਰੱਖਣ ਲਈ ਡੰਡੇ ਸੋਟੇ, ਤਲਵਾਰਾਂ, ਛੁਰੀਆਂ ਹੱਥ ਫੜ ਲੈਂਦੇ ਹਨ ਅਤੇ ਆਪਸ ਵਿਚ ਸਿਰ ਪਾੜ-ਪਾੜ ਕੇ ਮਰ ਜਾਂਦੇ ਹਨ। ਰਹਿੰਦੇ ਖੂੰਹਦੇ ਕੁਛ ਤਾਂ ਫਾਹੇ ਲੱਗ ਜਾਂਦੇ ਹਨ ਅਤੇ ਕੁਝ ਜੇਲ੍ਹਾਂ ਵਿਚ

ਸੁੱਟ ਦਿੱਤੇ ਜਾਂਦੇ ਹਨ। ਏਦਾਂ ਖ਼ੂਨ-ਖ਼ਰਾਬਾ ਹੋ ਕੇ ਇਨ੍ਹਾਂ 'ਧਰਮੀਆਂ' ਉੱਪਰ ਡੰਡਾ ਵਰ੍ਹਦਾ ਹੈ ਤੇ ਫਿਰ ਇਨ੍ਹਾਂ ਦੇ ਦਿਮਾਗ ਦਾ ਕੀੜਾ ਆਪਣੇ ਆਪ ਟਿਕਾਣੇ ਆ ਜਾਂਦਾ ਹੈ।

ਜਿਥੋਂ ਤਕ ਵੇਖਿਆ ਗਿਆ ਹੈ, ਇਨ੍ਹਾਂ ਫ਼ਸਾਦਾਂ ਦੇ ਪਿੱਛੇ ਫ਼ਿਰਕੂ ਲੀਡਰਾਂ ਅਤੇ ਅਖ਼ਬਾਰਾਂ ਦਾ ਹੱਥ ਹੁੰਦਾ ਹੈ। ਇਸ ਵੇਲੇ ਹਿੰਦੋਸਤਾਨ ਦੇ ਲੀਡਰਾਂ ਨੇ ਉਹ ਗਹੋ-ਗਾਲ਼ ਛੱਡੀ ਹੈ, ਕਿ ਚੁੱਪ ਹੀ ਭਲੀ! ਉਹੋ ਲੀਡਰ ਜਿਨ੍ਹਾਂ ਨੇ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਦਾ ਭਾਰ ਆਪਣੇ ਸਿਰ 'ਤੇ ਚੁੱਕਿਆ ਹੋਇਆ ਸੀ ਅਤੇ ਜਿਹੜੇ 'ਸਾਂਝੀ ਕੌਮੀਅਤ' ਅਤੇ 'ਸਵਰਾਜ ਸਾਮਰਾਜ' ਦੇ ਦਮਗਜੇ ਮਾਰਦੇ ਨਹੀਂ ਥੱਕਦੇ, ਉਹ, ਜਾਂ ਤਾਂ ਆਪਣੀਆਂ ਸਿਰੀਆਂ ਲੁਕਾਈ ਚੁੱਪ ਬੈਠੇ ਹਨ ਜਾਂ ਏਸੇ ਧਰਮਵਾਰ ਵਹਿਣ ਵਿਚ ਵਹਿ ਗਏ ਹਨ। ਸਿਰੀਆਂ ਲੁਕਾ ਕੇ ਬੈਠਣ ਵਾਲੇ ਲੀਡਰਾਂ ਦੀ ਗਿਣਤੀ ਵੀ ਥੋੜ੍ਹੀ ਹੈ? ਪਰ ਉਹ ਲੀਡਰ ਜਿਹੜੇ ਫ਼ਿਰਕੂ ਲਹਿਰ ਵਿਚ ਜਾ ਰਲੇ ਹਨ, ਉਹੋ ਜਿਹੇ ਤਾਂ ਬਹੁਤ ਹਨ। ਇਕ ਢੀਮ ਪੁੱਟਿਆਂ ਸੌ ਨਿਕਲਦੇ ਹਨ। ਇਸ ਵੇਲੇ ਉਹ ਆਗੂ ਜਿਹੜੇ ਕਿ ਦਿਲੋਂ ਸਾਂਝਾ ਭਲਾ ਚਾਹੁੰਦੇ ਹਨ; ਬਹੁਤ ਹੀ ਥੋੜ੍ਹੇ ਹਨ ਅਤੇ ਧਰਮਵਾਰ ਲਹਿਰ ਦਾ ਇਤਨਾ ਪਰਬਲ ਹੜ੍ਹ ਆਇਆ ਹੈ ਕਿ ਉਹ ਵੀ ਇਸ ਹੜ੍ਹ ਨੂੰ ਠੱਲ੍ਹ ਨਹੀਂ ਪਾ ਸਕੇ ਹਨ। ਇੰਝ ਜਾਪਦਾ ਹੈ ਕਿ ਹਿੰਦੋਸਤਾਨ ਵਿਚ ਤਾਂ ਲੀਡਰੀ ਦਾ ਦੀਵਾਲਾ ਨਿਕਲ ਗਿਆ ਹੈ।

ਦੂਜੇ ਸੱਜਣ ਜਿਹੜੇ ਫ਼ਿਰਕੂ ਅੱਗ ਨੂੰ ਭੜਕਾਉਣ ਵਿਚ ਖ਼ਾਸ ਹਿੱਸਾ ਲੈਂਦੇ ਰਹੇ ਹਨ, ਉਹ ਅਖ਼ਬਾਰਾਂ ਵਾਲੇ ਹਨ।

ਅਖ਼ਬਾਰ-ਨਵੀਸੀ ਦਾ ਪੇਸ਼ਾ, ਜਿਹੜਾ ਕਦੇ ਬੜਾ ਉੱਚਾ ਸਮਝਿਆ ਜਾਂਦਾ ਸੀ, ਅੱਜ ਬਹੁਤ ਹੀ ਗੰਦਾ ਹੋ ਗਿਆ ਹੈ। ਇਹ ਲੋਕ ਇਕ ਦੂਜੇ ਦੇ ਬਰਖ਼ਿਲਾਫ਼ ਬੜੇ ਮੋਟੇ-ਮੋਟੇ ਸਿਰਲੇਖ ਦੇ ਕੇ ਲੋਕਾਂ ਦੇ ਜਜ਼ਬਾਤ ਭੜਕਾਉਂਦੇ ਹਨ ਤੇ ਆਪਸ ਵਿਚ ਡਾਂਗੋ-ਸੋਟੀ ਕਰਾਉਂਦੇ ਹਨ। ਇਕ-ਦੋ ਥਾਈਂ ਨਹੀਂ, ਕਿੰਨੀ ਹੀ ਥਾਈਂ ਇਸ ਲਈ ਫ਼ਸਾਦ ਹੋਏ ਹਨ ਕਿ ਲੋਕਲ ਅਖ਼ਬਾਰਾਂ ਨੇ ਬੜੇ ਭੜਕੀਲੇ ਲੇਖ ਲਿਖੇ ਸਨ। ਉਹ ਲਿਖਾਰੀ, ਜਿਨ੍ਹਾਂ ਨੇ ਇਨ੍ਹਾਂ ਦਿਨਾਂ ਵਿਚ ਦਿਲ ਤੇ ਦਿਮਾਗ ਠੰਡੇ ਰੱਖੇ ਹਨ, ਉਹ ਬਹੁਤ ਹੀ ਘੱਟ ਹਨ।

ਅਖ਼ਬਾਰਾਂ ਦਾ ਅਸਲੀ ਫ਼ਰਜ਼ ਤਾਂ ਵਿਦਿਆ ਦੇਣੀ, ਤੰਗਦਿਲੀ ਵਿਚੋਂ ਲੋਕਾਂ ਨੂੰ ਕੱਢਣਾ, ਤੁਅੱਸਬ ਦੂਰ ਕਰਨਾ, ਆਪਸ ਵਿਚ ਪ੍ਰੇਮ ਮਿਲਾਪ ਪੈਦਾ ਕਰਨਾ ਤੇ ਹਿੰਦੋਸਤਾਨ ਦੀ ਸਾਂਝੀ ਕੌਮੀਅਤ ਬਣਾਉਣਾ ਸੀ, ਪਰ ਇਨ੍ਹਾਂ ਨੇ ਆਪਣਾ ਫ਼ਰਜ਼ ਇਨ੍ਹਾਂ ਸਾਰੇ ਹੀ ਅਸੂਲਾਂ ਦੇ ਉਲਟ ਬਣਾ ਲਿਆ ਹੈ। ਇਨ੍ਹਾਂ ਨੇ ਆਪਣਾ ਮੁੱਖ ਮੰਤਵ ਅਗਿਆਨ ਭਰਨਾ, ਤੰਗਦਿਲੀ ਦਾ ਪ੍ਰਚਾਰ ਕਰਨਾ, ਤੁਅੱਸਬੀ ਬਣਾਉਣਾ, ਲੜਾਈ-ਝਗੜੇ ਕਰਾਉਣਾ ਅਤੇ ਹਿੰਦੋਸਤਾਨ ਦੀ ਸਾਂਝੀ ਕੌਮੀਅਤ ਨੂੰ ਤਬਾਹ ਕਰਨਾ ਬਣਾ ਲਿਆ ਹੋਇਆ ਹੈ। ਇਹੋ ਕਾਰਨ ਹੈ ਕਿ ਭਾਰਤਵਰਸ਼ ਦੀ ਵਰਤਮਾਨ ਦਸ਼ਾ ਦਾ ਖ਼ਿਆਲ ਕਰ ਕੇ ਰੱਤ ਦੇ ਹੰਝੂ ਆਉਣ ਲੱਗ ਜਾਂਦੇ ਹਨ ਤੇ ਦਿਲ ਵਿਚ ਸਵਾਲ ਉਠਦਾ ਹੈ ਕਿ ਹਿੰਦੋਸਤਾਨ ਦਾ ਕੀ ਬਣੂੰ?

ਜਿਹੜੇ ਸੱਜਣ ਨਾ-ਮਿਲਵਰਤਣ ਦੇ ਦਿਨਾਂ ਦੇ ਜੋਸ਼ ਤੇ ਉਭਾਰ ਨੂੰ ਜਾਣਦੇ ਹਨ, ਉਨ੍ਹਾਂ ਨੂੰ ਇਹ ਹਾਲਤ ਵੇਖ ਕੇ ਰੋਣ ਆਉਂਦਾ ਹੈ। ਕਿਥੇ ਉਹ ਦਿਨ ਸਨ ਕਿ ਸੁਤੰਤਰਤਾ ਦੀ ਝਲਕ ਸਾਹਮਣੇ ਪਈ ਨਜ਼ਰ ਆਉਂਦੀ ਸੀ ਤੇ ਕਿੱਥੇ ਅੱਜ ਆਹ ਦਿਨ ਹਨ ਕਿ ਸਵਰਾਜ ਸੁਪਨਾ ਜਿਹਾ ਹੋਇਆ ਹੋਇਆ ਹੈ। ਬਸ, ਇਹੋ ਹੀ ਤੀਜਾ ਲਾਭ ਹੈ, ਜਿਹੜਾ ਇਨ੍ਹਾਂ ਫ਼ਸਾਦਾਂ ਨਾਲ, ਪਾਰਟੀ ਜਾਬਰਸ਼ਾਹੀ ਨੂੰ ਹੋਇਆ ਹੈ। ਉਹੋ ਨੌਕਰਸ਼ਾਹੀ, ਜਿਸ ਦੀ ਹੋਂਦ ਨੂੰ ਖ਼ਤਰਾ ਪਿਆ ਹੋਇਆ ਸੀ, ਕਿ ਉਹ ਕੱਲ੍ਹ ਵੀ ਨਹੀਂ ਹੈ, ਪਰਸੋਂ ਵੀ ਨਹੀਂ, ਅੱਜ ਇਤਨੀਆਂ ਮਜ਼ਬੂਤ ਜੜ੍ਹਾਂ 'ਤੇ ਬੈਠੀ ਹੈ ਕਿ ਉਸ ਨੂੰ ਹਿਲਾਉਣਾ ਕੋਈ ਮਾੜਾ-ਮੋਟਾ ਕੰਮ ਨਹੀਂ ਹੈ।

ਜੇ ਇਨ੍ਹਾਂ ਫ਼ਿਰਕੂ ਫ਼ਸਾਦਾਂ ਦਾ ਜੜ੍ਹ ਦਾ ਕਾਰਨ ਲੱਭੀਏ ਤਾਂ ਸਾਨੂੰ ਤਾਂ ਇਹ ਕਾਰਨ ਆਰਥਕ ਹੀ ਜਾਪਦਾ ਹੈ। ਨਾ-ਮਿਲਵਰਤਣ ਦੇ ਦਿਨਾਂ ਵਿਚ ਲੀਡਰਾਂ ਤੇ ਅਖ਼ਬਾਰ-ਨਵੀਸਾਂ ਨੇ ਢੇਰ ਕੁਰਬਾਨੀਆਂ ਕੀਤੀਆਂ ਸਨ। ਉਨ੍ਹਾਂ ਦੀ ਆਰਥਕ ਦਸ਼ਾ ਖ਼ਰਾਬ ਹੋ ਗਈ ਹੋਈ ਸੀ। ਨਾ-ਮਿਲਵਰਤਣ ਦੇ ਪਿੱਛੋਂ ਮੱਧਮ ਪੈ ਜਾਣ ਕਰ ਕੇ ਲੀਡਰਾਂ ਦੀ ਕੋਈ ਬੇ-ਇਤਬਾਰੀ ਜਿਹੀ ਹੋ ਗਈ। ਜਿਸ ਲਈ ਅੱਜਕਲ੍ਹ ਦੇ ਬਹੁਤ ਸਾਰੇ ਫ਼ਿਰਕੂ ਲੀਡਰਾਂ ਦੇ ਰੋਜ਼ਗਾਰ ਰੁਕ ਗਏ ਹਨ। ਸੰਸਾਰ ਵਿਚ ਜਿਹੜਾ ਕੰਮ ਸ਼ੁਰੂ ਹੁੰਦਾ ਹੈ ਉਸ ਦੀ ਤਹਿ ਵਿਚ ਪੇਟ ਦਾ ਸੁਆਲ ਜ਼ਰੂਰ ਹੁੰਦਾ ਹੈ। ਕਾਰਲ ਮਾਰਕਸ ਦੇ ਵੱਡੇ-ਵੱਡੇ ਤਿੰਨ ਅਸੂਲਾਂ ਵਿਚੋਂ ਇਹ ਮੁੱਖ ਅਸੂਲ ਹੈ। ਅਸੂਲ ਦਾ ਕਾਰਨ ਹੀ ਤਬਲੀਗ, ਤਨਜ਼ੀਮ ਅਤੇ ਸ਼ੁੱਧੀ ਤੇ ਸੰਗਠਨ ਸ਼ੁਰੂ ਹੋਏ ਤੇ ਏਸੇ ਕਾਰਨ ਹੀ ਅੱਜ ਸਾਡੀ ਉਹ ਦੁਰਦਸ਼ਾ ਹੋਈ ਜਿਹੜੀ ਕਿ ਬਿਆਨ ਤੋਂ ਬਾਹਰ ਹੈ।

ਬੱਸ ਸਾਰੇ ਫ਼ਸਾਦਾਂ ਦਾ ਇਲਾਜ ਜੇ ਕੋਈ ਹੋ ਸਕਦਾ ਹੈ ਤਾਂ ਉਹ ਹਿੰਦੋਸਤਾਨ ਦੀ ਆਰਥਕ ਦਸ਼ਾ ਦੇ ਸੁਧਾਰ ਨਾਲ ਹੀ ਹੋ ਸਕਦਾ ਹੈ। ਕਿਉਂਕਿ ਭਾਰਤਵਰਸ਼ ਦੇ ਆਮ ਲੋਕਾਂ ਦੀ ਆਰਥਕ ਹਾਲਤ ਇੰਨੀ ਭੈੜੀ ਹੈ ਕਿ ਇਕ ਪੁਰਸ਼ ਨੂੰ ਚਾਰ ਆਨੇ ਦੇ ਕੇ ਦੂਜੇ ਨੂੰ ਬੇ-ਇੱਜ਼ਤ ਕਰਵਾਇਆ ਜਾ ਸਕਦਾ ਹੈ। ਭੁੱਖ ਤੇ ਦੁੱਖ ਤੋਂ ਆਤਰ ਹੋ ਕੇ ਮਨੁੱਖ ਸਭ ਅਸੂਲ ਛਿੱਕੇ 'ਤੇ ਟੰਗ ਦਿੰਦਾ ਹੈ। ਸੱਚ ਹੈ ਮਰਦਾ ਕੀ ਨਾ ਕਰਦਾ!

ਪਰ ਵਰਤਮਾਨ ਹਾਲਤ ਵਿਚ ਆਰਥਕ ਸੁਧਾਰ ਹੋਣਾ ਅਤੀ ਕਠਿਨ ਹੈ। ਕਿਉਂਕਿ ਸਰਕਾਰ ਬਦੇਸ਼ੀ ਹੈ ਤੇ ਇਹੋ ਹੀ ਲੋਕਾਂ ਦੀ ਹਾਲਤ ਨੂੰ ਸੁਧਰਨ ਨਹੀਂ ਦਿੰਦੀ ਹੈ। ਇਸ ਲਈ ਏਸੇ ਦੇ ਪਿੱਛੇ ਹੱਥ ਧੋ ਕੇ ਪੈਣਾ ਚਾਹੀਦਾ ਹੈ ਕਿ ਜਦ ਤਕ ਇਹ ਬਦਲ ਨਾ ਜਾਵੇ ਆਰਾਮ ਨਹੀਂ ਲੈਣਾ ਚਾਹੀਦਾ ਹੈ।

ਲੋਕਾਂ ਨੂੰ ਆਪਸ ਵਿਚ ਲੜਨ ਤੋਂ ਰੋਕਣ ਲਈ ਸ਼੍ਰੇਣੀ ਜਾਗ੍ਰਿਤੀ ਦੀ ਲੋੜ ਹੈ। ਗ਼ਰੀਬਾਂ, ਕਿਰਤੀਆਂ ਤੇ ਕਿਰਸਾਣਾਂ ਨੂੰ ਸਾਫ਼ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ, ਇਸ ਲਈ ਤੁਹਾਨੂੰ ਇਨ੍ਹਾਂ ਦੇ ਹੱਥਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ, ਤੇ ਇਨ੍ਹਾਂ ਦੇ ਹੱਥ 'ਤੇ ਚੜ੍ਹ ਕੇ ਕੁਛ ਨਹੀਂ ਕਰਨਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗ਼ਰੀਬਾਂ ਦੇ, ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇਕੋ ਹੀ ਹਨ। ਤੁਹਾਡਾ

ਭਲਾ ਇਸੇ ਵਿਚ ਹੈ ਕਿ ਤੁਸੀਂ ਧਰਮ, ਰੰਗ, ਨਸਲ ਅਤੇ ਕੌਮ ਤੇ ਮੁਲਕ ਦੇ ਭਿੰਨ-ਭੇਦ ਨੂੰ ਮਿਟਾ ਕੇ ਇਕੱਠੇ ਹੋ ਜਾਉ ਅਤੇ ਗਵਰਨਮੈਂਟ ਦੀ ਤਾਕਤ ਨੂੰ ਆਪਣੇ ਹੱਥ ਵਿਚ ਲੈਣ ਦਾ ਯਤਨ ਕਰੋ । ਇਨ੍ਹਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ ਨਹੀਂ ਹੋਵੇਗਾ, ਕਿਸੇ ਦਿਨ ਤੁਹਾਡੇ ਸੰਗਲ ਜ਼ਰੂਰ ਕੱਟੇ ਜਾਣਗੇ ਤੇ ਤੁਹਾਨੂੰ ਆਰਥਕ ਸੁਤੰਤਰਤਾ ਮਿਲ ਜਾਵੇਗੀ ।

ਜਿਨ੍ਹਾਂ ਲੋਕਾਂ ਨੂੰ ਰੂਸ ਦੇ ਇਤਿਹਾਸ ਦਾ ਪਤਾ ਹੈ ਉਹ ਜਾਣਦੇ ਹਨ ਕਿ ਜ਼ਾਰ ਦੇ ਵੇਲੇ ਉਥੇ ਵੀ ਇਹੋ ਹਿੰਦੋਸਤਾਨ ਵਾਲੀ ਹਾਲਤ ਸੀ, ਉਥੇ ਵੀ ਕਿੰਨੇ ਹੀ ਫਿਰਕੇ ਸਨ ਜਿਹੜੇ ਆਪਸ ਵਿਚ ਛਿੱਤਰ-ਪੌਲਾ ਹੀ ਖੜਕਾਉਂਦੇ ਰਹਿੰਦੇ ਸਨ, ਪਰ ਜਿਸ ਦਿਨ ਤੋਂ ਕਿਰਤੀ ਰਾਜ ਹੋਇਆ ਹੈ, ਉਥੇ ਨਕਸ਼ਾ ਹੀ ਬਦਲ ਗਿਆ ਹੈ । ਹੁਣ ਉਥੇ ਕਦੇ ਫ਼ਸਾਦ ਹੋਏ ਹੀ ਨਹੀਂ, ਹੁਣ ਉਥੇ ਹਰ ਇਕ ਨੂੰ 'ਇਨਸਾਨ' ਸਮਝਿਆ ਜਾਂਦਾ ਹੈ । 'ਧਰਮੀ' ਨਹੀਂ । ਜ਼ਾਰ ਦੇ ਵੇਲੇ ਲੋਕਾਂ ਦੀ ਆਰਥਕ ਦਸ਼ਾ ਬਹੁਤ ਹੀ ਭੈੜੀ ਸੀ । ਇਸ ਲਈ ਸਭ ਫ਼ਸਾਦ-ਝਗੜੇ ਹੁੰਦੇ ਸਨ । ਪਰ ਹੁਣ ਰੂਸੀਆਂ ਦੀ ਆਰਥਿਕ ਹਾਲਤ ਸੁਧਰ ਗਈ ਹੈ ਤੇ ਉਨ੍ਹਾਂ ਵਿਚ ਸ਼੍ਰੇਣੀ-ਜਾਗ੍ਰਿਤੀ ਘਰ ਕਰ ਗਈ ਹੈ । ਇਸ ਲਈ ਉਥੇ ਹੁਣ ਤਾਂ ਕਦੇ ਕੋਈ ਫ਼ਸਾਦ ਸੁਣਨ ਵਿਚ ਨਹੀਂ ਆਏ ।

ਇਨ੍ਹਾਂ ਫ਼ਸਾਦਾਂ ਵਿਚ ਉਂਞ ਤਾਂ ਬੜੇ ਦਿਲ ਢਾਹੁਣ ਵਾਲੇ ਸਮਾਚਾਰ ਸੁਣੇ ਜਾਂਦੇ ਹਨ ਪਰ ਕਲਕੱਤੇ ਦੇ ਫ਼ਸਾਦਾਂ ਵਿਚ ਇਕ ਗੱਲ ਬੜੀ ਖੁਸ਼ੀ ਵਾਲੀ ਸੁਣੀ ਗਈ ਸੀ । ਉਹ ਇਹ ਸੀ ਕਿ ਉਥੇ ਹੋਏ ਫ਼ਸਾਦਾਂ ਵਿਚ ਟਰੇਡ ਯੂਨੀਅਨਾਂ ਦੇ ਕਿਰਤੀਆਂ ਨੇ ਕੋਈ ਹਿੱਸਾ ਨਹੀਂ ਲਿਆ ਸੀ । ਤੇ ਨਾ ਹੀ ਉਹ ਆਪਸ ਵਿਚ ਗੁੱਥਮ-ਗੁੱਥਾ ਹੋਏ ਸਨ । ਸਗੋਂ ਉਹ ਬੜੇ ਪ੍ਰੇਮ ਨਾਲ ਸਾਰੇ ਹੀ ਹਿੰਦੂ-ਮੁਸਲਮਾਨ ਇਕੱਠੇ ਮਿੱਲਾਂ ਆਦਿ ਵਿਚ ਰਹਿੰਦੇ ਬਹਿੰਦੇ ਸਨ ਤੇ ਫ਼ਸਾਦ ਹਟਾਉਣ ਦੇ ਵੀ ਯਤਨ ਕਰਦੇ ਰਹੇ ਸਨ । ਇਹ ਇਸ ਲਈ ਕਿ ਉਨ੍ਹਾਂ ਵਿਚ ਸ਼੍ਰੇਣੀ-ਜਾਗ੍ਰਿਤੀ ਆਈ ਹੋਈ ਸੀ ਤੇ ਉਹ ਆਪਣੀ ਸ਼੍ਰੇਣੀ ਫ਼ਾਇਦਿਆਂ ਨੂੰ ਭਲੀਭਾਂਤ ਜਾਣਦੇ ਸਨ । ਇਹ ਸ਼੍ਰੇਣੀ-ਜਾਗ੍ਰਿਤੀ ਦਾ ਇਕ ਸੋਹਣਾ ਰਾਹ ਹੈ ਜਿਹੜਾ ਕਿ ਫ਼ਸਾਦ ਰੋਕ ਸਕਦਾ ਹੈ ।

ਇਹ ਖੁਸ਼ੀ ਦੀ ਸੋਅ ਸਾਡੇ ਕੰਨੀਂ ਪਈ ਹੈ ਕਿ ਭਾਰਤ ਦੇ ਨੌਜਵਾਨ ਹੁਣ ਇਹੋ ਜਿਹੇ ਧਰਮਾਂ ਤੋਂ, ਜਿਹੜੇ ਕਿ ਆਪਸ ਵਿਚੀਂ ਲੜਾਉਣਾ ਤੇ ਨਫ਼ਰਤ ਕਰਨਾ ਸਿਖਾਲਦੇ ਹਨ, ਤੰਗ ਆ ਕੇ ਹੱਥ ਧੋਈ ਜਾਂਦੇ ਹਨ ਤੇ ਉਨ੍ਹਾਂ ਵਿਚ ਇੰਨੀ ਖੁੱਲ੍ਹ-ਦਿਲੀ ਆ ਗਈ ਹੈ ਕਿ ਉਹ ਭਾਰਤਵਰਸ਼ ਦੇ ਪੁਰਸ਼ਾਂ ਨੂੰ ਧਰਮ ਦੀ ਨਿਗਾਹ ਨਾਲ ਹਿੰਦੂ ਜਾਂ ਮੁਸਲਮਾਨ ਜਾਂ ਸਿੱਖ ਨਹੀਂ ਵੇਖਦੇ ਸਗੋਂ ਹਰ ਇਕ ਨੂੰ ਪਹਿਲਾਂ ਇਨਸਾਨ ਸਮਝਦੇ ਹਨ ਤੇ ਫਿਰ ਹਿੰਦੋਸਤਾਨੀ । ਭਾਰਤਵਰਸ਼ ਦੇ ਗੱਭਰੂਆਂ ਵਿਚ ਇਨ੍ਹਾਂ ਖਿਆਲਾਂ ਦਾ ਆਉਣਾ ਦੱਸਦਾ ਹੈ ਕਿ ਭਾਰਤ-ਵਰਸ਼ ਦਾ ਅੱਗਾ ਬੜਾ ਚਮਕੀਲਾ ਹੈ ਅਤੇ ਭਾਰਤਵਾਸੀਆਂ ਨੂੰ ਇਹ ਫ਼ਸਾਦ ਆਦਿ ਹੁੰਦੇ ਵੇਖ ਕੇ ਘਬਰਾ ਨਹੀਂ ਜਾਣਾ ਚਾਹੀਦਾ, ਸਗੋਂ ਤਿਆਰ-ਬਰ-ਤਿਆਰ ਹੋ ਕੇ ਵਾਹ ਲਾਉਣੀ ਚਾਹੀਦੀ ਹੈ, ਕਿ ਐਸਾ ਵਾਯੂਮੰਡਲ ਪੈਦਾ ਹੋ ਜਾਵੇ, ਜਿਸ ਨਾਲ ਕਿ ਫ਼ਸਾਦ ਹੋਣ ਹੀ ਨਾ ।

**1914-15** ਦੇ ਸ਼ਹੀਦਾਂ ਨੇ ਧਰਮ ਨੂੰ ਪਾਲੇਟਿਕਸ ਤੋਂ ਵੱਖਰਾ ਕਰ ਦਿੱਤਾ ਹੋਇਆ ਸੀ । ਉਹ ਸਮਝਦੇ ਸਨ ਕਿ ਧਰਮ ਪੁਰਸ਼ਾਂ ਦਾ ਆਪਣਾ ਵੱਖਰਾ ਕਰਤੱਵ ਹੈ, ਤੇ ਇਸ ਵਿਚ ਦੂਜੇ ਦਾ ਕੋਈ ਦਖ਼ਲ ਨਹੀਂ । ਨਾ ਹੀ ਇਸ ਨੂੰ ਰਾਜਨੀਤੀ ਵਿਚ ਘੁਸੇੜਨਾ ਚਾਹੀਦਾ ਹੈ ਕਿਉਂਕਿ ਇਹ ਸਰਬੱਤ ਨੂੰ ਸਾਂਝੇ ਇਕ ਥਾਂ ਮਿਲ ਕੇ ਕੰਮ ਨਹੀਂ ਕਰਨ ਦੇਂਦਾ ਹੈ । ਇਸੇ ਲਈ ਹੀ ਉਹ ਗ਼ਦਰ ਵਰਗੀ ਲਹਿਰ ਵਿਚ ਵੀ ਇਕ-ਮੁੱਠ ਤੇ ਇਕ ਜਾਨ ਰਹੇ ਸਨ ਤੇ ਜਿੱਥੇ ਸਿੱਖ ਵਧ-ਵਧ ਕੇ ਫਾਂਸੀਆਂ 'ਤੇ ਟੰਗੇ ਗਏ ਸਨ ਉਥੇ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ ਸੀ ।

ਇਸ ਵੇਲੇ ਕੁਝ ਹਿੰਦੋਸਤਾਨੀ ਆਗੂ ਵੀ ਮੈਦਾਨ ਵਿਚ ਨਿੱਤਰੇ ਜਾਪਦੇ ਹਨ ਜਿਹੜੇ ਕਿ ਧਰਮ ਨੂੰ ਰਾਜਨੀਤੀ ਤੋਂ ਵੱਖਰਾ ਕਰਨਾ ਚਾਹੁੰਦੇ ਹਨ । ਝਗੜੇ ਮੁਕਾਉਣ ਦਾ ਇਹ ਵੀ ਇਕ ਸੋਹਣਾ ਇਲਾਜ ਹੈ ਅਤੇ ਅਸੀਂ ਇਸ ਦੀ ਪ੍ਰੋੜ੍ਹਤਾ ਕਰਦੇ ਹਾਂ ।

ਜੇ ਧਰਮਾਂ ਨੂੰ ਵੱਖਰਿਆਂ ਕਰ ਦਿੱਤਾ ਜਾਵੇ ਤਾਂ ਅਸੀਂ ਰਾਜਨੀਤੀ ਤੇ ਸਾਰੇ ਹੀ ਇਕੱਠੇ ਹੋ ਸਕਦੇ ਹਾਂ, ਧਰਮਾਂ ਵਿਚ ਭਾਵੇਂ ਅਸੀਂ ਵੱਖਰੇ-ਵੱਖਰੇ ਹੀ ਹੋਈਏ ।

ਸਾਡਾ ਖਿਆਲ ਹੈ, ਕਿ ਹਿੰਦੋਸਤਾਨ ਦੇ ਸੱਚੇ ਦਰਦੀ ਸਾਡੇ ਇਨ੍ਹਾਂ ਦੱਸੇ ਇਲਾਜਾਂ ਵੱਲ ਜ਼ਰੂਰ ਗਹੁ ਕਰਨਗੇ ਤੇ ਹਿੰਦੋਸਤਾਨ ਦਾ ਜਿਹੜਾ ਆਤਮਘਾਤ ਹੋ ਰਿਹਾ ਹੈ, ਇਸ ਤੋਂ ਇਸ ਨੂੰ ਬਚਾਅ ਲੈਣਗੇ ।

## ਅਛੂਤ ਦਾ ਸਵਾਲ

— ਜੂਨ, 1928

*(ਕਾਕੀਨਾੜਾ ਵਿਖੇ 1923 ਵਿਚ ਕਾਂਗਰਸ ਦਾ ਇਜਲਾਸ ਹੋਇਆ । ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ, ਅੱਜਕਲ੍ਹ ਦੀਆਂ ਅਨੁਸੂਚਿਤ ਜਾਤੀਆਂ ਦੇ ਮੈਂਬਰ, ਜਿਨ੍ਹਾਂ ਨੂੰ ਉਦੋਂ ਅਛੂਤ ਕਿਹਾ ਜਾਂਦਾ ਸੀ, ਨੂੰ ਹਿੰਦੂ ਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿਚ ਵੰਡ ਦੇਣ ਦਾ ਸੁਝਾਅ ਦਿੱਤਾ । ਅਮੀਰ ਮੁਸਲਮਾਨ ਇਸ ਲਈ ਪੈਸੇ ਦੇਣ ਨੂੰ ਤਿਆਰ ਹੋਏ ਸਨ, ਜਿਸ ਨੇ ਅਜਿਹੇ ਸੁਝਾਅ ਨੂੰ ਜਨਮ ਦਿੱਤਾ । ਏਸੇ ਤਰ੍ਹਾਂ ਮਜ਼ਹਬੀ ਤੌਰ 'ਤੇ ਵੰਡ ਨੂੰ ਪੱਕਿਆਂ ਕਰਨ ਲਈ ਬਿਰਲੇ ਨੇ ਵੀ ਹਿੰਦੂ ਅਛੂਤ ਉਧਾਰ ਕਮੇਟੀ ਬਣਾਉਣ ਲਈ ਪੈਸੇ ਦੇਣ ਲਈ ਹੱਥ ਅੱਗੇ ਵਧਾਇਆ । ਇਸ ਤਰ੍ਹਾਂ ਅਛੂਤਾਂ ਦੇ 'ਦੋਸਤ' ਉਨ੍ਹਾਂ ਨੂੰ ਧਰਮ ਦੇ ਨਾਂ 'ਤੇ ਪਾੜਨ ਦੇ ਯਤਨ ਕਰਦੇ ਸਨ । ਅਜਿਹੀ ਬਹਿਸ ਦੇ ਸਮੇਂ ਭਗਤ ਸਿੰਘ ਨੇ 'ਅਛੂਤ ਦਾ ਸਵਾਲ' ਨਾਂ ਦਾ ਲੇਖ ਲਿਖਿਆ । ਜੋ ਕਿਰਤੀ ਵਰਗ ਦੀ ਤਾਕਤ ਤੇ ਕਮਜ਼ੋਰੀ ਦਾ ਜਾਇਜ਼ਾ ਲੈ ਕੇ, ਉਨ੍ਹਾਂ ਨੂੰ ਤਰੱਕੀ ਕਰਨ ਲਈ ਠੋਸ ਸੁਝਾਅ ਦਿੰਦਾ ਹੈ । ਇਹ ਲੇਖ ਜੂਨ, 1928 ਦੇ 'ਕਿਰਤੀ' 'ਚ 'ਵਿਦਰੋਹੀ' ਦੇ ਕਲਮੀ ਨਾਂ ਹੇਠ ਛਪਿਆ ਸੀ ।)*

## ਸਮਾਜਿਕ ਇਨਕਲਾਬ ਲਈ ਉੱਠੋ

ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ ਹੋਣੀ। ਇਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੁੰਦੇ ਹਨ। ਇਕ ਬੜਾ ਹੀ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਮੁਲਕ ਵਿਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਨ੍ਹਾਂ ਨਾਲ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤੇ ਨਹੀਂ ਹੋਵੇਗਾ? ਕੀ ਉਨ੍ਹਾਂ ਨੂੰ ਮੰਦਰਾਂ ਵਿਚ ਜਾਣ ਦੇਣ ਨਾਲ ਦੇਵਤੇ ਨਾਰਾਜ਼ ਤੇ ਨਹੀਂ ਹੋ ਜਾਣਗੇ? ਕੀ ਉਨ੍ਹਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਹੀਂ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ ਵਿਚ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਸੁਣਦਿਆਂ ਹੀ ਸ਼ਰਮ ਆਉਂਦੀ ਹੈ।

ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੂਹਾਨੀਅਤ ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਿਜਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਧਾਰੀ ਕਹਾਉਣ ਵਾਲਾ ਯੂਰਪ ਕਈ ਸਦੀਆਂ ਤੋਂ ਇਕਮਈ ਦਾ ਸ਼ੋਰ ਮਚਾ ਰਿਹਾ ਹੈ। ਉਨ੍ਹਾਂ Equality (ਬਰਾਬਰੀ) ਦਾ ਐਲਾਨ ਅਮਰੀਕਾ ਅਤੇ ਫ਼ਰਾਂਸ ਦੇ ਇਨਕਲਾਬ ਵਿਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਦਾ ਭਿੰਨ-ਭੇਦ ਮਿਟਾਉਣ ਦੀ ਖ਼ਾਤਰ ਇਕਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਅਸੀਂ ਇਸ ਗੱਲ 'ਤੇ ਜ਼ੋਰ ਨਾਲ ਬਹਿਸ ਕਰ ਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ? ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ? ਅਸੀਂ ਨਾ-ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿਚ ਸਾਡੇ ਨਾਲ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ, ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?

ਸਿੰਧ ਦੇ ਇਕ ਮੁਸਲਮਾਨ ਸੱਜਣ ਮਿ. ਨੂਰ ਮੁਹੰਮਦ ਮੈਂਬਰ ਬੰਬਈ ਕੌਂਸਲ ਨੇ ਇਸ ਮਾਮਲੇ 'ਤੇ 1926 ਵਿਚ ਖ਼ੂਬ ਕਿਹਾ ਸੀ—

**"If the Hindu Society refuses to allow other human beings, fellow creatuers so that to attend public schools, and if...the president of local board representing so many lakhs of people in this house refuses to allow his fellows and brothers the elementary human right of having water to drink, what right have they to ask for more rights from the bureaucracy ? Before we accuse people coming from other lands we should see how we ourselves behave toward our own people...How can we ask for greater political rights when we ourselves deny elementary rights of human beings."**

ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਨ੍ਹਾਂ ਨੂੰ ਮਦਰੱਸੇ ਵਿਚ ਪੜ੍ਹਨ ਵੀ ਨਹੀਂ ਦੇਂਦੇ, ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹਕੂਕ ਮੰਗੋ? ਗੱਲ ਬੜੀ ਸੱਚੀ ਹੈ, ਪਰ ਇਹ ਚੂੰਕਿ ਇਕ ਮੁਸਲਮਾਨ ਨੇ ਕਹੀ ਹੈ, ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿਚ ਰਲਾਉਣਾ ਚਾਹੁੰਦੇ ਹਨ। ਉਨ੍ਹਾਂ ਤੇ ਸਾਫ਼ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ-ਗੁਜ਼ਰਿਆ ਸਮਝੋਗੇ ਤਾਂ ਉਹ ਜ਼ਰੂਰ ਹੀ ਦੂਜਿਆਂ ਮਜ਼ਹਬਾਂ ਵਿਚ ਜਾ ਸ਼ਾਮਲ ਹੋਣਗੇ। ਜਿਨ੍ਹਾਂ ਵਿਚ ਕਿ ਉਨ੍ਹਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿਥੇ ਕਿ ਉਨ੍ਹਾਂ ਨਾਲ ਆਦਮੀਆਂ ਵਾਲਾ ਸਲੂਕ ਕੀਤਾ ਜਾਵੇਗਾ। ਫੇਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫ਼ਜ਼ੂਲ ਹੋਵੇਗਾ।

ਕਿੱਡੀ ਸੱਚੀ ਗੱਲ ਹੈ, ਪਰ ਇਹ ਸੁਣ ਕੇ ਸਾਰੇ ਤੜਫ਼ ਉਠਦੇ ਹਨ। ਖ਼ੈਰ! ਠੀਕ ਇਸੇ ਗੱਲ ਦਾ ਫ਼ਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਿਤ ਵੀ ਕੁਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿਚ-ਵਿਚ ਬੜੇ 'ਯੁਗ ਪਲਟਾਊ' ਕਹਾਉਣ ਵਾਲੇ ਵੀ ਸ਼ਾਮਿਲ ਹੋਏ। ਪਟਨਾ ਹਿੰਦੂ ਮਹਾਂਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ। ਮਾਮਲਾ ਇਹ ਦਰਪੇਸ਼ ਸੀ, ਕਿ ਕੀ ਅਛੂਤਾਂ ਨੂੰ ਯਗੋਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਨ੍ਹਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ? ਬੜੇ-ਬੜੇ Reformer (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰ ਕੇ ਹਿੰਦੂ ਧਰਮ ਦੀ ਲਾਜ ਰੱਖ ਲਈ। ਨਹੀਂ ਤਾਂ ਕਿੱਥੇ ਠਿਕਾਣਾ ਸੀ, ਜ਼ਰਾ ਸੋਚੋ ਤਾਂ ਸਹੀ, ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦੀ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖ਼ਰਾਬ ਹੋ ਜਾਂਦਾ ਹੈ। ਫੇਰ ਤਾਂ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ ਹੋਰ ਵੀ ਨਾ ਜਾਣੇ ਕੀ-ਕੀ—ਪਹਿਲੋਂ ਇਕ ਚੂਹੜੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤੇ ਬਿਨਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖ਼ੂਬ ਚਾਲ ਹੈ! ਸਭ ਨੂੰ ਪਿਆਰ ਕਰਨ ਵਾਲਾ ਰੱਬ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉਥੇ ਅਗਰ ਉਹ ਗ਼ਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ Equality ਜਾਂ ਬਰਾਬਰੀ ਦੇ ਨਾਮ 'ਤੇ ਝਗੜਦੇ ਚੰਗੇ ਲੱਗਦੇ ਹਾਂ? ਫੇਰ ਸਾਡੇ ਇਸ

ਰਵੱਈਏ ਵਿਚ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਕੰਮ ਕਰ ਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ, ਉਨ੍ਹਾਂ ਨੂੰ ਅਸੀਂ ਪਰ੍ਹੇ-ਪਰ੍ਹੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨਾਂ ਨੂੰ ਕੋਲ ਵੀ ਨਹੀਂ ਬਿਠਾ ਸਕਦੇ ?

ਅੱਜ ਇਸ ਸਵਾਲ 'ਤੇ ਬਹੁਤ ਸ਼ੋਰ ਹੋ ਰਿਹਾ ਹੈ : ਉਨ੍ਹਾਂ ਵਿਚਾਰਿਆਂ ਵੱਲ ਅੱਜਕਲ੍ਹ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫ਼ਿਰਕਾਦਾਰਾਨਾ ਸਿਆਸਤ ਨੇ ਹੋਰ ਕੋਈ ਫ਼ਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫ਼ਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫ਼ਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜ਼ਿੱਦ ਵਧੀ। ਫ਼ਸਾਦ ਵੀ ਹੋਏ। ਖ਼ੈਰ ! ਹੌਲੀ-ਹੌਲੀ ਸਿੱਖਾਂ ਵਿਚ ਵੀ ਖ਼ਿਆਲ ਪੈਦਾ ਹੋਇਆ ਕਿ ਅਸੀਂ ਪਿੱਛੇ ਨਾ ਰਹਿ ਜਾਈਏ। ਸੋ ਉਨ੍ਹਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ-ਸਿੱਖਾਂ ਵਿਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ 'ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਨ੍ਹਾਂ ਨੂੰ ਆਪਣੇ ਵੱਲ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ-ਸ਼ਰਾਬਾ ਹੈ। ਉਧਰ ਇਸਾਈ ਚੁੱਪਚਾਪ ਉਨ੍ਹਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ ਹਿੰਦੋਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ।

ਇਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖ਼ਾਤਰ ਇਨ੍ਹਾਂ ਵਿਚ ਫ਼ਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਖ਼ੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਿਤ ਹੋਈਏ। ਇਸੇ ਖ਼ਿਆਲ ਨੂੰ ਸ਼ੁਰੂ ਕਰਨ ਵਿਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਉਸ ਦੇ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਥ ਹੈ ਸੀ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

ਹੁਣ ਇਕ ਸਵਾਲ ਹੋਰ ਉਠਦਾ ਹੈ ਕਿ ਇਸ ਮਸਲੇ ਦਾ ਠੀਕ-ਠਾਕ ਹੱਲ ਕੀ ਹੈ ? ਇਸ ਦਾ ਜਵਾਬ ਬੜਾ ਸੌਹਲ ਹੈ। ਸਭ ਤੋਂ ਪਹਿਲੋਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ-ਭੇਦ ਪੈਂਦਾ ਹੈ ਤੇ ਨਾ ਹੀ ਕੰਮ-ਕਾਜ ਨਾਲ। ਯਾਨੀ ਚੂੰਕਿ ਇਕ ਆਦਮੀ ਗ਼ਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰ ਕੇ ਸਾਰੀ ਉਮਰ ਟੱਟੀਆਂ ਹੀ ਸਾਫ਼ ਕਰੇਗਾ ਤੇ ਦੁਨੀਆ ਵਿਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫ਼ਜ਼ੂਲ ਹਨ। ਇਨ੍ਹਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫ਼ਿਕਰ ਪਿਆ ਕਿ ਕਿਤੇ ਇਹ ਬਗ਼ਾਵਤ ਨਾ ਕਰ ਦੇਣ, ਤਦੋਂ ਪੁਨਰ-ਜਨਮ ਦੀ ਫ਼ਿਲਾਸਫ਼ੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ ? ਚੁੱਪ ਕਰ ਕੇ ਗੁਜ਼ਾਰਾ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇਨ੍ਹਾਂ ਨੂੰ ਚਿਰਾਂ ਵਾਸਤੇ ਚੁੱਪ ਕਰਾ ਗਏ। ਪਰ ਉਨ੍ਹਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮ-ਵਿਸ਼ਵਾਸ ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ। ਬੜਾ ਜ਼ੁਲਮ ਤੇ ਕਹਿਰ ਕਮਾਇਆ। ਖ਼ੈਰ ਅੱਜ ਉਸ ਦੇ ਪ੍ਰਾਸ਼ਚਿਤ ਦਾ ਵੇਲਾ ਹੈ।

ਇਸ ਦੇ ਨਾਲ ਹੀ ਇਕ ਹੋਰ ਖ਼ਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿਚ ਜ਼ਰੂਰੀ ਕੰਮਾਂ ਵਾਸਤੇ ਘ੍ਰਿਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਪਰ੍ਹੇ ਦੁਰਕਾਰ ਦਿੱਤਾ ਅਤੇ ਅੱਜ ਕੱਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ.ਪੀ. ਵੱਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖ਼ਰਾਬੀ ਪੈਦਾ ਹੋ ਗਈ, ਜਿਸ ਨਾਲ ਕਿ ਸਾਡੀ ਤਰੱਕੀ ਵਿਚ ਬੜੀ ਰੁਕਾਵਟ ਪੈਂਦੀ ਹੈ।

ਇਨ੍ਹਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਅਗਾਂਹ ਵਧੀਏ। ਇਨ੍ਹਾਂ ਨੂੰ ਅਛੂਤ ਨਾ ਕਹੀਏ ਤੇ ਨਾ ਸਮਝੀਏ। ਬਸ ਮੁਆਮਲਾ ਸਾਫ਼ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖ਼ਤਿਆਰ ਕੀਤਾ ਏ, ਉਹ ਡਾਢਾ ਸੁੰਦਰ ਹੈ। ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ-ਅਛੂਤ ਕਿਹਾ ਕਰਦੇ ਸਾਂ, ਉਨ੍ਹਾਂ ਕੋਲੋਂ ਇਸ ਪਾਪ ਵਾਸਤੇ ਖ਼ਿਮਾਂ ਮੰਗਣੀ ਅਤੇ ਉਨ੍ਹਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਤਰੀਕਾ ਹੈ ਤੇ ਆਪੋ ਵਿਚ ਖਿੱਚਾ-ਧੂਹੀ ਕਰਨੀ ਤੇ ਅਮਲ ਵਿਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ।

ਜਦੋਂ ਪਿੰਡਾਂ ਵਿਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖੋ ਇਹ ਚੂਹੜਿਆਂ-ਚੱਪੜਿਆਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਉਂ ਹਨ। ਬੱਸ ਜੱਟ ਇੰਨੇ ਵਿਚ ਹੀ ਭੂਤਰ ਪਏ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਹਾਲਤ ਓਨਾ ਚਿਰ ਨਹੀਂ ਸੁਧਰ ਸਕਦੀ ਜਿੰਨਾ ਚਿਰ ਕਿ ਉਹ ਇਨ੍ਹਾਂ ਗ਼ਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਹੈ ਕਿ ਉਹ ਸਾਫ਼ ਨਹੀਂ ਰਹਿੰਦੇ ? ਇਸ ਦਾ ਜਵਾਬ ਸਾਫ਼ ਹੈ, ਉਹ ਗ਼ਰੀਬ ਹਨ। ਗ਼ਰੀਬੀ ਦਾ ਇਲਾਜ ਕਰੋ। ਉੱਚੀਆਂ-ਉੱਚੀਆਂ ਕੁਲਾਂ ਦੇ ਗ਼ਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ਼ ਕਰਨ ਨਾਲ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ।

ਪਰ ਇਹ ਕੰਮ ਓਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਿਤ ਨਾ ਕਰ ਲੈਣ । ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰ ਕੇ ਉਨ੍ਹਾਂ ਦੇ ਬਰਾਬਰ ਹੱਕ-ਹਕੂਕ ਮੰਗਣਾ ਬੜੀ ਆਸ਼ਾਜਨਕ ਤਹਿਰੀਕ ਹੈ । ਜਾਂ ਤੇ ਫ਼ਿਰਕੇਦਾਰਾਨਾ ਸਿਆਸਤ ਦਾ ਟੰਟਾ ਹੀ ਮੁਕਾਓ, ਨਹੀਂ ਤੇ ਉਨ੍ਹਾਂ ਦੇ ਵੱਖਰੇ ਹਕੂਕ ਉਨ੍ਹਾਂ ਨੂੰ ਦੇਵੋ । ਕੌਂਸਲਾਂ ਤੇ ਅਸੈਂਬਲੀਆਂ ਦਾ ਫ਼ਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ । ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਨ੍ਹਾਂ ਨੂੰ ਖੂਹਾਂ 'ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਨ੍ਹਾਂ ਦੇ ਮੁੰਡਿਆਂ ਨੂੰ ਮਦਰੱਸਿਆਂ ਵਿਚ ਭਰਤੀ ਕਰਵਾਉਣ । ਪਰ ਜਿਸ ਲੈਜਿਸਲੇਟਿਵ ਵਿਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਮਤੇ ਪੇਸ਼ ਕੀਤੇ ਗਏ, ਬਿੱਲ ਤੇ ਮਜ਼ਹਬ ਦੇ ਬਹਾਨੇ ਲੈ ਕੇ ਹਾਏ-ਤੋਬਾ ਮਚਾ ਦਿੱਤੀ ਜਾਂਦੀ ਹੈ, ਉਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ ।

ਇਸੇ ਕਰ ਕੇ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ ? ਅਸੀਂ ਤਾਂ ਸਾਫ਼ ਕਹਿੰਦੇ ਹਾਂ ਕਿ ਉਠੋ ! ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉਠੋ ! ਆਪਣਾ ਇਤਿਹਾਸ ਵੇਖੋ ! ਗੁਰੂ ਗੋਬਿੰਦ ਸਿੰਘ ਦੀ ਫ਼ੌਜ ਦੀ ਅਸਲੀ ਤਾਕਤ ਤੁਹਾਡੀ ਹੀ ਸੀ । ਸ਼ਿਵਾ ਜੀ ਤੁਹਾਡੇ ਹੀ ਆਸਰੇ ਸਭ ਕੁਝ ਕਰ ਸਕਿਆ ਜਿਸ ਨਾਲ ਕਿ ਅੱਜ ਉਸ ਦਾ ਨਾਂ ਜ਼ਿੰਦਾ ਹੈ । ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ । ਤੁਸੀਂ ਜੋ ਨਿੱਤ ਸੇਵਾ ਕਰ ਕੇ ਕੌਮ ਦੇ ਸੁਖ ਵਿਚ ਵਾਧਾ ਕਰ ਕੇ ਅਤੇ ਜ਼ਿੰਦਗੀ ਮੁਮਕਿਨ ਬਣਾ ਕੇ ਇਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀਂ ਨਹੀਂ ਸਮਝਦੇ । (Land Alienation Act) ਇੰਤਕਾਲੇ ਅਰਾਜ਼ੀ ਐਕਟ ਦੇ ਮੁਤਾਬਿਕ ਤੁਸੀਂ ਪੈਸੇ ਇਕੱਠੇ ਕਰ ਕੇ ਵੀ ਜ਼ਮੀਨ ਨਹੀਂ ਖ਼ਰੀਦ ਸਕਦੇ । ਤੁਹਾਡੇ 'ਤੇ ਇੰਨਾ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ (Less than men) 'ਮਨੁੱਖਾਂ ਨਾਲੋਂ ਬਹੁਤ ਹੇਠਾਂ' ਕਹਿੰਦੀ ਹੈ । ਉਠੋ ! ਆਪਣੀ ਤਾਕਤ ਪਛਾਣੋ । ਜਥੇਬੰਦ ਹੋ ਜਾਓ । ਅਸਲ ਵਿਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ । (Those who would be free must themselves strike blow) ਆਜ਼ਾਦੀ ਦੀ ਖ਼ਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ । ਮਨੁੱਖ ਦੀ ਹੌਲੀ-ਹੌਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਨ੍ਹਾਂ 'ਤੇ ਉਸ ਦਾ ਆਪਣਾ ਦਬਦਬਾ ਹੋਵੇ, ਉਨ੍ਹਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ । ਇਸ ਕਰ ਕੇ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ । ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲਿੰਜ ਕਰ ਦਿਓ । ਦੇਖੋ ਤਾਂ ਫੇਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰੱਅਤ ਕਰ ਸਕੇਗਾ ? ਤੁਸੀਂ ਲੋਕਾਂ ਦੀ ਖ਼ੁਰਾਕ ਨਾ ਬਣੋ । ਦੂਜਿਆਂ ਦੇ ਮੂੰਹ ਵੱਲ ਨਾ ਤੱਕੋ । ਪਰ ਖ਼ਿਆਲ ਰੱਖਣਾ । ਨੌਕਰਸ਼ਾਹੀ ਦੇ ਝਾਂਸੇ ਵਿਚ ਵੀ ਨਾ ਆਉਣਾ । ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ ਬਲਕਿ ਤੁਹਾਨੂੰ ਆਪਣਾ ਟੂਲ ਬਣਾਉਣਾ ਚਾਹੁੰਦੀ ਹੈ । ਇਹ ਸਰਮਾਏਦਾਰ ਨੌਕਰਸ਼ਾਹੀ ਤੁਹਾਡੀ ਗ਼ੁਲਾਮੀ ਤੇ ਗ਼ਰੀਬੀ ਦਾ ਮੁੱਖ ਕਾਰਨ ਹੈ । ਇਸ ਕਰ ਕੇ ਉਸ ਨਾਲ ਤੁਸੀਂ ਨਾ ਮਿਲਣਾ । ਉਸ ਦੀਆਂ ਚਾਲਾਂ ਤੋਂ ਬਚਣਾ । ਬੱਸ ਫੇਰ ਸਾਰਾ ਕੰਮ ਬਣ ਜਾਵੇਗਾ । ਤੁਸੀਂ ਅਸਲੀ ਕਿਰਤੀ ਹੋ । ਕਿਰਤੀਓ ! ਜਥੇਬੰਦ ਹੋ ਜਾਓ । ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ, ਕੇਵਲ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ । ਉਠੋ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗ਼ਾਵਤ ਖੜ੍ਹੀ ਕਰ ਦਿਓ । ਹੌਲੀ-ਹੌਲੀ ਸੁਧਾਰ ਤੇ ਰੀਫ਼ਾਰਮਾਂ ਨਾਲ ਕੁਝ ਵੀ ਨਹੀਂ ਬਣ ਸਕਦਾ । ਸਮਾਜਕ (Social) ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੋਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰਕੱਸੇ ਕਰ ਲਵੋ । ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉਠੋ ! ਸੁੱਤੇ ਹੋਏ ਸ਼ੇਰੋ, ਵਿਦਰੋਹੀਓ ! ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ ।

*— ਵਿਦਰੋਹੀ*

## ਨਵੇਂ ਲੀਡਰਾਂ ਦੇ ਜੁਦੇ-ਜੁਦੇ ਖ਼ਿਆਲਾਤ

*— 'ਕਿਰਤੀ' ਜੁਲਾਈ, 1928 ਵਿਚੋਂ*

*(ਜੁਲਾਈ 1928 ਦੇ 'ਕਿਰਤੀ' 'ਚ 'ਨਵੇਂ ਲੀਡਰਾਂ ਦੇ ਜੁਦੇ-ਜੁਦੇ ਖ਼ਿਆਲਾਤ' ਦੇ ਸਿਰਲੇਖ ਹੇਠ ਇਹ ਲੇਖ ਛਪਿਆ, ਭਗਤ ਸਿੰਘ ਦੀ ਕਲਮ ਦੀ, ਇਸ ਲੇਖ 'ਤੇ ਛਾਪ ਸਾਫ਼ ਨਜ਼ਰ ਅਉਂਦੀ ਹੈ, ਭਾਵੇਂ ਕਿ ਲੇਖਕ ਦਾ ਇਸ 'ਤੇ ਨਾਂ ਨਹੀਂ ਹੈ । ਸੁਭਾਸ਼ ਚੰਦਰ ਬੋਸ ਤੇ ਜਵਾਹਰ ਲਾਲ ਨਹਿਰੂ ਦੋ ਨੌਜਵਾਨ ਲੀਡਰ ਭਾਰਤੀ ਰਾਜਨੀਤੀ ਵਿਚ ਉੱਭਰ ਕੇ ਸਾਹਮਣੇ ਆ ਰਹੇ ਸਨ । ਦੋਨਾਂ ਨੇਤਾਵਾਂ ਦੀ ਬੜੀ ਤਰਕ ਭਰਪੂਰ ਤੁਲਨਾ ਕੀਤੀ ਗਈ ਹੈ ਅਤੇ ਭਵਿੱਖ ਵਿਚ ਉਨ੍ਹਾਂ ਦੀ ਦੇਣ ਬਾਰੇ ਵਿਚਾਰ ਵੀ ਪ੍ਰਗਟਾਏ ਗਏ ਹਨ । ਪਰ ਆਪਣੇ ਤਰਕ 'ਤੇ ਵਿਚਾਰ ਪ੍ਰਗਟਾਉਂਦੇ ਹੋਏ ਅੰਤ ਵਿਚ ਸਲਾਹ ਦਿੱਤੀ ਗਈ ਹੈ :*

*"ਇਨਕਲਾਬ ਦੇ ਅਸਲੀ ਮਾਅਨੇ, ਹਿੰਦੁਸਤਾਨ ਦੇ ਇਨਕਲਾਬ ਦੀ ਜ਼ਰੂਰਤ ਅਤੇ ਦੁਨੀਆ ਦੇ ਇਲਕਲਾਬ ਵਿਚ ਇਸ ਦਾ ਥਾਓਂ ਕੀ ਹੈ ? ਸੋਚ-ਵਿਚਾਰ ਦੇ ਨਾਲ ਨੌਜਵਾਨ ਆਪਣੇ ਖ਼ਿਆਲਾਤ ਨੂੰ ਪੱਕਿਆਂ*

*ਕਰਨ ਕਿ ਨਿਰਾਸ਼ਾ, ਮਾਯੂਸੀ ਅਤੇ ਹਾਰ ਦੇ ਜ਼ਮਾਨੇ ਵਿਚ ਵੀ ਡੋਲਣ ਨਾ ਅਤੇ ਇਕੱਲੇ ਖਲੋ ਕੇ ਦੁਨੀਆ ਦੇ ਮੁਕਾਬਲੇ ਵਿਚ ਡਟੇ ਰਹਿ ਸਕਣ। ਐਸੇ ਹੀ ਆਦਮੀ ਇਨਕਲਾਬ ਨੂੰ ਕਾਮਯਾਬ ਕਰ ਸਕਣਗੇ।")*

ਨਾ-ਮਿਲਵਰਤਣ ਦੀ ਤਹਿਰੀਕ ਫੇਲ੍ਹ ਹੋਣ ਦੇ ਬਾਅਦ ਲੋਕਾਂ ਵਿਚ ਬੜੀ ਨਿਰਾਸ਼ਾ ਅਤੇ ਮਾਯੂਸੀ ਫੈਲੀ। ਹਿੰਦੂ-ਮੁਸਲਿਮ ਫ਼ਸਾਦਾਂ ਨੇ ਬਚੀ-ਖੁਚੀ ਹਿੰਮਤ ਵੀ ਤੋੜ ਛੱਡੀ ਸੀ। ਪਰ ਕੌਮਾਂ ਵਿਚ ਜਦੋਂ ਇਕ ਵੇਰੀ ਜਾਗ੍ਰਿਤੀ ਫੈਲ ਜਾਵੇ, ਤਦੋਂ ਕੌਮਾਂ ਸੌਂ'ਇਆਂ ਨਹੀਂ ਕਰਦੀਆਂ। ਕੁਝ ਹੀ ਦਿਨਾਂ ਬਾਅਦ ਫੇਰ ਬੜੇ ਜੋਸ਼ ਨਾਲ ਉਠੋਂ ਖਲੋਂਦੀਆਂ ਹਨ ਅਤੇ ਹੱਲਾ ਬੋਲਦੀਆਂ ਹਨ। ਅੱਜ ਹਿੰਦੁਸਤਾਨ ਵਿਚ ਫੇਰ ਜਾਨ ਆ ਰਹੀ ਹੈ। ਹਿੰਦੁਸਤਾਨ ਫੇਰ ਉਠੋਂ ਰਿਹਾ ਹੈ। ਦੇਖਣ ਨੂੰ ਤਾਂ ਸ਼ਾਇਦ ਕੋਈ ਬੜੀ ਭਾਰੀ ਤਹਿਰੀਕ ਖੜ੍ਹੀ ਨਜ਼ਰ ਨਹੀਂ ਆਉਂਦੀ, ਪਰ ਨੀਂਹਾਂ ਜ਼ਰੂਰ ਪੱਕੀਆਂ ਕੀਤੀਆਂ ਜਾ ਰਹੀਆਂ ਹਨ। ਨਵੇਂ-ਨਵੇਂ ਲੀਡਰ ਉਠੋਂ ਰਹੇ ਹਨ। ਇਸ ਵਾਰ ਨੌਜਵਾਨ ਲੀਡਰ ਹੀ ਅੱਗੇ ਵਧੇ ਹਨ ਅਤੇ ਦੇਸ਼ ਵਿਚ ਨੌਜਵਾਨਾਂ ਦੀਆਂ ਹੀ ਤਹਿਰੀਕਾਂ ਚਲ ਰਹੀਆਂ ਹਨ। ਨੌਜਵਾਨ ਲੀਡਰ ਹੀ ਦੇਸ਼ਭਗਤ ਲੋਕਾਂ ਦੀਆਂ ਨਜ਼ਰਾਂ ਵਿਚ ਆ ਰਹੇ ਹਨ। ਬੜੇ-ਬੜੇ ਲੀਡਰ, ਬੜੇ ਹੋਣ ਦੇ ਬਾਵਜੂਦ ਇਕ ਤਰ੍ਹਾਂ ਪਿੱਛੇ ਧੱਕੇ ਜਾ ਰਹੇ ਹਨ। ਇਸ ਵਕਤ ਜੋ ਲੀਡਰ ਅੱਗੇ ਆਏ ਹਨ, ਉਹ ਹਨ ਬੰਗਾਲ ਦੇ ਪੂਜਨੀਕ ਸ੍ਰੀ ਸੁਭਾਸ਼ ਚੰਦਰ ਬੋਸ ਅਤੇ ਮਾਨਯੋਗ ਸ੍ਰੀ ਪੰਡਿਤ ਜਵਾਹਰ ਲਾਲ ਨਹਿਰੂ। ਇਹ ਦੋ ਲੀਡਰ ਹਿੰਦੁਸਤਾਨ ਵਿਚ ਉਠੋਂਦੇ ਨਜ਼ਰ ਆਉਂਦੇ ਹਨ ਅਤੇ ਇਹ ਨੌਜਵਾਨਾਂ ਦੀਆਂ ਤਹਿਰੀਕਾਂ ਵਿਚ ਖ਼ਾਸ ਹਿੱਸਾ ਲੈਂਦੇ ਹਨ। ਦੋਨੋਂ ਹੀ ਹਿੰਦੁਸਤਾਨ ਦੀ ਆਜ਼ਾਦੀ ਦੇ ਕੱਟੜ ਹਾਮੀ ਹਨ। ਦੋਨੋਂ ਹੀ ਬੜੇ ਸਿਆਣੇ ਅਤੇ ਸੱਚੇ ਦੇਸ਼ਭਗਤ ਹਨ। ਪਰ ਫੇਰ ਵੀ ਉਨ੍ਹਾਂ ਦੇ ਖ਼ਿਆਲ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇਕ ਨੂੰ ਭਾਰਤ ਦੀ ਪ੍ਰਾਚੀਨ ਤਹਿਜ਼ੀਬ ਦਾ ਮੱਦਾਹ ਕਿਹਾ ਜਾਂਦਾ ਹੈ, ਦੂਸਰੇ ਨੂੰ ਮਗ਼ਰਿਬ (ਯਾ ਪੱਛਮ) ਦਾ ਸ਼ਾਗਿਰਦ। ਇਕ ਨੂੰ ਭਾਵੁਕ ਦਿਲ ਵਾਲਾ ਕਿਹਾ ਜਾਂਦਾ ਹੈ, ਦੂਸਰੇ ਨੂੰ ਜੁਗ-ਪਲਟਾਊ! ਅਸੀਂ ਇਸ ਲੇਖ ਵਿਚ ਉਨ੍ਹਾਂ ਦੇ ਜੁਦੇ-ਜੁਦੇ ਖ਼ਿਆਲ ਲੋਕਾਂ ਸਾਹਮਣੇ ਰੱਖਾਂਗੇ, ਤਾਂ ਕਿ ਲੋਕੀਂ ਉਨ੍ਹਾਂ ਦੇ ਫ਼ਰਕ ਨੂੰ ਸਮਝ ਸਕਣ। ਪਰੰਤੂ ਉਨ੍ਹਾਂ ਦੋਹਾਂ ਦੇ ਖ਼ਿਆਲਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਇਕ ਹੋਰ ਸੱਜਣ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ, ਜੋ ਕਿ ਇਨ੍ਹਾਂ ਵਾਂਗੂੰ ਹੀ ਆਜ਼ਾਦੀ ਚਾਹੁਣ ਵਾਲਾ ਹੈ ਅਤੇ ਨੌਜਵਾਨਾਂ ਦੀਆਂ ਤਹਿਰੀਕਾਂ ਵਿਚ ਖ਼ਾਸ ਹਸਤੀ ਹੈ—ਸਾਧੂ ਵਾਸਵਾਨੀ ਜੀ, ਜੋ ਚਾਹੇ ਕਾਂਗਰਸ ਦੇ ਉਘੇ ਲੀਡਰਾਂ ਵਾਂਗੂੰ ਮਸ਼ਹੂਰ ਤੇ ਨਹੀਂ, ਚਾਹੇ ਦੇਸ਼ ਦੇ ਰਾਜਸੀ ਮੈਦਾਨ ਵਿਚ ਉਨ੍ਹਾਂ ਦਾ ਕੋਈ ਖ਼ਾਸ ਸਿੱਧਾ ਹਲਕਾ ਤਾਂ ਨਹੀਂ, ਤਾਂ ਵੀ ਨੌਜਵਾਨਾਂ ਵਿਚ, ਜਿਨ੍ਹਾਂ ਨੇ ਕਲ੍ਹ ਨੂੰ ਦੇਸ਼ ਦੀਆਂ ਵਾਗਾਂ ਫੜਨੀਆਂ ਹਨ, ਬੜਾ ਅਸਰ ਹੈ, ਅਤੇ ਉਨ੍ਹਾਂ ਦੀ ਚਲਾਈ ਹੋਈ ਤਹਿਰੀਕ 'ਭਾਰਤ ਯੁਵਕ ਸੰਘ' ਯਾ (**Order of the Young**) ਇਸ ਵੇਲੇ ਨੌਜਵਾਨਾਂ ਵਿਚ ਖ਼ਾਸ ਅਸਰ ਰੱਖਦੀ ਹੈ। ਉਨ੍ਹਾਂ ਦੇ ਵਿਚਾਰ ਬਿਲਕੁਲ ਹੋਰ ਢੰਗ ਦੇ ਹਨ। ਉਨ੍ਹਾਂ ਦੇ ਖ਼ਿਆਲ ਇਕੋ ਲਫ਼ਜ਼ ਵਿਚ ਦੱਸੇ ਜਾ ਸਕਦੇ ਹਨ। (**'Back to Vedas'**) ਯਾਨੀ ਮੁੜ ਕੇ ਵੇਦਾਂ ਵੱਲ ਚੱਲੋ। ਇਹ ਆਵਾਜ਼ ਪਹਿਲੋਂ-ਪਹਿਲ ਆਰੀਆ ਸਮਾਜ ਨੇ ਉਠਾਈ ਸੀ। ਇਸ ਖ਼ਿਆਲ ਦਾ ਮੁੱਢ ਏਸ ਯਕੀਨ ਵਿਚ ਹੈ ਕਿ ਵੇਦਾਂ ਵਿਚ ਪਰਮਾਤਮਾ ਨੇ ਸੰਸਾਰ ਦਾ ਸਾਰਾ ਗਿਆਨ ਭਰ ਦਿੱਤਾ ਹੋਇਆ ਹੈ। ਇਸ ਤੋਂ ਅੱਗੇ ਹੋਰ ਤਰੱਕੀ ਨਹੀਂ ਹੋ ਸਕਦੀ ਅਤੇ ਸਾਡੇ ਹਿੰਦੁਸਤਾਨ ਨੇ ਹਰ ਲਾਈਨ ਵਿਚ ਜੋ ਤਰੱਕੀ ਕਰ ਲਈ ਸੀ, ਉਸ ਤੋਂ ਅਗਾਂਹ ਨਾ ਦੁਨੀਆਂ ਵਧੀ ਹੈ ਤੇ ਨਾ ਵਧ ਸਕਦੀ ਹੈ। ਖ਼ੈਰ ਵਾਸਵਾਨੀ ਹੋਰੀਂ ਇਸੇ ਯਕੀਨ ਦੇ ਆਦਮੀ ਹਨ। ਤਦੇ ਇਕ ਜਗ੍ਹਾ ਕਹਿੰਦੇ ਹਨ:

"ਸਾਡੀ ਰਾਜਨੀਤੀ ਨੇ ਹੁਣ ਤੀਕ ਕਦੇ ਤੇ ਮੈਜ਼ਿਨੀ ਅਤੇ ਵਾਲਟੇਯਰ ਨੂੰ ਆਦਰਸ਼ ਬਣਾ ਕੇ ਮਿਸਾਲ ਕਾਇਮ ਕੀਤੀ ਅਤੇ ਕਦੀ ਲੈਨਿਨ ਔਰ ਟੋਲਸਟਾਇ ਕੋਲੋਂ ਸਬਕ ਸਿੱਖਿਆ। ਹਾਲਾਂਕਿ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਕੋਲੋਂ ਵੱਡੇ ਆਦਰਸ਼ ਸਾਡੇ ਪੁਰਾਣੇ ਰਿਸ਼ੀ ਹੋ ਚੁੱਕੇ ਹਨ।" ਉਹੋ ਯਕੀਨ ਕਰਦੇ ਹਨ ਕਿ ਸਾਡਾ ਦੇਸ਼ ਇਕ ਵੇਰੀ ਤੇ ਤਰੱਕੀ ਦੀ ਹੱਦ ਤੀਕ ਜਾ ਪੁੱਜਾ ਸੀ ਅਤੇ ਸਾਨੂੰ ਅਗਾਂਹ ਕਿਧਰੇ ਜਾਣ ਦੀ ਲੋੜ ਨਹੀਂ ਬਲਕਿ ਪਿਛਾਂਹ ਮੁੜਨ ਦੀ ਲੋੜ ਹੈ।

ਆਪ ਇਕ ਕਵੀ ਹਨ। ਕਵੀਤਵ ਆਪ ਦੇ ਖ਼ਿਆਲਾਂ ਵਿਚ ਹਰ ਥਾਂ ਨਜ਼ਰ ਆਉਂਦਾ ਹੈ। ਨਾਲ ਹੀ ਮਜ਼ਹਬ ਦੇ ਬੜੇ ਦਿਲਦਾਦਾ ਹਨ। ਆਪ 'ਸ਼ਕਤੀ' ਮਜ਼ਹਬ ਚਲਾਉਣਾ ਚਾਹੁੰਦੇ ਹਨ। ਆਪ ਕਹਿੰਦੇ ਹਨ ਕਿ (**our urgent need Shakti**) ਯਾਨੀ ਸਾਨੂੰ ਇਸ ਵੇਲੇ 'ਸ਼ਕਤੀ' ਦੀ ਲੋੜ ਹੈ। ਉਹ 'ਸ਼ਕਤੀ' ਲਫ਼ਜ਼ ਦੇ ਮਾਅਨੇ ਕੇਵਲ ਤਾਕਤ ਵਾਸਤੇ ਇਸਤੇਮਾਲ ਨਹੀਂ ਕਰਦੇ, ਪਰੰਤੂ ਉਨ੍ਹਾਂ ਨੂੰ ਇਸ ਲਫ਼ਜ਼ ਦੇ ਨਾਲ ਇਕ ਤਰ੍ਹਾਂ ਦੀ ਦੇਵੀ ਦਾ ਇਕ ਖ਼ੁਸ਼ ਈਸ਼ਵਰੀ ਕ੍ਰਿਪਾਲਤਾ ਦਾ ਵਿਸ਼ਵਾਸ ਹੈ। ਉਹ ਇਕ ਬੜੇ ਭਾਵੁਕ ਕਵੀ ਵਾਂਗੂੰ ਕਹਿੰਦੇ ਹਨ:

**For in solitude have communicated her writ, our admired Mother Bharat Mata, And my aching head has heard voices syaing.."the day of freedom is not for off"... Sometimes indeed a strange feeling visits me and I say to myself-Holy, holy is Hindustan. For still is she under the protection of her mighty Rishis and their beauty is around us, but we behold it not.**

ਯਾਨੀ ਕਿਉਂਕਿ ਮੈਂ ਇਕਾਂਤ ਵਿਚ ਆਪਣੀ ਭਾਰਤ ਮਾਤਾ ਦੀ ਆਵਾਜ਼ ਸੁਣੀ ਹੈ। ਮੇਰੇ ਦੁਖੇ ਹੋਏ ਦਿਲ ਨੇ ਕਈ ਵਾਰੀ ਇਹ ਆਵਾਜ਼ ਸੁਣੀ ਹੈ ਕਿ ਆਜ਼ਾਦੀ ਦਾ ਦਿਨ ਦੂਰ ਨਹੀਂ।

ਕਦੀ-ਕਦੀ ਬੜੀ ਅਜੀਬ ਰੌਂਅ ਮੇਰੇ ਦਿਲ ਵਿਚ ਆਉਂਦੀ ਹੈ ਅਤੇ ਮੈਂ ਕਹਿ ਉਠਦਾ ਹਾਂ, "ਪਾਕ ਅਤੇ ਪਵਿੱਤਰ ਹੈ ਸਾਡਾ ਹਿੰਦੁਸਤਾਨ ਕਿਉਂਕਿ ਪੁਰਾਣੇ ਰਿਸ਼ੀ ਉਸ ਦੀ ਰੱਖਿਆ ਕਰ ਰਹੇ ਹਨ ਅਤੇ ਉਨ੍ਹਾਂ ਦੀ ਖ਼ੂਬਸੂਰਤੀ ਹਿੰਦੁਸਤਾਨ ਦੇ ਪਾਸ ਹੈ। ਪਰੰਤੂ ਅਸੀਂ ਉਸ ਨੂੰ ਦੇਖ ਨਹੀਂ ਸਕਦੇ।"

ਇਹ ਕਵੀ ਦਾ ਪ੍ਰਲਾਪ ਹੈ, ਉਹ ਪਾਗਲਾਂ ਜਾਂ ਮਸਤਾਨਿਆਂ ਵਾਂਗੂੰ ਕਹਿੰਦੇ ਰਹਿੰਦੇ ਹਨ, ਸਾਡੀ ਮਾਤਾ ਬੜੀ ਵੱਡੀ ਹੈ, ਬੜੀ ਤਾਕਤਵਰ ਹੈ। ਉਸ ਨੂੰ ਹਾਰ ਦੇਣ ਵਾਲਾ ਕੌਣ ਜੰਮਿਆ ਹੈ।" ਏਸ ਤਰ੍ਹਾਂ ਕੇਵਲ ਭਾਵੁਕਤਾ ਦੀਆਂ ਗੱਲਾਂ ਕਰਦੇ ਹੋਏ ਇਕ ਥਾਂ ਕਹਿ ਜਾਂਦੇ ਹਨ :

**"Our National Movement must become a purifying mass movement if it is fulfil its destiny without falling into class war, one of the dangers of Bolshevism."**

ਯਾਨੀ ਸਾਨੂੰ ਆਪਣੀ ਕੌਮੀ ਤਹਿਰੀਕ ਨੂੰ ਅਵਾਮ ਦੇ ਸੁਧਾਰ ਦੀ ਤਹਿਰੀਕ ਬਣਾ ਦੇਣਾ ਚਾਹੀਦਾ ਹੈ, ਤਦੇ ਅਸੀਂ ਵੀ ਬੋਲਸ਼ਵਿਜ਼ਮ ਦੇ ਖ਼ਤਰਿਆਂ 'ਚੋਂ ਵੱਡੇ ਖ਼ਤਰੇ, ਲੋਕਾਂ ਦੀ ਆਪੋ ਵਿਚ ਜੰਗ ਤੋਂ ਬਚ ਸਕਾਂਗੇ। ਉਹ ਇੰਨਾ ਕਹਿ ਕੇ ਹੀ ਗ਼ਰੀਬਾਂ ਕੋਲ ਜਾਓ, ਪਿੰਡਾਂ ਨੂੰ ਜਾਓ, ਉਨ੍ਹਾਂ ਨੂੰ ਦਵਾ-ਦਾਰੂ ਮੁਫ਼ਤ ਵੰਡੋ, ਸਮਝਦੇ ਹਨ ਕਿ ਸਾਡਾ ਪ੍ਰੋਗਰਾਮ ਪੂਰਾ ਹੋ ਗਿਆ ਹੈ। ਉਹ ਛਾਇਆਵਾਦੀ ਕਵੀ ਹਨ। ਉਨ੍ਹਾਂ ਦੀ ਕਵਿਤਾ ਦਾ ਕੋਈ ਖ਼ਾਸ ਅਰਥ ਤੇ ਨਹੀਂ ਨਿਕਲ ਸਕਦਾ, ਪਰ ਕੇਵਲ ਦਿਲ ਦਾ ਜੋਸ਼ ਵਧਾਇਆ ਜਾ ਸਕਦਾ ਹੈ। ਬਸ ਪੁਰਾਣੀ ਸੱਭਿਅਤਾ ਦੇ ਰੌਲੇ ਦੇ ਸਿਵਾਏ ਉਨ੍ਹਾਂ ਪਾਸ ਹੋਰ ਕੋਈ ਪ੍ਰੋਗਰਾਮ ਨਹੀਂ। ਨੌਜਵਾਨਾਂ ਦੇ ਦਿਮਾਗ ਨੂੰ ਉਹ ਕੁਝ ਨਹੀਂ ਦਿੰਦੇ, ਕੇਵਲ ਦਿਲ ਨੂੰ ਭਾਵੁਕਤਾ ਨਾਲ ਭਰਨਾ ਚਾਹੁੰਦੇ ਹਨ। ਉਨ੍ਹਾਂ ਦਾ ਵੀ ਨੌਜਵਾਨਾਂ ਵਿਚ ਬੜਾ ਅਸਰ ਹੈ ਅਤੇ ਪੈਦਾ ਹੋ ਰਿਹਾ ਹੈ। ਉਨ੍ਹਾਂ ਦੇ ਦਕਿਆਨੂਸੀ ਅਤੇ ਥੋੜ੍ਹੇ ਜਿਹੇ ਖ਼ਿਆਲਾਤ ਇਹੋ ਹੀ ਹਨ, ਜੋ ਕਿ ਅਸੀਂ ਉੱਪਰ ਦੱਸੇ ਹਨ। ਇਨ੍ਹਾਂ ਦੇ ਖ਼ਿਆਲਾਤ ਦਾ ਰਾਜਸੀ ਮੈਦਾਨ ਵਿਚ ਸਿੱਧਾ ਅਸਰ ਨਾ ਹੋਣ ਦੇ ਬਾਵਜੂਦ ਬਹੁਤ ਅਸਰ ਪੈਂਦਾ ਹੈ। ਖ਼ਾਸ ਕਰ ਕੇ ਇਸ ਵਜ੍ਹਾ ਨਾਲ ਕਿ ਨੌਜਵਾਨਾਂ ਕੱਲ੍ਹ ਨੂੰ ਅਗਾਂਹ ਵਧਣਾ ਹੈ ਅਤੇ ਉਨ੍ਹਾਂ ਵਿਚ ਹੀ ਇਨ੍ਹਾਂ ਖ਼ਿਆਲਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਹੁਣ ਅਸੀਂ ਸ੍ਰੀ ਸੁਭਾਸ਼ ਅਤੇ ਸ੍ਰੀ ਜਵਾਹਰ ਲਾਲ ਨਹਿਰੂ ਦੇ ਖ਼ਿਆਲਾਤ 'ਤੇ ਆਉਂਦੇ ਹਾਂ। ਦੋਂਹ-ਤਿੰਨਾਂ ਮਹੀਨਿਆਂ ਤੋਂ ਆਪ ਕਈਆਂ ਕਾਨਫਰੰਸਾਂ ਦੇ ਪ੍ਰਧਾਨ ਬਣਾਏ ਗਏ ਅਤੇ ਆਪ ਨੇ ਆਪਣੇ-ਆਪਣੇ ਖ਼ਿਆਲ ਲੋਕਾਂ ਅੱਗੇ ਰੱਖੇ। ਸੁਭਾਸ਼ ਬਾਬੂ ਨੂੰ ਸਰਕਾਰ ਰਾਜ-ਪਲਟਾਊ ਟੋਲੇ ਦਾ ਮੈਂਬਰ ਸਮਝਦੀ ਸੀ ਅਤੇ ਇਸੇ ਕਰ ਕੇ ਉਨ੍ਹਾਂ ਨੂੰ ਬੰਗਾਲੀ ਆਰਡੀਨੈਂਸ ਦੇ ਮੁਤੈਹਤ ਕੈਦ ਕਰ ਰੱਖਿਆ ਸੀ। ਆਪ ਰਿਹਾਅ ਹੋਏ ਤੇ ਗਰਮ ਦਲ ਦੇ ਲੀਡਰ ਬਣਾਏ ਗਏ ਅਤੇ ਆਪ ਭਾਰਤ ਦਾ ਆਦਰਸ਼ ਪੂਰਨ ਸੁਤੰਤਰਤਾ ਮੰਨਦੇ ਹਨ ਅਤੇ ਮਹਾਰਾਸ਼ਟਰ ਕਾਨਫਰੰਸ ਦੇ ਪ੍ਰਧਾਨਗੀ ਐਡਰੈੱਸ ਵਿਚ ਆਪ ਜੀ ਨੇ ਇਸੇ ਮਤੇ ਦਾ ਪ੍ਰਚਾਰ ਕੀਤਾ।

ਪੰਡਤ ਜਵਾਹਰ ਲਾਲ ਨਹਿਰੂ ਸਵਰਾਜ ਪਾਰਟੀ ਦੇ ਲੀਡਰ ਪੰਡਿਤ ਮੋਤੀ ਲਾਲ ਨਹਿਰੂ ਦੇ ਸਪੁੱਤਰ ਹਨ। ਬੈਰਿਸਟਰੀ ਪਾਸ ਹਨ। ਆਪ ਬੜੇ ਲਾਇਕ ਹਨ। ਆਪ ਰੂਸ ਵਗੈਰਾ ਵਿਚ ਫਿਰ ਆਏ ਹਨ। ਆਪ ਵੀ ਗਰਮ ਦਲ ਦੇ ਲੀਡਰ ਹਨ ਅਤੇ ਮਦਰਾਸ ਕਾਂਗਰਸ ਵਿਚ ਆਪ ਹੋਰਾਂ ਦੇ ਯਤਨ ਨਾਲ ਹੀ ਮੁਕੰਮਲ ਆਜ਼ਾਦੀ ਦਾ ਮਤਾ ਪਾਸ ਹੋ ਸਕਿਆ ਸੀ। ਆਪ ਨੇ ਅੰਮ੍ਰਿਤਸਰ ਕਾਨਫਰੰਸ ਦੇ ਐਡਰੈੱਸ ਵਿਚ ਇਸੇ ਗੱਲ 'ਤੇ ਜ਼ੋਰ ਦਿੱਤਾ ਪਰੰਤੂ ਫਿਰ ਵੀ ਇਨ੍ਹਾਂ ਦੋਹਾਂ ਸੱਜਣਾਂ ਦੇ ਖ਼ਿਆਲਾਂ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਅੰਮ੍ਰਿਤਸਰ ਅਤੇ ਮਹਾਰਾਸ਼ਟਰ ਕਾਨਫਰੰਸਾਂ ਦੇ ਇਨ੍ਹਾਂ ਦੋਹਾਂ ਪ੍ਰਧਾਨਾਂ ਦੇ ਐਡਰੈੱਸ ਪੜ੍ਹ ਕੇ ਹੀ ਸਾਨੂੰ ਇਨ੍ਹਾਂ ਦੇ ਖ਼ਿਆਲਾਂ ਦਾ ਫ਼ਰਕ ਖੁਟਕ ਗਿਆ ਸੀ, ਪਰ ਪਿੱਛੋਂ ਬੰਬਈ ਦੇ ਇਕ ਲੈਕਚਰ ਨੇ ਇਹ ਗੱਲ ਸਾਫ਼ ਕਰ ਦਿੱਤੀ। ਇਸ ਜਲਸੇ ਦੇ ਪੰਡਿਤ ਜਵਾਹਰ ਲਾਲ ਪ੍ਰਧਾਨ ਸਨ ਅਤੇ ਸ੍ਰੀ ਸੁਭਾਸ਼ ਹੋਰਾਂ ਲੈਕਚਰ ਦਿੱਤਾ ਸੀ। ਉਹ ਇਕ ਬੜੇ ਭਾਵੁਕ ਬੰਗਾਲੀ ਹਨ। ਉਨ੍ਹਾਂ ਨੇ ਲੈਕਚਰ ਸ਼ੁਰੂ ਕੀਤਾ ਕਿ ਹਿੰਦੁਸਤਾਨ ਦਾ ਦੁਨੀਆ ਦੇ ਨਾਮ ਇਕ ਖ਼ਾਸ ਪੈਗ਼ਾਮ ਹੈ। ਉਹ ਦੁਨੀਆ ਨੂੰ ਰੂਹਾਨੀ ਸਬਕ ਦੇਵੇਗਾ। ਖ਼ੈਰ ! ਅਗਾਂਹ ਉਹ ਮਸਤਾਨਾਵਾਰ ਕਹਿਣਾ ਸ਼ੁਰੂ ਕਰ ਦਿੰਦੇ ਹਨ :

"ਚਾਂਦਨੀ ਰਾਤ ਵਿਚ ਤਾਜਮਹੱਲ ਨੂੰ ਦੇਖੋ ਅਤੇ ਜਿਸ ਦਿਲ ਦੀ ਇਹ ਸੂਝ ਦਾ ਨਤੀਜਾ ਸੀ, ਉਸ ਦੀ ਮਹਾਨਤਾ ਦੀ ਕਲਪਨਾ ਕਰੋ। ਸੋਚੋ, ਸਾਡੇ ਇਕ ਬੰਗਾਲੀ ਨਾਵਲਿਸਟ ਨੇ ਲਿਖਿਆ ਹੈ ਕਿ 'ਇਹ ਸਾਡੇ ਅੱਥਰੂ ਹੀ ਜੰਮ-ਜੰਮ ਕੇ ਪੱਥਰ ਬਣ ਗਏ ਹਨ।' ਉਹ ਵੀ ਮੁੜ 'ਵੇਦਾਂ ਵੱਲ ਚੱਲੋ' ਦਾ ਹੀ ਆਵਾਜ਼ਾ ਕੱਸਦੇ ਹਨ। ਆਪ ਆਪਣੇ ਪੂਨਾ ਵਾਲੇ ਐਡਰੈੱਸ ਵਿਚ (Nationalism) ਕੌਮਪ੍ਰਸਤੀ ਦੇ ਸੰਬੰਧ ਵਿਚ ਇਹ ਲਿਖਦੇ ਹੋਏ ਕਿ ਕੌਮਾਂਤਰੂ ਯਾ ਦੁਨੀਆ ਦੀ ਇਕ ਕੌਮ ਦੇ ਖ਼ਿਆਲਾਤ ਵਾਲੇ (Inter Nationalists), ਕੌਮਪ੍ਰਸਤੀ (Nationalism) ਨੂੰ ਇਕ ਤੰਗ ਖ਼ਿਆਲ ਦੱਸਦੇ ਹਨ, ਪਰ ਇਹ ਭੁੱਲ ਹੈ। ਹਿੰਦੁਸਤਾਨੀ ਕੌਮਪ੍ਰਸਤੀ ਦਾ ਖ਼ਿਆਲ ਇਹੋ ਜਿਹਾ ਨਹੀਂ। ਉਹ ਨਾ ਤੰਗ ਹੈ, ਨਾ ਖ਼ੁਦਗਰਜ਼ੀ ਭਰਿਆ ਹੈ ਤੇ ਨਾ ਜ਼ਾਲਿਮਾਨਾ ਹੈ। ਕਿਉਂਕਿ ਇਸ ਦੀ ਜੜ੍ਹ ਯਾ ਮੂਲ ਤਾਂ ਇਹ :

'ਸਤਯਮ-ਸ਼ਿਵਮ-ਸੁੰਦਰਮ' ਹੈ। ਅਰਥਾਤ 'ਸੱਚਾ-ਹੱਛਾ ਅਤੇ ਸੁੰਦਰ'।

ਇਹ ਵੀ ਉਹੋ ਹੀ ਛਾਇਆਵਾਦ ਹੈ। ਨਿਰੀ ਭਾਵੁਕਤਾ ਹੈ। ਨਾਲ ਹੀ ਉਨ੍ਹਾਂ ਨੂੰ ਵੀ ਆਪਣੇ ਪੁਰਾਣੇ ਜ਼ਮਾਨੇ ਤੇ ਬਹੁਤ ਸਾਰਾ ਵਿਸ਼ਵਾਸ ਹੈ। ਉਹ ਹਰ ਗੱਲ ਵਿਚ ਆਪਣੇ ਪੁਰਾਣੇ ਜ਼ਮਾਨੇ ਦੀ ਮਹਾਨਤਾ ਵੇਖਦੇ ਹਨ। ਪੰਚਾਇਤੀ ਰਾਜ ਦਾ ਤਰੀਕਾ ਉਨ੍ਹਾਂ ਦੇ ਵਿਚਾਰ ਵਿਚ ਕੋਈ ਨਵਾਂ ਨਹੀਂ। (**Republics and Democrasy**) 'ਪੰਚਾਇਤੀ ਰਾਜ ਅਤੇ ਲੋਕਾਂ ਦਾ ਰਾਜ' ਉਹ ਕਹਿੰਦੇ ਹਨ ਕਿ ਹਿੰਦੁਸਤਾਨ ਬਹੁਤ ਪੁਰਾਣਾ ਹੈ। ਉਹ ਤੇ ਇਥੋਂ ਤੀਕ ਕਹਿੰਦੇ ਹਨ ਕਿ (**Communism**) ਕਮਿਊਨਿਜ਼ਮ ਵੀ ਹਿੰਦੁਸਤਾਨ ਵਾਸਤੇ ਨਵੀਂ ਚੀਜ਼ ਨਹੀਂ। ਖ਼ੈਰ ! ਉਨ੍ਹਾਂ ਨੇ ਸਭ ਤੋਂ ਵਧੀਕ

ਉਸੇ ਦਿਨ ਲੈਕਚਰ ਵਿਚ ਜਿਸ ਗੱਲ 'ਤੇ ਜ਼ੋਰ ਦਿੱਤਾ, ਉਹ ਇਹ ਸੀ ਕਿ ਹਿੰਦੁਸਤਾਨ ਦਾ ਦੁਨੀਆ ਵਾਸਤੇ ਇਕ ਖ਼ਾਸ ਸੁਨੇਹਾ ਹੈ। ਪੰਡਿਤ ਜਵਾਹਰ ਲਾਲ ਹੋਰਾਂ ਦੇ ਵਿਚਾਰ ਇਸ ਤੋਂ ਉਲਟ ਹਨ। ਉਹ ਕਹਿੰਦੇ ਹਨ :

ਜਿਸ ਮੁਲਕ ਜਾਓ, ਉਹ ਹੀ ਸਮਝਦਾ ਹੈ ਕਿ ਉਸ ਦਾ ਦੁਨੀਆ ਵਾਸਤੇ ਇਕ ਖ਼ਾਸ ਸੁਨੇਹਾ ਹੈ। ਇੰਗਲੈਂਡ ਦੁਨੀਆ ਨੂੰ ਤਹਿਜ਼ੀਬ ਸਿਖਾਲਣ ਦਾ ਠੇਕੇਦਾਰ ਬਣਦਾ ਹੈ। ਮੈਂ ਤਾਂ ਕੋਈ ਖ਼ਾਸ ਗੱਲ ਆਪਣੇ ਮੁਲਕ ਪਾਸ ਨਹੀਂ ਦੇਖਦਾ। ਸੁਭਾਸ਼ ਬਾਬੂ ਨੂੰ ਇਨ੍ਹਾਂ ਗੱਲਾਂ 'ਤੇ ਬੜਾ ਯਕੀਨ ਹੈ। ਜਵਾਹਰ ਲਾਲ ਹੋਰੀਂ ਕਹਿੰਦੇ ਹਨ :

**"Every youth must rebel. Not only in political sphere, but in social, economic and religious spheres also. I have not much use of any man who comes and tells me that such and such thing is said in *koran*. Everything n ureasonable must be discarded even if they Dee authority for it in the *vedas* and *koran*"**

"ਕਿ ਹਰ ਇਕ ਨੌਜਵਾਨ ਨੂੰ ਬਗ਼ਾਵਤ ਕਰਨੀ ਚਾਹੀਦੀ ਹੈ। ਰਾਜਸੀ ਮੈਦਾਨ ਵਿਚ ਹੀ ਨਹੀਂ ਬਲਕਿ ਸਮਾਜਿਕ, ਆਰਥਿਕ ਅਤੇ ਮਜ਼ਹਬੀ ਮੈਦਾਨ ਵਿਚ ਵੀ। ਮੈਨੂੰ ਐਸੇ ਆਦਮੀ ਦੀ ਕੋਈ ਲੋੜ ਨਹੀਂ, ਜੋ ਕਿ ਆ ਕੇ ਕਹੇ ਕਿ ਫਲਾਣੀ ਗੱਲ ਕੁਰਾਨ ਵਿਚ ਲਿਖੀ ਹੋਈ ਹੈ। ਕੋਈ ਗੱਲ ਜੋ ਆਪਣੀ ਸਮਝ ਦੀ ਪਰਖ ਨਾਲ ਠੀਕ ਨਾ ਸਾਬਤ ਹੋਵੇ, ਉਸ ਨੂੰ ਚਾਹੇ ਵੇਦ ਅਤੇ ਕੁਰਾਨ ਵਿਚ ਕਿੱਡਾ ਹੀ ਚੰਗਾ ਕਿਹਾ ਜਾਵੇ, ਨਹੀਂ ਮੰਨਣੀ ਚਾਹੀਦੀ।"

ਇਹ ਇਕ ਜੁਗ-ਪਲਟਾਊ ਦੇ ਖ਼ਿਆਲਾਤ ਹਨ ਅਤੇ ਸੁਭਾਸ਼ ਦੇ ਇਕ ਰਾਜ-ਪਲਟਾਊ ਵਾਲੇ ਖ਼ਿਆਲ ਹਨ। ਇਕ ਦੇ ਵਿਚਾਰ ਵਿਚ ਸਾਡੀਆਂ ਪੁਰਾਣੀਆਂ ਚੀਜ਼ਾਂ ਬਹੁਤ ਅੱਛੀਆਂ ਹਨ ਅਤੇ ਦੂਸਰੇ ਦੇ ਖ਼ਿਆਲ ਵਿਚ ਉਨ੍ਹਾਂ ਦੇ ਬਰਖ਼ਿਲਾਫ਼ ਬਗ਼ਾਵਤ ਕਰ ਦੇਣੀ ਚਾਹੀਦੀ ਹੈ। ਇਕ ਨੂੰ ਭਾਵੁਕ ਕਿਹਾ ਜਾਂਦਾ ਹੈ ਤੇ ਇਕ ਨੂੰ ਜੁਗ-ਪਲਟਾਊ ਅਤੇ ਬਾਗ਼ੀ! ਪੰਡਿਤ ਜੀ ਇਕ ਥਾਂ ਕਹਿੰਦੇ ਹਨ :

**"To those who still fondly cherish old ideas and are striving to bring nack the conditions which prevailed in Arabia 1300 years ego or in the vedic age in India, I say, that it is inconcievable that you can back the hoary past. The world or reality will not retrace its steps, the world of immagiation may remain stationary."**

ਉਹ ਕਹਿੰਦੇ ਹਨ ਕਿ ਜਿਹੜੇ ਹੁਣ ਵੀ ਕੁਰਾਨ ਦੇ ਜ਼ਮਾਨੇ ਦੇ ਯਾਨੀ ਅੱਜ ਤੋਂ 1300 ਸਾਲ ਪਹਿਲਾਂ ਦੇ ਅਰਬ ਹਾਲਾਤ ਮੁੜ ਕੇ ਪੈਦਾ ਕਰਨਾ ਚਾਹੁੰਦੇ ਹਨ, ਜਾਂ ਜੋ ਪਿੱਛੇ ਵੇਦਾਂ ਦੇ ਜ਼ਮਾਨੇ ਵੱਲ ਪਏ ਤੱਕਦੇ ਹਨ, ਉਨ੍ਹਾਂ ਨੂੰ ਮੇਰਾ ਕਹਿਣਾ ਹੈ ਕਿ ਇਹ ਤਾਂ ਖ਼ਿਆਲ ਵਿਚ ਹੀ ਨਹੀਂ ਆ ਸਕਦਾ ਕਿ ਉਹ ਜ਼ਮਾਨਾ ਮੁੜ ਕੇ ਆ ਜਾਵੇਗਾ, ਅਸਲੀ ਦੁਨੀਆ ਪਿੱਛੇ ਨਹੀਂ ਮੁੜ ਸਕਦੀ। ਖ਼ਿਆਲੀ ਦੁਨੀਆ ਨੂੰ ਚਾਹੇ ਕੁਝ ਦਿਨ ਇਥੇ ਹੀ ਫੜੀ ਰੱਖੋ ਅਤੇ ਇਸ ਕਰ ਕੇ ਹੀ ਬਗ਼ਾਵਤ ਦੀ ਜ਼ਰੂਰਤ ਉਹ ਅਨੁਭਵ ਕਰਦੇ ਹਨ।

ਸੁਭਾਸ਼ ਬੋਸ ਮੁਕੰਮਲ ਆਜ਼ਾਦੀ ਦੇ ਹੱਕ ਵਿਚ ਹਨ, ਕਿਉਂਕਿ ਉਹ ਕਹਿੰਦੇ ਹਨ ਕਿ ਅੰਗਰੇਜ਼ ਪੱਛਮ ਦੇ ਰਹਿਣ ਵਾਲੇ ਹਨ ਅਤੇ ਅਸੀਂ ਪੂਰਬ ਦੇ। ਪੰਡਿਤ ਜੀ ਕਹਿੰਦੇ ਹਨ, ਸਾਨੂੰ ਆਪਣਾ ਰਾਜ ਕਾਇਮ ਕਰ ਕੇ ਸਾਰਾ ਸਮਾਜਿਕ ਨਿਜ਼ਾਮ ਬਦਲਣਾ ਚਾਹੀਦਾ ਹੈ, ਉਸ ਵਾਸਤੇ ਸਾਨੂੰ ਪੂਰੀ-ਪੂਰੀ ਆਜ਼ਾਦੀ ਹਾਸਲ ਕਰਨ ਦੀ ਲੋੜ ਹੈ।

ਸੁਭਾਸ਼ ਬਾਬੂ ਮਜ਼ਦੂਰਾਂ ਨਾਲ ਹਮਦਰਦੀ ਰੱਖਦੇ ਹਨ ਅਤੇ ਉਨ੍ਹਾਂ ਦੀ ਹਾਲਤ ਸੁਧਾਰਨਾ ਚਾਹੁੰਦੇ ਹਨ। ਪੰਡਿਤ ਜੀ ਇਕ ਇਨਕਲਾਬ ਕਰ ਕੇ ਸਾਰਾ ਨਿਜ਼ਾਮ ਹੀ ਬਦਲ ਦੇਣਾ ਚਾਹੁੰਦੇ ਹਨ। ਇਕ ਭਾਵੁਕ ਹੈ—ਉਹ ਦਿਲ ਵਾਸਤੇ ਨੌਜਵਾਨਾਂ ਨੂੰ ਬਹੁਤ ਕੁਝ ਦੇ ਰਹੇ ਹਨ, ਪਰ ਸਿਰਫ਼ ਦਿਲ ਵਾਸਤੇ। ਦੂਜਾ ਜੁਗ-ਪਲਟਾਊ ਹੈ, ਜੋ ਕਿ ਦਿਲ ਦੇ ਨਾਲ ਹੀ ਨਾਲ ਦਿਮਾਗ਼ ਨੂੰ ਵੀ ਬਹੁਤ ਕੁਝ ਦੇ ਰਿਹਾ ਹੈ :

**"They should aim at swaraj for the masses based n o socialism. That was a revolutionary change which they could not bring about without revolutionary methods... Mere reform or gradual repairing of the existing machinry could not achieve the real proper swaraj for the General Masses."**

ਯਾਨੀ ਸਾਡਾ ਆਦਰਸ਼ ਇਕਮਈ ਅਸੂਲਾਂ ਅਨੁਸਾਰ ਮੁਕੰਮਲ ਆਜ਼ਾਦੀ ਹੋਣਾ ਚਾਹੀਦਾ ਹੈ, ਜਿਹੜਾ ਕਿ ਜੁਗ-ਪਲਟਾਊ ਤਰੀਕਿਆਂ ਬਿਨਾਂ ਹਾਸਲ ਨਹੀਂ ਹੋ ਸਕਦਾ। ਕੇਵਲ ਸੁਧਾਰ ਅਤੇ ਮੌਜੂਦਾ ਸਰਕਾਰ ਦੀ ਮਸ਼ੀਨਰੀ ਦੀ ਹੌਲੀ-ਹੌਲੀ ਕੀਤੀ ਗਈ ਮੁਰੰਮਤ ਅਤੇ ਆਮ ਲੋਕਾਂ ਦੇ ਵਾਸਤੇ ਅਸਲੀ ਸਵਰਾਜ ਨਹੀਂ ਲਿਆ ਸਕਦੀ।

ਇਹ ਉਨ੍ਹਾਂ ਦੇ ਖ਼ਿਆਲਾਂ ਦਾ ਠੀਕ-ਠੀਕ ਅਕਸ ਹੈ। ਸੁਭਾਸ਼ ਬਾਬੂ ਕੌਮਾਂਤਰੀ ਰਾਜਨੀਤੀ ਵੱਲ ਓਨਾ ਚਿਰ ਹੀ ਧਿਆਨ ਦੇਣਾ ਜ਼ਰੂਰੀ ਖ਼ਿਆਲ ਕਰਦੇ ਹਨ ਕਿ ਜਿੰਨਾ ਚਿਰ ਦੁਨੀਆ ਦੇ ਪਾਲੀਟਿਕਸ ਵਿਚ ਹਿੰਦੁਸਤਾਨ ਦੀ ਰੱਖਿਆ ਅਤੇ ਤਰੱਕੀ ਦਾ ਸਵਾਲ ਹੈ, ਪਰੰਤੂ ਪੰਡਿਤ ਹੋਰੀਂ ਕੌਮਪ੍ਰਸਤੀ ਦੇ ਤੰਗ ਦਾਇਰੇ 'ਚੋਂ ਨਿਕਲ ਕੇ ਖੁੱਲ੍ਹੇ ਮੈਦਾਨ ਵਿਚ ਆ ਗਏ ਹਨ।

ਹੁਣ ਸਵਾਲ ਇਹ ਹੈ ਕਿ ਸਾਡੇ ਸਾਹਮਣੇ ਦੋਵੇਂ ਵਿਚਾਰ ਆ ਗਏ ਹਨ। ਸਾਨੂੰ ਕਿਸ ਵੱਲ ਝੁਕਣਾ ਚਾਹੀਦਾ ਹੈ। ਇਕ ਪੰਜਾਬੀ ਅਖ਼ਬਾਰ ਨੇ ਸੁਭਾਸ਼ ਦੀ ਤਾਰੀਫ਼ ਦੇ ਪੁਲ ਬੰਨ੍ਹ ਕੇ ਪੰਡਿਤ ਹੋਰਾਂ ਦੇ ਮੁਤੱਲਕ ਕਿਹਾ ਸੀ ਕਿ ਇਹੋ ਜਿਹੇ ਬਾਗ਼ੀ ਪੱਥਰਾਂ ਨਾਲ ਸਿਰ ਮਾਰ-ਮਾਰ ਕੇ ਮਰ ਜਾਇਆ ਕਰਦੇ ਹਨ। ਖ਼ਿਆਲ ਰੱਖਣਾ ਚਾਹੀਦਾ ਹੈ ਕਿ ਪੰਜਾਬ ਅੱਗੇ

ਹੀ ਬੜਾ ਭਾਵੁਕ ਪ੍ਰਾਂਤ ਹੈ । ਜੋਸ਼ ਵਿਚ ਜਲਦੀ ਹੀ ਲੋਕੀ ਆ ਜਾਂਦੇ ਹਨ ਅਤੇ ਜਲਦੀ ਹੀ ਝੱਗ ਵਾਂਗੂ ਬੈਠ ਜਾਂਦੇ ਹਨ ।

ਸੁਭਾਸ਼ ਅੱਜ ਸ਼ਾਇਦ ਦਿਲ ਦੀ ਕੁਝ ਗਜ਼ਾ ਦੇਣ ਤੋਂ ਇਲਾਵਾ ਹੋਰ ਕੋਈ ਦਿਮਾਗ਼ੀ ਗਜ਼ਾ ਨਹੀਂ ਦੇ ਰਹੇ । ਹੁਣ ਜ਼ਰੂਰਤ ਇਸ ਗੱਲ ਦੀ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਇਨ੍ਹਾਂ ਜੁਗ-ਪਲਟਾਊ ਖ਼ਿਆਲਾਂ ਨੂੰ ਆਪਣੇ ਦਿਮਾਗ਼ ਵਿਚ ਖ਼ੂਬ ਸੋਚ-ਵਿਚਾਰ ਕੇ ਪੱਕਿਆਂ ਕਰ ਲੈਣਾ ਚਾਹੀਦਾ ਹੈ ।

ਇਸ ਵੇਲੇ ਪੰਜਾਬ ਨੂੰ ਦਿਮਾਗ਼ ਦੀ ਗਜ਼ਾ ਦੀ ਲੋੜ ਹੈ ਅਤੇ ਉਹ ਪੰਡਿਤ ਜਵਾਹਰ ਲਾਲ ਨਹਿਰੂ ਕੋਲੋਂ ਹੀ ਮਿਲ ਸਕਦੀ ਹੈ । ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਦੇ ਅੰਨ੍ਹੇ ਪੈਰੋਕਾਰ ਬਣ ਜਾਣਾ ਚਾਹੀਦਾ ਹੈ । ਪਰ ਜਿਥੋਂ ਤੀਕ ਖ਼ਿਆਲਾਤ ਦਾ ਤੁਅੱਲਕ ਹੈ, ਉਥੋਂ ਤੀਕ ਐਸ ਵੇਲੇ ਪੰਜਾਬੀ ਨੌਜਵਾਨਾਂ ਨੂੰ ਹੁਣ ਪਿੱਛੇ ਲੱਗਣਾ ਚਾਹੀਦਾ ਹੈ ਤਾਂ ਕਿ ਉਹ ਇਨਕਲਾਬ ਦੀ ਜ਼ਰੂਰਤ, ਦੁਨੀਆ ਦੇ ਇਨਕਲਾਬ ਵਿਚ ਇਸ ਦਾ ਥਾਉਂ ਕੀ ਹੈ ਆਦਿ ਬਾਰੇ ਜਾਣ ਸਕਣ । ਸੋਚ-ਵਿਚਾਰ ਦੇ ਨਾਲ ਨੌਜਵਾਨ ਆਪਣੇ ਖ਼ਿਆਲਾਤ ਨੂੰ ਪੱਕਿਆਂ ਕਰਨ ਤਾਂ ਕਿ ਨਿਰਾਸ਼ਾ, ਮਾਯੂਸੀ ਅਤੇ ਹਾਰ ਦੇ ਜ਼ਮਾਨੇ ਵਿਚ ਵੀ ਡੋਲਣ ਨਾ ਅਤੇ ਇਕੱਲੇ ਖਲੋ ਕੇ ਦੁਨੀਆ ਦੇ ਮੁਕਾਬਲੇ ਵਿਚ ਡਟੇ ਰਹਿਣ । ਐਸੇ ਹੀ ਆਦਮੀ ਇਨਕਲਾਬ ਨੂੰ ਕਾਮਯਾਬ ਕਰ ਸਕਣਗੇ ।

## ਅਸੈਂਬਲੀ ਬੰਬ ਕੇਸ ਬਾਅਦ ਸੈਸ਼ਨ ਕੋਰਟ 'ਚ ਬਿਆਨ

*(ਭਗਤ ਸਿੰਘ ਅਤੇ ਬੀ.ਕੇ. ਦੱਤ ਨੇ ਅਦਾਲਤ ਨੂੰ ਆਪਣੀ ਪਾਰਟੀ ਦੇ ਵਿਚਾਰਾਂ ਅਤੇ ਭਾਰਤ ਦੇ ਭਵਿੱਖ ਦੀ ਤਸਵੀਰ ਦੇ ਤਸੱਵਰ ਨੂੰ ਪ੍ਰਗਟਾਉਣ ਦਾ ਕੇਂਦਰ ਬਣਾਇਆ । ਅਸੈਂਬਲੀ ਬੰਬ ਕੇਸ ਵਿਚ ਸੈਸ਼ਨ ਅਦਾਲਤ ਵਿਚ ਦਿੱਤੇ ਗਏ ਇਹ ਬਿਆਨ ਉਨ੍ਹਾਂ ਦੀ ਵਿਚਾਰਧਾਰਾ ਦਾ ਇਕ ਬਹੁਤ ਹੀ ਅਹਿਮ ਦਸਤਾਵੇਜ਼ ਹੈ ।)*

ਸਾਡੇ 'ਤੇ ਕੁਝ ਸੰਗੀਨ ਇਲਜ਼ਾਮ ਲਗਾਏ ਗਏ ਹਨ ਅਤੇ ਇਸ ਮੌਕੇ 'ਤੇ ਇਹੀ ਠੀਕ ਹੈ ਅਸੀਂ ਆਪਣਾ ਰਵੱਈਆ ਸਪੱਸ਼ਟ ਕਰੀਏ ।

ਇਸ ਮਾਮਲੇ ਵਿਚ ਹੇਠਲੇ ਸਵਾਲ ਉਠਦੇ ਹਨ :

1. ਕੀ ਭਵਨ ਦੇ ਅੰਦਰ ਬੰਬ ਸੁੱਟੇ ਗਏ, ਜੇ ਸੁੱਟੇ ਗਏ ਤਾਂ ਕਿਉਂ ?
2. ਕੀ ਹੇਠਲੀ ਅਦਾਲਤ ਰਾਹੀਂ ਲਾਏ ਗਏ ਇਲਜ਼ਾਮ ਠੀਕ ਹਨ ਜਾਂ ਨਹੀਂ ?

ਪਹਿਲੇ ਸਵਾਲ ਦੇ ਪਹਿਲੇ ਅੱਧ ਦਾ ਜਵਾਬ ਅਸੀਂ ਹਾਂ ਵਿਚ ਦਿੰਦੇ ਹਾਂ । ਪਰ ਕਿਉਂਕਿ ਕੁਝ ਅਖੌਤੀ 'ਮੌਕੇ ਦੇ' ਗਵਾਹਾਂ ਨੇ ਝੂਠੀਆਂ ਗਵਾਹੀਆਂ ਦਿੱਤੀਆਂ ਹਨ, ਤੇ ਕਿਉਂਕਿ ਉਸ ਹੱਦ ਤਕ ਅਸੀਂ ਆਪਣੇ ਕੰਮ ਤੋਂ ਇਨਕਾਰ ਵੀ ਨਹੀਂ ਕਰਦੇ, ਇਸ ਲਈ ਸਾਡੇ ਉਨ੍ਹਾਂ ਬਾਰੇ ਬਿਆਨ ਦਾ ਉਸ ਗਹੁ ਨਾਲ ਹੀ ਨਿਰਣਾ ਕੀਤਾ ਜਾਵੇ ਜਿਸ ਦੇ ਕਿ ਉਹ ਯੋਗ ਹੈ । ਮਿਸਾਲ ਦੇ ਤੌਰ 'ਤੇ ਅਸੀਂ ਦੱਸ ਸਕੀਏ ਕਿ ਸਾਰਜੈਂਟ ਟੈਰੀ ਦੀ ਇਹ ਗਵਾਹੀ ਕਿ ਉਸ ਨੇ ਸਾਡੇ ਵਿਚੋਂ ਇਕ ਕੋਲੋਂ ਪਸਤੌਲ ਬਰਾਮਦ ਕੀਤਾ ਸੀ, ਇਕ ਗਿਣਿਆ-ਮਿਥਿਆ ਝੂਠ ਹੈ । ਕਿਉਂਕਿ ਜਦੋਂ ਅਸੀਂ ਆਪਣੇ ਆਪ ਨੂੰ ਪੇਸ਼ ਕੀਤਾ ਤਾਂ ਸਾਡੇ ਵਿਚੋਂ ਕਿਸੇ ਕੋਲ ਪਸਤੌਲ ਨਹੀਂ ਸੀ । ਦੂਸਰੇ ਗਵਾਹ ਵੀ, ਜਿਨ੍ਹਾਂ ਨੇ ਇਹ ਬਿਆਨ ਦਿੱਤਾ ਹੈ ਕਿ ਉਨ੍ਹਾਂ ਨੇ ਸਾਨੂੰ ਬੰਬ ਸੁੱਟਦੇ ਦੇਖਿਆ ਹੈ, ਝੂਠ ਬੋਲਣ ਤੋਂ ਝਿਜਕੇ ਨਹੀਂ । ਇਹ ਤੱਥ ਉਨ੍ਹਾਂ ਲਈ ਇਕ ਸਬਕ ਹੈ ਜਿਨ੍ਹਾਂ ਦਾ ਉਦੇਸ਼ ਅਦਾਲਤੀ ਨਿਆਂ ਤੇ ਇਨਸਾਫ਼ ਹੈ ।

ਨਾਲ ਹੀ ਅਸੀਂ ਸਵੀਕਾਰ ਕਰਦੇ ਹਾਂ ਕਿ ਹੁਣ ਤੀਕ ਸਰਕਾਰੀ ਵਕੀਲ ਅਤੇ ਅਦਾਲਤ ਦਾ ਅਮਲ ਸਾਫ਼ ਰਿਹਾ ਹੈ ।

### ਵਾਇਸਰਾਏ ਦੇ ਵਿਚਾਰਾਂ ਦੀ ਪ੍ਰੋੜ੍ਹਤਾ

ਪਹਿਲੇ ਸਵਾਲ ਦੇ ਅਗਲੇ ਅੱਧ ਦੇ ਜਵਾਬ ਵਿਚ, ਇਹ ਜ਼ਰੂਰੀ ਹੈ ਕਿ ਅਸੀਂ ਹੋਰ ਵਿਸਥਾਰ ਵਿਚ ਜਾਈਏ ਤਾਂ ਕਿ ਮੰਤਵ ਦੇ ਤੇ ਉਨ੍ਹਾਂ ਹਾਲਤਾਂ ਦੀ ਸਹੀ ਤੇ ਪੂਰੀ ਵਿਆਖਿਆ ਕਰ ਸਕੀਏ ਜਿਸ ਕਰ ਕੇ ਉਹ ਘਟਨਾ ਵਾਪਰੀ ਜਿਹੜੀ ਕਿ ਹੁਣ ਇਕ ਇਤਿਹਾਸਕ ਘਟਨਾ ਬਣ ਚੁੱਕੀ ਹੈ । ਜੇਲ੍ਹ ਵਿਚ ਸਾਨੂੰ ਮਿਲਣ ਵਾਲੇ ਕੁਝ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਹਾਂ ਸਦਨਾਂ ਦੇ ਸਾਂਝੇ ਇਜਲਾਸ ਵਿਚ ਭਾਸ਼ਣ ਕਰਦੇ ਲਾਰਡ ਇਰਵਨ ਨੇ ਕਿਹਾ ਹੈ ਕਿ ਇਹ ਹਮਲਾ ਕਿਸੇ ਵਿਅਕਤੀ ਦੇ ਵਿਰੁੱਧ ਨਹੀਂ ਹੈ ਸਗੋਂ ਸੰਸਥਾ (ਪ੍ਰਣਾਲੀ) ਦੇ ਵਿਰੁੱਧ ਹੈ । ਅਸੀਂ ਝੱਟ ਸਵੀਕਾਰ ਕਰ ਲਿਆ ਕਿ ਘਟਨਾ ਦੇ ਅਸਲੀ ਮਹੱਤਵ ਦਾ ਠੀਕ ਨਿਰਣਾ ਕੀਤਾ ਗਿਆ ਹੈ ।

ਮਨੁੱਖਤਾ ਨੂੰ ਪਿਆਰ ਕਰਨ ਵਿਚ ਅਸੀਂ ਕਿਸੇ ਤੋਂ ਪਿੱਛੇ ਨਹੀਂ ਹਾਂ । ਕਿਸੇ ਇਕ ਵਿਅਕਤੀ ਦੇ ਵਿਰੁੱਧ ਰੋਸ ਰੱਖਣ ਦਾ ਤਾਂ ਸਵਾਲ ਹੀ ਨਹੀਂ, ਸਗੋਂ ਅਸੀਂ ਮਨੁੱਖੀ ਜੀਵਨ ਏਨਾ ਪਵਿੱਤਰ ਮੰਨਦੇ ਹਾਂ ਕਿ ਸ਼ਬਦਾਂ ਰਾਹੀਂ ਦੱਸਿਆ ਨਹੀਂ ਜਾ ਸਕਦਾ ।

ਨਾ ਤਾਂ ਅਸੀਂ ਕਾਇਰਤਾ ਭਰੇ ਦੰਗੇ ਕਰਨ ਵਾਲੇ ਅਪਰਾਧੀ ਹਾਂ ਤੇ ਨਾ ਆਪਣੇ ਦੇਸ਼ ਲਈ ਅਪਮਾਨ ਦੀ ਗੱਲ ਹਾਂ, ਜਿਵੇਂ ਕਿ ਆਪਣੇ ਆਪ ਨੂੰ ਸਮਾਜਵਾਦੀ ਕਹਿਣ ਵਾਲੇ ਚਮਨ ਲਾਲ ਨੇ ਸਾਡੇ ਬਾਰੇ ਕਿਹਾ ਹੈ, ਤੇ ਅਸੀਂ ਸਿਰ ਫਿਰੇ ਵੀ ਨਹੀਂ ਹਾਂ, ਜਿਵੇਂ ਕਿ ਲਾਹੌਰ ਦੇ 'ਟ੍ਰਿਬਿਊਨ' ਅਖ਼ਬਾਰ ਤੇ ਕੁਝ ਹੋਰ ਲੋਕ ਸਾਡੇ ਬਾਰੇ ਵਿਸ਼ਵਾਸ ਕਰਦੇ ਹਨ ।

## ਅਸਲੀ ਰੋਸ

ਸਾਡਾ ਨਿਮਾਣਾ ਜਿਹਾ ਦਾਅਵਾ ਸਿਰਫ਼ ਇਹ ਹੈ ਕਿ ਅਸੀਂ ਦੇਸ਼ ਦੇ ਇਤਿਹਾਸ, ਇਸ ਦੀਆਂ ਹਾਲਤਾਂ ਤੇ ਆਦਰਸ਼ਾਂ ਦੇ ਗੰਭੀਰ, ਮਿਹਨਤੀ ਤੇ ਈਮਾਨਦਾਰ ਵਿਦਿਆਰਥੀ ਹਾਂ ਤੇ ਵਿਖਾਵੇ ਤੋਂ ਸਾਨੂੰ ਨਫ਼ਰਤ ਹੈ। ਸਾਡਾ ਰੋਸ ਉਸ ਅਦਾਰੇ ਦੇ ਖ਼ਿਲਾਫ਼ ਹੈ ਜਿਸ ਨੇ ਨਾ ਸਿਰਫ਼ ਮੁੱਢ ਤੋਂ ਹੀ ਆਪਣੇ ਘਟੀਆ ਹੋਣ ਦਾ ਸਬੂਤ ਦਿੱਤਾ ਹੈ, ਸਗੋਂ ਜਿਸ ਦੀ ਸ਼ੈਤਾਨੀ ਦੀ ਤਾਕਤ ਵੀ ਬੇਹੱਦ ਹੈ। ਜਿੰਨਾ ਵੱਧ ਅਸੀਂ ਸੋਚਿਆ ਹੈ, ਓਨੀ ਹੀ ਗਹਿਰਾਈ ਨਾਲ ਅਸੀਂ ਮਹਿਸੂਸ ਕੀਤਾ ਹੈ, ਕਿ ਇਸ ਦਾ (ਅਦਾਰੇ ਦਾ) ਕੰਮ ਸਿਰਫ਼ ਸੰਸਾਰ ਦੇ ਸਾਹਮਣੇ ਭਾਰਤ ਦੀ ਬੇਵਸੀ ਤੇ ਅਧੀਨਤਾ ਦਾ ਜਲੂਸ ਕੱਢਣਾ ਹੈ, ਅਤੇ ਇਹ ਇਕ ਗ਼ੈਰ-ਜ਼ਿੰਮੇਵਾਰ ਤਾਨਾਸ਼ਾਹ ਹਕੂਮਤ ਦੀ ਅੱਤਿਆਚਾਰੀ ਤਾਕਤ ਦਾ ਚਿੰਨ੍ਹ ਹੈ। ਵਾਰ-ਵਾਰ ਲੋਕਾਂ ਦੇ ਨੁਮਾਇੰਦਿਆਂ ਨੇ ਸਾਡੀ ਕੌਮੀ ਮੰਗ 'ਤੇ ਜ਼ੋਰ ਦਿੱਤਾ ਹੈ ਪਰ ਰੱਦੀ ਦੀ ਟੋਕਰੀ ਦੇ ਸਿਵਾ ਇਸ ਮੰਗ ਨੂੰ ਹੋਰ ਕੋਈ ਟਿਕਾਣਾ ਨਹੀਂ ਮਿਲਿਆ।

## ਇਹ ਹਮਲਾ ਸੰਸਥਾ 'ਤੇ ਹੈ

ਅਖੌਤੀ ਭਾਰਤੀ ਪਾਰਲੀਮੈਂਟ ਵਿਚ ਹੀ ਸਦਨ ਦੇ ਵਿਧੀਪੂਰਵਕ ਪਾਸ ਕੀਤੇ ਗਏ ਮਤਿਆਂ ਨੂੰ ਨਫ਼ਰਤ ਨਾਲ ਪੈਰਾਂ ਹੇਠ ਕੁਚਲ ਦਿੱਤਾ ਗਿਆ ਹੈ। ਦਬਾਅ ਅਤੇ ਅੱਤਿਆਚਾਰੀ ਕਾਨੂੰਨਾਂ ਨੂੰ ਹਟਾਉਣ ਲਈ ਪੇਸ਼ ਕੀਤੇ ਗਏ ਪ੍ਰਸਤਾਵਾਂ ਨਾਲ ਬੜਾ ਘਿਰਣਾ ਭਰਿਆ ਵਤੀਰਾ ਕੀਤਾ ਗਿਆ ਹੈ ਤੇ ਜਿਨ੍ਹਾਂ ਬਿੱਲਾਂ ਅਤੇ ਤਜਵੀਜ਼ਾਂ ਨੂੰ ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਅਸਹਿ ਸਮਝ ਕੇ ਨਾ-ਮਨਜ਼ੂਰ ਕੀਤਾ, ਉਨ੍ਹਾਂ ਨੂੰ ਕਲਮ ਦੇ ਇਕ ਝਟਕੇ ਨਾਲ ਫਿਰ ਲਾਗੂ ਕਰ ਦਿੱਤਾ ਗਿਆ। ਮੁੱਕਦੀ ਗੱਲ ਇਹ ਹੈ ਕਿ ਸਾਨੂੰ ਇਸ ਅਦਾਰੇ ਦੀ ਹੋਂਦ ਵਿਚ ਕੋਈ ਯੋਗ ਕਾਰਨ ਨਹੀਂ ਲੱਭਿਆ।

ਇਸ ਅਦਾਰੇ ਦੀ, ਮਿਹਨਤ ਕਰਦੇ ਹੋਏ ਚੂਰ ਭਾਰਤੀ ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਨਾਲ ਪਾਲੀ ਤੇ ਬਣਾਈ ਸ਼ਾਨੋ-ਸ਼ੌਕਤ ਤੇ ਚਮਕ-ਦਮਕ ਸਿਰਫ਼ ਇਕ ਥੋਥਾ ਦਿਖਾਵਾ ਹੀ ਨਹੀਂ, ਸਗੋਂ ਸ਼ਰਾਰਤ ਭਰਿਆ ਢੌਂਗ ਹੈ। ਇਸ ਤਰ੍ਹਾਂ ਅਸੀਂ ਉਨ੍ਹਾਂ ਨੇਤਾਵਾਂ ਦੀ ਮਾਨਸਿਕ ਹਾਲਤ ਨੂੰ ਵੀ ਨਹੀਂ ਸਮਝ ਸਕੇ, ਜਿਹੜੇ ਕਿ ਇਸ ਸ਼ਾਨ ਨਾਲ ਵਿਖਾਈ ਜਾ ਰਹੀ ਭਾਰਤ ਦੀ ਬੇਵਸੀ ਦੀ ਨੁਮਾਇਸ਼ ਲਈ ਜਨਤਾ ਦਾ ਸਮਾਂ ਤੇ ਧਨ ਬਰਬਾਦ ਕਰਨ ਵਿਚ ਸਰਕਾਰ ਦੀ ਮਦਦ ਕਰਦੇ ਰਹੇ ਹਨ।

## ਮਜ਼ਦੂਰਾਂ ਲਈ ਕੋਈ ਆਸ ਨਹੀਂ

ਅਸੀਂ ਇਸ ਸਭ ਉੱਤੇ ਭਾਰਤੀ ਮਜ਼ਦੂਰ ਨੇਤਾਵਾਂ ਦੀਆਂ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਬਾਰੇ ਮੁੜ-ਮੁੜ ਵਿਚਾਰ ਕਰਦੇ ਰਹੇ ਹਾਂ। ਟਰੇਡ ਡਿਸਪਿਊਟਸ ਬਿੱਲ ਪੇਸ਼ ਹੋਣ 'ਤੇ, ਅਸੀਂ ਇਸ ਦੀ ਕਾਰਵਾਈ ਦੇਖਣ ਲਈ ਅਸੈਂਬਲੀ ਵਿਚ ਆਏ ਤਾਂ ਬਹਿਸ ਸੁਣ ਕੇ ਸਾਡਾ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਕਿ ਭਾਰਤ ਦੇ ਕਰੋੜਾਂ ਕਿਰਤੀ ਲੋਕਾਂ ਨੂੰ ਇਸ ਸੰਸਥਾ ਤੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ ਜੋ ਕਿ ਲੁਟੇਰਿਆਂ ਦੀ ਗਲ-ਘੋਟੂ ਤਾਕਤ ਅਤੇ ਬੇਵਸ ਮਜ਼ਦੂਰਾਂ ਦੀ ਗ਼ੁਲਾਮੀ ਦਾ ਭਿਆਨਕ ਪ੍ਰਤੀਕ ਹੈ।

ਅੰਤ ਵਿਚ ਸਾਰੇ ਦੇਸ਼ ਦੇ ਲਗਨ ਵਾਲੇ ਨੁਮਾਇੰਦਿਆਂ ਦੀ ਬੇਇੱਜ਼ਤੀ ਕੀਤੀ ਗਈ ਹੈ ਜਿਸ ਨੂੰ ਅਸੀਂ ਵਹਿਸ਼ੀ ਅਤੇ ਗ਼ੈਰ-ਇਨਸਾਨੀ ਸਮਝਦੇ ਹਾਂ। ਸੰਘਰਸ਼ ਕਰਦੇ ਤੇ ਭੁੱਖ ਨਾਲ ਮਰਦੇ ਕਰੋੜਾਂ ਲੋਕਾਂ ਦਾ ਬੁਨਿਆਦੀ ਅਧਿਕਾਰ ਖੋਹ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਆਰਥਿਕ ਲੜਾਈ ਦਾ ਇਕੋ-ਇਕ ਰਾਹ ਵੀ ਬੰਦ ਕਰ ਦਿੱਤਾ ਗਿਆ ਹੈ। ਜਿਸ ਕਿਸੇ ਦੇ ਮਨ ਵਿਚ ਦੁੱਖ ਦੀ ਅੱਗ ਦੇ ਭਾਂਬੜ ਮੱਚਦੇ ਹੋਣ, ਜਿਸ ਕਿਸੇ ਨੂੰ ਅਸਾਂ ਡੰਗਰਾਂ ਵਾਂਗ ਹੱਕੇ ਜਾ ਰਹੇ, ਹੱਡ-ਤੋੜਵੀਂ ਮਿਹਨਤ ਕਰਦੇ ਭਾਰਤੀ ਮਜ਼ਦੂਰਾਂ ਦੀ ਮਜਬੂਰੀ, ਭੁੱਖ, ਦੁੱਖ ਤੇ ਮਾੜੇ ਹਾਲ ਦਾ ਅਹਿਸਾਸ ਹੁੰਦਾ ਹੈ। ਦਿਲ ਨੂੰ ਘੁੱਟ ਕੇ ਧੀਰਜ ਨਾਲ ਇਹ ਨਜ਼ਾਰਾ ਉਸ ਲਈ ਦੇਖਣਾ ਸੰਭਵ ਨਹੀਂ ਹੈ। ਜਿਨ੍ਹਾਂ ਇਸ ਸਮਾਜ ਦੇ ਆਰਥਿਕ ਢਾਂਚੇ ਦੇ ਨਿਰਮਾਣ ਲਈ ਖ਼ਾਮੋਸ਼ੀ ਨਾਲ ਆਪਣਾ ਲਹੂ ਪਾਇਆ ਹੈ, ਉਨ੍ਹਾਂ ਦਾ ਮੰਦਾ ਹਾਲ ਤੇ ਬਾਂਕੇ ਦਿਹਾੜੇ ਦੇਖ ਕੇ ਜ਼ਾਲਮ ਸੱਟ ਨਾਲ ਸਾਡੇ ਦਿਲਾਂ ਵਿਚੋਂ ਉੱਠਣ ਵਾਲੀ ਚੀਕ ਨੂੰ ਰੋਕਿਆ ਨਹੀਂ ਜਾ ਸਕਦਾ।

## ਬੰਬ ਦੀ ਜ਼ਰੂਰਤ

ਇਸ ਦੇ ਫਲਸਰੂਪ, ਅਸੀਂ ਸਵਰਗੀ ਸ੍ਰੀ ਸੀ.ਆਰ. ਦਾਸ, ਜਿਹੜੇ ਕਿ ਇਕ ਸਮੇਂ ਵੱਡੇ ਲਾਟ (ਗਵਰਨਰ ਜਨਰਲ) ਦੀ ਕਾਰਜਕਾਰਨੀ ਕੌਂਸਲ ਦੇ ਕਾਨੂੰਨੀ ਮੈਂਬਰ ਸਨ, ਦੇ ਉਨ੍ਹਾਂ ਸ਼ਬਦਾਂ ਨੂੰ ਮਨ ਵਿਚ ਰੱਖਿਆ ਜਿਹੜੇ ਉਨ੍ਹਾਂ ਆਪਣੇ ਪੁੱਤਰ ਦੇ ਨਾਂ ਇਕ ਮਸ਼ਹੂਰ ਖ਼ਤ ਵਿਚ ਲਿਖੇ ਸਨ। ਜਿਨ੍ਹਾਂ ਦਾ ਭਾਵ ਸੀ ਕਿ ਇੰਗਲੈਂਡ ਨੂੰ ਸੁਪਨਿਆਂ ਤੋਂ ਜਗਾਉਣ ਲਈ ਇਕ ਬੰਬ ਦੀ ਲੋੜ ਹੈ। ਉਨ੍ਹਾਂ ਲੋਕਾਂ, ਜਿਨ੍ਹਾਂ ਕੋਲ ਆਪਣੀ ਦਿਲ-ਚੀਰਵੀਂ ਪੀੜ ਦੱਸਣ ਦੀ ਕੋਈ ਰਾਹ ਨਹੀਂ ਸੀ, ਵੱਲੋਂ ਰੋਸ ਪ੍ਰਗਟ ਕਰਨ ਲਈ ਅਸੀਂ ਅਸੈਂਬਲੀ ਭਵਨ ਵਿਚ ਬੰਬ ਸੁੱਟੇ ਸਨ। ਸਾਡਾ ਉਦੇਸ਼ ਬੋਲਿਆਂ ਨੂੰ ਸੁਣਾਉਣਾ ਤੇ ਬੇਧਿਆਨਿਆਂ ਨੂੰ ਠੀਕ ਸਮੇਂ ਚੇਤਾਵਨੀ ਦੇਣਾ ਸੀ। ਬਾਕੀ ਸਾਰੇ ਭਾਰਤੀਆਂ ਨੇ ਵੀ ਸਾਡੇ ਵਾਂਗ ਬੇਚੈਨੀ ਨਾਲ ਇਸ ਨੂੰ ਮਹਿਸੂਸ ਕੀਤਾ ਹੈ। ਸੋ ਅਸਲ ਵਿਚ ਉੱਤੋਂ ਸ਼ਾਂਤ ਜਾਪਦੇ ਭਾਰਤੀ ਮਨੁੱਖਤਾ ਦੇ ਸਮੁੰਦਰ ਵਿਚ ਇਕ ਤੂਫ਼ਾਨ ਉੱਠਣ ਵਾਲਾ ਹੈ। ਅੱਗੇ ਆਉਣ ਵਾਲੇ ਭਿਆਨਕ ਖ਼ਤਰਿਆਂ ਦਾ ਅਹਿਸਾਸ ਕੀਤੇ ਬਗ਼ੈਰ ਜਿਹੜੇ ਲੋਕ ਅੱਗੇ ਨੂੰ ਦੌੜੇ ਜਾ ਰਹੇ ਹਨ। ਅਸੀਂ ਤਾਂ ਸਿਰਫ਼ ਕਲਪਨਾ-ਲੋਕ ਵਿਚ ਵਸਦੀ ਅਹਿੰਸਾ ਦੇ ਦੌਰ ਦੇ ਅੰਤ ਦਾ ਐਲਾਨ ਕੀਤਾ

ਹੈ । ਨਵੀਂ ਪੀੜ੍ਹੀ ਨੂੰ ਅਹਿੰਸਾ ਦੇ ਖੋਖਲੇਪਨ ਦਾ ਇੰਨਾ ਵਿਸ਼ਵਾਸ ਹੋ ਚੁੱਕਾ ਹੈ ਕਿ ਉਨ੍ਹਾਂ ਨੂੰ ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ ਹੈ ।

## ਆਦਰਸ਼ ਦੀ ਵਿਆਖਿਆ

ਅਸੀਂ ਉੱਪਰਲੇ ਪਹਿਰੇ ਵਿਚ 'ਕਲਪਨਾ-ਲੋਕ ਵਿਚ ਵਸਦੀ ਅਹਿੰਸਾ' ਦਾ ਸ਼ਬਦ ਵਰਤਿਆ ਹੈ, ਜਿਸ ਲਈ ਕੁਝ ਵਿਆਖਿਆ ਦੀ ਜ਼ਰੂਰਤ ਹੈ । ਹਮਲੇ ਲਈ ਵਰਤੀ ਗਈ ਤਾਕਤ ਹਿੰਸਾ ਹੈ ਅਤੇ ਇਸ ਕਰ ਕੇ ਨੈਤਿਕ ਪੱਖੋਂ ਨਿੰਦਣਯੋਗ ਹੈ । ਪਰ ਇਕ ਉਚਿਤ ਆਦਰਸ਼ ਨੂੰ ਅੱਗੇ ਵਧਾਉਣ ਲਈ ਤਾਕਤ ਨੂੰ ਵਰਤਿਆ ਜਾਵੇ ਤੇ ਇਸ ਦਾ ਸਦਾਚਾਰਕ ਪੱਖ ਵੀ ਹੁੰਦਾ ਹੈ । ਹਰ ਹਾਲਤ ਵਿਚ ਹਿੰਸਾ ਨੂੰ ਤਿਆਗ ਦੇਣਾ ਸ਼ੇਖਚਿੱਲੀ ਦੇ ਸੁਪਨੇ ਵਾਂਗ ਹੈ । ਦੇਸ਼ ਵਿਚ ਨਵੀਂ ਲਹਿਰ ਜਿਸ ਦੇ ਉਭਾਰ ਦੀ ਅਸੀਂ ਚੇਤਾਵਨੀ ਦਿੱਤੀ ਹੈ, ਦੀ ਪ੍ਰੇਰਨਾ ਦਾ ਸੋਮਾ ਉਹੋ ਆਦਰਸ਼ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਾਲ ਪਾਸ਼ਾ, ਰਜ਼ਾ ਸ਼ਾਹ ਪਹਿਲਵੀ, ਵਾਸ਼ਿੰਗਟਨ, ਗੈਰੀਬਾਲਡੀ, ਲਫਤੇ ਤੇ ਲੈਨਿਨ ਦਾ ਰਾਹ ਰੁਸ਼ਨਾਇਆ ਹੈ ਕਿਉਂਕਿ ਇੰਜ ਜਾਪਦਾ ਸੀ ਕਿ ਵਿਦੇਸ਼ੀ ਸਰਕਾਰ ਅਤੇ ਭਾਰਤੀ ਜਨ-ਨੇਤਾ ਦੋਵੇਂ ਹੀ ਇਸ ਨਵੀਂ ਲਹਿਰ ਵੱਲੋਂ ਅੱਖਾਂ ਮੀਟੀ ਬੈਠੇ ਹਨ । ਸੋ ਅਸੀਂ ਆਪਣਾ ਇਹ ਕਰਤੱਵ ਮਹਿਸੂਸ ਕੀਤਾ ਕਿ ਇਕ ਇਹੋ ਜਿਹੇ ਥਾਂ ਤੋਂ ਚੇਤਾਵਨੀ ਦਿੱਤੀ ਜਾਵੇ ਜਿੱਥੋਂ ਤਕ ਕਿ ਉਹ ਅਣਸੁਣੀ ਨਾ ਕੀਤੀ ਜਾ ਸਕੇ । ਹੁਣ ਤਕ ਤਾਂ ਅਸੀਂ ਵਿਚਾਰ ਅਧੀਨ ਘਟਨਾ ਦੇ ਉਦੇਸ਼ ਬਾਰੇ ਹੀ ਗੱਲ ਕੀਤੀ ਹੈ ਅਤੇ ਹੁਣ ਆਪਣੇ ਇਰਾਦੇ ਦੀ ਚੋਣ ਬਾਰੇ ਵੀ ਕੁਝ ਕਹਿਣਾ ਜ਼ਰੂਰੀ ਹੈ ।

## ਕੋਈ ਜਾਤੀ ਵੈਰ ਨਹੀਂ

ਜਿਨ੍ਹਾਂ ਨੂੰ ਥੋੜ੍ਹੀਆਂ ਬਹੁਤੀਆਂ ਸੱਟਾਂ ਲੱਗੀਆਂ ਵੀ ਹਨ, ਉਨ੍ਹਾਂ ਨਾਲ ਸਾਡਾ ਕੋਈ ਜਾਤੀ ਵੈਰ-ਭਾਵ ਨਹੀਂ ਸੀ ਤੇ ਨਾ ਹੀ ਅਸੈਂਬਲੀ ਵਿਚ ਹਾਜ਼ਰ ਕਿਸੇ ਹੋਰ ਵਿਰੁੱਧ ਸਾਨੂੰ ਰੋਸ ਸੀ । ਇਹ ਦੁਬਾਰਾ ਕਹਿਣ ਦੀ ਲੋੜ ਨਹੀਂ ਹੈ । ਇਸ ਦੇ ਉਲਟ ਅਸੀਂ ਫਿਰ ਦੁਹਰਾਉਂਦੇ ਹਾਂ ਕਿ ਮਨੁੱਖੀ ਜੀਵਨ ਸਾਡੇ ਲਈ ਏਨਾ ਪਵਿੱਤਰ ਹੈ ਕਿ ਸ਼ਬਦਾਂ ਰਾਹੀਂ ਦੱਸਿਆ ਨਹੀਂ ਜਾ ਸਕਦਾ । ਸਗੋਂ ਕਿਸੇ ਹੋਰ ਨੂੰ ਜ਼ਖਮੀ ਕਰਨ ਦੀ ਬਜਾਏ, ਛੇਤੀ ਹੀ ਅਸੀਂ ਆਪਣੀਆਂ ਜ਼ਿੰਦਗੀਆਂ ਮਨੁੱਖਤਾ ਲਈ ਕੁਰਬਾਨ ਕਰ ਦਿਆਂਗੇ । ਅਸੀਂ ਸਾਮਰਾਜੀ ਫੌਜਾਂ ਦੇ ਭਾੜੇ ਦੇ ਸਿਪਾਹੀਆਂ ਵਾਂਗ ਨਹੀਂ ਹਾਂ ਜਿਨ੍ਹਾਂ ਨੂੰ ਬਿਨਾਂ ਪਛਤਾਵੇ ਦੇ ਕਤਲ ਕਰਨ ਦੀ ਜਾਚ ਸਿਖਾਈ ਜਾਂਦੀ ਹੈ । ਅਸੀਂ ਮਨੁੱਖੀ ਜੀਵਨ ਦਾ ਸਤਿਕਾਰ ਕਰਦੇ ਹਾਂ ਅਤੇ ਜਿਥੇ ਤਕ ਹੋ ਸਕੇ ਇਸ ਨੂੰ ਬਚਾਉਣ ਦਾ ਯਤਨ ਕਰਦੇ ਹਾਂ । ਫਿਰ ਵੀ ਅਸੀਂ ਪਰਵਾਨ ਕਰਦੇ ਹਾਂ ਕਿ ਅਸੀਂ ਸੋਚ-ਸਮਝ ਕੇ ਅਸੈਂਬਲੀ ਭਵਨ ਵਿਚ ਬੰਬ ਸੁੱਟੇ । ਸੱਚ ਆਪਣੀ ਵਿਆਖਿਆ ਆਪ ਕਰਦਾ ਹੈ । ਕਲਪਨਾਤਮਕ ਹਾਲਾਤਾਂ ਅਤੇ ਪੂਰਵ ਧਾਰਨਾਵਾਂ ਦਾ ਸਹਾਰਾ ਲਏ ਬਿਨਾਂ, ਸਿਰਫ ਸਾਡੇ ਕੰਮ ਦੇ ਨਤੀਜੇ ਤੋਂ ਹੀ ਕੰਮ ਦਾ ਨਿਰਣਾ ਕਰਨਾ ਚਾਹੀਦਾ ਹੈ ।

## ਕੋਈ ਅਜੂਬਾ ਨਹੀਂ

ਸਰਕਾਰੀ ਗਵਾਹੀ ਦੇ ਗਲਤ ਬਿਆਨ ਦੇ ਬਾਵਜੂਦ ਅਸੈਂਬਲੀ ਵਿਚ ਸੁੱਟੇ ਬੰਬਾਂ ਨਾਲ ਸਿਰਫ਼ ਇਕ ਸਰਕਾਰੀ ਬੈਂਚ ਦਾ ਥੋੜ੍ਹਾ ਜਿਹਾ ਨੁਕਸਾਨ ਹੋਇਆ ਅਤੇ ਅੱਧੀ ਦਰਜਨ ਤੋਂ ਵੀ ਘੱਟ ਲੋਕਾਂ ਨੂੰ ਥੋੜ੍ਹੀਆਂ-ਬਹੁਤ ਝਰੀਟਾਂ ਆਈਆਂ ਹਨ । ਜਦ ਕਿ ਸਰਕਾਰੀ ਸਾਇੰਸਦਾਨਾਂ ਤੇ ਮਾਹਿਰਾਂ ਨੇ ਇਸ ਨਤੀਜੇ ਨੂੰ ਇਕ ਅਜੂਬੇ ਦਾ ਨਾਂ ਦਿੱਤਾ ਹੈ, ਪਰ ਸਾਡੇ ਲਈ ਤਾਂ ਇਹ ਸਿੱਧਾ ਜਿਹਾ ਵਿਗਿਆਨਕ ਨਤੀਜਾ ਹੈ । ਪਹਿਲੀ ਗੱਲ ਤਾਂ ਇਹ ਹੈ ਕਿ ਦੋਵੇਂ ਬੰਬ ਡੈਸਕ ਤੇ ਬੈਂਚਾਂ ਦੀ ਲੱਕੜੀ ਦੀ ਰੁਕਾਵਟ ਵਿਚਕਾਰ ਖ਼ਾਲੀ ਥਾਂ ਤੇ ਫਟੇ, ਦੂਜੀ ਗੱਲ ਇਹ ਹੈ ਕਿ ਬੰਬ ਫਟਣ ਦੀ ਥਾਂ ਤੋਂ ਦੋ ਫੁਟ ਦੇ ਘੇਰੇ ਵਿਚ ਬੈਠੇ ਹੋਏ ਆਦਮੀਆਂ ਨੂੰ, ਜਿਨ੍ਹਾਂ ਵਿਚ ਪੀ.ਆਰ. ਰਾਓ, ਮਿਸਟਰ ਸ਼ੰਕਰ ਅਤੇ ਸਰ ਜਾਰਜ ਸੁਸ਼ਟਰ ਵੀ ਸ਼ਾਮਲ ਹਨ, ਜਾਂ ਤਾਂ ਬਿਲਕੁਲ ਫੱਟੜ ਨਹੀਂ ਹੋਏ ਅਤੇ ਜਾਂ ਉਨ੍ਹਾਂ ਦੇ ਮਾਮੂਲੀ ਝਰੀਟਾਂ ਆਈਆਂ ਹਨ ।

ਜੇ ਬੰਬ ਉਸੇ ਤਾਕਤ ਦੇ ਹੁੰਦੇ ਜਿੰਨੀ ਕਿ ਸਰਕਾਰੀ ਮਾਹਿਰਾਂ ਨੇ ਦੱਸੀ ਹੈ (ਭਾਵੇਂ ਉਸ ਦਾ ਲੇਖਾ ਖਿਆਲੀ ਤੇ ਵਧਾ-ਚੜ੍ਹਾ ਕੇ ਦਿੱਤਾ ਹੈ) ਅਤੇ ਜੇ ਉਨ੍ਹਾਂ ਵਿਚ ਜ਼ੋਰਦਾਰ ਪੋਟਾਸ਼ੀਅਮ ਕਲੋਰੇਟ ਅਤੇ ਪਿਕਰਿਕ ਦਾ ਤੇਜ਼ਾਬ ਭਰਿਆ ਹੁੰਦਾ ਤਾਂ ਲੱਕੜੀ ਦੀ ਰੁਕਾਵਟ ਤੋੜ ਕੇ ਉਹ ਬੰਬ ਕਈ ਗਜ਼ਾਂ ਤਕ ਖੜ੍ਹੇ ਲੋਕਾਂ ਨੂੰ ਉਡਾ ਦਿੰਦੇ ਅਤੇ ਜੇ ਉਹ ਕਿਸੇ ਹੋਰ ਵਿਸਫੋਟਕ ਪਦਾਰਥ ਨਾਲ ਭਰੇ ਹੁੰਦੇ ਅਤੇ ਨਾਲ ਹੀ ਉਨ੍ਹਾਂ ਵਿਚ ਘਾਤਕ ਗੋਲੀਆਂ ਅਤੇ ਟੁਕੜੇ ਵੀ ਰੱਖੇ ਜਾਂਦੇ ਤਾਂ ਉਹ ਵਿਧਾਨ ਸਭਾ ਦੇ ਬਹੁਤੇ ਮੈਂਬਰਾਂ ਨੂੰ ਉਡਾਉਣ ਲਈ ਕਾਫੀ ਹੁੰਦੇ । ਇਹ ਹੀ ਨਹੀਂ, ਜੇ ਅਸੀਂ ਚਾਹੁੰਦੇ ਤਾਂ ਉਨ੍ਹਾਂ ਨੂੰ ਸਰਕਾਰੀ ਪੱਖ ਵੱਲ ਵੀ ਸੁੱਟ ਸਕਦੇ ਸਾਂ ਜਿੱਥੇ ਕਿ ਕੁਝ ਉੱਘੇ ਵਿਅਕਤੀ ਵੀ ਬੈਠੇ ਹੋਏ ਸਨ ।

ਅਤੇ ਅੰਤ ਵਿਚ, ਅਸੀਂ ਸਰ ਜਾਨ ਸਾਈਮਨ ਨੂੰ ਵੀ ਨਿਸ਼ਾਨਾ ਬਣਾ ਸਕਦੇ ਸਾਂ ਜਿਸ ਦੇ ਅਭਾਗੇ ਕਮਿਸ਼ਨ ਨੂੰ ਸਾਰੇ ਜ਼ੁੰਮੇਵਾਰ ਲੋਕਾਂ ਨੇ ਘ੍ਰਿਣਾ ਕੀਤੀ ਸੀ ਅਤੇ ਜਿਹੜਾ ਉਸ ਵੇਲੇ ਪ੍ਰਧਾਨ ਦੀ ਗੈਲਰੀ ਵਿਚ ਬੈਠਾ ਸੀ ਪਰ ਇਹ ਸਭ ਸਾਡੇ ਇਰਾਦੇ ਤੋਂ ਬਾਹਰ ਦੀਆਂ ਗੱਲਾਂ ਸਨ ਅਤੇ ਬੰਬਾਂ ਨੇ ਉਸ ਤੋਂ ਵੱਧ ਕੁਝ ਨਹੀਂ ਕੀਤਾ ਜਿਸ ਲਈ ਉਨ੍ਹਾਂ ਨੂੰ ਤਿਆਰ ਕੀਤਾ ਗਿਆ ਸੀ । ਜੇ ਕੋਈ ਅਜੂਬਾ ਹੈ ਤਾਂ ਕੇਵਲ ਇਹੋ ਕਿ ਉਹ ਮਿਥੇ ਹੋਏ ਨਿਸ਼ਾਨੇ ਉਤੇ ਭਾਵ ਸੁਰੱਖਿਅਤ ਥਾਂ ਉਤੇ ਡਿੱਗੇ ।

## ਇਕ ਇਤਿਹਾਸਕ ਸ਼ਬਦ

ਫੇਰ ਅਸੀਂ ਜਾਣ-ਬੁੱਝ ਕੇ ਆਪਣੇ ਆਪ ਨੂੰ ਕੀਤੇ ਕੰਮ ਦੀ ਸਜ਼ਾ ਭੁਗਤਣ ਲਈ ਇਸੇ ਕਰ ਕੇ ਪੇਸ਼ ਕੀਤਾ ਹੈ ਕਿ ਸਾਮਰਾਜਵਾਦੀ ਲੁਟੇਰਿਆਂ ਨੂੰ ਇਹ ਚਾਨਣਾ ਹੋ ਜਾਵੇ ਕਿ ਵਿਅਕਤੀਆਂ ਦਾ ਨਾਸ਼ ਕਰ ਕੇ ਉਹ ਵਿਚਾਰਾਂ ਨੂੰ ਨਹੀਂ ਮਾਰ ਸਕਦੇ। ਦੋ ਨਿਗੁਣੀਆਂ ਜਿੰਦਾਂ ਦਾ ਅੰਤ ਕਰ ਕੇ ਇਕ ਕੌਮ ਨੂੰ ਕੁਚਲਿਆ ਨਹੀਂ ਜਾ ਸਕਦਾ। ਅਸੀਂ ਇਸ ਇਤਿਹਾਸਕ ਸ਼ਬਦ ਉਤੇ ਜ਼ੋਰ ਦੇਣਾ ਚਾਹੁੰਦੇ ਸਾਂ ਕਿ ਪਛਾਣ-ਪੱਤਰ (Leter-de-catect) ਅਤੇ ਬੇਸਟਾਈਲ (Bastiles) ਦੀਆਂ ਜੇਲ੍ਹਾਂ ਵੀ ਫ਼ਰਾਂਸ ਦੀ ਇਨਕਲਾਬੀ ਲਹਿਰ ਨੂੰ ਕੁਚਲ ਨਾ ਸਕੀਆਂ। ਫਾਂਸੀ ਦੇ ਫੰਦੇ ਅਤੇ ਸਾਇਬੇਰੀਆ ਦੀਆਂ ਖਾਨਾਂ ਰੂਸੀ ਇਨਕਲਾਬ ਦੀ ਅੱਗ ਨੂੰ ਮੱਠਾ ਨਾ ਪਾ ਸਕੀਆਂ। ਖ਼ੂਨੀ ਐਤਵਾਰ ਤੇ ਕਾਲੇ ਅਤੇ ਟੇਨਜ਼ (ਇਕ ਜ਼ਾਲਮ ਫੌਜ ਜਿਹੜੀ ਕਿ ਬਹੁਤ ਅੱਤਿਆਚਾਰੀ ਸੀ) ਆਇਰਲੈਂਡ ਦੀ ਆਜ਼ਾਦੀ ਦੀ ਲਹਿਰ ਦਾ ਗਲਾ ਘੁੱਟਣ ਵਿਚ ਅਸਫਲ ਰਹੇ ਹਨ। ਤਾਂ ਕੀ ਵਿਸ਼ੇਸ਼ ਕਾਨੂੰਨ (Ordinance) ਅਤੇ ਸੁਰੱਖਿਆ ਬਿੱਲ ਭਾਰਤ ਵਿਚ ਆਜ਼ਾਦੀ ਦੀ ਜੋਤ ਨੂੰ ਬੁਝਾ ਸਕਣਗੇ ? ਸਾਜ਼ਸ਼ਾਂ ਘੜ ਕੇ ਜਾਂ ਉਨ੍ਹਾਂ ਦਾ ਪਤਾ ਲਗਾ ਕੇ ਅਤੇ ਉੱਚੇ ਆਦਰਸ਼ਾਂ ਦਾ ਸੁਪਨਾ ਲੈਣ ਵਾਲੇ ਸਾਰੇ ਨੌਜਵਾਨਾਂ ਨੂੰ ਜੇਲ੍ਹ ਵਿਚ ਡੱਕ ਕੇ ਇਨਕਲਾਬ ਦੀ ਤੋਰ ਨੂੰ ਠੱਲ੍ਹਿਆ ਨਹੀਂ ਜਾ ਸਕਦਾ। ਪਰ ਵੇਲੇ-ਸਿਰ ਦਿੱਤੀ ਚੇਤਾਵਨੀ ਨਾਲ, ਜੇ ਅਣਸੁਣੀ ਨਾ ਕੀਤੀ ਜਾਵੇ, ਤਾਂ ਲੋਕਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਅਤੇ ਕਈ ਸੰਕਟਾਂ ਤੋਂ ਬਚਾਅ ਹੋ ਸਕਦਾ ਹੈ। ਸਾਵਧਾਨ ਕਰਨ ਦਾ ਇਹ ਕੰਮ ਅਸਾਂ ਆਪਣੇ ਜ਼ਿੰਮੇ ਲਿਆ ਸੀ, ਅਤੇ ਸਾਡਾ ਕਰਤੱਵ ਪੂਰਾ ਹੋ ਗਿਆ ਹੈ।

## ਕ੍ਰਾਂਤੀ ਕੀ ਹੈ ?

ਹੇਠਲੀ ਕਚਹਿਰੀ ਵਿਚ ਸਾਥੋਂ ਪੁੱਛਿਆ ਗਿਆ ਸੀ ਕਿ ਸਾਡਾ ਇਨਕਲਾਬ ਤੋਂ ਕੀ ਭਾਵ ਹੈ, ਇਸ ਸਵਾਲ ਦੇ ਜਵਾਬ ਵਿਚ ਮੈਂ ਆਖਾਂਗਾ ਕਿ ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ ਅਤੇ ਨਾ ਹੀ ਇਸ ਵਿਚ ਨਿੱਜੀ ਬਦਲੇ ਲਈ ਕੋਈ ਥਾਂ ਹੈ। ਇਹ ਬੰਬ ਅਤੇ ਪਸਤੌਲ ਦਾ ਫ਼ਿਰਕਾ ਨਹੀਂ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ।

ਮਜ਼ਦੂਰ ਭਾਵੇਂ ਸੰਸਾਰ ਦਾ ਸਭ ਤੋਂ ਜ਼ਰੂਰੀ ਅੰਗ ਹਨ ਫਿਰ ਵੀ ਲੁਟੇਰੇ ਉਨ੍ਹਾਂ ਦੇ ਖ਼ੂਨ-ਪਸੀਨੇ ਦੀ ਕਮਾਈ ਨੂੰ ਹੜੱਪ ਕਰ ਜਾਂਦੇ ਹਨ ਅਤੇ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਵਾਂਝਿਆਂ ਰੱਖਦੇ ਹਨ। ਦੂਜਿਆਂ ਲਈ ਅੰਨ ਪੈਦਾ ਕਰਨ ਵਾਲਾ ਕਿਸਾਨ ਆਪਣੇ ਪਰਿਵਾਰ ਸਮੇਤ ਦਾਣੇ-ਦਾਣੇ ਨੂੰ ਸਹਿਕਦਾ ਹੈ। ਕੱਪੜਾ ਬੁਣਨ ਵਾਲਾ, ਜਿਹੜਾ ਸਾਰੇ ਸੰਸਾਰ ਦੀਆਂ ਮੰਡੀਆਂ ਲਈ ਕੱਪੜਾ ਤਿਆਰ ਕਰਦਾ ਹੈ, ਉਹ ਆਪਣਾ ਤੇ ਆਪਣੇ ਬੱਚਿਆਂ ਦਾ ਜਿਸਮ ਵੀ ਨਹੀਂ ਢਕ ਸਕਦਾ। ਰਾਜ, ਲੁਹਾਰ ਤੇ ਤਰਖਾਣ, ਜਿਹੜੇ ਸ਼ਾਨਦਾਰ ਮਹੱਲ ਉਸਾਰਦੇ ਹਨ, ਨਥਾਵਿਆਂ ਵਾਂਗੂ ਗੰਦਿਆਂ ਖੋਲ਼ਿਆਂ ਵਿਚ ਰਹਿੰਦੇ ਹਨ, ਦੂਜੇ ਪਾਸੇ ਸਮਾਜ ਦਾ ਲਹੂ-ਪੀਣੇ ਪੂੰਜੀਪਤੀ ਕਰੋੜਾਂ ਰੁਪਿਆ ਆਪਣੀ ਮਨ ਦੀ ਮੌਜ ਲਈ ਰੋੜ੍ਹ ਦਿੰਦੇ ਹਨ। ਇਸ ਭਿਅੰਕਰ ਨਾ-ਬਰਾਬਰੀ ਤੇ ਬਦੋ-ਬਦੀ ਠੋਸੇ ਗਏ ਭੇਦ-ਭਾਵ ਦਾ ਨਤੀਜਾ ਹਫੜਾ-ਦਫੜੀ ਹੋਵੇਗਾ। ਇਹ ਹਾਲਤ ਬਹੁਤਾ ਚਿਰ ਕਾਇਮ ਨਹੀਂ ਰਹਿ ਸਕਦੀ। ਇਹ ਸਾਫ਼ ਹੈ ਕਿ ਹੁਣ ਵਾਲਾ ਸਮਾਜਿਕ ਢਾਂਚਾ, ਜਿਹੜਾ ਕਿ ਦੂਸਰਿਆਂ ਦੀ ਮਜਬੂਰੀ 'ਤੇ ਰੰਗਰਲੀਆਂ ਮਨਾ ਰਿਹਾ ਹੈ, ਇਕ ਜਵਾਲਾਮੁਖੀ ਦੇ ਮੂੰਹ 'ਤੇ ਬੈਠਾ ਹੋਇਆ ਹੈ।

ਸੱਭਿਅਤਾ ਦਾ ਇਹ ਮਹਾਨ ਢਾਂਚਾ ਜੇ ਵੇਲੇ-ਸਿਰ ਨਾ ਸੰਭਾਲਿਆ ਗਿਆ ਤਾਂ ਢਹਿ-ਢੇਰੀ ਹੋ ਜਾਵੇਗਾ। ਇਸ ਲਈ ਬੁਨਿਆਦੀ ਤਬਦੀਲੀ ਦੀ ਲੋੜ ਹੈ। ਸੋ ਇਕ ਬੁਨਿਆਦੀ ਤਬਦੀਲੀ ਅਤੀ ਜ਼ਰੂਰੀ ਹੈ। ਜਿਹੜੇ ਇਸ ਗੱਲ ਨੂੰ ਮਹਿਸੂਸ ਕਰਦੇ ਹਨ ਉਨ੍ਹਾਂ ਦਾ ਫ਼ਰਜ਼ ਹੈ ਕਿ ਸਮਾਜਵਾਦ ਤੇ ਆਧਾਰਤ ਸਮਾਜ ਦਾ ਪੁਨਰ-ਨਿਰਮਾਣ ਕਰਨਾ। ਜਦ ਤਕ ਇਹ ਨਹੀਂ ਕੀਤਾ ਜਾਂਦਾ ਅਤੇ ਜਦੋਂ ਮਨੁੱਖ ਦੇ ਹੱਥੀਂ ਮਨੁੱਖ ਦੀ ਅਤੇ ਕੌਮਾਂ ਰਾਹੀਂ ਕੌਮਾਂ ਦੀ ਲੁੱਟ ਦਾ ਖ਼ਾਤਮਾ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਉਤੇ ਮੰਡਲਾ ਰਹੇ ਦੁਖਾਂਤ ਅਤੇ ਖ਼ੂਨ-ਖ਼ਰਾਬੇ ਨੂੰ ਰੋਕਿਆ ਨਹੀਂ ਜਾ ਸਕੇਗਾ। ਜੰਗ ਦਾ ਅੰਤ ਕਰਨ ਅਤੇ ਸੰਸਾਰ ਅਮਨ ਦੇ ਯੁਗ ਦਾ ਮੁੱਢ ਬੰਨ੍ਹਣ ਦੀਆਂ ਸਾਰੀਆਂ ਗੱਲਾਂ ਪਾਖੰਡ ਤੋਂ ਬਿਨਾਂ ਕੁਝ ਨਹੀਂ ਹਨ। ਇਨਕਲਾਬ ਤੋਂ ਸਾਡਾ ਭਾਵ ਅੰਤ ਇਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ ਜਿਸ ਨੂੰ ਇਸ ਤਰ੍ਹਾਂ ਚਕਨਾਚੂਰ ਹੋਣ ਦਾ ਖ਼ਤਰਾ ਨਾ ਹੋਵੇ ਅਤੇ ਜਿਸ ਵਿਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ ਅਤੇ ਇਕ ਵਿਸ਼ਵ ਸੰਗਠਨ ਰਾਹੀਂ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨਾਂ ਤੋਂ ਅਤੇ ਸਾਮਰਾਜੀ ਜੰਗਾਂ ਦੀ ਤਬਾਹੀ ਤੋਂ ਹਿੰਮਤ ਕਰ ਕੇ ਆਜ਼ਾਦ ਕਰਵਾਇਆ ਜਾਵੇਗਾ।

## ਸਮੇਂ ਦੀ ਚੇਤਾਵਨੀ

ਇਹ ਹੈ ਸਾਡਾ ਆਦਰਸ਼ ਅਤੇ ਇਸੇ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਅਸੀਂ ਇਕ ਢੁੱਕਵੀਂ ਤੇ ਪੁਰਜ਼ੋਰ ਚੇਤਾਵਨੀ ਦਿੱਤੀ ਹੈ ਪਰ ਜੇ ਸਾਡੀ ਇਸ ਚੇਤਾਵਨੀ ਨੂੰ ਨਾ ਗੌਲਿਆ ਗਿਆ ਤੇ ਅਜੋਕੀ ਸ਼ਾਸਨ ਵਿਵਸਥਾ ਉੱਭਰ ਕੇ ਵਧ ਰਹੀਆਂ ਕੁਦਰਤੀ ਸ਼ਕਤੀਆਂ ਦੇ ਰਾਹ ਵਿਚ ਰੋੜੇ ਅਟਕਾਉਂਦੀ ਰਹੀ ਤਾਂ ਇਸ ਦਾ ਨਤੀਜਾ ਇਕ ਜੁਝਵਾਂ ਸੰਗਰਾਮ ਹੋਵੇਗਾ ਜਿਹੜਾ ਸਾਰੀਆਂ ਰੁਕਾਵਟਾਂ ਨੂੰ ਪਰ੍ਹੇ ਵਗਾਹ ਮਾਰੇਗਾ ਤੇ ਕਿਰਤੀਆਂ ਦੀ ਸਰਦਾਰੀ ਦੀ ਸਥਾਪਨਾ ਕਰੇਗਾ ਅਤੇ ਇਸ ਤਰ੍ਹਾਂ ਇਨਕਲਾਬ ਦੇ ਆਦਰਸ਼ ਦੀ ਸਥਾਪਤੀ ਦਾ ਰਾਹ ਬਣੇਗਾ। ਮਨੁੱਖ ਦਾ ਕ੍ਰਾਂਤੀ ਕਰਨ ਦਾ ਅਧਿਕਾਰ

ਉਸ ਤੋਂ ਕਦੇ ਖੋਹਿਆ ਨਹੀਂ ਜਾ ਸਕਦਾ। ਮਜ਼ਦੂਰ ਹੀ ਸਮਾਜ ਦਾ ਸੱਚਾ ਪਾਲਣਹਾਰ ਹੈ। ਜਨਤਾ ਦੀ ਪ੍ਰਭੂਸੱਤਾ ਨੂੰ ਕਾਇਮ ਕਰਨਾ ਕਿਰਤੀਆਂ ਦੀ ਮੰਜ਼ਿਲ ਹੈ। ਇਨ੍ਹਾਂ ਆਦਰਸ਼ਾਂ ਅਤੇ ਵਿਸ਼ਵਾਸ ਵਾਸਤੇ ਦਿੱਤੀ ਜਾਣ ਵਾਲੀ ਹਰ ਸਜ਼ਾ ਦਾ ਅਸੀਂ ਖਿੜੇ ਮੱਥੇ ਸਵਾਗਤ ਕਰਾਂਗੇ। ਇਨਕਲਾਬ ਦੀ ਇਸ ਕੁਰਬਾਨਗਾਹ ਉਤੇ ਅਸੀਂ ਆਪਣੀ ਜਵਾਨੀ ਦੀ ਧੂਫ ਬਾਲਣ ਆਏ ਹਾਂ, ਕਿਉਂਕਿ ਅਜਿਹੇ ਮਹਾਨ ਆਦਰਸ਼ ਲਈ ਕੁਰਬਾਨੀ ਵੱਡੀ ਨਹੀਂ ਹੈ। ਅਸੀਂ ਇਨਕਲਾਬ ਦੇ ਆਉਣ ਦੀ ਉਡੀਕ ਵਿਚ ਹਾਂ।

ਇਨਕਲਾਬ ਜ਼ਿੰਦਾਬਾਦ !

## ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਕਿਉਂ ?

— ਦਸੰਬਰ 1929

ਜਨਾਬ ਐਡੀਟਰ 'ਮਾਡਰਨ ਰੀਵੀਊ'

ਤੁਸੀਂ 'ਮਾਡਰਨ ਰੀਵੀਊ' ਪ੍ਰਕਾਸ਼ਨ ਦਸੰਬਰ, ਵਿਚ ਸਾਡੇ ਕੌਮੀ ਨਾਅਰੇ 'ਇਨਕਲਾਬ ਜ਼ਿੰਦਾਬਾਦ' ਨੂੰ ਇਕ ਬੇਅਰਥ ਨਾਅਰਾ ਕਰਾਰ ਕਰਾਰ ਦਿੱਤਾ। ਸਾਡਾ ਖ਼ਿਆਲ ਹੈ ਕਿ ਤੁਸੀਂ ਇਕ ਪ੍ਰਸਿੱਧ ਜਰਨਲਿਸਟ ਹੋ। ਤੁਹਾਡੇ ਖਿਆਲਾਂ ਨੂੰ ਝੁਠਲਾਉਣਾ ਸਾਡੇ ਲਈ ਗੁਸਤਾਖੀ ਦੇ ਬਰਾਬਰ ਹੋਵੇਗਾ, ਕਿਉਂਕਿ ਤੁਹਾਨੂੰ ਹਰ ਰੌਸ਼ਨ-ਦਿਮਾਗ ਭਾਰਤੀ, ਇੱਜ਼ਤ ਦੀਆਂ ਨਜ਼ਰਾਂ ਨਾਲ ਵੇਖਦਾ ਹੈ।

ਪਰ ਇਸ ਦੇ ਬਾਵਜੂਦ ਅਸੀਂ ਆਪਣਾ ਫ਼ਰਜ਼ ਸਮਝਦੇ ਹਾਂ ਕਿ ਅਸੀਂ ਇਸ ਸੰਬੰਧੀ ਹਕੀਕਤ ਨੂੰ ਤੁਹਾਡੇ ਸਾਹਮਣੇ ਰੱਖੀਏ ਕਿ ਇਸ ਨਾਅਰੇ ਦਾ ਮਤਲਬ ਸਾਡੇ ਦਿਮਾਗ਼ ਵਿਚ ਕੀ ਹੈ ? ਇਹ ਫ਼ਰਜ਼ ਸਾਡੇ 'ਤੇ ਇਸ ਲਈ ਵੀ ਆਉਂਦਾ ਹੈ ਕਿਉਂਕਿ ਭਾਰਤੀ ਇਤਿਹਾਸ ਦੇ ਮੌਜੂਦਾ ਮੋੜ 'ਤੇ ਅਸੀਂ ਇਸ ਨਾਅਰੇ ਨੂੰ ਮੌਜੂਦਾ ਅਹਿਮੀਅਤ ਦਿੱਤੀ ਹੈ।

ਤੁਸੀਂ ਇਸ ਖ਼ਿਆਲ ਨੂੰ ਆਪਣੇ ਦਿਮਾਗ਼ ਵਿਚੋਂ ਕੱਢ ਦਿਓ ਕਿ ਇਸ ਨਾਅਰੇ ਦਾ ਮਤਲਬ ਇਹ ਹੈ ਕਿ ਹਥਿਆਰਬੰਦ ਜੱਦੋ-ਜਹਿਦ ਸਦਾ ਹੀ ਜਾਰੀ ਰਹੇਗੀ। ਗੱਲ ਇਹ ਹੈ ਕਿ ਲਗਾਤਾਰ ਵਰਤੇ ਜਾਣ ਕਰ ਕੇ ਇਸ ਨਾਅਰੇ ਨੂੰ ਇਕ ਨਵੀਂ ਤੇ ਅਹਿਮ ਥਾਂ ਹਾਸਲ ਹੋ ਚੁੱਕੀ ਹੈ। ਤੁਸੀਂ ਕਹਿ ਸਕਦੇ ਹੋ ਗਰਾਮਰ, ਜ਼ਬਾਨ ਅਤੇ ਡਿਕਸ਼ਨਰੀ ਦੇ ਮਿਆਰਾਂ 'ਤੇ ਇਹ ਨਾਅਰਾ ਨਾ ਸੱਚ ਤੇ ਨਾ ਹੀ ਠੀਕ ਹੈ। ਪਰ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਤੁਸੀਂ ਇਸ ਨਾਅਰੇ ਦੇ ਪਿੱਛੇ ਕੰਮ ਕਰਨ ਵਾਲੇ ਖ਼ਿਆਲਾਂ ਨੂੰ ਇਸ ਨਾਲੋਂ ਵੱਖ ਬਿਲਕੁਲ ਨਹੀਂ ਕਰ ਸਕਦੇ। ਉਹ ਖ਼ਿਆਲ ਇਸ ਨਾਅਰੇ ਨਾਲ ਜੁੜ ਚੁੱਕੇ ਹਨ ਅਤੇ ਇਸ ਵਿਚ ਜਨਮ ਲੈ ਚੁੱਕੇ ਹਨ। ਅਸੀਂ ਇਕ ਉਦਾਹਰਣ ਦੇ ਕੇ ਇਸ ਦਾ ਸਪੱਸ਼ਟੀਕਰਣ ਕਰਨਾ ਚਾਹੁੰਦੇ ਹਾਂ। ਫ਼ਰਜ਼ ਕਰੋ ਅਸੀਂ ਕਹਿੰਦੇ ਹਾਂ 'ਜ਼ਿੰਦਾਬਾਦ ਜਤਿਨ ਦਾਸ !' ਤਾਂ ਇਸ ਦਾ ਅਰਥ ਸਾਫ਼ ਅਤੇ ਸਪੱਸ਼ਟ ਇਹ ਹੁੰਦਾ ਹੈ ਕਿ ਉਹ ਨਾ ਫ਼ਤਹਿ ਹੋਣ ਵਾਲੀ ਸਪਿਰਟ ਅਤੇ ਕਾਬਲੇ-ਇੱਜ਼ਤ ਆਦਰਸ਼, ਜਿਹੜਾ ਇਸ ਬਹਾਦਰ ਇਨਕਲਾਬੀ ਸ਼ਹੀਦ ਨੇ ਪੈਦਾ ਕੀਤਾ ਅਤੇ ਜਿਨ੍ਹਾਂ ਨੇ ਉਸ ਨੂੰ ਆਪਣੇ ਦੇਸ਼ ਤੇ ਕੌਮ ਦੀ ਖ਼ਾਤਰ ਅਤਿ ਦੀਆਂ ਤਕਲੀਫ਼ਾਂ ਸਹਿਣ ਅਤੇ ਕੁਰਬਾਨੀਆਂ ਕਰਨ ਦੇ ਯੋਗ ਬਣਾਇਆ। ਉਹ ਸਪਿਰਟ ਉਹ ਰੂਹ ਸਦਾ ਲਈ ਜ਼ਿੰਦਾ ਰਹੇ। ਸਾਡੀ ਚਾਹ ਇਹ ਹੁੰਦੀ ਹੈ ਕਿ ਅਸੀਂ ਇਹ ਨਾਅਰਾ ਬੁਲੰਦ ਕਰਨ ਸਮੇਂ ਆਪਣੇ ਆਦਰਸ਼ਾਂ ਦੀ ਲਾਜਵਾਬ ਸਪਿਰਟ ਨੂੰ ਜਿਉਂਦਾ ਰੱਖੀਏ ਅਤੇ ਇਹੀ ਉਹ ਹੈ ਜਿਸ ਦੀ ਅਸੀਂ ਇਸ ਨਾਅਰੇ ਰਾਹੀਂ ਤਾਰੀਫ਼ ਅਤੇ ਸਤਿਕਾਰ ਕਰਦੇ ਹਾਂ।

ਹੁਣ ਲਵੋ ਇਸ ਨਾਅਰੇ ਦੇ ਲਫ਼ਜ਼ 'ਇਨਕਲਾਬ' ਨੂੰ। ਇਸ ਲਫ਼ਜ਼ ਦਾ ਇਕ ਸ਼ਬਦ-ਕੋਸ਼ ਵਾਲਾ ਮਤਲਬ ਵੀ ਹੈ ਪਰ ਇਸ ਦੇ ਸਿਰਫ਼ ਸ਼ਬਦ-ਕੋਸ਼ ਵਾਲੇ ਅਰਥ ਨੂੰ ਹੀ ਲੈਣਾ ਕਾਫ਼ੀ ਨਹੀਂ, ਇਸ ਲਫ਼ਜ਼ ਨਾਲ ਉਨ੍ਹਾਂ ਲੋਕਾਂ ਦੀਆਂ, ਜਿਹੜੇ ਇਸ ਨੂੰ ਪੇਸ਼ ਕਰਦੇ ਹਨ, ਕੁਝ ਖ਼ਾਸ ਹਕੀਕਤਾਂ ਸੰਬੰਧਤ ਹੁੰਦੀਆਂ ਹਨ। ਸਾਡੀਆਂ ਇਨਕਲਾਬ ਪਸੰਦਾਂ ਦੀਆਂ ਨਜ਼ਰਾਂ ਵਿਚ ਇਹ ਇਕ ਪਾਕ ਅਤੇ ਇੱਜ਼ਤ ਕਰਨ ਯੋਗ ਲਫ਼ਜ਼ ਹੈ। ਅਸੀਂ ਅਦਾਲਤ ਦੇ ਸਾਹਮਣੇ ਜਿਹੜਾ ਬਿਆਨ ਦਿੱਤਾ ਸੀ, ਉਸ ਪਾਕ ਲਫ਼ਜ਼ ਦੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ ਸੀ।

ਤੁਸੀਂ ਉਸ ਬਿਆਨ ਨੂੰ ਪੜ੍ਹੋ ਤੇ ਫਿਰ ਦੇਖੋ ਕਿ ਅਸੀਂ ਕੀ ਕਿਹਾ ਸੀ ? ਅਸੀਂ ਇਨਕਲਾਬ ਨੂੰ ਸਦਾ ਅਤੇ ਹਰ ਮੌਕੇ 'ਤੇ ਹਥਿਆਰਬੰਦ ਇਨਕਲਾਬ ਦੇ ਮਤਲਬ ਨਾਲ ਨਹੀਂ ਜੋੜਦੇ। ਇਨਕਲਾਬ ਸਿਰਫ਼ ਬੰਬਾਂ ਅਤੇ ਪਿਸਤੌਲਾਂ ਨਾਲ ਹੀ ਅਕੀਦਤ ਨਹੀਂ ਰੱਖਦਾ ਬਲਕਿ ਇਹ ਬੰਬ ਤੇ ਪਿਸਤੌਲ ਤਾਂ ਕਦੀ-ਕਦਾਈਂ ਇਸ ਇਨਕਲਾਬ ਦੇ ਵੱਖ-ਵੱਖ ਹਿੱਸਿਆਂ ਦੀ ਪੂਰਤੀ ਲਈ ਇਕ ਸਾਧਨ ਬਣ ਜਾਂਦੇ ਹਨ। ਪਰ ਮੁਕੰਮਲ ਇਨਕਲਾਬ ਨਹੀਂ ਕਹਾ ਸਕਦੇ।

ਸਾਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਵਾਰ ਕਈ ਲਹਿਰਾਂ ਵਿਚ ਇਨ੍ਹਾਂ ਹਥਿਆਰਾਂ ਦਾ ਇਕ ਅਹਿਮ ਰੋਲ ਹੁੰਦਾ ਹੈ। ਪਰ ਸਿਰਫ਼ ਇਹੀ ਕਾਫ਼ੀ ਨਹੀਂ ਹੁੰਦਾ, ਸਿਰਫ਼ ਬਗ਼ਾਵਤ ਨੂੰ ਇਨਕਲਾਬ ਕਹਿਣਾ ਗ਼ਲਤੀ ਹੈ। ਹਾਂ, ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਆਖ਼ਰਕਾਰ ਬਗ਼ਾਵਤਾਂ ਦਾ ਨਤੀਜਾ ਇਨਕਲਾਬ ਦੀ ਸ਼ਕਲ ਵਿਚ ਤਬਦੀਲ ਹੋ ਜਾਇਆ ਕਰਦਾ ਹੈ।

ਅਸੀਂ ਦੇਸ਼ ਵਿਚ ਬੇਹਤਰ ਤਬਦੀਲੀ ਦੀ ਸਪਿਰਟ ਤੇ ਉੱਨਤੀ ਦੀ ਖ਼ਾਹਿਸ਼ ਲਈ ਇਸ ਲਫ਼ਜ਼ ਇਨਕਲਾਬ ਦੀ ਵਰਤੋਂ ਕਰ ਰਹੇ ਹਾਂ। ਹੁੰਦਾ ਇਹ ਹੈ ਕਿ ਆਮ ਤੌਰ 'ਤੇ ਇਕ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਕੰਜੇ ਵਿਚ ਕੱਸ ਲੈਂਦੀ ਹੈ ਅਤੇ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਿਚਾਉਂਦੇ ਹਨ। ਬਸ ਇਸ ਜਮੂਦ ਦੇ ਬੇਹਰਕਤੀ ਨੂੰ ਤੋੜਨ ਦੀ ਖ਼ਾਤਰ ਵਿਚ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਨਹੀਂ ਤਾਂ ਇਕ ਗਿਰਾਵਟ,

ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁਮਰਾਹ ਕਰਨ ਵਾਲੀਆਂ ਗ਼ੈਰ-ਤਰੱਕੀ ਪਸੰਦ ਤਾਕਤਾਂ ਉਨ੍ਹਾਂ ਨੂੰ ਗ਼ਲਤ ਰਾਹ ਵਲ ਲੈ ਜਾਣ ਵਿਚ ਕਾਮਯਾਬ ਹੋ ਜਾਂਦੀਆਂ ਹਨ, ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਤੇ ਉਸ ਵਿਚ ਖੜੋਤ ਆ ਜਾਂਦੀ ਹੈ।

ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿਚ ਇਕ ਹਰਕਤ ਪੈਦਾ ਹੋ ਜਾਵੇ ਅਤੇ ਜੁਰੱਅਤ-ਪਸੰਦ ਤਾਕਤਾਂ ਇਨਸਾਨੀ ਉੱਨਤੀ ਤੇ ਰਾਹ ਵਿਚ ਰੋੜਾ ਨਾ ਅਟਕਾ ਸਕਣ। ਇਨਸਾਨੀ ਉੱਨਤੀ ਦਾ ਲਾਜ਼ਮੀ ਅਸੂਲ ਇਹ ਹੈ ਕਿ ਪੁਰਾਣੀ ਚੀਜ਼ ਨਵੀਂ ਚੀਜ਼ ਲਈ ਥਾਂ ਖਾਲੀ ਕਰਦੀ ਚਲੀ ਜਾਵੇ। ਹੁਣ ਤੁਸੀਂ ਚੰਗੀ ਤਰ੍ਹਾਂ ਸਮਝ ਗਏ ਹੋਵੋਗੇ ਕਿ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਜਿਸ ਦਾ ਤੁਸੀਂ ਮਖ਼ੌਲ ਉਡਾਇਆ ਹੈ ਕਿਹੋ ਜਿਹੀ ਸਪਿਰਟ ਰੱਖਦਾ ਹੈ ਅਤੇ ਅਸੀਂ ਇਸ ਨੂੰ ਕਿਸ ਲਈ ਵਰਤਣ ਦੇ ਹੱਕ ਵਿਚ ਆਵਾਜ਼ ਉੱਚੀ ਕਰ ਰਹੇ ਹਾਂ।

***ਭਗਤ ਸਿੰਘ, ਬੀ.ਕੇ. ਦੱਤ***
22 ਦਸੰਬਰ, 1929
('ਟ੍ਰਿਬਿਊਨ' ਵਿਚ ਛਪਿਆ)

## ਵਿਦਿਆਰਥੀਆਂ ਨੂੰ ਸੰਦੇਸ਼

**— 19 ਅਕਤੂਬਰ, 1929**

*(ਦੂਸਰੀ ਪੰਜਾਬ ਸਟੂਡੈਂਟ ਯੂਨੀਅਨ ਦੀ ਕਾਨਫਰੰਸ **19-20** ਅਕਤੂਬਰ, **1929** ਨੂੰ ਲਾਹੌਰ ਵਿਚ ਹੋਈ, ਉਸ ਤੇ ਇਹ ਸੰਦੇਸ਼ ਵਿਦਿਆਰਥੀਆਂ ਨੂੰ ਭੇਜਿਆ ਗਿਆ। ਇਸ ਦੇ ਸਭਾਪਤੀ ਨੇਤਾ ਜੀ ਸੁਭਾਸ਼ ਸਨ। ਭਗਤ ਸਿੰਘ ਅਤੇ ਬੀ.ਕੇ. ਦੱਤ ਜੀ ਦਾ ਸੁਨੇਹਾ ਮਿਹਨਤੀ ਲੋਕਾਂ ਵਿਚ ਜਾਣ ਦਾ ਹੈ, ਅਤੇ ਉਨ੍ਹਾਂ ਨੂੰ ਵਿਚਾਰ-ਧਾਰਕ ਤੌਰ 'ਤੇ ਭਾਵੇਂ ਭਵਿੱਖ ਲਈ ਤਿਆਰ ਕਰਨ ਦਾ ਹੈ, **19** ਅਕਤੂਬਰ, **1929** ਨੂੰ ਕਾਨਫਰੰਸ ਵਿਚ ਪੜ੍ਹ ਕੇ ਸੁਣਾਇਆ ਗਿਆ। ਇਹ **22** ਅਕਤੂਬਰ, **1929** ਦੇ 'ਟ੍ਰਿਬਿਊਨ' ਲਾਹੌਰ ਵਿਚ ਪ੍ਰਕਾਸ਼ਿਤ ਹੋਇਆ।)*

ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ। ਆਉਣ ਵਾਲੇ ਲਾਹੌਰ ਸੈਸ਼ਨ ਵਿਚ ਕਾਂਗਰਸ ਦੇਸ਼ ਦੀ ਸੁਤੰਤਰਤਾ ਲਈ ਤਕੜੀ ਜੱਦੋ-ਜਹਿਦ ਦਾ ਐਲਾਨ ਕਰ ਰਹੀ ਹੈ। ਕੌਮੀ ਇਤਿਹਾਸ ਦੇ ਇਸ ਨਾਜ਼ੁਕ ਸਮੇਂ ਨੌਜਵਾਨ ਜਮਾਤ ਦੇ ਸਿਰਾਂ ਉੱਤੇ ਮਣਾਂ-ਮੂੰਹੀਂ ਜ਼ਿੰਮੇਵਾਰੀ ਦਾ ਭਾਰ ਆ ਜਾਂਦਾ ਹੈ। ਹੋਰ ਸਭ ਤੋਂ ਵੱਧ ਵਿਦਿਆਰਥੀ ਹੀ ਤਾਂ ਆਜ਼ਾਦੀ ਦੀ ਲੜਾਈ ਦੀਆਂ ਮੂਹਰਲੀਆਂ ਸਫ਼ਾਂ ਵਿਚ ਲੜਦੇ ਸ਼ਹੀਦ ਹੋਏ ਹਨ। ਕੀ ਭਾਰਤੀ ਨੌਜਵਾਨ ਇਸ ਪ੍ਰੀਖਿਆ ਦੇ ਸਮੇਂ ਉਹੀ ਸੰਜੀਦਾ ਇਰਾਦਾ ਵਿਖਾਉਣ ਤੋਂ ਝਿਜਕਣਗੇ ?

ਫੈਕਟਰੀਆਂ ਵਿਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ, ਝੁੱਗੀਆਂ ਤੇ ਪੇਂਡੂ ਝੌਂਪੜੀਆਂ ਵਿਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ ਦੇਸ਼ ਦੇ ਹਰ ਕੋਨੇ-ਕੋਨੇ ਵਿਚ ਪਹੁੰਚਾਉਣਾ ਹੈ। ਉਸ ਇਨਕਲਾਬ ਦਾ ਸੁਨੇਹਾ, ਜਿਹੜਾ ਕਿ ਉਹ ਆਜ਼ਾਦੀ ਲਿਆਵੇਗਾ, ਜਿਸ ਵਿਚ ਆਦਮੀ ਦੇ ਹੱਥੋਂ ਆਦਮੀ ਦੀ ਲੁੱਟ-ਖਸੁੱਟ ਅਸੰਭਵ ਹੋ ਜਾਵੇਗੀ। ਕਿਉਂਕਿ ਆਮ ਤੌਰ 'ਤੇ ਪੰਜਾਬ ਨੂੰ ਰਾਜਨੀਤਿਕ ਤੌਰ 'ਤੇ ਪਛੜਿਆ ਸਮਝਿਆ ਜਾਂਦਾ ਹੈ, ਸੋ ਇਸ ਕਰ ਕੇ ਇਥੋਂ ਦੇ ਨੌਜਵਾਨਾਂ 'ਤੇ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਆਓ, ਆਪਣੇ ਮਹਾਨ ਸ਼ਹੀਦ ਜਤਿੰਦਰ ਨਾਥ ਦਾਸ ਦੀ ਮਹਾਨ ਤੇ ਗੌਰਵਮਈ ਮਿਸਾਲ ਨੂੰ ਕਾਇਮ ਰੱਖਦੇ ਹੋਏ, ਆਉਣ ਵਾਲੀ ਜੰਗ ਵਿਚ ਆਪਣੀ ਮਜ਼ਬੂਤੀ ਤੇ ਅਡੋਲ ਬਹਾਦਰੀ ਰਾਹੀਂ ਆਪਣੀ ਜਾਗ੍ਰਿਤੀ ਦਾ ਸਬੂਤ ਦਿਓ।

## ਆਪਣੇ ਪਿਤਾ ਜੀ ਨੂੰ ਸ਼ਹੀਦ ਭਗਤ ਸਿੰਘ ਦਾ ਖ਼ਤ

**"ਅਸੂਲ ਜ਼ਿੰਦਗੀ ਤੋਂ ਅਮੁੱਲੇ ਹਨ"**

**— 4 ਅਕਤੂਬਰ, 1930**

ਪਿਆਰੇ ਪਿਤਾ ਜੀ,

ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਹੈ ਕਿ ਤੁਸਾਂ ਸਪੈਸ਼ਲ ਟ੍ਰਿਬਿਊਨਲ ਨੂੰ ਮੇਰੀ ਸਫ਼ਾਈ ਵਿਚ ਦਰਖ਼ਾਸਤ ਪੇਸ਼ ਕੀਤੀ ਹੈ। ਇਹ ਖ਼ਬਰ ਏਨੀ ਦੁਖਦਾਈ ਸੀ ਕਿ ਮੈਂ ਇਸ ਨੂੰ ਖ਼ਾਮੋਸ਼ ਬਰਦਾਸ਼ਤ ਨਹੀਂ ਕਰ ਸਕਦਾ। ਇਸ ਖ਼ਬਰ ਨੇ ਮੇਰੇ ਦਿਲ ਦੀ ਸਾਰੀ ਸ਼ਾਂਤੀ ਖ਼ਤਮ ਕਰ ਦਿੱਤੀ ਹੈ। ਮੈਂ ਇਹ ਨਹੀਂ ਸਮਝ ਸਕਦਾ ਕਿ ਮੌਜੂਦਾ ਹਾਲਾਤ ਵਿਚ ਅਤੇ ਇਸ ਮਰਹਲੇ 'ਤੇ ਤੁਸੀਂ ਕਿਵੇਂ ਇਸ ਕਿਸਮ ਦੀ ਦਰਖ਼ਾਸਤ ਦੇ ਸਕਦੇ ਹੋ।

ਤੁਹਾਡਾ ਪੁੱਤਰ ਹੋਣ ਦੇ ਨਾਤੇ ਮੈਂ ਤੁਹਾਡੇ ਵਾਲਿਦਾਨਾ ਜਜ਼ਬਿਆਂ ਦਾ ਪੂਰਾ ਇਹਤਰਾਮ ਕਰਦਾ ਹਾਂ। ਪਰ ਇਸ ਦੇ ਬਾਵਜੂਦ ਮੈਂ ਸਮਝਦਾ ਹਾਂ ਕਿ ਤੁਹਾਨੂੰ ਮੇਰੇ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਅਜਿਹੀ ਦਰਖ਼ਾਸਤ ਦੇਣ ਦਾ ਕੋਈ ਹੱਕ ਨਹੀਂ ਸੀ। ਤੁਸੀਂ ਜਾਣਦੇ ਹੋ ਕਿ ਸਿਆਸੀ ਖੇਤਰ ਵਿਚ ਮੇਰੇ ਖ਼ਿਆਲ ਤੁਹਾਡੇ ਨਾਲੋਂ ਬਹੁਤ ਵੱਖਰੇ ਹਨ। ਮੈਂ ਤੁਹਾਡੀ ਰਜ਼ਾਮੰਦੀ ਜਾਂ ਨਾ ਰਜ਼ਾਮੰਦੀ ਦਾ ਖ਼ਿਆਲ ਕੀਤੇ ਬਗ਼ੈਰ ਸਦਾ ਆਜ਼ਾਦਾਨਾ ਕੰਮ ਕਰਦਾ ਰਿਹਾ ਹਾਂ।

ਮੈਨੂੰ ਯਕੀਨ ਹੈ ਕਿ ਇਹ ਗੱਲ ਤੁਹਾਨੂੰ ਯਾਦ ਹੋਵੇਗੀ ਕਿ ਤੁਸੀਂ ਮੁੱਢ ਤੋਂ ਹੀ ਮੈਨੂੰ ਇਸ ਗੱਲ ਲਈ ਕਾਇਲ ਕਰਨ ਦੀ ਕੋਸ਼ਿਸ਼ ਕਰਦੇ ਰਹੇ ਕਿ ਮੈਂ ਆਪਣਾ ਮੁਕੱਦਮਾ ਸੰਜੀਦਗੀ ਨਾਲ ਲੜਾਂ ਅਤੇ ਆਪਣੀ ਸਫ਼ਾਈ ਪੇਸ਼ ਕਰਾਂ। ਪਰ ਤੁਹਾਨੂੰ ਇਹ ਵੀ ਪਤਾ ਹੈ ਕਿ ਮੈਂ ਸਦਾ ਇਸ ਦੀ ਵਿਰੋਧਤਾ ਕਰਦਾ ਰਿਹਾ ਹਾਂ। ਮੈਂ ਕਦੀ ਵੀ ਆਪਣੀ ਸਫ਼ਾਈ ਪੇਸ਼ ਕਰਨ ਦੀ ਚਾਹ ਪ੍ਰਗਟ ਨਹੀਂ ਕੀਤੀ ਅਤੇ ਨਾ ਹੀ ਮੈਂ ਕਦੀ ਇਸ 'ਤੇ ਸੰਜੀਦਗੀ ਨਾਲ ਗੌਰ ਕੀਤਾ ਹੈ।

ਤੁਸੀਂ ਜਾਣਦੇ ਹੀ ਹੋ ਕਿ ਅਸੀਂ ਮੁਕੱਦਮੇ ਵਿਚ ਇਕ ਵਾਜ਼ਿਆ ਨੀਤੀ 'ਤੇ ਚੱਲ ਰਹੇ ਹਾਂ। ਮੇਰਾ ਹਰ ਕਦਮ ਇਸ ਪਾਲਿਸੀ, ਮੇਰੇ ਅਸੂਲਾਂ ਅਤੇ ਸਾਡੇ ਪ੍ਰੋਗਰਾਮ ਨਾਲ ਮੇਲ ਖਾਣ ਵਾਲਾ ਹੋਣਾ ਚਾਹੀਦਾ ਹੈ। ਅੱਜ ਹਾਲਾਤ ਬਿਲਕੁਲ ਵੱਖਰੇ ਹਨ। ਪਰ ਜੇ ਹਾਲਾਤ ਇਸ ਤੋਂ ਬਿਨਾਂ ਕੁਝ ਹੋਰ ਹੁੰਦੇ ਤਾਂ ਵੀ ਮੈਂ ਆਖ਼ਰੀ ਆਦਮੀ ਹੀ ਹੁੰਦਾ, ਜਿਹੜਾ ਸਫ਼ਾਈ ਪੇਸ਼ ਕਰਦਾ। ਇਸ ਸਾਰੇ ਮੁਕੱਦਮੇ ਵਿਚ ਮੇਰੇ ਸਾਹਮਣੇ ਇਕ ਹੀ ਖ਼ਿਆਲ ਸੀ ਅਤੇ ਉਹ ਇਹ ਕਿ ਸਾਡੇ ਖ਼ਿਲਾਫ਼ ਜਿਹੜੇ ਸੰਗੀਨ ਇਲਜ਼ਾਮ ਲਾਏ ਗਏ ਹਨ, ਉਨ੍ਹਾਂ ਦੇ ਬਾਵਜੂਦ ਅਸੀਂ ਇਸ ਵੱਲ ਮੁਕੰਮਲ ਤੌਰ 'ਤੇ ਬੇਧਿਆਨੀ ਵਰਤੀਏ। ਮੇਰਾ ਇਹ ਨਜ਼ਰੀਆ ਰਿਹਾ ਹੈ ਕਿ ਸਾਰੇ ਸਿਆਸੀ ਵਰਕਰਾਂ ਨੂੰ ਅਜਿਹੀ ਹਾਲਤ ਵਿਚ ਬੇਧਿਆਨੀ ਵਰਤਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਜਿਹੜੀ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ, ਉਹ ਉਨ੍ਹਾਂ ਨੂੰ ਖਿੜ੍ਹੇ ਮੱਥੇ ਬਰਦਾਸ਼ਤ ਕਰਨੀ ਚਾਹੀਦੀ ਹੈ। ਇਸ ਸਾਰੇ ਮੁਕੱਦਮੇ ਦੇ ਦੌਰਾਨ ਸਾਡੀ ਪਾਲਿਸੀ ਇਸ ਅਸੂਲ ਦੇ ਮੁਤਾਬਕ ਰਹੀ ਹੈ। ਅਸੀਂ ਅਜਿਹਾ ਫ਼ੈਸਲਾ ਕਰਨ ਵਿਚ ਕਾਮਯਾਬ ਹੋਏ ਜਾਂ ਨਹੀਂ! ਇਹ ਫ਼ੈਸਲਾ ਕਰਨਾ ਮੇਰਾ ਕੰਮ ਨਹੀਂ। ਅਸੀਂ ਖ਼ੁਦਗਰਜ਼ੀ ਨੂੰ ਛੱਡ ਕੇ ਆਪਣਾ ਕੰਮ ਕਰ ਰਹੇ ਹਾਂ।"

"ਵਾਇਸਰਾਏ ਨੇ ਲਾਹੌਰ ਸਾਜ਼ਿਸ਼ ਕੇਸ ਆਰਡੀਨੈਂਸ ਜਾਰੀ ਕਰਦਿਆਂ ਹੋਇਆਂ ਇਸ ਦੇ ਨਾਲ ਜੋ ਬਿਆਨ ਜਾਰੀ ਕੀਤਾ ਸੀ, ਉਸ ਵਿਚ ਉਸ ਨੇ ਕਿਹਾ ਸੀ ਕਿ ਇਸ ਸਾਜ਼ਿਸ਼ ਦੇ ਮੁਲਜ਼ਮ ਅਮਨ-ਕਾਨੂੰਨ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਨਾਲ ਜਿਹੜੀ ਹਾਲਤ ਪੈਦਾ ਹੋਈ, ਉਸ ਨੇ ਸਾਨੂੰ ਮੌਕਾ ਦਿੱਤਾ ਕਿ ਅਸੀਂ ਲੋਕਾਂ ਸਾਹਮਣੇ ਇਹ ਗੱਲਾਂ ਪੇਸ਼ ਕਰੀਏ ਕਿ ਅਸੀਂ ਅਮਨ-ਕਾਨੂੰਨ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜਾਂ ਸਾਡੇ ਵਿਰੋਧੀ ? ਇਸ ਗੱਲ ਨਾਲ ਮਤਭੇਦ ਹੋ ਸਕਦੇ ਹਨ। ਸ਼ਾਇਦ ਤੁਸੀਂ ਵੀ ਉਨ੍ਹਾਂ ਲੋਕਾਂ ਵਿਚੋਂ ਹੋਵੋ, ਜਿਹੜੇ ਇਸ ਗੱਲ ਨਾਲ ਮਤਭੇਦ ਰੱਖਦੇ ਹਨ। ਪਰ ਇਸ ਦਾ ਮੰਤਵ ਇਹ ਨਹੀਂ ਕਿ ਤੁਸੀਂ ਮੇਰੇ ਵੱਲੋਂ ਅਜਿਹੇ ਕਦਮ ਮੇਰੇ ਨਾਲ ਮਸ਼ਵਰਾ ਕੀਤੇ ਬਿਨਾਂ ਹੀ ਅਖ਼ਤਿਆਰ ਕਰੋ। ਮੇਰੀ ਜ਼ਿੰਦਗੀ ਏਨੀ ਕੀਮਤੀ ਨਹੀਂ, ਜਿੰਨੀ ਕਿ ਤੁਸੀਂ ਖ਼ਿਆਲ ਕਰਦੇ ਹੋ। ਘੱਟ ਤੋਂ ਘੱਟ ਮੇਰੇ ਲਈ ਏਨੀ ਕੀਮਤੀ ਨਹੀਂ ਕਿ ਇਸ ਨੂੰ ਅਸੂਲਾਂ ਦੀ ਕੁਰਬਾਨੀ ਕਰਨ ਦੀ ਕੀਮਤ 'ਤੇ ਬਚਾਇਆ ਜਾਵੇ। ਮੇਰੇ ਹੋਰ ਸਾਥੀ ਵੀ ਹਨ, ਜਿਨ੍ਹਾਂ ਦੇ ਮੁਕੱਦਮੇ ਇੰਨੇ ਹੀ ਸੰਗੀਨ ਹਨ ਜਿੰਨਾ ਕਿ ਮੇਰਾ ਮੁਕੱਦਮਾ। ਅਸੀਂ ਇਕ ਸਾਂਝੀ ਪਾਲਿਸੀ ਅਪਣਾਈ ਹੈ ਅਤੇ ਇਸ ਪਾਲਿਸੀ 'ਤੇ ਅਸੀਂ ਆਖ਼ਰੀ ਸਮੇਂ ਤਕ ਡਟੇ ਰਹਾਂਗੇ। ਸਾਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਸਾਨੂੰ ਵਿਅਕਤੀਗਤ ਤੌਰ 'ਤੇ ਕਿੰਨੀ ਕੀਮਤ ਇਸ ਗੱਲ ਦੀ ਅਦਾ ਕਰਨੀ ਪਵੇ।

ਪਿਤਾ ਜੀ, ਮੈਂ ਬਹੁਤ ਦੁੱਖ ਮਹਿਸੂਸ ਕਰ ਰਿਹਾ ਹਾਂ। ਮੈਨੂੰ ਡਰ ਹੈ ਕਿ ਕਿਤੇ ਤੁਹਾਡੇ 'ਤੇ ਇਹ ਨੁਕਤਾਚੀਨੀ ਕਰਦੇ ਜਾਂ ਇਸ ਤੋਂ ਵਧ ਕੇ ਤੁਹਾਡੇ ਇਸ ਕਦਮ ਦੀ ਨਿਖੇਧੀ ਕਰਦੇ ਹੋਏ ਮੈਂ ਤਹਿਜ਼ੀਬ ਦੇ ਦਾਇਰੇ ਤੋਂ ਬਾਹਰ ਨਾ ਨਿਕਲ ਜਾਵਾਂ ਅਤੇ ਮੇਰੇ ਲਫ਼ਜ਼ ਜ਼ਿਆਦਾ ਸਖ਼ਤ ਹੋ ਜਾਣ। ਪਰ ਮੈਂ ਸਾਫ਼ ਲਫ਼ਜ਼ਾਂ ਵਿਚ ਗੱਲ ਕਹਾਂਗਾ। ਜੇ ਕੋਈ ਸ਼ਖ਼ਸ ਮੇਰੇ ਨਾਲ ਅਜਿਹਾ ਸਲੂਕ ਕਰਦਾ ਤਾਂ ਮੈਂ ਇਸ ਨੂੰ ਗ਼ੱਦਾਰੀ ਤੋਂ ਘੱਟ ਖ਼ਿਆਲ ਨਾ ਕਰਦਾ। ਪਰ ਤੁਹਾਡੀ ਹਾਲਤ ਵਿਚ ਏਨਾ ਹੀ ਕਹਾਂਗਾ ਕਿ ਇਹ ਕਮਜ਼ੋਰੀ ਹੈ, ਬਦਤਰੀਨ ਕਿਸਮ ਦੀ ਕਮਜ਼ੋਰੀ।

ਇਹ ਇਕ ਅਜਿਹਾ ਸਮਾਂ ਸੀ, ਜਦੋਂ ਸਾਡੇ ਸਾਰਿਆਂ ਦਾ ਇਮਤਿਹਾਨ ਹੋ ਰਿਹਾ ਸੀ ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਇਮਤਿਹਾਨ ਵਿਚ ਨਾਕਾਮ ਰਹੇ ਹੋ। ਮੈਂ ਜਾਣਦਾ ਹਾਂ ਕਿ ਤੁਸੀਂ ਵੀ ਏਨੇ ਹੀ ਵਤਨ ਦੇ ਆਸ਼ਕ ਹੋ, ਜਿੰਨਾ ਕਿ ਕੋਈ ਸ਼ਖ਼ਸ ਹੋ ਸਕਦਾ ਹੈ। ਮੈਂ ਜਾਣਦਾ ਹਾਂ ਕਿ ਤੁਸੀਂ ਆਪਣੀ ਸਾਰੀ ਜ਼ਿੰਦਗੀ ਭਾਰਤ ਦੀ ਆਜ਼ਾਦੀ ਲਈ ਲਾ ਦਿੱਤੀ ਹੈ। ਪਰ ਇਸ ਅਹਿਮ ਮੋੜ 'ਤੇ ਤੁਸਾਂ ਇੰਨੀ ਕਮਜ਼ੋਰੀ ਵਿਖਾਈ, ਮੈਂ ਇਹ ਗੱਲ ਸਮਝ ਨਹੀਂ ਸਕਦਾ।

ਅਖ਼ੀਰ ਵਿਚ ਮੈਂ ਤੁਹਾਨੂੰ, ਤੁਹਾਡੇ ਦੋਸਤਾਂ ਅਤੇ ਮੇਰੇ ਮੁਕੱਦਮੇ ਵਿਚ ਦਿਲਚਸਪੀ ਲੈਣ ਵਾਲਿਆਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਤੁਹਾਡੇ ਇਸ ਕਦਮ ਨੂੰ ਪਸੰਦ ਨਹੀਂ ਕਰਦਾ। ਮੈਂ ਅੱਜ ਵੀ ਬਿਲਕੁਲ ਸਫ਼ਾਈ ਪੇਸ਼ ਕਰਨ ਦੇ ਹੱਕ ਵਿਚ ਨਹੀਂ ਹਾਂ। ਜੇ ਅਦਾਲਤ ਸਾਡੇ ਕੁਝ ਸਾਥੀਆਂ ਵੱਲੋਂ ਸਫ਼ਾਈ ਆਦਿ ਲਈ ਪੇਸ਼ ਕੀਤੀ ਗਈ ਦਰਖ਼ਾਸਤ ਮਨਜ਼ੂਰ ਕਰ ਲੈਂਦੀ ਤਾਂ ਵੀ ਮੈਂ ਕੋਈ ਸਫ਼ਾਈ ਪੇਸ਼ ਨਾ ਕਰਦਾ।

ਭੁੱਖ ਹੜਤਾਲ ਦੇ ਦਿਨਾਂ ਵਿਚ ਮੈਂ ਟ੍ਰਿਬਿਊਨਲ ਨੂੰ ਜਿਹੜੀ ਦਰਖ਼ਾਸਤ ਦਿੱਤੀ ਸੀ ਅਤੇ ਇਨ੍ਹਾਂ ਦਿਨਾਂ ਵਿਚ ਮੈਂ ਜਿਹੜਾ ਇੰਟਰਵਿਊ ਦਿੱਤਾ ਸੀ, ਉਸ ਦੇ ਗ਼ਲਤ ਅਰਥ ਕੱਢੇ ਗਏ ਹਨ ਅਤੇ ਅਖ਼ਬਾਰਾਂ ਵਿਚ ਇਹ ਪ੍ਰਕਾਸ਼ਿਤ ਕਰ ਦਿੱਤਾ ਗਿਆ ਕਿ ਮੈਂ ਆਪਣੀ ਸਫ਼ਾਈ ਪੇਸ਼ ਕਰਨੀ ਚਾਹੁੰਦਾ ਹਾਂ। ਹਾਲਾਂਕਿ ਮੈਂ ਕਿਸੇ ਵੀ ਸਮੇਂ ਸਫ਼ਾਈ ਪੇਸ਼ ਕਰਨ ਲਈ ਰਾਜ਼ੀ ਨਹੀਂ ਹੋਇਆ ਸੀ। ਅੱਜ ਵੀ ਮੇਰੇ ਖ਼ਿਆਲ ਉਹੀ ਹਨ, ਜੋ ਉਸ ਵੇਲੇ ਸਨ।

ਬੋਸਟਲ ਜੇਲ੍ਹ ਵਿਚ ਕੈਦ ਮੇਰੇ ਸਾਥੀ ਇਸ ਗੱਲ ਨੂੰ ਮੇਰੇ ਵੱਲੋਂ ਗ਼ੱਦਾਰੀ ਅਤੇ ਧੋਖਾ-ਦੇਹੀ ਖ਼ਿਆਲ ਕਰ ਰਹੇ ਹੋਣਗੇ। ਮੈਨੂੰ ਉਨ੍ਹਾਂ ਦੇ ਸਾਹਮਣੇ ਆਪਣੀ ਪੁਜ਼ੀਸ਼ਨ ਸਾਫ਼ ਕਰਨ ਦਾ ਮੌਕਾ ਵੀ ਨਹੀਂ ਮਿਲੇਗਾ।

ਮੈਂ ਚਾਹੁੰਦਾ ਹਾਂ ਕਿ ਇਸ ਸਿਲਸਿਲੇ ਵਿਚ ਜਿਹੜੀਆਂ ਪੇਚੀਦਗੀਆਂ ਪੈਦਾ ਹੋ ਗਈਆਂ ਹਨ, ਉਨ੍ਹਾਂ ਸੰਬੰਧੀ ਲੋਕਾਂ ਨੂੰ ਅਸਲੀਅਤ ਦਾ ਪਤਾ ਲੱਗ ਜਾਵੇ। ਇਸ ਲਈ ਮੈਂ ਤੁਹਾਨੂੰ ਦਰਖ਼ਾਸਤ ਕਰਦਾ ਹਾਂ ਕਿ ਤੁਸੀਂ ਛੇਤੀ ਤੋਂ ਛੇਤੀ ਇਹ ਚਿੱਠੀ ਪ੍ਰਕਾਸ਼ਿਤ ਕਰ ਦਿਓ।"

— ਤੁਹਾਡਾ ਪੁੱਤਰ

4.10.1930 *ਭਗਤ ਸਿੰਘ*

# ਕਿਤਾਬਾਂ ਭੇਜੋ

**ਲਾਹੌਰ ਸੈਂਟਰਲ ਜੇਲ੍ਹ,**
*ਤਾਰੀਖ 24 ਜੁਲਾਈ, 1930*

ਮੇਰੇ ਪਿਆਰੇ ਜੈਦੇਵ !

ਕਿਰਪਾ ਕਰ ਕੇ ਕੁਲਬੀਰ ਦੇ ਹੱਥ ਸ਼ਨਿੱਚਰਵਾਰ ਨੂੰ ਹੇਠ ਲਿਖੀਆਂ ਕਿਤਾਬਾਂ ਦਵਾਰਕਾ ਦਾਸ ਲਾਇਬ੍ਰੇਰੀ ਤੋਂ ਮੇਰਾ ਨਾਂ ਲੈ ਕੇ ਘੱਲਣ ਦੀ ਖੇਚਲ ਕਰਨੀ :

ਮੈਟੀਰੀਅਲਿਜ਼ਮ : ਕਾਰਲ ਲਿਬਨੈਖ਼ਤ
ਵਾਈ ਮੈਨ ਫ਼ਾਈਟ : ਬੀ. ਰੱਸੇਲ
ਸੋਵੀਅਟਸ ਐਟ ਵਰਕ
ਕੋਲੈਪਸ ਆਫ਼ ਸੈਕੰਡ ਇੰਟਰਨੈਸ਼ਨਲ
ਲੈਫ਼ਟ ਵਿੰਗ ਕਮਿਊਨਿਜ਼ਮ
ਮਿਊਚੁਅਲ ਏਡ : ਪ੍ਰਿੰਸ ਕਰੋਪਾਟਕਿਨ
ਫ਼ੀਲਡਜ਼ ਫੈਕਟਰੀਜ਼ ਐਂਡ ਵਰਕਸ਼ਾਪਸ
ਸਿਵਲ ਵਾਰ ਇਨ ਫ਼ਰਾਂਸ : ਮਾਰਕਸ
ਲੈਂਡ ਰੈਵੋਲਿਊਸ਼ਨ ਇਨ ਰਸ਼ੀਆ ਅਤੇ
ਅਪਟਨ ਸਿਨਕਲੇਅਰ ਦੀ 'ਸਪਾਈ' ।

ਕਿਰਪਾ ਕਰ ਕੇ ਹੋ ਸਕੇ ਤਾਂ ਮੈਨੂੰ ਇਕ ਹੋਰ ਕਿਤਾਬ ਵੀ ਘੱਲਣ ਦਾ ਪ੍ਰਬੰਧ ਕਰਨਾ, ਜਿਸ ਦਾ ਨਾਂ 'ਥਿਊਰੀ ਆਫ਼ ਹਿਸਟੋਰੀਕਲ ਮੈਟੀਰੀਅਲਿਜ਼ਮ : ਬੁਖ਼ਾਰਿਨ' ਹੈ ।

(ਇਹ ਪੰਜਾਬ ਪਬਲਿਕ ਲਾਇਬ੍ਰੇਰੀ ਤੋਂ ਮਿਲ ਜਾਵੇਗੀ)

ਅਤੇ ਕਿਰਪਾ ਕਰ ਕੇ ਲਾਇਬ੍ਰੇਰੀਅਨ ਤੋਂ ਇਹ ਪੜਤਾਲ ਕਰਨਾ ਕਿ ਕੀ ਕੁਝ ਕਿਤਾਬਾਂ ਬੋਰਸਟਲ ਜੇਲ੍ਹ ਦੇ ਲੋਕਾਂ ਨੂੰ ਭੇਜ ਦਿੱਤੀਆਂ ਗਈਆਂ ਹਨ ? ਇਹ ਲੋਕ ਕਿਤਾਬੋਂ ਬੁਰੀ ਤਰ੍ਹਾਂ ਵਾਂਝੇ ਹਨ । ਉਨ੍ਹਾਂ ਨੇ ਜੈਦੇਵ, ਸੁਖਦੇਵ ਦੇ ਭਰਾ ਹੱਥੀਂ ਇਕ ਸੂਚੀ ਘੱਲੀ ਸੀ । ਪਰ ਉਨ੍ਹਾਂ ਨੂੰ ਅਜੇ ਤਕ ਕੋਈ ਕਿਤਾਬਾਂ ਨਹੀਂ ਪਹੁੰਚੀਆਂ । ਜੇ ਉਨ੍ਹਾਂ ਕੋਲ (ਲਾਇਬ੍ਰੇਰੀ ਵਾਲਿਆਂ ਕੋਲ) ਉਹ ਸੂਚੀ ਨਾ ਹੋਵੇ ਤਾਂ ਕਿਰਪਾ ਕਰ ਕੇ ਲਾਲਾ ਫ਼ਿਰੋਜ਼ ਚੰਦ ਤੋਂ ਪੁੱਛ ਲੈਣਾ ਅਤੇ ਉਨ੍ਹਾਂ ਦੀ ਪਸੰਦ ਅਨੁਸਾਰ ਕੁਝ ਰੌਚਕ ਕਿਤਾਬਾਂ ਭੇਜ ਦੇਣਾ । ਇਸ ਐਤਵਾਰ ਜਦ ਮੈਂ ਉਥੇ ਜਾਵਾਂ ਤਾਂ ਉਨ੍ਹਾਂ ਕੋਲ ਕਿਤਾਬਾਂ ਹੋਣੀਆਂ ਚਾਹੀਦੀਆਂ ਹਨ । ਕਿਰਪਾ ਕਰ ਕੇ ਇਹ ਕੰਮ ਹਰ ਹੀਲੇ ਕਰ ਦੇਣਾ । ਕਿਰਪਾ ਕਰ ਕੇ ਡਾਰਲਿੰਗ ਦੀ ਇਕ 'ਪੰਜਾਬ ਪੇਜ਼ੈਂਟਰੀ ਇਨ ਪ੍ਰਾਸਪੈਰਿਟੀ ਐਂਡ ਡੈਬਟ' ਅਤੇ ਇਕ-ਅੱਧ ਹੋਰ ਕਿਤਾਬ ਕਿਸਾਨੀ ਮਾਮਲਿਆਂ ਬਾਰੇ ਡਾ. ਆਲਮ ਕੋਲ ਭੇਜ ਦੇਣੀ ।

ਮੈਨੂੰ ਆਸ ਹੈ ਕਿ ਤੁਸੀਂ ਇਸ ਖੇਚਲ ਨੂੰ ਮਹਿਸੂਸ ਕਰੋਗੇ । ਭਵਿੱਖ ਵਿਚ, ਮੈਂ ਤੁਹਾਨੂੰ ਯਕੀਨ ਦਵਾਉਂਦਾ ਹਾਂ ਕਿ ਤੁਹਾਨੂੰ ਕਦੇ ਵੀ ਕੋਈ ਤਕਲੀਫ਼ ਨਹੀਂ ਦਿਆਂਗਾ ਕਿਰਪਾ ਕਰ ਕੇ ਸਾਰੇ ਦੋਸਤਾਂ ਨੂੰ ਮੇਰੀ ਯਾਦ ਕਹਿਣਾ ਅਤੇ ਲੱਜਿਆਵਤੀ ਜੀ ਨੂੰ ਮੇਰੇ ਵੱਲੋਂ ਸਤਿਕਾਰ ! ਮੈਂ ਆਸ ਕਰਦਾ ਹਾਂ ਕਿ ਜੇ ਦੱਤ ਦੀ ਭੈਣ ਆਵੇ ਤਾਂ ਉਹ ਮੇਰੇ ਨਾਲ ਵੀ ਮੁਲਾਕਾਤ ਕਰਨ ਦੀ ਖੇਚਲ ਕਰੇਗੀ ।

ਸਤਿਕਾਰ ਸਹਿਤ,
ਤੁਹਾਡਾ
**ਭਗਤ ਸਿੰਘ**
*(ਅੰਗਰੇਜ਼ੀ ਤੋਂ)*

# ਪ੍ਰੋਮਿਲਾ ਦੇਵੀ (ਬਟੁਕੇਸ਼ਵਰ ਦੱਤ ਦੀ ਭੈਣ) ਨੂੰ ਇਕ ਖ਼ਤ

**ਸੈਂਟਰਲ ਜੇਲ੍ਹ, ਲਾਹੌਰ**
— ਮਿਤੀ 17 ਜੁਲਾਈ, 1930

ਪਿਆਰੀ ਭੈਣ,

ਕਲ ਬੱਤੂ* ਨੇ ਤੁਹਾਨੂੰ ਚਿੱਠੀ ਲਿਖੀ ਸੀ । ਤੁਹਾਨੂੰ ਇਹ ਸੂਚਨਾ ਦੇਣ ਲਈ ਕਿ ਜਿੰਨੇ ਚਿਰ ਤਕ ਉਸ ਨੂੰ ਤੁਹਾਡੀ ਚਿੱਠੀ ਨਾ ਮਿਲੇ, ਤੁਸੀਂ ਇਥੇ ਨਾ ਆਉਣਾ । ਬੱਤੂ ਨੂੰ ਕੱਲ੍ਹ ਰਾਤ ਕਿਸੇ ਹੋਰ ਜੇਲ੍ਹ ਵਿਚ ਬਦਲ ਦਿੱਤਾ ਗਿਆ ਹੈ । ਅਜੇ ਤਕ ਅਸੀਂ ਉਨ੍ਹਾਂ ਦੇ ਪੜਾਅ ਬਾਰੇ ਅਣਜਾਣ ਹਾਂ । ਇਸ ਲਈ ਮੈਂ ਦਿਲੋਂ ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ ਕਿ ਤੁਸੀਂ ਬਨਾਰਸੋਂ ਲਾਹੌਰ ਨੂੰ ਨਾ ਚੱਲਣਾ, ਜਦੋਂ ਤਕ ਉਸ ਦੀ ਚਿੱਠੀ ਨਾ ਮਿਲੇ । ਉਹਦਾ ਵਿਛੋੜਾ ਮੇਰੇ ਲਈ ਵੀ ਅਸਹਿ ਹੈ । ਅੱਜ ਮੈਂ ਵੀ ਬੜੀ ਘਬਰਾਹਟ ਮਹਿਸੂਸ ਕਰ ਰਿਹਾ ਹਾਂ ਅਤੇ ਹਰ ਪਲ ਬੋਝ ਬਣ ਗਿਆ ਹੈ । ਸੱਚੀਂ ਅਜਿਹੇ ਦੋਸਤ ਨਾਲੋਂ ਵਿਛੜਨਾ, ਜਿਹੜਾ ਕਿ ਮੇਰੇ ਆਪਣੇ ਵੀਰਾਂ ਨਾਲੋਂ ਵੀ ਵੱਧ ਪਿਆਰਾ ਹੋਵੇ, ਬਹੁਤ ਔਖਾ ਹੈ । ਖ਼ੈਰ ਸਾਨੂੰ ਇਹ ਸਭ ਕੁਝ ਸਬਰ ਨਾਲ ਸਹਿਣਾ ਚਾਹੀਦਾ ਹੈ । ਮੈਂ ਤੁਹਾਨੂੰ ਅਰਜ਼ ਕਰਦਾ ਹਾਂ ਕਿ ਤੁਸੀਂ ਹੌਂਸਲਾ ਰੱਖੋ । ਕੋਈ ਫ਼ਿਕਰ ਨਾ ਕਰਨਾ ।

ਸਮਾਂ ਬੀਤਣ ਨਾਲ ਇਸ ਦਾ ਸਿੱਟਾ ਚੰਗਾ ਹੀ ਨਿਕਲੇਗਾ ।

ਤੁਹਾਡਾ ਵੀਰ,
**ਭਗਤ ਸਿੰਘ**
*(ਅੰਗਰੇਜ਼ੀ ਤੋਂ)*

* ਬਟੁਕੇਸ਼ਵਰ ਦੱਤ ਦਾ ਲਾਡਲਾ ਨਾਂ ।

## ਛੋਟੇ ਵੀਰ ਕੁਲਤਾਰ ਨੂੰ ਫਾਂਸੀ ਤੋਂ ਵੀਹ ਦਿਨ ਪਹਿਲਾਂ ਲਿਖਿਆ ਖ਼ਤ

**ਸੈਂਟਰਲ ਜੇਲ੍ਹ, ਲਾਹੌਰ**
— ਮਿਤੀ 3 ਮਾਰਚ, 1931

ਅਜ਼ੀਜ਼ ਕੁਲਤਾਰ,

ਅੱਜ ਤੁਹਾਡੀਆਂ ਅੱਖਾਂ ਵਿਚ ਹੰਝੂ ਵੇਖ ਕੇ ਬਹੁਤ ਦੁੱਖ ਹੋਇਆ । ਅੱਜ ਤੁਹਾਡੀਆਂ ਗੱਲਾਂ ਵਿਚ ਦਰਦ ਸੀ । ਤੁਹਾਡੇ ਹੰਝੂ ਮੇਰੇ ਤੋਂ ਸਹਿਣ ਨਹੀਂ ਹੁੰਦੇ ।

ਬਰਖ਼ੁਰਦਾਰ, ਹਿੰਮਤ ਨਾਲ ਵਿਦਿਆ ਪ੍ਰਾਪਤ ਕਰਨੀ ਅਤੇ ਸਿਹਤ ਦਾ ਖ਼ਿਆਲ ਰੱਖਣਾ । ਹੌਸਲਾ ਰੱਖਣਾ, ਹੋਰ ਕੀ ਕਹਾਂ—

ਉਸੇ ਫ਼ਿਕਰ ਹੈ ਹਰਦਮ ਨਯਾ ਤਰਜ਼ੇ ਜਫ਼ਾ ਕਿਆ ਹੈ,
ਹਮੇਂ ਯੇਹ ਸ਼ੌਕ ਹੈ ਦੇਖੇਂ ਸਿਤਮ ਕੀ ਇੰਤਹਾ ਕਿਆ ਹੈ ।

ਦਹਰ ਸੇ ਕਿਉਂ ਖ਼ਫ਼ਾ ਰਹੇਂ, ਚਰਖ ਕਾ ਕਿਉਂ ਗਿਲਾ ਕਰੇਂ,
ਸਾਰਾ ਜਹਾਂ ਅਦੂ ਸਹੀ, ਆਓ ਮੁਕਾਬਲਾ ਕਰੇਂ ।

ਕੋਈ ਦਮ ਕਾ ਮਹਿਮਾਂ ਹੂੰ, ਐ ਅਹਿਲੇ-ਮਹਿਫ਼ਲ,
ਚਰਾਗ਼ੇ ਸਹਰ ਹੂੰ ਬੁਝਾ ਚਾਹਤਾ ਹੂੰ ।

ਮੇਰੀ ਹਵਾ ਮੇਂ ਰਹੇਗੀ ਖ਼ਿਆਲ ਕੀ ਬਿਜਲੀ,
ਯਹ ਮੁਸ਼ਤੇ-ਏ-ਖ਼ਾਕ ਹੈ ਫ਼ਾਨੀ, ਰਹੇ ਨ ਰਹੇ ।

ਚੰਗਾ ਰੁਖ਼ਸਤ । ਖ਼ੁਸ਼ ਰਹੋ ਅਹਿਲੇ-ਵਤਨ, ਹਮ ਤੋ ਸਫ਼ਰ ਕਰਤੇ ਹੈਂ ।
ਹੌਸਲੇ ਨਾਲ ਰਹਿਣਾ ।

ਨਮਸਤੇ !

ਤੇਰਾ ਵੀਰ

— ਭਗਤ ਸਿੰਘ

# ਮੈਂ ਨਾਸਤਿਕ ਕਿਉਂ ਹਾਂ ?

—5, 6 ਅਕਤੂਬਰ 1930

*(14 ਅਕਤੂਬਰ, 1930 ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ, ਜੋ ਗ਼ਦਰ ਪਾਰਟੀ ਦੇ ਨਾਲ ਸੰਪਰਕ ਕਰ ਕੇ ਉਮਰ ਕੈਦ ਭੋਗ ਕੇ ਰਿਹਾਅ ਹੋਏ ਸਨ । ਰਿਹਾਈ ਤੋਂ ਪਹਿਲਾਂ ਉਨ੍ਹਾਂ ਦੀ ਭਗਤ ਸਿੰਘ ਨਾਲ ਮੁਲਾਕਾਤ ਹੋਈ । ਮੁਲਾਕਾਤ ਕਰਵਾਉਣ ਵਿਚ ਗ਼ਦਰੀ ਬਾਬੇ ਹਰਨਾਮ ਸਿੰਘ ਕਾਲਾ ਸੰਘੀਆਂ ਮਦਦਗਾਰ ਸਨ । ਲੇਖ ਦੇ ਸ਼ੁਰੂ ਵਿਚ ਦੋਸਤਾਂ ਦਾ ਜ਼ਿਕਰ ਇਨ੍ਹਾਂ ਬਾਰੇ ਹੀ ਹੈ । ਇਨ੍ਹਾਂ ਗਦਰੀ ਬਾਬਿਆਂ ਦੇ ਸੁਝਾਅ ਉਤੇ ਸ਼ਹੀਦ ਭਗਤ ਸਿੰਘ ਨੇ ਭਾਈ ਸਾਹਿਬ ਨਾਲ ਮੁਲਾਕਾਤ ਕਰਨ ਦੀ ਹਾਂ ਕੀਤੀ । ਪਰ ਭਾਈ ਸਾਹਿਬ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਕਿਉਂਕਿ ਭਗਤ ਸਿੰਘ ਨੇ ਕੇਸ ਕਤਲ ਕਰਵਾਏ ਹੋਏ ਹਨ, ਉਹ ਨਹੀਂ ਮਿਲਣਗੇ । ਇਸ ਦੇ ਜਵਾਬ ਵਿਚ ਭਗਤ ਸਿੰਘ ਨੇ ਇਕ ਚਿੱਠੀ ਲਿਖ ਕੇ ਭੇਜੀ, ਕਿ "ਮੈਂ ਸਿੱਖੀ ਦੀ ਬੰਦ-ਬੰਦ ਕਟਵਾਉਣ ਦੀ ਰਵਾਇਤ ਦਾ ਕਾਇਲ ਹਾਂ, ਅਜੇ ਤਾਂ ਮੈਂ ਇਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ, ਦੇਸ਼ ਲਈ, ਜਲਦੀ ਹੀ ਗਰਦਨ ਵੀ ਕਟਵਾਵਾਂਗਾ । ਪਰ ਇਕ ਸਿੱਖ ਦੀ ਤੰਗਨਜ਼ਰੀ ਦਾ ਗਿਲਾ ਜ਼ਰੂਰ ਰਹੇਗਾ ।" ਇਸ ਤੋਂ ਬਾਅਦ ਭਾਈ ਸਾਹਿਬ ਮੁਲਾਕਾਤ ਲਈ ਆਏ । ਇਕ ਵਾਰ ਇਸ ਵਿਸ਼ੇ ਤੇ ਬਾਬਾ ਸੋਹਣ ਸਿੰਘ ਭਕਨਾ ਨਾਲ ਗੱਲ ਕਰਦੇ ਭਗਤ ਸਿੰਘ ਨੇ ਕਿਹਾ ਸੀ ਕਿ "ਸਾਡੇ ਪੁਰਾਣੇ ਵਿਰਸੇ ਦੇ ਦੋ ਪੱਖ ਹੁੰਦੇ ਹਨ, ਇਕ ਸਭਿਆਚਾਰਕ ਅਤੇ ਦੂਸਰਾ ਮਿਥਿਹਾਸਕ । ਮੈਂ ਸਭਿਆਚਾਰਕ ਗੁਣਾਂ ਨੂੰ ਜਿਵੇਂ ਕਿ ਨਿਸ਼ਕਾਮ ਦੇਸ਼ ਸੇਵਾ, ਕੁਰਬਾਨੀ, ਅਕੀਦੇ ਤੇ ਅਟੱਲ ਰਹਿਣ ਨੂੰ ਪੂਰੀ ਸੱਚਾਈ ਨਾਲ ਅਪਨਾਕੇ ਅੱਗੇ ਵਧਾਉਣ ਦੀ ਕੋਸ਼ਿਸ਼ ਵਿਚ ਹਾਂ, ਪਰ ਮਿਥਿਹਾਸਕ ਵਿਚਾਰ, ਜੋ ਪੁਰਾਣੇ ਸਮੇਂ ਦੀ ਸਮਝ ਮੁਤਾਬਿਕ ਹਨ, ਨੂੰ ਉਵੇਂ ਮੰਨਣ ਲਈ ਬਿਲਕੁਲ ਤਿਆਰ ਨਹੀਂ ਹਾਂ ਕਿਉਂਕਿ ਵਿਗਿਆਨ ਨੇ ਗਿਆਨ ਵਿਚ ਬਹੁਤ ਵਾਧਾ ਕੀਤਾ ਹੈ ਅਤੇ ਵਿਗਿਆਨਕ ਵਿਚਾਰ ਅਪਨਾਇਆਂ ਹੀ ਭਵਿੱਖ ਦੇ ਮਸਲੇ ਹੱਲ ਕਰ ਸਕਦੇ ਹਾਂ ।" ਭਾਵੇਂ ਕਿ ਫ਼ਿਰਕੂ ਤੱਤਾਂ ਵੱਲੋਂ ਕਾਫ਼ੀ ਕੋਸ਼ਿਸ਼ ਹੋਈ ਹੈ ਕਿ ਭਗਤ ਸਿੰਘ ਦੇ ਵਿਚਾਰਾਂ ਨੂੰ ਲੋਕਾਂ ਵਿਚ ਗੰਧਲਾਇਆ ਜਾਵੇ ਅਤੇ ਇਹ ਸਿੱਧ ਕੀਤਾ ਜਾਵੇ ਕਿ ਉਸ ਨੇ ਆਖ਼ਰੀ ਸਮੇਂ ਆਪਣੇ ਵਿਚਾਰ ਬਦਲ ਲਏ ਸਨ । ਪਰ ਇਹ ਦਸਤਾਵੇਜ਼ ਜਿੱਥੇ ਭਾਈ ਸਾਹਿਬ ਰਣਧੀਰ ਸਿੰਘ ਜੀ ਵੱਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਦੇ ਰੂਪ ਵਿਚ ਹੈ ਉਥੇ ਭਗਤ ਸਿੰਘ ਦੀ ਆਪਣੇ ਵਿਚਾਰ ਵਿਕਾਸ ਦੀ ਸਵੈ-ਪੜਚੋਲ ਤੇ ਵਿਚਾਰਾਂ ਦੀ ਠੋਸਤਾ ਦਾ ਇਕ ਅਹਿਮ ਪ੍ਰਮਾਣ ਵੀ ਹੈ ।)*

ਨਵੀਂ ਸਮੱਸਿਆ ਖੜ੍ਹੀ ਹੋ ਗਈ ਹੈ : ਕੀ ਸਰਬ-ਸ਼ਕਤੀਮਾਨ, ਸਰਬ-ਵਿਆਪਕ ਤੇ ਸਰਬ-ਹਿਤਕਾਰੀ ਰੱਬ ਦੀ ਹੋਂਦ ਵਿਚ ਮੇਰਾ ਅਵਿਸ਼ਵਾਸ ਮੇਰੇ ਅਹੰਕਾਰ ਕਰ ਕੇ ਹੈ । ਮੈਨੂੰ ਕਦੇ ਚਿੱਤ-ਚੇਤਾ ਵੀ ਨਹੀਂ ਸੀ ਕਿ ਮੈਨੂੰ ਕਿਸੇ ਵੇਲੇ ਇਹੋ ਜਹੀ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ । ਆਪਣੇ ਕੁਝ ਦੋਸਤਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਮੇਰੇ ਕੁਝ ਦੋਸਤਾਂ (ਜੇ ਦੋਸਤੀ ਦਾ ਇਹ ਦਾਅਵਾ ਗ਼ਲਤ ਨਾ ਹੋਵੇ) ਨੇ ਮੇਰੇ ਨਾਲ ਥੋੜ੍ਹੇ ਜਿਹੇਮੇਲਜੋਲ ਮਗਰੋਂ (ਭਾਈ ਰਣਧੀਰ ਸਿੰਘ ਵੱਲ ਇਸ਼ਾਰਾ) ਹੀ ਇਹ ਸਿੱਟਾ ਕੱਢ ਲਿਆ ਕਿ ਮੇਰਾ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ ਮੇਰੀ ਹਿਮਾਕਤ ਹੈ ਅਤੇ ਇਹ ਵੀ ਕਿ ਮੇਰਾ ਅਹੰਕਾਰ ਹੀ ਮੇਰੇ ਅਵਿਸ਼ਵਾਸ ਦਾ ਕਾਰਨ ਹੈ । ਫਿਰ ਵੀ ਸਮੱਸਿਆ ਤਾਂ ਗੰਭੀਰ ਹੀ ਹੈ । ਇਨ੍ਹਾਂ ਇਨਸਾਨੀ ਵਤੀਰਿਆਂ ਤੋਂ ਉੱਪਰ ਹੋਣ ਦਾ ਮੈਂ ਦਾਅਵਾ ਨਹੀਂ ਕਰਦਾ । ਮੈਂ ਵੀ ਆਖ਼ਰ ਇਨਸਾਨ ਹਾਂ, ਇਸ ਤੋਂ ਵੱਧ ਕੁਝ ਨਹੀਂ ਹੈ । ਤੇ ਨਾ ਕੋਈ ਇਸ ਤੋਂ ਵੱਧ ਹੋਣ ਦਾ ਦਾਅਵਾ ਕਰ ਸਕਦਾ ਹੈ । ਮੇਰੇ ਵਿਚ ਵੀ ਇਕ ਕਮਜ਼ੋਰੀ ਹੈ । ਅਹੰਕਾਰ (vanity) ਮੇਰੇ ਸੁਭਾਅ ਦਾ ਵੀ ਅੰਗ ਹੈ । ਮੈਂ ਆਪਣੇ ਸਾਥੀਆਂ ਵਿਚ ਤਾਨਾਸ਼ਾਹ ਕਰ ਕੇ ਜਾਣਿਆ ਜਾਂਦਾ ਹਾਂ । ਇਥੋਂ ਤਕ ਮੇਰਾ ਦੋਸਤ ਬੀ.ਕੇ. ਦੱਤ ਵੀ ਕਦੇ-ਕਦੇ ਮੈਨੂੰ ਤਾਨਾਸ਼ਾਹ ਕਹਿੰਦਾ ਹੁੰਦਾ ਸੀ । ਕਈ ਮੌਕਿਆਂ ਉਤੇ ਮੈਨੂੰ ਹੈਂਕੜਬਾਜ਼ ਵੀ ਕਿਹਾ ਗਿਆ । ਕੁਝ ਦੋਸਤ ਪੂਰੀ ਗੰਭੀਰਤਾ ਨਾਲ ਮੇਰੇ ਉਤੇ ਦੋਸ਼ ਲਾਉਂਦੇ ਰਹੇ ਕਿ ਮੈਂ ਦੂਜਿਆਂ ਉਤੇ ਆਪਣੀ ਰਾਏ ਮੜ੍ਹਦਾ ਹਾਂ ਅਤੇ ਆਪਣੀ ਗੱਲ ਮੰਨਵਾ ਲੈਂਦਾ ਹਾਂ । ਮੈਂ ਇਨਕਾਰ ਨਹੀਂ ਕਰਦਾ ਅਤੇ ਇਹ ਗੱਲ ਕਿਸੇ ਹੱਦ ਤਕ ਸਹੀ ਹੈ । ਇਸ ਨੂੰ ਅਹੰਵਾਦ (egotism) ਵੀ ਕਿਹਾ ਜਾ ਸਕਦਾ ਹੈ । ਜਿੱਥੋਂ ਤਕ ਸਮਾਜ ਦੀਆਂ ਰੂੜ੍ਹੀਵਾਦੀ ਰਵਾਇਤਾਂ ਦੇ ਵਿਰੋਧ ਦਾ ਸਵਾਲ ਹੈ, ਮੈਂ ਅਹੰਕਾਰੀ ਹਾਂ, ਪਰ ਇਹ ਜ਼ਾਤੀ ਗੱਲ ਨਹੀਂ । ਇਹ ਆਪਣੇ ਵਿਚਾਰਾਂ 'ਤੇ ਮਾਣ ਵਾਲੀ ਗੱਲ ਹੈ, ਇਸ ਨੂੰ ਅਹੰਕਾਰ ਨਹੀਂ ਕਿਹਾ ਜਾ ਸਕਦਾ । ਅਭਿਮਾਨ, ਜਾਂ ਕਹਿ ਲਓ ਅਹੰਕਾਰ, ਕਿਸੇ ਮਨੁੱਖ ਵਿਚ ਲੋੜੋਂ ਵੱਧ ਆਪਣੇ ਆਪ ਮਾਣ ਦਾ ਪ੍ਰਗਟਾਵਾ ਹੁੰਦਾ ਹੈ । ਕੀ ਮੈਂ ਬੇਲੋੜੇ ਮਾਣ ਕਰ ਕੇ ਨਾਸਤਕ ਬਣਿਆ ਹਾਂ ਜਾਂ ਇਸ ਵਿਸ਼ੇ ਬਾਰੇ ਡੂੰਘਾ ਮੁਤਾਲਿਆ ਕਰਨ ਮਗਰੋਂ ਅਤੇ ਗੰਭੀਰ ਸੋਚ-ਵਿਚਾਰ ਮਗਰੋਂ ਨਾਸਤਕ ਬਣਿਆ ਹਾਂ ? ਇਹ ਸਵਾਲ ਹੈ ਜਿਸ ਬਾਰੇ ਮੈਂ ਚਰਚਾ ਕਰਨਾ ਚਾਹੁੰਦਾ ਹਾਂ । ਸਭ ਤੋਂ ਪਹਿਲੇ ਇਹ ਨਿਬੇੜਾ ਕਰ ਲਈਏ ਕਿ ਅਭਿਮਾਨ (egotism) ਤੇ ਅਹੰਕਾਰ (vanity) ਦੋ ਅਲੱਗ-ਅਲੱਗ ਗੱਲਾਂ ਹੁੰਦੀਆਂ ਹਨ ।

ਮੈਨੂੰ ਇਸ ਗੱਲ ਦੀ ਹੁਣ ਤਕ ਸਮਝ ਨਹੀਂ ਆਈ ਕਿ ਬੇਲੋੜਾ ਮਾਣ ਜਾਂ ਫੋਕਾ ਅਭਿਮਾਨ ਮਨੁੱਖ ਲਈ ਆਸਤਕਤਾ ਦੇ ਰਾਹ ਦਾ ਰੋੜਾ ਕਿਵੇਂ ਬਣ ਸਕਦੇ ਹਨ । ਮੈਂ ਕਿਸੇ ਸੱਚੀ-ਮੁੱਚੀ ਦੇ ਮਹਾਨ ਵਿਅਕਤੀ ਦੀ ਮਹਾਨਤਾ

ਤੋਂ ਮੁਨਕਰ ਹੋ ਸਕਦਾ ਹਾਂ, ਬਸ਼ਰਤਿ ਕਿ ਮੈਨੂੰ ਰਾਹ ਜਾਂਦੇ ਹੀ ਸ਼ੋਹਰਤ ਹੱਥ ਲੱਗ ਗਈ ਹੋਵੇ, ਜਾਂ ਮਹਾਨ ਹੋਣ ਲਈ ਸੱਚੀ-ਮੁੱਚੀ ਲੋੜੀਂਦੇ ਗੁਣ ਹੀ ਮੇਰੇ ਵਿਚ ਨਾ ਹੋਣ। ਇਹ ਗੱਲ ਸਮਝ ਪੈਂਦੀ ਹੈ, ਪਰ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਆਸਤਕ ਆਪਣੇ ਅਹੰਕਾਰ ਕਰ ਕੇ ਨਾਸਤਕ ਹੋ ਜਾਵੇ। ਸਿਰਫ਼ ਦੋ ਗੱਲਾਂ ਹੋ ਸਕਦੀਆਂ ਹਨ : ਜਾਂ ਤਾਂ ਮਨੁੱਖ ਖ਼ੁਦ ਨੂੰ ਖ਼ੁਦਾ ਦਾ ਰਕੀਬ ਸਮਝਣਾ ਸ਼ੁਰੂ ਕਰ ਦੇਵੇ ਜਾਂ ਫਿਰ ਖ਼ੁਦ ਹੀ ਖ਼ੁਦਾ ਬਣ ਬੈਠੇ। ਦੋਹਾਂ ਹਾਲਤਾਂ ਵਿਚ ਉਹ ਨਾਸਤਕ ਨਹੀਂ ਹੋ ਸਕਦਾ। ਪਹਿਲੀ ਸੂਰਤ ਵਿਚ ਉਹ ਰਕੀਬ ਦੀ ਹੋਂਦ ਤੋਂ ਮੁਨਕਰ ਨਹੀਂ ਹੁੰਦਾ। ਦੂਸਰੀ ਸੂਰਤ ਵਿਚ ਵੀ ਉਹ ਸੁਚੇਤ ਸੱਤਾ (**being**) ਦੀ ਹੋਂਦ ਨੂੰ ਮੰਨਦਾ ਹੈ, ਜੋ ਪਰਦੇ ਪਿੱਛਿਉਂ ਸਾਰੀ ਪ੍ਰਕਿਰਤੀ ਨੂੰ ਚਲਾ ਰਹੀ ਹੈ। ਇਸ ਦੀ ਸਾਡੇ ਲਈ ਕੋਈ ਅਹਿਮੀਅਤ ਨਹੀਂ ਕਿ ਉਹ ਖ਼ੁਦ ਨੂੰ ਖ਼ੁਦਾ ਸਮਝਦਾ ਹੈ ਜਾਂ ਖ਼ੁਦਾ ਤੋਂ ਅਲੱਗ ਕੋਈ ਪਰਮ-ਸੱਤਾ ਮੰਨਦਾ ਹੈ। ਅਸਲ ਨੁਕਤਾ ਇਹ ਹੈ ਕਿ ਦੋਹਾਂ ਹਾਲਤਾਂ ਵਿਚ ਉਹਦਾ ਰੱਬ ਵਿਚ ਵਿਸ਼ਵਾਸ ਕਾਇਮ ਰਹਿੰਦਾ ਹੈ। ਮੈਂ ਉਪਰਲੀਆਂ ਦੋਹਾਂ ਕਿਸਮਾਂ ਵਿਚ ਨਹੀਂ ਆਉਂਦਾ। ਮੈਂ ਤਾਂ ਕਿਸੇ ਵੀ ਸਰਵੋਪਰੀ-ਸੱਤਾ ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹਾਂ। ਇੰਜ ਕਿਉਂ ਹੈ, ਮੈਂ ਇਹਦੇ ਬਾਰੇ ਅੱਗੇ ਚੱਲ ਕੇ ਵਿਚਾਰ-ਚਰਚਾ ਕਰਾਂਗਾ। ਇਥੇ ਮੈਂ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਅਹੰਕਾਰ ਕਰ ਕੇ ਨਾਸਤਕਤਾ ਦੇ ਸਿਧਾਂਤ ਦਾ ਧਾਰਨੀ ਨਹੀਂ ਹੋਇਆ। ਨਾ ਤਾਂ ਮੈਂ ਖ਼ੁਦਾ ਦਾ ਰਕੀਬ ਹਾਂ, ਨਾ ਕੋਈ ਰੱਬੀ ਅਵਤਾਰ ਤੇ ਨਾ ਹੀ ਆਪ ਪਰਮਾਤਮਾ ਹਾਂ। ਇਕ ਗੱਲ ਤਾਂ ਪੱਕੀ ਹੈ ਕਿ ਅਹੰਕਾਰ ਕਾਰਨ ਮੈਂ ਇਹ ਸੋਚਣੀ ਨਹੀਂ ਅਪਣਾਈ। ਇਸ ਇਲਜ਼ਾਮ ਦਾ ਜਵਾਬ ਦੇਣ ਲਈ ਮੈਂ ਤੱਥ ਬਿਆਨ ਕਰਦਾ ਹਾਂ। ਮੇਰੇ ਦੋਸਤ ਕਹਿੰਦੇ ਹਨ ਕਿ ਦਿੱਲੀ ਬੰਬ ਤੇ ਲਾਹੌਰ ਸਾਜ਼ਸ਼ ਕੇਸਾਂ ਦੌਰਾਨ ਮੈਨੂੰ ਜਿਹੜੀ ਬੇਲੋੜੀ ਸ਼ੋਹਰਤ ਮਿਲੀ, ਉਸ ਕਾਰਨ ਮੇਰੇ ਵਿਚ ਫੋਕੀ ਸ਼ਾਨ ਆ ਗਈ ਹੈ। ਆਓ, ਆਪਾਂ ਦੇਖੀਏ ਕਿ ਉਨ੍ਹਾਂ ਦੇ ਕਥਨ ਕਿਥੋਂ ਤੀਕ ਠੀਕ ਹਨ। ਪਿੱਛੇ ਜਿਹੇ ਵਾਪਰੀਆਂ ਘਟਨਾਵਾਂ ਕਾਰਨ ਮੈਂ ਨਾਸਤਕ ਨਹੀਂ ਹੋਇਆ, ਮੈਂ ਤਾਂ ਓਦੋਂ ਹੀ ਰੱਬ ਨੂੰ ਮੰਨਣੋਂ ਹਟ ਗਿਆ ਸੀ, ਜਦ ਮੈਂ ਨਾਮਾਲੂਮ ਨੌਜਵਾਨ ਸੀ, ਜਦ ਮੇਰੇ ਉਪ੍ਰੋਕਤ ਦੋਸਤ ਰੱਬ ਦੀ ਹੋਂਦ ਤੋਂ ਸੁਚੇਤ ਵੀ ਨਹੀਂ ਸਨ। ਘੱਟੋ-ਘੱਟ ਕਾਲਜ ਦਾ ਕੋਈ ਵਿਦਿਆਰਥੀ ਏਨਾ ਅਭਿਮਾਨੀ ਨਹੀਂ ਹੋ ਸਕਦਾ ਕਿ ਉਹ ਨਾਸਤਕ ਹੋ ਜਾਵੇ। ਭਾਵੇਂ ਕੁਝ ਪ੍ਰੋਫ਼ੈਸਰ ਮੈਨੂੰ ਪਸੰਦ ਕਰਦੇ ਸਨ ਤੇ ਕੁਝ ਨਾਪਸੰਦ, ਪਰ ਮੈਂ ਕਦੇ ਵੀ ਮਿਹਨਤੀ ਮੁੰਡਾ ਨਹੀਂ ਸੀ। ਅਹੰਕਾਰ ਵਰਗੇ ਵਿਚਾਰ ਰੱਖਣ ਦਾ ਮੈਨੂੰ ਕੋਈ ਮੌਕਾ ਨਹੀਂ ਮਿਲਿਆ ਸੀ। ਮੈਂ ਬਹੁਤ ਸੰਗਾਊ ਸੁਭਾਅ ਵਾਲਾ ਤੇ ਭਵਿੱਖ ਬਾਰੇ ਉਲਝਿਆ ਰਹਿਣ ਵਾਲਾ ਮੁੰਡਾ ਸੀ ਤੇ ਉਨ੍ਹਾਂ ਦਿਨਾਂ ਵਿਚ ਮੈਂ ਪੱਕਾ ਨਾਸਤਕ ਨਹੀਂ ਸੀ। ਮੈਂ ਆਪਣੇ ਬਾਬਾ ਜੀ ਦੇ ਅਸਰ ਹੇਠ ਵੱਡਾ ਹੋਇਆ ਸੀ ਤੇ ਉਹ ਪੱਕੇ ਆਰੀਆ ਸਮਾਜੀ ਸਨ। ਕੋਈ ਆਰੀਆ ਸਮਾਜੀ ਹੋਰ ਤਾਂ ਸਭ ਕੁਝ ਹੋ ਸਕਦਾ ਹੈ, ਪਰ ਨਾਸਤਕ ਨਹੀਂ। ਮੈਂ ਆਪਣੀ ਪ੍ਰਾਇਮਰੀ ਦੀ ਪੜ੍ਹਾਈ ਮੁਕਾ ਕੇ ਲਾਹੌਰ ਦੇ ਡੀ.ਏ.ਵੀ. ਸਕੂਲ ਵਿਚ ਦਾਖ਼ਲ ਹੋ ਗਿਆ ਤੇ ਇਹਦੇ ਬੋਰਡਿੰਗ ਹਾਊਸ ਵਿਚ ਪੂਰਾ ਇਕ ਸਾਲ ਰਿਹਾ। ਉਥੇ ਸਵੇਰ ਤੇ ਤ੍ਰਿਕਾਲ ਸੰਧਿਆ ਦੀਆਂ ਪ੍ਰਾਰਥਨਾਵਾਂ ਤੋਂ ਛੁੱਟ ਮੈਂ ਘੰਟਿਆਂ-ਬੱਧੀ ਗਾਇਤ੍ਰੀ-ਮੰਤ੍ਰ ਦਾ ਜਾਪ ਕਰਦਾ ਸੀ। ਮੈਂ ਉਨ੍ਹੀਂ ਦਿਨੀਂ ਪੱਕਾ ਸ਼ਰਧਾਲੂ ਸੀ। ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ। ਪਰ ਉਹ ਆਪ ਨਾਸਤਕ ਨਹੀਂ ਸਨ। ਉਨ੍ਹਾਂ ਦਾ ਰੱਬ ਵਿਚ ਪੱਕਾ ਅਕੀਦਾ ਸੀ, ਮੈਨੂੰ ਰੋਜ਼ ਪ੍ਰਾਰਥਨਾ ਕਰਨ ਲਈ ਕਹਿੰਦੇ ਸਨ। ਸੋ ਮੇਰੀ ਪਰਵਰਿਸ਼ ਇਸ ਢੰਗ ਨਾਲ ਹੋਈ। ਨਾ-ਮਿਲਵਰਤਣ ਦੇ ਦਿਨਾਂ ਦੌਰਾਨ ਮੈਂ ਨੈਸ਼ਨਲ ਕਾਲਜ ਵਿਚ ਦਾਖ਼ਲ ਹੋ ਗਿਆ। ਉਥੇ ਹੀ ਮੈਂ ਸਾਰੀਆਂ ਧਾਰਮਕ ਸਮੱਸਿਆਵਾਂ ਬਾਰੇ, ਇਥੋਂ ਤਕ ਕਿ ਰੱਬ ਬਾਰੇ ਵੀ ਖੁੱਲ੍ਹੇ ਤੌਰ 'ਤੇ ਸੋਚਣਾ ਤੇ ਇਨ੍ਹਾਂ ਬਾਰੇ ਵਿਚਾਰ-ਚਰਚਾ ਕਰਨੀ ਸ਼ੁਰੂ ਕਰ ਦਿੱਤੀ। ਪਰ ਮੇਰਾ ਉਦੋਂ ਵੀ ਰੱਬ ਵਿਚ ਪੱਕਾ ਵਿਸ਼ਵਾਸ ਸੀ। ਓਦੋਂ ਮੈਂ ਦਾੜ੍ਹੀ-ਕੇਸ ਰੱਖ ਲਏ ਸਨ, ਪਰ ਤਾਂ ਵੀ ਮੈਂ ਸਿੱਖੀ ਦੇ ਮਿਥਿਹਾਸ ਜਾਂ ਸਿਧਾਂਤ ਜਾਂ ਕਿਸੇ ਹੋਰ ਧਰਮ ਵਿਚ ਵਿਸ਼ਵਾਸ ਨਾ ਕਰ ਸਕਿਆ ਪਰ ਰੱਬ ਦੀ ਹੋਂਦ ਵਿਚ ਮੇਰਾ ਪੱਕਾ ਵਿਸ਼ਵਾਸ ਸੀ।

ਫੇਰ ਮੈਂ ਇਨਕਲਾਬੀ ਪਾਰਟੀ ਵਿਚ ਸ਼ਾਮਲ ਹੋ ਗਿਆ। ਮੈਂ ਜਿਸ ਪਹਿਲੇ ਆਗੂ ਨੂੰ ਮਿਲਿਆ, ਉਹ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਹੌਸਲਾ ਤਕ ਨਹੀਂ ਕਰ ਸਕਦਾ ਸੀ, ਭਾਵੇਂ ਉਹ ਇਹਦੇ ਬਾਰੇ ਪੂਰੀ ਤਰ੍ਹਾਂ ਸੁਚੇਤ ਨਹੀਂ ਸੀ, ਮੈਂ ਉਹਦੇ ਕੋਲੋਂ ਬਾਰ-ਬਾਰ ਪੁੱਛਣਾ ਤਾਂ ਉਹਨੇ ਆਖ ਛੱਡਣਾ : "ਜਦ ਤੇਰਾ ਦਿਲ ਕਰੇ, ਰੱਬ ਨੂੰ ਧਿਆ ਲਿਆ ਕਰ।" ਨਾਸਤਕਤਾ ਦੇ ਸਿਧਾਂਤ ਨੂੰ ਮੰਨਣ ਦਾ ਹੌਸਲਾ ਚਾਹੀਦਾ ਹੈ, ਇਹ ਉਹ ਹੌਂਸਲੇ ਤੋਂ ਬਿਨਾਂ ਨਾਸਤਕਤਾ ਹੈ। ਮੈਂ ਜਿਸ ਦੂਜੇ ਆਗੂ ਨੂੰ ਮਿਲਿਆ, ਉਹਦਾ ਰੱਬ ਵਿਚ ਪੱਕਾ ਵਿਸ਼ਵਾਸ ਸੀ। ਮੈਂ ਤੁਹਾਨੂੰ ਉਹਦਾ ਨਾਂ ਦੱਸਦਾਂ—ਮਾਣਯੋਗ ਕਾਮਰੇਡ ਸਚੀਂਦਰ ਨਾਥ ਸਾਨਿਆਲ, ਜੋ ਹੁਣ ਕਰਾਚੀ ਸਾਜ਼ਸ਼ ਕੇਸ ਦੇ ਸੰਬੰਧ ਵਿਚ ਉਮਰ ਕੈਦ ਭੁਗਤ ਰਹੇ ਹਨ। ਉਨ੍ਹਾਂ ਦੀ ਪ੍ਰਸਿੱਧ ਇਕੋ-ਇਕ ਕਿਤਾਬ 'ਬੰਦੀ ਜੀਵਨ' ਵਿਚ ਪਹਿਲੇ ਸਫ਼ੇ ਤੋਂ ਹੀ ਰੱਬ ਦੀ ਸ਼ਾਨ ਦੀ ਜ਼ੋਰਦਾਰ ਮਹਿਮਾ ਗਾਈ ਗਈ ਹੈ। ਇਸ ਖ਼ੂਬਸੂਰਤ ਕਿਤਾਬ ਦੇ ਦੂਜੇ ਭਾਗ ਦੇ ਆਖ਼ਰੀ ਸਫ਼ੇ ਵਿਚ ਉਹਦੀ ਵੇਦਾਂਤਵਾਦ ਕਾਰਨ ਰੱਬ ਦੀ ਅਧਿਆਤਮਕ ਮਹਿਮਾ ਉਨ੍ਹਾਂ ਦੇ ਵਿਚਾਰਾਂ ਦਾ ਸਾਰ ਹੈ। ਇਸਤਗਾਸੇ ਦੀ ਕਹਾਣੀ ਮੁਤਾਬਕ ਜੋ ਇਨਕਲਾਬੀ ਪਰਚਾ **28** ਜਨਵਰੀ **1925** ਨੂੰ ਹਿੰਦੋਸਤਾਨ ਭਰ ਵਿਚ ਵੰਡਿਆ ਗਿਆ ਸੀ, ਉਹ ਇਨ੍ਹਾਂ ਦੇ ਦਿਮਾਗ਼ ਦਾ ਸਿੱਟਾ ਸੀ। ਜਿਵੇਂ ਕਿ ਹੁੰਦਾ ਹੀ ਹੈ ਕਿ ਗੁਪਤ ਸਰਗਰਮੀ ਵਿਚ ਕੋਈ ਉੱਘਾ ਆਗੂ ਆਪਣੇ ਵਿਚਾਰ ਪ੍ਰਗਟਾਉਂਦਾ ਹੈ, ਜੋ ਕਿ ਉਹਨੂੰ ਬੜੇ ਪਿਆਰੇ ਹੁੰਦੇ ਹਨ ਅਤੇ ਦੂਜੇ ਕਾਰਕੁੰਨਾਂ ਨੂੰ ਮਤਭੇਦਾਂ ਦੇ ਬਾਵਜੂਦ ਉਨ੍ਹਾਂ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਣੀ ਪੈਂਦੀ ਹੈ।

ਉਸ ਪਰਚੇ ਵਿਚ ਇਕ ਪੂਰਾ ਪੈਰਾ ਸਰਵੇਸ਼ਵਰ ਤੇ ਉਹਦੀਆਂ ਲੀਲ੍ਹਾਵਾਂ ਬਾਰੇ ਸੀ। ਇਹ ਰਹੱਸਵਾਦ ਹੈ। ਮੈਂ ਆਖਣਾ ਇਹ ਚਾਹੁੰਦਾ ਹਾਂ ਕਿ ਓਦੋਂ ਇਨਕਲਾਬੀ ਪਾਰਟੀ ਵਿਚ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਵਿਚਾਰ

ਪੈਦਾ ਵੀ ਨਹੀਂ ਹੋਇਆ ਸੀ। ਕਾਕੋਰੀ ਦੇ ਉਘੇ ਚਾਰ ਸ਼ਹੀਦਾਂ ਨੇ ਆਪਣਾ ਆਖਰੀ ਦਿਨ ਪ੍ਰਾਰਥਨਾ/ਦੁਆ ਕਰਦਿਆਂ ਲੰਘਾਇਆ ਸੀ। ਰਾਮਪ੍ਰਸ਼ਾਦ ਬਿਸਮਿੱਲ ਪੱਕੇ ਆਰੀਆ ਸਮਾਜੀ ਸਨ। ਸਮਾਜਵਾਦ ਤੇ ਸਾਮਵਾਦ ਦੇ ਖੇਤਰ ਵਿਚ ਆਪਣੇ ਡੂੰਘੇ ਅਧਿਐਨ ਦੇ ਬਾਵਜੂਦ ਰਾਜਨ ਲਾਹਿੜੀ ਕੋਲੋਂ ਉਪਨਿਸ਼ਦਾਂ ਦੇ ਮੰਤਰ ਉਚਾਰਨ ਤੇ ਗੀਤਾ ਦਾ ਪਾਠ ਕਰਨ ਤੋਂ ਰਿਹਾ ਨਾ ਗਿਆ। ਉਨ੍ਹਾਂ ਸਾਰਿਆਂ ਵਿਚ ਮੈਂ ਇਕੋ ਬੰਦਾ ਦੇਖਿਆ ਸੀ, ਜਿਸ ਕਦੇ ਪ੍ਰਾਰਥਨਾ ਨਹੀਂ ਕੀਤੀ ਸੀ ਤੇ ਉਹ ਕਿਹਾ ਕਰਦਾ ਸੀ, "(ਧਾਰਮਕ) ਫ਼ਲਸਫ਼ਾ ਮਨੁੱਖੀ ਕਮਜ਼ੋਰੀ ਜਾਂ ਸੀਮਤ ਗਿਆਨ ਦਾ ਸਿੱਟਾ ਹੈ।" ਇਹ ਬੰਦਾ ਵੀ ਉਮਰ ਕੈਦ ਭੁਗਤ ਰਿਹਾ ਹੈ। ਪਰ ਇਹਨੂੰ ਵੀ ਕਦੇ ਇਹ ਆਖਣ ਦੀ ਹਿੰਮਤ ਨਾ ਪਈ ਕਿ ਰੱਬ ਨਹੀਂ ਹੈ।

ਉਸ ਅਰਸੇ ਤਕ ਮੈਂ ਸਿਰਫ਼ ਰੋਮਾਂਟਕ ਵਿਚਾਰਵਾਦੀ ਇਨਕਲਾਬੀ ਸੀ। ਉਦੋਂ ਤਕ ਤਾਂ ਅਸੀਂ ਸਿਰਫ਼ ਅਨੁਆਈ ਹੀ ਸਾਂ। ਫੇਰ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਲੈਣ ਦਾ ਵੇਲਾ ਆਇਆ। ਕੁਝ ਚਿਰ ਪਾਰਟੀ ਦੀ ਅਟੱਲ ਵਿਰੋਧਤਾ ਕਾਰਨ ਇਹਦੀ ਹੋਂਦ ਹੀ ਖ਼ਤਰੇ ਵਿਚ ਸੀ। ਜੋਸ਼ ਨਾਲ ਭਰੇ ਕਾਮਰੇਡ—ਨਹੀਂ ਸਗੋਂ ਆਗੂ ਵੀ—ਮਜ਼ਾਕ ਉਡਾਉਣ ਲੱਗੇ। ਕੁਝ ਚਿਰ ਮੈਨੂੰ ਵੀ ਸੰਸਾ ਰਿਹਾ ਕਿ ਕਿਸੇ ਦਿਨ ਮੈਨੂੰ ਵੀ ਆਪਣੀ ਪਾਰਟੀ ਦੀ ਨਿਸਫਲਤਾ ਦਾ ਗਿਆਨ ਹੋ ਜਾਏਗਾ। ਇਹ ਮੇਰੇ ਇਨਕਲਾਬੀ-ਜੀਵਨ (ਕੈਰੀਅਰ) ਵਿਚ ਆਇਆ ਇਕ ਵੱਡਾ ਮੋੜ ਸੀ। 'ਅਧਿਅਨ ਕਰਨ' ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਅਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦੇ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ। ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ 'ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ਼ ਤਸ਼ੱਦਦ ਦੇ ਤੌਰ-ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ। ਹੁਣ ਰਹੱਸਵਾਦ ਵਾਸਤੇ ਅੰਧ-ਵਿਸ਼ਵਾਸ ਲਈ ਕੋਈ ਥਾਂ ਨਾ ਰਹੀ। ਯਥਾਰਥਵਾਦ ਸਾਡਾ ਸਿਧਾਂਤ ਹੋ ਗਿਆ। ਸਖ਼ਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ ਪਰ ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ। ਮੈਂ ਤੌਰ-ਤਰੀਕਿਆਂ ਬਾਰੇ ਕਾਫ਼ੀ ਆਖ ਚੁੱਕਾ ਹਾਂ। ਸਭ ਤੋਂ ਅਹਿਮ ਗੱਲ ਇਹ ਸੀ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ, ਉਹਦਾ ਸਪੱਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ। ਕਿਉਂਕਿ ਐਕਸ਼ਨ ਵਜੋਂ ਕੋਈ ਖ਼ਾਸ ਸਰਗਰਮੀਆਂ ਨਹੀਂ ਹੋ ਰਹੀਆਂ, ਇਸ ਲਈ ਮੈਨੂੰ ਸੰਸਾਰ ਇਨਕਲਾਬੀਆਂ ਦੇ ਵੱਖ-ਵੱਖ ਆਦਰਸ਼ਾਂ ਦੇ ਅਧਿਅਨ ਵਾਸਤੇ ਕਾਫ਼ੀ ਮੌਕਾ ਮਿਲ ਗਿਆ। ਮੈਂ ਅਰਾਜਕਤਾਵਾਦੀ ਆਗੂ ਬਾਕੂਨਿਨ[1] ਨੂੰ ਪੜ੍ਹਿਆ। ਸਮਾਜਵਾਦ ਦੇ ਪਿਤਾਮਾ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹੀਆਂ ਅਤੇ ਲੈਨਿਨ, ਟਰਾਟਸਕੀ[2] ਤੇ ਆਪਣੇ ਦੇਸ਼ਾਂ ਵਿਚ ਸਫ਼ਲ ਇਨਕਲਾਬ ਲਿਆਉਣ ਵਾਲੇ ਹੋਰ ਵਿਅਕਤੀਆਂ ਨੂੰ ਪੜ੍ਹਿਆ। ਇਹ ਸਾਰੇ ਨਾਸਤਕ ਸਨ। ਬਾਕੂਨਿਨ ਦੀ ਕਿਤਾਬ 'ਗੌਡ ਐਂਡ ਸਟੇਟ' (ਰੱਬ ਤੇ ਰਿਆਸਤ) ਭਾਵੇਂ ਅਧੂਰੀ ਜਿਹੀ ਹੈ, ਪਰ ਇਸ ਵਿਸ਼ੇ ਦਾ ਦਿਲਚਸਪ ਅਧਿਅਨ ਹੈ। ਇਸ ਤੋਂ ਮਗਰੋਂ ਮੈਨੂੰ ਨਿਰਲੰਬਾ ਸਵਾਮੀ ਦੀ ਲਿਖੀ ਕਿਤਾਬ 'ਕਾਮਨ ਸੈਂਸ' (ਸਾਧਾਰਨ ਵਿਗਿਆਨ) ਹੱਥ ਲੱਗੀ। ਇਸ ਕਿਤਾਬ ਵਿਚ ਅਧਿਆਤਮਕ ਨਾਸਤਕਵਾਦ ਸੀ। ਇਸ ਵਿਸ਼ੇ ਵਿਚ ਮੇਰੀ ਬਹੁਤ ਜ਼ਿਆਦਾ ਦਿਲਚਸਪੀ ਹੋ ਗਈ। 1926 ਦੇ ਅਖ਼ੀਰ ਤਕ ਮੇਰਾ ਇਹ ਵਿਸ਼ਵਾਸ ਪੱਕਾ ਹੋ ਚੁੱਕਾ ਸੀ ਕਿ ਬ੍ਰਹਿਮੰਡ ਦੇ ਸਿਰਜਨ, ਪਾਲਣਹਾਰ ਤੇ ਸਰਬ ਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇਬੁਨਿਆਦ ਹੈ। ਮੈਂ ਇਸ ਵਿਸ਼ੇ ਬਾਰੇ ਆਪਣੇ ਦੋਸਤਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਮੈਂ ਐਲਾਨੀਆ ਨਾਸਤਕ ਹੋ ਚੁੱਕਾ ਸੀ। ਨਾਸਤਕ ਹੋਣ ਦਾ ਅਰਥ ਮੈਂ ਹੇਠਾਂ ਬਿਆਨ ਕਰਦਾ ਹਾਂ।

ਮਈ 1927 ਵਿਚ ਲਾਹੌਰ ਵਿਚ ਗ੍ਰਿਫ਼ਤਾਰ ਹੋਇਆ। ਮੇਰੀ ਗ੍ਰਿਫ਼ਤਾਰੀ ਮੇਰੇ ਲਈ ਬੜੀ ਹੈਰਾਨੀ ਵਾਲੀ ਗੱਲ ਸੀ। ਮੈਨੂੰ ਅਸਲੋਂ ਹੀ ਕੋਈ ਸਾਰ ਨਹੀਂ ਸੀ ਕਿ ਪੁਲਿਸ ਮੇਰੇ ਪਿੱਛੇ ਲੱਗੀ ਹੋਈ ਹੈ। ਜਦ ਮੈਂ ਕਿਸੇ ਬਾਗ਼ ਵਿਚੋਂ ਦੀ ਲੰਘ ਰਿਹਾ ਸੀ, ਤਾਂ ਅਚਾਨਕ ਮੈਂ ਕੀ ਦੇਖਿਆ ਕਿ ਪੁਲਿਸ ਨੇ ਮੈਨੂੰ ਘੇਰਿਆ ਹੋਇਆ ਸੀ। ਮੈਂ ਉਦੋਂ ਬਹੁਤ ਤਹੱਮਲ ਨਾਲ ਪੇਸ਼ ਆਇਆ ਸੀ। ਮੈਨੂੰ ਕੋਈ ਘਬਰਾਹਟ ਨਾ ਹੋਈ ਅਤੇ ਨਾ ਹੀ ਮੈਂ ਉਤੇਜਿਤ ਹੋਇਆ। ਮੈਨੂੰ ਪੁਲਿਸ ਹਿਰਾਸਤ ਵਿਚ ਲਿਆ ਗਿਆ। ਅਗਲੇ ਦਿਨ ਮੈਨੂੰ ਰੇਲਵੇ ਪੁਲਿਸ ਜੇਲ੍ਹ ਲੈ ਗਏ ਜਿਥੇ ਮੈਂ ਪੂਰਾ ਮਹੀਨਾ ਕੱਟਿਆ। ਪੁਲਿਸ ਅਫ਼ਸਰਾਂ ਨਾਲ ਕਿੰਨੇ ਦਿਨਾਂ ਦੀ ਗੱਲਬਾਤ ਮਗਰੋਂ ਮੈਂ ਅੰਦਾਜ਼ਾ ਲਾਇਆ ਕਿ ਉਨ੍ਹਾਂ ਨੂੰ ਕਾਕੋਰੀ ਪਾਰਟੀ ਨਾਲ ਮੇਰੇ ਸੰਬੰਧਾਂ ਬਾਰੇ ਤੇ ਇਨਕਲਾਬੀ ਲਹਿਰ ਨਾਲ ਸੰਬੰਧਤ ਮੇਰੀਆਂ ਹੋਰ ਸਰਗਰਮੀਆਂ ਬਾਰੇ ਕੁਝ ਜਾਣਕਾਰੀ ਹੈ। ਉਨ੍ਹਾਂ ਨੇ ਮੈਨੂੰ ਦੱਸਿਆ ਕਿ (ਕਾਕੋਰੀ) ਮੁਕੱਦਮੇ ਦੀ ਸਮਾਇਤ ਦੌਰਾਨ ਮੈਂ ਲਖਨਊ ਵਿਚ ਸੀ ਕਿ ਮੈਂ ਉਨ੍ਹਾਂ ਨਾਲ (ਕਾਕੋਰੀ ਮੁਲਜ਼ਮ—ਅਨੁ) ਉਨ੍ਹਾਂ ਨੂੰ ਫ਼ਰਾਰ ਕਰਨ ਦੀ ਕੋਈ ਵਿਉਂਤ ਬਣਾਈ ਸੀ ਅਤੇ ਉਨ੍ਹਾਂ ਦੀ ਮਨਜ਼ੂਰੀ ਮਿਲਣ ਮਗਰੋਂ ਅਸੀਂ ਕੁਝ ਬੰਬ ਇਕੱਠੇ ਕੀਤੇ ਸਨ ਅਤੇ ਇਹ ਕਿ ਅਜ਼ਮਾਇਸ਼ ਵਾਸਤੇ ਉਨ੍ਹਾਂ ਵਿਚੋਂ ਇਕ ਬੰਬ 1926 ਦੇ ਦੁਸਹਿਰੇ ਦੇ ਮੌਕੇ ਉਤੇ ਭੀੜ ਵਿਚ ਸੁੱਟਿਆ ਸੀ। ਉਨ੍ਹਾਂ ਨੇ ਮੇਰੇ ਹਿਤ ਵਾਸਤੇ ਮੈਨੂੰ ਇਹ ਵੀ ਦੱਸਿਆ ਕਿ ਜੇ ਮੈਂ ਇਨਕਲਾਬੀ ਪਾਰਟੀ ਦੀਆਂ ਸਰਗਰਮੀਆਂ ਬਾਰੇ ਕੋਈ ਬਿਆਨ ਦੇ ਦੇਵਾਂ ਤਾਂ ਮੈਨੂੰ ਕੈਦ ਨਹੀਂ ਹੋਵੇਗੀ। ਸਗੋਂ ਉਹ ਮੈਨੂੰ ਰਿਹਾਅ ਕਰ ਦੇਣਗੇ ਤੇ ਇਨਾਮ ਦੇਣਗੇ ਤੇ ਮੈਨੂੰ ਅਦਾਲਤ ਵਿਚ ਵਾਇਦਾ-ਮੁਆਫ਼ ਵਜੋਂ ਪੇਸ਼ ਕਰਨਗੇ। ਮੈਂ ਉਨ੍ਹਾਂ ਦੀ ਇਸ ਤਜਵੀਜ਼ ਉਤੇ ਹੱਸ ਛੱਡਿਆ। ਇਹ ਸਰਾਸਰ ਧੋਖਾ ਸੀ। ਸਾਡੇ ਵਿਚਾਰਾਂ ਵਾਲੇ ਲੋਕ ਕਦੇ ਵੀ ਆਪਣੇ ਮਾਸੂਮ ਲੋਕਾਂ ਉਤੇ ਬੰਬ ਨਹੀਂ ਸੁੱਟਦੇ। ਇਕ ਦਿਨ ਸਵੇਰੇ ਮਿਸਟਰ ਨੀਊਮੈਨ ਮੇਰੇ ਕੋਲ ਆਇਆ, ਜੋ ਉਨ੍ਹੀਂ ਦਿਨੀਂ ਸੀ.ਆਈ.ਡੀ. ਦਾ ਸੀਨੀਅਰ ਸੁਪਰਿੰਡੈਂਟ ਹੁੰਦਾ ਸੀ। ਉਹਨੇ ਮੇਰੇ ਨਾਲ ਲੰਮੀ-ਚੌੜੀ ਹਮਦਰਦ ਗੱਲਬਾਤ ਮਗਰੋਂ ਆਪਣੇ ਚਿੱਤੋਂ ਮੈਨੂੰ ਬੜੀ ਮਾੜੀ ਖ਼ਬਰ ਦਿੱਤੀ ਕਿ ਜੇ ਮੈਂ ਉਨ੍ਹਾਂ ਦੀ ਮਰਜ਼ੀ ਮੁਤਾਬਕ ਕੋਈ ਬਿਆਨ ਨਾ ਦਿੱਤਾ, ਤਾਂ ਉਹ ਮੇਰੇ ਉਤੇ ਕਾਕੋਰੀ ਮੁਕੱਦਮੇ ਦੇ ਸੰਬੰਧ ਵਿਚ ਜੰਗ ਛੇੜਨ ਲਈ ਮਜਬੂਰ ਹੋਣਗੇ।

ਫੇਰ ਉਹ ਮੈਨੂੰ ਆਖਣ ਲੱਗਾ ਕਿ ਮੈਨੂੰ ਸਜ਼ਾ ਦਿਵਾਉਣ ਤੇ ਫਾਹੇ ਲਾਉਣ ਲਈ ਉਨ੍ਹਾਂ ਕੋਲ ਗਵਾਹੀ ਮੌਜੂਦ ਹੈ। ਉਨ੍ਹੀਂ ਦਿਨੀਂ ਮੇਰਾ ਵਿਸ਼ਵਾਸ ਸੀ—ਭਾਵੇਂ ਮੈਂ ਬਿਲਕੁਲ ਮਾਸੂਮ ਸੀ—ਕਿ ਪੁਲਿਸ ਜੋ ਦਾਅਵੇ ਕਰ ਸਕਦੀ ਹੈ। ਉਹ ਕਰ ਸਕਦੀ ਹੈ। ਉਸ ਦਿਨ ਕੁਝ ਪੁਲਿਸ ਅਫ਼ਸਰ ਦੋਵੇਂ ਵੇਲੇ ਰੱਬ ਦਾ ਨਾਂ ਲੈਣ ਲਈ ਮੈਨੂੰ ਪ੍ਰੇਰਨ ਲੱਗ ਪਏ। ਮੈਂ ਤਾਂ ਨਾਸਤਕ ਸੀ। ਮੈਂ ਆਪਣੇ ਆਪ ਨਾਲ ਫ਼ੈਸਲਾ ਕਰਨਾ ਚਾਹੁੰਦਾ ਸਾਂ ਕਿ ਕੀ ਮੈਂ ਅਮਨ-ਚੈਨ ਤੇ ਖ਼ੁਸ਼ੀ ਦੇ ਦਿਨਾਂ ਵਿਚ ਨਾਸਤਕ ਹੋਣ ਦੀ ਫੜ੍ਹ ਮਾਰ ਸਕਦਾ ਹਾਂ ਜਾਂ ਇਹੋ ਜਿਹੀ ਔਖੀ ਘੜੀ ਵਿਚ ਵੀ ਮੈਂ ਆਪਣੇ ਅਸੂਲਾਂ ਉਤੇ ਸਾਬਤ ਕਦਮ ਰਹਿ ਸਕਦਾ ਹਾਂ ਜਾਂ ਨਹੀਂ, ਬੜੀ ਸੋਚ-ਵਿਚਾਰ ਤੇ ਵਿਚ ਬੜੀ ਸੋਚ-ਵਿਚਾਰ ਮਗਰੋਂ ਫ਼ੈਸਲਾ ਕੀਤਾ ਕਿ ਮੈਂ ਰੱਬ ਵਿਚ ਯਕੀਨ ਨਹੀਂ ਕਰ ਸਕਦਾ ਤੇ ਨਾ ਹੀ ਅਰਦਾਸ ਕਰ ਸਕਦਾ ਹਾਂ, ਮੈਂ ਕਦੇ ਵੀ ਅਰਦਾਸ ਨਾ ਕੀਤੀ। ਇਹ ਪਰਖ ਦੀ ਘੜੀ ਸੀ ਤੇ ਮੈਂ ਇਸ ਪਰਖ ਵਿਚ ਕਾਮਯਾਬ ਰਿਹਾ। ਮੈਂ ਕਦੇ ਇਕ ਪਲ ਵੀ ਕਿਸੇ ਵੀ ਕੀਮਤ ਉਤੇ ਆਪਣੀ ਜਾਨ ਬਚਾਉਣ ਬਾਰੇ ਨਹੀਂ ਸੋਚਿਆ ਸੀ। ਸੋ ਮੈਂ ਪੱਕਾ ਨਾਸਤਕ ਸੀ ਤੇ ਓਦੋਂ ਤੋਂ ਲੈ ਕੇ ਹੁਣ ਤਕ ਹਾਂ। ਉਸ ਅਜ਼ਮਾਇਸ਼ ਵਿਚ ਪੂਰਾ ਉਤਰਨਾ ਕੋਈ ਸੌਖੀ ਗੱਲ ਨਹੀਂ ਸੀ। 'ਵਿਸ਼ਵਾਸ' ਮੁਸ਼ਕਿਲਾਂ ਨੂੰ ਘੱਟ ਕਰ ਦੇਂਦਾ ਹੈ, ਇਥੋਂ ਤਕ ਕਿ ਉਨ੍ਹਾਂ ਨੂੰ ਖੁਸ਼ਗਵਾਰ ਬਣਾ ਦੇਂਦਾ ਹਾਂ। ਬੰਦਾ ਰੱਬ ਵਿਚ ਧਰਵਾਸ ਤੇ ਆਸਰੇ ਦਾ ਬਹੁਤ ਜ਼ੋਰਦਾਰ ਅਹਿਸਾਸ ਲੱਭ ਸਕਦਾ ਹੈ। 'ਉਹਦੇ' ਤੋਂ ਬਿਨਾਂ ਮਨੁੱਖ ਨੂੰ ਆਪਣੇ ਆਪ ਉਤੇ ਨਿਰਭਰ ਹੋਣਾ ਪੈਂਦਾ ਹੈ। ਝੱਖੜ-ਝਾਂਜਿਆਂ ਤੇ ਤੂਫਾਨਾਂ ਵਿਚ ਸਾਬਤ-ਕਦਮ ਰਹਿਣਾ ਬੱਚਿਆਂ ਦੀ ਖੇਡ ਨਹੀਂ ਹੁੰਦੀ। ਇਹੋ ਜਿਹੀਆਂ ਅਜ਼ਮਾਇਸ਼ੀ ਘੜੀਆਂ ਵਿਚ ਕਿਸੇ ਵਿਚ ਕੋਈ ਹਉਮੈ ਬਚੀ ਹੋਈ ਹੋਵੇ ਤਾਂ ਉਹ ਕਾਫ਼ਰ ਹੋ ਜਾਂਦੀ ਹੈ ਅਤੇ ਮਨੁੱਖ ਆਮ ਵਿਸ਼ਵਾਸਾਂ ਨੂੰ ਉਲੰਘਣ ਦੀ ਹਿੰਮਤ ਤਕ ਨਹੀਂ ਕਰ ਸਕਦਾ। ਜੇ ਉਹ ਹਿੰਮਤ ਕਰਦਾ ਹੈ, ਤਾਂ ਸਾਨੂੰ ਇਹ ਕਹਿਣਾ ਪਵੇਗਾ ਕਿ ਉਸ ਵਿਚ ਨਿੱਜੀ ਹਉਮੈ ਨਾਲੋਂ ਹੋਰ ਕੋਈ ਤਾਕਤ ਵੀ ਹੁੰਦੀ ਹੋਣੀ ਹੈ। ਹੁਣ ਬਿਲਕੁਲ ਇਹੀ ਹਾਲਤ ਹੈ। ਪਹਿਲਾਂ ਹੀ ਇਹ ਚੰਗੀ ਤਰ੍ਹਾਂ ਪਤਾ ਹੈ ਕਿ (ਸਾਡੇ ਮੁਕੱਦਮੇ ਦਾ) ਕੀ ਫ਼ੈਸਲਾ ਹੋਵੇਗਾ। ਹਫ਼ਤੇ ਦੇ ਵਿਚ-ਵਿਚ ਫ਼ੈਸਲਾ ਸੁਣਾ ਦਿੱਤਾ ਜਾਵੇਗਾ। ਮੈਂ ਅਪਣੀ ਜ਼ਿੰਦਗੀ ਆਦਰਸ਼ ਖ਼ਾਤਰ ਕੁਰਬਾਨ ਕਰ ਦੇਣੀ ਹੈ, ਇਸ ਵਿਚਾਰ ਤੋਂ ਬਿਨਾਂ ਮੇਰਾ ਹੋਰ ਕਿਹੜਾ ਧਰਵਾਸ ਹੈ ? ਕਿਸੇ ਆਸਤਕ ਹਿੰਦੂ ਨੂੰ ਤਾਂ ਦੂਜੇ ਜਨਮ ਵਿਚ ਬਾਦਸ਼ਾਹ ਬਣਨ ਦੀ ਆਸ ਹੋ ਸਕਦੀ ਹੈ, ਕੋਈ ਮੁਸਲਮਾਨ ਜਾਂ ਈਸਾਈ ਤਾਂ ਆਪਣੀਆਂ ਮੁਸ਼ਕਲਾਂ ਤੇ ਕੁਰਬਾਨੀਆਂ ਬਦਲੇ ਸਵਰਗ ਦੀਆਂ ਐਸ਼ੋ-ਇਸ਼ਰਤਾਂ ਦੀ ਕਲਪਨਾ ਕਰ ਸਕਦਾ ਹੈ। ਪਰ ਮੈਂ ਕਿਸ ਗੱਲ ਦੀ ਆਸ ਰੱਖਾਂ ? ਮੈਨੂੰ ਪਤਾ ਹੈ ਕਿ ਜਿਸ ਪਲ ਮੇਰੇ ਗਲ਼ ਵਿਚ ਫਾਂਸੀ ਦਾ ਫੰਦਾ ਪਾ ਦਿੱਤਾ ਜਾਵੇਗਾ ਇਸ ਪਲ ਮਗਰੋਂ ਕੁਝ ਨਹੀਂ ਹੋਵੇਗਾ। ਜੇ ਮੈਂ ਇਨਾਮ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਹਿੰਮਤ ਕਰਾਂ ਤਾਂ ਸ਼ਾਨਦਾਰ ਅੰਤ ਤੋਂ ਵਾਂਝੀ ਜੱਦੋ-ਜਹਿਦ ਭਰੀ ਮੁਖ਼ਤਸਰ ਜ਼ਿੰਦਗੀ ਹੀ ਆਪਣੇ ਆਪ ਵਿਚ (ਮੇਰਾ) ਇਨਾਮ ਹੋਵੇਗਾ। ਇਸ ਤੋਂ ਵੱਧ ਕੁਝ ਨਹੀਂ। ਹੁਣ ਜਾਂ ਕਦੇ ਵੀ ਕੁਝ ਹਾਸਲ ਕਰ ਸਕਣ ਦੀ ਕਿਸੇ ਵੀ ਖ਼ੁਦਗਰਜ਼ੀ ਤੋਂ ਬਿਨਾਂ ਮੈਂ ਕਾਫ਼ੀ ਬੇਲਾਗ ਹੋ ਕੇ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਦੇ ਲੇਖੇ ਲਾਈ ਹੈ, ਕਿਉਂਕਿ ਮੇਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਜਿਸ ਦਿਨ ਮਨੁੱਖਤਾ ਦੀ ਸੇਵਾ ਤੇ ਦੁੱਖ ਝਾਗ ਰਹੀ ਮਨੁੱਖਤਾ ਦੇ ਨਜਾਤ ਦੀ ਭਾਵਨਾ ਨਾਲ ਪ੍ਰੇਰਿਤ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ, ਜਿਹੜੇ ਇਸ ਬਗ਼ੈਰ ਹੋਰ ਕਿਸੇ ਚੀਜ਼ ਤੇ ਜੀਵਨ ਨਹੀਂ ਲਗਾ ਸਕਦੇ। ਉਸ ਦਿਨ ਤੋਂ ਮੁਕਤੀ ਦਾ ਯੁੱਗ ਸ਼ੁਰੂ ਹੋਵੇਗਾ। ਉਹ ਦਮਨਕਾਰੀਆਂ, ਲੋਟੂਆਂ ਤੇ ਜ਼ਾਲਮਾਂ ਨੂੰ ਏਸ ਗੱਲੋਂ ਵੰਗਾਰਨਗੇ ਕਿ ਉਹ ਇਸ ਜਾਂ ਅਗਲੇ ਜਨਮ ਵਿਚ ਜਾਂ ਮੌਤ ਮਗਰੋਂ ਬਹਿਸ਼ਤ ਵਿਚ ਬਾਦਸ਼ਾਹ ਬਣ ਜਾਣਗੇ ਜਾਂ ਉਨ੍ਹਾਂ ਨੂੰ ਕੋਈ ਇਨਾਮ ਮਿਲ ਜਾਵੇਗਾ, ਸਗੋਂ ਮਨੁੱਖਤਾ ਦੀ ਧੌਣ ਤੋਂ ਗ਼ੁਲਾਮੀ ਦਾ ਜੂਲਾ ਲਾਹੁਣ ਲਈ ਅਤੇ ਆਜ਼ਾਦੀ ਤੇ ਅਮਨ ਕਾਇਮ ਕਰਨ ਲਈ ਹੀ ਉਹ ਇਸ ਬਿਖੜੇ ਪਰ ਇਕੋ-ਇਕ ਸ਼ਾਨਦਾਰ ਮਾਰਗ ਉਤੇ ਚੱਲਣਗੇ। ਕੀ ਆਪਣੇ ਸੱਚੇ ਆਦਰਸ਼ ਵਿਚ ਉਨ੍ਹਾਂ ਦੇ ਮਾਣ ਨੂੰ ਅਧਿਕਾਰ ਕਿਹਾ ਜਾ ਸਕਦਾ ਹੈ ? ਇਹੋ ਜਿਹੀ ਘ੍ਰਿਣਤ ਬਿਆਨੀ ਕਰਨ ਦੀ ਕੌਣ ਜੁਰੱਅਤ ਕਰ ਸਕਦਾ ਹੈ ? ਇਹੋ ਜਿਹੇ ਬੰਦੇ ਨੂੰ ਮੈਂ ਮੂਰਖ ਜਾਂ ਪਾਖੰਡੀ ਆਖਾਂਗਾ। ਚਲੋ ਆਪਾਂ ਇਸ ਨੂੰ ਮੁਆਫ਼ ਕਰ ਦਿੰਦੇ ਹਾਂ, ਕਿਉਂਕਿ ਉਹ ਸੁੱਚੇ ਆਦਰਸ਼ ਵਾਲੇ ਦਿਲ ਦੇ ਜਜ਼ਬੇ, ਭਾਵਨਾ ਤੇ ਅਹਿਸਾਸ ਨੂੰ ਜਾਣ ਨਹੀਂ ਸਕਦਾ। ਉਹਦਾ ਦਿਲ ਮਾਸ ਦਾ ਬੇਜਾਨ ਲੋਥੜਾ ਹੈ। ਉਹਦੀ ਦ੍ਰਿਸ਼ਟੀ ਕਮਜ਼ੋਰ ਹੈ, ਕਿਉਂਕਿ ਹੋਰ ਗ਼ਰਜ਼ਾਂ ਦੀਆਂ ਬੁਰਾਈਆਂ ਦਾ ਉਨ੍ਹਾਂ ਉਤੇ ਪਰਦਾ ਪਿਆ ਹੋਇਆ ਹੈ। ਸ੍ਵੈ-ਵਿਸ਼ਵਾਸ ਨੂੰ ਅਹੰਕਾਰ ਸਮਝਿਆ ਜਾ ਸਕਦਾ ਹੈ। ਇਹ ਅਫ਼ਸੋਸਨਾਕ ਤੇ ਤਰਸਯੋਗ ਗੱਲ ਹੈ, ਪਰ ਇਹਦਾ ਕੋਈ ਚਾਰਾ ਨਹੀਂ।

ਤੁਸੀਂ ਪ੍ਰਚੱਲਿਤ ਵਿਸ਼ਵਾਸ ਦਾ ਵਿਰੋਧ ਕਰ ਕੇ ਦੇਖ ਲਓ, ਤੁਸੀਂ ਨਿਹਕਲੰਕ ਅਵਤਾਰ ਸਮਝੇ ਜਾਂਦੇ ਕਿਸੇ ਨਾਇਕ, ਕਿਸੇ ਮਹਾਨ ਪੁਰਖ ਦੀ ਨੁਕਤਾਚੀਨੀ ਕਰ ਕੇ ਦੇਖ ਲਓ, ਤਾਂ ਤੁਹਾਡੀ ਦਲੀਲ ਦਾ ਜਵਾਬ ਤੁਹਾਨੂੰ ਘਮੰਡੀ-ਅਹੰਕਾਰੀ ਆਖ ਕੇ ਦਿੱਤਾ ਜਾਵੇਗਾ। ਇਹਦਾ ਕਾਰਨ ਮਾਨਸਿਕ ਖੜੋਤ ਹੈ। ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ। ਕਿਉਂਕਿ ਮਹਾਤਮਾ ਜੀ ਮਹਾਨ ਹਨ, ਇਸ ਲਈ ਕੋਈ ਉਨ੍ਹਾਂ ਦੀ ਆਲੋਚਨਾ ਨਾ ਕਰੇ, ਕਿਉਂਕਿ ਉਹ ਉਪਰ ਉਠ ਚੁੱਕੇ ਹਨ। ਇਸ ਲਈ ਉਹ ਰਾਜਨੀਤੀ ਜਾਂ ਧਰਮ, ਆਰਥਿਕਤਾ ਜਾਂ ਸਦਾਚਾਰ ਬਾਰੇ ਕੁਝ ਵੀ ਕਹਿੰਦੇ ਹਨ ਤਾਂ ਉਹ ਸਹੀ ਹੁੰਦਾ ਹੈ। ਤੁਸੀਂ ਮੰਨਦੇ ਹੋ, ਭਾਵੇਂ ਨਹੀਂ ਮੰਨਦੇ, ਤੁਹਾਨੂੰ ਇਹ ਜ਼ਰੂਰ ਕਹਿਣਾ ਪਵੇਗਾ, "ਹਾਂ, ਇਹ ਗੱਲ ਠੀਕ ਹੈ।" ਇਹ ਮਾਨਸਿਕਤਾ ਸਾਨੂੰ ਪ੍ਰਗਤੀ ਵੱਲ ਨਹੀਂ ਲਿਜਾਂਦੀ ਸਗੋਂ ਇਹ ਤਾਂ ਸਪੱਸ਼ਟ ਤੌਰ ਤੇ ਪ੍ਰਤੀਗਾਮੀ (ਮਾਨਸਿਕਤਾ) ਹੈ।

ਕਿਉਂਕਿ ਸਾਡੇ ਵੱਡੇ-ਵਡੇਰਿਆਂ ਨੇ ਕਿਸੇ ਸਰਬ-ਸ਼ਕਤੀਮਾਨ ਪਰਮਾਤਮਾ ਵਿਚ ਵਿਸ਼ਵਾਸ ਬਣਾ ਲਿਆ ਸੀ। ਇਸ ਲਈ ਕੋਈ ਵੀ ਬੰਦਾ, ਜਿਹੜਾ ਉਸ ਵਿਸ਼ਵਾਸ ਜਾਂ ਉਸ ਪਰਮਾਤਮਾ ਦੀ ਹੋਂਦ ਤੋਂ ਮੁਨਕਰ ਹੋਣ ਦਾ ਹੌਸਲਾ ਕਰਦਾ

ਹੈ, ਉਹਨੂੰ ਹਰ ਹਾਲਤ ਵਿਚ ਕਾਫ਼ਰ, ਗ਼ੱਦਾਰ ਕਿਹਾ ਜਾਵੇਗਾ । ਜੇ ਉਹਦੀਆਂ ਵਜ਼ਨਦਾਰ ਦਲੀਲਾਂ ਨੂੰ ਅੱਗੋਂ ਕੱਟਿਆ ਨਾ ਜਾ ਸਕਦਾ ਹੋਵੇ ਅਤੇ ਸਰਬ-ਸ਼ਕਤੀਮਾਨ ਦੀ ਕਰੋਪੀ ਵੀ ਉਹਦੀ ਜ਼ੋਰਦਾਰ ਦ੍ਰਿੜ੍ਹਤਾ ਨੂੰ ਡੇਗ ਨਾ ਸਕੇ ਤਾਂ ਉਹਨੂੰ ਘਮੰਡੀ ਗ਼ਰਦਾਨਿਆ ਜਾਵੇਗਾ ਅਤੇ ਉਹਦੀ ਦ੍ਰਿੜ੍ਹਤਾ ਨੂੰ ਅਹੰਕਾਰ ਆਖਿਆ ਜਾਵੇਗਾ । ਤਾਂ ਫੇਰ ਇਸ ਫ਼ਜ਼ੂਲ ਬਹਿਸ ਵਿਚ ਸਮਾਂ ਕਿਉਂ ਜ਼ਾਇਆ ਕੀਤਾ ਜਾਵੇ ? ਇਹ ਸਵਾਲ ਲੋਕਾਂ ਅੱਗੇ ਪਹਿਲੀ ਵਾਰ ਆ ਰਿਹਾ ਹੈ, ਤੇ ਇਸ ਨੂੰ ਤਰੀਕੇ ਨਾਲ ਪਹਿਲੀ ਵਾਰ ਲਿਆ ਜਾ ਰਿਹਾ ਹੈ, ਇਸੇ ਲਈ ਲੰਮੀ ਬਹਿਸ ਹੋ ਰਹੀ ਹੈ ।

ਜਿਥੋਂ ਤਕ ਪਹਿਲੇ ਸਵਾਲ ਦਾ ਸੰਬੰਧ ਹੈ, ਮੇਰਾ ਵਿਚਾਰ ਹੈ ਕਿ ਮੈਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮੈਂ ਅਹੰਕਾਰ ਕਾਰਨ ਨਾਸਤਕ ਨਹੀਂ ਬਣਿਆ । ਇਹ ਫ਼ੈਸਲਾ ਮੈਂ ਨਹੀਂ ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ ਕਿ ਮੇਰੀਆਂ ਦਲੀਲਾਂ ਖੁੱਭਵੀਆਂ ਸਾਬਤ ਹੋਈਆਂ ਹਨ ਜਾਂ ਨਹੀਂ । ਮੈਨੂੰ ਪਤਾ ਹੈ ਕਿ ਹੁਣ ਦੀਆਂ ਹਾਲਤਾਂ ਵਿਚ ਜੇ ਮੈਂ ਆਸਤਕ ਹੁੰਦਾ ਤਾਂ ਮੇਰੀ ਜ਼ਿੰਦਗੀ ਹੁਣ ਨਾਲੋਂ ਆਸਾਨ ਹੋਣੀ ਸੀ ਅਤੇ ਮੇਰਾ ਬੋਝ ਘੱਟ ਹੋਣਾ ਸੀ ਪਰ ਮੇਰਾ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਕਰ ਕੇ ਹਾਲਾਤ ਬਹੁਤ ਹੀ ਅਣਸੁਖਾਵੇਂ ਹੋ ਗਏ ਹਨ ਤੇ ਹਾਲਤ ਇਸ ਤੋਂ ਵੀ ਭੈੜੀ ਹੋ ਸਕਦੀ ਹੈ । ਥੋੜ੍ਹਾ ਜਿੰਨਾ ਰਹੱਸਵਾਦ ਇਸ ਹਾਲਤ ਨੂੰ ਸ਼ਾਇਰਾਨਾ ਬਣਾ ਸਕਦਾ ਹੈ । ਪਰ ਮੈਨੂੰ ਆਪਣੇ ਅੰਤ ਵਾਸਤੇ ਕਿਸੇ ਨਸ਼ੇ ਦੀ ਮਦਦ ਦੀ ਲੋੜ ਨਹੀਂ ਹੈ । ਮੈਂ ਯਥਾਰਥਵਾਦੀ ਹਾਂ । ਮੈਂ ਤਰਕ ਦੀ ਮਦਦ ਨਾਲ ਇਸ ਰੁਝਾਨ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ । ਮੈਂ ਇਸ ਕੋਸ਼ਿਸ਼ ਵਿਚ ਹਮੇਸ਼ਾ ਹੀ ਸਫ਼ਲ ਨਹੀਂ ਹੁੰਦਾ । ਪਰ ਬੰਦੇ ਦਾ ਫ਼ਰਜ਼ ਤਾਂ ਕੋਸ਼ਿਸ਼ ਕਰੀ ਜਾਣਾ ਹੁੰਦਾ ਹੈ ਕਾਮਯਾਬੀ ਮੌਕੇ ਤੇ ਹਾਲਾਤ ਉਤੇ ਨਿਰਭਰ ਹੁੰਦੀ ਹੈ ।

ਦੂਜਾ ਸਵਾਲ ਇਹ ਹੈ ਕਿ ਅਹੰਕਾਰ ਨਹੀਂ, ਤਾਂ ਰੱਬ ਦੀ ਹੋਂਦ ਪੁਰਾਣੀ ਤੇ ਪ੍ਰਚੱਲਤ ਧਾਰਨਾ ਨੂੰ ਨਾ ਮੰਨਣ ਦਾ ਕੋਈ ਕਾਰਨ ਹੋਵੇਗਾ । ਹਾਂ, ਮੈਂ ਇਸ ਸਵਾਲ ਵੱਲ ਆਉਂਦਾ ਹਾਂ । ਇਹਦਾ ਕਾਰਨ ਹੈ । ਮੇਰੇ ਵਿਚਾਰ ਅਨੁਸਾਰ ਜਿਸ ਵਿਅਕਤੀ ਕੋਲ ਥੋੜ੍ਹੀ-ਬਹੁਤ ਤਰਕ-ਸ਼ਕਤੀ ਹੈ, ਉਹ ਹਮੇਸ਼ਾ ਆਪਣੇ ਆਲੇ-ਦੁਆਲੇ ਨੂੰ ਤਰਕ ਦੀ ਕਸਵੱਟੀ ਉਤੇ ਪਰਖਦਾ ਹੈ । ਜਿਥੇ ਸਿੱਧੇ ਸਬੂਤ ਨਹੀਂ ਮਿਲਦੇ, ਉਥੇ ਫ਼ਲਸਫ਼ੇ ਦਾ ਅਹਿਮ ਥਾਂ ਹੁੰਦਾ ਹੈ । ਜਿਵੇਂ ਮੈਂ ਪਹਿਲਾਂ ਆਖ ਚੁੱਕਾ ਹਾਂ, ਮੇਰਾ ਕੋਈ ਇਨਕਲਾਬੀ ਦੋਸਤ ਕਿਹਾ ਕਰਦਾ ਸੀ ਕਿ "ਫ਼ਲਸਫ਼ਾ ਮਨੁੱਖੀ ਕਮਜ਼ੋਰੀ ਦੀ ਪੈਦਾਵਾਰ ਹੈ ।" ਜਦ ਸਾਡੇ ਵੱਡੇ-ਵਡੇਰਿਆਂ ਕੋਲ ਇਸ ਜਗਤ-ਤਮਾਸ਼ੇ ਨੂੰ ਜਾਣਨ ਦੀ ਕਾਫ਼ੀ ਫ਼ੁਰਸਤ ਮਿਲੀ ਤੇ ਜਦ ਉਨ੍ਹਾਂ ਨੂੰ ਜਗਤ ਦੇ ਅਤੀਤ, ਵਰਤਮਾਨ ਤੇ ਭਵਿੱਖ ਦੇ ਹੋਰ ਬਹੁਤ ਸਾਰੇ ਸਵਾਲਾਂ ਦੇ ਸਿੱਧੇ ਸਬੂਤ ਨਾ ਮਿਲੇ, ਤਾਂ ਹਰ ਕਿਸੇ ਨੇ ਇਸ ਸਮੱਸਿਆ ਨੂੰ ਆਪਣੇ ਤਰੀਕੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ । ਇਸ ਕਰ ਕੇ ਵੱਖ-ਵੱਖ ਧਰਮਾਂ ਦੇ ਬੁਨਿਆਦੀ ਸਿਧਾਂਤਾਂ ਵਿਚ ਵੱਡੇ-ਵੱਡੇ ਮਤਭੇਦ ਮਿਲਦੇ ਹਨ । ਜਿਹੜੇ ਕਦੇ-ਕਦੇ ਬਹੁਤ ਵਿਰੋਧੀ ਰੂਪ ਅਖ਼ਤਿਆਰ ਕਰ ਜਾਂਦੇ ਹਨ । ਜਿਥੇ ਏਸ਼ਿਆਈ ਤੇ ਯੂਰਪੀ ਫ਼ਿਲਾਸਫ਼ੀਆਂ ਵਿਚ ਵਖਰੇਵਾਂ ਹੈ, ਇਥੋਂ ਤਕ ਕਿ ਹਰ ਮਹਾਂਖੇਤਰ ਦੀਆਂ ਵੱਖ-ਵੱਖ ਵਿਚਾਰ-ਪ੍ਰਣਾਲੀਆਂ ਵਿਚ ਵੀ ਮਤਭੇਦ ਮਿਲਦਾ ਹੈ । ਏਸ਼ੀਆਈ ਧਰਮਾਂ ਵਿਚ ਮੁਸਲਿਮ ਧਰਮ ਦੀ ਹਿੰਦੂ ਧਰਮ ਨਾਲ ਕੋਈ ਸਾਂਝ ਨਹੀਂ । ਸਿਰਫ਼ ਹਿੰਦੋਸਤਾਨ ਵਿਚ ਹੀ ਬੁੱਧ ਧਰਮ ਤੇ ਜੈਨ ਧਰਮ ਬ੍ਰਾਹਮਣਵਾਦ ਤੋਂ ਕਾਫ਼ੀ ਵੱਖਰੇ ਹਨ ਅਤੇ ਬ੍ਰਾਹਮਣਵਾਦ ਵਿਚ ਵੀ ਅਗਾਂਹ ਆਰੀਆ ਸਮਾਜ ਤੇ ਸਨਾਤਨ ਧਰਮ ਵਰਗੇ ਵਿਰੋਧੀ ਮਤ ਹਨ । ਚਾਰਵਾਕ[1] ਪੁਰਾਤਨ ਕਾਲ ਦਾ ਸੁਤੰਤਰ ਚਿੰਤਕ ਸੀ । ਇਹਨੇ ਰੱਬ ਦੀ ਪ੍ਰਭੁਸੱਤਾ ਨੂੰ ਵੰਗਾਰਿਆ ਸੀ । ਇਨ੍ਹਾਂ ਸਾਰੇ ਮੱਤਾਂ ਵਿਚ ਬੁਨਿਆਦੀ ਸਵਾਲ ਬਾਰੇ ਮਤਭੇਦ ਹਨ ਅਤੇ ਹਰ ਕੋਈ ਆਪਣੇ ਆਪ ਨੂੰ ਦਰੁਸਤ ਮੰਨਦਾ ਹੈ । ਇਹੋ ਸਾਰੀ ਬੁਰਾਈ ਹੈ । ਪੁਰਾਣੇ ਵਿਦਵਾਨਾਂ ਦੇ ਤਜਰਬਿਆਂ ਤੇ ਵਿਚਾਰਾਂ ਨੂੰ ਅਗਿਆਨਤਾ ਵਿਚ ਸਾਡੀ ਆਉਣ ਵਾਲੀ ਜੱਦੋ-ਜਹਿਦ ਦਾ ਆਧਾਰ ਬਣਾਉਣ ਤੇ ਇਸ ਭੇਦ-ਭਰੀ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨ ਦੀ ਥਾਂ ਅਸੀਂ ਸੁਸਤ, ਨਿਕੰਮੇ, ਕੱਟੜ ਧਰਮ ਦੀ ਹਾਲ ਦੁਹਾਈ ਪਾਉਣ ਲੱਗ ਜਾਂਦੇ ਹਾਂ ਅਤੇ ਇੰਜ ਮਨੁੱਖੀ ਜਾਗ੍ਰਿਤੀ ਵਿਚ ਆਈ ਖੜੋਤ ਦੇ ਕਸੂਰਵਾਰ ਹਾਂ ।

ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸ ਨੂੰ ਲਾਜ਼ਮੀ ਤੌਰ ਉਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਵੇਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਵੇਗਾ, ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਵੇਗਾ । ਪ੍ਰਚੱਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਛ-ਛਾਣ ਕਰਨੀ ਹੋਵੇਗੀ । ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫ਼ਲਸਫ਼ੇ ਵਿਚ ਵਿਸ਼ਵਾਸ ਕਰਨ ਲੱਗਦਾ ਹੈ, ਤਾਂ ਉਹਦਾ ਵਿਸ਼ਵਾਸ ਸਰਾਹੁਣ-ਯੋਗ ਹੈ । ਉਹਦੀ ਦਲੀਲ ਗ਼ਲਤ ਜਾਂ ਉੱਕਾ ਹੀ ਬੇਬੁਨਿਆਦ ਹੋ ਸਕਦੀ ਹੈ । ਪਰ ਉਨ੍ਹਾਂ ਨੂੰ ਦਰੁਸਤ ਰਾਹ ਉਤੇ ਲਿਆਂਦਾ ਜਾ ਸਕਦਾ ਹੈ, ਕਿਉਂਕਿ ਤਰਕਸ਼ੀਲਤਾ ਉਹਦੀ ਜ਼ਿੰਦਗੀ ਦਾ ਧਰੂ ਤਾਰਾ ਜੋ ਹੁੰਦੀ ਹੈ । ਪਰ ਨਿਰਾ ਵਿਸ਼ਵਾਸ ਤੇ ਅੰਨ੍ਹਾ ਵਿਸ਼ਵਾਸ ਖ਼ਤਰਨਾਕ ਹੁੰਦਾ ਹੈ; ਇਹ ਦਿਮਾਗ਼ ਨੂੰ ਕੁੰਦ ਬਣਾਉਂਦਾ ਹੈ ਤੇ ਬੰਦੇ ਨੂੰ ਪ੍ਰਤੀਗਾਮੀ (ਪਿਛਾਂਹ-ਖਿੱਚੂ) ਬਣਾ ਦਿੰਦਾ ਹੈ । ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲਿੰਜ ਕਰਨਾ ਪਵੇਗਾ । ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ੍ਹ ਸਕੇ ਤਾਂ ਢਹਿ-ਢੇਰੀ ਹੋ ਜਾਣਗੇ । ਫਿਰ ਉਸ ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰ ਕੇ ਫ਼ਲਸਫ਼ੇ ਲਈ ਜ਼ਮੀਨ ਤਿਆਰ ਕਰਨਾ ਹੋਵੇਗਾ । ਇਹ ਨਕਾਰਾਤਮਕ ਪੱਖ ਹੈ । ਇਸ ਤੋਂ ਮਗਰੋਂ ਸਕਾਰਾਤਮਕ ਕੰਮ ਸ਼ੁਰੂ ਹੁੰਦਾ ਹੈ, ਜਿਸ ਵਿਚ ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁਝ ਸਮੱਗਰੀ ਮੁੜ ਉਸਾਰੀ ਲਈ ਵਰਤੀ ਜਾ ਸਕਦੀ ਹੈ । ਜਿਥੋਂ ਤਕ ਮੇਰਾ ਸੰਬੰਧ ਹੈ, ਮੈਂ ਇਹ ਤਸਲੀਮ ਕਰਦਾ ਹਾਂ ਕਿ ਮੈਂ ਇਸ ਬਾਰੇ ਬਹੁਤਾ ਅਧਿਐਨ ਨਹੀਂ ਕਰ ਸਕਿਆ । ਏਸ਼ੀਆਈ ਫ਼ਲਸਫ਼ੇ ਨੂੰ ਪੜ੍ਹਨ ਦੀ ਮੇਰੀ ਬੜੀ ਰੀਝ ਸੀ, ਪਰ ਮੈਨੂੰ ਇਸ ਦਾ ਵਕਤ ਤੇ ਮੌਕਾ ਨਹੀਂ ਮਿਲ ਸਕਿਆ । ਪਰ ਜਿਥੋਂ ਤਕ ਨਕਾਰਾਤਮਕ ਪੱਖ ਦਾ ਸੰਬੰਧ ਹੈ, ਮੈਨੂੰ ਇਸ ਹੱਦ ਤਕ ਯਕੀਨ ਹੈ ਕਿ ਮੈਂ ਪੁਰਾਤਨ ਵਿਸ਼ਵਾਸ ਦੀ ਪੁਖ਼ਤਗੀ ਉਤੇ ਕਿੰਤੂ ਕਰ ਸਕਦਾ ਹਾਂ

। ਮੈਨੂੰ ਪੱਕਾ ਯਕੀਨ ਹੈ ਕਿ ਕੁਦਰਤ ਨੂੰ ਚਲਾਉਣ ਵਾਲਾ ਕੋਈ ਪਰਮਾਤਮਾ ਯਾ ਸੁਚੇਤ-ਸੱਤਾ ਨਹੀਂ ਹੈ । ਸਾਡਾ ਕੁਦਰਤ ਵਿਚ ਯਕੀਨ ਹੈ ਤੇ ਸਮੁੱਚੀ ਤਰੱਕੀ ਦਾ ਨਿਸ਼ਾਨਾ ਮਨੁੱਖ ਦਾ ਕੁਦਰਤ ਉਤੇ ਆਪਣੀ ਸੇਵਾ ਵਾਸਤੇ ਗ਼ਲਬਾ ਪਾਉਣਾ ਹੈ । ਇਹਦੇ ਪਿੱਛੇ ਕੋਈ ਸੁਚੇਤ ਚਾਲਕ ਸ਼ਕਤੀ ਨਹੀਂ ਹੈ । ਇਹੋ ਸਾਡਾ ਫ਼ਲਸਫ਼ਾ ਹੈ ।

ਨਕਾਰਾਤਮਕ ਪੱਖ ਤੋਂ ਅਸੀਂ ਆਸਤਕਾਂ ਤੋਂ ਕੁਝ ਸਵਾਲ ਪੁੱਛਦੇ ਹਾਂ :

ਤੁਹਾਡੇ ਵਿਸ਼ਵਾਸ ਅਨੁਸਾਰ ਜੇ ਕੋਈ ਸਰਵ-ਸ਼ਕਤੀਮਾਨ, ਸਰਵ-ਵਿਆਪਕ ਤੇ ਸਰਵ-ਗਿਆਤਾ ਰੱਬ ਹੈ—ਤਾਂ ਦੁਨੀਆ ਜਾਂ ਧਰਤੀ ਨੂੰ ਜਿਸ ਸਾਜਿਆ ਸੀ । ਮੈਨੂੰ ਇਹ ਦੱਸਣ ਦੀ ਮਿਹਰਬਾਨੀ ਕਰਨਾ ਕਿ ਉਸ ਨੇ ਧਰਤੀ ਸਾਜੀ ਹੀ ਕਿਉਂ ? ਉਹ ਧਰਤੀ ਜੋ ਦੁੱਖਾਂ-ਆਫਤਾਂ, ਅਣਗਿਣਤ ਅਨੰਤ ਦੁਖਾਂਤਾਂ ਨਾਲ ਭਰੀ ਪਈ ਹੈ । ਜਿਥੇ ਇਕ ਵੀ ਜੀਅ ਪੂਰੀ ਤਰ੍ਹਾਂ ਸੁਖੀ ਨਹੀਂ ਹੈ ।

ਮਿਹਰਬਾਨੀ ਕਰ ਕੇ ਇਹ ਨਾ ਆਖੋ ਕਿ ਇਹ ਉਸ ਦਾ ਨੇਮ ਹੈ : ਜੇ ਉਹ ਕਿਸੇ ਨੇਮ ਦੇ ਵੱਸ ਹੈ, ਤਾਂ ਉਹ ਸਰਵ-ਸ਼ਕਤੀਮਾਨ ਨਹੀਂ । ਤਾਂ ਫੇਰ ਉਹ ਵੀ ਸਾਡੇ ਵਰਗਾ ਗ਼ੁਲਾਮ ਹੈ । ਮਿਹਰਬਾਨੀ ਕਰ ਕੇ ਇਹ ਵੀ ਨਾ ਆਖੋ ਕਿ ਇਹ ਉਸ ਦਾ ਸ਼ੁਗਲ ਹੈ । ਨੀਰੋ ਨੇ ਤਾਂ ਇਕੋ ਰੋਮ ਸਾੜ ਕੇ ਸਵਾਹ ਕੀਤਾ ਸੀ । ਉਸ ਨੇ ਤਾਂ ਗਿਣਤੀ ਦੇ ਬੰਦੇ ਜਾਨੋਂ ਮਾਰੇ ਸਨ । ਉਸ ਦੇ ਹੱਥੋਂ ਬਹੁਤ ਘੱਟ ਦੁਖਾਂਤ ਵਾਪਰੇ । ਇਹ ਸਭ ਉਸ ਨੇ ਆਪਣੇ ਮਜ਼ੇ ਲਈ ਕੀਤਾ ਤੇ ਇਤਿਹਾਸ ਵਿਚ ਉਸ ਨੂੰ ਕਿਹੜੀ ਥਾਂ ਹਾਸਲ ਹੈ ? ਇਤਿਹਾਸਕਾਰ ਉਸ ਦਾ ਜ਼ਿਕਰ ਕਿਹੜੇ ਨਾਵਾਂ ਨਾਲ ਕਰਦੇ ਹਨ ? ਸਾਰੇ ਵਿਹੁਲੇ ਵਿਸ਼ੇਸ਼ਣ ਉਸ ਦੇ ਲਈ ਵਰਤੇ ਜਾਂਦੇ ਹਨ । ਜ਼ਾਲਮ, ਬੇਰਹਿਮ, ਸ਼ੈਤਾਨ ਨੀਰੋ ਦੀ ਨਿਖੇਧੀ ਕਰਨ ਲਈ ਲਾਹਨਤਾਂ ਨਾਲ ਸਫ਼ਿਆਂ ਦੇ ਸਫ਼ੇ ਕਾਲੇ ਕੀਤੇ ਪਏ ਹਨ । ਇਕ ਚੰਗੇਜ਼ ਖ਼ਾਨ ਨੇ ਮਜ਼ਾ ਲੈਣ ਲਈ ਕੁਝ ਹਜ਼ਾਰ ਲੋਕਾਂ ਦੀ ਜਾਨ ਲਈ ਸੀ ਅਤੇ ਅੱਜ ਅਸੀਂ ਉਸ ਦੇ ਨਾਂ ਤਕ ਨੂੰ ਨਫ਼ਰਤ ਕਰਦੇ ਹਾਂ । ਤਾਂ ਫੇਰ ਤੁਸੀਂ ਆਪਣੇ ਸਰਵ-ਸ਼ਕਤੀਮਾਨ ਅਨੰਤ ਨੀਰੋ ਨੂੰ ਕਿਵੇਂ ਵਾਜਬ ਠਹਿਰਾਓਗੇ; ਜੋ ਅਜੇ ਵੀ ਹਰ ਦਿਨ, ਹਰ ਘੜੀ ਤੇ ਹਰ ਪਲ ਅਣਗਿਣਤ ਕਤਲ ਕਰੀ ਜਾ ਰਿਹਾ ਹੈ ? ਤੁਸੀਂ ਉਸ ਦੀਆਂ ਉਨ੍ਹਾਂ ਕਰਤੂਤਾਂ ਦੀ ਹਮਾਇਤ, ਕਿਵੇਂ ਕਰੋਗੇ, ਜਿਹੜੀਆਂ ਪਲੋ-ਪਲੀ ਚੰਗੇਜ਼ ਦੀਆਂ ਕਰਤੂਤਾਂ ਨੂੰ ਵੀ ਮਾਤ ਪਾਈ ਜਾਂਦੀਆਂ ਹਨ ? ਮੈਂ ਪੁੱਛਦਾ ਹਾਂ ਕਿ ਉਸ ਨੇ ਇਹ ਦੁਨੀਆ ਬਣਾਈ ਹੀ ਕਿਉਂ ਸੀ—ਦੁਨੀਆ ਜਿਹੜੀ ਸੱਚੀ-ਮੁੱਚੀ ਦਾ ਨਰਕ ਹੈ, ਅਨੰਤ ਤੇ ਤਲਖ਼ ਬੇਚੈਨੀ ਦਾ ਘਰ ਹੈ ? ਸਰਵ-ਸ਼ਕਤੀਮਾਨ ਨੇ ਮਨੁੱਖ ਨੂੰ ਕਿਉਂ ਸਾਜਿਆ, ਜਦ ਕਿ ਉਸ, ਦੇ ਕੋਲ ਮਨੁੱਖ ਨੂੰ ਸਾਜਣ ਦੀ ਤਾਕਤ ਸੀ ? ਇਨ੍ਹਾਂ ਸਾਰੀਆਂ ਗੱਲਾਂ ਦਾ ਤੁਹਾਡੇ ਕੋਲ ਕੀ ਜਵਾਬ ਹੈ ? ਤੁਸੀਂ ਇਹ ਆਖੋਗੇ ਕਿ ਅਗਲੇ ਜਨਮ ਵਿਚ ਮਾਸੂਮ ਪੀੜਤਾਂ ਨੂੰ ਨਿਵਾਜਣ ਲਈ ਅਤੇ ਕੁਕਰਮੀਆਂ ਨੂੰ ਸਜ਼ਾ ਦੇਣ ਲਈ ਉਸ ਨੇ ਇੰਜ ਕੀਤਾ । ਅੱਛਾ ਤਾਂ ਫੇਰ, ਤੁਸੀਂ ਉਸ ਬੰਦੇ ਨੂੰ ਕਿਵੇਂ ਹੱਕੀ ਠਹਿਰਾਓਗੇ, ਜੋ ਤੁਹਾਡੇ ਸਰੀਰ ਨੂੰ ਇਸ ਵਾਸਤੇ ਜ਼ਖ਼ਮੀ ਕਰਦਾ ਹੈ ਕਿ ਮਗਰੋਂ ਬੜੇ ਪਿਆਰ ਨਾਲ ਟਕੋਰਾਂ ਕਰੇਗਾ ? ਗਲੈਡੀਏਟਰ[1] ਸੰਸਥਾ ਦੇ ਹਮਾਇਤੀਆਂ ਤੇ ਪ੍ਰਬੰਧਕਾਂ ਦਾ ਇਹ ਕਾਰਾ ਕਿਥੋਂ ਤਾਈਂ ਸਹੀ ਹੁੰਦਾ ਸੀ, ਦੂਜੇ ਉਹ ਭੁੱਖੇ ਕਰੋਪੀ ਸ਼ੇਰਾਂ ਅੱਗੇ ਬੰਦਿਆਂ ਨੂੰ ਇਸ ਲਈ ਸੁੱਟ ਦਿੰਦੇ ਸੀ ਕਿ ਜੇ ਉਹ ਸ਼ੇਰਾਂ ਹੱਥੋਂ ਜੀਉਂਦੇ ਬਚ ਗਏ, ਤਾਂ ਫੇਰ ਉਨ੍ਹਾਂ ਦੀ ਬਹੁਤ ਖ਼ਾਤਰ-ਤਵੱਜੋ ਹੋਵੇਗੀ ? ਇਸੇ ਕਰ ਕੇ ਮੈਂ ਪੁੱਛਦਾ ਹਾਂ : "ਸਚੇਤ ਸਰਬਉੱਚ ਸੱਤਾ ਨੇ ਇਹ ਦੁਨੀਆ ਤੇ ਮਨੁੱਖ ਕਿਉਂ ਸਾਜਿਆ ? ਮਜ਼ਾ ਲੈਣ ਲਈ । ਫੇਰ ਉਹਦੇ ਵਿਚ ਤੇ ਨੀਰੋ ਵਿਚ ਫ਼ਰਕ ਹੀ ਕੀ ਹੈ ?.

ਮੁਸਲਮਾਨੋ ਤੇ ਈਸਾਈਓ ! ਹਿੰਦੂ ਦਰਸ਼ਨ ਕੋਲ ਤਾਂ ਹੋਰ ਵੀ ਦਲੀਲ ਹੋਵੇਗੀ । ਮੈਂ

ਤੁਹਾਡੇ ਕੋਲੋਂ ਉਪਰਲੇ ਸਵਾਲਾਂ ਦੇ ਜਵਾਬ ਪੁੱਛਦਾ ਹਾਂ । ਪੂਰਬਲੇ ਜਨਮ ਵਿਚ ਤੁਹਾਡਾ ਯਕੀਨ ਨਹੀਂ ਹੈ । ਤੁਸੀਂ ਹਿੰਦੂਆਂ ਵਾਂਗ ਮਾਸੂਮ ਪੀੜਤਾਂ ਦੇ ਪਹਿਲੇ ਕੀਤੇ ਮੰਦੇ ਕਰਮਾਂ ਵਾਲੀ ਦਲੀਲ ਨਹੀਂ ਵਰਤ ਸਕਦੇ । ਮੈਂ ਤੁਹਾਥੋਂ ਪੁੱਛਦਾ ਹਾਂ ਕਿ ਸਰਵ-ਸ਼ਕਤੀਮਾਨ ਨੇ ਇਹ ਦੁਨੀਆ ਸਾਜਣ ਲਈ ਛੇ ਦਿਨ ਹੀ ਕਿਉਂ ਮਿਹਨਤ ਕੀਤੀ ? ਉਸ ਨੇ ਕਿਉਂ ਕਿਹਾ ਸੀ ਕਿ ਸਭ ਅੱਛਾ ਹੈ ? ਉਸ ਨੂੰ ਅੱਜ ਹੀ ਸੱਦੋ । ਉਸ ਨੂੰ ਪਿਛਲਾ ਇਤਿਹਾਸ ਦਿਖਾਓ । ਉਸ ਨੂੰ ਮੌਜੂਦਾ ਹਾਲਤ ਬਾਰੇ ਜਾਨਣ ਦਿਓ । ਫੇਰ ਦੇਖਾਂਗੇ ਕਿ ਉਹ ਇਹ ਕਹਿਣ ਦੀ ਜੁਰੱਅਤ ਕਰਦਾ ਹੈ : ਸਭ ਅੱਛਾ ਹੈ ।

ਜੇਲ੍ਹਖ਼ਾਨਿਆਂ ਦੀਆਂ ਕਾਲ-ਕੋਠੜੀਆਂ ਤੋਂ ਗੰਦੀਆਂ ਬਸਤੀਆਂ ਤੇ ਝੌਂਪੜੀਆਂ ਵਿਚ ਭੁੱਖ-ਮਰੀ ਦੇ ਹੱਥੋਂ ਮਰ ਰਹੇ ਲੱਖਾਂ ਲੋਕਾਂ ਨੂੰ ਦੇਖ ਕੇ ਪੂੰਜੀਵਾਦੀ ਲੋਕਾਂ ਕੋਲੋਂ ਚੁੱਪਚਾਪ ਜਾਂ ਕਹਿ ਲਓ ਬੇਵਾਸਤਗੀ ਨਾਲ ਆਪਣਾ ਲਹੂ ਪਿਲਾ ਰਹੇ ਲੁਟੀਂਦੇ ਮਜ਼ਦੂਰਾਂ ਨੂੰ ਦੇਖ ਕੇ, ਇਨਸਾਨੀ ਤਾਕਤ ਦੀ ਬਰਬਾਦੀ ਜਿਸ ਨੂੰ ਦੇਖ ਕੇ ਅੱਤ ਸਾਧਾਰਨ ਬੁੱਧੀ ਵਾਲਾ ਵਿਅਕਤੀ ਵੀ ਡਰ ਨਾਲ ਕੰਬਣ ਲੱਗ ਜਾਏ ਅਤੇ ਲੋੜਵੰਦ ਉਤਪਾਦਨਾਂ ਨੂੰ ਵੰਡਣ ਦੀ ਥਾਂ ਵਾਧੂ ਪੈਦਾਵਾਰ ਸਮੁੰਦਰਾਂ ਵਿਚ ਸੁੱਟੀ ਜਾਂਦੀ ਦੇਖ ਕੇ, ਇਨਸਾਨਾਂ ਦੀਆਂ ਹੱਡੀਆਂ ਨਾਲ ਚਿਣੀਆਂ ਨੀਂਹਾਂ ਉਤੇ ਉਸਰੇ ਬਾਦਸ਼ਾਹਾਂ ਦੇ ਮਹਿਲਾਂ ਨੂੰ ਦੇਖ ਕੇ ਉਹ ਰਤਾ ਆਖੇ ਤਾਂ ਸਹੀ : ਸਭ ਅੱਛਾ ਹੈ । ਕਿਉਂ ਤੇ ਕਿਸ ਕਾਰਨ ? ਇਹ ਮੇਰਾ ਸਵਾਲ ਹੈ । ਤੁਸੀਂ ਚੁੱਪ ਹੋ ਠੀਕ ਹੈ, ਮੈਂ ਆਪਣੀ ਗੱਲ ਅੱਗੇ ਤੋਰਦਾ ਹਾਂ ।

ਤੁਸੀਂ ਹਿੰਦੂ ਇਹ ਆਖਦੇ ਹੋ ਕਿ ਅੱਜ ਜਿਹੜਾ ਵੀ ਦੁੱਖ ਝੱਲ ਰਿਹਾ ਹੈ, ਉਹ ਪੂਰਬਲੇ ਜਨਮਾਂ ਦੇ ਮੰਦੇ ਕਰਮਾਂ ਕਰ ਕੇ ਹੈ । ਠੀਕ ਤੁਸੀਂ ਇਹ ਵੀ ਕਹਿੰਦੇ ਹੋ ਕਿ ਜਿਹੜੇ ਅੱਜ ਲੋਕਾਂ ਨੂੰ ਦਬਾ ਰਹੇ ਹਨ, ਉਹ ਪੂਰਬਲੇ ਜਨਮਾਂ ਵਿਚ ਧਰਮਾਤਮਾ ਲੋਕ ਸਨ । ਇਸ ਕਰ ਕੇ ਉਨ੍ਹਾਂ ਦੇ ਹੱਥ ਤਾਕਤ ਹੈ । ਮੈਂ ਤਾਂ ਮੰਨਦਾ ਹਾਂ ਕਿ ਤੁਹਾਡੇ ਵੱਡੇ-ਵਡੇਰੇ ਬੜੇ ਸ਼ਾਤਰ ਲੋਕ ਸਨ, ਉਹ ਐਸੇ ਸਿਧਾਂਤ ਲੱਭਣ ਵਿਚ ਲੱਗੇ ਰਹੇ, ਜਿਨ੍ਹਾਂ ਨਾਲ ਤਰਕ ਤੇ ਅ-ਵਿਸ਼ਵਾਸ ਨੂੰ ਖ਼ਤਮ ਕੀਤਾ ਜਾ ਸਕੇ । ਪਰ ਆਪਾਂ ਦੇਖਦੇ ਹਾਂ ਕਿ ਇਸ ਦਲੀਲ ਵਿਚ ਕਿੰਨਾ ਕੁ ਵਜ਼ਨ ਹੈ ?

ਬਹੁਤ ਉੱਘੇ ਨਿਆਂ-ਸ਼ਾਸਤਰੀਆਂ ਦਾ ਇਹ ਵਿਚਾਰ ਹੈ ਕਿ ਕਸੂਰਵਾਰ ਨੂੰ ਜੋ ਸਜ਼ਾ ਦਿੱਤੀ ਜਾਂਦੀ ਹੈ, ਉਸ ਦੇ ਤਿੰਨ ਜਾਂ ਚਾਰ ਮਕਸਦ ਹੋ ਸਕਦੇ ਹਨ ਤੇ ਇਸੇ ਆਧਾਰ ਉਤੇ ਸਜ਼ਾ ਨੂੰ ਵਾਜਬ ਕਰਾਰ ਦਿੱਤਾ ਜਾ ਸਕਦਾ ਹੈ । ਇਹ

ਮਕਸਦ ਹਨ : ਬਦਲਾ, ਸੁਧਾਰ ਅਤੇ ਵਰਜਣ ਲਈ ਡਰ । ਹੁਣ ਸਾਰੇ ਚਿੰਤਕ ਬਦਲੇ ਦੇ ਸਿਧਾਂਤ ਦੀ ਨਿਖੇਧੀ ਕਰਦੇ ਹਨ । ਵਰਜਣ ਵਾਲੇ ਸਿਧਾਂਤ ਦੀ ਵੀ ਨੁਕਤਾਚੀਨੀ ਹੋ ਰਹੀ ਹੈ । ਸੁਧਾਰਕ ਸਿਧਾਂਤ ਹੀ ਜ਼ਰੂਰੀ ਹੈ ਅਤੇ ਇਨਸਾਨੀ ਤਰੱਕੀ ਦਾ ਅਟੁੱਟ ਅੰਗ ਹੈ । ਇਸ ਸਿਧਾਂਤ ਦਾ ਮੰਤਵ ਇਹ ਹੈ ਕਿ ਕਸੂਰਵਾਰ ਸਭ ਤੋਂ ਵੱਧ ਕਾਬਲ ਤੇ ਅਮਨ-ਪਸੰਦ ਸ਼ਹਿਰੀ ਬਣ ਕੇ ਸਮਾਜ ਵਿਚ ਵਾਪਸ ਜਾਵੇ । ਪਰ ਜੇ ਅਸੀਂ ਇਹ ਮੰਨ ਵੀ ਲਈਏ ਕਿ ਬੰਦਿਆਂ ਨੇ (ਪੂਰਬਲੇ ਜਨਮ ਵਿਚ) ਪਾਪ ਕੀਤੇ ਹੋਣਗੇ, ਤਾਂ ਰੱਬ ਜਿਹੜੀ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ, ਉਹ ਕਿਹੋ ਜਿਹੀ ਹੈ ? ਤੁਸੀਂ ਆਖਦੇ ਹੋ ਕਿ ਉਹ ਇਨ੍ਹਾਂ ਨੂੰ ਗਾਂ, ਬਿੱਲੀ, ਦਰੱਖ਼ਤ, ਜੜ੍ਹੀ-ਬੂਟੀ ਜਾਂ ਜਾਨਵਰ ਦੇ ਰੂਪ ਵਿਚ ਜਨਮ ਲੈਣ ਲਈ ਭੇਜਦਾ ਹੈ । ਤੁਸੀਂ ਇਨ੍ਹਾਂ ਸਜ਼ਾਵਾਂ ਦੀ ਗਿਣਤੀ **84** ਲੱਖ ਦੱਸਦੇ ਹੋ । ਮੈਨੂੰ ਇਹ ਦੱਸੋ ਕਿ ਇਸ ਦਾ ਮਨੁੱਖ ਉਤੇ ਕੋਈ ਸੁਧਾਰਕ ਅਸਰ ਪੈਂਦਾ ਹੈ ? ਤੁਸੀਂ ਐਨੇ ਕਿੰਨੇ ਕੁ ਜਣਿਆਂ ਨੂੰ ਮਿਲੇ ਹੋ, ਕਿ ਉਹ ਪਾਪ ਕਰਨ ਕਾਰਨ ਪਿਛਲੇ ਜਨਮ ਵਿਚ ਗਧੇ ਦੀ ਜੂਨੇ ਪਏ ਸਨ ? ਕੋਈ ਨਹੀਂ ਮਿਲਿਆ ਹੋਣਾ । ਆਪਣੇ ਪੁਰਾਣਾਂ ਦੇ ਬਿਰਤਾਂਤ ਦੀ ਲੋੜ ਨਹੀਂ । ਮੈਂ ਤੁਹਾਡੀਆਂ ਮਿਥਿਹਾਸਕ ਕਹਾਣੀਆਂ ਦਾ ਜ਼ਿਕਰ ਤਕ ਨਹੀਂ ਛੋਹਣਾ ਚਾਹੁੰਦਾ । ਇਸ ਤੋਂ ਬਿਨਾਂ ਤੁਹਾਨੂੰ ਇਸ ਗੱਲ ਦਾ ਪਤਾ ਹੈ ਕਿ ਦੁਨੀਆ ਵਿਚ ਸਭ ਤੋਂ ਵੱਡਾ ਪਾਪ ਗ਼ਰੀਬ ਹੋਣਾ ਹੈ । ਗ਼ਰੀਬੀ ਪਾਪ ਹੈ, ਇਹ ਸਜ਼ਾ ਹੈ । ਤੁਸੀਂ ਇਹੋ ਜਿਹੀਆਂ ਸਜ਼ਾਵਾਂ ਤਜਵੀਜ਼ ਕਰਨ ਵਾਲੇ ਕਿਸੇ ਅਪਰਾਧ-ਵਿਗਿਆਨੀ, ਕਿਸੇ ਕਾਨੂੰਨਦਾਨ ਜਾਂ ਕਾਨੂੰਨਸਾਜ਼ ਦੀ ਕਿੰਨੀ ਕੁ ਸਿਫ਼ਤ-ਸਲਾਹੀ ਕਰੋਗੇ, ਜਿਸ ਨਾਲ ਮਨੁੱਖ ਹੋਰ ਵਧੇਰੇ ਗੁਨਾਹ ਕਰਨ ਲਈ ਮਜਬੂਰ ਹੁੰਦਾ ਹੈ ? ਕੀ ਤੁਹਾਡੇ ਰੱਬ ਨੇ ਇਸ ਗੱਲ ਬਾਰੇ ਪਹਿਲਾਂ ਨਹੀਂ ਸੋਚਿਆ ਸੀ ਜਾਂ ਉਹ ਵੀ ਇਹ ਗੱਲਾਂ ਮਨੁੱਖਤਾ ਦੀਆਂ ਅਕਹਿ ਦੁੱਖ-ਤਕਲੀਫ਼ਾਂ ਦੀ ਕੀਮਤ ਉਤੇ ਤਜਰਬਿਆਂ ਰਾਹੀਂ ਸਿੱਖਦਾ ਹੈ ? ਤੁਹਾਡੀ ਜਾਚੇ ਕਿਸੇ ਚਮਾਰ ਜਾਂ ਭੰਗੀ ਦੇ ਅਨਪੜ੍ਹ ਪਰਿਵਾਰ ਵਿਚ ਜੰਮੇ ਬੰਦੇ ਦੀ ਕੀ ਹੋਣੀ ਹੋਵੇਗੀ ? ਉਹ ਗ਼ਰੀਬ ਹੈ, ਇਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ । ਖ਼ੁਦ ਨੂੰ ਚੰਗੇ ਸਮਝਣ ਵਾਲੇ ਦੂਜੇ ਇਨਸਾਨ ਉਸ ਨੂੰ ਨਫ਼ਰਤ ਕਰਦੇ ਹਨ ਤੇ ਧਿਰਕਾਰਦੇ ਹਨ, ਕਿਉਂਕਿ ਉਹ ਉਚੇਰੀ ਜਾਤ ਵਿਚ ਪੈਦਾ ਹੋਏ ਸਨ । ਉਸ ਦੀ ਅਗਿਆਨਤਾ ਉਸ ਦੀ ਗ਼ਰੀਬੀ ਤੇ ਜਿਹੜਾ ਸਲੂਕ ਉਸ ਦੇ ਨਾਲ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਨ ਸਮਾਜ ਤਾਈਂ ਉਸ ਦਾ ਦਿਲ ਸਖ਼ਤ ਹੋ ਜਾਵੇਗਾ । ਫ਼ਰਜ਼ ਕਰੋ ਕਿ ਉਹ ਕੋਈ ਪਾਪ ਕਰਦਾ ਹੈ, ਤਾਂ ਇਸ ਦਾ ਖ਼ਮਿਆਜ਼ਾ ਕੌਣ ਭੁਗਤੇਗਾ ? ਰੱਬ ਜਾਂ ਪਾਪ ਕਰਨ ਵਾਲਾ ਜਾਂ ਸਮਾਜ ਦੇ ਗੁਣੀ-ਗਿਆਨੀ ਬੰਦੇ ? ਉਨ੍ਹਾਂ ਲੋਕਾਂ ਨੂੰ ਮਿਲੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ ਜਿਨ੍ਹਾਂ ਨੂੰ ਹਿਰਸੀ ਤੇ ਹੰਕਾਰੀ ਬ੍ਰਾਹਮਣਾਂ ਨੇ ਜਾਣ-ਬੁੱਝ ਕੇ ਅਗਿਆਨਤਾ ਦੀਆਂ ਗ਼ਾਰਾਂ ਵਿਚ ਸੁੱਟਿਆ ਸੀ । ਉਨ੍ਹਾਂ ਦਾ ਕਸੂਰ ਇਹੋ ਸੀ ਕਿ ਉਨ੍ਹਾਂ ਪਾਪੀਆਂ ਨੇ ਤੁਹਾਡੇ ਗਿਆਨ ਦੀਆਂ ਪਵਿੱਤਰ ਪੋਥੀਆਂ ਵੇਦਾਂ ਦੀਆਂ ਕੁਝ ਸਤਰਾਂ ਆਪਣੇ ਕੰਨੀਂ ਸੁਣ ਲਈਆਂ ਸਨ ਅਤੇ ਤੁਸੀਂ ਉਨ੍ਹਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਸੀ, ਜੇ ਉਨ੍ਹਾਂ ਨੇ ਕੋਈ ਕਸੂਰ ਕੀਤਾ ਸੀ ਤਾਂ ਇਸ ਦਾ ਜ਼ਿੰਮੇਵਾਰ ਕੌਣ ਸੀ ਤੇ ਬਿਪਤਾ ਕਿਸ ਦੇ ਸਿਰ ਪੈਣੀ ਸੀ ? ਮੇਰੇ ਪਿਆਰੇ ਦੋਸਤੋ ! ਇਹ ਸਾਰੇ ਸਿਧਾਂਤ ਖ਼ਾਸ ਅਧਿਕਾਰਾਂ ਦੇ ਮਾਲਕਾਂ ਦੀਆਂ ਕਾਢਾਂ ਹੀ ਹਨ, ਇਨ੍ਹਾਂ ਸਿੱਧਾਂਤਾਂ ਸਦਕਾ ਉਹ ਆਪਣੀ ਲੁੱਟੀ ਹੋਈ ਤਾਕਤ, ਦੌਲਤ ਤੇ ਉੱਤਮਤਾ ਨੂੰ ਵਾਜਬ ਠਹਿਰਾਉਂਦੇ ਹਨ । ਹਾਂ, ਸ਼ਾਇਦ ਅਪਟਨ ਸਿਨਕਲੇਅਰ[1] ਨੇ ਕਿਸੇ ਥਾਂ ਲਿਖਿਆ ਸੀ ਕਿ ਬੰਦੇ ਨੂੰ (ਆਤਮਾ ਦੀ) ਅਮਰਤਾ ਵਿਚ ਯਕੀਨ ਕਰਨ ਲਾ ਦਿਓ ਅਤੇ ਫੇਰ ਉਸ ਦੇ ਕੋਲ ਜੋ ਕੁਝ ਵੀ ਹੈ, ਉਹ ਲੁੱਟ ਲਓ । ਉਹ ਸਗੋਂ ਹੱਸ ਕੇ ਤੁਹਾਡੀ ਮਦਦ ਕਰੇਗਾ । ਧਾਰਮਿਕ ਉਪਦੇਸ਼ਕਾਂ ਤੇ ਹੁਕਮਰਾਨਾਂ ਨੇ ਮਿਲੀਭੁਗਤ ਕਰ ਕੇ ਜੇਲ੍ਹਾਂ, ਫਾਹੀਆਂ, ਕੋਰੜੇ ਤੇ ਇਨ੍ਹਾਂ ਸਿਧਾਂਤਾਂ ਦੀ ਕਾਢ ਕੱਢੀ ਸੀ ।

ਮੈਨੂੰ ਇਹ ਦੱਸੋ ਕਿ ਤੁਹਾਡਾ ਸਰਬ-ਸ਼ਕਤੀਮਾਨ ਰੱਬ ਹਰ ਕਿਸੇ ਬੰਦੇ ਨੂੰ ਕਸੂਰ ਜਾਂ ਪਾਪ ਕਰਨੋਂ ਵਰਜਦਾ ਕਿਉਂ ਨਹੀਂ ? ਉਸ ਦੇ ਲਈ ਤਾਂ ਇਹ ਕੰਮ ਬਹੁਤ ਸੌਖਾ ਹੈ । ਉਸ ਨੇ ਜੰਗਬਾਜ਼ਾਂ ਨੂੰ ਜਾਨੋਂ ਕਿਉਂ ਮਾਰਿਆ ਜਾਂ ਉਨ੍ਹਾਂ ਦੇ ਜੰਗੀ ਪਾਗ਼ਲਪਨ ਨੂੰ ਮਾਰ ਕੇ ਵੱਡੀ ਜੰਗ ਨਾਲ ਮਨੁੱਖਤਾ ਉਤੇ ਆਈ ਪਰਲੋ ਨੂੰ ਕਿਉਂ ਨਾ ਬਚਾਇਆ ? ਉਹ ਅੰਗਰੇਜ਼ ਲੋਕਾਂ ਦੇ ਮਨਾਂ ਵਿਚ ਕੋਈ ਇਹੋ ਜਿਹਾ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਹਿੰਦੋਸਤਾਨ ਛੱਡ ਕੇ ਚਲੇ ਜਾਣ ? ਉਹ ਸਾਰੇ ਸਰਮਾਏਦਾਰਾਂ ਦੇ ਦਿਲਾਂ ਵਿਚ ਇਹ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਪੈਦਾਵਾਰੀ ਸਾਧਨਾਂ ਦੀ ਸਾਰੀ ਜਾਇਦਾਦ ਨੂੰ ਛੱਡ ਦੇਣ ਤੇ ਸਾਰੇ ਮਿਹਨਤਕਸ਼ ਤਬਕੇ ਨੂੰ ਹੀ ਨਹੀਂ ਸਗੋਂ ਸਾਰੇ ਮਨੁੱਖੀ ਸਮਾਜ ਨੂੰ ਪੂੰਜੀਵਾਦ ਦੇ ਬੰਧਨ ਤੋਂ ਛੁਟਕਾਰਾ ਪਾ ਦੇਣ । ਤੁਸੀਂ ਬਹਿਸ ਕਰਨਾ ਚਾਹੋਗੇ ਕਿ ਸਮਾਜਵਾਦੀ ਸਿਧਾਂਤ ਲਾਗੂ ਹੋ ਸਕਦਾ ਹੈ ਜਾਂ ਨਹੀਂ, ਮੈਂ ਇਸ ਨੂੰ ਲਾਗੂ ਕਰਨ ਦਾ ਜ਼ਿੰਮਾ ਤੁਹਾਡੇ ਪਰਵਰ-ਦਿਗਾਰ ਉਤੇ ਸੁੱਟਦਾ ਹਾਂ । ਜਿਥੋਂ ਤਕ ਆਮ ਲੋਕ-ਭਲਾਈ ਦਾ ਸੰਬੰਧ ਹੈ, ਲੋਕਾਂ ਨੂੰ ਸਮਾਜਵਾਦ ਦੇ ਗੁਣਾਂ ਦਾ ਪਤਾ ਹੈ । ਉਹ ਇਸ ਦਾ ਵਿਰੋਧ ਇਸ ਨੁਕਤੇ ਤੋਂ ਕਰਦੇ ਹਨ ਕਿ ਇਹ ਲਾਗੂ ਨਹੀਂ ਹੋ ਸਕਦਾ । ਚਲੋ, ਤੁਹਾਡਾ ਰੱਬ ਆਵੇ ਤੇ ਸਭ ਕੁਝ ਬਾਕਾਇਦਾ ਤਰੀਕੇ ਨਾਲ ਕਰ ਦੇਵੇ । ਹੁਣ ਤੁਸੀਂ ਦਲੀਲ ਵਿਚੋਂ ਦਲੀਲ ਕੱਢਣ ਦੀ ਕੋਸ਼ਿਸ਼ ਨਾ ਕਰਨੀ । ਮੈਂ ਤੁਹਾਨੂੰ ਦੱਸਦਾ ਹਾਂ, ਹਿੰਦੋਸਤਾਨ ਉਤੇ ਜੇ ਬਰਤਾਨਵੀ ਹਕੂਮਤ ਹੈ ਤਾਂ ਇਹ ਰੱਬ ਦੀ ਮਰਜ਼ੀ ਕਾਰਨ ਨਹੀਂ ਹੈ, ਸਗੋਂ ਇਸ ਕਾਰਨ ਹੈ ਕਿ ਸਾਡੇ ਵਿਚ ਇਸ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਹੈ । ਉਹ ਰੱਬ ਦੀ ਮਦਦ ਨਾਲ ਸਾਨੂੰ ਗ਼ੁਲਾਮ ਨਹੀਂ ਰੱਖ ਰਹੇ, ਸਗੋਂ ਉਨ੍ਹਾਂ ਨੇ ਬੰਦੂਕਾਂ, ਤੋਪਾਂ, ਬੰਬਾਂ, ਗੋਲੀਆਂ, ਪੁਲਿਸ, ਫ਼ੌਜ ਦੀ ਮਦਦ ਨਾਲ ਸਾਨੂੰ ਗ਼ੁਲਾਮ ਬਣਾਇਆ ਹੋਇਆ ਹੈ ਅਤੇ ਸਾਡਾ ਕੀ ਕਸੂਰ ਹੈ ਕਿ ਉਹ (ਮਨੁੱਖੀ) ਸਮਾਜ ਵਿਰੁੱਧ ਸਭ ਤੋਂ ਵੱਧ ਘਿਣਾਉਣਾ ਗੁਨਾਹ ਇਹ ਕਰ ਰਹੇ ਹਨ ਕਿ ਇਕ ਕੌਮ ਹੱਥੋਂ ਦੂਜੀ ਕੌਮ ਲੁੱਟੀ ਜਾ ਰਹੀ ਹੈ । ਕਿਥੇ ਹੈ ਰੱਬ ? ਉਹ ਕਰ ਕੀ ਰਿਹਾ ਹੈ ? ਕੀ ਉਹ ਮਨੁੱਖਤਾ ਦੀਆਂ ਇਨ੍ਹਾਂ ਸਾਰੀਆਂ ਦੁੱਖ-ਤਕਲੀਫ਼ਾਂ ਦਾ ਮਜ਼ਾ ਲੈ ਰਿਹਾ ਹੈ ? ਉਹ ਨੀਰੋ ਹੈ, ਉਹ ਚੰਗੇਜ਼ ਖ਼ਾਂ ਹੈ, ਰੱਬ ਮੁਰਦਾਬਾਦ !

ਤੁਸੀਂ ਮੈਨੂੰ ਇਹ ਪੁੱਛੋਗੇ ਕਿ ਇਸ ਦੁਨੀਆ ਦਾ, ਤੇ ਮਨੁੱਖ ਦਾ ਆਰੰਭ ਕਿਵੇਂ ਹੋਇਆ ਸੀ ? ਚਾਰਲਸ ਡਾਰਵਿਨ[1] ਨੇ ਇਸ ਵਿਸ਼ੇ ਬਾਰੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ । ਉਸ ਦਾ ਮੁਤਾਲਿਆ ਕਰੋ । ਸੋਹੰਮ ਸਵਾਮੀ ਦੀ ਕਿਤਾਬ 'ਕਾਮਨ ਸੈਂਸ' (ਸਾਧਾਰਨ ਗਿਆਨ) ਪੜ੍ਹੋ । ਤੁਹਾਨੂੰ ਇਸ ਸਵਾਲ ਦਾ ਕੁਝ ਹੱਦ ਤਕ ਜਵਾਬ ਮਿਲ ਜਾਵੇਗਾ । ਇਹ ਕੁਦਰਤ ਦਾ ਵਿਸ਼ਾ ਹੈ । ਵੱਖ-ਵੱਖ ਪਦਾਰਥਾਂ ਦੇ ਇਤਫ਼ਾਕੀਆ ਮੇਲ ਨਾਲ ਧਰਤੀ ਤੇ ਬੂਲੇ ਦੇ ਰੂਪ ਵਿਚ ਪੈਦਾ ਹੋਈ ਸੀ । ਕਦੋਂ ? ਇਹ ਜਾਣਨ ਲਈ ਇਤਿਹਾਸ ਪੜ੍ਹੋ । ਇਸ ਅਮਲ ਵਿਚ ਜਾਨਵਰ ਤੇ ਫੇਰ ਅਖ਼ੀਰ ਵਿਚ ਮਨੁੱਖ ਪੈਦਾ ਹੋਇਆ ਸੀ । ਤੁਸੀਂ ਡਾਰਵਿਨ ਦੀ ਕਿਤਾਬ 'ਓਰਿਜਨ ਆਫ਼ ਸਪੇਸੀਜ਼' ਪੜ੍ਹੋ ਅਤੇ ਉਸ ਤੋਂ ਮਗਰੋਂ ਜੋ ਵੀ ਉੱਨਤੀ ਹੋਈ, ਉਹ ਮਨੁੱਖ ਦੀ ਕੁਦਰਤ ਨਾਲ ਲਗਾਤਾਰ ਟੱਕਰ ਤੇ ਮਨੁੱਖ ਵਲੋਂ ਕੁਦਰਤ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਵਜੋਂ ਹੋਈ ਸੀ । ਧਰਤੀ ਦੇ ਆਦਿ ਬਾਰੇ ਇਹ ਸਭ ਤੋਂ ਸੰਖੇਪ-ਜਿਹਾ ਵੇਰਵਾ ਹੈ ।

ਤੁਹਾਡਾ ਅਗਲਾ ਸਵਾਲ ਇਹ ਹੋ ਸਕਦਾ ਹੈ ਕਿ ਪਿਛਲੇ ਜਨਮ ਵਿਚ ਮਾੜੇ ਕਰਮ ਨਾ ਕੀਤੇ ਹੋਣ ਤਾਂ ਕੋਈ ਬੱਚਾ ਅੰਨ੍ਹਾ ਜਾਂ ਲੰਗੜਾ ਕਿਉਂ ਜੰਮਦਾ ਹੈ ? ਜੀਵ-ਵਿਗਿਆਨੀਆਂ ਨੇ ਇਸ ਸੱਮਸਿਆ ਦਾ ਜ਼ਿਕਰ ਕੀਤਾ ਹੈ ਕਿ ਇਹ ਜੀਵ-ਵਿਗਿਆਨਿਕ ਵਿਸ਼ਾ ਹੈ । ਇਸ ਦੇ ਕਾਰਨ ਬੱਚੇ ਦੇ ਮਾਂ-ਪਿਉ ਦੇ ਜੀਵ-ਇਤਿਹਾਸ ਵਿਚ ਹੀ ਹੁੰਦੇ ਹਨ ।

ਕੁਦਰਤਨ ਤੁਸੀਂ ਇਕ ਹੋਰ ਸਵਾਲ ਪੁੱਛ ਸਕਦੇ ਹੋ : ਭਾਵੇਂ ਕਿ ਇਹ ਨਿਰਾ ਬਚਗਾਨਾ ਸਵਾਲ ਹੀ ਹੈ । ਉਹ ਸਵਾਲ ਇਹ ਹੈ ਕਿ ਜੇ ਰੱਬ ਨਹੀਂ ਸੀ ਤਾਂ ਫੇਰ ਲੋਕ ਉਸ ਨੂੰ ਮੰਨਣ ਕਿਵੇਂ ਲੱਗੇ ? ਮੇਰਾ ਜਵਾਬ ਸਪੱਸ਼ਟ ਤੇ ਸੰਖੇਪ ਹੋਵੇਗਾ । ਜਿਵੇਂ ਲੋਕ ਭੂਤ-ਪ੍ਰੇਤਾਂ ਨੂੰ ਮੰਨਣ ਲੱਗ ਪਏ ਸੀ । ਫ਼ਰਕ ਸਿਰਫ਼ ਇੰਨਾ ਹੈ ਕਿ ਰੱਬ ਵਿਚ ਵਿਸ਼ਵਾਸ ਤਕਰੀਬਨ ਸਰਬ-ਵਿਆਪਕ ਹੈ ਤੇ ਇਸ ਦਾ ਦਰਸ਼ਨ ਕਾਫ਼ੀ ਵਿਕਸਿਤ ਹੈ । ਪਰਿਵਰਤਨਕਾਰੀਆਂ (ਰੈਡੀਕਲਜ਼) ਵਾਂਗ ਮੇਰਾ ਇਹ ਵਿਚਾਰ ਨਹੀਂ ਹੈ ਕਿ ਰੱਬ ਆਦਿ ਲੁੱਟ-ਖਸੁੱਟ ਕਰਨ ਵਾਲਿਆਂ ਦੀ ਕਰਤੂਤ ਸੀ, ਤਾਂ ਕਿ ਉਹ ਸਰਬ-ਉੱਚ ਸੱਤਾ ਦੀ ਹੋਂਦ ਦਾ ਪ੍ਰਚਾਰ ਕਰ ਕੇ ਆਪਣੀਆਂ ਗੱਦੀਆਂ ਕਾਇਮ ਰੱਖਣ ਲਈ ਲੋਕਾਂ ਨੂੰ ਗ਼ੁਲਾਮ ਰੱਖ ਸਕਣ । ਭਾਵੇਂ ਕਿ ਉਨ੍ਹਾਂ ਨਾਲ ਮੇਰਾ ਇਸ ਜ਼ਰੂਰੀ ਨੁਕਤੇ ਨਾਲ ਕੋਈ ਮਤਭੇਦ ਨਹੀਂ ਹੈ ਕਿ ਸਾਰੇ ਧਾਰਮਿਕ ਮੱਤ, ਧਰਮ, ਸਿਧਾਂਤ ਤੇ ਹੋਰ ਇਹੋ ਜਿਹੀਆਂ ਸੰਸਥਾਵਾਂ, ਵਿਅਕਤੀਆਂ ਤੇ ਜਮਾਤਾਂ ਦੀਆਂ ਹਮਾਇਤੀ ਹੀ ਹੋ ਨਿੱਬੜਦੀਆਂ ਹਨ । ਹਰ ਧਰਮ ਇਹ ਕਹਿੰਦਾ ਹੈ ਕਿ ਬਾਦਸ਼ਾਹ ਵਿਰੁੱਧ ਬਗ਼ਾਵਤ ਕਰਨਾ ਹਮੇਸ਼ਾ ਹੀ ਪਾਪ ਹੁੰਦਾ ਹੈ ।

ਰੱਬ ਦੇ ਆਦਿ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਜਦ ਮਨੁੱਖ ਨੂੰ ਆਪਣੀਆਂ ਸੀਮਾਵਾਂ ਕਮਜ਼ੋਰੀਆਂ ਤੇ ਕਮੀਆਂ ਦਾ ਅਹਿਸਾਸ ਹੋ ਗਿਆ ਤਾਂ ਉਸ ਨੇ ਰੱਬ ਦੀ ਕਾਲਪਨਿਕ ਹੋਂਦ ਬਣਾ ਲਈ, ਤਾਂ ਕਿ ਸਾਰੇ ਖ਼ਤਰਿਆਂ ਦਾ ਜਵਾਂ-ਮਰਦੀ ਨਾਲ ਮੁਕਾਬਲਾ ਕਰ ਸਕੇ ਅਤੇ ਖ਼ੁਸ਼ਹਾਲੀ ਤੇ ਅਮੀਰੀ ਦੀ ਹਾਲਤ ਵਿਚ ਆਪਣੀਆਂ ਇੱਛਾਵਾਂ 'ਤੇ ਕਾਬੂ ਪਾ ਸਕੇ । ਮਨੁੱਖ ਨੇ ਰੱਬ ਨੂੰ ਇਹਦੇ ਨਿੱਜਪੂਰਕ ਨੇਮਾਂ ਤੇ ਪਾਲਣਹਾਰ ਗੁਣਾਂ ਦੇ ਰੂਪ ਵਿਚ ਚਿਤਵਿਆ ਸੀ ਤੇ ਚਿਤਰਿਆ ਸੀ । ਉਹਦੀ ਕਰੋਪੀ ਤੇ ਨਿੱਜਪੂਰਕ ਨੇਮਾਂ ਨੂੰ ਵਿਚਾਰਨ ਵੇਲੇ ਉਹ ਤਾੜਨਾ ਦਾ ਕੰਮ ਦਿੰਦਾ ਸੀ ਤਾਂ ਕਿ ਮਨੁੱਖ ਸਮਾਜ ਵਾਸਤੇ ਖ਼ਤਰਾ ਨਾ ਬਣ ਜਾਵੇ । ਉਹਦੇ ਪਾਲਣਹਾਰ ਗੁਣਾਂ ਵਿਚ ਉਹ ਮਾਂ-ਪਿਤਾ, ਭੈਣ-ਭਾਈ, ਦੋਸਤ ਤੇ ਮਦਦਗਾਰ ਸੀ ਤਾਂ ਕਿ ਉਸ ਹਾਲਤ ਵਿਚ ਜਦ ਬੰਦੇ ਨੂੰ ਔਖੇ ਵੇਲੇ ਹਰ ਕੋਈ ਛੱਡ ਜਾਵੇ ਤਾਂ ਉਸ ਘੜੀ ਵੀ ਬੰਦੇ ਨੂੰ ਇਹ ਧਰਵਾਸ ਰਹੇ ਕਿ ਉਹਦੀ ਮਦਦ ਕਰਨ ਲਈ ਉਹਨੂੰ ਢਾਰਸ ਦੇਣ ਲਈ ਸਦਾ ਸਲਾਮਤ ਰਹਿਣ ਵਾਲਾ ਸੱਚਾ ਮਿੱਤਰ ਰੱਬ ਹੈ । ਆਦਿ ਕਾਲ ਵਿਚ ਰੱਬ ਸੱਚੇ ਅਰਥਾਂ ਵਿਚ ਸਮਾਜ ਲਈ ਲਾਹੇਵੰਦ ਸੀ । ਔਖੀ ਘੜੀ ਵੇਲੇ ਰੱਬ ਦਾ ਵਿਚਾਰ ਬੰਦੇ ਲਈ ਮਦਦਗਾਰ ਹੁੰਦਾ ਹੈ ।

ਸਮਾਜ ਨੇ ਜਿਵੇਂ ਬੁੱਤ-ਪੂਜਾ ਤੇ ਧਰਮ ਦੇ ਤੰਗਨਜ਼ਰ ਸੰਕਲਪ ਵਿਰੁੱਧ ਲੜਾਈ ਲੜੀ ਸੀ, ਉਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁੱਧ ਲੜਨਾ ਪੈਣਾ ਹੈ । ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਖੜਾ ਹੋਣ ਦੀ ਕੋਸ਼ਿਸ਼ ਕਰਨ ਲੱਗੇ ਤੇ ਯਥਾਰਥਵਾਦੀ ਹੋਣ ਲੱਗੇ ਤਾਂ ਉਹਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁੱਟਣਾ ਪਵੇਗਾ । ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ । ਮੇਰੇ ਦੋਸਤੋ, ਮੇਰਾ ਇਹ ਕੋਈ ਅਹੰਕਾਰ ਨਹੀਂ ਹੈ । ਮੈਂ ਆਪਣੀ ਸੋਚਣ-ਵਿਧੀ ਨਾਲ ਹੀ ਨਾਸਤਕ ਬਣਿਆ ਹਾਂ । ਮੇਰਾ ਖ਼ਿਆਲ ਨਹੀਂ ਕਿ ਰੱਬ ਵਿਚ ਵਿਸ਼ਵਾਸ ਕਰਨ ਨਾਲ ਤੇ ਹਰ ਰੋਜ਼ ਅਰਦਾਸ ਕਰਨ ਨਾਲ (ਜਿਹੜਾ ਕਿ ਮਨੁੱਖ ਦਾ ਸਭ ਤੋਂ ਖ਼ੁਦਗਰਜ਼ੀ ਕਰਨ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ) ਮੇਰਾ ਕੁਝ ਸੌਰ ਸਕਦਾ ਹੈ ਜਾਂ ਇਹਦੇ ਨਾਲ ਮੇਰੀ ਹਾਲਤ ਹੋਰ ਵੀ ਭੈੜੀ ਹੋ ਜਾਵੇਗੀ । ਮੈਂ ਉਨ੍ਹਾਂ ਨਾਸਤਕਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਨੇ ਡਟ ਕੇ ਮੁਸ਼ਕਲਾਂ ਦਾ ਸਾਹਮਣਾ ਕੀਤਾ ਸੀ । ਇਸੇ ਲਈ ਮੈਂ ਅਖ਼ੀਰ ਤਕ ਫਾਂਸੀ ਦੇ ਤਖ਼ਤੇ 'ਤੇ ਵੀ, ਮਰਦ ਵਾਂਗ ਸਿਰ ਤਾਣ ਕੇ ਸਾਬਤ-ਕਦਮ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ।

ਦੇਖੀਏ, ਮੈਂ ਇਸ 'ਤੇ ਕਿੰਨਾ ਕੁ ਪੂਰਾ ਉਤਰਦਾ ਹਾਂ । ਮੇਰੇ ਕਿਸੇ ਦੋਸਤ ਨੇ ਮੈਨੂੰ ਅਰਦਾਸ ਕਰਨ ਲਈ ਕਿਹਾ ਸੀ । ਜਦ ਮੈਂ ਉਹਨੂੰ ਦੱਸਿਆ ਕਿ ਮੈਂ ਤਾਂ ਨਾਸਤਕ ਹਾਂ, ਤਾਂ ਕਹਿਣ ਲੱਗਾ : "ਦੇਖੀਂ ਆਪਣੇ ਅਖ਼ੀਰੀ ਦਿਨਾਂ 'ਚ ਤੂੰ ਰੱਬ ਨੂੰ ਮੰਨਣ ਲੱਗ ਜਾਵੇਂਗਾ ।" ਮੈਂ ਅੱਗੋਂ ਕਿਹਾ, "ਨਹੀਂ ਪਿਆਰੇ ਜਨਾਬ ਜੀ, ਇਸ ਤਰ੍ਹਾਂ ਹਰਗਿਜ਼ ਨਹੀਂ ਹੋਣ ਲੱਗਾ । ਇੰਜ ਕਰਨਾ ਮੇਰੇ ਲਈ ਬੜੀ ਘਟੀਆ ਤੇ ਪਸਤੀ ਵਾਲੀ ਗੱਲ ਹੋਵੇਗੀ । ਖ਼ੁਦਗਰਜ਼ੀ ਵਾਸਤੇ ਮੈਂ ਅਰਦਾਸ ਨਹੀਂ ਕਰਨੀ । ਪਾਠਕੋ ਤੇ ਦੋਸਤੋ, ਕੀ ਇਹ ਹਉਮੈਂ ਹੈ ? ਜੇ ਇਹ ਹੈ ਤਾਂ ਮੈਂ ਇਸ ਲਈ ਦ੍ਰਿੜ੍ਹ ਹਾਂ ।

## ਸਾਹਿਤ ਦੀ ਪਰਖ : 'ਡਰੀਮਲੈਂਡ' ਦੀ ਭੂਮਿਕਾ

*—15 ਜਨਵਰੀ, 1931*

*(ਲਾਲਾ ਰਾਮ ਸਰਨ ਦਾਸ ਆਜ਼ਾਦੀ ਦੀ ਲੜਾਈ ਦੇ ਉਨ੍ਹਾਂ ਘੱਟ ਜਾਣੇ ਜਾਣ ਵਾਲੇ ਸਿਪਾਹੀਆਂ ਵਿਚੋਂ ਹਨ, ਜਿਹੜੇ ਜਦ ਤੁਰ ਪਏ, ਮੰਜ਼ਲੇ-ਆਜ਼ਾਦੀ ਲਈ ਤਾਂ ਫਿਰ ਕਦੀ ਸਾਹ ਨਹੀਂ ਲਿਆ। ਮੁਸੀਬਤਾਂ ਝੱਲਦੇ ਰਹੇ, ਲੜਾਈ ਲੜਦੇ ਰਹੇ। 1907 ਵਿਚ ਸ. ਅਜੀਤ ਸਿੰਘ ਨਾਲ ਉਨ੍ਹਾਂ ਆਜ਼ਾਦੀ ਦੀ ਜੰਗ ਵਿਚ ਕਦਮ ਰੱਖਿਆ। ਗ਼ਦਰ ਪਾਰਟੀ ਦੇ ਆਜ਼ਾਦੀ ਤੇ ਬਰਾਬਰੀ ਦੇ ਯੱਗ ਵਿਚ ਪੂਰਾ ਯੋਗਦਾਨ ਪਾਇਆ। ਉਮਰ ਕੈਦ ਕੱਟੀ ਤੇ ਜਦ ਬਾਹਰ ਆਏ ਤਾਂ ਸ਼ਹੀਦ ਭਗਤ ਸਿੰਘ ਦੀ ਲਹਿਰ ਚੱਲ ਰਹੀ ਸੀ। ਉਸ ਵਿਚ ਮਦਦਗਾਰ ਬਣ ਗਏ। ਲਾਹੌਰ ਸਾਜ਼ਿਸ਼ ਕੇਸ ਵਿਚ ਘਸੀਟ ਲਿਆ ਗਿਆ। ਸ਼ਹੀਦ ਭਗਤ ਸਿੰਘ ਦੇ ਸੁਝਾਅ 'ਤੇ ਉਨ੍ਹਾਂ ਕੁਝ ਅਜਿਹੇ ਦਾਅ-ਪੇਚ ਖੇਡੇ ਕਿ ਦੁਬਾਰਾ ਉਮਰ ਕੈਦ ਤੋਂ ਬਚ ਗਏ ਪਰ ਪੰਜ ਸਾਲ ਦੀ ਸਜ਼ਾ ਹੋਈ। 15 ਜਨਵਰੀ, 1931 ਨੂੰ ਉਨ੍ਹਾਂ ਭਗਤ ਸਿੰਘ ਨੂੰ ਆਪਣੀ ਕਿਤਾਬ 'ਡਰੀਮਲੈਂਡ', ਜੋ ਸਲੇਮ ਕੇਂਦਰੀ ਜੇਲ੍ਹ, ਮਦਰਾਸ ਵਿਚ ਸਜ਼ਾ ਕੱਟਦੇ ਹੋਏ, ਅੰਗਰੇਜ਼ੀ ਵਿਚ ਲਿਖੀ ਸੀ, ਦੇ ਮੁੱਖਬੰਦ ਲਈ ਕਿਹਾ। ਇਸ ਕਰ ਕੇ ਇਹ ਭੂਮਿਕਾ, ਜੋ ਭਗਤ ਸਿੰਘ ਦੀ ਵਿਚਾਰਧਾਰਕ ਪੱਖ ਤੋਂ ਇਕ ਅਹਿਮ ਦਸਤਾਵੇਜ਼ ਹੈ, ਸਾਡੇ ਤਕ ਅੱਪੜ ਸਕੀ।)*

## 'ਡਰੀਮਲੈਂਡ' ਦੀ ਭੂਮਿਕਾ

ਮੇਰੇ ਚੰਗੇ ਦੋਸਤ ਲਾਲਾ ਰਾਮ ਸਰਨ ਦਾਸ ਹੁਰਾਂ ਮੈਨੂੰ ਆਪਣੇ ਕਾਵਿ-ਸੰਗ੍ਰਹਿ 'ਡਰੀਮਲੈਂਡ' (ਸੁਪਨਦੇਸ਼) ਦੀ ਭੂਮਿਕਾ ਲਿਖਣ ਨੂੰ ਕਿਹਾ ਹੈ। ਮੈਂ ਨਾ ਤਾਂ ਸ਼ਾਇਰ ਹਾਂ, ਨਾ ਸਾਹਿਤਕਾਰ, ਨਾ ਕੋਈ ਪੱਤਰਕਾਰ ਹਾਂ ਅਤੇ ਨਾ ਹੀ ਆਲੋਚਕ। ਇਸ ਲਈ ਮੈਂ ਕਿਸੇ ਤਰ੍ਹਾਂ ਵੀ ਉਨ੍ਹਾਂ ਦੀ ਮੰਗ ਪੂਰੀ ਨਹੀਂ ਕਰ ਸਕਦਾ। ਪਰ ਜਿਹੋ-ਜਿਹੇ ਹਾਲਾਤ ਵਿਚ ਮੈਂ ਹਾਂ, ਉਨ੍ਹਾਂ ਕਾਰਨ ਮੈਂ ਲੇਖਕ ਨਾਲ ਸਮੱਸਿਆ ਬਾਰੇ ਬਹਿਸ-ਮੁਬਾਹਿਸਾ ਵੀ ਨਹੀਂ ਕਰ ਸਕਦਾ। ਫੇਰ ਤਾਂ ਮੇਰੇ ਕੋਲ ਇਕੋ ਹੀ ਰਾਹ ਹੈ ਕਿ ਮੈਂ ਆਪਣੇ ਦੋਸਤ ਦੀ ਇੱਛਾ ਪੂਰੀ ਕਰ ਹੀ ਦਿਆਂ।

ਕਿਉਂਕਿ ਮੈਂ ਕਵੀ ਨਹੀਂ ਹਾਂ, ਇਸ ਲਈ ਮੈਂ ਕਿਤਾਬ ਬਾਰੇ ਕਵਿਤਾ ਦੇ ਦ੍ਰਿਸ਼ਟੀਕੋਣ ਤੋਂ ਬਹਿਸ ਨਹੀਂ ਕਰਾਂਗਾ। ਮੈਨੂੰ ਛੰਦਬੰਦੀ ਦਾ ਅਸਲੋਂ ਹੀ ਕੋਈ ਇਲਮ ਨਹੀਂ ਹੈ, ਤੇ ਮੈਂ ਇਹ ਵੀ ਨਹੀਂ ਜਾਣਦਾ ਕਿ ਛੰਦਬੰਦੀ ਦੇ ਲਿਹਾਜ਼ ਨਾਲ ਪਰਖਿਆਂ ਵੀ ਇਹ ਕਿਤਾਬ ਪੂਰੀ ਉਤਰੇਗੀ ਜਾਂ ਨਹੀਂ। ਕਿਉਂਕਿ ਮੈਂ ਸਾਹਿਤਕਾਰ ਨਹੀਂ ਹਾਂ, ਇਸ ਲਈ ਮੈਂ ਇਸ ਕਿਤਾਬ ਨੂੰ ਕੌਮੀ ਸਾਹਿਤ ਵਿਚ ਯੋਗ ਥਾਂ ਦਿਵਾਉਣ ਦੀ ਦ੍ਰਿਸ਼ਟੀ ਨਾਲ ਵੀ ਨਹੀ ਵਿਚਾਰਾਂਗਾ।

ਮੈਂ ਸਿਆਸੀ ਕਾਰਕੁੰਨ ਹਾਂ ਤੇ ਵੱਧ ਤੋਂ ਵੱਧ ਮੈਂ ਇਸ ਕਿਤਾਬ ਨੂੰ ਸਿਆਸੀ ਨਜ਼ਰੀਏ ਤੋਂ ਹੀ ਵਿਚਾਰ ਸਕਦਾ ਹਾਂ। ਇਸ ਨਜ਼ਰੀਏ ਤੋਂ ਵਿਚਾਰਨਾ ਹੀ ਐਸ ਵੇਲੇ ਬਿਲਕੁਲ ਅਸੰਭਵ ਜਾਂ ਕਮ-ਅਜ਼-ਕਮ ਬਹੁਤ ਮੁਸ਼ਕਲ ਕੰਮ ਹੈ। ਅਸੂਲਨ ਤੌਰ 'ਤੇ ਭੂਮਿਕਾ ਹਮੇਸ਼ਾ ਉਹ ਵਿਅਕਤੀ ਲਿਖਿਆ ਕਰਦਾ ਹੈ, ਜੋ ਲੇਖਕ ਦੀ ਕਿਰਤ ਨਾਲ ਸਹਿਮਤ ਹੋਵੇ। ਪਰ ਇਥੇ ਮੁਆਮਲਾ ਅਸਲੋਂ ਹੀ ਵੱਖਰਾ ਹੈ। ਮੈਂ ਆਪਣੇ ਦੋਸਤ ਨਾਲ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ ਹਾਂ। ਲਾਲਾ ਜੀ ਨੂੰ ਇਸ ਗੱਲ ਦਾ ਪਤਾ ਸੀ ਕਿ ਕਈ ਅਹਿਮ ਨੁਕਤਿਆਂ ਬਾਰੇ ਮੇਰਾ ਉਨ੍ਹਾਂ ਨਾਲ ਮਤਭੇਦ ਸੀ। ਇਸ ਲਈ ਮੇਰੀ ਇਹ ਲਿਖਤ ਭੂਮਿਕਾ ਕਤੱਈ ਨਹੀਂ ਹੋਣ ਲੱਗੀ। ਵੱਧ ਤੋਂ ਵੱਧ ਇਹ ਆਲੋਚਨਾ ਹੋ ਸਕਦੀ ਹੈ ਅਤੇ ਇਸ ਦੀ ਜਗ੍ਹਾ ਕਿਤਾਬ ਦੇ ਅਖ਼ੀਰ ਵਿਚ ਹੋਵੇਗੀ, ਸ਼ੁਰੂ ਵਿਚ ਨਹੀਂ।

ਸਿਆਸੀ ਖੇਤਰ ਵਿਚ 'ਡਰੀਮਲੈਂਡ' ਦੀ ਬਹੁਤ ਅਹਿਮ ਥਾਂ ਹੈ। ਮੌਜੂਦਾ ਹਾਲਾਤ ਵਿਚ ਇਹ ਕਿਤਾਬ ਲਹਿਰ ਦੇ ਖੱਪੇ ਨੂੰ ਪੂਰ ਰਹੀ ਹੈ। ਦਰਅਸਲ ਸਾਡੇ ਮੁਲਕ ਦੇ ਅਜੋਕੇ ਇਤਿਹਾਸ ਵਿਚ ਅਹਿਮ ਰੋਲ ਅਦਾ ਕਰਨ ਵਾਲੀਆਂ ਸਾਰੀਆਂ ਲਹਿਰਾਂ ਮਨੋਰਥ ਦੇ ਆਦਰਸ਼ ਤੋਂ ਵਿਰਵੀਆਂ ਰਹੀਆਂ ਹਨ। ਇਨਕਲਾਬੀ ਲਹਿਰ ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੈ। ਆਪਣੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਮੈਨੂੰ ਸਪੱਸ਼ਟ ਵਿਚਾਰਾਂ ਵਾਲੀ ਕੋਈ ਇਨਕਲਾਬੀ ਪਾਰਟੀ ਨਜ਼ਰ ਨਹੀਂ ਆਈ। ਇਕੋ-ਇਕ ਗ਼ਦਰ ਪਾਰਟੀ ਸੀ, ਜੋ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਤੋਂ ਪ੍ਰੇਰਿਤ ਹੋ ਕੇ ਮੌਜੂਦਾ ਸਰਕਾਰ ਦੀ ਥਾਂ ਪ੍ਰਜਾਤੰਤਰਿਕ (ਰੀਪਬਲਿਕਨ) ਕਿਸਮ ਦੀ ਸਰਕਾਰ ਕਾਇਮ ਕਰਨ ਲਈ ਸਪੱਸ਼ਟ ਰੂਪ ਵਿਚ ਕਹਿੰਦੀ ਸੀ। ਦੂਜੀਆਂ ਸਾਰੀਆਂ ਪਾਰਟੀਆਂ ਦਾ ਬੱਸ ਇਕੋ-ਇਕ ਨਿਸ਼ਾਨਾ ਸੀ, ਉਹ ਸੀ ਵਿਦੇਸ਼ੀ ਹਾਕਮਾਂ ਦੇ ਖ਼ਿਲਾਫ਼ ਲੜਨਾ। ਇਹ ਵਿਚਾਰ ਤਾਂ ਸਲਾਹੁਣਯੋਗ ਹੈ, ਪਰ ਇਹਨੂੰ ਇਨਕਲਾਬੀ ਵਿਚਾਰ ਨਹੀਂ ਕਿਹਾ ਜਾ ਸਕਦਾ। ਸਾਨੂੰ ਲਾਜ਼ਮੀ ਤੌਰ 'ਤੇ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਇਨਕਲਾਬ ਦਾ ਮਤਲਬ ਨਿਰੀ ਉਥਲ-ਪੁਥਲ ਜਾਂ ਖ਼ੂਨੀ ਲੜਾਈ ਨਹੀਂ ਹੁੰਦੀ। ਇਨਕਲਾਬ ਦਾ ਲਾਜ਼ਮੀ ਭਾਵ ਮੌਜੂਦਾ ਹਾਲਾਤ (ਯਾਨੀ ਰਾਜ ਪ੍ਰਬੰਧ) ਨੂੰ ਪੂਰੀ ਤਰ੍ਹਾਂ ਤਬਾਹ ਕਰ ਕੇ ਸਮਾਜ ਦੇ ਨਵੇਂ ਤੇ ਚੰਗੇਰੇ ਅਨੁਕੂਲਤ ਆਧਾਰ 'ਤੇ ਕੀਤੀ ਜਾਣ ਵਾਲੀ ਬਾਕਾਇਦਾ ਮੁੜ-ਉਸਾਰੀ ਦੇ ਪ੍ਰੋਗਰਾਮ ਤੋਂ ਹੁੰਦਾ ਹੈ।

(ਸਾਡੇ) ਸਿਆਸੀ ਖੇਤਰ ਵਿਚ ਲਿਬਰਲ (ਨਰਮਦਲੀਏ) ਮੌਜੂਦਾ ਸਰਕਾਰ ਦੇ ਅਧੀਨ ਕੁਝ ਸੁਧਾਰ ਚਾਹੁੰਦੇ ਸਨ, ਜਦਕਿ ਗਰਮਦਲੀਆਂ ਦੀ ਮੰਗ ਇਸ ਤੋਂ ਰਤਾ ਅਗਾਂਹ ਸੀ ਅਤੇ ਉਹ ਇਸ ਮਕਸਦ ਲਈ ਪਰਿਵਰਤਨਕਾਰੀ ਤਰੀਕੇ ਅਪਨਾਉਣ ਲਈ ਤਿਆਰ ਸਨ। ਇਨਕਲਾਬੀ ਹਮੇਸ਼ਾ ਸਿਰੇ ਦੇ ਤਰੀਕਿਆਂ ਦੇ ਹਮਾਇਤੀ ਰਹੇ, ਉਨ੍ਹਾਂ ਦਾ ਨਿਸ਼ਾਨਾ ਇਕੋ ਹੀ ਸੀ ਕਿ ਵਿਦੇਸ਼ੀ ਗ਼ਲਬੇ ਨੂੰ ਉਲਟਾ ਦਿੱਤਾ ਜਾਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਇਹੋ ਜਿਹੇ ਵੀ ਲੋਕ ਸਨ, ਜੋ ਉਨ੍ਹਾਂ ਤਰੀਕਿਆਂ ਰਾਹੀਂ ਕੁਝ ਸੁਧਾਰਾਂ ਦੇ ਹਮਾਇਤੀ ਸਨ। ਇਨ੍ਹਾਂ ਸਾਰੀਆਂ ਲਹਿਰਾਂ ਨੂੰ ਸਹੀ ਅਰਥਾਂ ਵਿਚ ਇਨਕਲਾਬੀ ਲਹਿਰਾਂ ਦਾ ਨਾਂ ਨਹੀਂ ਦਿੱਤਾ ਜਾ ਸਕਦਾ।

ਪਰ ਲਾਲਾ ਰਾਮ ਸਰਨ ਦਾਸ ਹੁਰੀਂ ਪੰਜਾਬ ਦੇ ਪਹਿਲੇ ਇਨਕਲਾਬੀ ਸਨ, ਜਿਨ੍ਹਾਂ ਨੂੰ ਕਿਸੇ ਬੰਗਾਲੀ ਮਫ਼ਰੂਰ ਨੇ 1908 ਵਿਚ ਬਾਕਾਇਦਾ ਰੂਪ ਵਿਚ ਭਰਤੀ ਕੀਤਾ ਸੀ। ਫੇਰ ਇਨ੍ਹਾਂ ਦਾ ਇਨਕਲਾਬੀ ਲਹਿਰਾਂ ਨਾਲ ਸੰਬੰਧ ਰਿਹਾ

ਅਤੇ ਅਖ਼ੀਰ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਏ ਪਰ ਇਨ੍ਹਾਂ ਦੇ ਵਿਚਾਰ ਪਹਿਲੀ ਲਹਿਰ ਦੇ ਆਦਰਸ਼ ਵਾਲੇ ਹੀ ਰਹੇ । ਇਸ ਕਿਤਾਬ ਦੀ ਖ਼ੂਬਸੂਰਤੀ ਤੇ ਕਦਰ ਵਧਾਉਣ ਵਾਲਾ ਇਕ ਹੋਰ ਦਿਲਚਸਪ ਤੱਥ ਹੈ । ਲਾਲਾ ਜੀ ਨੂੰ **1915** ਵਿਚ ਫਾਂਸੀ ਦੀ ਸਜ਼ਾ ਹੋਈ ਸੀ ਤੇ ਮਗਰੋਂ ਟੁੱਟ ਕੇ ਉਮਰ ਕੈਦ ਵਿਚ ਬਦਲ ਗਈ । ਅੱਜ ਮੈਂ ਆਪ ਫਾਂਸੀ ਕੋਠੀ ਵਿਚ ਬੈਠਾ ਪਾਠਕਾਂ ਨੂੰ ਦਾਅਵੇ ਨਾਲ ਦੱਸ ਸਕਦਾ ਹਾਂ ਕਿ ਉਮਰ ਕੈਦ ਮੌਤ ਨਾਲੋਂ ਮੁਕਾਬਲਤਨ ਕਿਤੇ ਵੱਧ ਸਜ਼ਾ ਹੁੰਦੀ ਹੈ । ਲਾਲਾ ਰਾਮ ਸਰਨ ਦਾਸ ਹੁਰਾਂ ਨੂੰ ਚੌਦ੍ਹਾਂ ਵਰ੍ਹਿਆਂ ਦੀ ਪੱਕੀ ਕੈਦ ਕੱਟਣੀ ਪਈ । ਇਨ੍ਹਾਂ ਨੇ ਇਹ ਕਵਿਤਾਵਾਂ ਦੱਖਣ ਦੀ ਕਿਸੇ ਜੇਲ੍ਹ ਵਿਚ ਲਿਖੀਆਂ ਸਨ । ਉਸ ਵੇਲੇ ਜੋ ਕਵੀ ਦੀ ਮਾਨਸਿਕ ਹਾਲਤ ਸੀ ਤੇ ਜੋ ਇਨ੍ਹਾਂ ਦੇ ਅੰਦਰ ਜੱਦੋ-ਜਹਿਦ ਚੱਲ ਰਹੀ ਸੀ, ਉਸ ਦੀ ਛਾਪ ਇਨ੍ਹਾਂ ਦੀਆਂ ਕਵਿਤਾਵਾਂ 'ਤੇ ਹੈ, ਜਿਸ ਸਦਕਾ ਇਹ ਵਧੇਰੇ ਖ਼ੂਬਸੂਰਤ ਤੇ ਦਿਲਚਸਪ ਹੋ ਗਈਆਂ ਹਨ । ਇਨ੍ਹਾਂ ਨੂੰ ਲਿਖਣ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਬੜੇ ਢਾਹੂ ਵਿਚਾਰਾਂ ਨਾਲ ਜੱਦੋ-ਜਹਿਦ ਕਰਦੇ ਰਹੇ । ਜਿਨ੍ਹੀਂ ਦਿਨੀਂ ਇਨ੍ਹਾਂ ਦੇ ਬਹੁਤ ਸਾਰੇ ਸਾਥੀ ਨੇਕਚਲਨੀ ਦਾ ਵਿਸ਼ਵਾਸ ਦੇ ਕੇ ਰਿਹਾਅ ਹੋ ਚੁੱਕੇ ਸਨ ਅਤੇ ਇਨ੍ਹਾਂ ਸਮੇਤ ਹਰ ਕੋਈ ਰਿਹਾਅ ਹੋਣ ਲਈ ਬੇਤਾਬ ਸੀ ਅਤੇ ਪਤਨੀ ਤੇ ਬੱਚਿਆਂ ਦੀਆਂ ਮਿੱਠੀਆਂ ਤੇ ਦਰਦਨਾਕ ਯਾਦਾਂ ਨੇ ਆਜ਼ਾਦ ਹੋਣ ਦੀ ਬੇਤਾਬੀ ਹੋਰ ਵਧਾ ਦਿੱਤੀ ਸੀ, ਤਾਂ ਉਸ ਹਾਲਤ ਵਿਚ ਲਾਲਾ ਰਾਮ ਸਰਨ ਦਾਸ ਜੀ ਨੂੰ ਇਨ੍ਹਾਂ ਢਾਹੂ ਗੱਲਾਂ ਵਿਰੁੱਧ ਜ਼ੋਰਦਾਰ ਜੱਦੋਜਹਿਦ ਕਰਨੀ ਪਈ ਸੀ ਅਤੇ ਇਨ੍ਹਾਂ ਨੇ ਆਪਣਾ ਧਿਆਨ ਕਵਿਤਾ ਲਿਖਣ ਵੱਲ ਲਾ ਦਿੱਤਾ ਸੀ । ਇਸੇ ਕਾਰਨ ਸ਼ੁਰੂ ਦੇ ਬੰਦ ਵਿਚ ਹੀ ਸਾਨੂੰ ਜਜ਼ਬਾਤ ਦੀ ਛੱਲ ਨਜ਼ਰ ਆਉਂਦੀ ਹੈ :

**Wife, Childern, Friends that me surround**
**Were poisonous snakes all around.**
ਪਤਨੀ, ਬੱਚੇ, ਸੱਜਣ ਮੇਰੇ ਚਾਰ ਚੁਫੇਰੇ,
ਲੱਗਦੇ ਮੈਨੂੰ ਨਾਗ ਜ਼ਹਿਰੀਲੇ ।

ਰਾਮ ਸਰਨ ਜੀ ਸ਼ੁਰੂ ਵਿਚ ਹੀ ਦਰਸ਼ਨ ਦੀ ਗੱਲ ਕਰਦੇ ਹਨ । ਇਹ ਦਰਸ਼ਨ ਬੰਗਾਲ ਦੀਆਂ ਤੇ ਪੰਜਾਬ ਦੀਆਂ ਸਾਰੀਆਂ ਇਨਕਲਾਬੀ ਲਹਿਰਾਂ ਦੀ ਰੀੜ੍ਹ ਦੀ ਹੱਡੀ ਹੈ । ਇਸ ਨੁਕਤੇ ਤੋਂ ਮੇਰਾ ਕਵੀ ਨਾਲ ਬਹੁਤ ਵੱਡਾ ਮਤਭੇਦ ਹੈ । ਇਨ੍ਹਾਂ ਦੀ ਕੀਤੀ ਬ੍ਰਹਿਮੰਡ ਦੀ ਵਿਆਖਿਆ ਉਦੇਸ਼ਵਾਸੀ (**Teleogical**) ਤੇ ਪਰਾਭੌਤਿਕ (**Metaphysical**) ਹੈ । ਜਦਕਿ ਮੈਂ ਪਦਾਰਥਵਾਦੀ ਹਾਂ ਅਤੇ ਇਸ ਦ੍ਰਿਸ਼ਟਮਾਨ ਬਾਰੇ ਮੇਰੀ ਵਿਆਖਿਆ ਕ੍ਰਿਆਤਮਕ (**Causal**) ਹੋਵੇਗੀ । ਤਾਂ ਵੀ, ਇਸ ਕਿਤਾਬ ਦੀ ਹਰ ਲਿਹਾਜ਼ ਨਾਲ ਪ੍ਰਾਸੰਗਿਕਤਾ ਹੈ । ਸਾਡੇ ਮੁਲਕ ਵਿਚ ਜੋ ਆਮ ਵਿਚਾਰ ਪ੍ਰਚੱਲਿਤ ਹਨ, ਉਹ ਕਵੀ ਦੇ ਪ੍ਰਗਟਾਏ ਵਿਚਾਰਾਂ ਨਾਲ ਮੇਲ ਖਾਂਦੇ ਹਨ । ਉਦਾਸੀ ਦੂਰ ਕਰਨ ਲਈ ਇਨ੍ਹਾਂ ਨੇ ਪ੍ਰਾਰਥਨਾ ਦਾ ਸਹਾਰਾ ਲਿਆ ਸੀ, ਜਿਵੇਂ ਕਿ ਕਿਤਾਬ ਦਾ ਸਾਰਾ ਸ਼ੁਰੂ ਦਾ ਹਿੱਸਾ ਰੱਬ, ਉਹਦੀ ਉਸਤਤਿ, ਉਹਦੀ ਵਿਆਖਿਆ ਨਾਲ ਭਰਿਆ ਪਿਆ ਹੈ । ਰੱਬ ਦਾ ਵਿਸ਼ਵਾਸ ਰਹੱਸਵਾਦ ਦਾ ਸਿੱਟਾ ਹੁੰਦਾ ਹੈ, ਜੋ ਕਿ ਉਦਾਸੀ ਦਾ ਕੁਦਰਤੀ ਇਜ਼ਹਾਰ ਹੁੰਦਾ ਹੈ । ਇਹ ਕਹਿਣਾ ਕਿ ਇਹ ਦੁਨੀਆ 'ਮਾਇਆ' ਜਾਂ 'ਮਿਥਿਆ' ਹੈ, ਸੁਪਨਾ ਜਾਂ ਕਲਪਨਾ ਹੈ, ਸਰੀਹਣ ਰਹੱਸਵਾਦ ਹੈ, ਜਿਹਨੂੰ ਪੁਰਾਣੇ ਸਮਿਆਂ ਦੇ ਸ਼ੰਕਰਾਚਾਰੀਆ ਤੇ ਹੋਰ ਹਿੰਦੂ ਰਿਸ਼ੀਆਂ ਨੇ ਜਨਮ ਦੇ ਕੇ ਵਿਕਸਿਤ ਕੀਤਾ ਸੀ । ਪਰ ਪਦਾਰਥਵਾਦੀ ਦਰਸ਼ਨ ਵਿਚ ਇਸ ਕਿਸਮ ਦੀ ਵਿਚਾਰ-ਵਿਧੀ ਲਈ ਕੋਈ ਥਾਂ ਨਹੀਂ ਹੈ । ਪਰ ਕਵੀ ਦਾ ਰਹੱਸਵਾਦ ਕਿਸੇ ਤਰ੍ਹਾਂ ਵੀ ਤੁੱਛ ਜਾਂ ਨਿੰਦਣਯੋਗ ਨਹੀਂ ਹੈ । ਇਹਦੀ ਆਪਣੀ ਖ਼ੂਬਸੂਰਤੀ ਤੇ ਕਸ਼ਿਸ਼ ਹੈ । ਵਿਚਾਰ ਉਤਸ਼ਾਹ ਵਧਾਉਣ ਵਾਲੇ ਹਨ । ਜ਼ਰਾ ਵੇਖੋ :

**Be a foundation stone obscure,**
**And on thy breast cheerfully beer.**
**The architecture vast and huge,**
**In suffering find true refuge.**
**Envy not the plastered top-stone,**
**On which all wordly praise is throw....**
ਧਰਤ ਹੇਠ ਲੱਗਾ ਸੰਗ-ਇ-ਬੁਨਿਆਦ ਹੋ ਜਾਓ
ਵੱਡੇ ਉਸਰੇ ਕਲੱਬ ਮਕਾਨ ਦਾ ਜੀ
ਸੀਨੇ ਆਪਣੇ 'ਤੇ ਹੱਸ ਕੇ ਭਾਰ ਝੱਲੋ
ਘੜੀ ਦੁੱਖ ਦੀ ਸਬਰ-ਸੰਤੋਖ ਹੈ ਜੀ
ਉੱਚੀ ਮਮਟੀ ਨਾਲ ਕਰੀਏ ਨਾ ਕਦੇ ਸਾੜਾ
ਜਿਸ ਦੀ ਸ਼ਾਨ ਗਾਉਣਾ ਕੰਮ ਜਹਾਨ ਦਾ ਜੀ...

ਮੈਂ ਆਪਣੇ ਜ਼ਾਤੀ ਤਜਰਬੇ ਤੋਂ ਜ਼ੋਰ ਦੇ ਕੇ ਆਖ ਸਕਦਾ ਹਾਂ ਕਿ ਗੁਪਤ (ਸਿਆਸੀ) ਕੰਮ ਵਿਚ ਜਦ ਬੰਦੇ ਨੂੰ ਲਗਾਤਾਰ ਖ਼ਤਰੇ ਦੀ ਜ਼ਿੰਦਗੀ ਜਿਉਣੀ ਪੈਂਦੀ ਹੈ, "ਨਾ ਕੋਈ ਆਸ ਹੁੰਦੀ ਹੈ ਤੇ ਨਾ ਕੋਈ ਡਰ", ਬੰਦਾ ਹਮੇਸ਼ਾ ਗੁੰਮਨਾਮੀ ਵਿਚ ਮਰਨ ਲਈ ਤਿਆਰ ਹੁੰਦਾ ਹੈ ਤਾਂ ਇਸ ਹਾਲਾਤ ਵਿਚ ਆਪਣੀਆਂ ਨਿੱਜੀ ਖ਼ਾਹਿਸ਼ਾਂ ਤੇ ਮੋਹ ਵਿਰੁੱਧ ਲੜਨ ਲਈ ਉਹਦੇ ਕੋਲ ਇਸ ਕਿਸਮ ਦੇ ਰਹੱਸਵਾਦ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੁੰਦਾ ਅਤੇ ਇਹੋ ਜਿਹਾ ਰਹੱਸਵਾਦ ਕਿਸੇ ਤਰ੍ਹਾਂ ਵੀ ਦਿਲ ਪਸਤ ਕਰਨ ਵਾਲਾ ਨਹੀਂ ਹੁੰਦਾ । ਲਾਲਾ ਰਾਮ ਸਰਨ ਦਾਸ ਜੀ ਇਸ ਤੋਂ ਅੱਗੇ

ਇਨਕਲਾਬੀ ਦੀ ਮਾਨਸਿਕਤਾ ਬਾਰੇ ਗੱਲ ਕਰਦੇ ਹਨ। ਇਹ ਉਸ ਇਨਕਲਾਬੀ ਪਾਰਟੀ ਦੇ ਮੈਂਬਰ ਸਨ, ਜਿਸ ਨੂੰ ਕਈ ਹਿੰਸਕ ਕਾਰਵਾਈਆਂ ਦਾ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਪਰ ਇਹਦਾ ਇਹ ਹਰਗਿਜ਼ ਮਤਲਬ ਨਹੀਂ ਕਿ ਇਨਕਲਾਬੀ ਲਹੂ-ਪੀਣੇ ਦੈਂਤ ਹੁੰਦੇ ਹਨ, ਜਿਨ੍ਹਾਂ ਨੂੰ ਤਬਾਹੀ ਵਿਚ ਕੋਈ ਮਜ਼ਾ ਆਉਂਦਾ ਹੈ।

If need be, outwardly be wild
But in thy heart be always mild,
His if need be, but do not bite,
Love in thy heart and outside fight, etc. ete.
ਲੋੜ ਪਵੇ ਤਾਂ ਬਾਹਰੋਂ ਭਾਵੇਂ ਬਣੋ ਖੂੰਖਾਰ,
ਪਰ ਦਿਲ ਦੇ ਮਾੜੇ ਕਦੇ ਬਣੀਂਦਾ ਨਹੀਂ,
ਲੋੜ ਪਵੇ ਤਾਂ ਦਿਖਾ ਦਿਓ ਕੱਢ ਅੱਖਾਂ,
ਪਰ ਪਿਆਰ ਕਦੇ ਦਿਲੋਂ ਛੱਡੀਦਾ ਨਹੀਂ।

ਉਸਾਰੀ ਵਾਸਤੇ ਤਬਾਹੀ ਜ਼ਰੂਰੀ ਹੀ ਨਹੀਂ, ਸਗੋਂ ਲਾਜ਼ਮੀ ਹੁੰਦੀ ਹੈ। ਇਹ ਇਨਕਲਾਬੀਆਂ ਦੇ ਪ੍ਰੋਗਰਾਮ ਦੀ ਜ਼ਰੂਰੀ ਹੱਦ ਹੁੰਦੀ ਹੈ, ਅਤੇ ਹਿੰਸਾ ਤੇ ਅਹਿੰਸਾ ਦਾ ਦਰਸ਼ਨ ਉਪ੍ਰੋਕਤ ਸਤਰਾਂ ਵਿਚ ਬਾਖੂਬੀ ਬਿਆਨ ਕੀਤਾ ਹੈ। ਲੈਨਿਨ ਨੇ ਇਕ ਵਾਰੀ ਗੋਰਕੀ ਨੂੰ ਕਿਹਾ ਸੀ ਕਿ ਉਹ ਅਜਿਹਾ ਸੰਗੀਤ ਕਦੀ ਨਹੀਂ ਸੁਣ ਸਕੇਗਾ, ਜਿਸ ਨਾਲ ਉਹ ਉਤੇਜਿਤ ਮਹਿਸੂਸ ਕਰੇ ਅਤੇ ਉਨ੍ਹਾਂ ਦੀ ਇਹ ਖ਼ਾਹਿਸ਼ ਹੁੰਦੀ ਹੋਵੇ ਕਿ ਉਹ ਕਲਾਕਾਰਾਂ ਦੇ ਸਿਰਾਂ ਨੂੰ ਪਲੋਸਣ। ਪਰ ਨਾਲ ਹੀ ਉਨ੍ਹਾਂ ਕਿਹਾ ਸੀ ਕਿ "ਹੁਣ ਕਲਾਕਾਰਾਂ ਦੇ ਸਿਰ ਪਲੋਸਣ ਦਾ ਵੇਲਾ ਨਹੀਂ ਹੈ। ਹੁਣ ਖੋਪੜੀਆਂ ਨੂੰ ਫੇਹਣ ਦਾ ਸਮਾਂ ਹੈ, ਭਾਵੇਂ ਸਾਡਾ ਅੰਤਮ ਮਨੋਰਥ ਹਰ ਕਿਸਮ ਦੀ ਹਿੰਸਾ ਨੂੰ ਖ਼ਤਮ ਕਰਨ ਦਾ ਹੈ।" ਜਦ ਇਨਕਲਾਬੀਆਂ ਨੂੰ ਸਖ਼ਤ ਜ਼ਰੂਰਤ ਵਜੋਂ ਹਿੰਸਕ ਤਰੀਕੇ ਅਪਨਾਉਣੇ ਪੈਂਦੇ ਹਨ, ਤਾਂ ਉਦੋਂ ਉਹ ਬਿਲਕੁਲ ਇਸੇ ਤਰ੍ਹਾਂ ਮਹਿਸੂਸ ਕਰਦੇ ਹਨ।

ਇਸ ਤੋਂ ਮਗਰੋਂ ਲੇਖਕ ਕਈ ਵੱਖ-ਵੱਖ ਵਿਰੋਧੀ ਧਰਮਾਂ ਦੀ ਸਮੱਸਿਆ ਬਾਰੇ ਵਿਚਾਰ ਕਰਦਾ ਹੈ। ਸਭਨਾਂ ਰਾਸ਼ਟਰਵਾਦੀਆਂ ਵਾਂਗ ਰਾਮ ਸਰਨ ਦਾਸ ਜੀ ਵੀ ਇਨ੍ਹਾਂ ਧਰਮਾਂ ਦਾ ਮੇਲ-ਮਿਲਾਪ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਮੱਸਿਆ ਨਾਲ ਨਜਿੱਠਣ ਦੀ ਇਨ੍ਹਾਂ ਦੀ ਵਿਧੀ ਵਿਸਥਾਰ ਵਾਲੀ ਤੇ ਗੋਲਮੋਲ ਹੈ। ਮੈਂ ਇਸ ਸਮੱਸਿਆ ਨੂੰ ਕਾਰਲ ਮਾਰਕਸ ਦੇ ਇਕੋ ਫ਼ਿਕਰੇ ਨਾਲ ਰੱਦ ਕਰ ਦੇਣਾ ਸੀ ਕਿ "ਧਰਮ ਲੋਕਾਂ ਲਈ ਅਫ਼ੀਮ ਹੁੰਦੀ ਹੈ।"

ਅਖ਼ੀਰ ਵਿਚ ਇਨ੍ਹਾਂ ਦੀ ਕਵਿਤਾ ਦਾ ਸਭ ਤੋਂ ਅਹਿਮ ਹਿੱਸਾ ਹੈ, ਜਿਥੇ ਉਹ ਭਵਿੱਖ ਦੇ ਸਮਾਜ ਬਾਰੇ ਗੱਲ ਕਰਦੇ ਹਨ, ਜਿਸ ਸਮਾਜ ਨੂੰ ਅਸੀਂ ਸਿਰਜਣਾ ਚਾਹੁੰਦੇ ਹਾਂ। ਪਰ ਮੈਂ ਸ਼ੁਰੂ ਵਿਚ ਹੀ ਇਕ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ। ਡਰੀਮਲੈਂਡ ਕਾਵਿ-ਸੰਗ੍ਰਹਿ ਸਹੀ ਅਰਥਾਂ ਵਿਚ ਯੂਟੋਪੀਆ (ਸੁਪਨਦੇਸ਼) ਹੈ। ਕਵੀ ਨੇ ਸੰਗ੍ਰਹਿ ਦਾ ਇਹ ਨਾਂ ਰੱਖ ਕੇ ਹੀ ਇਹ ਗੱਲ ਖੁੱਲ੍ਹਮਖੁੱਲ੍ਹਾ ਤਸਲੀਮ ਕਰ ਲਈ ਹੈ। ਰਾਮ ਸਰਨ ਦਾਸ ਜੀ ਇਹ ਦਾਅਵਾ ਨਹੀਂ ਕਰਦੇ ਕਿ ਇਨ੍ਹਾਂ ਨੇ ਇਸ ਵਿਸ਼ੇ ਬਾਰੇ ਕੋਈ ਵਿਗਿਆਨਕ ਖੋਜ ਨਿਬੰਧ ਲਿਖਿਆ ਹੈ। ਸਿਰਲੇਖ 'ਡਰੀਮਲੈਂਡ' ਇਹ ਗੱਲ ਸਾਫ਼ ਕਰ ਦਿੰਦਾ ਹੈ। ਪਰ ਸਮਾਜਿਕ ਪ੍ਰਗਤੀ ਵਿਚ ਯੂਟੋਪੀਆਵਾਂ ਦਾ ਬਿਨਾਂ-ਸ਼ੱਕ ਬਹੁਤ ਅਹਿਮ ਰੋਲ ਹੁੰਦਾ ਹੈ। ਸੇਂਟ ਸਾਈਮਨ[1], ਫ਼ੂਰੀਏ[2] ਤੇ ਰੌਬਰਟ ਓਵੇਨ[3] ਅਤੇ ਉਨ੍ਹਾਂ ਦੇ ਸਿਧਾਂਤ ਨਾ ਹੁੰਦੇ, ਤਾਂ ਵਿਗਿਆਨਕ ਮਾਰਕਸੀ ਸਮਾਜਵਾਦ ਨਹੀਂ ਹੋਣਾ ਸੀ। ਲਾਲਾ ਰਾਮ ਸਰਨ ਦਾਸ ਜੀ ਦੇ ਯੂਟੋਪੀਏ ਦਾ ਇਹੀ ਮੁਕਾਮ ਹੈ। ਜਦ ਸਾਡੇ (ਸਿਆਸੀ) ਕਾਰਕੁੰਨਾਂ ਨੂੰ ਆਪਣੀ ਲਹਿਰ ਦੇ ਬਾਕਾਇਦਾ ਰੂਪ ਦੇਣ ਅਤੇ ਲਹਿਰ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਦੀ ਅਹਿਮੀਅਤ ਦਾ ਅਹਿਸਾਸ ਹੋ ਗਿਆ ਤਾਂ ਇਹ ਕਿਤਾਬ ਉਨ੍ਹਾਂ ਲਈ ਮਦਦਗਾਰ ਸਾਬਤ ਹੋਵੇਗੀ।

ਮੈਂ ਇਹ ਗੱਲ ਨੋਟ ਕੀਤੀ ਹੈ ਕਿ ਕਵੀ ਦਾ ਅੰਦਾਜ਼-ਏ-ਬਿਆਂ ਮੰਝਿਆ ਹੋਇਆ ਨਹੀਂ।

1. ਕਲੋਡ ਹੈਨਰੀ ਸੇਂਟ ਸਾਈਮਨ (1760-1825) ਫ਼ਰਾਂਸੀਸੀ ਯੂਟੋਪੀਆਈ ਸਮਾਜਵਾਦੀ।
2. ਚਾਰਲਸ ਫ਼ੂਰੀਏ (1772-1837) ਫ਼ਰਾਂਸੀਸੀ ਯੂਟੋਪੀਆਈ ਸਮਾਜਵਾਦੀ।
3. ਰੌਬਰਟ ਓਵੇਨ (1771-1858) ਅੰਗਰੇਜ਼ ਯੂਟੋਪੀਆਈ ਸਮਾਜਵਾਦੀ।—ਅਨੁ.

ਆਪਣੇ ਯੂਟੋਪੀਏ ਨੂੰ ਬਿਆਨ ਕਰਦਿਆਂ ਇਹ ਮੌਜੂਦਾ ਸਮਾਜ ਦੇ ਵਿਚਾਰਾਂ ਤੋਂ ਕਿਸੇ ਤਰ੍ਹਾਂ ਵੀ ਬਚ ਨਹੀਂ ਸਕੇ।

"ਜ਼ਰੂਰਤਮੰਦਾਂ ਨੂੰ ਦਾਨ ਦੇਣਾ।"

ਭਵਿੱਖ ਦੇ ਸਮਾਜ ਵਿਚ ਯਾਨੀ ਸਾਮਵਾਦੀ (ਕਮਿਊਨਿਸਟ) ਸਮਾਜ ਵਿਚ, ਜਿਹਨੂੰ ਅਸੀਂ ਉਸਾਰਨਾ ਚਾਹੁੰਦੇ ਹਾਂ। ਅਸੀਂ ਖ਼ੈਰਾਇਤੀ ਸੰਸਥਾਵਾਂ ਖੜ੍ਹੀਆਂ ਨਹੀਂ ਕਰਨੀਆਂ। ਸਗੋਂ ਓਦੋਂ ਤਾਂ ਕੋਈ ਗ਼ਰੀਬ-ਅਮੀਰ ਨਹੀਂ ਹੋਵੇਗਾ ਅਤੇ ਦਾਨ ਲੈਣ-ਦੇਣ ਦਾ ਮਸਲਾ ਹੀ ਨਹੀਂ ਹੋਣਾ। ਇਸ ਘਾਟ ਦੇ ਬਾਵਜੂਦ ਕਵੀ ਨੇ ਇਸ ਸਮੱਸਿਆ ਨੂੰ ਬੜੇ ਚੰਗੇ ਤਰੀਕੇ ਨਾਲ ਪੇਸ਼ ਕੀਤਾ ਹੈ।

ਜੋ ਇਨ੍ਹਾਂ ਨੇ ਆਮ ਰੂਪ-ਰੇਖਾ ਖਿੱਚੀ ਹੈ, ਉਹ ਵਿਗਿਆਨਕ ਸਮਾਜਵਾਦੀ ਦੀ ਰੂਪ-ਰੇਖਾ ਵਰਗੀ ਹੀ ਹੈ। ਪਰ ਕੁਝ ਗੱਲਾਂ ਦਾ ਵਿਰੋਧ ਜਾਂ ਖੰਡਨ ਕਰਨਾ ਬਣਦਾ ਹੈ, ਜਾਂ ਇਉਂ ਕਹਿ ਲਓ ਕਿ ਉਨ੍ਹਾਂ ਦੀ ਤਰਮੀਮ ਕਰਨੀ ਬਣਦੀ ਹੈ। ਮਿਸਾਲ ਵਜੋਂ **427**ਵੇਂ ਬੰਦ ਦੀ ਪੈਰ-ਟਿੱਪਣੀ ਵਿਚ ਰਾਮ ਸਰਨ ਦਾਸ ਜੀ ਲਿਖਦੇ ਹਨ ਕਿ ਰਾਜ ਕਰਮਾਚਾਰੀਆਂ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਹਰ ਰੋਜ਼ ਖੇਤਾਂ ਜਾਂ ਕਾਰਖਾਨਿਆਂ ਵਿਚ ਚਾਰ ਘੰਟੇ ਕੰਮ ਕਰਨਾ ਪਵੇਗਾ। ਪਰ ਇਹ ਗੱਲ ਫੇਰ ਯੂਟੋਪੀਆਈ ਹੈ ਅਤੇ ਅਮਲ ਵਿਚ ਨਹੀਂ ਲਿਆਂਦੀ ਜਾ ਸਕਦੀ। ਇਹ ਤਾਂ ਸਗੋਂ ਮੌਜੂਦਾ ਰਾਜ

ਪ੍ਰਬੰਧ ਨਾਲ ਨਫ਼ਰਤ ਵਿਚੋਂ ਨਿਕਲੀ ਗੱਲ ਹੈ, ਜਿਸ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਨਾਵਾਜਬ ਬਹੁਤੀਆਂ ਤਨਖ਼ਾਹਾਂ ਦਿੱਤੀਆਂ ਜਾਂਦੀਆਂ ਹਨ। ਦਰਅਸਲ ਇਥੋਂ ਤਕ ਕਿ ਬਾਲਸ਼ਵਿਕਾਂ ਨੂੰ ਵੀ ਇਹ ਗੱਲ ਮੰਨਣੀ ਪਈ ਸੀ ਕਿ ਮਾਨਸਿਕ ਕਿਰਤ ਜਿਸਮਾਨੀ ਕਿਰਤ ਜਿੰਨੀ ਹੀ ਉਤਪਾਦਕ ਹੁੰਦੀ ਹੈ ਅਤੇ ਭਵਿੱਖ ਦੇ (ਸਾਮਵਾਦੀ) ਸਮਾਜ ਵਿਚ ਜਦ ਸਮਾਜ ਦੇ ਵੱਖ-ਵੱਖ ਤੱਤਾਂ ਦੇ ਰਿਸ਼ਤੇ ਬਰਾਬਰੀ ਦੇ ਆਧਾਰ 'ਤੇ ਕਾਇਮ ਹੋਣਗੇ, ਤਾਂ ਉਦੋਂ ਉਤਪਾਦਕ ਤੇ ਵਿਤਰਕ ਇਕੋ ਜਿੰਨੇ ਅਹਿਮ ਸਮਝੇ ਜਾਣਗੇ। ਤੁਸੀਂ ਕਿਸੇ ਜਹਾਜ਼ੀ ਤੋਂ ਇਹ ਉਮੀਦ ਨਹੀਂ ਕਰ ਸਕਦੇ ਕਿ ਉਹ ਹਰ ਚੌਵ੍ਹੀ ਘੰਟਿਆਂ ਮਗਰੋਂ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਆਪਣੀ ਚਾਰ ਘੰਟਿਆਂ ਦੀ ਦਿਹਾੜੀ ਕਰ ਕੇ ਚਲਾ ਜਾਵੇ ਜਾਂ ਕੋਈ ਸਾਇੰਸਦਾਨ ਆਪਣੀ ਪ੍ਰਯੋਗਸ਼ਾਲਾ 'ਚ ਆਪਣਾ ਪ੍ਰਯੋਗ (ਕੰਮ) ਛੱਡ ਕੇ ਖੇਤਾਂ ਨੂੰ ਆਪਣੇ ਹਿੱਸੇ ਦਾ ਕੰਮ ਕਰਨ ਚਲੇ ਜਾਣ। ਜਹਾਜ਼ੀ ਅਤੇ ਸਾਇੰਸ-ਦਾਨ ਇਕੋ ਜਿੰਨੀ ਉਤਪਾਦਕ ਕਿਰਤ ਕਰਦੇ ਹਨ। ਸਮਾਜਵਾਦੀ ਸਿਰਫ਼ ਇਕੋ ਫ਼ਰਕ ਦੀ ਆਸ ਕਰਦਾ ਹੈ ਕਿ ਇਸ ਵਿਚ ਮਾਨਸਿਕ ਕੰਮ ਕਰਨ ਵਾਲਿਆਂ ਨੂੰ ਜਿਸਮਾਨੀ ਕੰਮ ਕਰਨ ਵਾਲਿਆਂ ਨਾਲੋਂ ਚੰਗਾ ਨਹੀਂ ਸਮਝਿਆ ਜਾਵੇਗਾ।

ਮੁਫ਼ਤ ਵਿਦਿਆ ਬਾਰੇ ਲਾਲਾ ਰਾਮ ਸਰਨ ਦਾਸ ਜੀ ਦਾ ਵਿਚਾਰ ਸੱਚਮੁੱਚ ਵਿਚਾਰਨ-ਯੋਗ ਹੈ ਅਤੇ ਰੂਸ ਵਿਚ ਸਮਾਜਵਾਦੀ ਸਰਕਾਰ ਨੇ ਕੁਝ ਇਸੇ ਤਰ੍ਹਾਂ ਦਾ ਹੀ ਤਰੀਕਾ ਅਪਣਾਇਆ ਹੋਇਆ ਹੈ।

ਅਪਰਾਧ ਬਾਰੇ ਲਾਲਾ ਰਾਮ ਸਰਨ ਦਾਸ ਜੀ ਦੀ ਬਹਿਸ ਸੱਚਮੁੱਚ ਬੜੀ ਉੱਨਤ ਵਿਚਾਰ-ਵਿਧੀ ਹੈ। ਅਪਰਾਧ ਸਭ ਤੋਂ ਗੰਭੀਰ ਸਮਾਜਿਕ ਸਮੱਸਿਆ ਹੈ, ਜਿਸ ਨੂੰ ਬਹੁਤ ਸੁਚੱਜੇ ਤਰੀਕੇ ਨਾਲ ਨਜਿੱਠਣ ਦੀ ਲੋੜ ਹੈ। ਲਾਲਾ ਜੀ ਨੇ ਆਪਣੀ ਜ਼ਿੰਦਗੀ ਦੇ ਬਿਹਤਰੀਨ ਵਰ੍ਹੇ ਜੇਲ੍ਹ ਵਿਚ ਬਿਤਾਏ ਹਨ। ਉਨ੍ਹਾਂ ਨੂੰ ਅਮਲੀ ਤਜਰਬਾ ਹੈ। ਇਕ ਥਾਂ 'ਤੇ ਇਹ ਠੇਠ ਜੇਲ੍ਹ ਦੀ ਬੋਲੀ ਵਰਤਦੇ ਹਨ, "ਹਲਕੀ ਮੁਸ਼ੱਕਤ, ਦਰਮਿਆਨੀ ਮੁਸ਼ੱਕਤ ਤੇ ਸਖ਼ਤ ਮੁਸ਼ੱਕਤ" ਆਦਿ। ਬਾਕੀ ਸਾਰੇ ਸਮਾਜਵਾਦੀਆਂ ਵਾਂਗ ਉਹ ਵੀ ਇਹ ਸੁਝਾਅ ਦਿੰਦੇ ਹਨ ਕਿ ਬਦਲੇ ਦੇ ਸਿਧਾਂਤ ਦੀ ਥਾਂ ਸੁਧਾਰਕ ਸਿਧਾਂਤ ਸਜ਼ਾ ਦਾ ਆਧਾਰ ਹੋਣਾ ਚਾਹੀਦਾ ਹੈ। ਸਜ਼ਾ ਦੇਣ ਦੀ ਥਾਂ ਸੁਧਾਰਨਾ ਨਿਆਂ-ਪ੍ਰਬੰਧ ਦਾ ਮੁੱਖ ਅਸੂਲ ਹੋਣਾ ਚਾਹੀਦਾ ਹੈ। ਜੇਲ੍ਹਖ਼ਾਨੇ ਸੁਧਾਰਘਰ ਹੋਣੇ ਚਾਹੀਦੇ ਹਨ ਨਾ ਕਿ ਨਰਕ ਕੁੰਭ। ਇਸ ਸੰਬੰਧ ਵਿਚ ਪਾਠਕ ਰੂਸੀ ਜੇਲ੍ਹ ਪ੍ਰਬੰਧ ਦਾ ਮੁਤਾਲਿਆ ਕਰਨ।

ਫ਼ੌਜ ਬਾਰੇ ਗੱਲਾਂ ਕਰਦਿਆਂ ਇਨ੍ਹਾਂ ਨੇ ਜੰਗ ਬਾਰੇ ਚਰਚਾ ਕੀਤੀ ਹੈ। ਮੇਰੀ ਰਾਏ ਅਨੁਸਾਰ ਕਮਿਊਨਿਸਟ ਸਮਾਜ ਵਿਚ ਸੰਸਥਾਈ ਰੂਪ ਵਾਲੀ ਜੰਗ ਦੀ ਥਾਂ ਵਿਸ਼ਵਕੋਸ਼ ਦੇ ਕੁਝ ਕੁ ਸਫ਼ਿਆਂ ਵਿਚ ਹੀ ਰਹਿ ਜਾਏਗੀ ਅਤੇ ਉਦੋਂ ਜੰਗੀ ਸਾਮਾਨ ਅਜਾਇਬਘਰਾਂ ਦੀ ਸ਼ਾਨ ਹੋਵੇਗਾ, ਕਿਉਂਕਿ ਉਸ ਸਮਾਜ ਵਿਚ ਵਿਰੋਧੀ ਜਾਂ ਟਕਰਾਵੇਂ ਹਿਤ ਹੋਣਗੇ ਹੀ ਨਹੀਂ, ਜਿਹੜੇ ਜੰਗ ਦੀ ਜੜ੍ਹ ਹੁੰਦੇ ਹਨ।

ਵੱਧ ਤੋਂ ਵੱਧ ਅਸੀਂ ਇਹ ਆਖ ਸਕਦੇ ਹਾਂ ਕਿ ਜੰਗ ਨੂੰ ਸੰਕ੍ਰਾਂਤੀ ਕਾਲ (ਕਮਿਊਨਿਸਟ ਸਮਾਜ ਕਾਇਮ ਹੋਣ ਤੋਂ ਪਹਿਲੇ ਸਮੇਂ) ਵਿਚ ਸੰਸਥਾਈ ਰੂਪ ਵਿਚ ਬਰਕਰਾਰ ਰੱਖਣਾ ਪਵੇਗਾ। ਆਪਾਂ ਜੇ ਅਜੋਕੇ ਰੂਸ ਦੀ ਮਿਸਾਲ ਲਈਏ ਤਾਂ ਸਾਨੂੰ ਇਹ ਗੱਲ ਸਹਿਜੇ ਹੀ ਸਮਝ ਆ ਸਕਦੀ ਹੈ। ਇਸ ਵੇਲੇ ਉਥੇ ਮਜ਼ਦੂਰ ਜਮਾਤ ਦੀ ਸਰਦਾਰੀ (ਡਿਕਟੇਟਰਸ਼ਿਪ) ਹੈ। ਉਹ ਸਮਾਜਵਾਦੀ ਸਮਾਜ ਕਾਇਮ ਕਰਨਾ ਚਾਹੁੰਦੇ ਹਨ। ਇਹਦੇ ਨਾਲ ਹੀ ਪੂੰਜੀਵਾਦੀ ਸਮਾਜ ਤੋਂ ਆਪਣੀ ਹਿਫ਼ਾਜ਼ਤ ਕਰਨ ਲਈ ਫ਼ੌਜ ਰੱਖਣੀ ਪੈਣੀ ਹੈ। ਪਰ ਜੰਗ ਦੇ ਉਦੇਸ਼ ਵੱਖਰੇ ਹੋਣਗੇ। ਸਾਮਰਾਜਵਾਦੀ ਮਨਸੂਬੇ ਕਦੇ ਵੀ ਸਾਡੇ ਸੁਪਨਿਆਂ ਦੇ ਮੁਲਕ ਦੇ ਲੋਕਾਂ ਨੂੰ ਜੰਗ ਛੇੜਨ ਲਈ ਉਕਸਾਅ ਨਹੀਂ ਸਕਣਗੇ। ਜੰਗੀ ਲੁੱਟਮਾਰ ਨਹੀਂ ਹੋਵੇਗੀ। ਇਨਕਲਾਬੀ ਫ਼ੌਜਾਂ ਦੂਜੇ ਦੇਸ਼ਾਂ ਨੂੰ ਲੁੱਟਣ ਜਾਂ ਉਨ੍ਹਾਂ 'ਤੇ ਹਕੂਮਤ ਕਰਨ ਲਈ ਨਹੀਂ, ਸਗੋਂ ਵਿਹਲੜ ਹਾਕਮਾਂ ਨੂੰ ਉਨ੍ਹਾਂ ਦੇ ਤਖ਼ਤਾਂ ਤੋਂ ਲਾਹੁਣ ਲਈ ਤੇ ਉਨ੍ਹਾਂ ਦੀ ਰੱਤ ਪੀਣੀ ਲੁੱਟ ਨੂੰ ਖ਼ਤਮ ਕਰਨ ਲਈ ਅਤੇ ਇੰਝ ਮਿਹਨਤਕਸ਼ ਲੋਕਾਂ ਨੂੰ ਮੁਕਤ ਕਰਵਾਉਣ ਲਈ ਦੂਜੇ ਦੇਸ਼ਾਂ ਨੂੰ ਕੂਚ ਕਰਨਗੀਆਂ। ਪਰ ਸਾਡੇ ਜਵਾਨਾਂ ਨੂੰ ਲੜਨ ਲਈ ਪ੍ਰੇਰਨ ਵਾਸਤੇ ਆਦਿਮ ਕੌਮੀ ਜਾਂ ਨਸਲੀ ਨਫ਼ਰਤ ਦੀ ਲੋੜ ਨਹੀਂ ਪਵੇਗੀ।

ਸਭ ਆਜ਼ਾਦ-ਖ਼ਿਆਲ ਲੋਕਾਂ ਦਾ ਸਭ ਤੋਂ ਵੱਧ ਮਕਬੂਲ ਤੇ ਫ਼ੌਰੀ ਮਕਸਦ ਵਿਸ਼ਵ ਸੰਘ ਹੈ ਅਤੇ ਕਵੀ ਨੇ ਇਸ ਬਾਰੇ ਚੰਗਾ ਲਿਖਿਆ ਹੈ ਅਤੇ ਇਨ੍ਹਾਂ ਦੀ ਅਖੌਤੀ ਲੀਗ ਆਫ਼ ਨੇਸ਼ਨਜ਼ ਦੀ ਆਲੋਚਨਾ ਖ਼ੂਬਸੂਰਤ ਹੈ।[1]

**571 (572)** ਬੰਦ ਦੀ ਪੈਰ-ਟਿੱਪਣੀ ਵਿਚ ਕਵੀ ਨੇ (ਸਮਾਜਿਕ ਤਬਦੀਲੀਆਂ ਦੇ) ਤਰੀਕਿਆਂ ਦੇ ਸਵਾਲ ਬਾਰੇ ਸੰਖੇਪ ਚਰਚਾ ਕੀਤੀ ਹੈ। ਇਹ ਕਹਿੰਦੇ ਹਨ : "ਇਸ ਤਰ੍ਹਾਂ ਦੇ ਰਾਜ ਹਿੰਸਕ ਇਨਕਲਾਬਾਂ ਨਾਲ ਕਾਇਮ ਨਹੀਂ ਕੀਤੇ ਜਾ ਸਕਦੇ। ਇਹ ਸਮਾਜ 'ਤੇ ਉਪੱਰੋਂ ਨਹੀਂ ਮੜ੍ਹੇ ਜਾ ਸਕਦੇ। ਇਨ੍ਹਾਂ ਨੂੰ ਹਰ ਹਾਲਤ ਅੰਦਰੋਂ ਹੀ ਵਿਗਸਣਾ ਪਵੇਗਾ... ਇਹ ਵਿਕਾਸ (**Evolution**) ਦੇ ਦਰਜੇਵਾਰ ਅਮਲ ਰਾਹੀਂ ਲੋਕਾਂ ਨੂੰ ਉਪ੍ਰੋਕਤ ਲੀਹਾਂ 'ਤੇ ਸਿੱਖਿਅਤ ਕਰ ਕੇ ਹੀ ਕਾਇਮ ਹੋ ਸਕਦਾ ਹੈ" ਆਦਿ। ਇਸ ਬਿਆਨ ਵਿਚ ਆਪਣੇ ਆਪ ਵਿਚ ਕੋਈ ਉਕਾਈ ਨਹੀਂ। ਇਹ ਕਾਫ਼ੀ ਦਰੁਸਤ ਹੈ; ਪਰ ਕਿਉਂਕਿ ਇਹਦੀ ਵਿਆਖਿਆ ਪੂਰੀ ਤਰ੍ਹਾਂ ਨਹੀਂ ਹੋਈ, ਇਸ ਲਈ ਇਸ ਨਾਲ ਗ਼ਲਤਫ਼ਹਿਮੀ ਪੈਦਾ ਹੋ ਸਕਦੀ ਹੈ ਜਾਂ ਇਸ ਤੋਂ ਮਾੜੀ ਗੱਲ, ਉਲਝਣ ਪੈਦਾ ਹੋਣ ਦੀ ਹੈ। ਕੀ ਇਹਦਾ ਇਹ ਮਤਲਬ ਹੈ ਕਿ ਲਾਲਾ ਰਾਮਸਰਨ ਦਾਸ ਹੁਰਾਂ ਨੂੰ ਤਾਕਤ (ਹਿੰਸਾ) ਦੇ ਸਿਧਾਂਤ ਦੀ ਨਿਰਾਰਥਕਤਾ ਦਾ ਅਹਿਸਾਸ ਹੋ ਗਿਆ ਹੈ ? ਕੀ ਇਹ ਅਹਿੰਸਾ ਦੇ ਦਕੀਆਨੂਸੀ ਵਿਸ਼ਵਾਸੀ ਹੋ ਗਏ ਹਨ ? ਨਹੀਂ, ਇਹਦਾ ਮਤਲਬ ਇਹ ਨਹੀਂ ਹੈ।

ਮੈਂ ਦੱਸਦਾ ਹਾਂ ਕਿ ਉਪ੍ਰੋਕਤ ਬਿਆਨ ਦਾ ਕੀ ਮਤਲਬ ਹੈ। ਇਨਕਲਾਬੀਆਂ ਨੂੰ ਇਸ ਗੱਲ ਦਾ ਸਭ ਤੋਂ ਬਿਹਤਰ ਪਤਾ ਹੈ ਕਿ ਸਮਾਜਵਾਦੀ ਸਮਾਜ ਹਿੰਸਕ ਤਰੀਕਿਆਂ ਨਾਲ ਕਾਇਮ ਨਹੀਂ ਕੀਤਾ ਜਾ ਸਕਦਾ, ਸਗੋਂ ਇਸ ਨੂੰ ਆਪਣੇ ਅੰਦਰੋਂ ਉਗਮਣਾ ਤੇ ਵਿਗਸਣਾ ਪੈਣਾ ਹੈ। ਕਵੀ ਅਨੁਸਾਰ ਵਿਦਿਆ (ਤਾਲੀਮ) ਹੀ ਇਕੋ-ਇਕ ਹਥਿਆਰ ਹੈ। ਪਰ

ਹਰ ਕੋਈ ਸਹਿਜੇ ਹੀ ਸਮਝ ਸਕਦਾ ਹੈ ਕਿ (ਸਾਡੇ ਦੇਸ਼ ਦੀ) ਮੌਜੂਦਾ ਸਰਕਾਰ, ਅਸਲ ਵਿਚ ਸਾਰੀਆਂ ਪੂੰਜੀਵਾਦੀ ਸਰਕਾਰਾਂ ਇਸ ਤਰ੍ਹਾਂ ਦੀ ਕੋਸ਼ਿਸ਼ ਕਰਨ ਵਿਚ ਮਦਦ ਕਰਨ ਦੀ ਥਾਂ ਸਗੋਂ ਇਸ ਨੂੰ ਬੇਰਹਿਮੀ ਨਾਲ ਦਬਾਉਂਦੀਆਂ ਹਨ। ਤਾਂ ਫੇਰ ਕਵੀ ਦਾ 'ਵਿਕਾਸ' ਕੀ ਹਾਸਲ ਕਰੇਗਾ ? ਅਸੀਂ ਇਨਕਲਾਬੀ (ਸਿਆਸੀ) ਤਾਕਤ ਆਪਣੇ ਹੱਥ ਲੈਣ ਤੇ ਇਨਕਲਾਬੀ ਸਰਕਾਰ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਜੋ ਆਪਣੇ ਸਾਰੇ ਸਾਧਨ ਸਾਮੂਹਿਕ ਵਿਦਿਆ ਵਿਚ ਲਾ ਦਵੇਗੀ, ਜਿਵੇਂ ਕਿ ਅੱਜ ਰੂਸ ਵਿਚ ਹੋ ਰਿਹਾ ਹੈ। ਤਾਕਤ ਹਥਿਆਉਣ ਮਗਰੋਂ ਰਚਨਾਤਮਕ ਕੰਮ ਵਾਸਤੇ ਪੁਰਅਮਨ ਤਰੀਕੇ ਵਰਤੇ ਜਾਣਗੇ, ਤਾਕਤ ਦੀ ਵਰਤੋਂ ਰੁਕਾਵਟਾਂ ਹਟਾਉਣ ਲਈ ਵਰਤੀ ਜਾਵੇਗੀ। ਜੇ ਕਵੀ ਦੀ ਮੁਰਾਦ ਇਸ ਗੱਲ ਤੋਂ ਹੈ, ਤਾਂ ਅਸੀਂ ਕਵੀ ਨਾਲ ਸਹਿਮਤ ਹਾਂ। ਤੇ ਮੈਨੂੰ ਪੂਰਾ ਯਕੀਨ ਹੈ ਕਿ ਰਾਮਸਰਨ ਦਾਸ ਜੀ ਦੀ ਇਹੀ ਮੁਰਾਦ ਹੈ।

ਮੈਂ ਕਿਤਾਬ ਬਾਰੇ ਤਫ਼ਸੀਲ ਵਿਚ ਚਰਚਾ ਕਰ ਲਈ ਹੈ। ਮੈਂ ਤਾਂ ਸਗੋਂ ਇਹਦੀ ਆਲੋਚਨਾ ਕੀਤੀ ਹੈ। ਪਰ ਮੈਂ ਕਿਤਾਬ ਵਿਚ ਕਿਸੇ ਕਿਸਮ ਦੀ ਤਬਦੀਲੀ ਕਰਨ ਲਈ ਨਹੀਂ ਕਹਾਂਗਾ, ਕਿਉਂਕਿ ਇਹਦਾ ਇਤਿਹਾਸਕ ਮੁੱਲ ਹੈ। 1914-15 ਦੇ ਇਨਕਲਾਬੀਆਂ ਦੇ ਇਹੀ ਵਿਚਾਰ ਹੁੰਦੇ ਸਨ।

ਮੈਂ ਖ਼ਾਸ ਕਰ ਨੌਜਵਾਨਾਂ ਨੂੰ ਇਹ ਕਿਤਾਬ ਪੜ੍ਹਨ ਦੀ ਜ਼ੋਰਦਾਰ ਸਿਫ਼ਾਰਸ਼ ਕਰਦਾ ਹਾਂ, ਪਰ ਨਾਲ ਤਾੜਨਾ ਵੀ ਕਰਦਾ ਹਾਂ, ਮਿਹਰਬਾਨੀ ਕਰ ਕੇ ਇਹਨੂੰ ਅੱਖਾਂ ਬੰਦ ਕਰ ਕੇ ਨਾ ਪੜ੍ਹੋ, ਅਤੇ ਨਾ ਇਹ ਸਮਝ ਲਇਓ ਕਿ ਜੋ ਇਸ ਲਿਖਿਆ ਹੈ, ਉਹ ਅਟੱਲ ਹੈ। ਇਹਨੂੰ ਪੜ੍ਹੋ, ਇਹਦੀ ਆਲੋਚਨਾ ਕਰੋ, ਇਹਦੇ ਬਾਰੇ ਸੋਚੋ ਅਤੇ ਇਹਦੀ ਮਦਦ ਨਾਲ ਆਪਣੇ ਵਿਚਾਰ ਬਣਾਉਣ ਦੀ ਕੋਸ਼ਿਸ਼ ਕਰੋ।

15.1.1931 ਸਹੀ/***ਭਗਤ ਸਿੰਘ***

# ਨੌਜਵਾਨ ਸਿਆਸੀ ਕਾਰਕੁੰਨਾਂ ਨੂੰ ਖ਼ਤ

ਪਿਆਰੇ ਸਾਥੀਓ !

ਇਸ ਸਮੇਂ ਸਾਡਾ ਅੰਦੋਲਨ ਇਕ ਬਹੁਤ ਮਹੱਤਵਪੂਰਨ ਦੌਰ ਵਿਚ ਦੀ ਲੰਘ ਰਿਹਾ ਹੈ। ਇਕ ਸਾਲ ਦੇ ਸਖ਼ਤ ਸੰਘਰਸ਼ ਬਾਅਦ, ਗੋਲਮੇਜ਼ ਕਾਨਫਰੰਸ ਨੇ ਸਾਡੇ ਸਾਹਮਣੇ ਵਿਧਾਨਕ ਸੁਧਾਰਾਂ ਬਾਰੇ ਕੁਝ ਨਿਸ਼ਚਿਤ ਗੱਲਾਂ ਪੇਸ਼ ਕੀਤੀਆਂ ਹਨ ਅਤੇ ਕਾਂਗਰਸੀ ਨੇਤਾਵਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਆਪਣੀ ਲਹਿਰ ਨੂੰ ਮੌਜੂਦਾ ਹਾਲਤਾਂ ਵਿਚ ਵਾਪਸ ਲੈ ਕੇ ਇਸ ਵਿਚ ਮਦਦ ਦੇਣ। ਇਹ ਗੱਲ ਸਾਡੇ ਲਈ ਕੋਈ ਮਹੱਤਤਾ ਨਹੀਂ ਰੱਖਦੀ ਕਿ ਉਹ ਫ਼ੈਸਲਾ ਅੰਦੋਲਨ ਨੂੰ ਬੰਦ ਕਰਨ ਦਾ ਲੈਂਦੇ ਹਨ ਜਾਂ ਇਸ ਦੇ ਉਲਟ। ਇਹ ਤਾਂ ਯਕੀਨੀ ਹੈ ਕਿ ਮੌਜੂਦਾ ਅੰਦੋਲਨ ਦਾ ਅੰਤ ਕਿਸੇ ਨਾ ਕਿਸੇ ਤਰ੍ਹਾਂ ਦੇ ਸਮਝੌਤੇ ਦੇ ਰੂਪ ਵਿਚ ਹੋਵੇਗਾ। ਇਹ ਗੱਲ ਵੱਖਰੀ ਹੈ ਕਿ ਸਮਝੌਤਾ ਜਲਦੀ ਹੋ ਜਾਂਦਾ ਹੈ ਜਾਂ ਦੇਰ ਨਾਲ ਹੁੰਦਾ ਹੈ। ਅਸਲ ਵਿਚ ਸਮਝੌਤਾ ਕੋਈ ਹੀਣੀ ਜਾਂ ਨਫ਼ਰਤਯੋਗ ਚੀਜ਼ ਨਹੀਂ ਹੈ, ਜਿਸ ਤਰ੍ਹਾਂ ਕਿ ਅਸੀਂ ਆਮ ਤੌਰ 'ਤੇ ਸਮਝਦੇ ਹਾਂ। ਰਾਜਨੀਤਕ ਘੋਲਾਂ ਦਾ ਇਹ ਇਕ ਜ਼ਰੂਰੀ ਪੈਂਤੜਾ ਹੈ। ਕੋਈ ਵੀ ਰਾਸ਼ਟਰ ਜਿਹੜਾ ਜਾਬਰ ਸ਼ਾਸਕਾਂ ਦੇ ਵਿਰੁੱਧ ਉੱਠਦਾ ਹੈ, ਸ਼ੁਰੂ ਵਿਚ ਜ਼ਰੂਰ ਅਸਫ਼ਲ ਹੁੰਦਾ ਹੈ। ਜੱਦੋ-ਜਹਿਦ ਦੇ ਮੱਧਕਾਲ ਵਿਚ ਸਮਝੌਤੇ ਰਾਹੀਂ ਅੱਧ-ਪਚੱਧੇ ਸੁਧਾਰ ਪ੍ਰਾਪਤ ਕਰਦਾ ਹੈ ਅਤੇ ਸਿਰਫ਼ ਅੰਤਲੇ ਗੇੜ ਵਿਚ ਜਦ ਸਾਰੀਆਂ ਸ਼ਕਤੀਆਂ ਅਤੇ ਵਸੀਲੇ ਪੂਰੀ ਤਰ੍ਹਾਂ ਜਥੇਬੰਦ ਕਰ ਲਏ ਹੁੰਦੇ ਹਨ, ਸ਼ਾਸਕ ਸਰਕਾਰ ਨੂੰ ਖੇਰੂੰ-ਖੇਰੂੰ ਕਰਨ ਲਈ ਜ਼ੋਰਦਾਰ ਹੱਲਾ ਮਾਰ ਸਕਦਾ ਹੈ। ਪਰ ਇਹ ਵੀ ਹੋ ਸਕਦਾ ਹੈ ਕਿ ਤਦ ਵੀ ਇਹ ਅਸਫ਼ਲ ਹੋ ਜਾਵੇ ਅਤੇ ਕਿਸੇ ਕਿਸਮ ਦੇ ਸਮਝੌਤੇ ਨੂੰ ਲਾਜ਼ਮੀ ਬਣਾ ਦੇਵੇ। ਰੂਸ ਦੀ ਮਿਸਾਲ ਨਾਲ ਇਹ ਗੱਲ ਸਪੱਸ਼ਟ ਕੀਤੀ ਜਾ ਸਕਦੀ ਹੈ।

ਜਦ 1905 ਵਿਚ ਰੂਸ ਵਿਚ ਇਕ ਇਨਕਲਾਬੀ ਲਹਿਰ ਫੁੱਟ ਪਈ ਤਾਂ ਰਾਜਸੀ ਨੇਤਾਵਾਂ ਨੂੰ ਬਹੁਤ ਆਸਾਂ-ਉਮੀਦਾਂ ਸਨ। ਲੈਨਿਨ ਉਸ ਵੇਲੇ ਵਿਦੇਸ਼ ਤੋਂ, ਜਿਥੇ ਉਸ ਨੇ ਪਨਾਹ ਲੈ ਰੱਖੀ ਸੀ, ਵਾਪਸ ਆ ਗਏ ਸਨ। ਉਹ ਸੰਘਰਸ਼ ਨੂੰ ਚਲਾ ਰਹੇ ਸਨ। ਲੋਕ ਇਹ ਦੱਸਣ ਆਏ ਕਿ ਇਕ ਦਰਜਨ ਜਾਗੀਰਦਾਰ ਮਾਰ ਦਿੱਤੇ ਗਏ ਹਨ ਅਤੇ ਕਈ ਕਰੋੜੀ ਮਹੱਲ ਸਾੜ ਦਿੱਤੇ ਗਏ ਹਨ। ਲੈਨਿਨ ਨੇ ਉਨ੍ਹਾਂ ਨੂੰ ਜਵਾਬ ਵਿਚ ਕਿਹਾ ਕਿ ਵਾਪਸ ਜਾਓ ਅਤੇ 12000 ਜਾਗੀਦਾਰ ਮਾਰੋ ਅਤੇ ਇੰਨੇ ਹੀ ਮਹਿਲ ਤੇ ਹਵੇਲੀਆਂ ਸਾੜ ਦਿਓ, ਕਿਉਂਕਿ ਜੇ ਅਸਫ਼ਲ ਰਹੇ ਤਾਂ ਇਸ ਦਾ ਵੀ ਕੁਝ ਅਰਥ ਨਿਕਲੇਗਾ। ਡੂਮਾਂ (ਰੂਸੀ ਪਾਰਲੀਮੈਂਟ) ਦੀ ਸਥਾਪਨਾ ਕੀਤੀ ਗਈ। ਹੁਣ ਲੈਨਿਨ ਨੇ ਡੂਮਾ ਵਿਚ ਹਿੱਸਾ ਲੈਣ ਦੀ ਵਕਾਲਤ ਕੀਤੀ। ਇਹ ਗੱਲ 1907 ਦੀ ਹੈ। ਜਦ ਕਿ 1906 ਵਿਚ ਪਹਿਲੀ ਡੂਮਾ ਵਿਚ ਹਿੱਸਾ ਲੈਣ ਦੇ ਉਹ ਵਿਰੁੱਧ ਸੀ, ਇਸ ਦੇ ਬਾਵਜੂਦ ਕਿ ਉਸ ਡੂਮਾ ਵਿਚ ਕੰਮ ਕਰਨ ਦਾ ਵੱਧ ਮੌਕਾ ਸੀ ਤੇ ਇਸ ਡੂਮਾ ਦੇ ਅਧਿਕਾਰ ਬਹੁਤ ਸੀਮਤ ਕਰ ਦਿੱਤੇ ਗਏ ਸਨ। ਇਹ ਬਦਲੇ ਹੋਏ ਹਾਲਾਤ ਕਰ ਕੇ ਸੀ। ਹੁਣ ਪਿਛਾਂਹ-ਖਿੱਚੂ ਤਾਕਤਾਂ ਬਹੁਤ ਵਧ ਰਹੀਆਂ ਸਨ ਅਤੇ ਲੈਨਿਨ ਡੂਮਾ ਦੇ ਮੰਚ ਨੂੰ ਸਮਾਜਵਾਦੀ ਵਿਚਾਰਾਂ 'ਤੇ ਬਹਿਸ ਕਰਨ ਲਈ ਵਰਤਣਾ ਚਾਹੁੰਦਾ ਸੀ।

ਦੁਬਾਰਾ ਫਿਰ, 1917 ਦੇ ਇਨਕਲਾਬ ਬਾਅਦ, ਜਦ ਬਾਲਸ਼ਵਿਕ, ਬਰੇਸਟ ਲਿਟੋਵਸਕ ਸੰਧੀ ਤੇ ਦਸਤਖ਼ਤ ਕਰਨ ਲਈ ਮਜਬੂਰ ਹੋਏ ਤਾਂ ਲੈਨਿਨ ਤੋਂ ਬਗ਼ੈਰ ਬਾਕੀ ਸਭ ਇਸ ਦਾ ਵਿਰੋਧ ਕਰਦੇ ਸਨ। ਪਰ ਲੈਨਿਨ ਨੇ ਕਿਹਾ, "ਅਮਨ, ਅਮਨ ਤੇ ਫੇਰ ਅਮਨ : ਕਿਸੇ ਵੀ ਮੁੱਲ ਤੇ ਅਮਨ ਹੋਣਾ ਚਾਹੀਦਾ ਹੈ। ਭਾਵੇਂ ਸਾਨੂੰ ਜਰਮਨ ਦੇ ਜੰਗਬਾਜ਼ਾਂ ਨੂੰ

ਰੂਸ ਦੇ ਕੁਝ ਸੂਬੇ ਦੇਣੇ ਵੀ ਪੈਣ ਤਾਂ ਵੀ ਅਮਨ ਕਰ ਲੈਣਾ ਚਾਹੀਦਾ ਹੈ। ਜਦ ਕੁਝ ਬਾਲਸ਼ਵਿਕ ਵਿਰੋਧੀ ਲੋਕਾਂ ਨੇ ਇਸ ਸੰਧੀ ਲਈ ਲੈਨਿਨ ਦੀ ਨਿੰਦਾ ਕੀਤੀ ਤਾਂ ਉਸ ਨੇ ਖੁੱਲ੍ਹ ਕੇ ਐਲਾਨ ਕੀਤਾ ਕਿ ਬਾਲਸ਼ਵਿਕ ਜਰਮਨ ਹਮਲੇ ਦਾ ਸਾਹਮਣਾ ਕਰਨ ਦੀ ਸਮਰੱਥਾ ਨਹੀਂ ਰੱਖਦੇ, ਇਸ ਕਰ ਕੇ ਮੁਕੰਮਲ ਤਬਾਹੀ ਨਾਲੋਂ ਸੰਧੀ ਨੂੰ ਤਰਜੀਹ ਦਿੱਤੀ ਗਈ ਹੈ।

ਜਿਸ ਗੱਲ ਨੂੰ ਸਪੱਸ਼ਟ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਸਮਝੌਤਾ ਇਕ ਅਜਿਹਾ ਜ਼ਰੂਰੀ ਹਥਿਆਰ ਹੈ, ਜਿਸ ਨੂੰ ਜਿਵੇਂ-ਜਿਵੇਂ ਸੰਘਰਸ਼ ਵਿਕਸਿਤ ਹੁੰਦਾ ਹੈ, ਵਰਤਣਾ ਜ਼ਰੂਰੀ ਹੋ ਜਾਂਦਾ ਹੈ, ਪਰ ਜਿਸ ਗੱਲ ਦਾ ਧਿਆਨ ਰੱਖਣਾ ਹੁੰਦਾ ਹੈ, ਉਹ ਹੈ ਲਹਿਰ ਦੇ ਮੁੱਖ ਉਦੇਸ਼। ਸਾਨੂੰ ਉਨ੍ਹਾਂ ਉਦੇਸ਼ਾਂ ਬਾਰੇ, ਜਿਨ੍ਹਾਂ ਦੀ ਪ੍ਰਾਪਤੀ ਲਈ ਅਸੀਂ ਲੜਦੇ ਹਾਂ, ਸਾਫ਼ ਦਿਮਾਗ਼ ਹੋਣਾ ਚਾਹੀਦਾ ਹੈ। ਇਹ ਗੱਲ ਸਾਨੂੰ ਅਪਣੀਆਂ ਲਹਿਰਾਂ ਦੀਆਂ ਪ੍ਰਾਪਤੀਆਂ, ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਅੰਗਣ ਵਿਚ ਸਾਡੀ ਮਦਦ ਕਰਦੀ ਹੈ ਅਤੇ ਅਗਲੇ ਪ੍ਰੋਗਰਾਮ ਤੈਅ ਕਰਨ ਅਤੇ ਘੜਣ ਵਿਚ ਸਹਾਈ ਹੁੰਦੀ ਹੈ। ਤਿਲਕ ਦੀ ਨੀਤੀ—ਉਸ ਦੇ ਉਦੇਸ਼ਾਂ ਦੇ ਬਾਵਜੂਦ, ਉਸ ਦੀ ਪੈਂਤੜੇਬਾਜ਼ੀ ਬਹੁਤ ਹੀ ਚੰਗੀ ਸੀ। ਤੁਸੀਂ ਆਪਣੇ ਦੁਸ਼ਮਣ ਤੋਂ ਸੋਲ੍ਹਾਂ ਆਨੇ ਲੈਣ ਲਈ ਲੜ ਰਹੇ ਹੋ। ਤੁਹਾਨੂੰ ਇਕ ਆਨਾ ਮਿਲਦਾ ਹੈ। ਉਸ ਨੂੰ ਜੇਬ ਵਿਚ ਪਾਓ ਅਤੇ ਬਾਕੀ ਲਈ ਲੜਾਈ ਜਾਰੀ ਰੱਖੋ। ਨਰਮਦਲੀਆਂ ਵਿਚ ਜਿਸ ਗੱਲ ਦੀ ਘਾਟ ਅਸੀਂ ਦੇਖਦੇ ਹਾਂ ਉਹ ਹੈ ਉਨ੍ਹਾਂ ਦੇ ਆਦਰਸ਼ ਦੀ। ਉਹ ਇਕ ਆਨੇ ਲਈ ਲੜਦੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਕੁਝ ਵੀ ਨਹੀਂ ਮਿਲ ਸਕਦਾ। ਇਨਕਲਾਬੀਆਂ ਨੂੰ ਹਮੇਸ਼ਾ ਇਹ ਗੱਲ ਮਨ ਵਿਚ ਰੱਖਣੀ ਚਾਹੀਦੀ ਹੈ ਕਿ ਉਹ ਮੁਕੰਮਲ ਇਨਕਲਾਬ ਲਈ ਲੜ ਰਹੇ ਹਨ। ਤਾਕਤ ਦੀ ਪੂਰੀ ਵਾਗਡੋਰ ਆਪਣੇ ਹੱਥ ਵਿਚ ਲੈਣੀ ਹੈ। ਸਮਝੌਤਿਆਂ ਤੋਂ ਭੈਅ ਇਸ ਕਰ ਕੇ ਲੱਗਦਾ ਹੈ ਕਿਉਂਕਿ ਪਿਛਾਂਹ-ਖਿੱਚੂ ਸਮਝੌਤੇ ਬਾਅਦ ਵਿਚ ਇਨਕਲਾਬੀ ਤਾਕਤਾਂ ਨੂੰ ਖ਼ਤਮ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਕਾਬਲ ਅਤੇ ਦਲੇਰ ਇਨਕਲਾਬੀ ਆਗੂ ਲਹਿਰ ਨੂੰ ਅਜਿਹੇ ਟੋਇਆਂ ਤੋਂ ਬਚਾ ਸਕਦੇ ਹਨ। ਸਾਨੂੰ ਅਜਿਹੇ ਸਮੇਂ ਅਤੇ ਅਜਿਹੇ ਮੋੜਾਂ ਤੇ ਅਸਲ ਮੁੱਦਿਆਂ ਅਤੇ ਖ਼ਾਸ ਕਰ ਕੇ ਉਦੇਸ਼ਾਂ ਬਾਰੇ ਕੋਈ ਘਚੋਲਾ ਨਹੀਂ ਪੈਦਾ ਹੋਣ ਦੇਣਾ ਚਾਹੀਦਾ। ਇੰਗਲੈਂਡ ਦੀ ਲੇਬਰ ਪਾਰਟੀ ਨੇ ਅਸਲ ਲੜਾਈ ਨਾਲ ਧੋਖਾ ਕੀਤਾ ਹੈ ਅਤੇ ਉਹ ਸਿਰਫ਼ ਮੋਮੋਠਗਣੇ ਸਾਮਰਾਜੀ ਬਣ ਕੇ ਰਹਿ ਗਏ ਹਨ।

ਮੇਰੇ ਵਿਚਾਰ ਵਿਚ ਇਨ੍ਹਾਂ ਪਾਲਿਸ਼ ਕੀਤੇ ਸਾਮਰਾਜੀ ਲੇਬਰ ਲੀਡਰਾਂ ਨਾਲੋਂ ਕੱਟੜ ਪਿਛਾਂਹ-ਖਿੱਚੂ ਸਾਡੇ ਲਈ ਵਧੇਰੇ ਚੰਗੇ ਹਨ। ਦਾਅ-ਪੇਚਾਂ ਅਤੇ ਪੈਂਤੜੇਬਾਜ਼ੀ ਲਈ ਲੈਨਿਨ ਦੇ ਜੀਵਨ ਕੰਮ ਅਤੇ ਲਿਖਤਾਂ ਦੀ ਘੋਖ ਕਰਨੀ ਚਾਹੀਦੀ ਹੈ। ਸਮਝੌਤੇ ਦੇ ਵਿਸ਼ੇ ਉਤੇ ਉਸ ਦੇ ਸਪੱਸ਼ਟ ਵਿਚਾਰ 'ਖੱਬੇ ਪੱਖੀ ਕਮਿਊਨਿਜ਼ਮ' ਵਿਚ ਮਿਲਦੇ ਹਨ।

## ਕਾਂਗਰਸ ਦਾ ਉਦੇਸ਼ ਕੀ ਹੈ ?

ਮੈਂ ਕਿਹਾ ਹੈ ਕਿ ਮੌਜੂਦਾ ਅੰਦੋਲਨ ਯਾਨੀ ਇਹ ਘੋਲ ਕਿਸੇ ਨਾਲ ਕਿਸੇ ਸਮਝੌਤੇ ਜਾਂ ਪੂਰਨ ਅਸਫ਼ਲਤਾ ਵਿਚ ਖ਼ਤਮ ਹੋਵੇਗਾ।

ਮੈਂ ਇਹ ਆਸ ਲਈ ਕਿਹਾ ਹੈ, ਕਿਉਂਕਿ ਮੇਰੀ ਰਾਏ ਵਿਚ ਇਸ ਸਮੇਂ ਅਸਲ ਇਨਕਲਾਬੀ ਤਾਕਤਾਂ ਨੂੰ ਮੈਦਾਨ ਵਿਚ ਸੱਦਾ ਨਹੀਂ ਦਿੱਤਾ ਗਿਆ। ਇਹ ਘੋਲ ਮੱਧਵਰਗੀ ਦੁਕਾਨਦਾਰਾਂ ਅਤੇ ਚੰਦ ਪੂੰਜੀਪਤੀਆਂ ਦੇ ਬਲਬੂਤੇ 'ਤੇ ਲੜਿਆ ਜਾ ਰਿਹਾ ਹੈ। ਇਹ ਦੋਨੋਂ ਜਮਾਤਾਂ, ਖ਼ਾਸ ਕਰ ਕੇ ਪੂੰਜੀਪਤੀ ਆਪਣੀ ਜਾਇਦਾਦ ਜਾਂ ਮਾਲਕੀ ਖ਼ਤਰੇ ਵਿਚ ਪਾਉਣ ਦੀ ਜੁਰੱਅਤ ਨਹੀਂ ਕਰ ਸਕਦੇ। ਹਕੀਕੀ ਇਨਕਲਾਬੀ ਫ਼ੌਜਾਂ, ਤਾਂ ਪਿੰਡਾਂ ਵਿਚ ਅਤੇ ਕਾਰਖ਼ਾਨਿਆਂ ਵਿਚ ਹਨ, ਕਿਸਾਨੀ ਅਤੇ ਮਜ਼ਦੂਰ। ਪਰ ਸਾਡੇ 'ਬੁਰਜਵਾ' ਨੇਤਾ ਉਨ੍ਹਾਂ ਨੂੰ ਨਾਲ ਲੈਣ ਦੀ ਹਿੰਮਤ ਨਹੀਂ ਕਰਦੇ ਹਨ ਅਤੇ ਨਾ ਹੀ ਕਰ ਸਕਦੇ ਹਨ। ਇਹ ਸੁੱਤੇ ਸ਼ੇਰ ਜੇ ਇਕ ਵਾਰੀ ਗਹਿਰੀ ਨੀਂਦ ਵਿਚੋਂ ਜਾਗ ਪਏ ਤਾਂ ਉਹ ਸਾਡੇ ਨੇਤਾਵਾਂ ਦੇ ਆਸ਼ਿਆਂ ਦੀ ਪੂਰਤੀ ਬਾਅਦ, ਰੁਕਣ ਵਾਲੇ ਨਹੀਂ ਹਨ। **1920** ਵਿਚ ਅਹਿਮਦਾਬਾਦ ਦੇ ਮਜ਼ਦੂਰਾਂ ਵਿਚ ਪਹਿਲੇ ਤਜਰਬੇ ਬਾਅਦ ਮਹਾਤਮਾ ਗਾਂਧੀ ਨੇ ਕਿਹਾ ਸੀ, "ਸਾਨੂੰ ਮਜ਼ਦੂਰਾਂ ਨਾਲ ਗਾਂਢਾ-ਸਾਂਢਾ ਨਹੀਂ ਕਰਨਾ ਚਾਹੀਦਾ। ਫ਼ੈਕਟਰੀ ਪ੍ਰੋਲੇਤਾਰੀ ਦਾ ਰਾਜਨੀਤਕ ਹਿਤ ਲਈ ਇਸਤੇਮਾਲ ਬਹੁਤ ਖ਼ਤਰਨਾਕ ਹੈ।" (ਮਈ **1921** ਦੇ 'ਦੀ ਟਾਈਮਜ਼') ਤਦ ਤੋਂ ਉਨ੍ਹਾਂ ਨੇ ਇਸ ਜਮਾਤ ਨੂੰ ਪਹੁੰਚ ਕਰਨ ਦੀ ਕੋਈ ਖੇਚਲ ਨਹੀਂ ਕੀਤੀ। ਇਹੀ ਹਾਲ ਕਿਸਾਨੀ ਦਾ ਹੈ। **1922** ਦਾ ਬਾਰਦੋਲੀ ਸੱਤਿਆਗ੍ਰਹਿ ਪੂਰੀ ਤਰ੍ਹਾਂ ਦਰਸਾਉਂਦਾ ਹੈ ਕਿ ਨੇਤਾਵਾਂ ਨੇ ਕਿੰਨਾ ਖ਼ਤਰਾ ਮਹਿਸੂਸ ਕੀਤਾ ਜਦ ਉਨ੍ਹਾਂ ਨੇ ਕਿਸਾਨ ਜਮਾਤ ਦੀ ਉਸ ਬਗ਼ਾਵਤ ਨੂੰ ਦੇਖਿਆ, ਜਿਸ ਨੇ ਸਿਰਫ਼ ਵਿਦੇਸ਼ੀ ਕੌਮ ਦੇ ਗ਼ਲਬੇ ਨੂੰ ਹੀ ਪਰ੍ਹਾਂ ਵਗਾਹ ਮਾਰਨਾ ਸੀ, ਸਗੋਂ ਜ਼ਿਮੀਂਦਾਰਾਂ ਦਾ ਜੂਲਾ ਵੀ ਚੁੱਕ ਦੇਣਾ ਸੀ। ਇਹੀ ਕਾਰਨ ਹੈ ਕਿ ਸਾਡੇ ਲੀਡਰ ਅੰਗਰੇਜ਼ਾਂ ਅੱਗੇ ਗੋਡੇ ਟੇਕਣਾ ਪਸੰਦ ਕਰਦੇ ਹਨ, ਬਜਾਏ ਕਿਸਾਨਾਂ ਅੱਗੇ ਝੁਕਣ ਦੇ। ਪੰਡਤ ਜਵਾਹਰ ਲਾਲ ਦੀ ਗੱਲ ਵੱਖਰੀ ਹੈ। ਕੀ ਤੁਸੀਂ ਕਿਸੇ ਵੀ ਨੇਤਾ ਦਾ ਨਾਂ ਲੈ ਸਕਦੇ ਹੋ, ਜਿਸ ਨੇ ਮਜ਼ਦੂਰਾਂ ਜਾਂ ਕਿਸਾਨਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ ਹੋਵੇ ? ਨਹੀਂ, ਉਹ ਇਹ ਖ਼ਤਰਾ ਮੁੱਲ ਨਹੀਂ ਲੈਣਗੇ। ਇਹੀ ਤਾਂ ਉਨ੍ਹਾਂ ਦੀ ਘਾਟ ਹੈ। ਇਸ ਕਰ ਕੇ ਮੈਂ ਕਹਿੰਦਾ ਹਾਂ ਕਿ ਉਹ ਸੰਪੂਰਨ ਇਨਕਲਾਬ ਨਹੀਂ ਚਾਹੁੰਦੇ। ਆਰਥਿਕ ਅਤੇ ਪ੍ਰਬੰਧਕੀ ਦਬਾਅ ਪਾ ਕੇ ਉਹ ਚੰਦ ਸੁਧਾਰ ਯਾਨੀ ਭਾਰਤੀ ਪੂੰਜੀਪਤੀਆਂ ਲਈ ਚੰਦ ਹੋਰ ਰਿਆਇਤਾਂ ਪ੍ਰਾਪਤ ਕਰਨਾ ਚਾਹੁਣਗੇ। ਇਸੇ ਕਰ ਕੇ ਮੈਂ ਕਹਿੰਦਾ ਹਾਂ ਕਿ ਇਸ ਅੰਦੋਲਨ ਦਾ ਭੱਠਾ ਤਾਂ ਬੈਠੇਗਾ ਹੀ। ਸ਼ਾਇਦ ਕਿਸੇ ਨਾ ਕਿਸੇ ਸਮਝੌਤੇ ਨਾਲ ਜਾਂ ਅਜਿਹੀ ਕਿਸੇ ਚੀਜ਼ ਦੇ ਬਗ਼ੈਰ ਹੀ। ਨੌਜਵਾਨ ਵਰਕਰ, ਜਿਹੜੇ ਪੂਰੀ ਤਨਦੇਹੀ ਨਾਲ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਗਾਉਂਦੇ ਹਨ, ਪੂਰੀ ਤਰ੍ਹਾਂ ਆਪ ਸੰਗਠਿਤ ਨਹੀਂ ਹਨ ਅਤੇ ਆਪਣੇ ਆਪ ਅੰਦੋਲਨ ਨੂੰ ਅੱਗੇ ਲਿਜਾਣ ਦੀ ਤਾਕਤ

ਨਹੀਂ ਰੱਖਦੇ ਹਨ। ਅਸਲ ਵਿਚ ਸਾਡੇ ਵੱਡੇ ਲੀਡਰ, ਸਿਵਾਏ ਪੰਡਤ ਮੋਤੀ ਲਾਲ ਨਹਿਰੂ ਦੇ ਆਪਣੇ ਆਪ 'ਤੇ ਜ਼ਿੰਮੇਵਾਰੀ ਨਹੀਂ ਲੈਣਾ ਚਾਹੁੰਦੇ। ਇਹੀ ਕਾਰਨ ਹੈ ਕਿ ਉਹ ਘੜੀ-ਮੁੜੀ ਗਾਂਧੀ ਅੱਗੇ ਬਿਨਾਂ ਸ਼ਰਤ ਗੋਡੇ ਟੇਕ ਦਿੰਦੇ ਹਨ। ਉਨ੍ਹਾਂ ਦੀ ਰਾਏ ਵੱਖਰੀ ਹੋਣ 'ਤੇ ਵੀ ਉਹ ਪੂਰੀ ਤਨਦੇਹੀ ਨਾਲ ਮੁਖ਼ਾਲਫ਼ਤ ਨਹੀਂ ਕਰਦੇ ਅਤੇ ਮਤੇ, ਮਹਾਤਮਾ ਕਰ ਕੇ ਹੀ ਪਾਸ ਕਰ ਦਿੱਤੇ ਜਾਂਦੇ ਹਨ। ਇਨ੍ਹਾਂ ਹਾਲਤਾਂ ਵਿਚ, ਨੌਜਵਾਨ ਕਾਰਕੁੰਨ ਜਿਹੜੇ ਇਨਕਲਾਬ ਵਾਸਤੇ ਪੂਰੀ ਸੰਜੀਦਗੀ ਰੱਖਦੇ ਹਨ, ਨੂੰ ਮੈਂ ਚੇਤਾਵਨੀ ਦੇਣਾ ਚਾਹਵਾਂਗਾ ਕਿ ਔਖਾ ਸਮਾਂ ਆ ਰਿਹਾ ਹੈ। ਉਹ ਚੌਕਸ ਰਹਿਣ, ਹੌਸਲਾ ਨਾ ਛੱਡਣ, ਅਤੇ ਭੰਬਲਭੂਸੇ ਵਿਚ ਨਾ ਪੈਣ। 'ਮਹਾਤਮਾ ਗਾਂਧੀ' ਦੇ ਘੋਲਾਂ ਦੇ ਤਜਰਬੇ ਬਾਅਦ ਅਸੀਂ ਹੁਣ ਦੇ ਹਾਲਾਤ ਬਾਰੇ ਅਤੇ ਭਵਿੱਖ ਦੇ ਪ੍ਰੋਗਰਾਮ ਬਾਰੇ ਸਪੱਸ਼ਟ ਵਿਚਾਰ ਬਣਾ ਸਕਦੇ ਹਾਂ।

ਹੁਣ ਮੈਂ ਬਿਲਕੁਲ ਸਾਦੇ ਢੰਗ ਨਾਲ ਇਹ ਕੇਸ ਬਿਆਨ ਕਰਦਾ ਹਾਂ। ਤੁਸੀਂ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਗਾਉਂਦੇ ਹੋ। ਮੈਂ ਇਹ ਮੰਨ ਕੇ ਤੁਰਦਾ ਹਾਂ ਕਿ ਤੁਸੀਂ ਇਸ ਦਾ ਮਤਲਬ ਸਮਝਦੇ ਹੋ। ਅਸੈਂਬਲੀ ਬੰਬ ਕੇਸ ਵਿਚ ਦਿੱਤੀ ਗਈ ਸਾਡੀ ਪਰਿਭਾਸ਼ਾ ਮੁਤਾਬਕ, ਇਨਕਲਾਬ ਦਾ ਭਾਵ ਮੌਜੂਦਾ ਸਮਾਜਕ ਢਾਂਚੇ ਦੀ ਪੂਰਨ ਤਬਦੀਲੀ ਅਤੇ ਸਮਾਜਵਾਦ ਦੀ ਸਥਾਪਤੀ ਹੈ। ਇਸ ਮੰਤਵ ਲਈ ਸਾਡਾ ਫੌਰੀ ਆਸ਼ਾ ਤਾਕਤ ਹਾਸਲ ਕਰਨਾ ਹੈ। ਅਸਲ ਵਿਚ 'ਰਿਆਸਤ' ਯਾਨੀ ਸਰਕਾਰੀ ਮਸ਼ੀਨਰੀ ਰਾਜ ਕਰਦੀ ਜਮਾਤ ਦੇ ਹੱਥਾਂ ਵਿਚ, ਆਪਣੇ ਹਿੱਤਾਂ ਦੀ ਰਾਖੀ ਕਰਨ ਅਤੇ ਅੱਗੇ ਵਧਾਉਣ ਦਾ ਸੰਦ ਹੀ ਹੈ। ਅਸੀਂ ਇਸ ਸੰਦ ਨੂੰ ਖੋਹ ਕੇ ਆਪਣੇ ਆਦਰਸ਼ਾਂ ਦੀ ਪੂਰਤੀ ਲਈ ਵਰਤਣਾ ਚਾਹੁੰਦੇ ਹਾਂ, ਸਾਡੇ ਆਦਰਸ਼ ਹਨ ਸਮਾਜਿਕ ਸਿਰਜਣਾ ਨਵੇਂ ਢੰਗ ਨਾਲ ਕਰਨੀ ਯਾਨੀ ਕਿ ਮਾਰਕਸੀ ਤੌਰ-ਤਰੀਕੇ ਅਨੁਸਾਰ। ਇਸੇ ਮੰਤਵ ਨਾਲ ਅਸੀਂ ਸਰਕਾਰੀ ਮਸ਼ੀਨਰੀ ਨੂੰ ਵਰਤਣਾ ਚਾਹੁੰਦੇ ਹਾਂ। ਲਗਾਤਾਰ ਜਨਤਾ ਨੂੰ ਸਿੱਖਿਆ ਦਿੰਦੇ ਰਹਿਣਾ ਹੈ ਤਾਂ ਕਿ ਆਪਣੇ ਸਮਾਜਿਕ ਪ੍ਰੋਗਰਾਮ ਦੀ ਪੂਰਤੀ ਲਈ ਇਕ ਸੁਖਾਵਾਂ ਤੇ ਅਨੁਕੂਲ ਵਾਤਾਵਰਣ ਬਣਾਇਆ ਜਾ ਸਕੇ। ਅਸੀਂ ਉਨ੍ਹਾਂ ਘੋਲਾਂ ਦੇ ਦੌਰਾਨ ਹੀ ਵਧੀਆ ਟਰੇਨਿੰਗ ਅਤੇ ਵਿਦਿਆ ਦੇ ਸਕਦੇ ਹਾਂ।

ਇਨ੍ਹਾਂ ਗੱਲਾਂ ਦੀ ਸਪੱਸ਼ਟਤਾ ਬਾਅਦ ਯਾਨੀ ਕਿ ਸਾਡੇ ਫੌਰੀ ਅਤੇ ਅੰਤਮ ਉਦੇਸ਼ ਸਪੱਸ਼ਟਤਾ ਨਾਲ ਸਮਝਣ ਬਾਅਦ, ਆਪਾਂ ਹੁਣ ਦੇ ਹਾਲਾਤਾਂ ਨੂੰ ਘੋਖ ਸਕਦੇ ਹਾਂ। ਸਾਨੂੰ ਸਦਾ ਕਿਸੇ ਹਾਲਾਤ ਦਾ ਵਿਸ਼ਲੇਸ਼ਣ ਕਰਨ ਵੇਲੇ ਬਿਲਕੁਲ ਨਿਝੱਕ, ਬੇਲਾਗ ਅਤੇ ਵਿਹਾਰੀ ਹੋਣਾ ਚਾਹੀਦਾ ਹੈ।

ਅਸੀਂ ਜਾਣਦੇ ਹਾਂ ਕਿ ਜਦ ਭਾਰਤੀਆਂ ਦੇ ਭਾਰਤੀ ਸਰਕਾਰ ਦੀ ਜ਼ਿੰਮੇਵਾਰੀ ਅੰਦਰ ਹਿੱਸੇਦਾਰੀ ਦਾ ਰੌਲਾ-ਰੱਪਾ ਪਿਆ ਸੀ ਤਾਂ ਮਿੰਟੋ-ਮੋਰਲੇ ਸੁਧਾਰ ਲਾਗੂ ਹੋਏ ਸਨ, ਜਿਨ੍ਹਾਂ ਰਾਹੀਂ ਵਾਇਸਰਾਏ ਦੀ ਕੌਂਸਲ, ਜਿਸ ਨੂੰ ਸਿਫ਼ਤ ਸਲਾਹ ਦੇਣ ਦੇ ਹੱਕ ਸਨ, ਬਣਾਈ ਗਈ ਸੀ।

ਦੁਨੀਆ ਦੀ ਵੱਡੀ ਜੰਗ ਦੇ ਦੌਰਾਨ ਜਦ ਭਾਰਤੀ ਟੀਮ ਨੂੰ ਮਦਦ ਦੀ ਬੇਹੱਦ ਜ਼ਰੂਰਤ ਸੀ ਤਾਂ ਖ਼ੁਦ ਖ਼ੁਦਮੁਖ਼ਤਿਆਰ ਸਰਕਾਰ ਵੱਲੋਂ ਵਾਇਦਾ ਕੀਤਾ ਗਿਆ ਸੀ ਅਤੇ ਮੌਜੂਦਾ ਸੁਧਾਰ ਲਾਗੂ ਕੀਤੇ ਗਏ। ਅਸੈਂਬਲੀ ਨੂੰ ਕੁਝ ਸੀਮਤ ਕਾਨੂੰਨ ਬਣਾਉਣ ਦੀਆਂ ਤਾਕਤਾਂ ਦਿੱਤੀਆਂ ਗਈਆਂ ਹਨ, ਪਰ ਸਭ ਵਾਇਸਰਾਏ ਦੀ ਖੁਸ਼ੀ ਤੇ ਨਿਰਭਰ ਕਰਦੀਆਂ ਹਨ। ਹੁਣ ਤੀਜੀ ਸਟੇਜ ਹੈ।

ਹੁਣ ਸੁਧਾਰਾਂ ਬਾਰੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ ਅਤੇ ਨੇੜੇ ਦੇ ਭਵਿੱਖ ਵਿਚ ਇਹ ਲਾਗੂ ਕੀਤੇ ਜਾਣਗੇ, ਸਾਡੇ ਨੌਜਵਾਨ ਇਨ੍ਹਾਂ ਨੂੰ ਕਿਵੇਂ ਪਰਖ ਸਕਦੇ ਹਨ? ਹੁਣ ਇਕ ਸਵਾਲ ਹੈ, ਮੈਨੂੰ ਨਹੀਂ ਪਤਾ ਕਿ ਕਾਂਗਰਸੀ ਲੀਡਰ ਇਸ ਨੂੰ ਕਿਵੇਂ ਪਰਖਣਗੇ? ਪਰ ਅਸੀਂ, ਇਨਕਲਾਬੀ, ਹੇਠ ਲਿਖੀ ਕਸੌਟੀ 'ਤੇ ਪਰਖਾਂਗੇ :

1. ਰਾਜ-ਪ੍ਰਬੰਧ ਦੀ ਜ਼ਿੰਮੇਵਾਰੀ ਕਿਸ ਹੱਦ ਤਕ ਭਾਰਤਵਾਸੀਆਂ ਦੇ ਸਪੁਰਦ ਕੀਤੀ ਜਾਂਦੀ ਹੈ।
2. ਰਾਜ-ਪ੍ਰਬੰਧ ਚਲਾਉਣ ਵਾਸਤੇ ਕਿਸ ਤਰ੍ਹਾਂ ਦੀ ਸਰਕਾਰ ਬਣਾਈ ਜਾਂਦੀ ਹੈ ਅਤੇ ਇਸ ਵਿਚ ਹਿੱਸਾ ਲੈਣ ਦਾ ਆਮ ਜਨਤਾ ਨੂੰ ਕਿੱਥੋਂ ਕੁ ਤਕ ਮੌਕਾ ਮਿਲਦਾ ਹੈ?
3. ਭਵਿੱਖ ਵਿਚ ਕੀ ਸੰਭਾਵਨਾਵਾਂ ਹੋ ਸਕਦੀਆਂ ਹਨ, ਅਤੇ ਇਨ੍ਹਾਂ ਪ੍ਰਾਪਤੀਆਂ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ।

ਇਸ ਲਈ ਸ਼ਾਇਦ ਥੋੜ੍ਹੇ ਹੋਰ ਸਪੱਸ਼ਟੀਕਰਨ ਦੀ ਲੋੜ ਪਵੇ। ਪਹਿਲੀ ਗੱਲ ਇਹ ਹੈ ਕਿ ਸਾਡੇ ਲੋਕਾਂ ਦੇ ਨੁਮਾਇੰਦਿਆਂ ਨੂੰ ਰਾਜ-ਪ੍ਰਬੰਧ (Executive) ਉਤੇ ਕਿੰਨਾ ਕੁ ਅਧਿਕਾਰ ਤੇ ਜ਼ਿੰਮੇਵਾਰੀ ਹਾਸਲ ਹੁੰਦੀ ਹੈ। ਹੁਣ ਤਕ ਤਾਂ ਕਾਰਜਕਾਰਨੀ ਨੂੰ ਲੈਜਿਸ-ਲੇਟਿਵ ਅਸੈਂਬਲੀ ਅੱਗੇ ਜੁਆਬਦੇਹ ਨਹੀਂ ਬਣਾਇਆ ਗਿਆ ਹੈ। ਵਾਇਸਰਾਏ ਨੂੰ ਵੀਟੋ ਦੀ ਤਾਕਤ (ਰੱਦ ਕਰਨ ਦੀ ਤਾਕਤ) ਹੈ, ਜਿਸ ਨਾਲ ਚੁਣੇ ਹੋਏ ਨੁਮਾਇੰਦਿਆਂ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਅਸਰ ਤੇ ਠੱਪ ਕਰ ਦਿੱਤੀਆਂ ਜਾਂਦੀਆਂ ਹਨ।

ਅਸੀਂ ਸਵਰਾਜ ਪਾਰਟੀ ਦੇ ਧੰਨਵਾਦੀ ਹਾਂ, ਜਿਨ੍ਹਾਂ ਕੋਸ਼ਿਸ਼ ਕਰ ਕੇ ਵਾਇਸਰਾਏ ਨੂੰ ਆਪਣੀ ਇਸ ਖ਼ਾਸ ਤਾਕਤ ਨੂੰ ਬੜੀ ਬੇਸ਼ਰਮੀ ਨਾਲ ਬਾਰ-ਬਾਰ ਵਰਤਣ ਲਈ ਮਜਬੂਰ ਕੀਤਾ ਅਤੇ ਕੌਮੀ ਨੁਮਾਇੰਦਿਆਂ ਦੇ ਮਰਿਆਦਾ ਭਰਪੂਰ ਫ਼ੈਸਲੇ ਪੈਰਾਂ ਥੱਲੇ ਕੁਚਲ ਦਿੱਤੇ। ਇਹ ਗੱਲ ਪੂਰੀ ਤਰ੍ਹਾਂ ਸਾਫ਼ ਹੈ ਕਿ ਇਸ 'ਤੇ ਹੋਰ ਬਹਿਸ ਦੀ ਲੋੜ ਨਹੀਂ ਹੈ।

ਸਭ ਤੋਂ ਪਹਿਲਾਂ ਆਓ ਕਾਰਜਕਾਰਨੀ ਦੇ ਕਾਇਮ ਕਰਨ ਦੇ ਢੰਗ ਬਾਰੇ ਜ਼ਰੂਰ ਦੇਖੀਏ। ਕੀ ਕਾਰਜਕਾਰਨੀ ਨੂੰ ਅਸੈਂਬਲੀ ਦੇ ਚੁਣੇ ਹੋਏ ਮੈਂਬਰ ਚੁਣਦੇ ਹਨ ਜਾਂ ਅੱਗੇ ਵਾਂਗ ਉੱਪਰੋਂ ਹੀ ਠੋਸੀ ਜਾਂਦੀ ਹੈ। ਕੀ ਇਹ ਅਸੈਂਬਲੀ ਨੂੰ ਜੁਆਬਦੇਹ ਹੋਵੇਗੀ ਜਾਂ ਪਿਛਲੇ ਸਮੇਂ ਵਾਂਗ ਸਭਾ ਦੀ ਤੌਹੀਨ ਕਰੇਗੀ?

ਜਿਥੋਂ ਤਕ ਦੂਸਰੀ ਗੱਲ ਦਾ ਸੰਬੰਧ ਹੈ, ਉਸ ਨੂੰ ਅਸੀਂ ਬਾਲਗ ਚੋਣਾਂ ਦੇ ਹੱਕ ਦੀ ਗੁੰਜਾਇਸ਼ ਤੋਂ ਦੇਖ ਸਕਦੇ ਹਾਂ। ਜਾਇਦਾਦ ਮਾਲਕੀ ਦੀ ਧਾਰਾ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਕੇ ਵਿਆਪਕ ਲੋਕਾਂ ਨੂੰ ਵੋਟਾਂ ਦੇ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ। ਹੁਣ ਤਾਂ ਅਸੀਂ ਸਿਰਫ਼ ਇਹ ਦੇਖ ਸਕਦੇ ਹਾਂ ਕਿ ਵੋਟ ਅਧਿਕਾਰ ਕਿਸ ਹੱਦ ਤਕ ਦਿੱਤੇ ਜਾਂਦੇ ਹਨ।

ਜਿੱਥੋਂ ਤਕ ਢਾਂਚੇ ਦਾ ਸਵਾਲ ਹੈ, ਅਜੇ ਦੋ ਸਭਾਵਾਂ ਵਾਲੀ ਸਰਕਾਰ ਹੈ। ਮੇਰੇ ਵਿਚਾਰ ਵਿਚ ਉੱਚ ਸਭਾ ਬੁਰਜੁਆ ਭਰਮ ਜਾਲ ਜਾਂ ਝਾਂਸੇ ਬਿਨਾਂ ਹੋਰ ਕੁਝ ਨਹੀਂ ਹੈ। ਮੇਰੇ ਮੁਤਾਬਕ ਜਿੱਥੋਂ ਤਕ ਆਸ ਕੀਤੀ ਜਾ ਸਕਦੀ ਹੈ ਕਿ ਇਕ ਸਭਾ ਵਾਲੀ ਸਰਕਾਰ ਚੰਗੀ ਹੈ।

ਮੈਂ ਇਥੇ ਸੂਬਾਈ ਖ਼ੁਦਮੁਖ਼ਤਿਆਰੀ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਜੋ ਕੁਝ ਮੈਂ ਸੁਣਿਆ ਹੈ, ਉਸ ਦੇ ਆਧਾਰ 'ਤੇ ਮੈਂ ਇਹ ਕਹਿ ਸਕਦਾ ਹਾਂ ਕਿ ਉਪਰੋਂ ਠੋਸਿਆ ਗਵਰਨਰ, ਜਿਸ ਨੂੰ ਅਸੈਂਬਲੀ ਤੋਂ ਉਪਰ ਖ਼ਾਸ ਤਾਕਤਾਂ ਦਿੱਤੀਆਂ ਗਈਆਂ ਹੋਣ, ਤਾਨਾਸ਼ਾਹ ਤੋਂ ਘੱਟ ਸਾਬਤ ਨਹੀਂ ਹੋਵੇਗਾ। ਆਪਾਂ ਇਸ ਨੂੰ ਸੂਬਾਈ ਖ਼ੁਦਮੁਖ਼ਤਿਆਰੀ ਨਾ ਕਹਿ ਕੇ ਸੂਬਾਈ ਜ਼ੁਲਮ ਕਹਿ ਲਈਏ। ਇਹ ਰਾਜ ਦੀਆਂ ਸੰਸਥਾਵਾਂ ਦਾ ਅਜੀਬ ਜਮਹੂਰੀਕਰਨ ਹੈ।

ਤੀਸਰੀ ਗੱਲ ਤਾਂ ਬਿਲਕੁਲ ਸਾਫ਼ ਹੈ। ਪਿਛਲੇ ਦੋ ਸਾਲਾਂ ਤੋਂ ਅੰਗਰੇਜ਼ ਸਿਆਸਤਦਾਨ ਉਸ ਵਾਅਦੇ ਨੂੰ ਖ਼ਤਮ ਕਰਨ 'ਤੇ ਲੱਗੇ ਹੋਏ ਹਨ, ਜਿਹੜਾ ਮੌਂਟੇਗਾਯੂ ਨੇ ਇਹ ਕਹਿ ਕੇ ਕੀਤਾ ਸੀ ਕਿ ਜਦ ਤਕ ਅੰਗਰੇਜ਼ੀ ਖ਼ਜ਼ਾਨੇ ਵਿਚ ਜਾਨ ਹੈ, ਹਰ ਦਸ ਸਾਲ ਬਾਅਦ ਹੋਰ ਸੁਧਾਰ ਕੀਤੇ ਜਾਂਦੇ ਰਹਿਣਗੇ।

ਅਸੀਂ ਦੇਖ ਸਕਦੇ ਹਾਂ ਕਿ ਉਨ੍ਹਾਂ ਨੇ ਭਵਿੱਖ ਲਈ ਕੀ ਫ਼ੈਸਲਾ ਕੀਤਾ ਹੈ। ਮੈਂ ਗੱਲ ਸਪੱਸ਼ਟ ਕਰ ਦਿਆਂ ਤਾਂ ਕਿ ਅਸੀਂ ਇਨ੍ਹਾਂ ਗੱਲਾਂ ਦਾ ਵਿਸ਼ਲੇਸ਼ਣ ਇਸ ਕਰ ਕੇ ਨਹੀਂ ਕਰ ਰਹੇ ਕਿ ਪ੍ਰਾਪਤੀਆਂ 'ਤੇ ਖ਼ੁਸ਼ੀ ਮਨਾਈ ਜਾਵੇ, ਸਗੋਂ ਇਸ ਲਈ ਕਿ ਜਨਤਾ ਨੂੰ ਚੇਤੰਨ ਕੀਤਾ ਜਾ ਸਕੇ ਅਤੇ ਆਉਣ ਵਾਲੀ ਜੱਦੋ-ਜਹਿਦ ਲਈ ਤਿਆਰ ਕੀਤਾ ਜਾਵੇ। ਸਾਡੇ ਲਈ ਸਮਝੌਤਾ ਗੋਡੇ ਟੇਕਣਾ ਨਹੀਂ ਹੈ। ਸਗੋਂ ਇਕ ਕਦਮ ਅੱਗੇ ਤੇ ਫਿਰ ਕੁਝ ਆਰਾਮ।

ਪਰ ਨਾਲ ਹੀ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਮਝੌਤਾ ਇਸ ਤੋਂ ਵੱਧ ਹੋਰ ਹੈ ਵੀ ਕੁਝ ਨਹੀਂ। ਇਹ ਆਖ਼ਰੀ ਮੰਤਵ ਤੇ ਆਖ਼ਰੀ ਆਰਾਮ ਦੀ ਥਾਂ ਨਹੀਂ ਹੈ।

* * *

ਮੌਜੂਦਾ ਹਾਲਤ ਬਾਰੇ ਕੁਝ ਹੱਦ ਤਕ ਵਿਚਾਰ ਕਰਨ ਬਾਅਦ ਆਓ ਭਵਿੱਖ ਦਾ ਪ੍ਰੋਗਰਾਮ ਤੇ ਕਾਰਜ-ਨੀਤੀ ਕੀ ਹੋਵੇ, ਬਾਰੇ ਵੀ ਵਿਚਾਰ ਕਰੀਏ।

ਜਿਵੇਂ ਕਿ ਮੈਂ ਪਹਿਲਾਂ ਦੱਸਿਆ ਕਿ ਕਿਸੇ ਇਨਕਲਾਬੀ ਪਾਰਟੀ ਲਈ ਨਿਸ਼ਚਿਤ ਪ੍ਰੋਗਰਾਮ ਦਾ ਹੋਣਾ ਬਹੁਤ ਜ਼ਰੂਰੀ ਹੈ। ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਨਕਲਾਬ ਦਾ ਮਤਲਬ ਸਰਗਰਮੀ ਹੈ। ਇਸ ਦਾ ਮਤਲਬ ਜਥੇਬੰਦ ਅਤੇ ਸਿਲਸਿਲੇ-ਵਾਰ ਕੰਮ ਰਾਹੀਂ ਸੋਚੀ-ਸਮਝੀ ਤਬਦੀਲੀ ਲਿਆਉਣਾ ਹੈ ਅਤੇ ਇਕਦਮ ਅਸੰਗਠਿਤ ਜਾਂ ਸੁੱਤੇ-ਸਿਧ ਆਈ ਤਬਦੀਲੀ ਜਾਂ ਟੁੱਟ-ਭੱਜ ਦੇ ਬਿਲਕੁਲ ਉਲਟ ਦੀ ਗੱਲ ਹੈ ਅਤੇ ਪ੍ਰੋਗਰਾਮ ਬਣਾਉਣ ਲਈ, ਜ਼ਰੂਰੀ ਤੌਰ 'ਤੇ ਇਨ੍ਹਾਂ ਗੱਲਾਂ ਦਾ ਅਧਿਐਨ ਕਰਨ ਦੀ ਲੋੜ ਹੈ।

1. ਮੰਜ਼ਲ ਜਾਂ ਉਦੇਸ਼
2. ਆਧਾਰ ਜਿੱਥੋਂ ਸ਼ੁਰੂ ਕਰਨਾ ਹੈ ਯਾਨੀ ਮੌਜੂਦਾ ਹਾਲਤ
3. ਅਮਲ ਵਿਧੀ ਯਾਨੀ ਸਾਧਨ ਅਤੇ ਢੰਗ-ਤਰੀਕੇ।

ਜਦ ਤਕ ਇਨ੍ਹਾਂ ਤੱਤਾਂ ਬਾਰੇ ਆਪਾਂ ਨੂੰ ਸਪੱਸ਼ਟ ਸੰਕਲਪ ਨਹੀਂ ਹੈ, ਪ੍ਰੋਗਰਾਮ ਬਾਰੇ ਕੋਈ ਵਿਚਾਰ-ਵਟਾਂਦਰਾ ਨਹੀਂ ਹੋ ਸਕਦਾ।

ਅਸੀਂ ਮੌਜੂਦਾ ਹਾਲਾਤ ਨੂੰ ਕੁਝ ਹੱਦ ਤਕ, ਵਿਚਾਰ ਅਧੀਨ ਲਿਆ ਚੁੱਕੇ ਹਾਂ। ਮੰਜ਼ਲ ਦੇ ਬਾਰੇ ਵੀ ਕਹਿ ਚੁੱਕੇ ਹਾਂ। ਅਸੀਂ ਸਮਾਜਵਾਦੀ ਇਨਕਲਾਬ ਚਾਹੁੰਦੇ ਹਾਂ, ਜਿਸ ਲਈ ਮੁੱਢਲੀ ਜ਼ਰੂਰਤ ਰਾਜਸੀ ਇਨਕਲਾਬ ਦੀ ਹੈ। ਇਹ ਹੈ ਜੋ ਅਸੀਂ ਚਾਹੁੰਦੇ ਹਾਂ। ਰਾਜਸੀ ਇਨਕਲਾਬ ਦਾ ਭਾਵ ਰਾਜਸੱਤਾ (ਯਾਨੀ ਮੋਟੇ ਤੌਰ 'ਤੇ ਤਾਕਤ) ਦਾ ਅੰਗਰੇਜ਼ ਹੱਥਾਂ ਤੋਂ ਭਾਰਤੀ ਹੱਥਾਂ ਵਿਚ ਆ ਜਾਣਾ ਤੇ ਉਹ ਵੀ ਉਨ੍ਹਾਂ ਭਾਰਤੀਆਂ ਦੇ ਹੱਥਾਂ ਵਿਚ ਜਿਨ੍ਹਾਂ ਦਾ ਅੰਤਮ ਉਦੇਸ਼ ਸਾਡੇ ਉਦੇਸ਼ ਨਾਲ ਮਿਲਦਾ ਹੋਵੇ। ਹੋਰ ਸਪੱਸ਼ਟਤਾ ਨਾਲ ਕਹੀਏ ਤਾਂ ਰਾਜ-ਸੱਤਾ ਦਾ ਇਨਕਲਾਬੀ ਪਾਰਟੀ ਦੇ ਹੱਥਾਂ ਵਿਚ, ਜਨਤਕ ਮਦਦ ਨਾਲ ਜਾਣਾ। ਉਸ ਦੇ ਬਾਅਦ ਸਾਰੇ ਸਮਾਜ ਨੂੰ ਸਮਾਜਵਾਦੀ ਲੀਹਾਂ 'ਤੇ ਚਲਾਉਣ ਲਈ ਪੂਰੀ ਸੰਜੀਦਗੀ ਨਾਲ ਜੁਟ ਜਾਣਾ ਹੋਵੇਗਾ। ਜੇ ਤੁਹਾਡਾ ਇਨਕਲਾਬ ਤੋਂ ਇਹ ਭਾਵ ਨਹੀਂ ਹੈ ਤਾਂ ਜਨਾਬ ਮੇਹਰਬਾਨੀ ਕਰਨਾ! 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਣੇ ਬੰਦ ਕਰ ਦਿਓ। ਘੱਟੋ ਘੱਟ ਸਾਡੇ ਲਈ ਇਨਕਲਾਬ ਦਾ ਸ਼ਬਦ ਬਹੁਤ ਉੱਤਮ ਵਿਚਾਰ ਹੈ ਤੇ ਇਸੇ ਕਰ ਕੇ ਬਗ਼ੈਰ ਸੰਜੀਦਗੀ ਦੇ ਨਹੀਂ ਵਰਤਣਾ ਚਾਹੀਦਾ, ਇਸ ਤਰ੍ਹਾਂ ਇਸ ਦੀ ਦੁਰਵਰਤੋਂ ਹੋ ਜਾਵੇਗੀ। ਪਰ ਜੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਕੌਮੀ ਇਨਕਲਾਬ ਚਾਹੁੰਦੇ ਹੋ ਜਿਸ ਦਾ ਉਦੇਸ਼ ਅਮਰੀਕਾ ਵਰਗੇ ਭਾਰਤੀ ਗਣਤੰਤਰ ਦੀ ਸਥਾਪਤੀ ਹੈ ਤਾਂ ਮੇਰਾ ਸਵਾਲ ਹੈ ਕਿ ਉਸ ਲਈ ਤੁਸੀਂ ਇਨਕਲਾਬ ਵਿਚ ਮਦਦਗਾਰ ਹੋਣ ਲਈ ਕਿਹੜੀਆਂ ਸ਼ਕਤੀਆਂ 'ਤੇ ਨਿਰਭਰ ਕਰ ਸਕਦੇ ਹੋ, ਉਹ ਹਨ ਕਿਸਾਨੀ ਅਤੇ ਮਜ਼ਦੂਰ। ਕਾਂਗਰਸੀ ਨੇਤਾ ਇਨ੍ਹਾਂ ਸ਼ਕਤੀਆਂ ਨੂੰ ਸੰਗਠਿਤ ਕਰਨ ਦੀ ਹਿੰਮਤ ਨਹੀਂ ਰੱਖਦੇ। ਇਸ ਅੰਦੋਲਨ ਵਿਚ ਤੁਸਾਂ ਇਹ ਸਾਫ਼ ਦੇਖ ਲਿਆ ਹੈ। ਉਨ੍ਹਾਂ ਨੂੰ ਹੋਰ ਕਿਸੇ ਨਾਲੋਂ ਵੱਧ ਅਹਿਸਾਸ ਹੈ ਕਿ ਇਨ੍ਹਾਂ ਸ਼ਕਤੀਆਂ ਦੇ ਬਗ਼ੈਰ ਉਹ ਬੇਬਸ ਹਨ। ਜਦ ਉਨ੍ਹਾਂ ਨੇ ਸੰਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਤਾਂ ਉਸ ਦਾ ਅਸਲ ਮਤਲਬ ਤਾਂ ਇਨਕਲਾਬ ਹੀ ਸੀ, ਪਰ ਇਨ੍ਹਾਂ ਦਾ ਮਤਲਬ ਇਹ ਨਹੀਂ ਸੀ। ਇਹ ਤਾਂ ਨੌਜਵਾਨ ਕਾਰਕੁੰਨਾਂ ਦੇ ਦਬਾਅ ਹੇਠ ਪਾਸ ਕੀਤਾ ਗਿਆ ਸੀ ਅਤੇ

ਇਕ ਦਬਕੇ ਦੇ ਤੌਰ 'ਤੇ ਇਸ ਨੂੰ ਇਸਤੇਮਾਲ ਕਰਨਾ ਚਾਹੁੰਦੇ ਸਨ ਤਾਂ ਕਿ ਮਨ-ਚਾਹਿਆ ਫਲ ਡੋਮੀਨੀਅਨ ਸਟੇਟਸ ਪ੍ਰਾਪਤ ਕਰ ਸਕਣ । ਤੁਸੀਂ ਕਾਂਗਰਸ ਦੇ ਪਿਛਲੇ ਤਿੰਨ ਇਜਲਾਸਾਂ ਦੇ ਮਤੇ ਪੜ੍ਹ ਕੇ ਇਸ ਬਾਰੇ ਠੀਕ ਰਾਏ ਬਣਾ ਸਕਦੇ ਹੋ । ਮੇਰਾ ਭਾਵ ਮਦਰਾਸ, ਕਲਕੱਤਾ ਅਤੇ ਲਾਹੌਰ ਇਜਲਾਸਾਂ ਤੋਂ ਹੈ । ਕਲਕੱਤੇ ਡੋਮੀਨੀਅਨ ਸਟੇਟਸ ਦੀ ਮੰਗ ਦਾ ਮਤਾ ਪਾਸ ਕੀਤਾ । 12 ਮਹੀਨੇ ਦੇ ਅੰਦਰ ਇਸ ਮੰਗ ਦੀ ਸਵੀਕਾਰਤਾ ਲਈ ਕਿਹਾ ਗਿਆ । ਅਗਰ ਏਦਾਂ ਨਾ ਕੀਤਾ ਗਿਆ ਤਾਂ ਕਾਂਗਰਸ ਮਜਬੂਰ ਹੋ ਕੇ ਪੂਰਨ ਆਜ਼ਾਦੀ ਨੂੰ ਆਪਣਾ ਉਦੇਸ਼ ਬਣਾ ਲਵੇਗੀ । ਪੂਰੀ ਸੰਜੀਦਗੀ ਨਾਲ 31 ਦਸੰਬਰ, 1929 ਦੀ ਅੱਧੀ ਰਾਤ ਤਕ ਉਸ ਸੁਗ਼ਾਤ ਦੀ ਪ੍ਰਾਪਤੀ ਲਈ ਇੰਤਜ਼ਾਰ ਕਰਦੇ ਰਹੇ ਅਤੇ ਫਿਰ ਉਨ੍ਹਾਂ ਨੇ ਆਪਣੇ ਆਪ ਨੂੰ ਆਜ਼ਾਦੀ ਦਾ ਮਤਾ ਮੰਨਣ ਲਈ 'ਵਚਨਬੱਧ' ਪਾਇਆ । ਵੈਸੇ ਉਹ ਚਾਹੁੰਦੇ ਨਹੀਂ ਸਨ ਅਤੇ ਫਿਰ ਵੀ ਮਹਾਤਮਾ ਜੀ ਨੇ ਇਹ ਗੱਲ ਛੁਪਾ ਕੇ ਨਾ ਰੱਖੀ ਕਿ ਦਰਵਾਜ਼ੇ (ਸਮਝੌਤੇ ਲਈ) ਖੁੱਲ੍ਹੇ ਹਨ । ਇਹ ਸੀ ਇਸ ਦਾ ਅਸਲ ਮਨੋਰਥ ਬਿਲਕੁਲ ਸ਼ੁਰੂ ਵਿਚ ਹੀ ਉਹ ਜਾਣਦੇ ਸਨ ਕਿ ਉਨ੍ਹਾਂ ਦਾ ਅੰਦੋਲਨ ਕਿਸੇ ਨਾ ਕਿਸੇ ਤਰ੍ਹਾਂ ਸਮਝੌਤੇ ਵਿਚ ਮੁੱਕੇਗਾ । ਇਸ ਬੇਦਿਲੀ ਨੂੰ ਅਸੀਂ ਨਫ਼ਰਤ ਕਰਦੇ ਹਾਂ ਕਿ ਜੱਦੋ-ਜਹਿਦ ਦੇ ਕਿਸੇ ਮਸਲੇ 'ਤੇ ਸਮਝੌਤੇ ਨੂੰ ਨਹੀਂ ।

ਖ਼ੈਰ ! ਅਸੀਂ ਵਿਚਾਰ ਕਰ ਰਹੇ ਸਾਂ ਕਿ ਇਕ ਇਨਕਲਾਬ ਕਿਨ੍ਹਾਂ-ਕਿਨ੍ਹਾਂ ਤਾਕਤਾਂ 'ਤੇ ਨਿਰਭਰ ਕਰਦਾ ਹੈ । ਪਰ ਜੇ ਤੁਸੀਂ ਸੋਚਦੇ ਹੋ ਕਿ ਕਿਸਾਨਾਂ ਤੇ ਮਜ਼ਦੂਰਾਂ ਦੀ ਸਰਗਰਮ ਸ਼ਮੂਲੀਅਤ ਲਈ ਪਹੁੰਚ ਕਰੋਗੇ ਤਾਂ ਮੈਂ ਦੱਸਣਾ ਚਾਹਾਂਗਾ ਕਿ ਉਹ ਕਿਸੇ ਕਿਸਮ ਦੀ ਜਜ਼ਬਾਤੀ ਗੱਲ ਨਾਲ ਬੇਵਕੂਫ਼ ਨਹੀਂ ਬਣਾਏ ਜਾ ਸਕਦੇ । ਉਹ ਸਾਫ਼-ਸਾਫ਼ ਪੁੱਛਣਗੇ ਕਿ ਉਨ੍ਹਾਂ ਨੂੰ ਤੁਹਾਡੇ ਇਨਕਲਾਬ ਤੋਂ ਕੀ ਲਾਭ ਪੁੱਜੇਗਾ ? ਉਸ ਇਨਕਲਾਬ ਤੋਂ ਜਿਸ ਲਈ ਤੁਸੀਂ ਉਨ੍ਹਾਂ ਦੀ ਕੁਰਬਾਨੀ ਦੀ ਮੰਗ ਕਰ ਰਹੇ ਹੋ । ਅਗਰ ਲਾਰਡ ਰੀਡਿੰਗ ਦੀ ਥਾਂ ਭਾਰਤੀ ਸਰਕਾਰ ਦਾ ਮੋਹਰੀ ਸਰ ਪਰਸ਼ੋਤਮ ਦਾਸ ਠਾਕਰ ਦਾਸ ਹੋਵੇ ਤਾਂ ਜਨਤਾ ਨੂੰ ਕੀ ਫ਼ਰਕ ਪੈਂਦਾ ਹੈ ? ਇਕ ਕਿਸਾਨ ਵਾਸਤੇ ਇਸ ਨਾਲ ਕੀ ਫ਼ਰਕ ਪਵੇਗਾ, ਜੇ ਲਾਰਡ ਇਰਵਿਨ ਦੀ ਥਾਂ ਸਰ ਤੇਜ ਬਹਾਦਰ ਸਪਰੂ ਆ ਜਾਂਦਾ ਹੈ, ਕੌਮੀ ਜਜ਼ਬਾਤਾਂ ਨੂੰ ਅਪੀਲ ਬਿਲਕੁਲ ਫ਼ਜ਼ੂਲ ਗੱਲ ਹੈ । ਤੁਸੀਂ ਉਸ ਨੂੰ ਆਪਣੇ ਕੰਮ ਵਾਸਤੇ ਨਹੀਂ 'ਵਰਤ' ਸਕਦੇ । ਤੁਹਾਨੂੰ ਸੰਜੀਦਾ ਹੋਣਾ ਪਵੇਗਾ ਅਤੇ ਉਸ ਨੂੰ ਸਮਝਾਉਣਾ ਪਵੇਗਾ ਕਿ ਇਨਕਲਾਬ ਉਸ ਦੇ ਹਿੱਤ ਲਈ ਹੈ ਅਤੇ ਉਸਦਾ ਹੈ । ਮਜ਼ਦੂਰ ਪ੍ਰੋਲੋਤਾਰੀ ਦਾ ਇਨਕਲਾਬ, ਪ੍ਰੋਲੋਤਾਰੀ ਲਈ ।

ਜਦ ਤੁਸੀਂ ਆਪਣੀ ਮੰਜ਼ਲ ਦਾ ਸਾਫ਼ ਤੇ ਸਪੱਸ਼ਟ ਵਿਚਾਰ ਬਣਾ ਲਿਆ ਤਾਂ ਅਜਿਹੇ ਕਾਰਜ ਦੀ ਪੂਰਤੀ ਲਈ ਤੱਤਪਰਤਾ ਨਾਲ ਤੁਸੀਂ ਆਪਣੀ ਸ਼ਕਤੀ ਸੂਤਰਬੱਧ ਕਰਨ ਵਲ ਜੁਟ ਜਾਓਗੇ । ਹੁਣ ਦੋ ਵੱਖਰੇ-ਵੱਖਰੇ ਪੜਾਅ ਹਨ ਜਿਸ ਵਿਚੋਂ ਦੀ ਲੰਘਣਾ ਪਵੇਗਾ । ਪਹਿਲਾ ਤਿਆਰੀ ਦਾ, ਦੂਸਰਾ ਅਮਲ ਦਾ ।

ਜਦ ਇਹ ਹੁਣ ਵਾਲਾ ਅੰਦੋਲਨ ਖ਼ਤਮ ਹੋਵੇ ਤਾਂ ਤੁਸੀਂ ਕਈ ਸੁਹਿਰਦ ਤੇ ਇਮਾਨਦਾਰ ਇਨਕਲਾਬੀ ਕਾਮਿਆਂ ਨੂੰ ਨਿਰਾਸ਼ ਅਤੇ ਉਚਾਟ ਪਾਓਗੇ । ਪਰ ਤੁਹਾਨੂੰ ਘਬਰਾਉਣ ਦੀ ਲੋੜ ਨਹੀਂ ਹੈ । ਭਾਵੁਕਤਾ ਇਕ ਪਾਸੇ ਛੱਡੋ । ਅਸਲੀਅਤ ਦਾ ਸਾਹਮਣਾ ਕਰਨ ਲਈ ਤਿਆਰ ਹੋਵੋ । ਇਨਕਲਾਬ ਬਹੁਤ ਮੁਸ਼ਕਲ ਕੰਮ ਹੈ । ਕਿਸੇ ਇਕ ਆਦਮੀ ਦੀ ਤਾਕਤ ਤੋਂ ਬਾਹਰੀ ਗੱਲ ਹੈ, ਨਾ ਹੀ ਇਹ ਕਿਸੇ ਮਿਥੀ ਹੋਈ ਤਾਰੀਕ ਨੂੰ ਆ ਸਕਦਾ ਹੈ । ਇਹ ਤਾਂ ਖ਼ਾਸ ਸਮਾਜੀ ਤੇ ਆਰਥਕ ਹਾਲਤ ਵਿਚੋਂ ਪੈਦਾ ਹੁੰਦਾ ਹੈ ਅਤੇ ਇਕ ਜਥੇ-ਬੰਦ ਪਾਰਟੀ ਨੇ ਅਜਿਹੇ ਮੌਕੇ ਨੂੰ ਸਾਂਭਣਾ ਹੁੰਦਾ ਹੈ ਅਤੇ ਜਨਤਾ ਨੂੰ ਤਿਆਰ ਕਰਨਾ ਹੁੰਦਾ ਹੈ ਅਤੇ ਇਨਕਲਾਬ ਦੇ ਮੁਸ਼ਕਲ ਕੰਮ ਲਈ ਸਭ ਸ਼ਕਤੀਆਂ ਨੂੰ ਸੰਗਠਿਤ ਕਰਨਾ ਹੁੰਦਾ ਹੈ । ਇਸ ਸਾਰੇ ਲਈ ਇਨਕਲਾਬੀ ਕਾਰਕੁੰਨਾਂ ਨੂੰ ਬਹੁਤ ਹੀ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ । ਮੈਂ ਏਥੇ ਸਪੱਸ਼ਟ ਕਰ ਦਿਆਂ ਕਿ ਜੇ ਤੁਸੀਂ ਵਿਉਪਾਰੀ ਹੋ ਜਾਂ ਸਥਾਪਿਤ ਦੁਨੀਆਦਾਰ ਜਾਂ ਪ੍ਰਵਾਰਿਕ ਆਦਮੀ ਹੋ ਤਾਂ ਜਨਾਬ ਇਸ ਅੱਗ ਨਾਲ ਨਾ ਖੇਡੋ । ਇਕ ਨੇਤਾ ਦੇ ਤੌਰ 'ਤੇ ਤੁਸੀਂ ਪਾਰਟੀ ਦੇ ਕਿਸੇ ਦੇ ਨਹੀਂ ਹੋ । ਅੱਗੋਂ ਹੀ ਸਾਡੇ ਕੋਲ ਅਜਿਹੇ ਬਹੁਤ ਲੀਡਰ ਹਨ ਜੋ ਸ਼ਾਮ ਨੂੰ ਤਕਰੀਰ ਦੇਣ ਲਈ ਕੁਝ ਸਮਾਂ ਜ਼ਰੂਰ ਕੱਢ ਲੈਂਦੇ ਹਨ । ਇਹ ਲੀਡਰ ਸਾਡੇ ਕਿਸੇ ਕੰਮ ਦੇ ਨਹੀਂ ਹਨ । ਅਸੀਂ ਤਾਂ ਲੈਨਿਨ ਦੇ ਅਤਿ ਪਿਆਰੇ ਲਫ਼ਜ਼ 'ਪੇਸ਼ਾਵਰ ਇਨਕਲਾਬੀ' ਨੂੰ ਵਰਤਣਾ ਚਾਹਾਂਗੇ । ਕੁਲਵਕਤੀ ਵਰਕਰ ਜਿਨ੍ਹਾਂ ਦੀ ਇਨਕਲਾਬ ਦੇ ਬਿਨਾਂ ਹੋਰ ਜ਼ਿੰਦਗੀ ਦੀ ਕੋਈ ਖ਼ਾਹਸ਼ ਨਾ ਹੋਵੇ । ਜਿੰਨੇ ਵਧੇਰੇ ਅਜਿਹੇ ਪਾਰਟੀ ਵਿਚ ਜਥੇਬੰਦ ਹੋਣਗੇ, ਓਨੇ ਹੀ ਕਾਮਯਾਬੀ ਦੇ ਵਧੇਰੇ ਮੌਕੇ ਹੋਣਗੇ ।

ਢੰਗ ਸਿਰ ਅੱਗੇ ਵਧਣ ਲਈ ਸਭ ਤੋਂ ਵੱਧ ਜਿਸ ਗੱਲ ਦੀ ਲੋੜ ਪਾਰਟੀ ਨੂੰ ਹੈ, ਉਹ ਹੈ, ਉਪਰ ਦੱਸੇ ਕਾਰਕੁੰਨਾਂ ਦੀ, ਜਿਹੜੇ ਸਪੱਸ਼ਟ ਵਿਚਾਰ, ਪ੍ਰਤੱਖ ਸੋਝੀ, ਪਹਿਲਕਦਮੀ ਦੀ ਕਾਬਲੀਅਤ ਅਤੇ ਤੁਰੰਤ ਫ਼ੈਸਲਾ ਲੈਣ ਦੀ ਸ਼ਕਤੀ ਰੱਖਦੇ ਹੋਣ । ਪਾਰਟੀ ਵਿਚ ਫ਼ੌਲਾਦੀ ਅਨੁਸ਼ਾਸਨ ਹੋਵੇ ਅਤੇ ਜ਼ਰੂਰੀ ਨਹੀਂ ਹੈ ਕਿ ਪਾਰਟੀ ਲੁਕ-ਛਿਪ ਕੇ ਕੰਮ ਕਰੇ ਸਗੋਂ ਇਸ ਦੇ ਉਲਟ ਖੁੱਲ੍ਹ ਕੇ ਕੰਮ ਕਰੇ । ਭਾਵੇਂ ਕਿ ਮਨਮਰਜ਼ੀ ਨਾਲ ਜੇਲ੍ਹਾਂ ਅੰਦਰ ਜਾਣ ਦੀ ਨੀਤੀ ਪੂਰੀ ਤਰ੍ਹਾਂ ਤਿਆਗ ਦੇਣੀ ਚਾਹੀਦੀ ਹੈ । ਇਸ ਤਰ੍ਹਾਂ ਬਹੁਤ ਸਾਰੇ ਵਾਲੰਟੀਅਰਾਂ ਨੂੰ ਖ਼ੁਫ਼ੀਆ ਤੌਰ 'ਤੇ ਕੰਮ ਕਰਨ ਲਈ ਜੀਵਨ ਜਿਉਣਾ ਪੈ ਸਕਦਾ ਹੈ । ਪਰ ਉਨ੍ਹਾਂ ਨੂੰ ਉਸੇ ਤਰ੍ਹਾਂ ਪੂਰੇ ਜੋਸ਼-ਖਰੋਸ਼ ਨਾਲ ਕੰਮ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਹ ਹੈ ਉਹ ਗਰੁੱਪ, ਜਿਸ ਵਿਚੋਂ ਮੌਕਾ ਸੰਭਾਲ ਸਕਣ ਵਾਲੇ ਨੇਤਾ ਤਿਆਰ ਹੋਣਗੇ ।

ਪਾਰਟੀ ਨੂੰ ਕਾਮਿਆਂ ਦੀ ਜ਼ਰੂਰਤ ਪਵੇਗੀ ਜਿਹੜੇ ਨੌਜਵਾਨ ਲਹਿਰ ਵਿਚੋਂ ਭਰਤੀ ਕੀਤੇ ਜਾ ਸਕਦੇ ਹਨ । ਇਸੇ ਕਰ ਕੇ ਨੌਜਵਾਨ ਲਹਿਰ ਸਭ ਤੋਂ ਪਹਿਲੀ ਗੱਲ ਹੈ ਜਿਥੋਂ ਸਾਡਾ ਪ੍ਰੋਗਰਾਮ ਸ਼ੁਰੂ ਹੋਵੇਗਾ । ਨੌਜਵਾਨ ਲਹਿਰ ਨੂੰ ਅਧਿਐਨ ਕੇਂਦਰ (ਸਟੱਡੀ ਸਰਕਲ) ਖੋਲ੍ਹਣੇ ਚਾਹੀਦੇ ਹਨ । ਜਮਾਤਾਂ ਵਿਚ ਲੈਕਚਰ, ਲੀਫਲੈਟ, ਪੈਂਫਲਿਟ, ਕਿਤਾਬਾਂ,

ਰਸਾਲੇ ਛਾਪਣੇ ਚਾਹੀਦੇ ਹਨ। ਇਹ ਰਾਜਨੀਤਿਕ ਕਾਮਿਆਂ ਲਈ ਸਭ ਤੋਂ ਚੰਗੀ ਭਰਤੀ ਕਰਨ ਅਤੇ ਟਰੇਨਿੰਗ ਦੇਣ ਦੀ ਥਾਂ ਹੋਵੇਗੀ।

ਉਨ੍ਹਾਂ ਨੌਜਵਾਨਾਂ ਨੂੰ ਪਾਰਟੀ ਵਿਚ ਲੈ ਲੈਣਾ ਚਾਹੀਦਾ ਹੈ, ਜਿਨ੍ਹਾਂ ਦੇ ਵਿਚਾਰ ਵਿਕਸਿਤ ਹੋ ਚੁੱਕੇ ਹਨ ਅਤੇ ਉਹ ਆਪਣੀ ਜ਼ਿੰਦਗੀ ਨੂੰ ਇਸ ਕੰਮ ਵਿਚ ਲਗਾਉਣ ਨੂੰ ਤਿਆਰ ਹਨ। ਪਾਰਟੀ ਦੇ ਨੌਜਵਾਨ ਵਰਕਰ ਲਹਿਰ ਦੀ ਅਗਵਾਈ ਕਰਨਗੇ। ਪਾਰਟੀ ਆਪਣਾ ਕੰਮ ਪ੍ਰਾਪੇਗੰਡੇ ਤੋਂ ਸ਼ੁਰੂ ਕਰੇਗੀ। ਇਹ ਬਹੁਤ ਜ਼ਰੂਰੀ ਹੈ। ਗ਼ਦਰ ਪਾਰਟੀ (1914-15) ਦੇ ਫੇਲ੍ਹ ਹੋਣ ਦਾ ਮੁੱਖ ਕਾਰਨ ਸੀ, ਜਨਤਾ ਦੀ ਅਗਿਆਨਤਾ, ਬੇਲਾਗਤਾ ਅਤੇ ਕਈ ਵਾਰ ਵਿਰੋਧ। ਇਸ ਦੇ ਇਲਾਵਾ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਰਗਰਮ ਹਮਾਇਤ ਹਾਸਲ ਕਰਨ ਲਈ ਵੀ ਇਹ ਜ਼ਰੂਰੀ ਹੈ। ਪਾਰਟੀ ਦਾ ਨਾਂ ਯਾਨੀ ਕਮਿਊਨਿਸਟ ਪਾਰਟੀ ਹੋਵੇ। ਠੋਸ ਅਨੁਸ਼ਾਸਨ ਵਾਲੀ ਰਾਜਨੀਤਿਕ ਕਾਮਿਆਂ ਦੀ ਪਾਰਟੀ ਬਾਕੀ ਸਭ ਅੰਦੋਲਨਾਂ ਨੂੰ ਚਲਾਏਗੀ। ਇਸ ਨੂੰ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਦੂਸਰੀਆਂ ਪਾਰਟੀਆਂ ਦਾ ਸੰਚਾਲਨ ਵੀ ਕਰਨਾ ਹੋਵੇਗਾ ਅਤੇ ਪਾਰਟੀ ਲੇਬਰ ਯੂਨੀਅਨ ਕਾਂਗਰਸ ਅਤੇ ਹੋਰ ਦੂਸਰੀਆਂ ਮਿਲਦੀਆਂ-ਜੁਲਦੀਆਂ ਰਾਜਨੀਤਿਕ ਸੰਸਥਾਵਾਂ 'ਤੇ ਭਾਰੂ ਹੋਣ ਦੀ ਕੋਸ਼ਿਸ਼ ਕਰੇਗੀ। ਪਾਰਟੀ ਇਕ ਵੱਡੀ ਮੁਹਿੰਮ ਚਲਾਏਗੀ ਜਿਸ ਨਾਲ ਸਿਰਫ਼ ਕੌਮੀ ਰਾਜਨੀਤੀ ਹੀ ਨਹੀਂ ਸਗੋਂ ਜਮਾਤੀ ਚੇਤਨਾ ਵੀ ਪੈਦਾ ਕਰੇਗੀ। ਸੋਸ਼ਲਿਸਟ ਸਿਧਾਂਤ ਸੰਬੰਧੀ ਜਨਤਾ ਨੂੰ ਜਾਗਰੂਕ ਕਰਨ ਲਈ ਸਮੂਹ ਸਮੱਸਿਆਵਾਂ ਦਾ ਵਿਸ਼ਾ-ਵਸਤੂ ਹਰ ਇਕ ਦੀ ਸੌਖੀ ਪਹੁੰਚ ਵਿਚ ਹੋਣਾ ਚਾਹੀਦਾ ਹੈ ਅਤੇ ਅਜਿਹੀਆਂ ਪ੍ਰਕਾਸ਼ਨਾਵਾਂ ਨੂੰ ਵੱਡੇ ਪੱਧਰ ਉਤੇ ਵੰਡਿਆ ਜਾਣਾ ਚਾਹੀਦਾ ਹੈ। ਲਿਖਤ ਸਾਦਾ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ।

ਮਜ਼ਦੂਰ ਅੰਦੋਲਨ ਵਿਚ ਅਜਿਹੇ ਵਿਅਕਤੀ ਹਨ ਜੋ ਬੜੇ ਹੀ ਅਜੀਬ ਵਿਚਾਰ, ਮਜ਼ਦੂਰ ਤੇ ਕਿਸਾਨਾਂ ਦੀ ਆਰਥਕ ਆਜ਼ਾਦੀ ਅਤੇ ਰਾਜਨੀਤਕ ਆਜ਼ਾਦੀ ਬਾਰੇ ਰੱਖਦੇ ਹਨ। ਉਹ ਲੋਕ ਭੜਕਾਊ ਹਨ ਜਾਂ ਬੌਂਦਲੇ ਹੋਏ ਹਨ। ਅਜਿਹੇ ਵਿਚਾਰ ਜਾਂ ਤਾਂ ਊਲ-ਜਲੂਲ ਹਨ ਜਾਂ ਕਲਪਨਾ ਰਹਿਤ। ਸਾਡਾ ਭਾਵ ਜਨਤਾ ਦੀ ਆਰਥਿਕ ਆਜ਼ਾਦੀ ਤੋਂ ਹੈ ਅਤੇ ਇਸੇ ਵਾਸਤੇ ਅਸੀਂ ਰਾਜਨੀਤਿਕ ਤਾਕਤ ਜਿੱਤਣਾ ਚਾਹੁੰਦੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸ਼ੁਰੂ ਵਿਚ ਛੋਟੀਆਂ-ਮੋਟੀਆਂ ਆਰਥਿਕ ਮੰਗਾਂ ਲਈ ਅਤੇ ਇਨ੍ਹਾਂ ਜਮਾਤਾਂ ਦੇ ਵਿਸ਼ੇਸ਼ ਅਧਿਕਾਰਾਂ ਲਈ ਸਾਨੂੰ ਲੜਨਾ ਪਵੇਗਾ। ਇਹ ਘੋਲ ਹੀ ਉਨ੍ਹਾਂ ਨੂੰ ਰਾਜਸੀ ਤਾਕਤ ਪ੍ਰਾਪਤ ਕਰਨ ਲਈ ਅੰਤਮ ਘੋਲ ਲਈ ਚੇਤੰਨ ਤੇ ਤਿਆਰ ਕਰੇਗਾ।

ਇਸ ਦੇ ਇਲਾਵਾ, ਇਕ ਫ਼ੌਜੀ ਵਿਭਾਗ ਨੂੰ ਵੀ ਸੰਗਠਿਤ ਕਰਨਾ ਪਵੇਗਾ। ਇਸ ਦਾ ਬਹੁਤ ਮਹੱਤਵ ਹੈ। ਕਈ ਵਾਰੀ ਇਸ ਦੀ ਬਹੁਤ ਬੁਰੀ ਤਰ੍ਹਾਂ ਲੋੜ ਪੈਂਦੀ ਹੈ। ਉਸ ਵੇਲੇ ਤੁਸੀਂ ਸ਼ੁਰੂ ਕਰ ਕੇ ਅਜਿਹਾ ਗਰੁੱਪ ਨਹੀਂ ਖੜ੍ਹਾ ਕਰ ਸਕਦੇ, ਜਿਸ ਕੋਲ ਕੰਮ ਕਰਨ ਦੀ ਪੂਰੀ ਤਾਕਤ ਹੋਵੇ। ਸ਼ਾਇਦ ਇਸ ਵਿਸ਼ੇ ਨੂੰ ਬਹੁਤ ਬਰੀਕੀ ਨਾਲ ਸਮਝਾਉਣ ਦੀ ਲੋੜ ਹੋਵੇਗੀ। ਇਸ ਵਿਸ਼ੇ ਉਤੇ ਮੇਰੇ ਵਿਚਾਰਾਂ ਨੂੰ ਗ਼ਲਤ ਰੰਗ ਵਿਚ ਸਮਝੇ ਜਾਣ ਦੀ ਬਹੁਤ ਭਾਰੀ ਸੰਭਾਵਨਾ ਹੈ। ਬਾਹਰੀ ਤੌਰ 'ਤੇ ਮੈਂ ਇਕ ਤਸ਼ੱਦਦ ਪਸੰਦ ਵਾਂਗ ਕੰਮ ਕੀਤਾ ਹੈ। ਪਰ ਮੈਂ ਤਸ਼ੱਦਦ ਪਸੰਦ ਨਹੀਂ ਹਾਂ। ਮੈਂ ਇਕ ਇਨਕਲਾਬੀ ਹਾਂ, ਜਿਸ ਦੇ ਖ਼ਾਸ, ਠੋਸ ਤੇ ਲੰਮੇ ਸਮੇਂ ਦੇ ਪ੍ਰੋਗਰਾਮ ਬਾਰੇ ਵਿਚਾਰ ਹਨ, ਜਿਹੜੇ ਇਥੇ ਵਿਚਾਰੇ ਜਾ ਰਹੇ ਹਨ। ਮੇਰੇ 'ਹਥਿਆਰਾਂ ਦੇ ਸਾਂਝੀਦਾਰ' ਸਾਥੀ ਮੈਨੂੰ ਰਾਮ ਪ੍ਰਸਾਦ ਬਿਸਮਿਲ ਵਾਂਗ ਇਸ ਲਈ ਦੋਸ਼ੀ ਠਹਿਰਾਉਣਗੇ ਕਿ ਫਾਂਸੀ ਕੋਠੜੀ ਦੇ ਅੰਦਰ ਰਹਿ ਕੇ ਮੇਰੇ ਅੰਦਰ ਕੁਝ ਪ੍ਰਤੀਕ੍ਰਿਆ ਪੈਦਾ ਹੋ ਗਈ ਹੈ। ਇਸ ਵਿਚ ਬਿਲਕੁਲ ਕੋਈ ਸੱਚਾਈ ਨਹੀਂ ਹੈ। ਮੇਰੇ ਵਿਚਾਰ ਉਹੀ ਹਨ, ਉਹੀ ਨਿਸ਼ਚਾ ਹੈ ਤੇ ਉਹੀ ਜੋਸ਼ ਤੇ ਸਪਿਰਟ ਹੈ ਜੋ ਬਾਹਰ ਹੁੰਦਾ ਸੀ—ਨਹੀਂ ਸਗੋਂ ਉਸ ਤੋਂ ਵੱਧ ਹੈ। ਇਸ ਕਰ ਕੇ ਮੈਂ ਆਪਣੇ ਪਾਠਕਾਂ ਨੂੰ ਇਹ ਚੇਤਾਵਨੀ ਦੇਣਾ ਚਾਹੁੰਦਾ ਹਾਂ ਕਿ ਮੇਰੇ ਲਫ਼ਜ਼ਾਂ ਨੂੰ ਪੂਰੇ ਧਿਆਨ ਨਾਲ ਪੜ੍ਹਨ।

ਉਨ੍ਹਾਂ ਨੂੰ ਕੁਝ ਵੀ ਲਾਈਨਾਂ ਦੇ ਵਿਚਕਾਰ ਨਹੀਂ ਦੇਖਣਾ ਚਾਹੀਦਾ। ਮੈਂ ਆਪਣੀ ਸਾਰੀ ਤਾਕਤ ਨਾਲ ਇਹ ਕਹਿਣਾ ਚਾਹਾਂਗਾ ਕਿ ਨਾ ਮੈਂ ਦਹਿਸ਼ਤਪਸੰਦ ਹਾਂ ਅਤੇ ਨਾ ਹੀ ਸਾਂ, ਸਿਰਫ਼ ਇਨਕਲਾਬੀ ਜੀਵਨ ਦੇ ਸ਼ੁਰੂ ਦੇ ਚੰਦ ਦਿਨਾਂ ਦੇ ਸਿਵਾਏ ਅਤੇ ਮੈਨੂੰ ਪੂਰੀ ਤਰ੍ਹਾਂ ਯਕੀਨ ਹੈ ਕਿ ਅਸੀਂ ਇਨ੍ਹਾਂ ਤਰੀਕਿਆਂ ਰਾਹੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ। ਹਿੰਦੋਸਤਾਨ ਸਮਾਜਵਾਦੀ ਰੀਪਬਲਿਕਨ ਪਾਰਟੀ ਦੇ ਇਤਿਹਾਸ ਤੋਂ ਇਹ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ। ਸਾਡੇ ਸਾਰੇ ਕੰਮ ਇਕ ਦਿਸ਼ਾ ਵੱਲ ਹੀ ਸਨ, ਯਾਨੀ ਵੱਡੀ ਕੌਮੀ ਲਹਿਰ ਦੇ ਮਿਲਟਰੀ ਵਿੰਗ ਵਜੋਂ ਆਪਣੀ ਪਹਿਚਾਣ ਕਰਾਉਣੀ। ਜੇ ਕਿਸੇ ਨੇ ਮੈਨੂੰ ਗ਼ਲਤ ਸਮਝ ਲਿਆ ਹੈ ਤਾਂ ਉਹ ਆਪਣੇ ਵਿਚਾਰ ਸੋਧ ਲਵੇ। ਮੇਰਾ ਭਾਵ ਇਹ ਕਦੀ ਨਹੀਂ ਹੈ ਕਿ ਬੰਬ ਅਤੇ ਪਿਸਤੌਲ ਬੇ-ਫ਼ਾਇਦਾ ਹਨ, ਸਗੋਂ ਇਸ ਦੇ ਉਲਟ ਲਾਭਦਾਇਕ ਹਨ। ਪਰ ਮੇਰਾ ਭਾਵ ਇਹ ਹੈ ਕਿ ਸਿਰਫ਼ ਬੰਬ ਸੁੱਟਣੇ ਬੇ-ਫ਼ਾਇਦਾ ਹੀ ਨਹੀਂ ਸਗੋਂ ਕਈ ਵਾਰ ਨੁਕਸਾਨ ਵੀ ਕਰਦੇ ਹਨ। ਪਾਰਟੀ ਦੇ ਮਿਲਟਰੀ ਵਿਭਾਗ ਨੂੰ ਹਮੇਸ਼ਾ ਤਿਆਰ ਰੱਖਣਾ ਚਾਹੀਦਾ ਹੈ। ਸਭ ਲੜਾਈ ਦਾ ਸਾਮਾਨ ਆਪਣੇ ਕੋਲ ਤਿਆਰ ਹੋਣਾ ਚਾਹੀਦਾ ਹੈ ਤਾਂ ਕਿ ਸੰਕਟ ਸਮੇਂ ਕੰਮ ਆ ਸਕੇ। ਇਹ ਪਾਰਟੀ ਦੇ ਰਾਜਨੀਤਿਕ ਕੰਮ ਦੇ ਮਦਦਗਾਰ ਦੇ ਤੌਰ 'ਤੇ ਹੋਣਾ ਚਾਹੀਦਾ ਹੈ। ਇਹ ਆਪਣੇ ਤੌਰ 'ਤੇ ਆਜ਼ਾਦਾਨਾ ਕੰਮ ਕਰੇ।

ਇਨ੍ਹਾਂ ਲਾਈਨਾਂ ਤੇ ਜਿਵੇਂ ਉਪਰ ਦੱਸਿਆ ਗਿਆ ਹੈ, ਪਾਰਟੀ ਆਪਣੇ ਕੰਮ ਨੂੰ ਅੱਗੇ ਵਧਾਏ। ਸਮੇਂ-ਸਮੇਂ ਮੀਟਿੰਗ ਅਤੇ ਕਾਨਫੰਰਸਾਂ ਕਰ ਕੇ ਆਪਣੇ ਕਾਮਿਆਂ ਨੂੰ ਸਭ ਵਿਸ਼ਿਆਂ ਬਾਰੇ ਜਾਣਕਾਰੀ ਤੇ ਚੇਤੰਨਤਾ ਦਿੱਤੀ ਜਾਂਦੀ ਰਹਿਣੀ ਚਾਹੀਦੀ ਹੈ। ਜੇ ਤੁਸੀਂ ਇਨ੍ਹਾਂ ਲਾਈਨਾਂ 'ਤੇ ਕੰਮ ਸ਼ੁਰੂ ਕਰਦੇ ਹੋ ਤਾਂ ਤੁਹਾਨੂੰ ਕਾਫ਼ੀ ਸੰਜੀਦਾ ਹੋਣਾ ਪਵੇਗਾ। ਕੰਮ ਦੀ ਪੂਰਤੀ ਲਈ ਘੱਟੋ-ਘੱਟ 20 ਸਾਲ ਲੱਗਣਗੇ। ਇਨਕਲਾਬ ਬਾਰੇ, ਜਵਾਨੀ ਵੇਲੇ ਦੇ ਸੁਪਨੇ ਕਿ ਦਸਾਂ ਸਾਲਾਂ ਵਿਚ ਪ੍ਰਾਪਤ ਹੋ ਜਾਵੇਗਾ, ਲਾਂਭੇ ਰੱਖ ਦਿਉ, ਠੀਕ ਉਸੇ ਤਰ੍ਹਾਂ ਜਿਵੇਂ ਗਾਂਧੀ ਦੇ (ਇਕ ਸਾਲ ਵਿਚ ਸਵਰਾਜ) ਦੇ

ਸੁਪਨੇ ਨੂੰ ਲਾਂਭੇ ਰੱਖਿਆ ਸੀ। ਇਸ ਲਈ ਨਾ ਤਾਂ ਜਜ਼ਬਾਤੀ ਹੋਣ ਦੀ ਲੋੜ ਹੈ ਅਤੇ ਨਾ ਹੀ ਮੌਤ ਦੀ, ਸਗੋਂ ਜ਼ਰੂਰਤ ਹੈ ਲਗਾਤਾਰ ਘੋਲ ਕਰਨ, ਕਸ਼ਟ ਸਹਿਣ ਅਤੇ ਕੁਰਬਾਨੀ ਭਰੇ ਜੀਵਨ ਬਿਤਾਉਣ ਦੀ। ਆਪਣਾ ਨਿੱਜਵਾਦ ਪਹਿਲਾਂ ਖ਼ਤਮ ਕਰੋ। ਨਿੱਜੀ ਆਰਾਮ ਦੇ ਸੁਪਨੇ ਲਾਹ ਕੇ ਇਕ ਪਾਸੇ ਰੱਖ ਦਿਓ ਤੇ ਫਿਰ ਕੰਮ ਸ਼ੁਰੂ ਕਰੋ। ਇੰਚ-ਇੰਚ ਕਰ ਕੇ ਤੁਸੀਂ ਅੱਗੇ ਵਧੋਗੇ। ਇਸ ਲਈ ਹੌਸਲੇ, ਦ੍ਰਿੜ੍ਹਤਾ ਅਤੇ ਬਹੁਤ ਹੀ ਮਜ਼ਬੂਤ ਇਰਾਦੇ ਦੀ ਜ਼ਰੂਰਤ ਹੈ। ਮੁਸ਼ਕਲਾਂ ਅਤੇ ਔਖਿਆਈਆਂ ਭਾਵੇਂ ਕਿੰਨੀਆਂ ਭਾਰੀ ਹੋਣ, ਤੁਹਾਡੇ ਹੌਸਲੇ ਨੂੰ ਕੰਬਾ ਨਾ ਸਕਣ। ਕੋਈ ਹਾਰ ਜਾਂ ਧੋਖਾ ਤੁਹਾਡੇ ਦਿਲ ਨੂੰ ਤੋੜ ਨਾ ਸਕੇ ਭਾਵੇਂ ਕਿੰਨੇ ਹੀ ਕਸ਼ਟ ਤੁਹਾਡੇ ਉਤੇ ਪੈਣ, ਤੁਹਾਡੇ ਇਨਕਲਾਬੀ ਜੋਸ਼ ਨੂੰ ਠੰਡਾ ਨਾ ਕਰ ਸਕਣ। ਕਸ਼ਟ ਸਹਿਣ ਅਤੇ ਕੁਰਬਾਨੀ ਕਰਨ ਦੇ ਅਸੂਲ ਨਾਲ ਤੁਸੀਂ ਕਾਮਯਾਬੀ ਪ੍ਰਾਪਤ ਕਰੋਗੇ ਅਤੇ ਇਹ ਵਿਅਕਤੀਗਤ ਜਿੱਤਾਂ ਇਨਕਲਾਬ ਦੀ ਅਮੁੱਲ ਸੰਪਤੀ ਹੋਣਗੀਆਂ।

ਇਨਕਲਾਬ ਜ਼ਿੰਦਾਬਾਦ!

2 ਫਰਵਰੀ, 1931

* * *

## ਸਾਡੇ ਲਈ ਸੁਨਹਿਰੀ ਮੌਕਾ

ਸ਼ਾਇਦ ਭਾਰਤੀ ਆਜ਼ਾਦੀ ਹੁਣ ਦੂਰ ਦਾ ਸੁਪਨਾ ਨਹੀਂ ਰਿਹਾ, ਘਟਨਾਵਾਂ ਬੜੀ ਤੇਜ਼ੀ ਨਾਲ ਘਟ ਰਹੀਆਂ ਹਨ ਅਤੇ ਇਸ ਕਰ ਕੇ ਸਾਡੀ ਆਸ ਨਾਲੋਂ ਜਲਦੀ ਆਜ਼ਾਦੀ ਇਕ ਸੱਚਾਈ ਬਣ ਜਾਵੇਗੀ। ਅੰਗਰੇਜ਼ ਸਾਮਰਾਜ ਬਹੁਤ ਹੀ ਗੁੱਠੇ ਲੱਗਾ ਹੋਇਆ ਹੈ। ਜਰਮਨ ਵਿਚ ਉਲਟ ਬਾਜ਼ੀ ਲੱਗਣ ਵਾਲੀ ਹੈ, ਫਰਾਂਸ ਥਰ-ਥਰਾ ਰਿਹਾ ਹੈ ਅਤੇ ਅਮਰੀਕਾ ਹਿੱਲਿਆ ਹੋਇਆ ਹੈ ਅਤੇ ਉਨ੍ਹਾਂ ਦੀ ਔਖਿਆਈ ਸਾਡੇ ਲਈ ਸੁਨਹਿਰੀ ਮੌਕਾ ਹੈ। ਹਰ ਚੀਜ਼ ਉਸ ਮਹਾਨ ਭਵਿੱਖਬਾਣੀ ਵੱਲ ਸੰਕੇਤ ਕਰ ਰਹੀ ਹੈ, ਜਿਸ ਦੇ ਮੁਤਾਬਕ ਸਮਾਜ ਦਾ ਪੂੰਜੀਵਾਦੀ ਢਾਂਚਾ ਢਹਿ-ਢੇਰੀ ਹੋ ਜਾਣਾ ਅਟੱਲ ਹੈ। ਡਿਪਲੋਮੈਟ ਆਪਣੇ ਆਪ ਨੂੰ ਬਚਾਉਣ ਲਈ ਰਾਜ਼ੀ ਹੋ ਸਕਦੇ ਹਨ ਅਤੇ ਪੂੰਜੀਵਾਦੀ ਸਾਜ਼ਿਸ਼ 'ਇਨਕਲਾਬ ਦੇ ਬਘਿਆੜ' ਨੂੰ ਆਪਣੇ ਦਰਵਾਜ਼ੇ ਤੋਂ ਦੂਰ ਰੱਖਣ ਲਈ ਯਤਨਸ਼ੀਲ ਹੋ ਸਕਦੇ ਹਨ। ਅੰਗਰੇਜ਼ਾਂ ਦਾ ਬਜਟ ਸਾਵਾਂ ਹੋ ਸਕਦਾ ਹੈ ਅਤੇ ਮੌਤ ਕਿਨਾਰੇ ਪਏ ਨੂੰ ਕੁਝ ਪਲ ਦੀ ਰਾਹਤ ਮਿਲ ਸਕਦੀ ਹੈ। 'ਡਾਲਰ ਰਾਜਾ' ਭਾਵੇਂ ਆਪਣਾ ਤਾਜ ਸੰਭਾਲ ਲਵੇ ਪਰ ਵਪਾਰਕ ਮੰਦਵਾੜਾ ਜੋ ਜਾਰੀ ਰਿਹਾ, ਤੇ ਜਿਸ ਦਾ ਜਾਰੀ ਰਹਿਣਾ ਲਾਜ਼ਮੀ ਹੈ, ਤਾਂ ਬੇਰੁਜ਼ਗਾਰਾਂ ਦੀ ਫ਼ੌਜ, ਜੋ ਦਿਨ-ਬ-ਦਿਨ ਤੇਜ਼ੀ ਨਾਲ ਵਧ ਰਹੀ ਹੈ ਕਿਉਂਕਿ ਪੂੰਜੀਵਾਦੀ ਪੈਦਾਵਾਰੀ, ਤਰੀਕਾ ਹੀ ਅਜਿਹਾ ਹੈ। ਇਕ ਚੱਕਰ ਪੂੰਜੀਵਾਦੀ ਸਿਸਟਮ ਨੂੰ ਰੇਲੋਂ ਲਾਹ ਦੇਵੇਗਾ, ਬਸ ਕੁਝ ਮਹੀਨਿਆਂ ਦੀ ਹੀ ਗੱਲ ਹੈ। ਇਸ ਕਰ ਕੇ ਇਨਕਲਾਬ, ਹੁਣ ਭਵਿੱਖਬਾਣੀ ਜਾਂ ਸੰਭਾਵਨਾ ਨਹੀਂ, ਸਗੋਂ 'ਅਮਲੀ ਰਾਜਨੀਤੀ' ਹੈ, ਜਿਸ ਨੂੰ ਸੋਚੀ-ਸਮਝੀ ਯੋਜਨਾ ਅਤੇ ਬੇਤਰਸ ਅਮਲ ਰਾਹੀਂ ਕਾਮਯਾਬ ਕੀਤਾ ਜਾ ਸਕਦਾ ਹੈ। ਇਸ ਦੇ ਪਹਿਲੂਆਂ ਤੇ ਤੱਤਪਰਤਾ ਬਾਰੇ ਇਸ ਦੇ ਤਰੀਕੇ ਅਤੇ ਉਦੇਸ਼ਾਂ ਬਾਰੇ ਕੋਈ ਵਿਚਾਰਧਾਰਕ ਉਲਝਣ ਨਹੀਂ ਹੋਣੀ ਚਾਹੀਦੀ ਹੈ।

### ਗਾਂਧੀਵਾਦ

ਸਾਨੂੰ ਕਾਂਗਰਸ ਲਹਿਰ ਦੀਆਂ ਸੰਭਾਵਨਾਵਾਂ, ਹਾਰਾਂ ਅਤੇ ਪ੍ਰਾਪਤੀਆਂ ਬਾਰੇ ਕਿਸੇ ਕਿਸਮ ਦਾ ਭਰਮ ਨਹੀਂ ਹੋਣਾ ਚਾਹੀਦਾ। ਇਸ ਲਹਿਰ ਨੂੰ, ਜੋ ਅੱਜ ਹੈ, ਗਾਂਧੀਵਾਦ ਕਹਿਣਾ ਹੀ ਠੀਕ ਹੈ। ਇਹ ਦਾਅਵੇ ਨਾਲ ਆਜ਼ਾਦੀ ਲਈ ਨਹੀਂ ਖੜ੍ਹਦੀ, ਬਲਕਿ 'ਹਿੱਸੇਦਾਰੀ' ਦੇ ਹੱਕ ਵਿਚ ਹੈ। 'ਪੂਰਨ ਆਜ਼ਾਦੀ' ਦੇ ਅਜੀਬ ਅਰਥ ਕੱਢੇ ਜਾ ਰਹੇ ਹਨ। ਇਸ ਦਾ ਤਰੀਕਾ ਅਨੂਠਾ ਹੈ ਪਰ ਵਿਚਾਰੇ ਲੋਕਾਂ ਦੇ ਲਈ ਕਿਸੇ ਕੰਮ ਦਾ ਨਹੀਂ ਹੈ। ਗਾਂਧੀਵਾਦ, ਸਾਬਰਮਤੀ ਦੇ ਸੰਤ ਨੂੰ ਕੋਈ ਸਥਾਈ ਚੇਲੇ ਨਹੀਂ ਦੇ ਸਕੇਗਾ। ਇਹ ਇਕ ਵਿਚ-ਵਿਚਾਲੇ ਦੀ ਪਾਰਟੀ, ਜਾਨੀ ਲਿਬਰਲ ਰੈਡੀਕਲ ਸੁਮੇਲ ਦਾ ਕੰਮ ਕਰ ਰਹੀ ਹੈ ਅਤੇ ਕਰਦੀ ਵੀ ਰਹੇਗੀ, ਮੌਕੇ ਦੀ ਅਸਲੀਅਤ ਨਾਲ ਟਕਰਾਉਣ ਤੋਂ ਇਹ ਸ਼ਰਮ ਖਾਂਦੀ ਹੈ। ਇਸ ਨੂੰ ਚਲਾਉਣ ਵਾਲੇ ਵੀ ਦੇਸ਼ ਦੇ ਅਜਿਹੇ ਲੋਕ ਹਨ ਜਿਨ੍ਹਾਂ ਦਾ ਹਿੱਤ ਇਸ ਨਾਲ ਬੱਝਾ ਹੈ ਅਤੇ ਉਹ ਆਪਣੇ ਹਿੱਤਾਂ ਨੂੰ ਬੁਰਜੁਆ ਹੱਠ ਰਾਹੀਂ ਚਿਪਕੇ ਹੋਏ ਹਨ। ਜੇ ਇਨਕਲਾਬੀ ਖ਼ੂਨ ਨਾਲ ਇਸ ਨੂੰ ਗਰਮਾਇਆ ਨਾ ਗਿਆ ਤਾਂ ਇਸ ਦਾ ਗਤੀਹੀਣ ਹੋਣਾ ਲਾਜ਼ਮੀ ਹੈ। ਇਸ ਨੂੰ ਤਾਂ ਇਸ ਦੇ ਦੋਸਤਾਂ ਤੋਂ ਬਚਾਉਣ ਦੀ ਲੋੜ ਹੈ।

### ਆਤੰਕਵਾਦ

ਆਓ ਆਪਾਂ ਇਸ ਕਠਿਨ ਸਵਾਲ ਬਾਰੇ ਸਪੱਸ਼ਟ ਹੋਈਏ। ਬੰਬ ਦਾ ਮਾਰਗ 1905 ਤੋਂ ਚਲਿਆ ਆ ਰਿਹਾ ਹੈ, ਅਤੇ ਇਨਕਲਾਬੀ ਭਾਰਤ ਉਤੇ ਇਕ ਦਰਦਨਾਕ ਟਿੱਪਣੀ ਹੈ। ਅਜੇ ਇਹ ਮਹਿਸੂਸ ਨਹੀਂ ਕੀਤਾ ਗਿਆ ਕਿ ਇਸ ਦੀ ਵਰਤੋਂ ਤੇ ਦੁਰਵਰਤੋਂ ਕੀ ਹੈ? ਆਤੰਕਵਾਦ, ਇਨਕਲਾਬੀ ਮਾਨਸਿਕਤਾ ਦੇ ਜਨਤਾ ਵਿਚ ਗਹਿਰੇ ਨਾ ਜਾਣ ਬਾਰੇ ਪਛਤਾਵਾ ਹੈ। ਇਸ ਤਰ੍ਹਾਂ ਇਹ ਸਾਡੀ ਨਾਕਾਮਯਾਬੀ ਦਾ ਇਕਬਾਲ ਕਰਨਾ ਵੀ ਹੈ। ਸ਼ੁਰੂ-ਸ਼ੁਰੂ ਵਿਚ ਇਸ ਦਾ ਕੁਝ ਲਾਭ ਸੀ। ਸਾਰੀ ਰਾਜਨੀਤੀ ਵਿਚੋਂ ਜੜ੍ਹ ਬਦਲ ਕੇ ਬਾਹਰ ਕੱਢ ਦਿੱਤੀ, ਰਾਜਨੀਤੀ ਨੂੰ ਚਮਕਾਇਆ, ਸੈ-ਤਿਆਗ ਦੀ ਭਾਵਨਾ ਨੂੰ ਜਵਲੰਤ ਕੀਤਾ ਅਤੇ ਦੁਨੀਆ ਅਤੇ ਆਪਣੇ ਦੁਸ਼ਮਣਾਂ ਸਾਹਮਣੇ ਆਪਣੀ ਲਹਿਰ ਦੀ ਸੱਚਾਈ ਅਤੇ ਤਾਕਤ ਪ੍ਰਗਟਾਉਣ ਦਾ ਮੌਕਾ ਮਿਲਿਆ। ਪਰ ਆਪਣੇ ਆਪ ਵਿਚ ਇਹ ਕਾਫ਼ੀ ਨਹੀਂ ਹੈ। ਹਰ ਦੇਸ਼ ਵਿਚ ਇਸ ਦਾ ਇਤਿਹਾਸ ਨਾਕਾਮਯਾਬੀ ਦਾ ਇਤਿਹਾਸ ਹੈ—ਫਰਾਂਸ, ਰੂਸ, ਜਰਮਨ ਅੰਦਰ, ਬਾਲਕਨ ਦੇਸ਼ਾਂ, ਸਪੇਨ ਤੇ ਹਰ ਥਾਂ

ਇਹੀ ਕਹਾਣੀ ਹੈ। ਹਾਰ ਦਾ ਬੀਜ ਇਸ ਦੇ ਵਿਚ ਉਗਰਿਆ ਹੋਇਆ ਹੁੰਦਾ ਹੈ। ਸਾਮਰਾਜੀਆਂ ਨੂੰ ਪੂਰਾ ਮਾਲੂਮ ਹੈ ਕਿ 30 ਕਰੋੜ ਲੋਕਾਂ 'ਤੇ ਰਾਜ ਕਰਨ ਲਈ ਹਰ ਸਾਲ 30 ਆਦਮੀ ਭੇਟਾ ਕੀਤੇ ਜਾ ਸਕਦੇ ਹਨ। ਰਾਜ ਕਰਨ ਦੀ ਖੁਸ਼ੀ ਦਾ ਸਵਾਦ ਬੰਬਾਂ ਜਾਂ ਪਿਸਤੌਲਾਂ ਨਾਲ ਕਿਰਕਿਰਾ ਕੀਤਾ ਜਾ ਸਕਦਾ ਹੈ, ਪਰ ਲੁੱਟ ਦੇ ਅਮਲੀ ਲਾਭ ਉਸ ਨੂੰ ਜੰਮੇ ਰਹਿਣ ਲਈ ਮਜਬੂਰ ਕਰਨਗੇ। ਭਾਵੇਂ, ਸਾਡੀ ਆਸ ਮੁਤਾਬਕ ਹਥਿਆਰ ਸੌਖੇ ਪ੍ਰਾਪਤ ਹੋ ਜਾਣ, ਤੇ ਜੇ ਅਸੀਂ ਪੂਰੇ ਜ਼ੋਰ ਨਾਲ ਹੰਭਲਾ ਮਾਰੀਏ ਜੋ ਕਿ ਇਤਿਹਾਸ ਵਿਚ ਪਹਿਲਾਂ ਕਦੀ ਨਹੀਂ ਵਾਪਰਿਆ, ਤਾਂ ਵੀ ਆਤੰਕਵਾਦ ਵਧ ਤੋਂ ਵਧ ਸਾਮਰਾਜੀ ਤਾਕਤ ਨੂੰ ਕਾਂਗਰਸ ਪਾਰਟੀ ਨਾਲ ਸੁਲਾਹ ਵਾਸਤੇ ਮਜਬੂਰ ਕਰ ਸਕਦਾ ਹੈ। ਅਜਿਹੀਆਂ ਸੁਲਾਹ-ਸਫ਼ਾਈਆਂ, ਸਾਡੇ ਉਦੇਸ਼, ਪੂਰਨ ਆਜ਼ਾਦੀ ਤੋਂ ਹਮੇਸ਼ਾ ਕਿਤੇ ਉਰੇ ਰਹਿਣਗੀਆਂ। ਇਸ ਤਰ੍ਹਾਂ ਆਤੰਕਵਾਦ, ਇਕ ਸਮਝੌਤਾ ਅਤੇ ਸੁਧਾਰਾਂ ਦੀ ਇਕ ਕਿਸ਼ਤ ਨਿਚੋੜ ਸਕਦਾ ਹੈ ਅਤੇ ਇਹੀ ਪ੍ਰਾਪਤ ਕਰਨ ਲਈ ਗਾਂਧੀਵਾਦ ਜ਼ੋਰ ਲਗਾ ਰਿਹਾ ਹੈ। ਉਹ ਚਾਹੁੰਦਾ ਹੈ ਕਿ ਦਿੱਲੀ ਦਾ ਰਾਜ ਗੋਰਿਆਂ ਦੇ ਹੱਥੋਂ ਭੂਰਿਆਂ ਦੇ ਹੱਥ ਆ ਜਾਵੇ। ਇਹ ਲੋਕਾਂ ਦੇ ਜੀਵਨ ਤੋਂ ਇਕਲਵਾਂਝੇ ਹੈ ਅਤੇ ਜਿਵੇਂ ਹੀ ਰਾਜਗੱਦੀ 'ਤੇ ਬੈਠੇ ਤਾਂ ਜ਼ਾਲਮ ਬਣ ਜਾਣ ਦੀ ਬਹੁਤ ਸੰਭਾਵਨਾ ਹੈ। ਆਇਰਿਸ਼ ਮਸਾਲ ਏਥੇ ਸਾਡੇ 'ਤੇ ਲਾਗੂ ਨਹੀਂ ਹੁੰਦੀ, ਇਸ ਦੀ ਚੇਤਾਵਨੀ ਮੈਂ ਦੇਣਾ ਚਾਹੁੰਦਾ ਹਾਂ। ਆਇਰਲੈਂਡ ਵਿਚ ਇਹ ਕੋਈ ਇੱਕਾ-ਦੁੱਕਾ ਆਤੰਕਵਾਦੀ ਕਾਰਵਾਈਆਂ ਨਹੀਂ ਸਨ ਸਗੋਂ ਕੌਮ ਦੀ ਪੱਧਰ 'ਤੇ ਜਨ-ਸਾਧਾਰਨ ਦੀ ਬਗ਼ਾਵਤ ਸੀ, ਜਿਸ ਵਿਚ ਬੰਦੂਕਧਾਰੀ ਨੂੰ, ਉਸ ਦੀ ਨੇੜਲੀ ਜਾਣਕਾਰੀ ਅਤੇ ਹਮਦਰਦੀ ਕਰ ਕੇ ਲੋਕਾਂ ਨਾਲ ਜੋੜਿਆ ਹੋਇਆ ਸੀ। ਬਹੁਤ ਆਸਾਨੀ ਨਾਲ ਹਥਿਆਰ ਉਨ੍ਹਾਂ ਨੂੰ ਮਿਲ ਜਾਂਦੇ ਸਨ ਕਿਉਂਕਿ ਅਮਰੀਕਨ ਆਇਰਿਸ਼ ਰੁਪਏ ਦੀ ਬੇਥਾਹ ਮਦਦ ਦਿੰਦੇ ਸਨ, ਜ਼ਮੀਨੀ ਹਾਲਾਤ ਅਜਿਹੀ ਜੰਗ ਲਈ ਲਾਹੇਵੰਦ ਸਨ, ਪਰ ਫਿਰ ਵੀ ਆਇਰਲੈਂਡ ਨੂੰ ਆਪਣੀ ਲਹਿਰ ਦੇ ਅਪੂਰਨ ਉਦੇਸ਼ਾਂ ਨਾਲ ਹੀ ਤਸੱਲੀ ਕਰਨੀ ਪਈ। ਇਸ ਨੇ ਆਇਰਿਸ਼ ਲੋਕਾਂ ਦੀ ਗ਼ੁਲਾਮੀ ਤਾਂ ਘਟਾਈ ਹੈ ਪਰ ਆਇਰਿਸ਼ ਕਿਰਤੀ ਜਮਾਤ ਨੂੰ ਪੂੰਜੀਪਤੀਆਂ ਦੇ ਜੰਜਾਲ ਤੋਂ ਮੁਕਤ ਨਹੀਂ ਕਰਵਾਇਆ ਹੈ। ਭਾਰਤ ਨੂੰ ਆਇਰਲੈਂਡ ਦੀ ਨਕਲ ਨਹੀਂ ਕਰਨੀ ਚਾਹੀਦੀ, ਜੇ ਉਹ ਕੀਤੀ ਵੀ ਜਾ ਸਕਦੀ ਹੋਵੇ ਤਾਂ ਵੀ ?

ਇਕ ਤਰੀਕੇ ਨਾਲ, ਗਾਂਧੀਵਾਦ ਆਪਣਾ ਭਾਣਾ ਮੰਨਣ ਦੇ ਮੱਤ ਰੱਖਦੇ ਹੋਏ ਵੀ, ਇਨਕਲਾਬੀ ਵਿਚਾਰਾਂ ਦੇ ਕੁਝ ਨੇੜੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਇਹ ਜਨਤਕ ਐਕਸ਼ਨ 'ਤੇ ਨਿਰਭਰ ਕਰਦਾ ਹੈ, ਭਾਵੇਂ ਕਿ ਉਹ ਜਨਤਾ ਵਾਸਤੇ ਨਹੀਂ ਹੁੰਦਾ। ਉਨ੍ਹਾਂ ਨੇ ਕਿਰਤੀ ਇਨਕਲਾਬੀ ਲਈ, ਕਿਰਤੀਆਂ ਨੂੰ ਲਹਿਰ ਦਾ ਹਿੱਸੇਦਾਰ ਬਣਾ ਕੇ ਰਾਹ ਪਾ ਦਿੱਤਾ ਹੈ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੂੰ ਕਿੰਨੇ ਉਜੱਡਪੁਣੇ ਜਾਂ ਖ਼ੁਦਗਰਜ਼ੀ ਨਾਲ ਆਪਣੇ ਰਾਜਨੀਤਕ ਪ੍ਰੋਗਰਾਮ ਲਈ ਵਰਤਿਆ ਹੈ। ਇਨਕਲਾਬੀਆਂ ਨੂੰ 'ਅਹਿੰਸਾ ਦੇ ਫ਼ਰਿਸ਼ਤੇ' ਨੂੰ ਉਸ ਦਾ ਯੋਗ ਥਾਂ ਦੇਣਾ ਚਾਹੀਦਾ ਹੈ।

ਆਤੰਕਵਾਦ ਦੇ ਸ਼ੈਤਾਨ ਨੂੰ ਕੋਈ ਦਾਦ ਦੇਣ ਦੀ ਲੋੜ ਨਹੀਂ ਹੈ। ਆਤੰਕਵਾਦੀਆਂ ਨੇ ਕਾਫ਼ੀ ਕੰਮ ਕਰ ਲਿਆ ਹੈ। ਕਾਫ਼ੀ ਕੁਝ ਸਿਖਾ ਦਿੱਤਾ ਹੈ। ਜੇ ਅਸੀਂ ਆਪਣੇ ਉਦੇਸ਼ਾਂ ਅਤੇ ਤਰੀਕਿਆਂ ਬਾਰੇ ਕੋਈ ਭੁਲੇਖਾ ਨਾ ਕਰੀਏ ਤਾਂ ਇਹ ਅਜੇ ਵੀ ਕੁਝ ਲਾਹੇਵੰਦਾ ਹੋ ਸਕਦਾ ਹੈ। ਖ਼ਾਸ ਕਰ ਕੇ ਨਿਰਾਸ਼ਾਜਨਕ ਸਮੇਂ ਆਤੰਕਵਾਦੀ ਤਰੀਕਾ ਸਾਡੀ ਪ੍ਰਚਾਰਕ ਮੁਹਿੰਮ ਵਿਚ ਮਦਦਗਾਰ ਹੋ ਸਕਦਾ ਹੈ। ਪਰ ਇਹ ਪਟਾਖੇਬਾਜ਼ੀ ਦੇ ਸਿਵਾਏ ਕੁਝ ਨਹੀਂ ਹੈ ਅਤੇ ਖ਼ਾਸ ਸਮੇਂ ਲਈ ਕੁਝ ਗਿਣੇ-ਚੁਣੇ ਲੋਕਾਂ ਲਈ ਰਿਜ਼ਰਵ ਰੱਖਣਾ ਚਾਹੀਦਾ ਹੈ। ਪਰ ਇਨਕਲਾਬੀ ਨੂੰ ਬੇਮਾਅਨੇ ਆਤੰਕਵਾਦੀ ਕਾਰਵਾਈਆਂ ਅਤੇ ਵਿਅਕਤੀਗਤ ਆਤਮ-ਬਲੀਦਾਨ ਦੇ ਦੂਸ਼ਿਤ ਚੱਕਰ ਵਿਚ ਨਾ ਪਾਇਆ ਜਾਵੇ। ਸਭ ਕਿਸੇ ਲਈ ਉਤਸ਼ਾਹਿਤ ਕਰਨ ਵਾਲਾ ਆਦਰਸ਼, ਉਦੇਸ਼ ਲਈ ਮਰਨਾ ਨਾ ਹੋ ਕੇ ਉਦੇਸ਼ ਲਈ ਜੀਊਣਾ ਅਤੇ ਉਹ ਵੀ ਲਾਹੇਵੰਦ ਅਤੇ ਯੋਗ ਤਰੀਕੇ ਨਾਲ, ਹੋਣਾ ਚਾਹੀਦਾ ਹੈ।

ਇਹ ਕਹਿਣ ਦੀ ਥਾਂ ਕੋਈ ਲੋੜ ਨਹੀਂ ਹੈ ਕਿ ਅਸੀਂ ਆਤੰਕਵਾਦ ਨਾਲੋਂ ਬਿਲਕੁਲ ਰਿਸ਼ਤਾ ਤੋੜ ਨਹੀਂ ਰਹੇ ਹਾਂ। ਅਸੀਂ ਕਿਰਤੀ ਇਨਕਲਾਬ ਦੇ ਨਜ਼ਰੀਏ ਤੋਂ ਇਸ ਦਾ ਪੂਰਾ ਮੁੱਲ ਆਂਕਣਾ ਚਾਹੁੰਦੇ ਹਾਂ। ਨੌਜਵਾਨ ਜਿਹੜੇ ਹੌਂਢੇ ਅਤੇ ਚੁੱਪਚਾਪ ਜਥੇਬੰਦਕ ਕੰਮ ਵਿਚ ਫ਼ਿੱਟ ਨਹੀਂ ਹੁੰਦੇ, ਉਨ੍ਹਾਂ ਦਾ ਦੂਸਰਾ ਰੋਲ ਹੋ ਸਕਦਾ ਹੈ। ਉਸ ਨੂੰ ਖ਼ੁਸ਼ਕ ਕੰਮ ਤੋਂ ਮੁਕਤ ਕਰ ਕੇ ਆਪਣੀ ਹੋਣੀ ਪੂਰੀ ਕਰਨ ਲਈ ਛੱਡ ਦੇਣਾ ਚਾਹੀਦਾ ਹੈ ਪਰ ਸੰਚਾਲਕ ਅਦਾਰੇ ਨੂੰ, ਪਾਰਟੀ ਤੇ ਉਸ ਕੰਮ ਦੇ, ਲੋਕਾਂ ਉਤੇ ਅਸਰ ਅਤੇ ਦੁਸ਼ਮਣ 'ਤੇ ਅਸਰ ਨੂੰ ਅਗਾਊਂ ਅੰਗਣਾ ਚਾਹੀਦਾ ਹੈ। ਅਜਿਹੇ ਕੰਮ ਪਾਰਟੀ ਅਤੇ ਲੋਕਾਂ ਦਾ ਧਿਆਨ, ਜੁਝਾਰੂ ਜਨਤਕ ਐਕਸ਼ਨ ਤੋਂ ਹਟਾ ਕੇ ਤੇਜ਼ ਭੜਕਾਊ ਕੰਮ ਵੱਲ ਲਗਾ ਸਕਦੇ ਹਨ ਅਤੇ ਇਸ ਤਰ੍ਹਾਂ ਸਾਰੀ ਪਾਰਟੀ ਦੀਆਂ ਜੜ੍ਹਾਂ 'ਤੇ ਸੱਟ ਮਾਰਨ ਲਈ ਬਹਾਨਾ ਬਣਾ ਸਕਦੇ ਹਨ। ਇਸ ਤਰ੍ਹਾਂ ਕਿਸੇ ਵੀ ਹਾਲਤ ਵਿਚ ਇਹ ਆਦਰਸ਼ ਨੂੰ ਅੱਗੇ ਨਹੀਂ ਵਧਾਉਂਦਾ ਹੈ।

ਪਰ ਖ਼ੁਫ਼ੀਆ ਮਿਲਟਰੀ ਵਿਭਾਗ ਕੋਈ ਸਰਾਪੀ ਵਸਤੂ ਨਹੀਂ ਹੈ। ਅਸਲ ਵਿਚ ਇਹ ਤਾਂ ਮੋਹਰਲੀ ਪੰਕਤੀ ਹੈ। ਇਨਕਲਾਬੀ ਪਾਰਟੀ ਦੀ 'ਗੋਲੀ ਮਾਰ ਪੰਕਤੀ' ਅਤੇ ਇਹ 'ਆਧਾਰ' ਦੇ ਨਾਲ ਪੂਰੀ ਤਰ੍ਹਾਂ ਜੁੜੀ ਹੋਣੀ ਚਾਹੀਦੀ ਹੈ। 'ਆਧਾਰ' ਜੁਝਾਰੂ ਤੇ ਗਤੀਸ਼ੀਲ ਜਨਤਕ ਪਾਰਟੀ ਨੇ ਬਣਨਾ ਹੈ। ਜਥੇਬੰਦੀ ਲਈ ਧਨ ਅਤੇ ਹਥਿਆਰ ਇਕੱਠੇ ਕਰਨ ਲਈ ਕੋਈ ਝਿਜਕ ਨਹੀਂ ਹੋਣੀ ਚਾਹੀਦੀ।

## ਇਨਕਲਾਬ

ਇਨਕਲਾਬ ਤੋਂ ਸਾਡਾ ਕੀ ਭਾਵ ਹੈ, ਸਪੱਸ਼ਟ ਹੈ। ਇਸ ਸਦੀ ਵਿਚ ਇਸ ਦੇ ਸਿਰਫ਼ ਦੋ ਹੀ ਮਤਲਬ ਹੋ ਸਕਦੇ ਹਨ : ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ 'ਤੇ ਕਬਜ਼ਾ। ਅਸਲ ਵਿਚ ਇਹ ਹੈ 'ਇਨਕਲਾਬ'। ਬਾਕੀ ਸਭ ਬਗ਼ਾਵਤਾਂ ਤਾਂ ਸਿਰਫ਼ ਮਾਲਕਾਂ ਦੀ ਤਬਦੀਲੀ ਕਰ ਕੇ ਪੂੰਜੀਵਾਦੀ ਸੜ੍ਹਿਆਂਦ ਨੂੰ ਹੀ ਅੱਗੇ ਤੋਰਦੀਆਂ ਹਨ। ਕਿਸੇ ਵੀ

ਹੱਦ ਤਕ ਲੋਕਾਂ ਨਾਲ ਜਾਂ ਉਨ੍ਹਾਂ ਦੇ ਉਦੇਸ਼ ਲਈ ਦਿਖਾਈ ਹਮਦਰਦੀ, ਜਨਤਾ ਤੋਂ ਅਸਲੀਅਤ ਨੂੰ ਛੁਪਾ ਨਹੀਂ ਸਕਦੀ, ਉਹ ਛਲਾਵੇ ਨੂੰ ਪਛਾਣਦੇ ਹਨ। ਭਾਰਤ ਵਿਚ ਵੀ, ਅਸੀਂ ਭਾਰਤੀ ਕਿਰਤੀ ਦੇ ਰਾਜ ਤੋਂ ਘੱਟ ਕੁਝ ਨਹੀਂ ਚਾਹੁੰਦੇ ਹਾਂ। ਭਾਰਤੀ ਕਿਰਤੀ ਨੇ, ਭਾਰਤ ਅੰਦਰ ਸਾਮਰਾਜਵਾਦੀ ਅਤੇ ਉਨ੍ਹਾਂ ਦੇ ਮਦਦਗਾਰ ਨੂੰ, ਜੋ ਕਿ ਉਸ ਆਰਥਿਕ ਸਿਸਟਮ, ਜਿਸ ਦੀਆਂ ਜੜ੍ਹਾਂ ਲੁੱਟ 'ਤੇ ਆਧਾਰਤ ਹਨ, ਦੇ ਪੈਰੋਕਾਰ ਹਨ, ਹਟਾ ਕੇ ਅੱਗੇ ਆਉਣਾ ਹੈ। ਅਸੀਂ ਚਿੱਟੀ ਬੁਰਾਈ ਦੀ ਥਾਂ ਕਾਲੀ ਬੁਰਾਈ ਨੂੰ ਲਿਆ ਕੇ ਕਸ਼ਟ ਨਹੀਂ ਝੱਲਣਾ ਚਾਹੁੰਦੇ। ਬੁਰਾਈਆਂ, ਇਕ ਹਿੱਤਾਂ ਦੇ ਸਮੂਹ ਵਾਂਗ ਹੈ, ਜੋ ਇਕ ਦੂਜੇ ਦੀ ਥਾਂ ਲੈਣ ਲਈ ਤਿਆਰ ਹਨ।

ਸਾਮਰਾਜਵਾਦੀਆਂ ਨੂੰ ਗੱਦੀਓਂ ਲਾਹੁਣ ਲਈ ਭਾਰਤ ਦਾ ਇਕੋ-ਇਕ ਹਥਿਆਰ ਕਿਰਤੀ ਇਨਕਲਾਬ ਹੈ। ਕੋਈ ਹੋਰ ਚੀਜ਼ ਇਸ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦੀ। ਹਰ ਵਿਚਾਰ ਦੇ ਕੌਮਵਾਦੀ, ਇਕ ਉਦੇਸ਼ 'ਤੇ ਸਹਿਮਤ ਹਨ ਕਿ ਸਾਮਰਾਜਵਾਦੀਆਂ ਤੋਂ ਆਜ਼ਾਦੀ ਪ੍ਰਾਪਤੀ। ਉਨ੍ਹਾਂ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਦੀ ਲਹਿਰ ਦੀ ਚਾਲਕ ਸ਼ਕਤੀ ਬਾਗ਼ੀ ਜਨਤਾ ਹੈ ਅਤੇ ਉਨ੍ਹਾਂ ਦੇ ਜੁਝਾਰੂ ਜਨਤਕ ਐਕਸ਼ਨਾਂ ਰਾਹੀਂ ਕਾਮਯਾਬੀ ਪ੍ਰਾਪਤ ਹੋਣੀ ਹੈ। ਕਿਉਂਕਿ ਇਸ ਲਈ ਸੌਖੀ ਤਰ੍ਹਾਂ ਹੀਲਾ ਨਹੀਂ ਹੋ ਸਕਦਾ, ਇਸ ਕਰ ਕੇ ਆਪਣੇ ਆਪ ਨਾਲ ਛਲਾਵਾ ਕਰ ਕੇ ਉਸ ਪਾਸੇ ਲਮਕਦੇ ਹਨ, ਜਿਸ ਨੂੰ ਉਹ ਆਰਜ਼ੀ ਇਲਾਜ, ਪਰ ਝਟਪਟ ਅਤੇ ਪ੍ਰਭਾਵਸ਼ਾਲੀ ਸਮਝਦੇ ਹਨ। ਯਾਨੀ ਕਿ ਚੰਦ ਸੈਂਕੜੇ ਦ੍ਰਿੜ੍ਹ ਆਦਰਸ਼ਵਾਦੀ ਕੌਮਪ੍ਰਸਤਾਂ ਦੀ ਹਥਿਆਰਬੰਦ ਮੁਖ਼ਾਲਫ਼ਤ ਰਾਹੀਂ ਵਿਦੇਸ਼ੀ ਰਾਜ ਨੂੰ ਉਲਟਾ ਕੇ ਰਿਆਸਤ ਨੂੰ ਸਮਾਜਵਾਦੀ ਲੀਹਾਂ 'ਤੇ ਮੁੜ ਸੰਗਠਿਤ ਕਰਨਾ। ਉਨ੍ਹਾਂ ਨੂੰ ਵਕਤ ਦੀ ਅਸਲੀਅਤ ਵਿਚ ਝਾਕਣਾ ਚਾਹੀਦਾ ਹੈ। ਹਥਿਆਰ ਜ਼ਿਆਦਾ ਗਿਣਤੀ ਵਿਚ ਪ੍ਰਾਪਤ ਨਹੀਂ ਹਨ ਅਤੇ ਜੁਝਾਰੂ ਲੋਕਾਂ ਤੋਂ ਵੱਖਰੇ ਹੋ ਕੇ ਅਨਟਰੇਂਡ ਗਰੁੱਪ ਦੀ ਬਗ਼ਾਵਤ ਦਾ ਅੱਜ ਦੇ ਯੁਗ ਵਿਚ ਸਫ਼ਲਤਾ ਦਾ ਕੋਈ ਮੌਕਾ ਨਹੀਂ ਹੈ। ਕੌਮਪ੍ਰਸਤਾਂ ਦੇ ਕਾਮਯਾਬ ਹੋਣ ਲਈ, ਉਨ੍ਹਾਂ ਨੂੰ ਕੌਮ ਨੂੰ ਹਰਕਤ ਵਿਚ ਲਿਆਉਣਾ ਚਾਹੀਦਾ ਹੈ ਅਤੇ ਬਗ਼ਾਵਤ ਲਈ ਖੜ੍ਹੇ ਕਰਨਾ ਚਾਹੀਦਾ ਹੈ। ਕੌਮ, ਕਾਂਗਰਸ ਦੇ ਲਾਊਡ ਸਪੀਕਰ ਨਹੀਂ ਹਨ, ਸਗੋਂ ਮਜ਼ਦੂਰ ਕਿਸਾਨ ਹਨ, ਜਿਹੜੇ ਭਾਰਤ ਦੀ 95 ਫ਼ੀ ਸਦੀ ਵਸੋਂ ਹਨ। ਕੌਮ ਆਪਣੇ ਆਪ ਨੂੰ ਕੌਮੀਕਰਣ ਦੇ ਯਕੀਨ 'ਤੇ ਹੀ ਹਰਕਤ ਵਿਚ ਲਿਆਵੇਗੀ, ਯਾਨੀ ਕਿ ਸਾਮਰਾਜਵਾਦੀ ਪੂੰਜਪਤੀ ਦੀ ਗ਼ੁਲਾਮੀ ਤੋਂ ਮੁਕਤੀ ਦੇ ਯਕੀਨ ਦਿਵਾਉਣ 'ਤੇ।

ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਕਿਰਤੀ ਇਨਕਲਾਬ ਦੇ ਸਿਵਾਏ, ਨਾ ਕਿਸੇ ਹੋਰ ਇਨਕਲਾਬ ਦੀ ਇੱਛਾ ਕਰਨੀ ਚਾਹੀਦੀ ਹੈ ਤੇ ਨਾ ਹੀ ਕਾਮਯਾਬ ਹੋ ਸਕਦਾ ਹੈ।

## ਪ੍ਰੋਗਰਾਮ

ਸਮੇਂ ਦੀ ਲੋੜ ਹੈ ਕਿ ਇਨਕਲਾਬ ਦਾ ਇਕ ਸਾਫ਼ ਸਪੱਸ਼ਟ ਅਤੇ ਇਮਾਨਦਾਰ ਪ੍ਰੋਗਰਾਮ ਹੋਵੇ ਅਤੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਦ੍ਰਿੜ੍ਹ ਕਾਰਵਾਈ ਕੀਤੀ ਜਾਵੇ।

1917 ਵਿਚ ਅਕਤੂਬਰ ਇਨਕਲਾਬ ਤੋਂ ਪਹਿਲਾਂ ਲੈਨਿਨ ਜਦੋਂ ਅਜੇ ਮਾਸਕੋ ਵਿਚ ਲੁਕਿਆ ਹੋਇਆ ਸੀ, ਤਾਂ ਉਸ ਨੇ ਕਾਮਯਾਬ ਇਨਕਲਾਬ ਲਈ ਤਿੰਨ ਜ਼ਰੂਰੀ ਸ਼ਰਤਾਂ ਲਿਖੀਆਂ ਸਨ :

1. ਰਾਜਨੀਤਕ ਆਰਥਿਕ ਹਾਲਤ
2. ਬਾਗ਼ੀ ਜਨਤਕ ਮਨ
3. ਇਕ ਇਨਕਲਾਬੀਆਂ ਦੀ ਪਾਰਟੀ, ਜੋ ਪੂਰੀ ਤਰ੍ਹਾਂ ਟਰੇਂਡ ਹੋਵੇ ਅਤੇ ਪਰਖ ਦੀਆਂ
ਘੜੀਆਂ ਵਿਚ ਜਨਤਾ ਨੂੰ ਅਗਵਾਈ ਦੇ ਸਕੇ।

ਭਾਰਤ ਵਿਚ ਪਹਿਲੀ ਸ਼ਰਤ ਪੂਰੀ ਹੋ ਚੁੱਕੀ ਹੈ, ਦੂਸਰੀ ਅਤੇ ਤੀਸਰੀ ਸ਼ਰਤ ਆਪਣੀ ਅੰਤਮ ਪੂਰਤੀ ਦੀ ਇੰਤਜ਼ਾਰ ਵਿਚ ਹੈ। ਇਨ੍ਹਾਂ ਲਈ ਹਰਕਤ ਵਿਚ ਆਉਣਾ ਸਾਰੇ ਆਜ਼ਾਦੀ ਦੇ ਸੇਵਕਾਂ ਅੱਗੇ ਪਹਿਲਾ ਕੰਮ ਹੈ ਅਤੇ ਇਸ ਮੁੱਦੇ ਨੂੰ ਸਾਹਮਣੇ ਰੱਖ ਕੇ ਪ੍ਰੋਗਰਾਮ ਬਣਾਇਆ ਜਾਣਾ ਚਾਹੀਦਾ ਹੈ। ਇਸ ਦੀ ਰੂਪ-ਰੇਖਾ ਹੇਠਾਂ ਦਿੱਤੀ ਜਾ ਰਹੀ ਹੈ, ਅਤੇ ਉਸ ਦੇ ਹਰ ਸੈਕਸ਼ਨ ਬਾਰੇ ਸੁਝਾਅ ਅੰਤਿਕਾ ੳ ਅਤੇ ਅ ਵਿਚ ਦਰਜ ਕੀਤੇ ਗਏ ਹਨ।

*ਬੁਨਿਆਦੀ ਕੰਮ :* ਕਾਰਕੁੰਨਾਂ ਅੱਗੇ ਸਭ ਤੋਂ ਪਹਿਲੀ ਡਿਊਟੀ ਹੈ ਜਨਤਾ ਨੂੰ ਜੁਝਾਰੂ ਕੰਮ ਲਈ ਤਿਆਰ ਕਰਨਾ ਤੇ ਲਾਮਬੰਦ ਕਰਨਾ। ਸਾਨੂੰ ਅੰਧ-ਵਿਸ਼ਵਾਸਾਂ, ਜਜ਼ਬਾਤਾਂ, ਧਾਰਮਿਕਤਾ ਜਾਂ ਉਦਾਸੀਨਤਾ ਦੇ ਆਦਰਸ਼ਾਂ 'ਤੇ ਖੇਡਣ ਦੀ ਲੋੜ ਨਹੀਂ ਹੈ। ਸਾਡੇ ਉਨ੍ਹਾਂ ਨਾਲ ਵਾਅਦੇ ਸਿਰਫ਼ ਸ਼ੋਰਬੇ ਅਤੇ ਅੱਧੀ ਰੋਟੀ ਦੇ ਨਹੀਂ ਹੋਣਗੇ। ਉਹ ਸੰਪੂਰਨ ਅਤੇ ਠੋਸ ਹੋਣਗੇ ਅਤੇ ਅਸੀਂ ਉਸ ਨਾਲ ਇਮਾਨਦਾਰੀ ਤੇ ਸਪੱਸ਼ਟ ਗੱਲ ਕਰਾਂਗੇ। ਅਸੀਂ ਕਦੀ ਵੀ ਉਸ ਦੇ ਮਨ ਵਿਚ ਭਰਮਾਂ ਦਾ ਜਮ-ਘਟਾ ਖੜਾ ਨਹੀਂ ਹੋਣ ਦੇਵਾਂਗੇ। ਇਨਕਲਾਬ ਉਸ ਲਈ ਹੈ, ਇਸ ਕਰ ਕੇ ਕੁਝ ਨਿੱਖੜਵੇਂ ਸਿਰਲੇਖ ਹਨ :

1. ਜਾਗੀਰਦਾਰੀ ਦਾ ਖ਼ਾਤਮਾ।
2. ਕਿਸਾਨਾਂ ਦੇ ਕਰਜ਼ੇ ਖ਼ਤਮ ਕਰਨਾ।
3. ਇਨਕਲਾਬੀ ਰਿਆਸਤ ਵਲੋਂ ਜ਼ਮੀਨ ਦਾ ਕੌਮੀਕਰਨ ਤਾਂ ਕਿ ਸੋਧੀ ਹੋਈ ਅਤੇ
ਸਾਂਝੀ ਖੇਤੀ ਸਥਾਪਿਤ ਕੀਤੀ ਜਾ ਸਕੇ।
4. ਰਹਿਣ ਲਈ ਘਰਾਂ ਦੀ ਗਾਰੰਟੀ ,

5. ਕਿਸਾਨਾਂ ਤੋਂ ਲਏ ਜਾਂਦੇ ਸਾਰੇ ਖ਼ਰਚੇ ਬੰਦ ਕਰਨਾ, ਸਿਰਫ਼ ਇਕਹਿਰਾ ਜ਼ਮੀਨ ਟੈਕਸ ਲਿਆ ਜਾਵੇਗਾ।

6. ਕਾਰਖ਼ਾਨਿਆਂ ਦਾ ਕੌਮੀਕਰਨ ਅਤੇ ਦੇਸ਼ ਵਿਚ ਕਾਰਖ਼ਾਨੇ ਲਗਾਉਣਾ।

7. ਆਮ ਪੜ੍ਹਾਈ।

8. ਕੰਮ ਕਰਨ ਦੇ ਘੰਟੇ, ਜ਼ਰੂਰਤ ਮੁਤਾਬਕ ਘੱਟੋ-ਘੱਟ ਕਰਨਾ।

ਜਨਤਾ ਅਜਿਹੇ ਪ੍ਰੋਗਰਾਮ ਲਈ ਜ਼ਰੂਰ ਹੁੰਗਾਰਾ ਦੇਵੇਗੀ, ਪਰ ਸਾਨੂੰ ਸਿਰਫ਼ ਲੋਕਾਂ ਤਕ ਪਹੁੰਚਣਾ ਹੈ। ਇਹ ਸਭ ਤੋਂ ਵੱਧ ਜ਼ਰੂਰੀ ਕਾਰਜ ਹੈ। ਠੋਸੀ ਹੋਈ ਅਗਿਆਨਤਾ ਇਕ ਪਾਸੇ ਅਤੇ ਬੁੱਧੀਜੀਵੀਆਂ ਦੀ ਬੇਲਾਗਤਾ ਦੂਸਰੇ ਪਾਸੇ, ਨੇ ਪੜ੍ਹੇ-ਲਿਖੇ ਇਨਕਲਾਬੀਆਂ ਅਤੇ ਉਸ ਦੇ ਘੱਟ ਬਦਕਿਸਮਤ ਹਥੌੜੇ-ਦਾਤੀ ਵਾਲੇ ਸਾਥੀਆਂ ਵਿਚ ਇਕ ਬਣਾਵਟੀ ਰੁਕਾਵਟ ਖੜ੍ਹੀ ਕਰ ਦਿੱਤੀ ਹੈ। ਇਹ ਰੁਕਾਵਟ ਇਨਕਲਾਬੀਆਂ ਵੱਲੋਂ ਜ਼ਰੂਰੀ ਖ਼ਤਮ ਹੋਣੀ ਚਾਹੀਦੀ ਹੈ। ਇਸ ਲਈ ਹੇਠ ਲਿਖੇ ਕੰਮ ਹਨ :

1. ਕਾਂਗਰਸ ਦੇ ਮੰਚ ਦਾ ਲਾਭ ਉਠਾਉਣਾ।

2. ਟਰੇਡ ਯੂਨੀਅਨਾਂ 'ਤੇ ਕਬਜ਼ਾ ਕਰਨਾ ਅਤੇ ਨਵੀਆਂ ਯੂਨੀਅਨਾਂ ਤੇ ਜਥੇਬੰਦੀਆਂ ਨੂੰ ਖਾੜਕੂ ਲੀਹਾਂ 'ਤੇ ਖੜ੍ਹੇ ਕਰਨਾ।

3. ਰਿਆਸਤ ਯੂਨੀਅਨਾਂ ਬਣਾ ਕੇ ਉਨ੍ਹਾਂ ਨੂੰ ਉੱਪਰ ਦਿੱਤੀਆਂ ਗੱਲਾਂ 'ਤੇ ਜਥੇਬੰਦ ਕਰਨਾ।

4. ਹਰ ਸਮਾਜਕ ਤੇ ਖ਼ੈਰਾਇਤੀ ਜਥੇਬੰਦੀਆਂ (ਇਥੋਂ ਤਕ ਕਿ ਸਹਿਕਾਰੀ ਸੋਸਾਇਟੀਆਂ) ਜਿਹੜੀਆਂ ਜਨਤਾ ਤਕ ਪਹੁੰਚਣ ਦਾ ਮੌਕਾ ਦਿੰਦੀਆਂ ਹਨ, ਵਿਚ ਗੁਪਤ ਤੌਰ 'ਤੇ ਦਾਖ਼ਲ ਹੋ ਕੇ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਇਸ ਤਰ੍ਹਾਂ ਚਲਾਉਣਾ ਚਾਹੀਦਾ ਹੈ ਤਾਂ ਕਿ ਅਸਲ ਮੁੱਦੇ ਅਤੇ ਉਦੇਸ਼ ਅੱਗੇ ਵਧਾਏ ਜਾ ਸਕਣ।

5. ਕਾਰੀਗਰਾਂ ਦੀਆਂ ਕਮੇਟੀਆਂ, ਕਿਰਤੀਆਂ ਦੀਆਂ ਤੇ ਦਿਮਾਗ਼ੀ ਕੰਮ ਕਰਨ ਵਾਲਿਆਂ ਦੀਆਂ ਯੂਨੀਅਨਾਂ ਹਰ ਥਾਂ ਸਥਾਪਿਤ ਕੀਤੀਆਂ ਜਾਣ।

ਇਹ ਹਨ ਕੁਝ ਲੀਹਾਂ, ਜਿਨ੍ਹਾਂ ਰਾਹੀਂ ਪੜ੍ਹੇ-ਲਿਖੇ, ਟਰੇਂਡ ਇਨਕਲਾਬੀ ਲੋਕਾਂ ਤਕ ਪੁੱਜ ਸਕਦੇ ਹਨ ਅਤੇ ਇਕ ਵਾਰ ਉਹ ਉਥੇ ਪਹੁੰਚ ਜਾਣ ਤਾਂ ਇਕ ਟਰੇਨਿੰਗ ਦੇ ਰਾਹੀਂ ਪਹਿਲਾਂ ਆਪਣੇ ਹੱਕਾਂ ਦੀ ਉਤਸ਼ਾਹ ਪੂਰਵਕ ਪ੍ਰਸ਼ਟੀ ਕਰ ਸਕਦੇ ਹਨ ਅਤੇ ਫਿਰ ਹੜਤਾਲਾਂ ਅਤੇ ਕੰਮ ਰੋਕੂ ਤਰੀਕਿਆਂ ਨਾਲ ਜੁਝਾਰੂ ਹੱਲ ਕਰਨਾ ਚਾਹੀਦਾ ਹੈ।

## ਇਨਕਲਾਬੀ ਪਾਰਟੀ

ਇਨਕਲਾਬੀਆਂ ਦੇ ਸਰਗਰਮ ਗਰੁੱਪ ਦੀ ਮੁੱਖ ਜ਼ਿੰਮੇਵਾਰੀ, ਜਨਤਾ ਤਕ ਪਹੁੰਚਣ ਅਤੇ ਉਨ੍ਹਾਂ ਨੂੰ ਕਾਰਜ ਲਈ ਤਿਆਰ ਕਰਨ ਦੀ ਹੁੰਦੀ ਹੈ। ਇਹ ਹਨ ਚਲਦੇ-ਫਿਰਦੇ, ਦ੍ਰਿੜ੍ਹ ਇਰਾਦੇ ਦੇ ਲੋਕ ਜਿਹੜੇ ਕੰਮ ਨੂੰ ਜੁਝਾਰੂ ਜੀਵਨ ਲਈ ਸ਼ਕਤੀ ਦੇਣਗੇ। ਜਿਵੇਂ ਹਾਲਾਤ ਪੈਦਾ ਹੁੰਦੇ ਹਨ, ਤਾਂ ਇਹ ਇਨਕਲਾਬੀ ਬੁੱਧੀਜੀਵੀ, ਜਿਨ੍ਹਾਂ ਨੇ ਆਪਣੇ ਆਪ ਨੂੰ ਬੁਰਜੂਆ ਅਤੇ ਅਰਧ-ਬੁਰਜੂਆ ਰਵਾਇਤਾਂ ਤੋਂ ਤੋੜ ਲਿਆ ਹੁੰਦਾ ਹੈ, ਵਿਚੋਂ ਹੀ ਆਉਂਦੇ ਹਨ ਅਤੇ ਕੁਝ ਸਮੇਂ ਤਕ ਆਉਂਦੇ ਰਹਿੰਦੇ ਹਨ। ਇਨਕਲਾਬੀ ਪਾਰਟੀ ਇਨ੍ਹਾਂ ਤੋਂ ਬਣੇਗੀ ਅਤੇ ਇਹ ਫਿਰ ਆਪਣੇ ਦੁਆਲੇ ਵੱਧ ਤੋਂ ਵੱਧ ਸਰਗਰਮ ਮਜ਼ਦੂਰ, ਕਿਸਾਨ ਅਤੇ ਛੋਟੇ ਕਾਰੀਗਰ ਰਾਜਨੀਤਕ ਵਰਕਰ ਭਰਤੀ ਕਰਦੇ ਰਹਿਣਗੇ। ਪਰ ਮੁੱਖ ਤੌਰ 'ਤੇ ਇਹ ਇਨਕਲਾਬੀ ਬੁੱਧੀਜੀਵੀ ਪੁਰਸ਼ਾਂ ਤੇ ਇਸਤਰੀਆਂ ਦੀ ਪਾਰਟੀ ਹੋਵੇਗੀ ਅਤੇ ਇਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਹੋਵੇਗੀ ਕਿ ਉਹ ਪਲੈਨ ਕਰਨ, ਵੱਖ-ਵੱਖ ਯੂਨੀਅਨਾਂ ਦੇ ਵਿਚ ਕੰਮ ਸ਼ੁਰੂ ਕਰਨਾ ਜਾਂ ਇਕਸੁਰਤਾ ਕਰਨਾ ਜਾਂ ਉਨ੍ਹਾਂ ਦੇ ਹੱਲੇ ਨੂੰ ਇਕੱਠੇ ਪਲੈਨ ਕਰਨਾ, ਫ਼ੌਜ ਅਤੇ ਪੁਲਸ ਨੂੰ ਇਨਕਲਾਬ ਦੇ ਹਾਮੀ ਬਣਾਉਣਾ ਅਤੇ ਉਨ੍ਹਾਂ ਦੀ ਮਦਦ ਨਾਲ ਜਾਂ ਆਪਣੀਆਂ ਦੂਸਰੀਆਂ ਸ਼ਕਤੀਆਂ ਨਾਲ ਇਨਕਲਾਬੀ ਟਾਕਰਾ, ਜੋ ਕਿ ਬਗ਼ਾਵਤ ਜਾਂ ਹਮਲੇ ਦੀ ਸ਼ਕਲ ਵਿਚ ਹੋਵੇ, ਦਾ ਪ੍ਰਬੰਧ ਕਰਨਾ ਅਤੇ ਲੋਕ ਬਗ਼ਾਵਤ ਲਈ ਯਤਨਬੱਧ ਹੋਣ ਅਤੇ ਵਕਤ ਪੈਣ 'ਤੇ ਬੇਖ਼ੌਫ਼ ਅਗਵਾਈ ਕਰ ਸਕਣ।

ਅਸਲ ਵਿਚ ਉਹ ਲਹਿਰ ਦਾ ਦਿਮਾਗ਼ ਹਨ। ਇਸ ਕਰ ਕੇ ਉਨ੍ਹਾਂ ਨੂੰ ਮਜ਼ਬੂਤ ਚਰਿੱਤਰ ਦੀ ਲੋੜ ਹੋਵੇਗੀ ਯਾਨੀ ਕਿ ਪਹਿਲਕਦਮੀ ਅਤੇ ਇਨਕਲਾਬੀ ਲੀਡਰਸ਼ਿਪ ਦੀ ਸਮਰੱਥਾ ਅਤੇ ਸਭ ਤੋਂ ਵਧ ਇਹ ਜ਼ਾਬਤਾ ਭਰਪੂਰ ਅਤੇ ਰਾਜਨੀਤਿਕ, ਆਰਥਿਕ, ਇਤਿਹਾਸ ਦੇ ਮਸਲੇ ਅਤੇ ਸਮਾਜ ਰੁਝਾਨਾਂ, ਚਾਲੂ ਰਾਜਦੂਤੀ ਸੰਬੰਧਾਂ, ਅਗਾਂਹਵਧੂ ਵਿਗਿਆਨਕਾਂ ਅਤੇ ਨਵੇਂ ਜੰਗ-ਢੰਗਾਂ ਦੀ ਸਾਇੰਸ ਤੇ ਆਰਟ ਬਾਰੇ ਗਹਿਰਾ ਅਧਿਐਨ ਕਰ ਕੇ ਮਜ਼ਬੂਤ ਬਣੀ ਸਮਝ ਹੋਣੀ ਚਾਹੀਦੀ ਹੈ। ਇਨਕਲਾਬ ਮਿਹਨਤੀ ਵਿਚਾਰਵਾਨਾਂ ਅਤੇ ਮਿਹਨਤੀ ਕਾਰਜ-ਕਰਤਿਆਂ ਦੀ ਪੈਦਾਵਾਰ ਹੁੰਦਾ ਹੈ। ਬਦਕਿਸਮਤੀ ਨਾਲ ਭਾਰਤੀ ਇਨਕਲਾਬ ਦਾ ਬੌਧਿਕ ਸਾਮਾਨ ਆਮ ਤੌਰ 'ਤੇ ਬੇਧਿਆਨਾ ਰਿਹਾ ਹੈ, ਇਸ ਕਰ ਕੇ ਇਨਕਲਾਬ ਦੀਆਂ ਅਤੀ ਜ਼ਰੂਰਤਾਂ ਅਤੇ ਕੰਮਾਂ ਦਾ ਠੀਕ ਅਸਰ ਕੀ ਹੋਵੇਗਾ, ਹਮੇਸ਼ਾ ਅੱਖੋਂ ਓਹਲੇ ਕਰ ਦਿੰਦੇ ਰਹੇ ਹਨ। ਇਸ ਕਰ ਕੇ ਇਕ ਇਨਕਲਾਬੀ ਨੂੰ ਪੜ੍ਹਾਈ ਤੇ ਅਧਿਐਨ ਆਪਣੀ ਪਵਿੱਤਰ ਡਿਊਟੀ ਬਣਾ ਲੈਣੀ ਚਾਹੀਦੀ ਹੈ।

ਇਹ ਸਾਫ਼ ਹੈ ਕਿ ਪਾਰਟੀ ਕੁਝ ਖ਼ਾਸ ਗੱਲਾਂ ਵਿਚ ਖੁੱਲ੍ਹੇਆਮ ਕੰਮ ਕਰ ਸਕਦੀ ਹੈ। ਜਿਥੋਂ ਤਕ ਹੋ ਸਕੇ, ਇਸ ਨੂੰ ਗੁਪਤ ਨਹੀਂ ਹੋਣਾ ਚਾਹੀਦਾ। ਇਹ ਸ਼ੱਕ ਖ਼ਤਮ ਕਰੇਗਾ ਅਤੇ ਪਾਰਟੀ ਨੂੰ ਸ਼ਕਤੀ ਅਤੇ ਪ੍ਰਤਿਸ਼ਠਾ ਦੇਵੇਗੀ। ਪਾਰਟੀ ਨੂੰ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਚੁੱਕਣੀਆਂ ਪੈਣੀਆਂ ਹਨ। ਇਸ ਕਰ ਕੇ ਸਹੂਲਤ ਲਈ ਪਾਰਟੀ ਨੂੰ ਕੁਝ ਕਮੇਟੀਆਂ

ਵਿਚ ਵੰਡਿਆ ਜਾ ਸਕਦਾ ਹੈ ਜੋ ਹਰ ਇਲਾਕੇ ਲਈ ਖ਼ਾਸ ਕੰਮਾਂ ਦੀ ਦੇਖਭਾਲ ਕਰੇਗੀ । ਵੰਡ ਲਚਕੀਲੀ ਹੋਣੀ ਚਾਹੀਦੀ ਹੈ ਅਤੇ ਵਕਤ ਦੀ ਲੋੜ ਮੁਤਾਬਕ ਹੋਣੀ ਚਾਹੀਦੀ ਹੈ ਜਾਂ ਇਕ ਮੈਂਬਰ ਦੀਆਂ ਸੰਭਾਵਨਾਵਾਂ ਨੂੰ ਅੰਗ ਕੇ ਉਸ ਨੂੰ ਕਿਸੇ ਤਰ੍ਹਾਂ ਦੀ ਲੋਕਲ ਕਮੇਟੀ ਵਿਚ ਕੰਮ ਦਿੱਤਾ ਜਾ ਸਕਦਾ ਹੈ । ਲੋਕਲ ਕਮੇਟੀ, ਪ੍ਰੋਵਿੰਸਲ ਬੋਰਡ ਦੇ ਅਧੀਨ ਹੋਣਗੀਆਂ ਅਤੇ ਇਹ ਸੁਪਰੀਮ ਕੌਂਸਲ ਦੇ ਅਧੀਨ । ਸੂਬੇ ਦੇ ਅੰਦਰ ਸੰਪਰਕ ਦਾ ਕੰਮ ਸੂਬਾ ਬੋਰਡ ਦੇ ਅਧੀਨ ਹੋਵੇਗਾ ਅਤੇ ਅੰਤਰ-ਸੂਬਾਈ ਸੰਪਰਕ ਦਾ ਕੰਮ ਸੁਪਰੀਮ ਕੌਂਸਲ ਦਾ ਹੋਵੇਗਾ । ਸਭ ਟਾਂਵੇਂ-ਟਾਵੇਂ ਕੰਮ ਜਾਂ ਖੇਰੂੰ-ਖੇਰੂੰ ਕਰਨ ਵਾਲੇ ਤੱਤਾਂ ਨੂੰ ਰੋਕਣਾ ਚਾਹੀਦਾ ਹੈ ਪਰ ਵੱਧ ਕੇਂਦਰੀਕਰਨ ਦੀ ਸੰਭਾਵਨਾ ਨਹੀਂ ਹੈ, ਇਸ ਕਰ ਕੇ ਉਸ ਦੀ ਅਜੇ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ।

ਸਭ ਲੋਕਲ ਕਮੇਟੀਆਂ ਨੂੰ ਇਕ-ਦੂਜੇ ਨਾਲ ਮੇਲ-ਜੋਲ ਕਰ ਕੇ ਕੰਮ ਕਰਨੇ ਚਾਹੀਦੇ ਹਨ ਅਤੇ ਇਕ ਮੈਂਬਰ ਇਕ ਕਮੇਟੀ ਵਿਚ ਹੀ ਹੋਣਾ ਚਾਹੀਦਾ ਹੈ । ਕਮੇਟੀ ਛੋਟੀ, ਸੰਯੁਕਤ ਅਤੇ ਕੁਸ਼ਲ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਬਹਿਸ ਕਲੱਬ ਵਿਚ ਨਿਘਰਨ ਨਹੀਂ ਦੇਣਾ ਚਾਹੀਦਾ ;

ਇਸ ਕਰ ਕੇ ਇਨਕਲਾਬੀ ਪਾਰਟੀ ਹਰ ਇਲਾਕੇ ਵਿਚ ਇਸ ਤਰ੍ਹਾਂ ਹੋਣੀ ਚਾਹੀਦੀ ਹੈ :

(ੳ) *ਜਨਰਲ ਕਮੇਟੀ :* ਭਰਤੀ ਕਰਨਾ, ਮਿਲਟਰੀ ਵਿਚ ਪ੍ਰਚਾਰ, ਜਨਰਲ ਪਾਲਸੀ, ਜਥੇਬੰਦੀ, ਜਨਤਕ ਯੂਨੀਅਨਾਂ ਵਿਚ ਸੰਪਰਕ (ਦੇਖੋ ਅੰਤਿਕ ੳ)

(ਅ) *ਵਿੱਤ ਕਮੇਟੀ :* ਕਮੇਟੀ ਜ਼ਿਆਦਾ ਗਿਣਤੀ ਵਿਚ ਔਰਤ ਮੈਂਬਰਾਂ ਦੀ ਹੋ ਸਕਦੀ ਹੈ । ਇਸ ਦੇ ਸਿਰ 'ਤੇ ਸਭ ਕੰਮਾਂ ਤੋਂ ਵੱਧ ਮੁਸ਼ਕਲ ਕੰਮ ਨਿਰਭਰ ਕਰਦਾ ਹੈ, ਇਸ ਕਰ ਕੇ ਖੁੱਲ੍ਹਦਿਲੀ ਨਾਲ ਇਸ ਨੂੰ ਸਭ ਤੋਂ ਸਹਾਇਤਾ ਮਿਲਣੀ ਚਾਹੀਦੀ ਹੈ । ਧਨ ਦੇ ਲਈ ਸਰੋਤ, ਤਰਜੀਹ ਮੁਤਾਬਕ ਹਨ । ਸਵੈ-ਇੱਛਤ ਚੰਦਾ, ਜਬਰੀ ਚੰਦਾ (ਸਰਕਾਰੀ ਧਨ), ਵਿਦੇਸ਼ੀ ਪੂੰਜੀਪਤੀ ਜਾਂ ਬੈਂਕ, ਵਿਦੇਸ਼ਾਂ ਵਿਚ ਰਹਿੰਦੇ ਦੇਸੀ ਨਿੱਜੀ ਦੌਲਤ 'ਤੇ ਕਬਜ਼ਾ, ਜਾਂ ਵਿਦੇਸ਼ੀ ਤਰੀਕਿਆਂ ਨਾਲ ਜਿਵੇਂ ਕਿ ਗ਼ਬਨ (ਇਹ ਦੋਨੋਂ ਸਾਡੀ ਨੀਤੀ ਦੇ ਉਲਟ ਹਨ ਅਤੇ ਪਾਰਟੀ ਨੂੰ ਨੁਕਸਾਨ ਪਹੁੰਚਾਉਂਦੇ ਹਨ । ਇਸ ਕਰ ਕੇ ਜ਼ਿਆਦਾ ਬੜ੍ਹਾਵਾ ਨਹੀਂ ਦੇਣਾ ਚਾਹੀਦਾ ।)

(ੲ) *ਐਕਸ਼ਨ ਕਮੇਟੀ (ਕਾਰਵਾਈ ਸੰਪਤੀ) :* ਇਸ ਦੀ ਬਣਤਰ, ਇਕ ਗੁਪਤ ਕਮੇਟੀ, ਸਾਬੋਤਾਜ ਲਈ, ਹਥਿਆਰ ਇਕੱਠੇ ਕਰਨੇ, ਬਗ਼ਾਵਤ ਦੀ ਟਰੇਨਿੰਗ ਦੇਣੀ । ਗਰੁੱਪ: (ੳ) ਨੌਜਵਾਨ : ਦੁਸ਼ਮਣ ਦੀ ਖ਼ਬਰਸਾਰ ਇਕੱਠੀ ਕਰਨਾ, ਲੋਕਲ ਮਿਲਟਰੀ ਸਰਵੇ; (ਅ) ਮਾਹਰ : ਹਥਿਆਰ ਇਕੱਠੇ ਕਰਨਾ, ਮਿਲਟਰੀ ਟਰੇਨਿੰਗ ਆਦਿ ।

(ਸ) *ਔਰਤਾਂ ਦੀ ਕਮੇਟੀ :* ਹਾਲਾਂਕਿ ਆਦਮੀ ਤੇ ਔਰਤਾਂ ਵਿਚ ਕੋਈ ਮਨਸੂਹੀ ਵਖਰੇਵਾਂ ਨਹੀਂ ਰੱਖਿਆ ਜਾਂਦਾ, ਫਿਰ ਵੀ ਸਹੂਲਤ ਲਈ ਅਤੇ ਪਾਰਟੀ ਦੀ ਸੁਰੱਖਿਆ ਲਈ, ਅਜੇ ਇਕ ਅਜਿਹੀ ਕਮੇਟੀ ਦੀ ਲੋੜ ਹੈ, ਜੋ ਆਪਣੇ ਮੈਂਬਰਾਂ ਦੀ ਸਾਰੀ ਜ਼ਿੰਮੇਵਾਰੀ ਲੈ ਸਕੇ । ਉਨ੍ਹਾਂ ਨੂੰ ਵਿੱਤ ਕਮੇਟੀ ਦਾ ਪੂਰਾ ਭਾਰ ਸੰਭਾਲਿਆ ਜਾ ਸਕਦਾ ਹੈ ਅਤੇ ਕਾਫ਼ੀ ਹੱਦ ਤਕ ਜਨਰਲ ਕਮੇਟੀ ਦੇ ਕੰਮ ਦਿੱਤੇ ਜਾ ਸਕਦੇ ਹਨ । (ੲ) ਵਾਸਤੇ ਇਨ੍ਹਾਂ ਦੀ ਬਹੁਤੀ ਸੰਭਾਵਨਾ ਨਹੀਂ ਹੈ । ਇਨ੍ਹਾਂ ਦੀਆਂ ਮੁੱਢਲੀਆਂ ਜ਼ਿੰਮੇਵਾਰੀਆਂ ਹਨ, ਇਸਤਰੀਆਂ ਨੂੰ ਇਨਕਲਾਬੀ ਬਣਾਉਣਾ ਅਤੇ ਸਿੱਧੀ ਸੇਵਾ ਲਈ ਸਰਗਰਮ ਮੈਂਬਰ ਇਨ੍ਹਾਂ ਵਿਚੋਂ ਭਰਤੀ ਕਰਨਾ ।

ਉੱਪਰ ਦਿੱਤੇ ਪ੍ਰੋਗਰਾਮ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਇਨਕਲਾਬ ਨੂੰ ਜਾਂ ਆਜ਼ਾਦੀ ਨੂੰ ਕੋਈ ਛੋਟਾ ਰਾਹ ਨਹੀਂ ਹੈ । ਇਹ 'ਕਿਸੇ ਸੋਹਣੀ ਸਵੇਰੇ ਸਾਡੇ ਮੱਥੇ ਨਹੀਂ ਲੱਗ ਸਕਦਾ, ਜੇ ਕਿਤੇ ਏਦਾਂ ਹੋ ਸਕਦਾ ਹੋਇਆ ਤਾਂ ਉਹ ਦਿਨ ਬਹੁਤ ਹੀ ਮਨਹੂਸ ਹੋਵੇਗਾ । ਬਗ਼ੈਰ ਕਿਸੇ ਮੁੱਢਲੇ ਕੰਮ ਦੇ, ਬਗ਼ੈਰ ਜੁਝਾਰੂ ਲੋਕਾਂ ਦੇ ਅਤੇ ਬਗ਼ੈਰ ਕਿਸੇ ਪਾਰਟੀ ਦੇ ਜੋ ਹਰ ਤਰ੍ਹਾਂ ਨਾਲ ਤਿਆਰ ਹੋਵੇ, ਇਹ ਇਕ ਅਸਫਲਤਾ ਹੋਵੇਗੀ , ਇਸ ਕਰ ਕੇ ਸਾਨੂੰ ਆਪਣੇ ਆਪ ਨੂੰ ਝੰਜੋੜਨਾ ਹੋਵੇਗਾ । ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਹੋਵੇਗਾ ਕਿ ਪੂੰਜੀਵਾਦੀ ਪ੍ਰਬੰਧ ਥਿੜਕ ਰਿਹਾ ਹੈ ਅਤੇ ਵੱਡੀ ਤਬਾਹੀ ਵੱਲ ਵਧ ਰਿਹਾ ਹੈ । ਦੋ ਜਾਂ ਤਿੰਨ ਸਾਲ ਵਿਚ ਸ਼ਾਇਦ ਵਿਨਾਸ਼ ਹੋ ਜਾਵੇਗਾ । ਅਗਰ ਅਸੀਂ ਅਜੇ ਵੀ ਆਪਣੀ ਸ਼ਕਤੀ ਖਿੰਡਾਉਂਦੇ ਰਹੇ ਅਤੇ ਇਨਕਲਾਬੀ ਸ਼ਕਤੀਆਂ ਨੂੰ ਨਾ ਇਕਮੁੱਠ ਕਰ ਕੇ ਤੋਰਿਆ ਤਾਂ ਸੰਕਟ ਆਵੇਗਾ ਅਤੇ ਅਸੀਂ ਉਸ ਨੂੰ ਸੰਭਾਲਣ ਲਈ ਤਿਆਰ ਨਹੀਂ ਹੋਵਾਂਗੇ । ਆਪਾਂ ਚੇਤਾਵਨੀ ਸਵੀਕਾਰ ਕਰੀਏ ਅਤੇ ਦੋ ਜਾ ਤਿੰਨ ਸਾਲ ਵਿਚ ਇਨਕਲਾਬ ਵੱਲ ਵਧਣ ਦਾ ਪਲਾਨ ਬਣਾਈਏ ।

## ਜੰਗ ਅਜੇ ਜਾਰੀ ਹੈ : ਫਾਂਸੀ ਨਹੀਂ, ਗੋਲੀ ਦੇ ਹੱਕਦਾਰ

### ਗਵਰਨਰ ਪੰਜਾਬ ਨੂੰ ਖ਼ਤ

*(ਜਦ ਇਕ ਵਕੀਲ ਨੇ ਸੁਝਾਅ ਦਿੱਤਾ ਕਿ ਰਹਿਮ ਦੀ ਅਪੀਲ ਅਜੇ ਵੀ ਕੀਤੀ ਜਾ ਸਕਦੀ ਹੈ ਤਾਂ ਭਗਤ ਸਿੰਘ ਦਾ ਜਵਾਬ ਸੀ ਕਿ ਉਨ੍ਹਾਂ ਨੇ ਇਕ ਪੈਗ਼ਾਮ ਗਵਰਨਰ ਨੂੰ 20 ਮਾਰਚ ਨੂੰ ਹੀ ਭੇਜ ਦਿੱਤਾ ਹੈ । ਇਸ ਬੇਖ਼ੌਫ਼ ਜਵਾਬ ਨੇ ਜਿਥੇ ਅੰਗਰੇਜ਼ ਸਰਕਾਰ ਨੂੰ ਆਖ਼ਰੀ ਸੱਟ ਮਾਰੀ ਉਥੇ ਭਾਰਤੀ ਲੋਕਾਂ ਦੇ ਮਨਾਂ ਵਿਚ ਅੰਗਰੇਜ਼ੀ ਰਾਜ ਦਾ ਖ਼ੌਫ਼ ਦੂਰ ਕਰ ਦਿੱਤਾ ।)*

20 ਮਾਰਚ, 1931

ਮਿਲੇ : ਗਵਰਨਰ ਪੰਜਾਬ, ਸ਼ਿਮਲਾ

ਸ੍ਰੀਮਾਨ,

ਉਚਿਤ ਸਨਮਾਨ ਨਾਲ ਅਸੀਂ ਤੁਹਾਡਾ ਧਿਆਨ ਹੇਠ ਲਿਖੀਆਂ ਗੱਲਾਂ ਵੱਲ ਦਿਵਾਂਦੇ ਹਾਂ :

ਭਾਰਤ ਵਿਚ ਅੰਗਰੇਜ਼ੀ ਸਰਕਾਰ ਦੇ ਮੁਖੀ, ਵਾਇਸਰਾਏ ਦੇ ਵਿਸ਼ੇਸ਼ ਲਾਹੌਰ ਸਾਜ਼ਿਸ਼ ਕੇਸ ਬਾਰੇ ਹੁਕਮ ਦੇ ਮੁਤਾਬਕ, ਸਾਡੇ ਕੇਸ ਦੀ ਸੁਣਵਾਈ ਲਈ ਖ਼ਾਸ ਅਦਾਲਤ (ਟ੍ਰਿਬਿਊਨਲ) ਕਾਇਮ ਕੀਤੀ ਗਈ ਸੀ, ਜਿਸ ਨੇ ਸਾਨੂੰ 7 ਅਕਤੂਬਰ, 1930 ਵਾਲੇ ਦਿਨ ਫਾਂਸੀ ਦੀ ਸਜ਼ਾ ਸੁਣਾਈ ਸੀ। ਸਭ ਤੋਂ ਵੱਡਾ ਦੋਸ਼, ਇੰਗਲੈਂਡ ਦੇ ਰਾਜੇ ਸਮਰਾਟ ਜਾਰਜ ਪੰਚਮ ਵਿਰੁੱਧ ਜੰਗ ਛੇੜਨ ਦਾ ਸੀ।

ਇਹ ਫ਼ੈਸਲਾ ਦਿੰਦੇ ਸਮੇਂ ਅਦਾਲਤ ਨੇ ਤਿੰਨ ਗੱਲਾਂ ਮਿਥੀਆਂ ਹਨ।

ਪਹਿਲੀ ਇਹ ਕਿ ਅੰਗਰੇਜ਼ਾਂ ਤੇ ਭਾਰਤੀ ਜਨਤਾ ਵਿਚਾਲੇ ਜੰਗ ਚੱਲ ਰਹੀ ਹੈ। ਦੂਸਰਾ ਇਹ ਕਿ ਅਸਾਂ ਨਿਯਮਿਤ ਰੂਪ ਵਿਚ ਜੰਗ ਵਿਚ ਹਿੱਸਾ ਲਿਆ ਹੈ। ਜਿਸ ਕਰ ਕੇ ਅਸੀਂ ਜੰਗੀ ਕੈਦੀ ਹਾਂ।

ਭਾਵੇਂ ਦੂਸਰੀ ਗੱਲ ਦੀ ਵਿਆਖਿਆ ਕਰਦੇ ਹੋਏ ਬਹੁਤ ਹੱਦ ਤਕ ਚਲਾਕੀ ਤੋਂ ਕੰਮ ਲਿਆ ਗਿਆ ਹੈ, ਜਿਸ ਕਰ ਕੇ ਇਸ ਦੇ ਖ਼ਿਲਾਫ਼ ਕੁਝ ਕਹਿਣਾ ਜ਼ਰੂਰੀ ਭਾਸਦਾ ਹੈ; ਪਰ ਫਿਰ ਵੀ ਅਸੀਂ ਇਹ ਕਹੇ ਬਗ਼ੈਰ ਨਹੀਂ ਰਹਿ ਸਕਦੇ ਕਿ ਸਾਡੇ ਬਾਰੇ ਇਸ ਤਰ੍ਹਾਂ ਕਹਿ ਕੇ, ਸਾਨੂੰ ਸਨਮਾਨਿਆ ਗਿਆ ਹੈ।

## ਜੰਗ ਵਾਲੀ ਹਾਲਤ

ਜਿੱਥੋਂ ਤਕ ਪਹਿਲੀ ਮਿਥੀ ਗੱਲ ਦਾ ਸੰਬੰਧ ਹੈ, ਉਸ 'ਤੇ ਅਸੀਂ ਥੋੜ੍ਹਾ ਵਿਸਥਾਰ ਨਾਲ ਰੌਸ਼ਨੀ ਪਾਉਣਾ ਚਾਹਾਂਗੇ। ਪ੍ਰਤੱਖ ਰੂਪ ਵਿਚ ਐਸੀ ਕੋਈ ਲੜਾਈ ਨਜ਼ਰ ਨਹੀਂ ਆਉਂਦੀ। ਫਿਰ ਵੀ ਇਸ ਦੇ ਲਫ਼ਜ਼ੀ ਅਰਥਾਂ ਵਿਚ ਇਸ ਵਿਆਖਿਆ ਨੂੰ ਮੰਨਣ ਲਈ ਤਿਆਰ ਹਾਂ। ਪਰ ਅਸੀਂ ਇਸ ਨੂੰ ਹੋਰ ਵਿਸਥਾਰ ਨਾਲ ਦੱਸਣਾ ਚਾਹਾਂਗੇ ਤਾਂ ਕਿ ਸਾਨੂੰ ਠੀਕ ਤਰ੍ਹਾਂ ਨਾਲ ਸਮਝਿਆ ਜਾਵੇ। ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਯੁੱਧ ਚਲ ਰਿਹਾ ਹੈ ਤੇ ਇਹ ਤਦ ਤਕ ਚਲਦਾ ਰਹੇਗਾ, ਜਦ ਤਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤ-ਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋਂ ਰਲਵੇਂ, ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ-ਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣ। ਇਹ ਸਭ ਕੁਝ ਨਾਲ ਸਾਨੂੰ ਕੋਈ ਫ਼ਰਕ ਨਹੀਂ ਪਵੇਗਾ। ਜੇ ਤੁਹਾਡੀ ਸਰਕਾਰ, ਛੋਟੀਆਂ-ਛੋਟੀਆਂ ਸਹੂਲਤਾਂ ਦੇ ਕੇ ਜਾਂ ਸਮਝੌਤਾ ਕਰ ਕੇ ਭਾਰਤੀ ਨੇਤਾਵਾਂ ਤੇ ਇਸ ਸਮਾਜ ਦੇ ਉੱਚ-ਤਬਕੇ ਦੇ ਮੁਖੀਆਂ ਨੂੰ ਆਪਣੇ ਨਾਲ ਗੰਢਣ ਵਿਚ ਕਾਮਯਾਬ ਹੋ ਜਾਂਦੀ ਹੈ ਤੇ ਕੁਝ ਅਰਸੇ ਲਈ ਜਨਤਾ ਦੀ ਤਾਕਤ ਨੂੰ ਮੱਧਮ ਕਰ ਦੇਂਦੀ ਹੈ, ਤਾਂ ਵੀ ਇਸ ਨਾਲ ਹਾਲਾਤ ਵਿਚ ਕੋਈ ਫ਼ਰਕ ਨਹੀਂ ਆਵੇਗਾ। ਇਸ ਦੀ ਵੀ ਕੋਈ ਚਿੰਤਾ ਨਹੀਂ ਕਿ ਇਕ ਵਾਰ ਫਿਰ ਭਾਰਤੀ ਲਹਿਰ ਦੇ ਮੋਹਰੀ ਦਸਤੇ, ਇਨਕਲਾਬੀ ਪਾਰਟੀ ਨੂੰ ਜ਼ੋਰਾਂ ਦੀ ਲੜਾਈ ਵਿਚ ਖੜਿਆਂ ਨੂੰ ਧੋਖਾ ਦਿੱਤਾ ਗਿਆ ਹੈ। ਇਸ ਦਾ ਵੀ ਕੋਈ ਫ਼ਰਕ ਨਹੀਂ ਪਵੇਗਾ, ਜੇ ਭਾਰਤੀ ਨੇਤਾ, ਜਿਨ੍ਹਾਂ ਦੇ ਅਸੀਂ ਜ਼ਾਤੀ ਤੌਰ 'ਤੇ ਇਸ ਕਰ ਕੇ ਧੰਨਵਾਦੀ ਹਾਂ ਕਿ ਉਨ੍ਹਾਂ ਸਾਡੇ ਲਈ ਹਮਦਰਦੀ ਤੇ ਚੰਗੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਹਨ, ਏਨੇ ਬਦਲਾ-ਲਊ ਹੋ ਗਏ ਹਨ ਕਿ ਉਨ੍ਹਾਂ ਨੇ ਸ਼ਾਂਤੀ ਸਮਝੌਤਾ ਵਾਰਤਾ ਵਿਚ ਬੇਘਰ ਤੇ ਬੇਸਹਾਰਾ ਇਸਤਰੀ ਰਾਜਨੀਤਿਕ ਕਾਰਕੁੰਨਾਂ ਦਾ ਜ਼ਿਕਰ ਤਕ ਵੀ ਨਹੀਂ ਕੀਤਾ। ਕਿਉਂਕਿ ਉਨ੍ਹਾਂ ਨੂੰ ਇਨਕਲਾਬੀ ਪਾਰਟੀ ਦੇ ਮੈਂਬਰ ਸਮਝਿਆ ਗਿਆ ਹੈ ਤੇ ਨੇਤਾਵਾਂ ਦੀ ਨਜ਼ਰ ਵਿਚ ਇਨਕਲਾਬੀ ਪਾਰਟੀ ਉਨ੍ਹਾਂ ਦੀ ਸ਼ੇਖ-ਚਿੱਲੀ ਵਾਲੀ ਕਲਪਿਤ ਅਹਿੰਸਾ ਦੀ ਵਿਰੋਧੀ ਹੈ। ਭਾਵੇਂ ਇਹ ਅਹਿੰਸਾ ਹੁਣ ਇਕ ਥੋਦੀ ਗੱਲ ਬਣ ਚੁੱਕੀ ਹੈ। ਇਹ ਉਹ ਭਾਰਤ ਦੀਆਂ ਬਹਾਦਰ ਸਪੁੱਤਰੀਆਂ ਹਨ, ਜਿਨ੍ਹਾਂ ਦੀ ਆਪਣੀ ਕੁਰਬਾਨੀ ਤਾਂ ਬੇਮਿਸਾਲ ਹੈ ਨਾਲ ਹੀ ਜਿਨ੍ਹਾਂ ਆਪਣੇ ਪਤੀਆਂ ਤੇ ਭਰਾਵਾਂ ਨੂੰ ਜਾਂ ਬਲੀ ਵੇਦੀ 'ਤੇ ਭੇਟ ਚੜ੍ਹਾਇਆ ਹੈ ਜਾਂ ਬਲੀ ਲਈ ਆਪਣੇ ਹੱਥੀਂ ਤੋਰਿਆ ਹੈ। ਇਨ੍ਹਾਂ ਬਹਾਦਰ ਦੇਵੀਆਂ ਨੇ ਆਪਣੀ ਜਾਨ ਸਮੇਤ, ਹਰ ਪਿਆਰੀ ਤੇ ਨਜ਼ਦੀਕੀ ਚੀਜ਼ ਨੂੰ ਕੁਰਬਾਨੀ ਲਈ ਭੇਟ ਕੀਤਾ ਹੈ। ਤੇ ਤੁਹਾਡੀ ਸਰਕਾਰ ਨੇ ਇਨ੍ਹਾਂ ਨੂੰ ਵਿਦਰੋਹੀ ਕਰਾਰ ਦਿੱਤਾ ਹੈ। ਜੇ ਤੁਹਾਡੇ ਏਜੰਟ ਏਨੇ ਗਿਰ ਗਏ ਹਨ ਕਿ ਉਨ੍ਹਾਂ ਮਨਘੜਤ ਕਹਾਣੀਆਂ ਘੜ ਕੇ ਇਨ੍ਹਾਂ ਤੇ ਇਨ੍ਹਾਂ ਦੀ ਪਾਰਟੀ ਦੀ ਇੱਜ਼ਤ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਵੀ ਇਹ ਯੁੱਧ ਚਲਦਾ ਰਹੇਗਾ।

## ਜੰਗ ਦੇ ਤਰੀਕੇ ਦੀ ਚੋਣ ਤੁਹਾਡੇ 'ਤੇ ਹੈ

ਹੋ ਸਕਦਾ ਹੈ ਕਿ ਇਹ ਲੜਾਈ ਵੱਖ-ਵੱਖ ਪੜਾਵਾਂ ਵਿਚ ਵੱਖ-ਵੱਖ ਰੂਪ ਧਾਰੇ। ਕਿਸੇ ਸਮੇਂ ਇਹ ਲੜਾਈ ਪ੍ਰਗਟ ਰੂਪ ਵਿਚ ਹੋਵੇ, ਕਦੀ ਖ਼ੁਫ਼ੀਆ, ਕਦੀ ਨਿਰੋਲ ਅੰਦੋਲਨਕਾਰੀ ਤੇ ਕਦੇ ਇਹ ਇੰਨੀ ਭਿਆਨਕ ਹੋਵੇ ਕਿ ਜੀਵਨ ਤੇ ਮੌਤ ਦੀ ਬਾਜ਼ੀ ਲੱਗ ਜਾਵੇ। ਪਰ ਇਹ ਕਿਹੋ ਜਿਹਾ ਰੂਪ ਧਾਰਦੀ ਹੈ, ਖ਼ੂਨੀ ਜਾਂ ਥੋੜ੍ਹਾ ਸ਼ਾਂਤੀਪੂਰਨ, ਇਸ ਦੀ ਚੋਣ ਤੁਹਾਡੇ 'ਤੇ ਨਿਰਭਰ ਹੈ। ਸੋ ਤੁਸੀਂ ਇਸ ਦੇ ਰੂਪ ਦੀ ਚੋਣ ਆਪਣੀ ਮਰਜ਼ੀ ਮੁਤਾਬਕ ਕਰ ਸਕਦੇ ਹੋ। ਪਰ ਇਹ ਜੰਗ, ਐਵੇਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਪਏ ਬਗ਼ੈਰ ਤੇ ਬੇ-ਮਤਲਬ ਨੈਤਿਕ ਸਿਧਾਂਤਾਂ ਵਿਚ ਉਲਝੇ ਬਿਨਾਂ ਲਗਾਤਾਰ ਚਲਦੀ ਰਹੇਗੀ।

ਜਦ ਤਕ ਸਮਾਜਵਾਦੀ ਲੋਕਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰ ਕੇ ਉਸ ਦੀ ਥਾਂ ਸਮਾਜ ਖ਼ੁਸ਼ਹਾਲੀ ਤੇ ਆਧਾਰਤ ਨਵਾਂ ਸਮਾਜਕ ਢਾਂਚਾ ਨਹੀਂ ਉੱਸਰ ਜਾਂਦਾ, ਜਦ ਤਕ ਹਰ ਕਿਸਮ ਦੀ ਲੁੱਟ-ਖਸੁੱਟ ਅਸੰਭਵ ਬਣਾ ਕੇ ਮਨੁੱਖਤਾ ਉੱਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ। ਨਿਕਟ ਭਵਿੱਖ ਵਿਚ ਆਖ਼ਰੀ ਯੁੱਧ ਲੜਿਆ ਜਾਵੇਗਾ ਤੇ ਉਹ ਫ਼ੈਸਲਾਕੁੰਨ ਹੋਵੇਗਾ।

ਸਾਮਰਾਜੀ ਤੇ ਸਰਮਾਏਦਾਰ ਲੁੱਟ ਕੁਝ ਦਿਨਾਂ ਦੀ ਖੇਡ ਹੈ। ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਈ ਹੈ ਅਤੇ ਨਾ ਹੀ ਸਾਡੇ ਜੀਵਨ ਨਾਲ ਖ਼ਤਮ ਹੋਵੇਗੀ। ਇਹ ਤਾਂ ਇਤਿਹਾਸਕ ਕਾਰਨਾਂ ਤੇ ਆਲੇ-ਦੁਆਲੇ ਪੱਸਰੇ ਹਾਲਾਤ ਦਾ ਜ਼ਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਇਕ ਕੜੀ ਹੈ, ਜਿਸ ਨੂੰ ਜਤਿਨ ਦਾਸ ਦੀ ਬੇਮਿਸਾਲ ਕੁਰਬਾਨੀ ਨੇ, ਸ਼ਹੀਦ ਭਗਵਤੀ ਚਰਣ ਜੀ ਦੀ ਅਤਿ ਭਿਆਨਕ ਪਰ ਪਵਿੱਤਰ ਤੇ ਮਹਾਨ ਕੁਰਬਾਨੀ ਨੇ ਤੇ ਸਾਡੇ ਮਹਿਬੂਬ ਜਰਨੈਲ ਆਜ਼ਾਦ (ਚੰਦਰ ਸੇਖਰ ਆਜ਼ਾਦ) ਦੀ ਸ਼ਾਨਦਾਰ ਸ਼ਹਾਦਤ ਨੇ ਚਾਰ ਚੰਨ ਲਾਏ ਹਨ।

## ਫਾਂਸੀ ਦੀ ਥਾਂ ਗੋਲੀ

ਜਿਥੋਂ ਤਕ ਸਾਡੀ ਹੋਣੀ ਦਾ ਸਵਾਲ ਹੈ, ਅਸੀਂ ਦ੍ਰਿੜ੍ਹ ਇਰਾਦੇ ਨਾਲ ਕਹਿਣਾ ਚਾਹੁੰਦੇ ਹਾਂ, ਕਿ ਤੁਸਾਂ ਜਦ ਸਾਨੂੰ ਫਾਂਸੀ ਦੇਣ ਦਾ ਹੁਕਮ ਦਿੱਤਾ ਹੈ ਤਾਂ ਤੁਸੀਂ ਜ਼ਰੂਰ ਹੀ ਇਸ ਨੂੰ ਪੂਰਾ ਕਰੋਗੇ। ਤੁਹਾਡੇ ਹੱਥਾਂ ਵਿਚ ਤਾਕਤ ਹੈ, ਤੇ ਦੁਨੀਆ ਵਿਚ ਤਾਕਤ ਨੂੰ ਹਰ ਹੱਕ ਹਾਸਲ ਹੈ। ਅਸੀਂ ਜਾਣਦੇ ਹਾਂ ਕਿ ਤੁਹਾਡਾ ਇਰਾਦਾ ਪੂਰਾ ਕਰਨ ਲਈ 'ਜਿਸ ਦੀ ਲਾਠੀ ਉਸ ਦੀ ਭੈਂਸ' ਵਾਲਾ ਮੁਹਾਵਰਾ ਕੰਮ ਕਰਦਾ ਹੈ। ਸਾਡੇ ਮੁਕੱਦਮੇ ਦੀ ਸੁਣਵਾਈ ਇਸ ਦਾ ਸੁਹਣਾ ਸਬੂਤ ਹੈ। ਅਸੀਂ ਤੁਹਾਨੂੰ ਇਹ ਦੱਸਣਾ ਚਾਹੁੰਦੇ ਹਾਂ ਤੁਹਾਡੀ ਹੀ ਅਦਾਲਤ ਦੇ ਫ਼ੈਸਲੇ ਅਨੁਸਾਰ ਸਾਡੇ ਉੱਤੇ ਯੁੱਧ ਵਿੱਢਣ ਦਾ ਦੋਸ਼ ਹੈ ਇਸ ਕਰ ਕੇ ਅਸੀਂ ਜੰਗੀ ਕੈਦੀ ਹਾਂ ਅਤੇ ਇਸੇ ਕਰ ਕੇ ਅਸੀਂ ਮੰਗ ਕਰਦੇ ਹਾਂ ਕਿ ਸਾਡੇ ਨਾਲ ਜੰਗੀ ਕੈਦੀਆਂ ਵਾਲਾ ਸਲੂਕ ਕੀਤਾ ਜਾਵੇ। ਯਾਨੀ ਕਿ ਫਾਂਸੀ 'ਤੇ ਲਟਕਾਉਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ। ਹੁਣ ਇਹ ਸਿੱਧ ਕਰਨਾ ਤੁਹਾਡਾ ਕੰਮ ਹੈ ਕਿ ਜੋ ਤੁਹਾਡੀ ਅਦਾਲਤ ਨੇ ਕਿਹਾ ਹੈ, ਉਸ ਵਿਚ ਤੁਹਾਡਾ ਪੂਰਾ ਵਿਸ਼ਵਾਸ ਹੈ ਜਾਂ ਨਹੀਂ ?

ਸੋ ਅਸੀਂ ਨਿਮਰਤਾਪੂਰਵਕ ਤੁਹਾਨੂੰ ਇਹ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਫ਼ੌਜੀ ਵਿਭਾਗ ਨੂੰ ਹੁਕਮ ਦਿਓ ਕਿ ਸਾਨੂੰ ਗੋਲੀ ਨਾਲ ਉਡਾਣ ਲਈ ਇਕ ਫ਼ੌਜੀ ਟੋਲੀ ਭੇਜ ਦੇਵੇ।

ਤੁਹਾਡਾ,
ਭਗਤ ਸਿੰਘ, ਰਾਜਗੁਰੂ, ਸੁਖਦੇਵ।

# "ਮੈਂ ਹਿੰਦੋਸਤਾਨੀ ਇਨਕਲਾਬ ਦਾ ਚਿੰਨ੍ਹ"

*(ਫਾਂਸੀ ਦੇ ਇਕ ਦਿਨ ਪਹਿਲਾਂ 22 ਮਾਰਚ, 1931 ਨੂੰ ਸੈਂਟਰਲ ਜੇਲ੍ਹ ਲਾਹੌਰ ਦੇ 14 ਨੰਬਰ ਵਾਰਡ ਵਿਚ ਰਹਿਣ ਵਾਲੇ ਦੂਸਰੇ ਲਾਹੌਰ ਸਾਜ਼ਸ਼ ਕੇਸ ਦੇ ਬੰਦੀ ਇਨਕਲਾਬੀਆਂ ਨੇ ਭਗਤ ਕੋਲ ਇਕ ਚਿੱਟ ਭੇਜੀ, ਸੁਨੇਹਾ ਸੀ, "ਸਰਦਾਰ, ਜੇ ਤੁਸੀਂ ਫਾਂਸੀ ਤੋਂ ਬਚਣਾ ਚਾਹੁੰਦੇ ਹੋ ਤਾਂ ਦੱਸੋ। ਇਨ੍ਹਾਂ ਘੜੀਆਂ ਵਿਚ ਸ਼ਾਇਦ ਕੁਝ ਹੋ ਸਕੇ।" ਭਗਤ ਸਿੰਘ ਨੇ ਲਿਖ ਕੇ ਇਹ ਨੋਟ ਜਵਾਬ ਵਿਚ ਭੇਜਿਆ।)*

## ਸ਼ਹੀਦੀ ਤੋਂ ਇਕ ਦਿਨ ਪਹਿਲਾਂ

ਜੀਉਂਦਿਆਂ ਰਹਿਣ ਦੀ ਖ਼ਾਹਿਸ਼ ਕੁਦਰਤੀ ਤੌਰ 'ਤੇ ਮੈਨੂੰ ਵੀ ਹੋਣੀ ਚਾਹੀਦੀ ਹੈ। ਮੈਂ ਇਸ ਨੂੰ ਲੁਕਾਉਣਾ ਨਹੀਂ ਚਾਹੁੰਦਾ। ਪਰ ਮੇਰਾ ਜਿਉਂਦਿਆਂ ਰਹਿਣਾ ਇਕ ਸ਼ਰਤ 'ਤੇ ਹੈ। ਮੈਂ ਕੈਦ ਹੋ ਕੇ ਜਾਂ ਪਾਬੰਦ ਹੋ ਕੇ ਜੀਉਂਦਾ ਨਹੀਂ ਰਹਿਣਾ ਚਾਹੁੰਦਾ।

ਮੇਰਾ ਨਾਂ ਹਿੰਦੋਸਤਾਨੀ ਇਨਕਲਾਬੀ ਦਾ ਨਿਸ਼ਾਨ ਬਣ ਚੁੱਕਿਆ ਹੈ ਅਤੇ ਇਨਕਲਾਬ ਪਸੰਦ ਪਾਰਟੀ ਦੇ ਆਦਰਸ਼ਾਂ ਅਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉੱਚਿਆਂ ਕਰ ਦਿੱਤਾ ਹੈ। ਏਨਾ ਉੱਚਾ ਕਿ ਜਿਉਂਦਿਆਂ ਰਹਿਣ ਦੀ ਸੂਰਤ ਵਿਚ ਇਸ ਨਾਲੋਂ ਉੱਚਾ ਮੈਂ ਕਦੇ ਵੀ ਨਹੀਂ ਹੋ ਸਕਦਾ।

ਅੱਜ ਮੇਰੀਆਂ ਕਮਜ਼ੋਰੀਆਂ ਲੋਕਾਂ ਸਾਹਮਣੇ ਨਹੀਂ ਹਨ। ਜੇ ਮੈਂ ਫਾਂਸੀ ਤੋਂ ਬਚ ਗਿਆ ਤਾਂ ਉਹ ਜ਼ਾਹਿਰ ਹੋ ਜਾਣਗੀਆਂ ਅਤੇ ਇਨਕਲਾਬ ਦਾ ਨਿਸ਼ਾਨ ਮੱਧਮ ਪੈ ਜਾਵੇਗਾ ਜਾਂ ਸ਼ਾਇਦ ਮਿਟ ਹੀ ਜਾਵੇ। ਪਰ ਮੇਰੇ ਦਲੇਰੀ ਭਰੇ ਢੰਗ ਨਾਲ ਹੱਸਦਿਆਂ-ਹੱਸਦਿਆਂ ਫਾਂਸੀ ਚੜ੍ਹਨ ਦੀ ਸੂਰਤ ਵਿਚ ਮਾਵਾਂ ਆਪਣਿਆਂ ਬੱਚਿਆਂ ਦਾ ਭਗਤ ਸਿੰਘ ਬਣਨ ਦੀ ਆਰਜ਼ੂ ਕਰਿਆ ਕਰਨਗੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਏਨੀ ਵਧ ਜਾਵੇਗੀ ਕਿ ਇਨਕਲਾਬ ਨੂੰ ਰੋਕਣਾ ਸਾਮਰਾਜਵਾਦ ਦੀਆਂ ਸਭ ਸ਼ੈਤਾਨੀ ਤਾਕਤਾਂ ਦੇ ਵੱਸ ਦੀ ਗੱਲ ਨਹੀਂ ਰਹੇਗੀ।

ਹਾਂ, ਇਕ ਖ਼ਿਆਲ ਅੱਜ ਵੀ ਆਉਂਦਾ ਹੈ। ਦੇਸ਼ ਅਤੇ ਇਨਸਾਨੀਅਤ ਲਈ ਜੋ ਕੁਝ ਕਰਨ ਦੀਆਂ ਹਸਰਤਾਂ ਮੇਰੇ ਦਿਲ ਵਿਚ ਸਨ, ਉਨ੍ਹਾਂ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀਂ ਕਰ ਸਕਿਆ। ਜੇ ਆਜ਼ਾਦ ਜੀਉਂਦਾ ਰਹਿੰਦਾ ਤਾਂ ਸ਼ਾਇਦ ਇਨ੍ਹਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਦਾ ਅਤੇ ਮੈਂ ਆਪਣੀਆਂ ਹਸਰਤਾਂ ਪੂਰੀਆਂ ਕਰ ਸਕਦਾ।

ਇਸ ਦੇ ਬਿਨਾਂ ਕੋਈ ਲਾਲਚ ਮੇਰੇ ਦਿਲ ਵਿਚ ਫਾਂਸੀ ਤੋਂ ਬਚੇ ਰਹਿਣ ਲਈ ਕਦੇ ਨਹੀਂ ਆਇਆ । ਮੈਥੋਂ ਵੱਧ ਖ਼ੁਸ਼ਕਿਸਮਤ ਕੌਣ ਹੋਵੇਗਾ ? ਮੈਨੂੰ ਅੱਜਕਲ੍ਹ ਆਪਣੇ ਆਪ ਉਤੇ ਬਹੁਤ ਨਾਜ਼ ਹੈ । ਹੁਣ ਤਾਂ ਬੜੀ ਬੇਤਾਬੀ ਨਾਲ ਆਖ਼ਰੀ ਇਮਤਿਹਾਨ ਦੀ ਉਡੀਕ ਹੈ । ਆਰਜ਼ੂ ਹੈ ਕਿ ਇਹ ਹੋਰ ਨੇੜੇ ਹੋ ਜਾਵੇ । ਤੁਹਾਡਾ ਸਾਥੀ,

**ਭਗਤ ਸਿੰਘ**

**(ਸਰੋਤ :** *ਅਮਰਜੀਤ ਚੰਦਨ, ਜਗਮੋਹਨ ਸਿੰਘ ਅਤੇ ਮਾਲਵਿੰਦਰਜੀਤ ਸਿੰਘ ਵੜੈਚ ਵੱਲੋਂ ਸੰਪਾਦਿਤ ਲਿਖਤਾਂ)*

## ਭਗਤ ਸਿੰਘ ਦੀ ਜੇਲ੍ਹ ਨੋਟ ਬੁਕ ਦੇ ਕੁਝ ਚੋਣਵੇ ਅੰਸ਼
## ਪ੍ਰਸਤਾਵਤ ਕਿਤਾਬ 'ਰਾਜ ਦਾ ਵਿਗਿਆਨ' ਦੀ ਰੂਪ-ਰੇਖਾ

### ਪੰਨਾ 165 (100)

*ਰਾਜ ਦਾ ਵਿਗਿਆਨ*

ਪ੍ਰਾਚੀਨ ਰਾਜ ਵਿਵਸਥਾ : ਰੋਮ ਅਤੇ ਸਪਾਰਟਾ, ਅਰਸਤੂ ਅਤੇ ਪਲੈਟੋ : ਰਾਜ ਦੇ ਪ੍ਰਤੀ ਵਿਅਕਤੀ ਦੀ ਮੁਤੈਹਤੀ ਇਨ੍ਹਾਂ ਪ੍ਰਾਚੀਨ ਰਾਜ ਵਿਵਸਥਾਵਾਂ (ਪ੍ਰਣਾਲੀਆਂ ਜਾਂ ਪ੍ਰਬੰਧਾਂ), ਸਪਾਰਟਾ ਅਤੇ ਰੋਮ ਦੀ ਪ੍ਰਮੁੱਖ ਖਾਸੀਅਤ ਸੀ । ਹੇਲਾਸ ਵਿਚ, ਜਾਂ ਰੋਮ ਵਿਚ, ਨਾਗਰਿਕ ਨੂੰ ਬੱਸ ਕੁਝ ਕੁ ਨਿੱਜੀ ਅਧਿਕਾਰ ਪ੍ਰਾਪਤ ਸਨ । ਉਸ ਦਾ ਆਚਰਣ ਕਾਫੀ ਹੱਦ ਤਕ ਸਾਰਵਜਨਿਕ ਸੈਂਸਰਸ਼ਿਪ ਦੇ ਅਧੀਨ ਸੀ, ਅਤੇ ਉਸ ਦਾ ਧਰਮ ਰਾਜ ਸੱਤਾ ਵੱਲੋਂ ਲਾਗੂ ਕੀਤਾ ਗਿਆ ਹੁੰਦਾ ਸੀ । ਇਕ ਮਾਤਰ ਸੱਚੇ ਨਾਗਰਿਕ ਅਤੇ ਪ੍ਰਭੂਸੱਤਾ ਸੰਪੰਨ ਸੰਗਠਨ ਦੇ ਮੈਂਬਰ ਖਾਸ ਅਧਿਕਾਰਾਂ ਦੇ ਧਾਰਨੀ ਕੁਲੀਨ ਵਰਗ ਦੇ ਸੁਤੰਤਰ ਲੋਕ ਹੁੰਦੇ ਸਨ, ਜਿਨ੍ਹਾਂ ਦੇ ਵਾਸਤੇ ਸਰੀਰਕ ਮਿਹਨਤ ਗੁਲਾਮ (ਦਾਸ) ਕਰਿਆ ਕਰਦੇ ਸਨ, ਜਿਨ੍ਹਾਂ (ਦਾਸਾਂ) ਕੋਲੇ ਕੋਈ ਨਾਗਰਿਕ ਅਧਿਕਾਰ ਨਹੀਂ ਸਨ ।

*ਸੁਕਰਾਤ :* ਸੁਕਰਾਤ ਨੂੰ ਇਹ ਦਲੀਲ ਦਿੰਦਿਆਂ ਪੇਸ਼ ਕੀਤਾ ਜਾਂਦਾ ਹੈ ਕਿ ਜੋ ਕੋਈ ਵੀ ਨਾਗਰਿਕ ਰਾਜ ਵਿਚ ਪਹੁੰਚਣ ਦੇ ਬਾਅਦ, ਜੇਕਰ ਆਪਣੀ ਮਰਜ਼ੀ ਨਾਲ ਇਕ ਨਗਰ ਵਿਚ ਰਹਿਣ ਲੱਗੇ, ਤਾਂ ਉਸ ਨੂੰ ਸਰਕਾਰ ਦੀ ਮੁਤੈਹਤੀ (ਅਧੀਨਗੀ) ਸਵੀਕਾਰ ਕਰਨੀ ਚਾਹੀਦੀ ਹੈ, ਭਲੇ ਹੀ ਉਸ ਨੂੰ ਇਸ ਦੇ ਕਾਨੂੰਨ ਅਣਉਚਿਤ ਕਿਉਂ ਨਾ ਲੱਗਣ, ਇਸ ਅਨੁਸਾਰ ਹੀ ਇਸ ਆਧਾਰ ਤੇ ਕਿ ਜੇ ਉਹ ਜੇਲ੍ਹ ਵਿਚੋਂ ਫਰਾਰ ਹੋ ਕੇ ਭੱਜ ਜਾਵੇ, ਤਾਂ ਰਾਜ ਦੇ ਨਾਲ ਉਸ ਦਾ ਇਕਰਾਰ ਭੰਗ ਹੋ ਜਾਵੇਗਾ, ਉਹ ਇਕ ਗਲਤ ਸਜ਼ਾ ਦੇ ਲਾਗੂ ਹੋਣ ਦਾ ਵੀ ਇੰਤਜ਼ਾਰ ਕਰਦੇ ਰਹਿਣ ਵਾਸਤੇ ਤਿਆਰ ਰਹੇ ।

*ਪਲੈਟੋ :* (ਸਮਾਜਿਕ ਸਮਝੌਤਾ) ਉਹ ਸਮਾਜ ਅਤੇ ਰਾਜ ਦੀ ਉਤਪਤੀ ਨੂੰ ਪਰਸਪਰਿਕ (ਆਪਸੀ) ਲੋੜਾਂ ਵਿਚੋਂ ਵੇਖਦਾ ਹੈ, ਕਿਉਂਕਿ ਮਨੁੱਖ ਅਲੱਗ-ਅਲੱਗ ਰਹਿ ਕੇ ਆਪਣੀਆਂ ਬਹੁਪੱਖੀ ਲੋੜਾਂ ਨੂੰ ਸੰਤੁਸ਼ਟ ਕਰਨ ਵਿਚ ਅਸਮਰਥ ਹੁੰਦੇ ਹਨ । ਉਹ ਇਕ ਆਦਰਸ਼ਵਾਦੀ ਸਪਾਰਟਾ ਦਾ ਚਿਤਰਣ ਕਰਦਿਆਂ ਆਖਦਾ ਹੈ, "ਇਕ ਆਦਰਸ਼ ਰਾਜ ਵਿਚ ਦਾਰਸ਼ਨਿਕਾਂ ਨੂੰ ਸ਼ਾਸਨ ਕਰਨਾ ਚਾਹੀਦਾ ਹੈ, ਅਤੇ ਨਾਗਰਿਕਾਂ ਦੇ ਸੰਗਠਨ ਨੂੰ ਕੁਲੀਨ ਤੰਤਰ ਜਾਂ ਸਰਵ ਸ੍ਰੇਸ਼ਟਾਂ ਦੀ ਸਰਕਾਰ ਦੇ ਪ੍ਰਤੀ ਨਿਸ਼ਚਤ ਤੌਰ ਤੇ ਆਗਿਆਕਾਰੀ ਹੋਣਾ ਚਾਹੀਦਾ ਹੈ ।" ਉਹ ਨਾਗਰਿਕਾਂ ਦੀ ਸੁਚੇਤ ਸਿੱਖਿਆ ਅਤੇ ਵਿਦਿਆ ਉੱਪਰ ਜ਼ੋਰ ਦਿੰਦਾ ਹੈ ।

*ਅਰਸਤੂ :* ਇਹ ਪਹਿਲਾ ਵਿਅਕਤੀ ਸੀ ਜਿਸ ਨੇ ਰਾਜਨੀਤੀ ਨੂੰ ਨੀਤੀ ਸ਼ਾਸਤਰ ਤੋਂ ਮੁਕਤ ਕੀਤਾ, ਹਾਲਾਂਕਿ ਉਹ ਚੌਕੰਨਾ ਵੀ ਸੀ ਕਿ ਇਹ ਦੋਨੋਂ ਇਕ ਦੂਜੇ ਤੋਂ ਬਿਲਕੁਲ ਹੀ ਵੱਖ ਨਾ ਹੋ ਜਾਣ । ਉਸ ਦੀ ਦਲੀਲ ਸੀ, "ਲੋਕਾਂ ਦੀ ਬਹੁਗਿਣਤੀ ਵਿਵੇਕ ਦੀ ਬਜਾਏ ਆਪਣੀਆਂ ਭਾਵਨਾਵਾਂ ਨਾਲ ਸ਼ਾਸਿਤ ਹੁੰਦੀ ਹੈ, ਅਤੇ ਇਸ ਲਈ ਰਾਜ ਦੇ ਵਾਸਤੇ ਜ਼ਰੂਰੀ ਹੈ ਕਿ ਉਹ ਉਨ੍ਹਾਂ ਨੂੰ ਜੀਵਨ ਭਰ ਅਨੁਸ਼ਾਸਨ ਵਿਚ ਰਹਿਣ ਦੀ ਟਰੇਨਿੰਗ ਦੇਵੇ, ਜਿਵੇਂ ਕਿ ਸਪਾਰਟਾ ਵਿਚ ਹੈ । ਜਦੋਂ ਤਕ ਰਾਜਨੀਤਕ ਸਮਾਜ ਸਥਾਪਤ ਨਹੀਂ ਹੁੰਦਾ, ਉਦੋਂ ਤਕ ਇਨਸਾਫ਼ (ਨਿਆਂ) ਦਾ ਕੋਈ ਪ੍ਰਸ਼ਾਸਨ ਨਹੀਂ ਹੋ ਸਕਦਾ (ਲੇਕਿਨ) ਇਸ ਦੇ ਵਾਸਤੇ ਅਵੱਸ਼ਕ ਹੈ ਕਿ ਸਰਵੋਤਮ ਸੰਵਿਧਾਨ ਅਤੇ ਕਾਨੂੰਨ-ਨਿਰਮਾਣ ਸਰਵੋਤਮ ਪ੍ਰਣਾਲੀ ਦੀ ਖੋਜ ਕੀਤੀ ਜਾਵੇ...।

### ਪੰਨਾ 166 (101)

"ਰਾਜ ਦਾ ਬੀਜ, ਪਰਿਵਾਰ ਜਾਂ ਟੱਬਰ ਵਿਚ ਹੁੰਦਾ ਹੈ । ਕਈ ਪਰਿਵਾਰਾਂ ਦੇ ਸੰਯੁਕਤ ਹੋਣ ਨਾਲ ਗ੍ਰਾਮ (ਪਿੰਡ) ਸਮੁਦਾਇ ਦੀ ਉਤਪਤੀ ਹੋਈ ਹੈ (ਜਿਸ ਦੇ) ਮੈਂਬਰ ਪਿਤਾ ਸੱਤਾਤਮਕ ਸਰਕਾਰ ਦੇ ਅਧੀਨ ਹੁੰਦੇ ਹਨ ।"

"ਕਈ ਪਿੰਡਾਂ ਨੂੰ ਮਿਲਾ ਕੇ ਰਾਜ ਦਾ ਨਿਰਮਾਣ ਹੋਇਆ, ਜੋ ਇਕ ਪ੍ਰਕਿਰਤਕ, ਸੁਤੰਤਰ ਅਤੇ ਸਵੈ-ਨਿਰਭਰ ਸੰਗਠਨ ਸੀ ।"

"ਪਰੰਤੂ ਜਿਥੇ ਪਰਿਵਾਰ ਇਕ ਵਿਅਕਤਿਤਵ ਵਲੋਂ ਸਥਾਪਤ ਹੁੰਦਾ ਹੈ, ਉਥੇ ਸੰਵਿਧਾਨਕ ਸਰਕਾਰਾਂ ਵਿਚ ਵਿਅਕਤੀ ਸੁਤੰਤਰ ਅਤੇ ਆਪਣੇ ਸ਼ਾਸਕਾਂ ਦੇ ਸਮਾਨ ਹੁੰਦੇ ਹਨ ।"

"ਪ੍ਰਕਿਰਤਕ ਸਮਾਜਕ ਮੈਤ੍ਰੀ (ਭਰੱਪਣ) ਅਤੇ ਪ੍ਰਸਪਰ ਲਾਭ ਤੋਂ ਏਕਤਾ ਬਣਦੀ ਹੈ । ਮਨੁੱਖ ਆਪਣੇ ਸੁਭਾਅ ਤੋਂ ਇਕ ਰਾਜਨੀਤਕ (ਸਮਾਜਿਕ) ਪ੍ਰਾਣੀ ਹੈ ।"

"ਰਾਜ ਇਕ ਸੰਗਠਨ (ਸੰਜੋਗ) ਤੋਂ ਕਿਤੇ ਵੱਧ ਹੈ, ਜਿਸ ਨਾਲ ਵਿਅਕਤੀ ਜੁੜ ਸਕਦੇ ਹਨ ਜਾਂ ਬਿਨਾਂ ਕੋਈ ਫ਼ਰਕ ਪੈਣ ਦੇ ਛੱਡ ਸਕਦੇ ਹਨ, ਲੇਕਿਨ ਸੁਤੰਤਰ ਜਾਂ ਨਾਗਰਕਿਤਾ ਰਹਿਤ ਮਨੁੱਖ ਦਾ ਵਿਸ਼ਵਾਸ ਕਰਨਯੋਗ, ਅਸੱਭਿਆ ਅਤੇ ਇਕ ਨਾਗਰਿਕ ਨਾਲੋਂ ਵੱਖਰੀ ਕੋਈ ਚੀਜ਼ ਹੁੰਦੀ ਹੈ ।

*ਪਲੈਟੋ :*

ਪਲੈਟੋ ਨੇ ਇਕ ਅਜਿਹੇ ਸੰਗਠਨ ਦੇ ਰੂਪ ਵਿਚ ਰਾਜ ਦੀ ਇਸ ਅਵਧਾਰਨਾ ਦਾ ਪੂਰਵ ਅਨੁਮਾਨ ਕੀਤਾ ਸੀ ਜਿਸ ਦੇ ਮੈਂਬਰ ਇਕ ਸਰਬ-ਪ੍ਰਵਾਨਿਤ ਉਦੇਸ਼ ਦੇ ਵਾਸਤੇ ਇਕਸੁਰਤਾ ਪੂਰਣ ਢੰਗ ਨਾਲ ਜੁੜੇ ਹੋਣ ।

*ਅਰਸਤੂ :*

ਅਰਸਤੂ ਦੀ ਮਾਨਤਾ ਸੀ ਕਿ ਜਿੱਥੇ ਸੁਤੰਤਰਤਾ ਅਤੇ ਸਮਾਨਤਾ ਹੋਵੇ, ਉਥੇ ਵਾਰੀ-ਵਾਰੀ ਨਾਲ ਸ਼ਾਸਨ ਅਤੇ ਅਧੀਨੀਕਰਣ ਹੋਵੇ, ਲੇਕਿਨ ਸਭ ਤੋਂ ਵਧੀਆ ਇਹ ਹੀ ਹੈ ਜੇ ਸੰਭਵ ਹੋਵੇ ਤਾਂ ਉਹ ਹੀ ਵਿਅਕਤੀ ਹਮੇਸ਼ਾ ਸ਼ਾਸਨ (ਰਾਜ) ਕਰਦੇ ਰਹਿਣ ।

ਪਲੈਟੋ ਦੇ ਸਾਮਵਾਦ ਦੇ ਵਿਰੋਧ ਵਿਚ ਉਸ ਦੀ ਦਲੀਲ ਬਾਕਾਇਦਾ ਨਿਯਮ ਨਿਰਧਾਰਤ ਨਿੱਜੀ ਜਾਇਦਾਦ ਦੇ ਪੱਖ ਵਿਚ ਸੀ, ਜਿਸ ਦੇ ਪਿਛੋਕੜ ਵਿਚ ਉਸ ਦਾ ਵਿਚਾਰ ਸੀ ਕਿ ਰਾਜ ਵਿਚ ਸਿਰਫ ਇਕ ਨੈਤਿਕ ਏਕਤਾ ਸੰਭਵ ਜਾਂ ਇੱਛਤ ਹੈ ।

*ਸਰਕਾਰਾਂ ਦੀਆਂ ਕਿਸਮਾਂ*

ਉਸ ਨੇ ਸਰਕਾਰਾਂ ਨੂੰ ਰਾਜਤੰਤਰਾਂ, ਕੁਲੀਨਤੰਤਰਾਂ ਅਤੇ ਗਣਤੰਤਰਾਂ ਅਤੇ ਕ੍ਰਮਵਾਰ ਉਨ੍ਹਾਂ ਦੇ ਵਿਗੜੇ ਹੋਏ ਰੂਪਾਂ ਜਿਵੇਂ ਨਿਰੰਕੁਸ਼ ਤੰਤਰਾਂ, ਅਲਪ ਤੰਤਰਾਂ ਅਤੇ ਲੋਕਤੰਤਰਾਂ ਵਿਚ ਵਰਗੀਕਰਣ ਕੀਤਾ, ਜਿਸ ਦਾ ਆਧਾਰ ਇਹ ਸੀ ਕਿ ਇਨ੍ਹਾਂ ਵਿਚ ਸਰਵਉੱਚ ਸੱਤਾ ਇਕ ਜਾਂ ਕੁਝ ਜਾਂ ਕਈਆਂ ਦੇ ਹੱਥਾਂ ਵਿਚ ਹੁੰਦੀ ਹੈ ਅਤੇ ਇਨ੍ਹਾਂ ਦਾ ਉਦੇਸ਼ ਆਮ ਹਿੱਤ ਜਾਂ ਸ਼ਾਸਕਾਂ ਦਾ ਨਿੱਜੀ ਹਿੱਤ ਹੁੰਦਾ ਹੈ ਅਤੇ ਇਨ੍ਹਾਂ ਵਿਚ ਸੁਤੰਤਰਤਾ, ਸੰਪਦਾ, ਸੰਸਕ੍ਰਿਤੀ ਅਤੇ ਕੁਲੀਨਤਾ ਵੱਲੋਂ ਵੀ ਤਵੱਜੋਂ ਦਿੱਤੀ ਜਾਂਦੀ ਹੈ ।

ਹਰ ਇਕ ਰਾਜ-ਪ੍ਰਣਾਲੀ ਦੇ ਤਿੰਨ ਅੰਗ ਹੁੰਦੇ ਹਨ : 1. ਸਲਾਹਕਾਰੀ, 2. ਕਾਰਜਕਾਰੀ ਅਤੇ 3. ਕਾਨੂੰਨ-ਵਿਵਸਥਾ ਜਾਂ ਨਿਆਂ-ਪ੍ਰਣਾਲੀ । ਨਾਗਰਿਕਤਾ ਦਾ ਨਿਰਧਾਰਣ ਨਾ ਤਾਂ ਨਿਵਾਸ ਨਾਲ ਹੁੰਦਾ ਹੈ ਤੇ ਨਾ ਹੀ ਕਾਨੂੰਨੀ ਅਧਿਕਾਰ ਪ੍ਰਾਪਤ ਹੋਣ ਨਾਲ, ਬਲਕਿ ਨਿਆਂਇਕ ਸੱਤਾ ਅਤੇ ਸਰਕਾਰੀ ਕੰਮ-ਕਾਜ ਵਿਚ ਭਾਗੀਦਾਰ ਹੁੰਦਾ ਹੈ ।

ਨੈਤਿਕਤਾ ਦੀ ਇਕ ਨਿਸ਼ਚਤ ਪੱਧਰ ਪ੍ਰਾਪਤ ਕਰ ਕੇ ਕਈਆਂ ਨੂੰ ਸ਼ਾਸਨ ਕਰਨਾ ਚਾਹੀਦਾ ਹੈ, ਕਿਉਂਕਿ ਅਲੱਗ-ਅਲੱਗ ਵਿਅਕਤੀਗਤ ਤੌਰ ਤੇ ਕੰਮ ਦੇ ਯੋਗ ਹੋਣ ਦੇ ਬਾਵਜੂਦ ਉਹ ਸਾਂਝੇ ਤੌਰ 'ਤੇ ਕੁਝ ਕੁ ਚੋਣਵੇਂ ਵਿਅਕਤੀਆਂ ਨਾਲ ਕਿਤੇ ਵੱਧ ਚਤੁਰ ਅਤੇ ਵੱਧ ਸਦਗੁਣ ਸੰਪੰਨ ਹੁੰਦੇ ਹਨ । ਪਰੰਤੂ ਸਾਰੀਆਂ ਸਲਾਹਕਾਰ ਅਤੇ ਨਿਆਂਇਕ ਕਾਰ-ਵਾਈਆਂ ਨੂੰ ਸੰਭਾਲਣ ਦੇ ਬਾਵਜੂਦ, ਉਨ੍ਹਾਂ ਨੂੰ ਉੱਚਤਮ ਕਾਰਜਕਾਰੀ ਅਹੁਦਿਆਂ ਤੋਂ ਪਰ੍ਹੇ ਹੀ ਰੱਖਣਾ ਚਾਹੀਦਾ ਹੈ । ਸਭ ਤੋਂ ਵਧੀਆ ਰਾਜ-ਪ੍ਰਣਾਲੀ ਹੈ, ਜਿਸ ਵਿਚ ਬਹੁਤ ਧਨੀ ਅਤੇ ਬਹੁਤ ਗਰੀਬ ਦੇ ਵਿਚਕਾਰਲਾ ਮੱਧ ਵਰਗ ਸਰਕਾਰ ਚਲਾਵੇ, ਕਾਰਣ ਕਿ ਇਸ ਵਰਗ ਦਾ ਜੀਵਨ ਸਭ ਤੋਂ ਸਥਾਈ (ਟਿਕਾਊ) ਹੁੰਦਾ ਹੈ ਅਤੇ ਇਹ ਸਭ ਨਾਲੋਂ ਵੱਧ ਵਿਵੇਕ ਸੰਗਤ ਅਤੇ ਨਾਲ ਹੀ ਸੰਵਿਧਾਨ ਕਾਰਵਾਈ ਵਿਚ ਸਭ ਤੋਂ ਸਮਰੱਥ ਵੀ ਹੁੰਦਾ ਹੈ ।

**ਪੰਨਾ 167 (102)**

ਇਸ ਕਰ ਕੇ, ਇਹਦੇ ਵਾਸਤੇ ਇਹ ਆਖਿਆ ਜਾਂਦਾ ਹੈ ਕਿ ਪ੍ਰਭੂਸੱਤਾ ਨੂੰ ਨਾਗਰਿਕਾਂ ਦੀ ਬਹੁ-ਗਿਣਤੀ ਵਿਚ ਵਿਦਮਾਨ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿਚ ਬੇਸ਼ੱਕ ਗੁਲਾਮ ਨਹੀਂ ਆਉਂਦੇ ।

ਲੋਕਤੰਤਰ ਵਿਅਕਤੀਗਤ ਸੁਤੰਤਰਤਾ ਦੇ ਮਾਮਲੇ ਵਿਚ ਬਰਾਬਰੀ (ਸਮਾਨਤਾ) ਬਾਰੇ ਇਕਮਤ ਹੁੰਦੇ ਹਨ, ਜਿਸ ਦਾ ਕੁਦਰਤੀ ਅਰਥ ਇਹ ਹੈ ਕਿ ਸਾਰੇ ਨਾਗਰਿਕ, ਰਾਜ ਦੇ ਅਹੁਦਿਆਂ ਉੱਪਰ ਬਿਰਾਜਮਾਨ ਹੋਣ ਜਾਂ ਚੁਣੇ ਜਾਣ ਦੇ ਲਈ, ਅਤੇ ਹਰ ਇਕ ਸਾਰਿਆਂ ਉਤੇ ਸਾਰੇ ਹਰ ਇਕ ਉੱਪਰ ਸ਼ਾਸਨ ਕਰਨ ਦੇ ਵਾਸਤੇ ਪ੍ਰਵਾਨਿਤ ਹੁੰਦੇ ਹਨ ।

ਅਰਸਤੂ ਵੀ ਪਲੈਟੋ ਦੀ ਭਾਂਤ ਹੀ ਲੋਕਤੰਤਰ ਨੂੰ ਸਰਕਾਰ ਦਾ ਇਕ ਵਿਗੜਿਆ ਹੋਇਆ ਸਰੂਪ ਮੰਨਦਾ ਸੀ, ਅਤੇ ਕਹਿੰਦਾ ਸੀ ਕਿ ਇਹ ਹਰ ਕਿਸੇ ਕਿਸਮ ਦੇ ਰਾਜਾਂ ਦੀ ਤੁਲਨਾ ਵੱਡੇ ਰਾਜਾਂ ਵਾਸਤੇ ਵੱਧ ਢੁਕਵਾਂ ਹੈ ।

ਸਟੋਇਕਵਾਦੀ : ਸਿਨਿਕਵਾਦੀ

ਏਪੀਨਿਊਰਸਵਾਦੀ : ਏਪੀਨਿਊਰਸ ਦਾ ਕਹਿਣਾ ਸੀ, "ਇਨਸਾਫ਼ ਨਿਆਂ, ਆਪਣੇ ਆਪ ਵਿਚ ਕੁਝ ਨਹੀਂ ਹੈ, ਇਹ ਬੱਸ ਪ੍ਰਸਪਰ ਨੁਕਸਾਨ ਰੋਕਣ ਦੇ ਵਾਸਤੇ (ਨਿਆਂ ਦੇ ਆਧਾਰ ਦੇ ਤੌਰ ਤੇ) ਸਮਝੌਤੇ ਦੀ ਇਕ ਤਰਤੀਬ ਮਾਤਰ ਹੈ ।"

*ਸਟੋਇਕ : (ਵਾਦ)*

ਦਾਰਸ਼ਨਿਕ ਜੇਨੋ (340-260 ਈ. ਪੂ.) ਦਾ ਇਕ ਚੇਲਾ, ਜਿਸ ਨੇ ਏਥਨਜ਼ ਦੇ ਸਟੋਆ ਪਾਈਕਲਾਈਟ (ਪੇਂਟਡ ਪੋਰਚ) ਨਾਮੀ ਬਗੀਚੇ ਵਿਚ ਆਪਣੀ ਦਾਰਸ਼ਨਿਕ ਸ਼ਾਖਾ ਦਾ ਸਿਖਲਾਈ ਸੰਸਥਾਨ ਖੋਲ੍ਹਿਆ । ਬਾਅਦ ਵਿਚ ਕੈਟੋ ਦਾ ਯੰਗਰ, ਸੇਨੇਕਾ, ਮਾਰਕਸ ਔਰੇਲੀਅਸ ਰੋਮਨ ਸਟੋਇਕਵਾਦੀ ਹੋਏ । ਸਟੋਇਕ ਸ਼ਬਦ ਦਾ ਸ਼ਾਬਦਿਕ ਅਰਥ ਹੈ : 'ਉਹ ਵਿਅਕਤੀ ਜੋ ਸੁਖ ਜਾਂ ਦੁੱਖ ਦੇ ਪ੍ਰਤੀ ਉਦਾਸੀਨ ਹੋਵੇ ।'

ਸਟੋਇਕਵਾਦ ਪੁਰਾਣੇ ਦਰਸ਼ਨ ਦੀ ਇਕ ਸ਼ਾਖਾ ਹੈ, ਜੋ ਜੀਵਨ ਅਤੇ ਕਰਤੱਵ ਦੇ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਵਿਚ ਏਪੀਨਿਊਰਸਵਾਦ ਦੀ ਜ਼ੋਰਦਾਰ ਵਿਰੋਧੀ ਹੈ, ਅਤੇ ਸੁੱਖ ਜਾਂ ਦੁੱਖ ਦੇ ਪ੍ਰਤੀ ਵਿਰੱਕਤ ਹੈ।

*ਸਿਨਿਕਵਾਦ :*

ਦਾਰਸ਼ਨਿਕਾਂ ਦਾ ਇਕ ਸੰਪ੍ਰਦਾਇ ਜਿਸ ਦੀ ਸਥਾਪਨਾ ਏਥਨਜ਼ ਦੇ ਏਂਟੀਸਥੇਨੀਜ਼ (ਜਨਮ **444** ਈ. ਪੂ.) ਨੇ ਕੀਤੀ ਸੀ, ਜਿਸ ਦੀ ਵਰਣਨਯੋਗ ਵਿਸ਼ੇਸ਼ਤਾ ਧਨ ਦੌਲਤ, ਕਲਾ, ਵਿਗਿਆਨ ਅਤੇ ਮਨੋਰੰਜਨ ਦੇ ਵਿਰੁੱਧ ਇਕ ਸਪੱਸ਼ਟ ਘ੍ਰਿਣਾ ਦੇ ਰੂਪ ਵਿਚ ਸੀ। ਇਨ੍ਹਾਂ ਨੂੰ ਸਿਨਿਕਾ ਇਨ੍ਹਾਂ ਦੇ ਰੁੱਖੇ ਵਿਵਹਾਰ ਕਾਰਣ ਆਖਿਆ ਜਾਂਦਾ ਹੈ। ਸਿਨਿਕਵਾਦ ਕਦੇ-ਕਦੇ ਮਨੁੱਖੀ ਸੁਭਾਅ ਦੇ ਪ੍ਰਤੀ ਤ੍ਰਿਸਕਾਰ (ਘ੍ਰਿਣਾਮਈ) ਭਾਵਨਾ ਦੇ ਵਾਸਤੇ ਵੀ ਇਸਤੇਮਾਲ ਕੀਤਾ ਜਾਂਦਾ ਹੈ।

*ਏਪੀਨਿਊਰਸਵਾਦੀ :*

ਏਪੀਨਿਊਰਸ (**341-270** ਈ. ਪੂ.) ਇਕ ਯੂਨਾਨੀ ਦਾਰਸ਼ਨਿਕ ਸੀ, ਜਿਸ ਦੀ ਸਿੱਖਿਆ ਸੀ ਕਿ ਸੁੱਖ ਹੀ ਅਸਲੀ ਚੀਜ਼ ਹੈ। ਏਪੀਨਿਊਰਸਵਾਦੀ ਉਸ ਨੂੰ ਕਿਹਾ ਜਾਂਦਾ ਹੈ ਜਿਹੜਾ ਖਾਓ-ਪੀਓ ਅਤੇ ਮੌਜ-ਮਸਤੀ ਵਿਚ ਵਿਸ਼ਵਾਸ ਕਰਦਾ ਹੈ।

## ਪੰਨਾ 168 (103)

*ਰੋਮਨ ਰਾਜ-ਪ੍ਰਣਾਲੀ :*

"ਰੋਮਨਾਂ ਨੇ ਰਾਜਨੀਤਕ ਸਿਧਾਂਤ ਵਿਚ ਘੱਟ ਹੀ ਅਜਿਹਾ ਵਾਧਾ ਕੀਤਾ ਜਿਸ ਦਾ ਪ੍ਰਤੱਖ ਮਹੱਤਵ ਹੋਵੇ, ਲੇਕਿਨ ਇਕ ਗੂੜ੍ਹੇ ਤੌਰ ਤੇ ਸੰਬੰਧਿਤ ਵਿਭਾਗ ਯਾਨੀ ਕਾਨੂੰਨ ਸ਼ਾਸਨ ਵਿਚ ਉਨ੍ਹਾਂ ਨੇ ਡੂੰਘੀ ਰੁਚੀ ਵਾਲਾ ਅਤੇ ਵਡਮੁੱਲਾ ਯੋਗਦਾਨ ਪਾਇਆ।

ਜਸ-ਸਿਵਿਕ ਅਤੇ ਜਸ-ਜੇਂਟਿਅਮ :

ਗਣਤੰਤਰ ਦੇ ਅੰਤਰਗਤ, "ਨਾਗਰਿਕ ਕਾਨੂੰਨ" (ਜਸ-ਸਿਵਿਕ) ਦੇ ਇਲਾਵਾ, ਜਸ-ਜੇਂਟਿਅਮ (ਰਾਸ਼ਟਰ ਦੇ ਕਾਨੂੰਨ) ਨਾਂ ਨਾਲ ਬਹੁਤ ਸਾਰੇ ਨਿਯਮ ਅਤੇ ਸਿਧਾਂਤ ਅਸਤਿਤਵ (ਹੋਂਦ) ਵਿਚ ਆ ਚੁੱਕੇ ਸਨ, ਜਿਹੜੇ ਇਤਾਲਵੀ ਕਬੀਲਿਆਂ ਦੇ ਵਿਚ ਪ੍ਰਚੱਲਿਤ ਆਮ ਵਿਸ਼ੇਸ਼ਤਾਵਾਂ ਨੂੰ ਪ੍ਰਤੀਬਿੰਬਤ ਕਰਦੇ ਹਨ।

*ਜਸ-ਨੇਚੁਰਲ*

ਮਹਾਨ ਰੋਮਨ ਜਿਊਰਸ-ਕੰਨਸਲਟਸ (ਕਾਨੂੰਨ ਅਤੇ ਵਿਗਿਆਨ ਦੇ ਮਾਹਿਰ) (ਸਟੋਇਕ-ਵਾਦੀਆਂ ਦੇ ਵਿਚਾਰ ਤੋਂ ਪ੍ਰੇਰਣਾ ਲੈ ਕੇ) ਹੌਲੀ-ਹੌਲੀ ਪ੍ਰਕਿਰਤੀ ਦੇ ਕਾਨੂੰਨ (ਜਸ-ਨੇਚੁਰਲ) ਨੂੰ ਜਸ-ਜੇਂਟਿਅਮ ਦੇ ਸਮਰੂਪ ਮੰਨਣ ਲੱਗੇ।

ਉਨ੍ਹਾਂ ਦੀ ਸਿੱਖਿਆ ਸੀ ਕਿ ਇਹ ਕਾਨੂੰਨ ਦੈਵੀ (ਰੱਬੀ) ਅਤੇ ਸ਼ਾਸ਼ਵਤ ਸੀ ਅਤੇ ਇਹ ਕਈ ਖ਼ਾਸ ਰਾਜਾਂ ਦੇ ਕਾਨੂੰਨਾਂ ਨਾਲੋਂ ਆਪਣੀ ਸਚਾਈ ਤੇ ਉਚਿਤਤਾ ਵਿਚ ਵੱਧ ਸ੍ਰੇਸ਼ਟ ਸੀ। ਪ੍ਰਾਕ੍ਰਿਤਕ ਕਾਨੂੰਨ ਵੀ ਵਾਸਤਵ ਵਿਚ ਅਸਤਿਤਵਮਾਨ ਮੰਨਿਆ ਜਾਂਦਾ ਸੀ ਅਤੇ ਇਸ ਨੂੰ ਨਾਗਰਿਕ ਕਾਨੂੰਨ ਨਾਲ ਸੰਬੰਧਿਤ ਸਮਝਿਆ ਜਾਂਦਾ ਸੀ।

ਏਂਟੋਨਿਆਈ ਕਾਲ ਵਿਚ, ਜਦੋਂ ਰੋਮਨ ਕਾਨੂੰਨ ਆਪਣਾ ਮੁਕੰਮਲ ਵਿਕਾਸ ਕਰ ਚੁੱਕਿਆ ਸੀ ਅਤੇ ਸਟੋਇਕਵਾਦੀ ਸਿਧਾਂਤ ਸਰਵਵਿਆਪਕ ਪ੍ਰਭਾਵੀ ਹੋ ਚੁੱਕੇ ਸਨ, ਤਾਂ ਕਾਨੂੰਨੀ ਮਾਹਿਰਾਂ ਨੇ ਰਾਜਨੀਤਕ ਸਿਧਾਂਤਾਂ ਦੇ ਰੂਪ ਵਿਚ ਨਹੀਂ, ਬਲਕਿ ਨਿਆਂ-ਸ਼ਾਸਤਰੀ ਦੇ ਰੂਪ ਵਿਚ, ਇਹ ਸਿਧਾਂਤ ਸੂਤਰ ਵੱਧ ਕੀਤਾ ਕਿ,

"ਸਾਰੇ ਮਨੁੱਖ ਜਮਾਂਦਰੂ ਸੁਤੰਤਰ ਹੁੰਦੇ ਹਨ।"

ਅਤੇ ਕਿ ਪ੍ਰਕ੍ਰਿਤੀ ਦੇ ਕਾਨੂੰਨ ਪੱਖੋਂ, "ਸਾਰੇ ਮਨੁੱਖ ਬਰਾਬਰ ਹੁੰਦੇ ਹਨ।" ਜਿਸ ਦਾ ਅੰਤਰੀਵੀ ਅਰਥ ਇਹ ਸੀ ਕਿ ਭਲੇ ਹੀ ਨਾਗਰਿਕ ਕਾਨੂੰਨ ਵਿਚ ਵਰਗ ਭੇਦ ਦੀ ਮਾਨਤਾ ਸੀ, ਪ੍ਰਕਿਰਤੀ ਦੇ ਕਾਨੂੰਨ ਦੇ ਸਨਮੁੱਖ ਸਮੁੱਚੀ ਮਾਨਵ-ਜਾਤੀ ਬਰਾਬਰ ਸੀ।

*ਰੋਮਨ ਰਾਜ-ਵਿਵਸਥਾ ਵਿਚ ਸਮਾਜਿਕ ਸਮਝੌਤਾ :*

ਜਦੋਂ ਕਿ ਰੋਮਨ ਕਾਨੂੰਨ ਘਾੜਿਆਂ ਨੇ ਨਾਗਰਿਕ ਸਮਾਜ ਦੀ ਉਤਪਤੀ ਦੇ ਤੌਰ ਤੇ ਕਿਸੇ ਸਮਝੌਤੇ ਨੂੰ ਸਵੀਕਾਰ ਨਹੀਂ ਕੀਤਾ ਸੀ ਫਿਰ ਵੀ ਪ੍ਰਵਾਨਤ ਅਧਿਕਾਰਾਂ ਅਤੇ ਫ਼ਰਜ਼ਾਂ ਨੂੰ ਇਕ ਕਲਪਿਤ, ਲੇਕਿਨ ਗ਼ੈਰ-ਮੌਜੂਦ ਸਮਝੌਤੇ ਨਾਲ ਸਿੱਧ ਕਰਨ ਦਾ ਇਕ ਰੁਝਾਨ ਮੌਜੂਦ ਸੀ।

ਪ੍ਰਭੂਸੱਤਾ ਦੇ ਮਾਮਲੇ ਵਿਚ, ਨਾਗਰਿਕ ਕੋਮੇਟਿਆ ਟ੍ਰਿਬਊਰਾ ਵਿਚ ਇਕੱਤਰ ਹੋ ਕੇ ਗਣਤੰਤਰ ਦੇ ਸੁਨਹਿਰੀ ਦਿਨਾਂ ਵਿਚ, ਸਰਵਉੱਚ ਸੱਤਾ ਰੂਪ ਵਿਚ ਕੰਮ ਕਰਦੇ ਸਨ।

ਸਾਮਰਾਜ ਦੇ ਅੰਤਰਗਤ, ਪ੍ਰਭੂਸੱਤਾ ਸਮਰਾਟ ਵਿਚ ਨਿਹਿਤ ਸੀ, ਅਤੇ ਬਾਅਦ ਦੇ ਜਿਊਰਸ ਕਨਸਲਟਸ ਦੇ ਅਨੁਸਾਰ, ਲੌਕ ਲੇਕਸ ਰੇਜੀਆ ਦੇ ਅਨੁਸਾਰ, ਸਰਵਉੱਚ ਕਮਾਨ ਹਰ ਇਕ ਸਮਰਾਟ ਨੂੰ, ਉਸ ਦੇ ਸ਼ਾਸਨ ਦੇ ਆਰੰਭ ਹੁੰਦੇ ਹੀ, ਸੌਂਪ ਦਿੱਤੀ ਜਾਂਦੀ ਸੀ, ਅਤੇ ਇਸੇ ਤਰ੍ਹਾਂ ਸ਼ਾਸਨ ਕਰਨ ਅਤੇ ਕਾਨੂੰਨ ਬਣਾਉਣ ਦੇ ਆਪਣੇ ਸਾਰੇ ਅਧਿਕਾਰ ਉਸ ਦੇ ਹਵਾਲੇ ਕਰ ਦਿੰਦੇ ਸਨ।

## ਪੰਨਾ 169 (104)

*ਮੱਧ ਯੁੱਗ (ਟਾੱਮਸ ਏਕਿਵਨਾਸ)*

ਟਾੱਮਸ ਏਕਿਵਨਾਸ : (1226-1274) ਦੇ ਸੰਬੰਧੀ ਆਖਿਆ ਜਾਂਦਾ ਹੈ ਕਿ ਉਹ ਮੱਧ ਯੁੱਗ ਦੇ ਰਾਜਨੀਤਕ ਸਿਧਾਂਤ ਦਾ ਪ੍ਰਮੁੱਖ ਪ੍ਰਵਰਤਕ ਸੀ । ਉਸ ਨੇ ਰੋਮਨ ਕਾਨੂੰਨਸਾਜ਼ਾਂ ਦਾ ਅਨੁਸਰਣ ਕਰਦੇ ਹੋਇਆਂ, ਇਕ ਪ੍ਰਵਰਤਕ ਕਾਨੂੰਨ ਨੂੰ ਮਾਨਤਾ ਦਿੱਤੀ, ਜਿਸ ਦੇ ਸਿਧਾਂਤ ਮਾਨਵੀ ਵਿਵੇਕ ਵਿਚ ਦੈਵੀ ਰੂਪ ਤੋਂ ਸਮੋਏ ਗਏ (ਮੰਨੇ ਗਏ ਸਨ) ਅਤੇ ਇਸ ਦੇ ਨਾਲ ਹੀ ਉਸ ਨੇ ਉਨ੍ਹਾਂ ਪ੍ਰਤੱਖ ਕਾਨੂੰਨਾਂ ਨੂੰ ਵੀ ਮਾਨਤਾ ਦਿੱਤੀ, ਜੋ ਵੱਖ-ਵੱਖ ਰਾਜਾਂ ਵਿਚ ਭਿੰਨ-ਭਿੰਨ ਹੋਇਆ ਕਰਦੇ ਸਨ ।

ਉਸ ਦਾ ਕਹਿਣਾ ਸੀ ਕਿ ਕਾਨੂੰਨ ਬਣਾਉਣ ਵਾਲੀ ਸੱਤਾ, ਜੋ ਕਿ ਪ੍ਰਭੂਸੱਤਾ ਦੀ ਲਾਜ਼ਮੀ ਖ਼ਾਸੀਅਤ ਹੁੰਦੀ ਹੈ, ਕਲਿਆਣ ਦੀ ਦਿਸ਼ਾ ਵਿਚ ਨਿਰਦੇਸ਼ਤ ਹੋਣੀ ਚਾਹੀਦੀ ਹੈ, ਅਤੇ ਉਸ ਉਦੇਸ਼ ਦੀ ਪ੍ਰਾਪਤੀ ਵਾਸਤੇ, ਇਸ ਨੂੰ ਬਹੁਗਿਣਤੀ ਸੰਖਿਆ ਲੋਕਾਂ ਜਾਂ ਉਨ੍ਹਾਂ ਦੇ ਨੁਮਾਇੰਦੇ, ਰਾਜਾਂ ਨਾਲ ਜੁੜੀ ਹੋਣੀ ਚਾਹੀਦੀ ਹੈ । ਉਸ ਨੂੰ ਰਾਜਾਂ, ਕੁਲੀਨਾਂ ਅਤੇ ਲੋਕਾਂ ਦੀ ਮਿਲੀ-ਜੁਲੀ ਸਰਕਾਰ ਸਭ ਤੋਂ ਵਧੀਆ ਲੱਗਦੀ ਸੀ ਜਿਸ ਵਿਚ ਸਰਵਉੱਚ ਸੱਤਾ ਦੇ ਰੂਪ ਵਿਚ ਪੋਪ (ਮੁੱਖ ਪਾਦਰੀ) ਹੋਵੇ ।

*ਪਾਦੂਆ ਦਾ ਮਾਰਸਿਲੀਓ* (1328 ਮੌਤ)

*ਸਮਝੌਤੇ ਦੀ ਧਾਰਨਾ*

ਆਪਣੀ ਰਚਨਾ 'ਡਿਫੈਂਸਰ ਪੇਸਿਜ' ਵਿਚ ਪਾਦੂਆ ਦੇ ਮਾਰਸਿਲੀਓ ਨੇ ਲੋਕ-ਆਧਾਰਿਤ ਪ੍ਰਭੂ-ਸੱਤਾ ਦੇ ਸਿਧਾਂਤ ਦੀ ਵਕਾਲਤ ਕੀਤੀ, ਅਤੇ ਲੌਕਿਕ ਸੱਤਾ ਦੇ ਪ੍ਰਤੀ ਉਨ੍ਹਾਂ ਪੋਪਵਾਦੀ ਪਾਖੰਡਾਂ ਦਾ ਵਿਰੋਧ ਕੀਤਾ, ਜੋ ਫਾਲਸੋ ਡਿਕਿਟ੍ਰਲਸ ਉੱਪਰ ਆਧਾਰਿਤ ਸਨ । (ਲੋਕਾਂ ਦੀ ਖ਼ੁਦਮੁਖਤਿਆਰੀ)

ਕਿਉਂਕਿ ਮਨੁੱਖ ਨੇ ਨਾਗਰਿਕ ਜੀਵਨ ਆਪਣੇ ਅਪਸੀ ਹਿੱਤ ਦੇ ਵਾਸਤੇ ਅਪਣਾਇਆ ਇਸ ਲਈ ਕਾਨੂੰਨ ਵੀ ਨਾਗਰਿਕਾਂ ਦੇ ਸੰਗਠਨ ਵੱਲੋਂ ਹੀ ਬਣਾਇਆ ਜਾਣਾ ਚਾਹੀਦਾ ਹੈ, ਕਾਨੂੰਨ ਜਦੋਂ ਤਕ ਉਨ੍ਹਾਂ ਲੋਕਾਂ ਵੱਲੋਂ ਨਹੀਂ ਬਣਾਏ ਜਾਂਦੇ, ਜਿਨ੍ਹਾਂ ਦੇ ਹਿੱਤ ਇਨ੍ਹਾਂ ਤੋਂ ਸਿੱਧੇ ਪ੍ਰਭਾਵਿਤ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਦੀਆਂ ਲੋੜਾਂ ਕੀ ਹਨ, ਉਦੋਂ ਤਕ ਨਾ ਤਾਂ ਉਹ ਸਰਵੋਤਮ ਆਖੇ ਜਾ ਸਕਦੇ ਹਨ ਅਤੇ ਨਾ ਹੀ ਉਨ੍ਹਾਂ ਦਾ ਤੱਤਪਰਤਾ ਨਾਲ ਪਾਲਣ ਕੀਤਾ ਜਾ ਸਕਦਾ ਹੈ ।

ਉਸ ਨੇ ਦਾਅਵੇ ਨਾਲ ਕਿਹਾ ਕਿ ਕਾਨੂੰਨ ਬਣਾਉਣ ਵਾਲੀ ਸੱਤਾ ਲੋਕਾਂ ਵਿਚ ਵਿਦਮਾਨ (ਨਿਹਿਤ) ਹੁੰਦੀ ਹੈ, ਅਤੇ ਵਿਧਾਇਕਾ (ਕਾਨੂੰਨ ਘੜਨੀ) ਦਾ ਕੰਮ ਕਾਰਜਪਾਲਿਕਾ ਦਾ ਗਠਨ ਕਰਨਾ ਹੈ, ਪਰੰਤੂ ਉਹ ਉਸ ਨੂੰ ਵੀ ਬਦਲ ਜਾਂ ਰੱਦ ਕਰ ਸਕਦੇ ਹਨ ।

*ਪੁਨਰ-ਜਾਗਰਣ ਦਾ ਸੁਧਾਰ*

ਪੁਨਰ-ਜਾਗਰਣ ਵਿਚ, ਗਿਆਨ ਦੇ ਸਾਰੇ ਖੇਤਰ ਜਾਗਰੂਕ ਹੋ ਉਠੇ ਅਤੇ ਜੋ ਲਕੀਰ ਦਾ ਫ਼ਕੀਰ ਦਰਸ਼ਨ ਹਜ਼ਾਰਾਂ ਵਰ੍ਹਿਆਂ ਤੋਂ ਧਰਮ-ਸ਼ਾਸਤਰ ਦੀ ਚਾਕਰੀ (ਗੋਲਪੁਣਾ) ਕਰਦਾ ਆ ਰਿਹਾ ਸੀ, ਹੁਣ ਉਸ ਦੀ ਥਾਂ ਪ੍ਰਕਿਰਤੀ ਅਤੇ ਮਨੁੱਖ ਦੇ ਇਕ ਨਵੇਂ ਦਰਸ਼ਨ ਨੇ ਲੈ ਲਈ, ਜੋ ਵੱਧ ਉਦਾਰ, ਵੱਧ ਗਹਿਰਾ ਅਤੇ ਵੱਧ ਬੋਧਗਾਮੀ ਸੀ ।

ਬੇਕਨ ਨੇ ਮਨੁੱਖ ਅਧਿਭੂਤਵਾਦ (ਸਵਾਮੀਵਾਦ) ਤੋਂ ਪ੍ਰਕਿਰਤੀ ਅਤੇ ਯਥਾਰਥ ਵੱਲ ਮੁੜਨ ਦੀ ਅਪੀਲ ਕੀਤੀ ।

ਦਰਸ਼ਨ (ਫ਼ਿਲਾਸਫ਼ੀ) ਦਾ ਆਰੰਭ ਨਿਸ਼ਚੇ ਹੀ ਸਰਵਭੌਮਿਕ ਸੰਦੇਹਵਾਦ ਤੋਂ ਹੋਣਾ ਚਾਹੀਦਾ ਹੈ । ਲੇਕਿਨ ਛੇਤੀ ਹੀ ਇਹ ਤੱਥ ਸੰਦੇਹ ਮੁਕਤ ਵੇਖਿਆ ਜਾਂਦਾ ਹੈ : ਮਨੁੱਖ ਵਿਚ ਚਿੰਤਨਸ਼ੀਲ ਸਿਧਾਂਤ ਦਾ ਅਸਤਿਤਵ । ਚੇਤਨਾ ਦਾ ਅਸਤਿ ।

*ਕਾਰਤਾਵਾਦੀ ਦਰਸ਼ਨ*

ਸੁਧਾਰਾਂ ਦੇ ਯੁੱਗ ਵਿਚ ਆਤਮਗਤ ਸੱਚਾਈ ਉਤੇ ਵਿਸ਼ਵਾਸ ਅਤੇ ਵਿਅਕਤੀ ਦੀ ਸੱਤਾ ਦਾ ਜਿਸ ਜ਼ੋਰ-ਸ਼ੋਰ ਨਾਲ ਸਵਾਗਤ ਕੀਤਾ ਗਿਆ, ਉਹ ਹੀ ਕਾਰਤਾਵਾਦੀ ਦਰਸ਼ਨ ਦਾ ਆਧਾਰ ਬਣਿਆ ।

ਕਾਰਤਾਵਾਦੀ ਫਰਾਂਸੀਸੀ ਦਾਰਸ਼ਨਿਕ ਰੇਨੇ ਦਾ ਕਾਰਤ (1596-1650) ਅਤੇ ਉਸ ਦੇ ਦਰਸ਼ਨ ਨਾਲ ਸੰਬੰਧਿਤ ।

## ਪੰਨਾ 170 (105)

*ਨਵਾਂ ਯੁੱਗ*

ਸੁਧਾਰ ਕਾਲ ਦੇ ਬਾਅਦ, ਪੋਪ ਦੀ ਸੱਤਾ ਡਗਮਗਾ ਗਈ, ਅਤੇ ਸ਼ਾਸਨ ਤੇ ਜਨਤਾ (ਲੋਕੀਂ) ਦੋਨਾਂ ਦੇ ਦਿਮਾਗ ਆਜ਼ਾਦੀ ਦੀ ਲਹਿਰ ਵਿਚ ਰੰਗੇ ਜਾਣ ਲੱਗੇ । ਲੇਕਿਨ ਇਕ ਭੰਬਲਭੂਸੇ ਦੀ ਸਥਿਤੀ ਵੀ ਪੈਦਾ ਹੋ ਗਈ । ਇਸ ਨਵੀਂ ਸਥਿਤੀ ਨਾਲ ਨਜਿੱਠਣ ਦੇ ਵਾਸਤੇ ਬਥੇਰੇ ਚਿੰਤਕਾਂ ਨੇ ਰਾਜ ਦੇ ਸਵਾਲ ਬਾਰੇ ਸੋਚਣਾ ਆਰੰਭ ਕਰ ਦਿੱਤਾ । ਚਿੰਤਨ ਦੀਆਂ ਵਿਭਿੰਨ ਸ਼ਾਖਾਵਾਂ ਉੱਠ ਖੜ੍ਹੀਆਂ ਹੋਈਆਂ ।

*ਮੈਕਿਆਵੇਲੀ*

*ਮੈਕਿਆਵੇਲੀ*—ਇਸ ਮਸ਼ਹੂਰ ਇਤਾਲਵੀ ਵਿਚਾਰਕ ਨੇ ਸਰਕਾਰ ਦੇ ਗਣਤੰਤਰਿਕ ਸਰੂਪ ਨੂੰ ਸਰਵੋਤਮ ਮੰਨਿਆ, ਪਰੰਤੂ ਸਰਕਾਰ ਦੇ ਇਸ ਰੂਪ ਦੇ ਸਥਾਈਪਣ ਬਾਰੇ ਸੰਦੇਹ ਹੋਣ ਦੇ ਕਾਰਣ, ਉਸ ਨੇ ਇਕ ਸ਼ਕਤੀਸ਼ਾਲੀ ਰਾਜ ਤੰਤਰਾਮਕ ਸ਼ਾਸਨ ਨੂੰ ਸੁਰੱਖਿਅਤ ਰੱਖਣ ਦੇ ਸਿਧਾਂਤ ਦਾ ਵੀ ਨਿਰੂਪਣ ਕੀਤਾ ਅਤੇ ਇਸੇ ਨਾਤੇ ਉਸ ਨੇ 'ਦਾ ਪ੍ਰਿੰਸ' ਦੀ ਰਚਨਾ ਕੀਤੀ ।

ਇਕ ਕੇਂਦਰੀਕ੍ਰਿਤ ਸਰਕਾਰ ਦੀ ਉਸ ਦੀ ਹਮਾਇਤ ਦਾ ਯੂਰਪ ਦੇ ਰਾਜਨੀਤਕ ਸਿਧਾਂਤ ਅਤੇ ਵਿਵਹਾਰ ਉਤੇ ਭਾਰੀ ਪ੍ਰਭਾਵ ਪਿਆ।

ਮੈਕਿਆਵਲੀ ਸੰਭਾਵਤ ਪਹਿਲਾ ਲੇਖਕ ਸੀ ਜਿਸ ਨੇ ਇਕਦਮ ਧਰਮ ਨਿਰਪੱਖ ਦ੍ਰਿਸ਼ਟੀਕੋਣ 'ਰਾਜਨੀਤੀ' ਬਾਰੇ ਵਿਚਾਰ ਕੀਤਾ।

*ਹੋਰ ਵਿਚਾਰਕ*

*ਇਕਰਾਰ ਅਤੇ ਸਮਝੌਤਾ*

ਹੋਰ ਵਿਚਾਰਕਾਂ ਵਿਚੋਂ ਜ਼ਿਆਦਾਤਰ ਨੇ ਇਕਰਾਰ ਜਾਂ ਸਮਝੌਤੇ ਦੇ ਸਿਧਾਂਤ ਦਾ ਸਮਰਥਨ ਕੀਤਾ। ਰੋਮਨ ਕਾਨੂੰਨ ਵਿਚ (ਇਕਰਾਰ) ਵਿਅਕਤੀਆਂ ਦੇ ਵਿਚ ਇਕ ਸਹਿਮਤੀ ਦਾ ਸਿੱਟਾ ਹੋਇਆ ਕਰਦਾ ਸੀ ਅਤੇ ਇਸ ਦਾ ਘੇਰਾ ਸਮਝੌਤੇ ਨਾਲੋਂ ਛੋਟਾ ਹੋਇਆ ਕਰਦਾ ਸੀ। ਜਦੋਂ ਕਿ ਸਮਝੌਤਾ ਇਕਰਾਰ (ਜਾਂ ਇਕਰਾਰਨਾਮਾ) ਦੇ ਨਾਲ-ਨਾਲ ਇਕ ਲਾਜ਼ਮੀ ਫਰਜ਼ ਵੀ ਹੁੰਦਾ ਸੀ।

ਅਜਿਹੇ ਵਿਚਾਰਕਾਂ ਦੇ ਦੋ ਵੱਖ-ਵੱਖ ਸੰਪ੍ਰਦਾਇ ਸਨ। ਪਹਿਲੀ ਕਿਸਮ ਦਾ ਸੰਪ੍ਰਦਾਇ ਈਸ਼ਵਰ (ਰੱਬ) ਅਤੇ ਮਨੁੱਖ ਦੇ ਵਿਚਕਾਰ ਇਕਰਾਰ ਦੀ ਯਹੂਦੀ ਧਾਰਨਾ ਉੱਪਰ ਆਧਾਰਿਤ ਸਿਧਾਂਤ ਦਾ ਪ੍ਰਤੀਪਾਦਨ ਕਰਦਾ ਸੀ, ਜੋ ਸਮਝੌਤੇ ਦੀ ਰੋਮਨ ਧਾਰਨਾ ਨਾਲ ਸਮਰਪਿਤ ਸੀ। ਇਹ ਸਰਕਾਰ ਅਤੇ ਲੋਕਾਂ ਦੇ ਵਿਚ ਇਕ ਅਣਲਿਖਤ ਸਮਝੌਤੇ ਦਾ ਪ੍ਰਤੀਪਾਦਨ ਕਰਦਾ ਸੀ।

ਦੂਜਾ ਜਾਂ ਆਧੁਨਿਕ ਕਿਸਮ ਦਾ ਸੰਪ੍ਰਦਾਇ ਵਿਅਕਤੀਆਂ ਦੇ ਵਿਚਕਾਰ ਇਕ ਇਕਰਾਰ ਦੇ ਜ਼ਰੀਏ ਰਾਜਨੀਤਕ ਸਮਾਜ ਦੀ ਸੰਸਥਾਵੱਧਤਾ (ਸੰਗਠਨ) ਨਾਲ ਸੰਬੰਧਤ ਹੈ। ਚਿੰਤਨ ਦੀ ਇਸ ਸ਼ਾਖਾ ਦੇ ਪ੍ਰਮੁੱਖ ਵਿਚਾਰਕ ਹੂਕਰੇ, ਹੋਬਸ, ਲਾਕ ਅਤੇ ਰੂਸੋ ਹੋਏ ਹਨ।

*ਲੋਕ-ਸੁਤੰਤਰਤਾ ਦੇ ਹਿਮਾਇਤੀ*

*ਹਊਜ਼ਿਨਾਤ*

1. ਵਿਡਿਸਏ ਕੋਂਟਾ ਟਾਇਰੈਂਨਸ (1576) ਹਊਜ਼ਿਨਾਤ ਲੈਂਗੁਏਤ ਦੀ ਰਚਨਾ ਵਿਚ ਦਲੀਲ ਦਿੱਤੀ ਗਈ ਸੀ ਕਿ ਰਾਜਾ ਆਪਣੀ ਸੱਤਾ ਲੋਕਾਂ ਦੀ ਇੱਛਾ ਤੋਂ ਪ੍ਰਾਪਤ ਕਰੇ, ਅਤੇ ਕਿ ਜੇ ਰਾਜਾ ਕਾਨੂੰਨਾਂ ਦੇ ਪਰਿਪਾਲਣ ਵਿਚ ਉਸ ਇਕਰਾਰ ਨੂੰ ਭੰਗ ਕਰੇ, ਜੋ ਉਸ ਦੇ ਅਤੇ ਲੋਕਾਂ ਦੇ ਵਿਚ ਸੰਯੁਕਤ ਤੌਰ ਤੇ ਰਾਜਸ਼ਾਹੀ ਦੀ ਸਥਾਪਨਾ ਦੇ ਸਮੇਂ ਕੀਤਾ ਗਿਆ ਹੁੰਦਾ ਹੈ, ਤਾਂ ਲੋਕੀਂ ਵੀ ਰਾਜ ਪ੍ਰਤੀ ਵਫ਼ਾਦਾਰੀ ਤੋਂ ਸੁਤੰਤਰ ਹੋ ਜਾਣਗੇ।

2. ਬੁਕਾਨਨ ਦਾ ਵੀ ਇਹੋ ਕਹਿਣਾ ਸੀ ਕਿ ਰਾਜਾ ਅਤੇ ਜਨਤਾ (ਲੋਕੀ) ਇਕ ਪੈਕਟ (ਸਮਝੌਤੇ) ਦੇ ਤਹਿਤ ਵਚਨਬੱਧ ਹੁੰਦੇ ਹਨ ਅਤੇ ਕਿ ਜੇ ਰਾਜਾ ਇਸ ਨੂੰ ਭੰਗ ਕਰ ਦੇਵੇ, ਤਾਂ ਉਹ ਆਪਣੇ ਅਧਿਕਾਰ ਵੀ ਗੁਆ ਦਿੰਦਾ ਹੈ।

**ਪੰਨਾ 171 (106)**

*ਜੈਸੂਇਟ :*

3. ਇੱਥੋਂ ਤਕ ਕਿ ਜੈਸੂਇਟ ਬੇਲਾਰਮਿਕ ਅਤੇ ਮਾਰਏਨਾ ਦੀ ਵੀ ਇਹੋ ਹੀ ਦਲੀਲ ਸੀ ਕਿ ਰਾਜਾ ਆਪਣੀ ਸੱਤਾ ਲੋਕਾਂ ਤੋਂ ਹਾਸਲ ਕਰੇ, ਪਰੰਤੂ ਪੋਪ ਦੇ ਅਧੀਨ ਰਹੇ।

ਰਾਜਾ ਜੇਮਜ਼ ਪਹਿਲਾ (1609) : ਜੇਮਜ਼ ਪਹਿਲੇ ਨੇ ਇਸ ਸਿਧਾਂਤ ਨੂੰ, 1609 ਵਿਚ, ਸੰਸਦ ਅੰਦਰ ਇਕ ਭਾਸ਼ਣ ਦਿੰਦਿਆਂ ਇਹ ਆਖ ਕੇ ਸਵੀਕਾਰ ਕੀਤਾ ਕਿ, "ਇਕ ਸਥਾਪਤ ਰਾਜ ਦਾ ਹਰ ਇਕ ਇਨਸਾਫ਼ਪਸੰਦ ਰਾਜਾ ਇਹ ਵੇਖਣ ਲਈ ਵਚਨਬੱਧ ਹੈ (ਜ਼ਿੰਮੇਵਾਰ ਹੈ) ਕਿ ਉਸ ਦੀ ਸਰਕਾਰ ਦੇ ਗਠਨ ਵਿਚ, ਲੋਕਾਂ ਦੇ ਨਾਲ ਉਸ ਦੇ ਕਾਨੂੰਨਾਂ ਦੇ ਤਹਿਤ ਜੋ ਪੈਕਟ (ਸਮਝੌਤਾ) ਕੀਤਾ ਜਾਂਦਾ ਹੈ, ਉਹ ਲੋਕਾਂ ਨੂੰ ਮਨਜ਼ੂਰ ਵੀ ਹੋਵੇ।"

*ਕਨਵੈਨਸ਼ਨ ਪਾਰਲੀਮੈਂਟ (1688) :* ਕਨਵੈਨਸ਼ਨ ਪਾਰਲੀਮੈਂਟ ਨੇ 1688 ਵਿਚ ਘੋਸ਼ਣਾ ਕੀਤੀ ਕਿ ਜੇਮਜ਼ ਦੂਜਾ ਨੂੰ ਰਾਜਾ ਅਤੇ ਜਨਤਾ ਦੇ ਵਿਚਕਾਰ ਮੂਲ ਸਮਝੌਤੇ ਨੂੰ ਤੋੜ ਕੇ ਸੰਵਿਧਾਨ ਨੂੰ ਉਲਟਣ ਦੀ ਕੋਸ਼ਿਸ਼ ਕਰਨ ਦੇ ਕਾਰਣ ਸਿੰਘਾਸਨ ਖਾਲੀ ਕਰ ਦੇਣਾ ਪਿਆ।

*ਬੋਦੇ (1586) :* ਆਧੁਨਿਕ ਕਾਲ ਦੇ ਪਹਿਲੇ ਸੰਪੂਰਣ ਰਾਜਨੀਤਕ ਦਾਰਸ਼ਨਿਕ ਅਤੇ 'ਰਿਪਬਲਿਕ' (1577) ਅਤੇ 1586) ਲੇਖਕ ਬੋਦਿਨ ਦਾ ਕਹਿਣਾ ਹੈ ਕਿ "ਸਮਝੌਤਾ ਨਹੀਂ ਬਲਕਿ ਤਾਕਤ ਤੋਂ ਗਣਰਾਜ ਦੀ ਉਤਪਤੀ ਹੋਈ ਹੈ।" ਆਦਿਕਾਲੀਨ ਪਿੱਤਰ ਸੱਤਾਤਮਕ ਸਰਕਾਰਾਂ ਨੂੰ ਜਿੱਤ ਕੇ ਜੜ੍ਹੋਂ ਪੁੱਟ ਸੁੱਟਿਆ ਗਿਆ, ਅਤੇ ਇਸ ਤਰ੍ਹਾਂ, ਪ੍ਰਾਕ੍ਰਿਤਕ (ਸੁਭਾਵਿਕ) ਸੁਤੰਤਰਤਾ ਦਾ ਅੰਤ ਕਰ ਦਿੱਤਾ ਗਿਆ।

ਉਸ ਦੇ ਵਿਚਾਰ ਤੋਂ, "ਪ੍ਰਭੂਸੱਤਾ ਨਾਗਰਿਕਾਂ ਦੇ ਉਤੇ ਸਰਵਉੱਚ ਸੱਤਾ ਹੈ।" ਉਹ ਮੰਨਦਾ ਸੀ ਕਿ, "ਪ੍ਰਭੂਸੱਤਾ ਸੁਤੰਤਰ, ਅਖੰਡ, ਸਥਾਈ, ਅਬਦਲ ਅਤੇ ਨਿਰਪੱਖ ਸੱਤਾ ਹੈ।" ਉਸ ਨੇ ਪ੍ਰਭੂਸੱਤਾ ਦੀ ਆਪਣੀ ਧਾਰਨਾ ਅਤੇ ਉਸ ਸਮੇਂ ਦੀ ਮੌਜੂਦ ਰਾਜਸ਼ਾਹੀ ਦੇ ਵਿਚਕਾਰ ਘਾਲ-ਮੇਲ ਕਰ ਦਿੱਤਾ।

*ਅਲਥੂਸੀਅਸ (1557-1638) :* ਉਹ ਸਪੱਸ਼ਟ ਰੂਪ ਵਿਚ ਆਖਣ ਦੇ ਵਾਸਤੇ ਜਾਣਿਆ ਜਾਂਦਾ ਹੈ ਕਿ ਪ੍ਰਭੂਸੱਤਾ ਇਕ ਮਾਤਰ ਲੋਕਾਂ ਵਿਚ ਹੀ ਨਿਹਿਤ ਹੁੰਦੀ ਹੈ। ਰਾਜਾ ਸਿਰਫ਼ ਉਸ ਦਾ ਮੈਜਿਸਟ੍ਰੇਟ ਜਾਂ ਪ੍ਰਸ਼ਾਸਨ ਭਰ ਹੁੰਦਾ ਹੈ, ਅਤੇ ਕਿ ਸਮੁਦਾਇ ਦਾ ਪ੍ਰਭੂਸੱਤਾ ਦਾ ਅਧਿਕਾਰ ਅਬਦਲ ਹੁੰਦਾ ਹੈ।

*ਗ੍ਰੋਟਿਅਸ (1625)* : ਆਪਣੀ ਰਚਨਾ "ਡੀ ਜੀਉਰੇ ਬੇਲੀ ਈਟ ਪੇਰਿਸ" (1628) ਵਿਚ ਗ੍ਰੋਸ਼ੀਅਸ ਕਹਿੰਦਾ ਹੈ ਕਿ ਮਨੁੱਖ ਦੇ ਅੰਦਰ ਇਕ ਸ਼ਾਂਤੀਪ੍ਰਿਯ ਅਤੇ ਵਿਵਸਥਿਤ ਸਮਾਜ ਦੀ ਪ੍ਰਬਲ ਇੱਛਾ ਹੁੰਦੀ ਹੈ । ਲੇਕਿਨ ਉਹ ਅ-ਪ੍ਰਤਿਰੋਧ ਦਾ ਸਿਧਾਂਤ ਵਿਕਸਤ ਕਰਦਾ ਹੈ ਅਤੇ ਇਸ ਗੱਲ ਤੋਂ ਇਨਕਾਰ ਕਰਦਾ ਹੈ ਕਿ ਲੋਕ ਹਮੇਸ਼ਾ ਅਤੇ ਹਰ ਜਗ੍ਹਾ ਪ੍ਰਭੂਸੱਤਾ ਸੰਪੰਨ ਹੁੰਦੇ ਹਨ ਜਾਂ ਇਹ ਕਿ ਸਾਰੀਆਂ ਸਰਕਾਰਾਂ ਸ਼ਾਸਿਤਾਂ ਦੇ ਵਾਸਤੇ ਗਠਿਤ ਹੁੰਦੀਆਂ ਹਨ । ਪ੍ਰਭੂਸੱਤਾ ਜਾਂ ਤਾਂ ਜਿੱਤ ਨਾਲ ਮਿਲਦੀ ਹੈ ਜਾਂ ਸਹਿਮਤੀ ਨਾਲ, ਪਰੰਤੂ ਉਹ ਇਸ ਧਾਰਨਾ ਉਤੇ ਜ਼ੋਰ ਦਿੰਦਾ ਹੈ ਕਿ ਪ੍ਰਭੂਸੱਤਾ ਅਵੰਡ ਸੱਤਾ ਹੈ ।

*ਹੂਕਰ* : ਉਹ ਆਪਣੀ ਰਚਨਾ 'ਇੰਟਰਨੈਸ਼ਨਲ ਪਾਲਿਟੀ' ਖੰਡ-I (1592-93) ਵਿਚ ਪ੍ਰਕਿਰਤੀ ਦੀ ਇਕ ਅਜਿਹੀ ਮੌਲਿਕ ਦਿਸ਼ਾ ਨੂੰ ਸਵੀਕਾਰ ਕਰਦਾ ਹੈ ਜਿਸ ਵਿਚ ਸਾਰੇ ਮਨੁੱਖ ਬਰਾਬਰ ਸਨ ਅਤੇ ਕਿਸੇ ਵੀ ਕਾਨੂੰਨ ਦੇ ਮੁਤੈਹਤ ਨਹੀਂ ਸਨ । ਮਨੁੱਖੀ ਗੌਰਵ ਦੇ ਅਨੁਕੂਲ ਜੀਵਨ ਦੀ ਇੱਛਾ ਅਤੇ ਇਕੱਲਾਪਣ ਦੇ ਪ੍ਰਤੀ ਅਰੁਚੀ ਨੇ ਉਨ੍ਹਾਂ ਨੂੰ 'ਰਾਜਨੀਤਕ ਸਮਾਜਾਂ' ਵਿਚ ਇਕਜੁੱਟ ਹੋਣ ਵਾਸਤੇ ਪ੍ਰੇਰਿਤ ਕੀਤਾ । 'ਪ੍ਰਾਕ੍ਰਿਤਕ ਰੁਝਾਣ' ਅਤੇ ਇਕੱਠੇ ਜੀਵਨ ਜਿਉਣ (ਗੁਜ਼ਾਰਨ) ਦੀ ਉਨ੍ਹਾਂ ਦੀ ਇਕਵੱਧਤਾ ਦੇ ਤੌਰ-ਤਰੀਕਿਆਂ ਬਾਰੇ ਪ੍ਰਤੱਖ ਜਾਂ ਗੁਪਤ ਸਹਿਮਤੀ ਨਾਲ ਚੱਲਣ ਵਾਲੀ ਵਿਵਸਥਾ ਹੀ ਵਰਤਮਾਨ 'ਰਾਜਨੀਤਕ ਸਾਮਾਜਾਂ' ਦੇ ਦੋ ਬੁਨਿਆਦੀ ਆਧਾਰ ਬਣੇ । ਇਨ੍ਹਾਂ ਵਿਚੋਂ ਦੂਜੇ ਆਧਾਰ ਨੂੰ ਅਸੀਂ 'ਜਨਹਿੱਤ ਦੇ ਕਾਨੂੰਨ' ਆਖਦੇ ਹਾਂ ।

## ਪੰਨਾ 172 (107)

*ਰਾਜ ਦੀ ਉਤਪਤੀ*

*ਪ੍ਰਭੂਸੱਤਾ : ਕਾਨੂੰਨ ਸੱਤਾ ਦਾ ਕਾਰਜਪਾਲਕਾ ਉੱਤੇ ਵੀ ਕੰਟਰੋਲ :*

"ਸਾਰੀਆਂ ਆਪਸੀ ਸ਼ਿਕਾਇਤਾਂ, ਨੁਕਸਾਨਾਂ ਅਤੇ ਗ਼ਲਤੀਆਂ ਨੂੰ ਦੂਰ ਕਰਨ ਦੇ ਵਾਸਤੇ ਇਕ ਮਾਤਰ ਤਰੀਕਾ ਕਿਸੇ ਕਿਸਮ ਦੀ ਸਰਕਾਰ, ਜਾਂ ਸਰਵ-ਪ੍ਰਵਾਨਤ ਨਿਆਂਕਰਤਾ ਦੀ ਵਿਵਸਥਾ ਕਰਨਾ ਹੀ ਸੀ ।"

ਉਹ ਇਸ ਗੱਲ ਤੇ ਅਰਸਤੂ ਨਾਲ ਸਹਿਮਤ ਸੀ ਕਿ ਸਰਕਾਰ ਦੀ ਉਤਪਤੀ ਰਾਜਤੰਤਰ ਤੋਂ ਹੋਈ । ਲੇਕਿਨ ਉਹ ਇਹ ਵੀ ਕਹਿੰਦਾ ਸੀ ਕਿ, "ਕਾਨੂੰਨ ਸਿਰਫ਼ ਭਲਾਈ ਜਾਂ ਕਲਿਆਣ ਦੀ ਸਿੱਖਿਆ ਹੀ ਨਹੀਂ ਦਿੰਦੇ, ਬਲਕਿ ਵਰਜਣਕਾਰੀ ਸ਼ਕਤੀ ਵੀ ਰੱਖਦੇ ਹਨ, ਜੋ ਸ਼ਾਸਿਤਾਂ ਦੀ ਸਹਿਮਤੀ ਨਾਲ ਪ੍ਰਾਪਤ ਹੁੰਦੀ ਹੈ, ਅਤੇ ਜਿਹੜੀ ਜਾਂ ਤਾਂ ਵਿਅਕਤੀਗਤ ਤੌਰ ਤੇ ਜਾਂ ਪ੍ਰਤੀਨਿਧੀਆਂ (ਨੁਮਾਇੰਦਿਆਂ) ਦੇ ਮਾਰਫ਼ਤ ਪ੍ਰਦਰਸ਼ਿਤ ਹੁੰਦੀ ਹੈ ।"

"ਕਾਨੂੰਨ ਚਾਹੇ ਜਿਸ ਕਿਸੇ ਵੀ ਕਿਸਮ ਦੇ ਮਨੁੱਖਾਂ ਦੇ ਵਾਸਤੇ ਹੋਣ, ਉਹ ਉਨ੍ਹਾਂ ਦੀ ਰਜ਼ਾਮੰਦੀ ਨਾਲ ਹੀ ਉਪਲਬੱਧ (ਅਰਥਾਤ ਉਚਿਤ) ਹੁੰਦੇ ਹਨ ।"

"ਉਹ ਕਾਨੂੰਨ ਕਾਨੂੰਨ ਨਹੀਂ ਹਨ ਜਿਹੜੇ ਲੋਕਾਂ ਦੀ ਸਹਿਮਤੀ (ਅਨੁਮੋਦਨ) ਨਾਲ ਨਹੀਂ ਬਣਾਏ ਗਏ ਹੁੰਦੇ ਹਨ ।"

*ਲੋਕਾਂ ਦੀ ਪ੍ਰਭੂਸੱਤਾ*

"ਇਸ ਤਰ੍ਹਾਂ ਉਸ ਨੇ ਸਪੱਸ਼ਟ ਤੌਰ ਆਖਿਆ ਕਿ ਪ੍ਰਭੂਸੱਤਾ ਜਾਂ ਕਾਨੂੰਨ ਨਿਰਮਾਤ੍ਰੀ ਸੱਤਾ ਅੰਤ ਨੂੰ ਲੋਕਾਂ ਵਿਚ ਹੀ ਨਿਹਿਤ (ਵਿਦਮਾਨ) ਹੁੰਦੀ ਹੈ ।"

***1620 :***

ਮੇਫਲਾਅਰ (1620) ਤੇ ਸਵਾਰ 'ਪਿਲਹਾਰਿਮ ਫਾਦਰਜ਼' ਦੀ ਮਸ਼ਹੂਰ ਘੋਸ਼ਣਾ, "ਰੱਬ ਨੂੰ ਹਾਜ਼ਰ-ਨਾਜ਼ਰ ਜਾਣ ਕੇ ਅਸੀਂ ਸਾਰੇ ਇਕ ਦੂਜੇ ਇਕਰਾਰ ਦੀ ਘੋਸ਼ਣਾ ਕਰਦੇ ਹਾਂ ਅਤੇ ਆਪਣੇ ਆਪ ਨੂੰ ਇਕ ਨਾਗਰਿਕ ਰਾਜਨੀਤਕ ਸੰਗਠਨ ਦੇ ਰੂਪ ਵਿਚ ਇਕਜੁੱਟ (ਜਥੇਬੰਦ) ਕਰਦੇ ਹਾਂ ।"

***1647 :***

ਇੰਗਲੈਂਡ ਦੇ ਲੋਕਾਂ ਦਾ ਇਕਰਾਰ : ਇਕ ਪਾਸੇ ਪ੍ਰਸਿੱਧ ਪਊਟਰੀਨ ਦਸਤਾਵੇਜ਼, ਜੋ ਆਰਮੀ ਆਫ਼ ਦਾ ਪਾਰਲੀਮੈਂਟ (1647) ਤੋਂ ਪਾਸ ਹੋਇਆ, ਸੋਚ ਦੀ ਇਸ ਪ੍ਰਵਿਰਤੀ ਦਾ ਸੰਕੇਤ ਦਿੰਦਾ ਹੈ ।

*ਮਿਲਟਨ*

***1649*** *(ਲੋਕਾਂ ਦੀ ਪ੍ਰਭੂਸੱਤਾ)*

ਆਪਣੀ ਰਚਨਾ 'ਟੈਨਓਰ ਆਫ਼ ਕਿੰਗਜ਼ ਐਂਡ ਮੈਜਿਸਟ੍ਰੇਟਸ' (1649) ਵਿਚ ਉਹ ਵੀ ਅਜਿਹੇ ਹੀ ਸਿਧਾਂਤਾਂ ਦਾ ਪ੍ਰਤੀਪਾਦਨ ਕਰਦਾ ਹੈ । ਉਹ ਦਾਅਵੇ ਦੇ ਨਾਲ ਕਹਿੰਦਾ ਹੈ ਕਿ, "ਸਾਰੇ ਮਨੁੱਖ ਕੁਦਰਤੀ ਤੌਰ ਤੇ ਸੁਤੰਤਰ ਹੀ ਪੈਦਾ ਹੋਏ ਸਨ ।" ਉਹ ਇਕ "ਆਮ ਸੰਘ ਦੇ ਰੂਪ ਵਿਚ ਇਕ ਦੂਜੇ ਨਾਲ ਬੰਨ੍ਹੇ ਜਾਣ ਦੇ ਵਾਸਤੇ ਇਸ ਕਰ ਕੇ ਸਹਿਮਤ ਹੋਏ ਕਿ ਉਹ ਇਕ ਦੂਜੇ ਨੂੰ ਨੁਕਸਾਨ ਪੁਚਾਉਣ ਤੋਂ ਬਚ ਸਕਣ ਅਤੇ ਇਕੱਠੇ ਮਿਲ ਕੇ ਉਹ ਕਿਸੇ ਵੀ ਚੀਜ਼ ਤੋਂ ਆਪਣਾ ਬਚਾਅ ਕਰ ਸਕਣ ਜੋ ਗੜਬੜ ਪੈਦਾ ਕਰਨ ਵਾਲੀ ਹੋਵੇ ਜਾਂ ਇਸ ਤਰ੍ਹਾਂ ਦੀ ਸਹਿਮਤੀ ਦੇ ਖ਼ਿਲਾਫ਼ ਜਾਂਦੀ ਹੋਵੇ । ਇਸ ਦੀ ਬਦੌਲਤ ਕਸਬੇ, ਨਗਰ ਅਤੇ ਰਾਜ ਹੋਂਦ ਵਿਚ ਆਏ । ਉਦੋਂ ਆਤਮ-ਰੱਖਿਆ ਅਤੇ ਸੁਰੱਖਿਆ ਦੀ ਇਹ ਅਧਿਕਾਰਤ ਸੱਤਾ ਜੋ ਬੁਨਿਆਦੀ ਤੌਰ ਤੇ ਉਨ੍ਹਾਂ ਵਿਚੋਂ ਹਰ ਇਕ ਦੇ ਅੰਦਰ ਅਤੇ ਸੰਯੁਕਤ ਰੂਪ ਤੋਂ ਸਾਰਿਆਂ ਵਿਚ ਮੌਜੂਦ ਸੀ, ਡਿਪਟੀਆਂ ਅਤੇ ਕਮਿਸ਼ਨਰਾਂ ਦੇ ਰੂਪ ਵਿਚ ਰਾਜਿਆਂ ਅਤੇ ਮੈਜਿਸਟ੍ਰੇਟਾਂ ਨੂੰ ਸੌਂਪ ਦਿੱਤੀ ਗਈ ।"

"ਰਾਜਿਆਂ ਅਤੇ ਮੈਜਿਸਟ੍ਰੇਟਾਂ ਦੀ ਸੱਤਾ ਹੋਰ ਕੁਝ ਵੀ ਨਹੀਂ ਹੈ, ਸਿਵਾਏ ਇਸ ਦੇ ਕਿ ਇਹ ਸਿਰਫ਼ ਉਨ੍ਹਾਂ ਨੂੰ ਲੋਕਾਂ ਵੱਲੋਂ ਸਭ ਦੇ ਕਲਿਆਣ ਦੇ ਭਰੋਸੇ ਨਾਲ ਪ੍ਰਦਾਨਿਤ, ਹਸਤਾਂਤਰਿਤ ਅਤੇ ਸੌਂਪੀ ਗਈ ਸੱਤਾ ਹੈ, ਜੋ ਅਜੇ ਵੀ ਬੁਨਿਆਦੀ ਤੌਰ ਤੇ ਉਨ੍ਹਾਂ ਵਿਚ (ਯਾਨੀ ਲੋਕਾਂ ਵਿਚ—ਸੰ.) ਵਿਦਮਾਨ ਹੁੰਦੀ ਹੈ ਅਤੇ ਜੋ ਉਸ ਦੇ ਸੁਭਾਵਿਕ ਜਨਮ-ਸਿੱਧ ਅਧਿਕਾਰ ਦੀ ਉਲੰਘਣਾ ਕੀਤੇ ਬਗ਼ੈਰ ਖੋਹੀ ਨਹੀਂ ਜਾ ਸਕਦੀ। ਇਸ ਲਈ ਰਾਸ਼ਟਰ ਰਾਜਿਆਂ ਨੂੰ ਚੁਣ ਜਾਂ ਹਟਾ ਸਕਦੇ ਹਨ, ਸੁਤੰਤਰ ਜਨਮ ਮਨੁੱਖ ਦੇ ਮਹਿਜ਼ ਇਸ ਅਧਿਕਾਰ ਅਤੇ ਸੁਤੰਤਰਤਾ ਦੇ ਆਧਾਰ ਤੇ ਕਿ ਉਹ ਕਿਨ੍ਹਾਂ ਤੋਂ ਸ਼ਾਸਿਤ ਹੋਣਾ ਸਰਵੋਤਮ ਸਮਝਦੇ ਹਨ।"

## ਪੰਨਾ 173 (108)

*ਰਾਜਿਆਂ ਦੇ ਦੈਵੀ ਅਧਿਕਾਰਾਂ ਦਾ ਸਿਧਾਂਤ*

*ਪਿੱਤਰ-ਸੱਤਾਤਮਕ ਸਿਧਾਂਤ*

ਏਸੇ ਯੁੱਗ ਵਿਚ ਜਿੱਥੇ ਬਹੁਤ ਸਾਰੇ ਵਿਚਾਰਕ 'ਲੋਕਾਂ ਦੀ ਪ੍ਰਭੂਸੱਤਾ' ਦੇ ਇਨ੍ਹਾਂ ਸਿੱਧਾਂਤਾਂ ਦੀ ਇਸ ਤਰ੍ਹਾਂ ਪ੍ਰਤੀਪਾਦਨ ਕਰਨ ਵਿਚ ਲੱਗੇ ਹੋਏ ਸਨ, ਉਥੇ ਦੂਜੇ ਹੋਰ ਸਿਧਾਂਤਕਾਰ ਵੀ ਸਨ, ਜਿਹੜੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਰਾਜ ਵੱਡ-ਆਕਾਰੀ ਟੱਬਰ (ਪਰਿਵਾਰ) ਹੀ ਹਨ, ਜਿਨ੍ਹਾਂ ਵਿਚ ਇਹ ਕੁਟੰਬ (ਟੱਬਰ) ਦੇ ਮੁਖੀ ਦੀ ਪੈਤ੍ਰਕ ਸੱਤਾ, ਜੇਠਾ ਕ੍ਰਮ ਦੀ ਵੰਸ-ਪਰੰਪਰਾ ਵਿਚ ਪੂਰਵਵਰਤੀ ਖ਼ੁਦਮੁਖਤਿਆਰ ਸ਼ਾਸਕ ਦੇ ਉਸ ਪ੍ਰਤੀਨਿਧੀ ਨੂੰ ਹਸਤਾਂਤਰਿਤ ਕਰ ਦਿੱਤੀ ਜਾਂਦੀ ਹੈ ਜੋ ਕਿਸੇ ਰਾਸ਼ਟਰ ਤੇ ਸ਼ਾਸਨ ਕਰਨ ਵਿਚ ਯੋਗ ਸਿੱਧ ਹੋ ਸਕੀ। ਇਸ ਲਈ ਰਾਜਸ਼ਾਹੀ ਨੂੰ ਇਕ ਅਜਿੱਤ ਅਧਿਕਾਰ ਦੇ ਆਧਾਰਤ ਮੰਨਿਆ ਗਿਆ ਅਤੇ ਰਾਜਾ ਨੂੰ ਕੇਵਲ ਈਸ਼ਵਰ ਦੇ ਪ੍ਰਤੀ ਹੀ ਉੱਤਰਦਾਈ (ਜਵਾਬਦੇਹ) ਠਹਿਰਾਇਆ ਗਿਆ। ਏਸੇ ਨੂੰ ਹੀ "ਰਾਜਿਆਂ ਦੇ ਦੈਵੀ ਅਧਿਕਾਰ" ਕਿਹਾ ਗਿਆ ਹੈ। ਇਸੇ ਨੂੰ ਹੀ "ਪਿੱਤਰ-ਸੱਤਾਤਮਕ ਸਿਧਾਂਤ" ਆਖਿਆ ਗਿਆ।

*ਥਾਮਸ ਹੋਬਸ :*

**1642-1650-1651** ਵਿਚ ਲਿਖੀਆਂ ਗਈਆਂ ਆਪਣੀਆਂ ਵਿਭਿੰਨ ਰਚਨਾਵਾਂ ਵਿਚ ਉਸ ਨੇ ਖ਼ੁਦਮੁਖਤਿਆਰ ਸ਼ਾਸਕ ਦੀ ਅਸੀਮਤ ਸੱਤਾ ਦੇ ਸਿਧਾਂਤ ਨੂੰ ਲੋਕਾਂ ਦੇ ਆਰੰਭਿਕ ਇਕਰਾਰ ਦੇ ਵਿਰੋਧੀ ਸਿਧਾਂਤ ਦੇ ਨਾਲ ਇਕੱਠਾ ਕਰ ਦਿੱਤਾ। ਪਰੰਤੂ ਨਿਰੰਕੁਸ਼ਵਾਦ (ਤਾਨਾਸ਼ਾਹੀ) ਅਵਾਕ ਜੀ-ਹਜ਼ੂਰੀ ਦੇ ਪ੍ਰਤੀ ਹੋਬਸ ਦੀ ਪੱਖਬਾਜ਼ੀ ਧਰਮ ਸ਼ਾਸਤਰਕ ਨਾ ਹੋ ਕੇ, ਧਰਮ ਨਿਰਪੱਖ ਅਤੇ ਤਰਕਸੰਗਤ ਸੀ। ਉਹ ਸਮੁਦਾਇ (ਸਭ ਦੇ ਸਭ) ਦੇ ਸੁਖ ਨੂੰ ਸਰਕਾਰ ਦਾ ਮਹਾਨ ਉਦੇਸ਼ ਮੰਨਦਾ ਸੀ।

*(ਮਨੁੱਖ ਇਕ ਅਸਮਾਜਿਕ ਪ੍ਰਾਣੀ)*

ਹੋਬਸ ਦਾ ਦਰਸ਼ਨ ਸਿਨਿਕਾਵਾਦੀ ਹੈ। ਉਸ ਦੇ ਅਨੁਸਾਰ ਮਨੁੱਖ ਦੇ ਮਨੋਵੇਗ ਸੁਭਾਵਿਕ ਰੂਪ ਤੋਂ ਉਸ ਦੀ ਨਿੱਜੀ ਸੁਰੱਖਿਆ ਅਤੇ ਸੁੱਖ ਦੀ ਦਿਸ਼ਾ ਵਿਚ ਨਿਰਦੇਸ਼ਤ ਹੁੰਦੇ ਹਨ, ਅਤੇ ਉਨ੍ਹਾਂ ਦੀ ਪ੍ਰਾਪਤੀ ਦੇ ਇਲਾਵਾ ਹੋਰ ਕੋਈ ਉਦੇਸ਼ ਨਹੀਂ ਰੱਖਦਾ। ਇਸ ਲਈ ਮਨੁੱਖ ਪ੍ਰਕਿਰਤੀ ਪੱਖੋਂ ਇਕ ਅਸਮਾਜਿਕ ਪ੍ਰਾਣੀ ਹੈ। ਉਹ ਆਖਦਾ ਹੈ, "ਪ੍ਰਾਕ੍ਰਿਤਕ ਅਵਸਥਾ ਵਿਚ, ਹਰ ਇਕ ਆਦਮੀ ਆਪਣੇ ਵਰਗਿਆਂ ਨਾਲ ਯੁੱਧ ਕਰਦਾ ਰਹਿੰਦਾ ਸੀ ਅਤੇ ਹਰ ਇਕ ਦਾ ਜੀਵਨ ਖ਼ਤਰੇ ਵਿਚ, ਇਕੱਲਾ, ਬੇਸਹਾਰਾ, ਅਸੁਰੱਖਿਅਤ, ਪਸ਼ੂਵਤ ਅਤੇ ਥੋੜ੍ਹ-ਚਿਰਾ ਹੁੰਦਾ ਹੈ। ਇਸ ਕਿਸਮ ਦੇ ਜੀਵਨ ਦਾ ਭੈਅ ਹੀ ਉਸ ਨੂੰ ਰਾਜਨੀਤਕ ਏਕਤਾ ਵਿਚ ਬੰਨ੍ਹਣ ਦੇ ਵਾਸਤੇ ਬੇਵੱਸ ਕਰਦਾ ਹੈ।"

(ਲਗਾਤਾਰ ਖ਼ਤਰਾ ਉਨ੍ਹਾਂ ਨੂੰ ਰਾਜ ਗਠਿਤ ਕਰਨ ਲਈ ਬੇਵੱਸ ਕਰਦਾ ਹੈ।)

ਕਿਉਂਕਿ ਸਿਰਫ ਪੈਕਟ ਕੰਮ ਨਹੀਂ ਕਰ ਦਿੰਦਾ, ਇਸ ਵਾਸਤੇ 'ਇਕ ਸਰਵਉੱਚ ਪ੍ਰਵਾਨਿਤ ਸੱਤਾ'—'ਸਰਕਾਰ' ਦੀ ਸਥਾਪਨਾ।

'ਜਿੱਤ' ਜਾਂ 'ਧਿੰਗੋਜ਼ੋਰੀ ਕਬਜ਼ਾ' ਅਤੇ 'ਸੰਸਥਾ ਵੱਧਤਾ' ਸਾਰੇ ਰਾਜਾਂ ਦਾ ਇਕ ਮਾਤਰ ਆਧਾਰ)

ਸਮਾਜ ਦੀ ਸਥਾਪਨਾ 'ਅਧਿਗ੍ਰਹਿਣ' ਅਰਥਾਤ ਜਿੱਤ ਦੇ ਰਾਹੀਂ ਜਾਂ 'ਸੰਸਥਾਵੱਧਤਾ' ਰਾਹੀਂ ਮਸਲਨ ਪਰਸਪਰ ਸਮਝੌਤੇ ਜਾਂ ਇਕਰਾਰ ਦੁਆਰਾ ਹੁੰਦੀ ਹੈ। ਇਸ ਤਰ੍ਹਾਂ ਇਕ ਵਾਰ ਜਦੋਂ ਖ਼ੁਦਮੁਖ਼ਤਿਆਰ ਸੱਤਾ ਕਾਇਮ ਹੋ ਜਾਂਦੀ ਹੈ, ਤਾਂ ਸਾਰਿਆਂ ਵਾਸਤੇ ਇਸ ਦਾ ਆਗਿਆ-ਕਾਰੀ ਹੋਣਾ ਅਵੱਸ਼ਕ ਹੋ ਜਾਂਦਾ ਹੈ। ਇਸ ਤੋਂ ਬਗਾਵਤ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਖ਼ਤਮ ਕਰ ਦਿੱਤਾ ਜਾਣਾ ਚਾਹੀਦਾ ਹੈ। ਉਸ ਨੂੰ ਤਬਾਹ ਕਰ ਦਿੱਤਾ ਜਾਣਾ ਚਾਹੀਦਾ ਹੈ।

*(ਖ਼ੁਦਮੁਖ਼ਤਿਆਰ ਸੱਤਾ)*

ਉਹ ਕਾਨੂੰਨਘੜਨੀ, ਨਿਆਂਪਾਲਿਕਾ ਅਤੇ ਕਾਰਜਪਾਲਕਾ ਦੇ ਸਾਰੇ ਦੇ ਸਾਰੇ ਅਧਿਕਾਰ ਖ਼ੁਦਮੁਖ਼ਤਿਆਰ ਸ਼ਾਸਕ ਦੇ ਹਵਾਲੇ ਕਰ ਦਿੰਦਾ ਹੈ। ਉਹ ਲਿਖਦਾ ਹੈ, "ਪ੍ਰਭਾਵੀ ਹੋਣ ਦੇ ਵਾਸਤੇ ਖ਼ੁਦਮੁਖ਼ਤਿਆਰ ਸੱਤਾ ਨੂੰ ਨਿਸ਼ਚੇ ਹੀ ਅਸੀਮਤ, ਅਬਦਲ ਅਤੇ ਅਵੰਡ ਹੋਣਾ ਚਾਹੀਦਾ ਹੈ। ਬੇਸ਼ੱਕ ਸੱਤਾ ਗੜਬੜੀਆਂ ਨੂੰ ਜਨਮ ਦੇ ਸਕਦੀ ਹੈ, ਲੇਕਿਨ ਇਸ ਦਾ ਸਭ ਨਾਲੋਂ ਬੁਰਾ ਰੂਪ ਵੀ ਉਨੇਂ ਬੁਰਾ ਨਹੀਂ ਹੈ ਜਿੰਨਾ ਕਿ ਖਾਨਾਜੰਗੀ ਜਾਂ ਅਰਾਜਕਤਾ।

## ਪੰਨਾ 174 (109)

ਉਸ ਦੇ ਵਿਚਾਰ ਵਿਚ ਰਾਜਸ਼ਾਹੀ, ਕੁਲੀਨਤੰਤਰ ਜਾਂ ਲੋਕਤੰਤਰ ਵਿਚ ਵੀ ਸੱਤਾ ਲੈ ਕੇ ਕੋਈ ਅੰਤਰ ਨਹੀਂ ਹੈ। ਆਮ ਸ਼ਾਂਤੀ ਤੇ ਸੁਰੱਖਿਆ ਦੀ ਦਿਸ਼ਾ ਵਿਚ ਇਨ੍ਹਾਂ ਦੀਆਂ ਉਪਲੱਬਧੀਆਂ ਇਨ੍ਹਾਂ ਰਾਹੀਂ ਸ਼ਾਸਿਤ ਜਨਤਾ ਜਾਂ ਲੋਕਾਂ ਦੀ

ਆਗਿਆਕਾਰਿਤਾ ਉੱਪਰ ਨਿਰਭਰ ਕਰਦੀਆਂ ਹਨ। ਫਿਰ ਵੀ ਉਹ 'ਰਾਜਸ਼ਾਹੀ' ਨੂੰ ਹੀ ਵੱਧ ਪਸੰਦ ਕਰਦਾ ਹੈ। ਉਸ ਦੇ ਵਿਚਾਰ ਵਿਚ 'ਸੀਮਿਤ ਰਾਜਸ਼ਾਹੀ' ਹੀ ਸਰਵੋਤਮ ਹੈ। ਲੇਕਿਨ ਉਹ ਇਸ ਗੱਲ 'ਤੇ ਵੀ ਜ਼ੋਰ ਦਿੰਦਾ ਹੈ ਕਿ ਖ਼ੁਦਮੁਖਤਿਆਰ ਸ਼ਾਸਕ ਨੂੰ ਨਿਸ਼ਚੇ ਹੀ ਧਾਰਮਕ ਦੇ ਨਾਲ-ਨਾਲ ਨਾਗਰਿਕ ਮਾਮਲਿਆਂ ਦਾ ਵੀ ਨਿਰਮਾਣ ਕਰਨਾ ਚਾਹੀਦਾ ਹੈ, ਅਤੇ ਇਹ ਤਜਵੀਜ਼ ਵੀ ਕਰਨੀ ਚਾਹੀਦੀ ਹੈ ਕਿ ਕਿਹੜੇ ਸਿਧਾਂਤ ਸ਼ਾਂਤੀ-ਵਿਵਸਥਾ ਬਣਾਈ ਰੱਖਣ ਵਿਚ ਸਹਾਇਕ ਸਿੱਧ ਹੋ ਸਕਦੇ ਹਨ।

ਇਸ ਤਰ੍ਹਾਂ, ਉਹ ਪ੍ਰਭੂਸੱਤਾ ਦੇ ਇਕ ਸਪੱਸ਼ਟ ਅਤੇ ਜਾਇਜ਼ ਸਿਧਾਂਤ ਦੀ ਹਿਮਾਇਤ ਕਰਦਾ ਹੈ, ਲੇਕਿਨ ਇਸ ਦੇ ਨਾਲ ਹੀ ਉਹ ਰਾਜਾ ਜਾਂ ਸ਼ਾਸਕ ਪੈਦਾ ਕਰਨ ਦੇ ਵਾਸਤੇ ਸਮਾਜਕ ਸਮਝੌਤੇ ਦੀ ਕਲਪਨਾ ਨੂੰ ਵੀ ਬਰਕਰਾਰ ਰੱਖਦਾ ਹੈ।

*ਸਿਪਨੋਜ਼ਾ : (1677)*

*(ਮਨੁੱਖ ਦੀ ਅਸਮਾਜਿਕਤਾ)*

ਆਪਣੀ ਰਚਨਾ ਟ੍ਰੈਕਟੇਟਸ ਪਾਲਿਟਿਕਸ (1677), ਵਿਚ ਉਹ ਮੰਨਦਾ ਹੈ ਕਿ ਸ਼ੁਰੂ-ਸ਼ੁਰੂ ਵਿਚ ਮਨੁੱਖਾਂ ਦਾ ਸਾਰੀਆਂ ਚੀਜ਼ਾਂ ਉੱਪਰ ਬਰਾਬਰ ਅਧਿਕਾਰ ਸੀ, ਇਸ ਲਈ ਪ੍ਰਾਕ੍ਰਿਤਕ ਅਵਸਥਾ ਯੁੱਧ ਦੀ ਅਵਸਥਾ ਸੀ। ਮਨੁੱਖਾਂ ਨੇ ਆਪਣੇ ਵਿਵੇਕ ਤੋਂ ਪ੍ਰੇਰਿਤ ਹੋ ਕੇ ਆਪਣੀਆਂ ਸ਼ਕਤੀਆਂ ਨੂੰ ਨਾਗਰਿਕ ਸਰਕਾਰ ਦੀ ਸਥਾਪਨਾ ਲਈ ਇਕ ਜੁੱਟ ਕੀਤਾ। ਕਿਉਂਕਿ ਮਨੁੱਖਾਂ ਦੇ ਕੋਲ ਨਿਰੰਕੁਸ਼ ਸੱਤਾ ਸੀ, ਇਸ ਵਾਸਤੇ ਇਸ ਤਰ੍ਹਾਂ ਸਥਾਪਿਤ ਖ਼ੁਦਮੁਖਤਿਆਰ ਸੱਤਾ ਹੀ ਸੀ। ਉਸ ਦੇ ਵਿਚਾਰ ਵਿਚ 'ਅਧਿਕਾਰ' ਅਤੇ 'ਸੱਤਾ' ਇਕ ਬਰਾਬਰ ਹਨ। ਇਸ ਲਈ ਸੱਤਾ ਨਾਲ ਲੈਸ ਹੋ ਕੇ ਖ਼ੁਦਮੁਖਤਿਆਰ ਸ਼ਾਸਕ ਨੂੰ ਸਾਰੇ ਦੇ ਸਾਰੇ ਅਧਿਕਾਰ ਆਪਣੇ ਆਪ ਹੀ ਪ੍ਰਾਪਤ ਹੋ ਜਾਂਦੇ ਹਨ। ਇਸ ਤਰ੍ਹਾਂ ਉਹ ਨਿਰੰਕੁਸ਼ਵਾਦ ਦਾ ਸਮਰਥਨ ਕਰਦਾ ਹੈ।

*ਪੂਫੇਨਡੌਰ :*

*(ਲਾਅ ਆਫ਼ ਨੇਚਰ ਐਂਡ ਨੇਸ਼ਨਜ਼ 1672)*

ਉਸ ਦੇ ਵਿਚਾਰ ਵਿਚ, ਮਨੁੱਖ ਇਕ ਸਮਾਜਿਕ ਪ੍ਰਾਣੀ ਹੈ, ਜਿਹੜਾ ਟੱਬਰ ਅਤੇ ਸ਼ਾਂਤ-ਮਈ ਜੀਵਨ ਵੱਲ ਸੁਭਾਵਿਕ ਰੁਝਾਨ ਰੱਖਦਾ ਹੈ।

ਇਕ ਆਦਮੀ ਵਲੋਂ ਦੂਜੇ ਆਦਮੀ ਨੂੰ ਕੀਤੇ ਜਾ ਸਕਣ ਵਾਲੇ ਨੁਕਸਾਨਾਂ ਦਾ ਅਨੁਭਵ ਹੀ ਨਾਗਰਿਕ ਸਰਕਾਰ ਦੀ ਪ੍ਰੇਰਣਾ ਦਿੰਦਾ ਹੈ, ਜਿਹੜੀ ਇਸ ਤਰ੍ਹਾਂ ਗਠਿਤ ਹੁੰਦੀ ਹੈ।

1. ਇਕ ਕਾਮਨਵੈਲਥ ਗਠਿਤ ਕਰਨ ਵਾਸਤੇ ਕੁਝ ਲੋਕਾਂ ਦੇ ਵਿਚਾਰ ਇਕ ਸਰਬ-ਸੰਮਤ ਆਪਸੀ ਇਕਰਾਰ ਦੇ ਰਾਹੀਂ। 2. ਬਹੁਮਤ ਦੇ ਇਸ ਪ੍ਰਸਤਾਵ ਦੇ ਰਾਹੀਂ ਕਿ ਫਲਾਣੇ ਸ਼ਾਸਕ ਨੂੰ ਸੱਤਾ ਉੱਪਰ ਬਿਰਾਜਮਾਨ ਕੀਤਾ ਜਾਵੇ। 3. ਸਰਕਾਰ ਅਤੇ ਜਨਤਾ ਦੇ ਵਿਚਕਾਰ ਇਸ ਇਕਰਾਰ ਦੇ ਰਾਹੀਂ ਕਿ ਸਰਕਾਰ ਸ਼ਾਸਨ ਕਰੇ ਅਤੇ ਜਨਤਾ ਕਾਨੂੰਨ ਸੰਮਤ ਆਦੇਸ਼ਾਂ ਦੀ ਪਾਲਣਾ ਕਰੇ।

**ਪੰਨਾ 175 (110)**

*ਲੌਕ :*

*(ਨਾਗਰਿਕ ਸਰਕਾਰ ਦੇ ਦੋ ਸਿਧਾਂਤ-1690)*

"ਕਿਸੇ ਵੀ ਮਨੁੱਖ ਨੂੰ ਸ਼ਾਸਨ ਕਰਨ ਦਾ ਕੁਦਰਤੀ ਅਧਿਕਾਰ ਨਹੀਂ ਹੁੰਦਾ।"

ਉਹ ਪ੍ਰਾਕ੍ਰਿਤਕ (ਕੁਦਰਤੀ) ਅਵਸਥਾ ਦਾ ਯਾਨੀ ਸ਼ਾਸਨ ਕਰਨ ਦਾ ਅਧਿਕਾਰ ਅਤੇ ਖ਼ੁਦਮੁਖਤਿਆਰੀ ਦੇ ਮਾਮਲੇ ਵਿਚ ਸੁਤੰਤਰਤਾ ਅਤੇ ਸਮਾਨਤਾ (ਬਰਾਬਰੀ) ਵਾਲੀ ਇਕ ਅਜਿਹੀ ਅਵਸਥਾ ਦਾ ਚਿਤ੍ਰਣ ਕਰਦਾ ਹੈ ਜੋ ਸਿਰਫ਼ ਪ੍ਰਾਕ੍ਰਿਤਕ ਕਾਨੂੰਨ ਜਾਂ ਵਿਵੇਕ ਦੇ ਹੀ ਅਧੀਨ ਰਹੇ, ਜੋ ਲੋਕਾਂ ਨੂੰ ਇਕ ਦੂਜੇ ਦੇ ਜੀਵਨ, ਸਿਹਤ, ਆਜ਼ਾਦੀ ਅਤੇ ਮਲਕੀਅਤ ਦੇ ਅਧਿਕਾਰਾਂ ਦੇ ਮਾਮਲੇ ਵਿਚ ਨੁਕਸਾਨ ਕਰਨ ਤੋਂ ਰੋਕਦੇ ਹਨ। ਨਿਸ਼ੇਧ ਜਾਂ ਘਾਟਾ ਪੂਰਤੀ ਦੇ ਰੂਪ ਵਿਚ ਸਜ਼ਾ ਦੇਣ ਦਾ ਅਧਿਕਾਰ ਹਰ ਇਕ ਵਿਅਕਤੀ ਦੇ ਹੱਥ ਵਿਚ ਹੁੰਦਾ ਹੈ।

*ਪ੍ਰਾਕ੍ਰਿਤਕ ਅਵਸਥਾ*

"ਪ੍ਰਾਕ੍ਰਿਤਕ ਅਵਸਥਾ ਦਰਅਸਲ ਇਹ ਹੈ ਕਿ ਜਿਸ ਵਿਚ ਲੋਕ ਆਪਸ ਵਿਚ ਫ਼ੈਸਲਾ ਕਰਨ ਦੇ ਅਧਿਕਾਰ ਦੇ ਨਾਲ, ਬਿਨਾਂ ਕਿਸੇ ਇਕ ਸਰਵ-ਪ੍ਰਵਾਨਤ ਸ਼ਾਸਕ ਦੇ, ਸਮਝਦਾਰੀ ਦੇ ਨਾਲ ਇਕੱਠੇ ਰਹਿੰਦੇ ਸਨ।"

*ਨਿੱਜੀ ਸੰਪਤੀ*

"ਹਰ ਇਕ ਵਿਅਕਤੀ ਦਾ ਇਹ ਕੁਦਰਤੀ ਅਧਿਕਾਰ ਹੈ ਕਿ ਉਹ ਆਪਣੇ ਕੋਲ ਸੰਪਤੀ ਰੱਖੇ ਅਤੇ ਪ੍ਰਾਕ੍ਰਿਤਕ ਸਾਮੱਗਰੀ ਉੱਤੇ ਆਪਣੀ ਨਿੱਜੀ ਮਿਹਨਤ ਨਾਲ ਪ੍ਰਾਪਤ ਉਤਪਾਦ (ਪੈਦਾਵਾਰ) ਉੱਤੇ ਵੀ ਆਪਣਾ ਅਧਿਕਾਰ ਰੱਖੇ। ਇਕ ਆਦਮੀ ਜਿੰਨੀ ਭੋਇੰ ਵਾਹ, ਬੀਜ, ਸੁਧਾਰ ਸਕਦਾ ਹੈ ਅਤੇ ਖੇਤੀਬਾੜੀ ਦੇ ਕੰਮ ਵਿਚ ਲਿਆ ਸਕਦਾ ਹੈ ਅਤੇ ਉਸ ਤੋਂ ਪ੍ਰਾਪਤ ਜਿੰਨੀ ਪੈਦਾਵਾਰ ਇਸਤੇਮਾਲ ਵਿਚ ਲਿਆ ਸਕਦਾ ਹੈ, ਇਹ ਸਭ ਉਸ ਦੀ ਸੰਪਤੀ 'ਜਾਇਦਾਦ' ਹੈ।"

*ਜਾਇਦਾਦ ਅਤੇ ਨਾਗਰਿਕ ਸਮਾਜ*

ਉਸ ਦੇ ਅਨੁਸਾਰ 'ਸੰਪਤੀ' 'ਨਾਗਰਿਕ ਸਮਾਜ' ਦੀ ਪੂਰਵ-ਵਰਤੀ (ਅਗੇਤਰ) ਹੈ।

*ਨਾਗਰਿਕ ਸਮਾਜ ਦੀ ਉਤਪਤੀ*

ਲੇਕਿਨ ਅਜਿਹਾ ਲੱਗਦਾ ਹੈ ਕਿ ਲੋਕਾਂ ਨੂੰ ਕਿਸੇ ਕਿਸਮ ਦਾ ਖ਼ਤਰਾ ਅਤੇ ਭੈਅ ਰਹਿੰਦਾ ਸੀ ਅਤੇ ਇਸ ਵਾਸਤੇ ਉਨ੍ਹਾਂ ਨੇ ਨਾਗਰਿਕ ਸੁਤੰਤਰਤਾ ਦੇ ਪੱਖ ਵਿਚ, ਆਪਣੀ ਪ੍ਰਾਕ੍ਰਿਤਕ ਸੁਤੰਤਰਤਾ ਨੂੰ ਤਿਲਾਂਜਲੀ ਦੇ ਦਿੱਤੀ। ਸੰਖੇਪ ਵਿਚ ਅਵੱਸ਼ਕਤਾ ਸ਼ਮੂਲੀਅਤ ਅਤੇ ਰੁਝਾਨ ਨੇ ਲੋਕਾਂ ਨੂੰ ਸਮਾਜ ਵਿਚ ਇਕੱਠੇ ਹੋਣ ਲਈ ਬੇਵੱਸ (ਮਜਬੂਰ) ਕੀਤਾ।

*ਨਾਗਰਿਕ ਸਮਾਜ ਦੀ ਪਰਿਭਾਸ਼ਾ*

ਜੋ ਲੋਕ ਇਕ ਸੰਗਠਨ ਵਿਚ ਗਠਿਤ ਹੋ ਚੁੱਕੇ ਹੁੰਦੇ ਹਨ, ਅਤੇ ਜਿਨ੍ਹਾਂ ਦੇ ਕੋਲ ਇਕ ਅਜਿਹਾ ਸਰਬ-ਪ੍ਰਵਾਨਿਤ ਸਥਾਪਤ ਕਾਨੂੰਨ ਅਤੇ ਟ੍ਰਿਬਿਊਨਲ ਹੁੰਦੇ ਹਨ ਜਿਸ ਵਿਚ ਅਪੀਲ ਕੀਤੀ ਜਾ ਸਕੇ ਅਤੇ ਜਿਸ ਨੂੰ ਆਪਸੀ ਮਤਭੇਦਾਂ ਨੂੰ ਨਿਪਟਾਉਣ ਤੇ ਦੋਸ਼ੀ ਨੂੰ ਦੰਡਿਤ ਕਰਨ ਦਾ ਅਧਿਕਾਰ ਹੋਵੇ, ਉਹ ਇਕ ਨਾਗਰਿਕ ਸਮਾਜ ਵਿਚ ਹੁੰਦੇ ਹਨ।

*ਸਹਿਮਤੀ :*

ਦੂਜਿਆਂ ਉਤੇ ਜਿੱਤ ਸਰਕਾਰ ਦਾ ਸ੍ਰੋਤ ਨਹੀਂ ਹੈ। ਸਹਿਮਤੀ (ਰਜ਼ਾਮੰਦੀ) ਹੀ ਕਿਸੇ ਜਾਇਜ਼ ਸਰਕਾਰ ਦਾ ਸ੍ਰੋਤ ਸੀ, ਅਤੇ ਹੋ ਸਕਦੀ ਹੈ।

ਕਾਨੂੰਨ ਘੜਨੀ ਸਭਾ ਲੋਕਾਂ ਦਾ ਜੀਵਨ, ਸੁਤੰਤਰਤਾ ਅਤੇ ਸੰਪਤੀ ਦੇ ਉਤੇ ਸੰਪੂਰਨ ਮਨ-ਚਾਹਿਆ ਅਧਿਕਾਰ ਨਹੀਂ ਰੱਖਦੀ ਕਿਉਂਕਿ ਇਸ ਦੇ ਕੋਲ ਸਿਰਫ਼ ਉਹ ਹੀ ਸੰਯੁਕਤ ਅਧਿਕਾਰ ਹੁੰਦਾ ਹੈ ਜੋ ਸਮਾਜ ਦੇ ਗਠਨ ਤੋਂ ਪਹਿਲਾਂ ਅਲੱਗ-ਅਲੱਗ ਮੈਂਬਰਾਂ ਦੇ ਕੋਲ ਹੋਇਆ ਕਰਦਾ ਸੀ ਅਤੇ ਜਿਸ ਨੂੰ ਉਨ੍ਹਾਂ ਨੇ ਵਿਸ਼ੇਸ਼ ਅਤੇ ਸੀਮਿਤ ਉਦੇਸ਼ਾਂ ਦੇ ਵਾਸਤੇ ਸੌਂਪ ਦਿੱਤਾ ਹੈ।

*ਕਾਨੂੰਨ :*

"ਕਾਨੂੰਨ ਦਾ ਉਦੇਸ਼ ਸੁਤੰਤਰਤਾ ਨੂੰ ਖ਼ਤਮ ਕਰਨਾ ਜਾਂ ਰੋਕਣਾ ਨਹੀਂ, ਬਲਕਿ ਉਸ ਨੂੰ ਸੁਰੱਖਿਅਤ ਬਣਾਉਣਾ ਅਤੇ ਵਿਸਤ੍ਰਿਤ ਕਰਨਾ ਹੈ।"

*ਕਾਨੂੰਨ ਘੜਨੀ :*

"ਕਾਨੂੰਨ ਘੜਨੀ ਕੁਝ ਨਿਸ਼ਚਿਤ ਉਦੇਸ਼ਾਂ ਦੇ ਵਾਸਤੇ ਇਕ ਟਰੱਸਟੀ ਸੱਤਾ ਭਰ ਹੈ, ਜੋ ਜਦੋਂ ਇਸ ਵਿਚ ਟਰੱਸਟ ਕੀਤੇ ਗਏ ਵਿਸ਼ਵਾਸ ਨੂੰ ਖੰਡਿਤ ਕਰੇ, ਤਾਂ ਜਨਤਾ ਵੱਲੋਂ ਭੰਗ ਕੀਤੀ ਜਾਂ ਬਦਲੀ ਜਾ ਸਕਦੀ ਹੈ।"

*ਜਨਤਾ ਦੀ ਸਰਵ ਉੱਚ ਖ਼ੁਦਮੁਖਤਿਆਰੀ*

"ਇਸ ਤਰ੍ਹਾਂ ਸਰਵ ਉੱਚ ਸੱਤਾ ਜਾਂ ਸਰਵ ਉੱਚ ਖ਼ੁਦਮੁਖਤਿਆਰੀ ਹਮੇਸ਼ਾ ਆਮ ਲੋਕਾਂ ਦੇ ਵਿਚ ਹੀ ਰਹਿੰਦੀ ਹੈ, ਪਰੰਤੂ ਉਹ ਇਸ ਦੀ ਵਰਤੋਂ ਉਦੋਂ ਤਕ ਨਹੀਂ ਕਰਦੇ, ਜਦੋਂ ਤਕ ਕਿ ਸਰਕਾਰ ਭੰਗ ਨਹੀਂ ਹੋ ਜਾਂਦੀ।"

**ਪੰਨਾ 176 (111)**

*ਕਾਨੂੰਨ ਘੜਨੀ ਅਤੇ ਕਾਰਜਪਾਲਕਾ :*

ਨਿੱਜੀ ਹਿੱਤਾਂ ਉੱਪਰ ਆਮ ਹਿੱਤਾਂ ਦੀ ਬਲੀ ਰੋਕਣ ਦੇ ਵਾਸਤੇ, ਇਹ ਜ਼ਰੂਰੀ ਹੈ ਕਿ ਕਾਨੂੰਨ-ਘੜਨੀ ਅਤੇ ਕਾਰਜਪਾਲਕਾ ਦੀਆਂ ਸੱਤਾਵਾਂ ਅਲੱਗ-ਅਲੱਗ ਹੱਥਾਂ ਵਿਚ ਰਹਿਣ ਅਤੇ ਕਾਰਜਪਾਲਕਾ ਕਾਨੂੰਨਘੜਨੀ ਦੇ ਮੁਤੈਹਤ ਰਹੇ।

ਜਿੱਥੇ, ਇਹ ਦੋਵੇਂ ਸੱਤਾਵਾਂ (ਅਧਿਕਾਰ) ਇਕ ਹੀ ਨਿਰੰਕੁਸ਼ ਰਾਜਾਂ ਵਿਚ ਨਿਹਿਤ ਹੁੰਦੀਆਂ ਹਨ, ਉਥੇ ਕੋਈ ਨਾਗਰਿਕ ਸਰਕਾਰ ਨਹੀਂ ਹੁੰਦੀ, ਕਿਉਂਕਿ ਰਾਜਾ ਅਤੇ ਉਸ ਦੀ ਸੱਤਾ ਦੇ ਵਿਚਕਾਰ ਕੋਈ ਸਰਵ-ਪ੍ਰਵਾਨਤ ਨਿਆਂਇਕ (ਕਾਨੂੰਨ) ਸੱਤਾ ਨਹੀਂ ਹੁੰਦੀ।

ਸੁਤੰਤਰਤਾ ਸਮਾਜਾਂ ਅੰਦਰ ਰਾਜਾਂ ਦੇ ਵੱਖ-ਵੱਖ ਸਰੂਪ ਹਨ, ਲੋਕਤੰਤਰ, ਅਲਪਤੰਤਰ ਜਾਂ ਨਿਰਵਾਚਤ ਰਾਜਤੰਤਰ ਅਤੇ ਮਿਸ਼ਰਤ ਰੂਪਾਂ ਵਾਲੀਆਂ ਵਿਵਸਥਾਵਾਂ।

*ਇਨਕਲਾਬ ਦਾ ਅਧਿਕਾਰ*

ਜਦੋਂ ਸਰਕਾਰ ਸਮਝੌਤੇ ਪ੍ਰਤੀ ਆਪਣੀ ਜ਼ੁੰਮੇਵਾਰੀ ਪੂਰੀ ਕਰਨ ਯਾਨੀ ਵਿਅਕਤੀਗਤ ਅਧਿਕਾਰਾਂ ਦੀ ਹਿਫ਼ਾਜ਼ਤ ਕਰਨ ਵਿਚ ਅਸਫ਼ਲ ਹੋ ਜਾਂਦੀ ਹੈ ਤਾਂ ਇਨਕਲਾਬ ਨਿਆਂ-ਸੰਗਤ ਬਣ ਜਾਂਦਾ ਹੈ।

**ਰੂਸੋ**

*ਸਮਾਨਤਾ (ਬਰਾਬਰੀ)*

ਕੋਈ ਵੀ ਆਦਮੀ ਐਨਾ ਵੱਧ ਅਮੀਰ ਨਹੀਂ ਹੋਣਾ ਚਾਹੀਦਾ ਕਿ ਉਹ ਦੂਜਿਆਂ ਨੂੰ ਖ਼ਰੀਦ ਸਕੇ, ਅਤੇ ਨਾ ਹੀ ਕੋਈ ਐਨਾ ਗਰੀਬ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਵੇਚਣ ਦੇ ਲਈ ਮਜਬੂਰ ਹੋ ਜਾਵੇ। ਵੱਡੀਆਂ ਅਸਮਾਨਤਾਵਾਂ (ਨਾ-ਬਰਾਬਰੀਆਂ) ਨਿਰੰਕੁਸ਼ਤਾ ਦੇ ਵਾਸਤੇ ਰਾਹ ਪੱਧਰਾ ਕਰਦੀਆਂ ਹਨ।

ਸੰਪਤੀ ਅਤੇ ਨਾਗਰਿਕ ਸਮਾਜ :

ਜਿਸ ਪਹਿਲੇ ਆਦਮੀ ਨੇ ਜ਼ਮੀਨ ਦੇ ਇਕ ਟੁਕੜੇ ਨੂੰ ਘੇਰ ਕੇ ਇਹ ਕਹਿਣ ਲਈ ਸੋਚਿਆ ਹੋਵੇਗਾ ਕਿ 'ਇਹ ਮੇਰਾ ਹੈ', ਅਤੇ ਜਿਸ ਨੂੰ ਆਪਣੀ ਗੱਲ ਤੇ ਵਿਸ਼ਵਾਸ ਕਰਨ ਵਾਲੇ ਸਿੱਧੇ-ਸਾਦੇ ਲੋਕ ਮਿਲ ਗਏ ਹੋਣਗੇ, ਉਹ ਹੀ ਨਾਗਰਿਕ ਸਮਾਜ ਦਾ ਅਸਲੀ ਸੰਸਥਾਪਕ (ਬਾਨੀ) ਸੀ।

ਜੇ ਕਿਸੇ ਨੇ ਇਸ ਧੋਖੇਬਾਜ਼ੀ ਦਾ ਪਰਦਾਫਾਸ਼ ਕਰ ਦਿੱਤਾ ਹੁੰਦਾ, ਅਤੇ ਇਹ ਐਲਾਨ ਕਰ ਦਿੱਤਾ ਹੁੰਦਾ ਕਿ ਇਹ ਧਰਤੀ ਕਿਸੇ ਦੀ ਜਾਗੀਰ (ਸੰਪਤੀ ਜਾਇਦਾਦ) ਨਹੀਂ ਹੈ ਅਤੇ ਕਿ ਇਸ ਦੇ ਫਲ ਸਾਰਿਆਂ ਦੇ ਹਨ, ਤਾਂ ਮਾਨਵਜਾਤੀ ਨੂੰ ਐਨੇ ਯੁੱਧ, ਅਪਰਾਧ ਅਤੇ ਆਤੰਕ ਨਹੀਂ ਝੱਲਣੇ ਪਏ ਹੁੰਦੇ।

## ਪੰਨਾ 177 (112)

"ਜੋ ਆਦਮੀ ਧਿਆਨ ਕਰਦਾ (ਸਮਾਧੀ ਲਾਉਂਦਾ) ਹੈ, ਉਹ ਦੁਰਾਚਾਰੀ ਪ੍ਰਾਣੀ ਹੈ।"

*ਨਾਗਰਿਕ ਕਾਨੂੰਨ :*

ਕਮਜ਼ੋਰਾਂ ਦੇ ਉਤਪੀੜਨ ਅਤੇ ਸਭ ਦੀ ਅਸੁਰੱਖਿਆ ਦੇ ਵੱਲ ਇਸ਼ਾਰਾ ਕਰ ਕੇ ਧਨਾਢਾਂ ਨੇ ਬਹੁਤ ਹੀ ਚਾਲਾਕੀ ਨਾਲ ਨਿਆਂ ਅਤੇ ਸ਼ਾਂਤੀ ਦੇ ਨਿਯਮ ਨਿਰੂਪਤ ਕੀਤੇ, ਤਾਂ ਕਿ ਉਨ੍ਹਾਂ ਦੇ ਰਾਹੀਂ ਸਾਰਿਆਂ ਦੀ ਮਲਕੀਅਤ ਦੀ ਜ਼ਾਮਨੀ ਰਹੇ, ਅਤੇ ਕਾਨੂੰਨ ਨੂੰ ਲਾਗੂ ਕਰਨ ਦੇ ਵਾਸਤੇ ਇਕ ਸਰਵ-ਉੱਚ ਸ਼ਾਸਕ ਦੀ ਸਥਾਪਨਾ ਕੀਤੀ।

ਨਿਸ਼ਚੇ ਹੀ ਸਮਾਜ ਅਤੇ ਕਾਨੂੰਨਾਂ ਦੀ ਉਤਪਤੀ ਇਸੇ ਤਰ੍ਹਾਂ ਹੋਈ ਹੋਵੇਗੀ, ਜਿਸ ਨੇ ਗਰੀਬਾਂ ਨੂੰ ਨਵੀਆਂ ਬੇੜੀਆਂ ਪਹਿਨਾ ਦਿੱਤੀਆਂ ਅਤੇ ਧਨਾਢਾਂ ਨੂੰ ਨਵੀਂ ਤਾਕਤ ਪ੍ਰਦਾਨ ਕਰ ਦਿੱਤੀ, ਪ੍ਰਾਕ੍ਰਿਤਕ ਸੁਤੰਤਰਤਾ ਨੂੰ ਅੰਤਿਮ ਤੌਰ ਤੇ ਖ਼ਤਮ ਕਰ ਦਿੱਤਾ, ਅਤੇ ਥੋੜ੍ਹੇ ਜਿਹੇ ਮੁੱਠੀ ਭਰ ਇੱਛਾਵਾਦੀ ਲੋਕਾਂ ਦੇ ਲਾਭ ਵਾਸਤੇ, ਹਮੇਸ਼ਾ ਦੇ ਲਈ ਸੰਪਤੀ ਅਤੇ ਅਸਮਾਨਤਾ (ਨਾ-ਬਰਾਬਰੀ) ਦਾ ਕਾਨੂੰਨ ਨਿਰਾਧਾਰਤ ਕਰ ਦਿੱਤਾ, ਇਕ ਚਲਾਕੀ ਭਰੀ ਲੁੱਟ ਨੂੰ ਇਕ ਅਟੱਲ ਅਧਿਕਾਰ ਵਿਚ ਤਬਦੀਲ ਕਰ ਦਿੱਤਾ, ਅਤੇ ਇਸ ਤਰ੍ਹਾਂ ਆਇੰਦਾ ਦੇ ਵਾਸਤੇ ਸਾਰੀ ਮਾਨਵ-ਜਾਤੀ ਨੂੰ ਮਿਹਨਤ, ਦਾਸਤਾਂ ਅਤੇ ਦੁਰਗਤੀ ਦਾ ਸ਼ਿਕਾਰ ਬਣਾ ਦਿੱਤਾ।

*ਅਸਮਾਨਤਾਵਾਂ :*

ਪਰੰਤੂ ਇਹ ਗੱਲ ਪੂਰੀ ਤਰ੍ਹਾਂ ਪ੍ਰਾਕ੍ਰਿਤਕ ਕਾਨੂੰਨ ਦੇ ਖ਼ਿਲਾਫ਼ ਹੈ ਕਿ ਮੁੱਠੀ ਭਰ ਲੋਕ ਤਾਂ ਬੇਸ਼ੁਮਾਰ ਦੌਲਤ ਹੜੱਪਦੇ ਰਹਿਣ, ਜਦੋਂ ਕਿ ਵਿਸ਼ਾਲ ਭੁੱਖੀ ਆਬਾਦੀ ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਦੇ ਲਈ ਵੀ ਤਰਸਦੀ ਰਹੇ।

## ਪੰਨਾ 178 (113)

*ਉਸ ਦੀਆਂ ਰਚਨਾਵਾਂ ਦਾ ਹਸ਼ਰ :*

'ਏਮਿਲੀ' ਅਤੇ 'ਸੋਸ਼ਲ ਕੰਟਰੈਕਟ' ਦੋਵੇਂ ਹੀ 1762 ਵਿਚ ਪ੍ਰਕਾਸ਼ਿਤ ਹੋਈਆਂ। ਪਹਿਲੀ ਨੂੰ ਪੈਰਿਸ ਵਿਚ ਸਾੜਿਆ ਗਿਆ, ਰੂਸੋ ਬੜੀ ਮੁਸ਼ਕਲ ਨਾਲ ਗ੍ਰਿਫ਼ਤਾਰ ਹੁੰਦੇ-ਹੁੰਦੇ ਬਚਿਆ, ਫੇਰ ਦੋਵਾਂ ਕਿਤਾਬਾਂ ਨੂੰ ਸਰਵਜਨਕ ਤੌਰ ਤੇ, ਜੇਨੇਆ ਵਿਚ, ਉਸ ਦੀ ਜਨਮ-ਭੂਮੀ ਵਿਚ, ਸਾੜਿਆ ਗਿਆ, ਜਿੱਥੋਂ ਉਸ ਨੂੰ ਕਿਤੇ ਵੱਧ ਸ਼ੌਹਰਤ ਮਿਲਣ ਦੀ ਉਮੀਦ ਸੀ।

ਰਾਜੇ ਦੀ ਖ਼ੁਦਮੁਖਤਿਆਰੀ ਵੱਲੋਂ ਲੋਕਾਂ ਦੀ ਖ਼ੁਦਮੁਖਤਿਆਰੀ ਦੇ ਵੱਲ ਨੂੰ

ਰੂਸੋ ਏਕਤਾ ਅਤੇ ਕੇਂਦਰੀਕਰਣ ਦੀਆਂ ਫ਼ਰਾਂਸੀਸੀ ਧਾਰਨਾਵਾਂ ਨੂੰ ਬਣਾਈ ਰੱਖਦਾ ਹੈ, ਜਦੋਂ ਕਿ ਸਤਾਰ੍ਹਵੀਂ ਸਦੀ ਵਿਚ ਰਾਜ (ਜਾਂ ਖ਼ੁਦਮੁਖਤਿਆਰੀ) ਨੂੰ ਰਾਜਸ਼ਾਹੀ ਨਾਲ ਗੱਡ-ਮੱਡ ਕਰ ਦਿੱਤਾ ਗਿਆ ਸੀ। 18ਵੀਂ ਸਦੀ ਵਿਚ ਰੂਸੋ ਦੇ ਪ੍ਰਭਾਵ ਨਾਲ ਇਹ ਲੋਕਾਂ ਵਿਚ ਵਿਦਮਾਨ ਸਮਝੀ ਜਾਣ ਲੱਗੀ।

*ਸਮਝੌਤਾ*

ਸਮਝੌਤੇ ਦੇ ਜ਼ਰੀਏ ਲੋਕ ਨਾਗਰਿਕ ਅਤੇ ਸੁਤੰਤਰਤਾ ਅਤੇ ਨੈਤਿਕ ਸੁਤੰਤਰਤਾ ਦੇ ਵਾਸਤੇ ਪ੍ਰਾਕ੍ਰਿਤਕ ਸੁਤੰਤਰਤਾ ਦਾ ਵਟਾਂਦਰਾ ਕਰਦੇ ਹਨ।

*ਪਹਿਲਾ ਮਲਕੀਅਤ ਦਾ ਅਧਿਕਾਰ*

*ਜਾਇਦਾਦ ਦਾ ਅਧਿਕਾਰ :*

ਇਸ ਦੀ ਉਚਿਤਤਾ ਇਨ੍ਹਾਂ ਹਾਲਤਾਂ 'ਤੇ ਨਿਰਭਰ ਕਰਦੀ ਹੈ :

(ੳ) ਕਿ ਜ਼ਮੀਨ ਗ਼ੈਰ-ਆਬਾਦ ਹੈ, (ਅ) ਕਿ ਇਕ ਆਦਮੀ ਸਿਰਫ਼ ਓਨੇ ਹੀ ਰਕਬੇ ਉਤੇ ਕਬਜ਼ਾ ਕਰਦਾ ਹੈ ਜਿੰਨਾ ਕਿ ਉਸ ਦੇ ਗੁਜ਼ਾਰੇ ਵਾਸਤੇ ਜ਼ਰੂਰੀ ਹੋਵੇ, (ੲ) ਕਿ ਉਹ ਇਸ ਉਤੇ ਸਿਰਫ਼ ਖੋਖਲੀ ਔਪਚਾਰਿਕਤਾ ਦੇ ਜ਼ਰੀਏ ਨਹੀਂ, ਬਲਕਿ ਮਿਹਨਤ ਅਤੇ ਖੇਤੀਬਾੜੀ ਕਰਨ ਦੇ ਨਾਤੇ ਦਖ਼ਲ ਰੱਖਦਾ ਹੈ।

## ਪੰਨਾ 179 (114)

*ਧਰਮ :* ਰੂਸੋ ਧਰਮ ਨੂੰ ਵੀ ਖ਼ੁਦਮੁਖਤਿਆਰੀ ਦੀ ਨਿਰੰਕੁਸ਼ਤਾ ਦੇ ਅਧੀਨ ਰੱਖਦਾ ਹੈ।

*ਭੂਮਿਕਾ :*

ਮੈਂ ਇਸ ਗੱਲ ਦੀ ਜਾਂਚ ਕਰਨੀ ਚਾਹੁੰਦਾ ਹਾਂ ਕਿ ਕੀ, ਅੱਜ ਲੋਕ ਜਿਹੋ ਜਿਹੇ ਹਨ ਅਤੇ ਜਿਹੋ ਜਿਹੇ ਕਾਨੂੰਨ ਬਣਾਏ ਜਾ ਸਕਦੇ ਹਨ, ਉਨ੍ਹਾਂ ਨੂੰ ਮੱਦੇ-ਨਜ਼ਰ ਰੱਖਦੇ ਹੋਏ, ਇਹ ਸੰਭਵ ਹੈ ਕਿ ਨਾਗਰਿਕ ਮਾਮਲਿਆਂ ਦੇ ਪ੍ਰਸ਼ਾਸਨ ਵਾਸਤੇ ਕੁਝ ਨਿਆਂ ਸੰਗਤ ਅਤੇ ਨਿਸ਼ਚਤ ਨਿਯਮ ਸਥਾਪਤ ਕੀਤੇ ਜਾਣ...।

...ਮੇਰੇ ਕੋਲੋਂ ਪੁੱਛਿਆ ਜਾ ਸਕਦਾ ਹੈ ਕਿ ਕੀ ਮੈਂ ਕੋਈ ਰਾਜ ਜਾਂ ਕਾਨੂੰਨ ਘਾੜਾ ਹਾਂ ਜੋ ਮੈਂ ਰਾਜਨੀਤੀ ਬਾਰੇ ਲਿਖਦਾ ਹਾਂ। ਮੇਰਾ ਉੱਤਰ ਹੈ ਕਿ ਮੈਂ ਨਹੀਂ ਹਾਂ। ਜੇਕਰ ਮੈਂ ਅਜਿਹਾ ਹੁੰਦਾ, ਤਾਂ ਇਹ ਕਹਿਣ ਵਿਚ ਸਮਾਂ ਬਰਬਾਦ ਨਾ ਕਰਦਾ ਕਿ ਕੀ ਕੀਤਾ ਜਾਣਾ ਚਾਹੀਦਾ ਹੈ, ਬਲਕਿ ਉਸ ਨੂੰ ਕਰ ਸੁੱਟਦਾ, ਜਾਂ ਖਾਮੋਸ਼ ਰਹਿੰਦਾ।

ਮਨੁੱਖ ਜਨਮ ਤੋਂ ਸੁਤੰਤਰ ਹੁੰਦਾ ਹੈ, ਲੇਕਿਨ ਹਰ ਜਮਾਤ ਨੂੰ ਬੇੜੀਆਂ ਵਿਚ ਜਕੜ ਦਿੱਤਾ ਜਾਂਦਾ ਹੈ।

*ਗੁਲਾਮੀ ਦੇ ਜੂਲੇ ਨੂੰ ਬਲਪੂਰਵਕ ਲਾਹ ਸੁੱਟਣਾ*

ਮੈਂ ਕਹਿਣਾ ਚਾਹੂੰਗਾ ਕਿ ਜਦੋਂ ਤਕ ਲੋਕ ਆਗਿਆ ਪਾਲਣ ਦੇ ਲਈ ਮਜਬੂਰ ਕੀਤੇ ਜਾਂਦੇ ਰਹਿਣ ਅਤੇ ਉਹ ਆਗਿਆ ਕਰਦੇ ਰਹਿਣ, ਠੀਕ ਹੈ। ਪਰੰਤੂ ਜਿੰਨੀ ਛੇਤੀ ਇਸ ਜੂਲੇ ਨੂੰ ਲਾਹ ਸੁੱਟਣ ਅਤੇ ਲਾਹ ਸੁੱਟਦੇ ਹਨ, ਤਾਂ ਹੋਰ ਵਧੀਆ ਹੈ। ਕਾਰਣ ਕਿ ਜੇ ਲੋਕ ਆਪਣੀ ਆਜ਼ਾਦੀ ਫੇਰ ਉਸੇ ਅਧਿਕਾਰ (ਅਰਥਾਤ ਤਾਕਤ) ਨਾਲ ਵਾਪਸ ਲੈਂਦੇ ਹਨ, ਜਿਸ ਅਧਿਕਾਰ ਦੇ ਰਾਹੀਂ ਉਨ੍ਹਾਂ ਕੋਲੋਂ ਖੋਹੀ ਗਈ ਸੀ, ਤਾਂ ਜਾਂ ਤਾਂ ਉਨ੍ਹਾਂ ਦਾ ਇੰਝ ਕਰਨਾ ਨਿਆਂ ਸੰਗਤ ਹੈ, ਜਾਂ ਉਨ੍ਹਾਂ ਕੋਲੋਂ ਇਸ ਨੂੰ ਖੋਹਣ ਦੀ ਕੋਈ ਉਚਿਤਤਾ ਨਹੀਂ ਸੀ।

## ਪੰਨਾ 180 (115)

*ਤਾਕਤ :*

"ਸੱਤਾ, ਜੋ ਹਿੰਸਾ ਦੇ ਰਾਹੀਂ ਹਾਸਲ ਕੀਤੀ ਜਾਂਦੀ ਹੈ, ਮਹਿਜ਼ ਇਕ ਹੜੱਪੀ ਗਈ ਸੱਤਾ ਹੁੰਦੀ ਹੈ ਅਤੇ ਸਿਰਫ਼ ਉਦੋਂ ਤਕ ਹੀ ਬਣੀ ਰਹਿੰਦੀ ਹੈ ਜਦੋਂ ਤਕ ਉਸ ਦੀ ਕਮਾਨ ਸੰਭਾਲਣ ਵਾਲੇ ਦੀ ਤਾਕਤ ਉਸ ਨੂੰ ਮੰਨਣ ਵਾਲਿਆਂ ਦੀ ਤਾਕਤ ਉੱਤੇ ਹਾਵੀ (ਭਾਰੂ) ਰਹਿੰਦੀ ਹੈ, ਅਤੇ ਜਦੋਂ ਇਸ ਨੂੰ ਨਾ ਮੰਨਣ ਵਾਲਿਆਂ ਦੀ ਤਾਕਤ ਸਭ ਤੋਂ ਵੱਧ ਹੋ ਜਾਂਦੀ ਹੈ ਅਤੇ ਉਹ ਉਸ ਦੇ ਜੂਲੇ ਨੂੰ ਲਾਹ ਸੁੱਟਦੇ ਹਨ, ਤਾਂ ਅਜਿਹਾ ਉਹ ਓਨੇ ਹੀ ਅਧਿਕਾਰ ਅਤੇ ਨਿਆਂ ਨਾਲ ਕਰਦੇ ਹਨ ਜਿਸ ਦੇ ਨਾਲ ਉਨ੍ਹਾਂ ਉੱਤੇ ਸੱਤਾ ਥੋਪ ਕੇ ਰੱਖੀ ਗਈ ਸੀ। ਉਹੀ (ਤਾਕਤ ਦਾ) ਕਾਨੂੰਨ ਜੋ ਸੱਤਾ ਦਾ ਅਧਿਕਾਰ ਦਿੰਦਾ ਹੈ, ਬਾਅਦ ਵਿਚ ਉਸ ਨੂੰ ਖੋਹ ਵੀ ਲੈਂਦਾ ਹੈ, ਇਹ ਸਭ ਤੋਂ ਤਾਕਤਵਰ ਦਾ ਕਾਨੂੰਨ ਹੈ।"

ਦਿਦੇਰੋ—ਇਨਸਾਈਕਲੋਪੀਡੀਆ
'ਸੱਤਾ'

ਗੁਲਾਮ ਆਪਣੀਆਂ ਬੇੜੀਆਂ ਵਿਚ ਸਭ ਕੁਝ ਗੁਆ ਦਿੰਦਾ ਹੈ, ਇੱਥੋਂ ਤਕ ਕਿ ਉਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਇੱਛਾ ਵੀ।

*ਸਭ ਤੋਂ ਤਾਕਤਵਰ ਦਾ ਅਧਿਕਾਰ*

"ਸੱਤਾਧਿਕਾਰੀਆਂ ਦਾ ਆਗਿਆ ਪਾਲਣ ਕਰੋ। ਇਸ ਦਾ ਮਤਲਬ ਤਾਕਤ ਦੇ ਅੱਗੇ ਝੁਕਣਾ ਹੈ, ਤਾਂ ਇਹ ਆਦੇਸ਼ ਵਧੀਆ ਤਾਂ ਹੈ ਪਰੰਤੂ ਗ਼ੈਰ-ਜ਼ਰੂਰੀ ਹੈ, ਮੇਰਾ ਕਹਿਣਾ ਹੈ ਕਿ ਇਸ ਦੀ ਕਦੇ ਉਲੰਘਣਾ ਨਹੀਂ ਹੋਵੇਗੀ।"

*ਗੁਲਾਮੀ ਦਾ ਹੱਕ*

ਕੀ ਜਦੋਂ—ਗੁਲਾਮ ਵਿਅਕਤੀ ਆਪਣੀਆਂ ਇੱਛਾਵਾਂ ਦਾ ਇਸ ਸੂਰਤ ਤੇ ਤਿਆਗ ਕਰ ਦੇਣ ਕਿ ਉਨ੍ਹਾਂ ਦੀ ਸੰਪਤੀ ਵੀ ਲੈ ਲਈ ਜਾਵੇ ? ਮੈਂ ਸਮਝ ਨਹੀਂ ਸਕਦਾ ਕਿ ਉਨ੍ਹਾਂ ਦੇ ਵਾਸਤੇ ਬਾਕੀ ਕੀ ਰਹਿ ਜਾਊਗਾ ?

"ਆਖਿਆ ਜਾ ਸਕਦਾ ਹੈ ਕਿ ਤਾਨਾਸ਼ਾਹ ਸ਼ਾਸਕ ਆਪਣੇ ਸ਼ਾਸਿਤਾਂ (ਪ੍ਰਜਾ) ਦੇ ਵਾਸਤੇ ਨਾਗਰਿਕ ਸ਼ਾਂਤੀ ਯਕੀਨੀ ਬਣਾਉਂਦਾ ਹੈ। ਹੋ ਸਕਦਾ ਹੈ, ਅਜਿਹੀ ਹੀ ਗੱਲ ਹੋਵੇ, ਲੇਕਿਨ ਇਸ ਤੋਂ ਉਨ੍ਹਾਂ ਨੂੰ ਕੀ ਮਿਲਦਾ ਹੈ, ਜਦੋਂ ਕਿ ਯੁੱਧ, ਜੋ ਉਨ੍ਹਾਂ ਦੀਆਂ ਇੱਛਾਵਾਂ ਦੇ ਰਹਿੰਦਿਆਂ ਉਨ੍ਹਾਂ ਉੱਪਰ ਥੋਪ ਦਿੱਤੇ ਜਾਂਦੇ ਹਨ, ਅਤੇ ਉਸ ਦੇ ਬੇਸਬਰ ਲਾਲਚ ਅਤੇ ਉਸ ਦੇ ਪ੍ਰਸ਼ਾਸਨ ਦੇ ਸੰਤਾਪ, ਉਨ੍ਹਾਂ ਦੇ ਆਪਣੇ ਵੈਰ-ਵਿਰੋਧ ਤੋਂ ਕਿਤੇ ਵੱਧ ਹੀ ਉਨ੍ਹਾਂ ਨੂੰ ਤੰਗ ਕਰਦੇ ਹਨ ?"

## ਪੰਨਾ 181 (116)

"ਇਹ ਕਹਿਣਾ, ਕਿ ਇਕ ਆਦਮੀ ਆਪਣੇ ਆਪ ਨੂੰ ਬਿਨਾਂ ਕਿਸੇ ਇਵਜ਼ ਦੇ ਐਵੇਂ ਹੀ ਸੌਂਪ ਦਿੰਦਾ ਹੈ, ਇਕਦਮ ਵਾਹਿਯਾਤ ਅਤੇ ਕਲਪਨਾ ਤੋਂ ਬਾਹਰੀ ਗੱਲ ਹੈ।"

ਇਸ ਤਰ੍ਹਾਂ ਦੀ ਗੱਲ ਚਾਹੇ ਇਕ ਆਦਮੀ ਦੂਜੇ ਆਦਮੀ ਨੂੰ ਸੰਬੋਧਨ ਕਰ ਕੇ ਆਖੇ ਜਾਂ ਰਾਸ਼ਟਰ ਨੂੰ ਸੰਬੋਧਨ ਕਰ ਕੇ ਆਖੇ, ਹਮੇਸ਼ਾ ਮੂਰਖਤਾ ਪੂਰਣ ਹੀ ਕਹੀ ਜਾਵੇਗੀ।

"ਮੈਂ ਪੂਰੀ ਤਰ੍ਹਾਂ ਨਾਲ ਤੁਹਾਡੀ ਕੀਮਤ ਤੇ ਅਤੇ ਪੂਰੀ ਤਰ੍ਹਾਂ ਆਪਣੇ ਲਾਭ ਦੇ ਵਾਸਤੇ ਤੁਹਾਡੇ ਨਾਲ ਇਕ ਸਮਝੌਤਾ ਕਰਦਾ ਹਾਂ, ਅਤੇ ਮੈਂ ਇਸ ਨੂੰ ਉਦੋਂ ਤਕ ਲਾਗੂ ਕਰੀ ਰੱਖਾਂਗਾ, ਜਦੋਂ ਤਕ ਮੈਂ ਚਾਹੂੰਗਾ, ਅਤੇ ਤੁਸੀਂ ਵੀ ਇਸ ਨੂੰ ਉਦੋਂ ਤਕ ਲਾਗੂ ਕਰੀ ਰੱਖੋਗੇ ਜਦੋਂ ਤਕ ਮੈਂ ਚਾਹੂੰਗਾ।"

*ਬਰਾਬਰੀ (ਸਮਾਨਤਾ)*

ਜੇ ਤੁਸੀਂ ਰਾਜ ਨੂੰ ਸਥਾਈਪਣ ਪ੍ਰਦਾਨ ਕਰਨਾ ਚਾਹੁੰਦੇ ਹੋ, ਤਾਂ ਇਨ੍ਹਾਂ ਦੋ ਅੰਤਿਮ ਅਵਸਥਾਵਾਂ ਨੂੰ ਜਿਥੋਂ ਤਕ ਸੰਭਵ ਹੋ ਸਕੇ, ਨਜ਼ਦੀਕ ਲੈ ਆਵੇ। ਨਾ ਤਾਂ ਧਨਾਢਾਂ ਨੂੰ ਬਰਦਾਸ਼ਤ ਕਰੋ, ਨਾ ਹੀ ਭਿਖਾਰੀਆਂ ਨੂੰ। ਇਹ ਦੋਵੇਂ ਹੀ ਸਥਿਤੀਆਂ, ਜੋ ਸੁਭਾਵਿਕ ਤੌਰ ਤੇ ਇਕ ਦੂਜੇ ਨਾਲੋਂ ਅਵੰਡ ਹਨ, ਤਾਂ ਦੂਜੇ ਵਰਗ ਵਿਚ, ਤਾਨਾਸ਼ਾਹੀ ਦੇ ਸਮਰਥਕ : ਹਮੇਸ਼ਾ ਇਨ੍ਹਾਂ ਦੋਵਾਂ ਦੇ ਵਿਚਕਾਰ ਸਰਵਜਨਕ ਸੁਤੰਤਰਤਾ ਦਾ ਵਪਾਰ ਚੱਲਦਾ ਰਹਿੰਦਾ ਹੈ : ਇਕ ਖ਼ਰੀਦਦਾ ਹੈ, ਦੂਜਾ ਵੇਚਦਾ ਹੈ।

## ਪੰਨਾ 182 (117)

"ਗੜ੍ਹਮਾਰ ਕੁਝ ਕੁ ਖੇਤਰਾਂ ਨੂੰ ਬਰਬਾਦ ਕਰ ਸੁੱਟਦੀ ਹੈ, ਪਰ ਇਸ ਨਾਲ ਅਕਾਲ ਵਿਰਲੇ ਹੀ ਪੈਂਦਾ ਹੈ। ਦੰਗੇ-ਫ਼ਸਾਦ ਅਤੇ ਖਾਨਾਜੰਗੀ ਸਰਦਾਰੀ ਕਰਨ ਵਾਲੇ ਲੋਕਾਂ ਨੂੰ ਕਾਫ਼ੀ ਚੋਂਕਾ ਦਿੰਦੇ ਹਨ, ਫਿਰ ਵੀ ਉਹ ਰਾਸ਼ਟਰਾਂ ਦੇ ਵਾਸਤੇ ਸੰਕਟ ਪੈਦਾ ਨਹੀਂ ਕਰਦੇ, ਜਦੋਂ ਤਕ ਇਸ ਗੱਲ ਨੂੰ ਲੈ ਕੇ ਵਿਵਾਦ ਚੱਲਦਾ ਹੈ ਕਿ ਕੌਣ ਉਨ੍ਹਾਂ 'ਤੇ ਤਾਨਾਸ਼ਾਹੀ ਰਾਜ ਕਰੇ। ਉਨ੍ਹਾਂ ਦੀ ਵਾਸਤਵਿਕ ਖੁਸ਼ਹਾਲੀ ਜਾਂ (ਵਿਪਤਾਵਾਂ ਤਾਂ ਉਨ੍ਹਾਂ ਦੀਆਂ ਸਥਾਈ ਸਥਿਤੀਆਂ ਵਿਚੋਂ ਪੈਦਾ ਹੁੰਦੀਆਂ ਹਨ। ਜਦੋਂ ਸਾਰਾ ਕੁਝ ਜੁਲੇ ਹੇਠਾਂ ਕੁਚਲ ਕੇ ਰੱਖ ਦਿੱਤਾ ਜਾਂਦਾ ਹੈ, ਉਦੋਂ ਹੀ ਸਭ ਕੁਝ ਨਸ਼ਟ ਹੋ ਜਾਂਦਾ ਹੈ, ਉਦੋਂ ਹੀ ਇਹ ਸ਼ਾਸਕ, ਇਤਮੀਨਾਨ ਨਾਲ ਸਭ ਕੁਝ ਨਸ਼ਟ ਕਰਨ ਦੇ ਬਾਅਦ, ਇਕ ਮੁਰਦਾ ਖਾਮੋਸ਼ੀ ਪੈਦਾ ਕਰ ਦਿੰਦੇ ਹਨ, ਜਿਸ ਨੂੰ ਉਹ ਸ਼ਾਂਤੀ ਆਖਦੇ ਹਨ।" ਪੰਨਾ 176

## ਪੰਨਾ 183 (118)

*ਫਰਾਂਸੀਸੀ ਇਨਕਲਾਬ :*

ਅਮਰੀਕਾ : ਅਮਰੀਕਾ ਸੁਤੰਤਰਤਾ ਸੰਗਰਾਮ ਦਾ ਫਰਾਂਸ ਦੀ ਸਥਿਤੀ ਉਤੇ ਭਾਰੀ ਪ੍ਰਭਾਵ ਪਿਆ। (1776)

*ਟੈਕਸ :*

"ਰਾਜੇ ਦੇ ਨਾਂ ਤੇ ਕੰਮ ਕਰਨ ਵਾਲੇ ਕੋਰਟ ਜਾਂ ਮੰਤਰੀ ਮੰਡਲ ਦੇ ਮਨਚਾਹੇ ਢੰਗ ਨਾਲ ਟੈਕਸਾਂ ਦੇ ਫਰਮਾਨ ਤਿਆਰ ਕੀਤੇ ਅਤੇ ਉਨ੍ਹਾਂ ਨੂੰ ਪਾਰਲੀਮੈਂਟ ਵਿਚ ਇੰਦਰਾਜ ਕਰਨ ਦੇ ਵਾਸਤੇ ਭੇਜ ਦਿੱਤਾ, ਕਿਉਂਕਿ ਜਦੋਂ ਤਕ ਪਾਰਲੀਮੈਂਟ ਉਨ੍ਹਾਂ ਨੂੰ ਦਰਜ ਨਹੀਂ ਕਰ ਲੈਂਦੀ, ਉਦੋਂ ਤਕ ਉਹ ਲਾਗੂ ਨਹੀਂ ਹੋ ਸਕਦੇ ਸਨ।

ਕੋਰਟ ਦਾ ਦਾਅਵਾ ਸੀ ਕਿ ਪਾਰਲੀਮੈਂਟ ਦੀ ਸੱਤਾ ਨੂੰ ਇਤਰਾਜ਼ ਦਾ ਕਾਰਣ ਦੱਸਣ ਦੇ ਇਲਾਵਾ ਹੋਰ ਕੋਈ ਅਧਿਕਾਰ ਨਹੀਂ ਸੀ, ਜਦੋਂ ਕਿ ਉਹ (ਯਾਨੀ ਕੋਰਟ ਜਾਂ ਮੰਤਰੀ-ਮੰਡਲ) ਆਪਣੇ ਕੋਲ ਇਹ ਫੈਸਲਾ ਕਰਨ ਦਾ ਅਧਿਕਾਰ ਸੁਰੱਖਿਅਤ ਰੱਖੇ ਹੋਏ ਸਨ ਕਿ ਕਾਰਣ ਵਾਜਬ ਹੈ ਜਾਂ ਗ਼ੈਰ-ਵਾਜਬ ਹੈ, ਅਤੇ ਕਿ ਫੇਰ ਹੀ ਉਹ ਆਪਣੀ ਮਰਜ਼ੀ ਨਾਲ ਚਾਹੇ ਤਾਂ ਫਰਮਾਨ ਵਾਪਸ ਲੈ ਲਵੇ ਜਾਂ ਬਾਕਾਇਦਾ ਉਸ ਨੂੰ ਅਧਿਕਾਰਤ ਤੌਰ 'ਤੇ ਇੰਦਰਾਜ ਕੀਤੇ ਜਾਣ ਦਾ ਆਦੇਸ਼ ਜਾਰੀ ਕਰ ਲਵੇ। ਦੂਜੇ ਪਾਸੇ, ਪਾਰਲੀਮੈਂਟ ਦਾ ਦਾਅਵਾ ਸੀ ਕਿ ਉਸ ਦੇ ਕੋਲ ਇਨਕਾਰ ਕਰ ਦੇਣ ਦਾ ਅਧਿਕਾਰ ਸੀ।

ਮੰਤਰੀ ਐਮ. ਕੈਲੋਨੇ ਨੂੰ ਪੈਸਾ ਚਾਹੀਦਾ ਸੀ। ਉਹ ਟੈਕਸਾਂ ਦੇ ਮਾਮਲੇ ਵਿਚ ਪਾਰਲੀਮੈਂਟ ਦੇ ਕਠੋਰ ਰੁਖ਼ ਤੋਂ ਵਾਕਫ਼ ਸੀ। ਉਸ ਨੇ 'ਅਸੈਂਬਲੀ ਆਫ਼ ਨੋਟੇਬਲਜ਼' ਨਿਮੰਤ੍ਰਣ ਕੀਤੀ (1787)।

ਇਹ ਸਟੇਟਸ ਜਨਰਲ ਨਹੀਂ ਸੀ ਜੋ ਕਿ ਚੁਣੀ ਜਾਂਦੀ ਸੀ, ਬਲਕਿ ਇਸ ਦੇ ਸਾਰੇ ਮੈਂਬਰ ਰਾਜਾਂ ਵੱਲੋਂ ਨਾਮਜ਼ਦ ਕੀਤੇ ਗਏ ਸਨ ਅਤੇ ਇਸ ਵਿਚ ਕੁਲ 141 ਮੈਂਬਰ ਸਨ। ਤਾਂ ਵੀ ਉਹ ਬਹੁਮਤ ਦਾ ਸਮਰਥਨ ਪ੍ਰਾਪਤ ਨਾ ਕਰ ਸਕਿਆ। ਫੇਰ ਉਸ ਨੇ ਇਸ ਨੂੰ 7 ਕਮੇਟੀਆਂ ਵਿਚ ਵੰਡ ਦਿੱਤਾ। ਹਰ ਇਕ ਕਮੇਟੀ ਵਿਚ 20 ਮੈਂਬਰ ਸਨ। ਹਰ ਇਕ ਸਵਾਲ ਕਮੇਟੀਆਂ ਵਿਚ ਬਹੁਮਤ ਨਾਲ ਅਤੇ ਅਸੈਂਬਲੀ ਵਿਚ ਕਮੇਟੀਆਂ ਦੇ ਬਹੁਮਤ ਨਾਲ ਤੈਅ ਕੀਤਾ ਜਾਂਦਾ ਸੀ। ਉਸ ਨੇ ਕੋਈ ਚਾਰ ਜਾਂ ਹਰ ਇਕ ਕਮੇਟੀ ਵਿਚ 11 ਅਜਿਹੇ ਮੈਂਬਰ ਰੱਖਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਉਤੇ ਵਿਸ਼ਵਾਸ ਕੀਤਾ ਜਾ ਸਕਦਾ ਸੀ। ਪਰੰਤੂ ਉਸ ਦੀਆਂ ਇਹ ਯੁਕਤੀਆਂ ਵੀ ਅਸਫ਼ਲ ਰਹੀਆਂ।

## ਪੰਨਾ 184 (119)

ਐਮ. ਦਾ ਲਫ਼ਾਇਤ ਇਕ ਦੂਜੀ ਕਮੇਟੀ ਦਾ ਉਪ-ਪ੍ਰਧਾਨ ਸੀ। ਉਸ ਨੇ ਐਮ. ਕੈਲੋਨ ਉਤੇ ਦੋ ਮਿਲੀਅਨ ਲਾਈਵਰ ਵਿਚ ਸ਼ਾਹੀ ਜ਼ਮੀਨ ਦੇਣ ਦਾ ਦੋਸ਼ ਲਾਇਆ। ਇਸ ਨੂੰ ਉਸ ਨੇ ਲਿਖਤੀ ਤੌਰ 'ਤੇ ਵੀ ਪੇਸ਼ ਕੀਤਾ। ਉਸ ਦੇ ਕੁਝ ਹੀ ਸਮੇਂ ਬਾਅਦ, ਐਮ. ਕੈਲੋਨ ਨੂੰ ਬਰਖ਼ਾਸਤ ਕਰ ਦਿੱਤਾ ਗਿਆ।

ਤੌਲੂਸ ਦਾ ਆਰਕਬਿਸ਼ਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨਿਯੁਕਤ ਹੋਇਆ। ਉਸ ਨੇ ਪਾਰਲੀਮੈਂਟ ਦੇ ਸਾਹਮਣੇ ਦੋ ਕਿਸਮਾਂ ਦਾ ਪ੍ਰਸਤਾਵ ਰੱਖਿਆ—ਸਟਾਂਪ ਟੈਕਸ ਅਤੇ ਇਕ ਕਿਸਮ ਦਾ ਭੂਮੀ ਟੈਕਸ। ਇਸ ਬਾਰੇ ਪਾਰਲੀਮੈਂਟ ਨੇ ਜਵਾਬ ਦਿੱਤਾ, ਕਿ ਰਾਸ਼ਟਰ ਹੁਣ ਤਕ ਜਿਸ ਤਰ੍ਹਾਂ ਦੇ ਭੂਮੀ ਟੈਕਸ (ਮਾਮਲਾ) ਦੀ ਹਿਮਾਇਤ ਕਰਦਾ ਆ ਰਿਹਾ ਹੈ, ਉਸ ਦੇ ਨਾਲ ਟੈਕਸਾਂ ਦੀ ਚਰਚਾ ਉਨ੍ਹਾਂ ਵਿਚ ਕਟੌਤੀ ਕਰਨ ਦੇ ਇਲਾਵਾ ਹੋਰ ਕਿਸੇ ਉਦੇਸ਼ ਨਾਲ ਨਹੀਂ ਕਰਨੀ ਚਾਹੀਦੀ ਅਤੇ ਉਨ੍ਹਾਂ ਦੋਵਾਂ ਹੀ ਪ੍ਰਸਤਾਵਾਂ ਨੂੰ ਚੁੱਕ ਕੇ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ। ਫੇਰ ਉਨ੍ਹਾਂ ਨੂੰ ਵਾਰਸਾਈ ਬੁਲਾਇਆ ਗਿਆ, ਜਿੱਥੇ ਰਾਜਾਂ ਨੇ 'ਏ ਬੈਡ ਆਫ ਜਸਟਿਸ' ਨਾਂ ਦੀ ਇਕ ਵਿਸ਼ੇਸ਼ ਬੈਠਕ ਕੀਤੀ ਅਤੇ ਉਨ੍ਹਾਂ ਪ੍ਰਸਤਾਵਾਂ ਦਾ ਇੰਦਰਾਜ ਕਰ ਲਿਆ, ਪਾਰਲੀਮੈਂਟ ਪੈਰਿਸ ਵਾਪਸ ਚਲੀ ਗਈ। ਉਥੇ ਇਕ ਸਮਾਗਮ ਕੀਤਾ। ਵਾਰਸਾਈ ਵਿਚ ਕੀਤੀ ਗਈ ਹਰ ਕਾਰਵਾਈ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦੇ ਹੋਇਆਂ, ਇੰਦਰਾਜ ਨੂੰ ਰੱਦ ਕਰ ਦੇਣ ਦਾ ਆਦੇਸ਼ ਦਿੱਤਾ। ਤਾਂ ਸਾਰਿਆਂ ਨੂੰ 'ਲੈਟਰ ਡੀ ਕੈਸ਼ੇਤਸ' ਨਾਮੀ ਸ਼ਾਹੀ ਫਰਮਾਨ ਜਾਰੀ ਹੋਇਆ ਅਤੇ ਸਾਰਿਆਂ ਨੂੰ ਦੇਸ਼-ਨਿਕਾਲਾ ਦੇ ਦਿੱਤਾ ਗਿਆ। ਫੇਰ ਬਾਅਦ ਵਿਚ ਉਨ੍ਹਾਂ ਨੂੰ ਵਾਪਸ ਬੁਲਾ ਲਿਆ ਗਿਆ। ਅਤੇ ਫੇਰ ਉਹੋ ਹੀ ਫਰਮਾਨ ਉਨ੍ਹਾਂ ਦੇ ਸਾਹਮਣੇ ਰੱਖੇ ਗਏ।

## ਪੰਨਾ 185 (120)

ਫੇਰ ਸਟੇਟਸ ਜਨਰਲ ਦੀ ਇਕ ਬੈਠਕ ਸੱਦਣ ਦਾ ਸਵਾਲ ਉਠਿਆ। ਰਾਜੇ ਨੇ ਇਸ ਦੇ ਲਈ ਪਾਰਲੀਮੈਂਟ ਤੋਂ ਵਾਇਦਾ ਲਿਆ ਪਰੰਤੂ ਮੰਤਰੀ ਮੰਡਲ ਨੇ ਵਿਰੋਧ ਕੀਤਾ। ਇਸ ਦੇ ਇਕ 'ਫੁੱਲ ਕੋਰਟ' ਗਠਿਤ ਕਰਨ ਦਾ ਨਵਾਂ ਸੁਝਾਅ ਰੱਖਿਆ ਪਰੰਤੂ ਇਸ ਦਾ ਦੋ ਆਧਾਰਾਂ 'ਤੇ ਵਿਰੋਧ ਹੋਇਆ। ਪਹਿਲਾ ਇਹ ਕਿ ਸਿਧਾਂਤਕ ਆਧਾਰ ਤੇ ਸਰਕਾਰ ਨੂੰ ਖ਼ੁਦ ਬਦਲਣ ਦਾ ਕੋਈ ਅਧਿਕਾਰ ਨਹੀਂ ਸੀ। ਇਸ ਤਰ੍ਹਾਂ ਦੀ ਉਦਾਹਰਣ ਨੁਕਸਾਨਦੇਹ ਹੋਵੇਗੀ। ਦੂਜਾ ਵਿਰੋਧ ਸਰੂਪ ਨੂੰ ਲੈ ਕੇ ਸੀ, ਇਸ ਦੇ ਵਿਰੋਧ ਵਿਚ ਇਹ ਦਲੀਲ ਦਿੱਤੀ ਗਈ ਕਿ ਇਹ ਇਕ ਵਿਸਤਾਰਤ (ਵਧਾਏ ਹੋਏ) ਮੰਤਰੀ ਮੰਡਲ ਦੇ ਇਲਾਵਾ ਹੋਰ ਕੁਝ ਨਹੀਂ ਹੁੰਦਾ।

ਇਸ ਲਈ ਪਾਰਲੀਮੈਂਟ ਨੇ ਇਸ ਪ੍ਰਸਤਾਵ ਨੂੰ ਠੁਕਰਾ ਦਿੱਤਾ। ਫੇਰ ਉਸ ਨੂੰ ਹਥਿਆਰ- ਬੰਦ ਫੌਜਾਂ ਨੇ ਘੇਰ ਲਿਆ। ਕਈ ਦਿਨਾਂ ਤਕ ਘੇਰਾਬੰਦੀ ਚੱਲਦੀ ਰਹੀ। ਫਿਰ ਵੀ ਪਾਰਲੀਮੈਂਟ ਆਪਣੀ ਗੱਲ 'ਤੇ ਅੜੀ ਰਹੀ। ਤਾਂ ਉਸ ਦੇ ਕਈ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਕੇ ਵੱਖ-ਵੱਖ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ।

ਇਸ ਦਾ ਵਿਰੋਧ ਪ੍ਰਦਰਸ਼ਨ ਕਰਨ ਦੇ ਲਈ ਬ੍ਰਿਟੇਨ ਤੋਂ ਇਕ ਪ੍ਰਤੀਨਿਧੀ ਮੰਡਲ ਆਇਆ। ਉਸ ਦੇ ਮੈਂਬਰਾਂ ਨੂੰ ਬਾਸਤੀਆ (ਜੇਲ੍ਹ) ਭੇਜ ਦਿੱਤਾ ਗਿਆ।

'ਅਸੈਂਬਲੀ ਆਫ਼ ਨੋਟੇਬਲਜ਼' ਫੇਰ ਸੱਦੀ ਗਈ ਅਤੇ ਸਟੇਟਸ ਜਨਰਲ ਦੀ ਬੈਠਕ ਬੁਲਾਉਣ ਲਈ ਫੇਰ ਉਹੋ ਹੀ ਤਰੀਕਾ ਅਪਨਾਉਣ ਦਾ ਫ਼ੈਸਲਾ ਕੀਤਾ ਗਿਆ, ਜੋ **1614** ਵਿਚ ਅਪਣਾਇਆ ਗਿਆ ਸੀ।

ਪਾਰਲੀਮੈਂਟ ਨੇ ਤੈਅ ਕੀਤਾ ਕਿ ਇਸ ਦੇ ਵਾਸਤੇ ਕੁਲ **1200** ਮੈਂਬਰਾਂ ਵਿਚੋਂ **600** ਆਮ ਲੋਕਾਂ ਵਿਚੋਂ, **300** ਪਾਦਰੀ ਵਰਗ ਅਤੇ **300** ਕੁਲੀਨ ਵਰਗ ਵਿਚੋਂ ਚੁਣੇ ਜਾਣੇ ਚਾਹੀਦੇ ਹਨ।

ਸਟੇਟਸ ਜਨਰਲ ਦੀ ਮੀਟਿੰਗ ਮਈ **1789** ਵਿਚ ਹੋਈ। ਕੁਲੀਨ ਵਰਗ ਅਤੇ ਪਾਦਰੀ ਵਰਗ ਦੇ ਪ੍ਰਤੀਨਿਧੀ ਦੋ ਵੱਖ-ਵੱਖ ਕਮਰਿਆਂ ਵਿਚ ਬੈਠੇ।

## ਪੰਨਾ 186 (121)

ਤੀਜੀ ਸ਼੍ਰੇਣੀ ਜਾਂ ਸਾਧਾਰਣ ਲੋਕਾਂ ਦੇ ਪ੍ਰਤੀਨਿਧੀਆਂ ਦੇ ਪਾਦਰੀ ਵਰਗ ਅਤੇ ਕੁਲੀਨ ਵਰਗ ਦੇ ਇਸ ਅਧਿਕਾਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਖ਼ੁਦ ਨੂੰ 'ਰਾਸ਼ਟਰ ਦੇ ਪ੍ਰਤੀਨਿਧੀ ਘੋਸ਼ਤ ਕਰਦੇ ਹੋਇਆਂ, ਆਪਣੇ ਕਮਰੇ ਵਿਚ ਨਾਲ ਬੈਠੇ ਰਾਸ਼ਟਰੀ ਪ੍ਰਤੀਨਿਧੀਆਂ ਦੇ ਇਲਾਵਾ, ਹੋਰ ਕਿਸੇ ਵੀ ਹੈਸੀਅਤ ਦੇ ਕਿਸੇ ਵੀ ਮੈਂਬਰ ਦਾ ਕੋਈ ਵੀ ਅਧਿਕਾਰ ਜਿੱਤਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ, ਸਟੇਟਸ ਜਨਰਲ ਹੀ 'ਰਾਸ਼ਟਰੀ ਅਸੈਂਬਲੀ' ਬਣ ਗਈ। ਉਸ ਨੇ ਦੂਜੇ ਕਮਰਿਆਂ ਵਿਚ ਸੱਦੇ ਭੇਜੇ। ਪਾਦਰੀ ਵਰਗ ਦੇ ਪ੍ਰਤੀਨਿਧੀਆਂ ਦੀ ਅਧਿਕਤਰ ਸੰਖਿਆ ਉਨ੍ਹਾਂ ਦੇ ਨਾਲ ਆ ਗਈ। ਕੁਲੀਨ ਵਰਗ ਦੇ **45** ਮੈਂਬਰ ਉਨ੍ਹਾਂ ਦੇ ਨਾਲ ਆ ਰਲੇ, ਫੇਰ ਉਨ੍ਹਾਂ ਦੀ ਸੰਖਿਆ ਵਧ ਕੇ **80** ਅਤੇ ਬਾਅਦ ਵਿਚ ਉਸ ਤੋਂ ਵੱਧ ਹੋ ਗਈ।

## ਪੰਨਾ 187 (122)

*ਟੈਨਿਸ ਕੋਰਟ ਦੀ ਸਹੁੰ*

ਕੁਲੀਨ ਵਰਗ ਅਤੇ ਪਾਦਰੀ ਵਰਗ ਦੇ ਦੁਸ਼ਟ ਤੱਤ ਰਾਸ਼ਟਰੀ ਅਸੈਂਬਲੀ ਨੂੰ ਉਖਾੜ ਸੁੱਟਣਾ ਚਾਹੁੰਦੇ ਸਨ। ਉਨ੍ਹਾਂ ਨੇ ਮੰਤਰੀ ਮੰਡਲ ਨਾਲ ਮਿਲ ਕੇ ਇਕ ਸਾਜ਼ਿਸ਼ ਰਚੀ। ਰਾਸ਼ਟਰ ਦੇ ਪ੍ਰਤੀਨਿਧੀਆਂ ਦੀ ਮੌਜੂਦਗੀ ਵਿਚ ਹੀ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ। ਫੇਰ ਉਹ ਇਕ ਟੈਨਿਸ ਕੋਰਟ ਵੱਲ ਚਲੇ ਗਏ ਅਤੇ ਉਥੇ ਸਾਰਿਆਂ ਨੇ ਮਿਲ ਕੇ ਸਹੁੰ ਖਾਧੀ ਕਿ ਜਦੋਂ ਤਕ ਉਹ ਇਕ ਸੰਵਿਧਾਨ ਦੀ ਸਥਾਪਨਾ ਨਹੀਂ ਕਰ ਲੈਂਦੇ, ਉਦੋਂ ਤਕ ਵੱਖ ਨਹੀਂ ਹੋਣਗੇ।

*ਬਸਤੀਆਂ :*

ਦੂਜੇ ਦਿਨ ਕਮਰੇ ਦਾ ਦਰਵਾਜ਼ਾ ਉਨ੍ਹਾਂ ਲਈ ਫੇਰ ਖੋਲ੍ਹ ਦਿੱਤਾ ਗਿਆ। ਪਰੰਤੂ ਚੁਪਕੇ-ਚੁਪਕੇ **30** ਹਜ਼ਾਰ ਦੀ ਫੌਜ ਪੈਰਿਸ ਨੂੰ ਘੇਰਨ ਦੇ ਵਾਸਤੇ ਰਵਾਨਾ ਕੀਤੀ ਜਾ ਚੁੱਕੀ ਸੀ। ਪੈਰਿਸ ਦੀ ਨਿਹੱਥੀ ਭੀੜ ਨੇ ਬਸਤੀਆਂ ਉਤੇ ਧਾਵਾ ਬੋਲ ਦਿੱਤਾ, ਬਸਤੀਆਂ ਦਾ ਪਤਨ ਹੋ ਗਿਆ। **14** ਜੁਲਾਈ **1789**

*ਵਰਸਾਈ :*

**5** ਅਕਤੂਬਰ **1789**—ਹਜ਼ਾਰਾਂ ਔਰਤ-ਮਰਦ ਰਾਸ਼ਟਰੀ ਪ੍ਰਤੀਕ ਦੇ ਪ੍ਰਤੀ ਅੰਗ-ਰੱਖਿਅਕ ਸੈਨਾ ਵੱਲੋਂ ਕੀਤੇ ਗਏ ਗੁਸਤਾਖ਼ੀ ਭਰੇ ਵਿਵਹਾਰ ਦਾ ਬਦਲਾ ਲੈਣ ਲਈ ਵਰਸਾਈ ਵੱਲ ਕੂਚ ਕਰ ਗਏ। ਇਸ ਨੂੰ 'ਬਰਸਾਈ ਮੁਹਿੰਮ' ਵਜੋਂ ਜਾਣਿਆ ਜਾਂਦਾ ਹੈ, ਉਸ ਦੇ ਬਾਅਦ ਵਾਪਰੀਆਂ ਘਟਨਾਵਾਂ ਦੇ ਫਲਸਰੂਪ ਰਾਜੇ ਨੂੰ ਪੈਰਿਸ ਲਿਆਂਦਾ ਗਿਆ।

## ਪੰਨਾ 188 (123)

ਹਰੇਕ ਰਾਸ਼ਟਰ ਦਾ ਵਿਵੇਕ ਜਦੋਂ ਜਾਗ ਪੈਂਦਾ ਹੈ, ਤਾਂ ਆਪਣੇ ਸਾਰਿਆਂ ਉਦੇਸ਼ਾਂ ਦੇ ਵਾਸਤੇ ਕਾਫ਼ੀ ਸਿੱਧ ਹੁੰਦਾ ਹੈ। (ਪੰ. 112 ਰਾਈਟਸ ਆਫ਼ ਮੈਨ)

ਕਿਉਂਕਿ ਹਰ ਯੁੱਗ ਵਿਚ ਸਰਕਾਰ ਦਾ ਸਰੂਪ ਪੂਰੀ ਤਰ੍ਹਾਂ ਨਾਲ ਰਾਸ਼ਟਰ ਦੀ ਇੱਛਾ ਦਾ ਹੀ ਮਾਮਲਾ ਰਿਹਾ ਹੈ, ਯਾਨੀ ਕਿ ਅਗਰ ਉਸ ਨੇ ਰਾਜਤੰਤਰਾਤਮਕ ਸਰੂਪ ਚੁਣਿਆ, ਤਾਂ ਅਜਿਹਾ ਕਰਨ ਦਾ ਉਸ ਨੂੰ ਅਧਿਕਾਰ ਸੀ, ਅਤੇ

ਉਸ ਦੇ ਬਾਅਦ ਜੇ ਉਸ ਨੇ ਗਣਤੰਤਰਿਕ ਹੋਣਾ ਪਸੰਦ ਕੀਤਾ, ਤਾਂ ਉਸ ਦਾ ਅਧਿਕਾਰ ਸੀ ਕਿ ਉਹ ਗਣਤੰਤਰਿਕ ਬਣ ਜਾਵੇ, ਅਤੇ ਰਾਜੇ ਨੂੰ ਇਹ ਆਖੇ ਕਿ, "ਹੁਣ ਤੁਹਾਡੇ ਵਾਸਤੇ ਸਾਡੇ ਕੋਲ ਕੋਈ ਗੁੰਜਾਇਸ਼ ਨਹੀਂ ਹੈ ।"

ਹਾਊਸ ਆਫ਼ ਲਾਰਡਜ਼ ਵਿਚ, ਮੰਤਰੀ ਅਰਲ ਆਫ਼ ਸੇਲਬੋਰਨ

## ਪੰਨਾ 189 (124)

*ਰਾਜਾ :*

"ਜੇ ਕੋਈ ਅਜਿਹਾ ਆਦਮੀ ਹੈ ਜਿਹੜਾ ਹੋਰਨਾਂ ਸਭ ਤੋਂ ਅਲੌਕਿਕ ਰੂਪ ਵਿਚ ਐਨਾ ਵੱਧ ਬੁੱਧੀਮਾਨ ਹੋਵੇ ਕਿ ਰਾਸ਼ਟਰ ਦੇ ਸੰਚਾਲਨ ਦੇ ਵਾਸਤੇ ਉਸ ਦੀ ਬੁੱਧੀ ਜ਼ਰੂਰੀ ਹੋਵੇ, ਤਾਂ ਰਾਜਸ਼ਾਹੀ ਦੀ ਕੋਈ ਉਚਿਤਤਾ ਮੰਨੀ ਜਾ ਸਕਦੀ ਹੈ, ਪਰੰਤੂ ਜਦੋਂ ਅਸੀਂ ਕਿਸੇ ਦੇਸ਼ 'ਤੇ ਨਜ਼ਰ ਮਾਰਦੇ ਹਾਂ ਅਤੇ ਵੇਖਦੇ ਹਾਂ ਕਿ ਕਿਵੇਂ ਉਸ ਦਾ ਹਰ ਇਕ ਹਿੱਸਾ ਆਪਣੇ ਮਾਮਲਿਆਂ ਦੀ ਸੂਝ-ਬੂਝ ਰੱਖਦਾ ਹੈ, ਅਤੇ ਜਦੋਂ ਅਸੀਂ ਪੂਰੀ ਦੁਨੀਆ ਉੱਪਰ ਨਜ਼ਰ ਮਾਰਦੇ ਹਾਂ, ਅਤੇ ਵੇਖਦੇ ਹਾਂ ਕਿ ਇਸ ਵਿਚ ਰਹਿਣ ਵਾਲੇ ਸਾਰੇ ਮਨੁੱਖਾਂ ਵਿੱਚੋਂ ਰਾਜਾ ਦਾ ਵੰਸ਼ ਹੀ ਅਜਿਹਾ ਹੈ ਜਿਹੜਾ ਆਪਣੀ ਯੋਗਤਾ ਵਿਚ ਸਭ ਤੋਂ ਘਟੀਆ ਹੈ, ਤਾਂ ਸਾਡੀ ਬੁੱਧੀ ਇਸ ਸਵਾਲ ਤੇ ਚਕਰਾਉਣ ਲੱਗਦੀ ਹੈ ਕਿ—ਆਖ਼ਰ ਇਨ੍ਹਾਂ ਲੋਕਾਂ ਨੂੰ ਕਿਉਂ ਬਰਕਰਾਰ ਰੱਖਿਆ ਗਿਆ ਹੈ ?" 112

*ਅਪਮਾਨਕਰਤਾ :*

"ਜੇ ਟੈਕਸਾਂ ਦੇ ਜ਼ੁਲਮੋ-ਸਿਤਮ ਨੂੰ ਖ਼ਤਮ ਕਰਨ ਦੀ ਗ਼ਰਜ਼ ਨਾਲ ਰਾਜਸ਼ਾਹੀ ਅਤੇ ਹਰੇਕ ਕਿਸਮ ਦੀ ਕੁਨਬਾਪ੍ਰਸਤ ਸਰਕਾਰ ਦੀ ਧੋਖਾਧੜੀ ਅਤੇ ਛਲ-ਕਪਟ ਨਾਲ ਭਰਪੂਰ ਟੈਕਸ ਨੀਤੀ ਦਾ ਭੰਡਾ ਫੋੜ ਕਰਨਾ—ਬੇਸਹਾਰਾ ਬੱਚਿਆਂ ਦੀ ਪੜ੍ਹਾਈ ਅਤੇ ਬੁੱਢਿਆਂ ਤੇ ਮੁਸੀਬਤਾਂ ਦੇ ਮਾਰੇ ਲੋਕਾਂ ਦੀ ਸਹਾਇਤਾ ਦੀਆਂ ਯੋਜਨਾਵਾਂ ਪ੍ਰਸਤਾਵਤ ਕਰਨਾ—ਯੁੱਧ ਦੇ ਘ੍ਰਿਣਤ ਚਲਨ ਨੂੰ ਖ਼ਤਮ ਕਰਨਾ—ਸਰਵਭੌਮਿਕ ਸ਼ਾਂਤੀ, ਸੱਭਿਅਤਾ ਅਤੇ ਵਪਾਰ ਨੂੰ ਉਤਸ਼ਾਹਿਤ ਕਰਨਾ ਅਤੇ ਰਾਜਨੀਤਕ ਅੰਧ-ਵਿਸ਼ਵਾਸ ਦੀਆਂ ਬੇੜੀਆਂ ਨੂੰ ਤੋੜ ਸੁੱਟਣਾ, ਅਤੇ ਅਧੋਗਤੀ ਦੇ ਸ਼ਿਕਾਰ ਮਨੁੱਖ ਨੂੰ ਉਸ ਦੇ ਵਾਜਬ ਗੌਰਵ ਤਕ ਉੱਚਾ ਚੁੱਕਣਾ—ਜੇਕਰ ਇਹ ਸਾਰੀਆਂ ਚੀਜ਼ਾਂ ਅਪਮਾਨਜਨਕ ਹਨ, ਤਾਂ ਮੈਨੂੰ ਇਕ ਅਪਮਾਨਕਰਤਾ ਦਾ ਜੀਵਨ ਜਿਊਣ ਦੇਵੋ, ਅਤੇ ਮੇਰੀ ਕਬਰ ਉਤੇ 'ਅਪਮਾਨਕਰਤਾ' ਦਾ ਨਾਮ ਖੁਦਵਾ ਦੇਣਾ ।"

## ਪੰਨਾ 190 (125)

ਪਰੰਤੂ ਜਦੋਂ ਸਾਧਨ ਨਹੀਂ ਬਲਕਿ ਸਿਧਾਂਤ ਕਰਮ ਨੂੰ ਉੱਚਾ ਕਰਨ ਵਾਲਾ ਕਾਰਨ ਬਣ ਜਾਂਦਾ ਹੈ ਤਾਂ, ਮੈਂ ਵੇਖਦਾ ਹਾਂ ਕਿ ਆਦਮੀ ਹਰ ਜਗ੍ਹਾ ਇੱਕੋ ਜਿਹਾ ਹੀ ਹੋ ਜਾਂਦਾ ਹੈ ।

*ਮੌਤ :*

ਜੇ ਅਸੀਂ ਅਮਰ ਹੁੰਦੇ ਤਾਂ ਬਹੁਤ ਦੁਖੀ ਹੁੰਦੇ, ਇਸ ਵਿਚ ਸ਼ੱਕ ਨਹੀਂ ਕਿ ਮਰਨਾ ਕਠਿਨ ਹੈ, ਪਰ ਇਹ ਸੋਚਣਾ ਮਧੁਰ ਲਗਦਾ ਹੈ ਕਿ ਅਸੀਂ ਹਮੇਸ਼ਾ ਜਿਉਂਦੇ ਹੀ ਨਹੀਂ ਰਹਾਂਗੇ ।

(ਪੰ. 45, ਏਮਿਲੀ)

*ਸਮਾਜਵਾਦੀ ਵਿਵਸਥਾ :*

"ਹਰ ਇਕ ਕੋਲੋਂ ਉਸ ਦੀ ਯੋਗਤਾ ਦੇ ਅਨੁਸਾਰ, ਹਰ ਇਕ ਨੂੰ ਉਸ ਦੀ ਲੋੜ ਦੇ ਅਨੁਸਾਰ ।"

ਹੌਸਲਾ ਇਨਕਲਾਬ ਵਿਚ ਸਫ਼ਲਤਾ ਦੀ ਜਾਨ ਹੈ ।

ਦਾਤੋਂ ਦਾ ਕਹਿਣਾ ਸੀ, "ਕਾਰਵਾਈ, ਕਾਰਵਾਈ, ਸੱਤਾ ਪਹਿਲਾਂ, ਬਹਿਸ ਬਾਅਦ ਵਿਚ ।"

## ਪੰਨਾ 191 (126)

***ਰੂਸੀ-ਪ੍ਰਯੋਗ 1917-27***

1. ਫੇਸ ਐਂਡ ਮਾਈਂਡ ਆਫ਼ ਬੋਲਸ਼ੇਵਿਜ਼ਮ
   ਲੇ. ਰੇਨੇ ਫਲਪ-ਮਿਲਰ
2. ਰਸ਼ੀਆ
   ਲੇ. ਮਾਕੀਵ-ਓਂਹਾਰਾ
3. ਰਸ਼ੀਅਨ ਰੈਵੋਲਿਊਸ਼ਨ
   ਲੇ. ਲੈਂਸਵਾਟ ਲੋਟਨ (ਮੈਕਮਿਲਨ)
4. ਬੋਲਸ਼ੇਵਿਸਟ ਰਸ਼ੀਆ
   ਲੇ. ਏਂਟਨ ਕਾਰਲਗਰੀਨ
5. ਲਿਟਰੇਚਰ ਐਂਡ ਰੈਵੋਲਿਊਸ਼ਨ
   ਤਰਾਤਸਕੀ
6. ਮਾਰਕਸ-ਲੈਨਿਨ ਐਂਡ ਸਾਇੰਸ ਆਫ਼ ਰੈਵੋਲਿਊਸ਼ਨ
   ਲੇ. ਏਂਟਨ ਕਾਰਲਗਰੀਨ

"ਬੋਲਸ਼ਵਿਕਾਂ ਦਾ ਦਰਸ਼ਨ ਇਕਦਮ ਧਾਵਕ ਰੂਪ ਤੋਂ ਭੌਤਿਕਵਾਦੀ ਹੈ, ਜਿਸ ਦੀ ਇਕ ਮੁਕਤੀ-ਦਾਤਾ ਵਿਸ਼ੇਸ਼ਤਾ ਨੂੰ ਉਨ੍ਹਾਂ ਦੇ ਕੱਟੜ ਤੋਂ ਕੱਟੜ ਦੁਸ਼ਮਣਾਂ ਤਕ ਨੂੰ ਸਵੀਕਾਰ ਕਰਨਾ ਪਵੇਗਾ, ਅਤੇ ਉਹ ਇਹ ਕਿ ਉਨ੍ਹਾਂ ਵਿਚ ਕਿਸੇ ਵੀ ਕਿਸਮ ਦੇ ਭੁਲੇਖੇ ਦੀ ਪੂਰੀ ਤਰ੍ਹਾਂ ਅਣਹੋਂਦ ਹੈ।

ਉਹ ਆਪਣੇ ਸੰਸਥਾਪਕ ਦੇ ਇਸ ਵਿਸ਼ਵਾਸ ਉਤੇ ਪੂਰੀ ਦ੍ਰਿੜ੍ਹਤਾ ਨਾਲ ਕਾਇਮ ਹਨ ਕਿ, "ਹਰ ਇਕ ਚੀਜ਼ ਨੂੰ ਪ੍ਰਾਕ੍ਰਿਤਕ ਨਿਯਮਾਂ ਰਾਹੀਂ, ਜਾਂ ਇਕ ਸੰਕੀਰਣਤਰ ਅਰਥ ਵਿਚ ਆਖੀਏ ਤਾਂ, ਭੌਤਿਕ ਕ੍ਰਿਆ ਨੂੰ ਵਿਗਿਆਨ (ਫਿਜੀਆਲੋਜੀ) ਰਾਹੀਂ ਬਿਆਨ ਕੀਤਾ ਜਾ ਸਕਦਾ ਹੈ।

—ਪੰ. 30

ਮਾਰਕਸ ਨੇ ਕਿਹਾ ਹੈ, "ਦਾਰਸ਼ਨਿਕਾਂ ਨੇ, ਇਸ ਦੁਨੀਆ ਦੀ ਸਿਰਫ਼ ਤਰ੍ਹਾਂ-ਤਰ੍ਹਾਂ ਨਾਲ ਵਿਆਖਿਆ ਕੀਤੀ ਹੈ, ਦਰਅਸਲ ਮਹੱਤਵਪੂਰਣ ਗੱਲ ਤਾਂ ਇਸ ਨੂੰ ਬਦਲਣ ਦੀ ਹੈ।"

**ਪੰਨਾ 192 (197)**

*ਧਰਮ ਅਤੇ ਸਮਾਜਵਾਦ*

"ਧਰਮ, ਮਾਨਵਤਾ ਦੇ ਵਾਸਤੇ ਇਕ ਅਫ਼ੀਮ ਹੈ" ਮਾਰਕਸ ਦਾ ਕਹਿਣਾ ਸੀ।

"ਸਾਰੇ ਦੇ ਸਾਰੇ ਵਿਚਾਰਵਾਦੀ ਚਿੰਤਨ ਅੰਤ ਨੂੰ ਇਕ ਨਾਇਕ ਕਿਸਮ ਦੀ ਦੈਵੀਅਤਾ ਦੀ ਅਵਧਾਰਨਾ ਉੱਪਰ ਹੀ ਜਾ ਪਹੁੰਚਦੇ ਹਨ, ਅਤੇ ਇਸ ਵਾਸਤੇ, ਮਾਰਕਸਵਾਦੀ ਦੀ ਨਜ਼ਰ ਵਿਚ, ਉਹ ਸ਼ੁੱਧ ਬਕਵਾਸ ਹਨ। ਇੱਥੋਂ ਤਕ ਕਿ ਹੇਗੇਲ ਨੂੰ ਇਸ ਦੁਨੀਆ ਉਤੇ ਸ਼ਾਸਨ ਕਰਨ ਵਾਲੀ ਹਰ ਇਕ ਅੱਛੀ ਅਤੇ ਤਰਕਸੰਗਤ ਚੀਜ਼ ਦਾ ਠੋਸ ਰੂਪ ਈਸ਼ਵਰ ਵਿਚ ਹੀ ਵਿਖਾਈ ਦਿੰਦਾ ਸੀ, ਵਿਚਾਰਵਾਦੀ ਸਿਧਾਂਤ ਹਰ ਇਕ ਚੀਜ਼ ਨੂੰ ਜ਼ਬਰਦਸਤੀ ਇਸ ਬਦ-ਕਿਸਮਤ ਧੌਲੀ ਦਾੜ੍ਹੀ ਵਾਲੇ (ਅਰਥਾਤ, ਈਸ਼ਵਰ—ਸੰ.) ਦੇ ਮੋਢਿਆਂ 'ਤੇ ਸੁੱਟ ਦਿੰਦਾ ਹੈ, ਜੋ ਉਸ ਦੇ ਭਗਤਾਂ ਦੀਆਂ ਸਿੱਖਿਆਵਾਂ ਦੇ ਅਨੁਸਾਰ, ਪੂਰਣ ਹੈ, ਅਤੇ ਜਿਸ ਨੂੰ ਆਦਮ ਦੇ ਇਲਾਵਾ, ਪਿੱਸੂਆਂ ਅਤੇ ਵੇਸਵਾਵਾਂ, ਕਾਤਿਲਾਂ ਅਤੇ ਕੋਹੜੀਆਂ, ਭੁੱਖ ਅਤੇ ਦੁੱਖ, ਪਲੇਗ ਅਤੇ ਵੋਦਕਾ (ਇਕ ਕਿਸਮ ਦੀ ਸ਼ਰਾਬ—ਸੰ.) ਦੀ ਸ੍ਰਿਸ਼ਟੀ ਕੀਤੀ ਹੈ ਤਾਂ ਕਿ ਉਨ੍ਹਾਂ ਪਾਪੀਆਂ ਨੂੰ ਸਜ਼ਾ ਦੇ ਸਕੇ, ਜਿਨ੍ਹਾਂ ਨੂੰ ਉਸ ਨੇ ਖ਼ੁਦ ਹੀ ਪੈਦਾ ਕੀਤਾ, ਅਤੇ ਜੋ ਖ਼ੁਦ ਉਸ ਦੀ ਮਰਜ਼ੀ ਨਾਲ ਪਾਪ ਕਰਦੇ ਹਨ...। ਵਿਗਿਆਨਕ ਦ੍ਰਿਸ਼ਟੀਕੋਣ ਤੋਂ, ਇਹ ਸਿਧਾਂਤ ਬੇਹਿਯਾਤ ਹੀ ਸਿੱਧ ਹੁੰਦਾ ਹੈ। ਇਸ ਦੁਨੀਆ ਦੀਆਂ ਸਾਰੀਆਂ ਪਰਿਘਟਨਾਵਾਂ ਦੀ ਇਕ-ਮਾਤਰ ਵਿਗਿਆਨਕ ਵਿਆਖਿਆ ਤਾਂ ਪੂਰਣ ਭੌਤਿਕਵਾਦੀ ਹੀ ਦਿੰਦਾ ਹੈ।

(ਪੰ. 32, ਬੁਖ਼ਾਰਿਨ)

ਉਨ੍ਹਾਂ ਦੇ (ਯਾਨੀ ਭੌਤਿਕਵਾਦੀਆਂ ਦੇ ਸੰ.) ਅਨੁਸਾਰ, ਆਰੰਭ ਵਿਚ ਸੀ ਪ੍ਰਾਕਿਰਤੀ (ਕੁਦਰਤ); ਉਸ ਤੋਂ ਜੀਵਨ; ਅਤੇ ਜੀਵਨ ਤੋਂ ਚਿੰਤਨ ਅਤੇ ਉਹ ਸਾਰੀਆਂ ਅਭਿ-ਵਿਅਕਤੀਆਂ (ਸਾਰੇ ਪ੍ਰਗਟਾਵਿਆਂ) ਜਿਨ੍ਹਾਂ ਨੂੰ ਅਸੀਂ ਮਾਨਸਿਕ ਜਾਂ ਨੈਤਿਕ ਪਰਿਘਟਨਾਵਾਂ ਆਖਦੇ ਹਾਂ। ਆਤਮਾ ਵਰਗੀ ਕੋਈ ਸ਼ੈਅ ਹੈ ਹੀ ਨਹੀਂ, ਅਤੇ ਮਨ; ਚੇਤਨਾ ਪਦਾਰਥ ਦੀ, ਇਕ ਖ਼ਾਸ ਢੰਗ ਨਾਲ ਸੰਗਠਿਤ, ਇਕ ਕ੍ਰਿਆ ਦੇ ਇਲਾਵਾ ਹੋਰ ਕੁਝ ਨਹੀਂ ਹੈ।

(ਪੰ. 33)

**ਅੰਤਿਕਾ ਦੋ**

## ਭਗਤ ਸਿੰਘ ਦੇ ਜੀਵਨ ਦੀਆਂ ਪ੍ਰਮੁੱਖ ਤਾਰੀਖਾਂ

| | |
|---|---|
| 1. ਜਨਮ ਬੰਗੇ (ਲਾਇਲਪੁਰ) ਵਿਖੇ | 28 ਸਤੰਬਰ, 1907, ਚੱਕ ਨੰ: 105, ਅੱਜਕਲ੍ਹ ਫੈਸਲਾਬਾਦ (ਪਾਕਿਸਤਾਨ) |
| 2. ਮਾਤਾ ਪਿਤਾ | ਸ੍ਰੀਮਤੀ ਵਿਦਿਆਵਤੀ/ਸ੍ਰਦਾਰ ਕਿਸ਼ਨ ਸਿੰਘ |
| 3. ਪ੍ਰਾਇਮਰੀ ਸਕੂਲ | ਪਿੰਡ ਬੰਗਾ—1911-1916 |
| 4. ਹਾਈ ਸਕੂਲ | ਡੀ.ਏ.ਵੀ. ਸਕੂਲ, ਲਾਹੌਰ 1917-1921 (ਨੌਵੀਂ ਜਮਾਤ ਤਕ) |
| 5. ਕਾਲਜ | ਨੈਸ਼ਨਲ ਕਾਲਜ ਲਾਹੌਰ (1921-1923, ਸਿੱਧਾ ਐਫ.ਏ. ਵਿਚ ਦਾਖਲਾ, ਬੀ.ਏ. ਪੂਰੀ ਨਹੀਂ ਕੀਤੀ) |
| 6. ਘਰ ਨੂੰ ਅਲਵਿਦਾ | 1923 (ਕਾਨਪੁਰ ਨਿਵਾਸ ਕੁਝ ਮਹੀਨੇ) |
| 7. ਐਚ.ਆਰ.ਏ. (ਇਨਕਲਾਬੀ ਪਾਰਟੀ ਵਿਚ ਸ਼ਮੂਲੀਅਤ | 1924 ਅਲੀਗੜ੍ਹ ਜ਼ਿਲ੍ਹੇ ਦੇ ਸ਼ਾਦੀਪੁਰ ਪਿੰਡ ਵਿਚ |

ਹੈੱਡਮਾਸਟਰ (ਛੇ ਮਹੀਨੇ)
ਦਸੰਬਰ 1924 ਵਿਚ ਪਿਤਾ ਨਾਲ
ਬੇਲਗਾਓਂ ਕਾਂਗਰਸ ਵਿਚ ਸ਼ਮੂਲੀਅਤ

| | | |
|---|---|---|
| 8. | 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ | ਮਾਰਚ 1926 |
| 9. | 'ਦੁਸਹਿਰਾ ਬੰਬ ਕਾਂਡ' ਵਿਚ ਲਾਹੌਰ ਵਿਖੇ ਗ੍ਰਿਫ਼ਤਾਰੀ ਅਤੇ ਪੁਲਸ ਹਿਰਾਸਤ ਵਿਚ (ਸੱਠ ਹਜ਼ਾਰ ਰੁਪੈ ਦੀ ਜ਼ਮਾਨਤ 'ਤੇ ਰਿਹਾਈ) | 29 ਮਈ-4 ਜੁਲਾਈ 1927 |
| 10. | ਐਚ.ਐਸ.ਆਰ.ਏ. ਦੀ ਸਥਾਪਨਾ (ਸਮਾਜਵਾਦ ਦੇ ਰਾਹ 'ਤੇ) | 8-9 ਸਤੰਬਰ, 1928 (ਫਿਰੋਜ਼ਸ਼ਾਹ ਕੋਟਲਾ ਮੈਦਾਨ, ਦਿੱਲੀ) |
| 11. | ਫਿਰੋਜ਼ਪੁਰ ਵਿਖੇ ਕੇਸ ਗਟਵਾਏ | ਸਤੰਬਰ, 1928 |
| 12. | ਸਾਂਡਰਸ ਕਤਲ (ਲਾਹੌਰ) | 17 ਦਸੰਬਰ 1928 |
| 13. | ਕਲਕੱਤਾ ਕਾਂਗਰਸ ਦੌਰਾਨ ਮੁਲਾਕਾਤਾਂ | ਦਸੰਬਰ ਆਖਰੀ ਹਫਤਾ 1928 |
| 14. | ਆਗਰਾ ਬੰਬ ਫੈਕਟਰੀ ਤੇ ਹੈਡਕਵਾਟਰ | ਜਨਵਰੀ-ਮਾਰਚ 1929 |
| 15. | ਝਾਂਸੀ ਵਿਖੇ ਬੰਬ ਪ੍ਰੀਖਣ | 5-6 ਮਾਰਚ 1929 |
| 16. | ਕਸ਼ਮੀਰੀ ਗੇਟ ਦਿੱਲੀ ਵਿਖੇ ਹੈਟ ਵਾਲੀ ਫੋਟੋ ਖਿਚਵਾਈ | 3 ਤੋਂ 6 ਅਪ੍ਰੈਲ 1929 ਦੌਰਾਨ |
| 17. | ਦਿੱਲੀ ਅਸੈਂਬਲੀ (ਪਾਰਲੀਮੈਂਟ) ਵਿਚ ਬੰਬ ਧਮਾਕਾ (ਬਟੁਕੇਸ਼ਵਰ ਦੱਤ ਨਾਲ) ਤੇ ਗ੍ਰਿਫਤਾਰੀ | 8 ਅਪ੍ਰੈਲ 1929 |
| 18. | ਦਿੱਲੀ ਸੈਸ਼ਨ ਅਦਾਲਤ ਵਿਚ ਇਤਿਹਾਸਕ ਬਿਆਨ (ਕੌਮੀ ਵਕੀਲ ਆਸਫ ਅਲੀ ਨੇ ਪੜ੍ਹਿਆ) | 6 ਜੂਨ 1929 |
| 19. | ਸੈਸ਼ਨ ਅਦਾਲਤ ਵੱਲੋਂ ਬੰਬ ਕੇਸ ਵਿਚ ਉਮਰ ਕੈਦ | 12 ਜੂਨ 1929 |
| 20. | ਮਿਆਂਵਾਲੀ ਜੇਲ੍ਹ ਨੂੰ ਰਵਾਨਗੀ ਤੇ ਭੁੱਖ ਹੜਤਾਲ ਦੀ ਸ਼ੁਰੂਆਤ | 15-16 ਜੂਨ 1929 |
| 21. | ਲਾਹੌਰ ਸਾਜ਼ਸ਼ ਕੇਸ ਦੀ ਸ਼ੁਰੂਆਤ ਤੇ ਲਾਹੌਰ ਜੇਲ੍ਹ ਵਿਚ ਭੁੱਖ-ਹੜਤਾਲ ਜਾਰੀ। ਜਤਿਨ ਦਾਸ ਸਮੇਤ ਬਾਕੀ ਇਨਕਲਾਬੀ ਭੁੱਖ-ਹੜਤਾਲ ਵਿਚ ਸ਼ਾਮਲ | 10 ਜੁਲਾਈ 1929 ਤੋਂ |
| 22. | ਜਤਿਨ ਦਾਸ ਦੀ ਭੁੱਖ ਹੜਤਾਲ ਕਾਰਣ ਸ਼ਹਾਦਤ (ਲਾਹੌਰ ਜੇਲ੍ਹ ਵਿਚ) | 13 ਸਤੰਬਰ 1929 |
| 23. | 115 ਦਿਨ ਬਾਅਦ ਭੁੱਖ ਹੜਤਾਲ ਤੋੜੀ | 4 ਅਕਤੂਬਰ 1929 |
| 24. | ਵਿਸ਼ੇਸ਼ ਅਦਾਲਤ ਵਿਚ ਸਾਜ਼ਸ਼ ਕੇਸ ਦੀ ਸੁਣਵਾਈ | 5 ਮਈ ਤੋਂ 1929 ਤੋਂ |
| 25. | ਬੰਬ ਪ੍ਰੀਖਣ ਦੌਰਾਨ ਲਾਹੌਰ ਰਾਵੀ | 28 ਮਈ 1930 |

| | |
|---|---|
| ਦੇ ਕੰਢੇ ਭਗਵਤੀ ਚਰਣ ਵੋਹਰਾ ਦੀ ਸ਼ਹਾਦਤ | |
| 26. ਵਿਸ਼ੇਸ਼ ਅਦਾਲਤ ਵਲੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਜ਼ਾਇ-ਮੌਤ | 7 ਅਕਤੂਬਰ 1930 |
| 27. ਪ੍ਰਿਵੀਕੌਂਸਲ ਨੂੰ ਅਪੀਲ | ਅਕਤੂਬਰ 1930 ਵਿਚ ਦਾਖ਼ਲ<br>12 ਫ਼ਰਵਰੀ 1931 ਨੂੰ ਖ਼ਾਰਜ |
| 28. ਚੰਦਰ ਸ਼ੇਖਰ ਆਜ਼ਾਦ ਦੀ ਇਲਾਹਾਬਾਦ ਵਿਖੇ ਸ਼ਹਾਦਤ | 27 ਫ਼ਰਵਰੀ 1931 |
| 29. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ | ਲਾਹੌਰ ਜੇਲ੍ਹ ਵਿਖੇ 23 ਮਾਰਚ 1931<br>ਸ਼ਾਮ ਦੇ ਸੱਤ ਵਜੇ |
| 30. ਕੱਟੀਆਂ-ਵੱਢੀਆਂ ਲਾਸ਼ਾਂ ਮਿੱਟੀ ਦੇ ਤੇਲ ਨਾਲ ਜਲਾਈਆਂ | ਗੰਡਾ ਸਿੰਘ ਵਾਲਾ ਪਿੰਡ ਨੇੜੇ ਜੰਗਲ ਵਿਚ<br>23-24 ਮਾਰਚ ਦੀ ਦਰਮਿਆਨੀ ਰਾਤ |
| 31. ਹਜ਼ਾਰਾਂ ਲੋਕਾਂ ਵੱਲੋਂ ਸ਼ਹੀਦਾਂ ਦਾ ਬਾਇੱਜ਼ਤ ਅੰਤਿਮ ਸੰਸਕਾਰ | ਰਾਵੀ ਕੰਢੇ, ਜਿਥੇ ਲਾਲਾ ਲਾਜਪਤ ਰਾਇ ਦਾ ਸੰਸਕਾਰ ਹੋਇਆ ਸੀ। |

*(ਮਾਲਵਿੰਦਰਜੀਤ ਸਿੰਘ ਵੜੈਚ ਹੁਰਾਂ ਪ੍ਰਤੀ ਸ਼ੁਕਰਾਨੇ ਸਹਿਤ)*

**ਅੰਤਿਕਾ ਤਿੰਨ**

## ਭਗਤ ਸਿੰਘ ਬਾਰੇ ਪੁਸਤਕ ਸੂਚੀ : ਪੰਜਾਬੀ


1. ਲਿਖਤਾਂ : ਸ਼ਹੀਦ ਭਗਤ ਸਿੰਘ ਅਤੇ ਸਾਥੀ—ਸੰਪਾਦਕ ਅਮਰਜੀਤ ਚੰਦਨ, ਬਲਰਾਜ ਸਾਹਨੀ ਯਾਦਗਾਰ ਪੁਸਤਕਮਾਲਾ, ਅੰਮ੍ਰਿਤਸਰ, 1974
2. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ : ਸੰਪਾਦਕ—ਜਗਮੋਹਨ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000 ਈਸਵੀ
3. ਘੋੜੀਆਂ : ਸ਼ਹੀਦ ਭਗਤ ਸਿੰਘ, ਸੰਪਾਦਕ—ਗੁਰਦੇਵ ਸਿੰਘ ਸਿੱਧੂ, ਲੋਕਗੀਤ, ਚੰਡੀਗੜ੍ਹ, 2006
4. ਇਨਕਲਾਬ (ਜੀਵਨੀ ਭਗਤ ਸਿੰਘ) ਤੇਜਿੰਦਰ ਵਿਰਲੀ, ਕੁਕਨੂਸ, ਜਲੰਧਰ, 2006
5. ਜਿਥੋਂ ਸੂਰਜ ਉਗਿਆ ( " ) ਰਾਮਲਾਲ ਰਾਹੀ, ਮੁਕਤੀ ਪ੍ਰਕਾਸ਼ਨ, ਮੋਗਾ, 2006
6. ਸ਼ਹੀਦ ਭਗਤ ਸਿੰਘ (ਜੀਵਨੀ), ਗੁਰਦੇਵ ਸਿੰਘ ਦਿਓਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973
7. ਸ਼ਹੀਦ ਭਗਤ ਸਿੰਘ ਦੇ ਇਨਕਲਾਬੀ ਤਜਰਬੇ : ਕੁਲਦੀਪ ਨੱਈਅਰ, ਅੰਮ੍ਰਿਤਸਰ, 2000
8. ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ : ਸੋਹਣ ਸਿੰਘ ਜੋਸ਼, ਆਰਸੀ, ਦਿੱਲੀ, 1998
9. ਭਗਤ ਸਿੰਘ (ਜੀਵਨੀ), ਸਵਰਨ ਸਿੰਘ, ਵੈਲਵਿਸ਼, ਦਿੱਲੀ, 1994
10. ਯੁਗਪੁਰਸ਼ ਭਗਤ ਸਿੰਘ ਅਤੇ ਉਨ੍ਹਾਂ ਦੇ ਪੁਰਖੇ : ਵੀਰਿੰਦਰ ਸੰਧੂ, ਭਾਸ਼ਾ ਵਿਭਾਗ, ਪਟਿਆਲਾ 2007
11. ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ : ਪੰਜਾਬ ਸਰਕਾਰ, ਚੰਡੀਗੜ੍ਹ, 2007
12. ਭਗਤ ਸਿੰਘ : ਕਰਤਾਰ ਸਿੰਘ ਦੁੱਗਲ, ਪ੍ਰਕਾਸਨ ਵਿਭਾਗ, ਦਿੱਲੀ
13. ਸ਼ਹੀਦ ਭਗਤ ਸਿੰਘ ਦੀ ਨਾਸਤਕਤਾ : ਸੂਫੀ ਅਮਰਜੀਤ
14. ਸ਼ਹੀਦ ਭਗਤ ਸਿੰਘ ਦੀ ਪਛਾਣ : ਦੇਸ਼ਭਗਤ ਯਾਦਗਾਰ ਹਾਲ, ਜਲੰਧਰ
15. ਭਗਤ ਸਿੰਘ ਨਾਲ ਮੁਲਾਕਾਤ : ਭਾਈ ਰਣਧੀਰ ਸਿੰਘ, ਅੰਮ੍ਰਿਤਸਰ, 1963
16. ਤਰਕਸ਼ੀਲ ਭਗਤ ਸਿੰਘ
17. ਸ: ਭਗਤ ਸਿੰਘ—ਅਰਧ ਸ਼ਤਾਬਦੀ ਵੇਲੇ ਪੰਜਾਬ ਸਰਕਾਰ ਦਾ ਪ੍ਰਕਾਸ਼ਨ, 1981
18. ਸ਼ਹੀਦ ਭਗਤ ਸਿੰਘ—'ਜਾਗ੍ਰਿਤੀ' (ਸਤੰਬਰ 2007) ਵਿਸ਼ੇਸ਼ ਅੰਕ

19. ਭਗਤ ਸਿੰਘ ਤੇ ਸਾਥੀ ਜੇਲ੍ਹਾਂ ਵਿਚ : ਸੰਪਾਦਕ—ਡਾ. ਪਰੇਮ ਸਿੰਘ, 2007
20. ਸ਼ਹੀਦ ਭਗਤ ਸਿੰਘ : ਵਿਚਾਰਧਾਰਾ, ਸੰਪਾਦਕ—ਬਲਬੀਰ ਪਰਵਾਨਾ, ਚੇਤਨਾ, 2006
21. ਕਰਾਚੀ ਕਾਂਗਰਸ ਤੇ ਭਗਤ ਸਿੰਘ ਦੀ ਸ਼ਹੀਦੀ ਜੀਤ ਮੱਲ ਲੂਣੀਆ, ਲੋਕਗੀਤ, 2007
22. ਸ਼ਹੀਦ ਭਗਤ ਸਿੰਘ : ਜੀਵਨ ਅਤੇ ਕ੍ਰਾਂਤੀਕਾਰੀ ਮਾਰਗ : ਐਸ. ਐਸ. ਆਜ਼ਾਦ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007
23. 'ਨਜ਼ਰੀਆ' : ਭਗਤ ਸਿੰਘ ਵਿਸ਼ੇਸ਼ ਅੰਕ : ਸੰ: ਡਾ. ਐਸ. ਤਰਸੇਮ, ਮਲੇਰਕੋਟਲਾ, 2007
24. ਭਗਤ ਸਿੰਘ ਸ਼ਹੀਦ: ਚੋਣਵੇਂ ਮਜ਼ਮੂਨ ਅਤੇ ਕਵਿਤਾਵਾਂ—ਸੰਪਾਦਕ ਡਾ. ਜ਼ਫਰ ਚੀਮਾ, ਲਾਹੌਰ, 2007
25. ਪੰਜਾਬੀ ਰੰਗ—ਭਗਤ ਸਿੰਘ ਅੰਕ, ਸੰਪਾਦਕ ਜ਼ਫਰ ਚੀਮਾ, ਲਾਹੌਰ, 2007
26. 'ਸੰਵਾਦ' (ਕੈਨੇਡਾ) ਭਗਤ ਸਿੰਘ ਅੰਕ—ਸੰਪਾਦਕ ਸੁਖਿੰਦਰ, 2000-06
27. ਇਨਕਲਾਬੀ ਇਤਿਹਾਸ ਦੇ ਸੁਨਹਿਰੀ ਪੰਨੇ, ਡਾ. ਚਮਨ ਲਾਲ, ਤਰਕਸ਼ੀਲ, 2005
28. ਸਤਲੁਜ ਦੀ ਹਵਾ (ਨਾਵਲ), ਗਿਆਨੀ ਅਜੀਤ ਸਿੰਘ, 2007
29. ਸਤਲੁਜ ਵਹਿੰਦਾ ਰਿਹਾ (ਨਾਵਲ), ਬਲਦੇਵ ਸਿੰਘ, ਚੇਤਨਾ (ਲੁਧਿਆਣਾ), 2007
30. ਸ਼ਹੀਦ ਭਗਤ ਸਿੰਘ (ਕਾਵਿ) ਪ੍ਰੋ. ਦੀਦਾਰ ਸਿੰਘ ਲੁਧਿਆਣਾ, 1984
31. ਸਿੰਘ ਗਰਜਣਾ (ਕਾਵਿ), ਸੰਪਾਦਕ ਗੁਰਦੇਵ ਸਿੰਘ ਸਿੱਧੂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992
32. ਭਗਤ ਸਿੰਘ ਦੀ ਸੋਚ ਵਾਲਿਓ (ਕਾਵਿ), ਮਹਿੰਦਰ ਸਿੰਘ ਧੂਮਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007
33. ਸ਼ਹੀਦ-ਆਜ਼ਮ ਭਗਤ ਸਿੰਘ (ਕਾਵਿ), ਸੰਪਾਦਕ ਡੀ. ਪੀ. ਸਿੰਗਲ/ਬਲਦੇਵ ਬੱਧਨ, ਐਨ.ਬੀ.ਟੀ. 2005
34. ਵਿਰਲਾਪ (ਜ਼ਬਤ ਕਾਵਿ), ਕਾਮਰੇਡ ਅਮਰਨਾਥ ਆਹਲੂਵਾਲੀਆ, ਫਿਰੋਜ਼ਪੁਰ, 1931
35. ਭਗਤ ਸਿੰਘ ਸ਼ਹੀਦ (ਨਾਟਕ ਤ੍ਰੈਲੜੀ), ਚਰਨ ਦਾਸ ਸਿੱਧੂ, ਸ਼ਿਲਾਲੇਖ, 1998
36. ਭਗਤ ਸਿੰਘ ਦੀ ਵਾਪਸੀ (ਨਾਟਕ), ਸਾਗਰ ਸਰਹੱਦੀ
37. ਇਨਕਲਾਬ ਜ਼ਿੰਦਾਬਾਦ (ਨਾਟਕ), ਗੁਰਸ਼ਰਨ ਸਿੰਘ
38. ਦਿਨ ਛਿਪਣ ਤੋਂ ਪਹਿਲਾਂ (ਨਾਟਕ), ਦਵਿੰਦਰ ਦਮਨ, ਚੰਡੀਗੜ੍ਹ, 1982
39. ਭਗਤ ਸਿੰਘ (ਲੇਖ) ਸਵੈਸਾਚੀ, ਕੁਕਨੂਸ, ਜਲੰਧਰ, 2002
40. ਬੰਦੀ ਬੋਲ (ਕਾਵਿ) ਸੰ: ਗੁਰਦੇਵ ਸਿੰਘ ਸਿੱਧੂ, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 2008
41. ਧੌਤੇ ਮੂੰਹ ਚਪੇੜ (ਨਾਟਕ) ਜਗਜੀਤ ਕੋਮਲ, ਲਿਟਰੇਚਰ ਹਾਊਸ, ਅੰਮ੍ਰਿਤਸਰ, 2004
42. ਕਿੱਸਾ ਸ਼ਹੀਦ ਭਗਤ ਸਿੰਘ ਪ੍ਰੋ. ਦੀਦਾਰ ਸਿੰਘ—ਸੰ: ਪ੍ਰੋਫੈਸਰ ਵੜੈਚ ਤਰਕ ਭਾਰਤੀ, ਬਰਨਾਲਾ, 2006
43. ਸੋਹਲੇ ਸ਼ਹੀਦ ਭਗਤ ਸਿੰਘ (ਕਾਵਿ), ਸੰ: ਗੁਰਦੇਵ ਸਿੰਘ ਸਿੱਧੂ, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 2008
44. ਭਗਤ ਸਿੰਘ—ਤਰਲੋਕ ਸਿੰਘ
45. 'ਜੋ ਸਤਲੁਜ ਕੰਢੇ ਸੜ ਗਏ', ਯੁਵਕ ਕੇਂਦਰ, ਜਲੰਧਰ, 1969
46. ਕੌਮੀ ਲਹਿਰ (ਮਾਸਕ), ਜਲੰਧਰ, ਭਗਤ ਸਿੰਘ ਅੰਕ, 1971
47. ਭਗਤ ਸਿੰਘ : ਜੀਵਨ ਅਤੇ ਆਦਰਸ਼, ਅਹਿਮਦ ਸਲੀਮ, 2008.
48. ਇੱਕ ਸੁਪਨਾ : ਇੱਕ ਸੰਵਾਦ, ਲਖਵਿੰਦਰ ਜੌਹਲ, 2007
49. ਕਿਹੜੀ ਮਾਂ ਨੇ ਭਗਤ ਸਿੰਘ ਜੰਮਿਆ, ਸੰਪਾਦਕ--ਅਹਿਮਦ ਸਲੀਮ, ਸਾਂਝ, ਲਾਹੌਰ, 2008
50. ਸ਼ਹੀਦ ਭਗਤ ਸਿੰਘ ਦੀ ਜੇਲ੍ਹ ਨੋਟਬੁੱਕ, ਅਨੁਵਾਦ--ਰਾਜਿੰਦਰਪਾਲ ਸਿੰਘ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005
51. ਮੈਂ ਭਗਤ ਸਿੰਘ ਹਾਂ ਤੇ ਮੈਂ ਫਿਰ ਆਵਾਂਗਾ (ਨਾਟਕ), ਪਾਲੀ ਭੁਪਿੰਦਰ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008
52. ਭਗਤ ਸਿੰਘ—ਅਹਿਮਦ ਸਲੀਮ, 1976

53. ਆਜ਼ਾਦੀ ਦਾ ਪਰਵਾਨਾ, ਮਹਿੰਦਰ ਸਿੰਘ ਸੇਠੀ, 1962
54. ਆਜ਼ਾਦ ਹਿੰਦ ਦਾ ਪਹਿਲਾ ਕੌਮੀ ਸ਼ਹੀਦ ਸਰਦਾਰ ਭਗਤ ਸਿੰਘ (ਨਾਵਲ), ਤਰਲੋਕ ਸਿੰਘ, ਮੇਹਰ ਸਿੰਘ ਐਂਡ ਸਨਜ਼, ਅੰਮ੍ਰਿਤਸਰ
55. ਚੜ੍ਹਦਾ ਸੂਰਜ ਭਗਤ ਸਿੰਘ, ਅਵਤਾਰ ਜਵੰਦਾ, ਦੀਪਕ, ਜਲੰਧਰ, 1983
56. ਮਸੀਹਾ ਸੂਲੀ 'ਤੇ ਮੁਸਕਰਾਇਆ (ਨਾਟਕ), ਹਰਚਰਨ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1980
57. ਸ਼ਹੀਦ ਭਗਤ ਸਿੰਘ : ਮਹਾਕਾਵਿ, ਇੰਦਰਜੀਤ ਨੰਦਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008

## fgUnh lkfgR;

1- ^Hkfo";^] Hkxr flag fo'ks'kkad] laiknd jkej[k flag lgxy] bykgkckn ¼tCr½ 16 vizSy] 1931
2- ^vH;qn;^ Hkxr flag fo'ks'kkad] laiknd in~edkar ekyoh; bykgkckn ¼tCr½] 8 ebZ] 1931
3- ^pk¡n^ ¼Q¡klh vad½] laiknd prqjlsu "'kkL=kh uoacj 1928 bykgkckn ¼tCr½
4- Hkxr flag dh tsy Mk;jh] osnLo:Ik uhjt ,oa Kku dkSj diwj] jkt ifCyf'kax] t;iqj
5- iy izfriy] ¼iapdwyk½ Hkxr flag fo'ks"kkad] la- ns'k fueksZgh 2003
6- mn~Hkkouk] Hkxr flag fo'ks"kkad] la- vt; dqekj] fnYyh] 2007
7- mÙkjk)Z] la-lO;lkph] Hkxr flag fo'ks"kkad] eFkqjk] vDVwcj 1988
8- os bUdykch fnu] ohjsanz] jktiky ,aM lat] laLdj.k 1986
9- ljnkj Hkxr flag ¼egkdkO;½] Jhd`".k ljy] jk"Vªh; izdk'ku] mTtSu] izFke laLdj.k 1964
10- Lekfjdk% 'kghn Hkxr flag fo'ks"kkad] Kku&foKku lfefr] okjk.klh] 2007
11- Hkxr flag% nqxkZ HkkHkh Lekfjdk] 'kghn Lekjd] y[kuÅ]2007
12- Hkxr flag% rc vkSj vc] laiknd jke dfoanz@lqHkk"k xqlr] te'ksniqj] 2001
13- ikaptU;] la- r#.k fot;] fnYyh] ekpZ 2007
14- fopkjksa dh lku ij ¼Hkxr flag Lekfjdk½ la- lq/khj lqeu] vkjk] 2007
15- ;qok laokn] la- ,-ds- v{k;] Hkxr flag dk Hkkjr] fnYyh] uoacj 2007
16- Hkxr flag Lekfjdk] Jfed la?k] eqacbZ] 1981
17- mTToy /kqzorkjk] la- th-ih- feJ] bykgkckn] tqykbZ&flracj 2007
18- fQygky] la- izhfr flUgk] 'kghn Hkxr flag Le`fr vad] iVuk] vizSy 2007
19- vej"'kghn Hkxr flag] ljLorh iqLrd ,tsalh] dydÙkk] ¼tCr½ 1931
20- vkt+knh ds fpjkx] jkepanz panznso] x;k] ¼tCr½ 1932
21- vkt+knh ds nhokus] iafMr f'ko laifr mik/;k;] cukjl] ¼tCr½
22- vkt+knh dh vkx ¼dkO;½] fpjath yky 'kekZ] cukjl ¼tCr½
23- vkt+knh dh rku ¼dkO;½] jkeuanu 'kkg] Nijk] ¼tCr½ 1931
24- vkt+knh dh rjax ¼dkO;½] dkys flag] lksuhir] ¼tCr½ 1932
25- cfyosnh ij ¼dkO;½ ;qod ân;] ¼tCr½ 1931
26- Hkxr flag ¼dkO;½] g'kZnÙk ikaMs; ^";ke^ dkuiqj ¼tCr½

27- Hkxr flag dh ohjrk ¼dkO;½] ljLorh iqLrd ,tsalh] dydÙkk] ¼tCr½ 1931
28- Hkkjrh; ohj] fnYyh] ¼tCr½ 1931
29- nqfu;k dk pk;n mQZ xe dk <ksyk] Qxj lkvks gyokbZ] dksydkrk] ¼tCr½ 1932
30- Qk;lh ds 'kghn ¼dkO;½] jktkjke uk;j] iz;kx] ¼tCr½ 1931
31- ftxj ds VqdM+s] f'ko 'kaHkw feJ] gkoM+k] ¼tCr½ 1931
32- djkph dkaxzsl] fganh lkfgR; eafnj] vtesj] ¼tCr½ 1932
33- dkSeh ijokuk] iUukyky xqtjkrh] dksydkrk] ¼tCr½ 1931
34- [kwu ds vk;lw] ljLorh iqLrd ,tsalh] dksydkrk] ¼tCr½ 1931
35- Økafr dh fpaxkjh ¼dkO;½] jkepanz ljkQ] cukjl] ¼tCr½ 1931
36- Økafr dk iqtkjh] eksgu yky ^vjeku^] dkuiqj] ¼tCr½ 1931
37- Økafr iq"ikatfy ¼dkO;½] lqesanz eqdthZ] nsgjknwu] ¼tCr½ 1931
38- ykgkSj dh lwyh vFkkZr ljnkj Hkxr flag eLrkuk] la- 'kaHkwukjk;.k feJ] x;k] ¼tCr½ 1931
39- ykgkSj ds 'kghn] Lokeh] vktkn xzaFkekyk] tcyiqj] ¼tCr½ 1931
40- ykgkSj dh Qk;lh vFkkZr Hkxr flag dk rjkuk] ,u-,y-,-ckeyV] cukjl ¼tCr½ 1931
41- enkZuk Hkxr flag ¼dkO;½ Jh;qr izrki lqrarj] vyhx<+] ¼tCr½ 1931
42- erokyk xk;u] ekrk izlkn 'kqDy] cukjl] ¼tCr½ 1931
43- ubZ dtyh lkou ce dsl mQZ Hkxr flag dh Qk;lh vkSj cukjl ds naxs dh] ubZ dtyh ¼fganh xhr½] ekdZ.Ms;] cukjl] ¼tCr½ 1931
44- izHkkr Qsjh ¼xhr½] laiknd ih-ch ikBd] eqacbZ] ¼tCr½ 1931
45- jk"Vªh; vkYgk ;kfu Hkxr flag dh yM+kbZ ¼dkO;½] lw;Zizlkn feJ] dkuiqj] ¼tCr½ 1931
46- 'kghnksa dh vkgsa] fetkZiqj] ¼tCr½ 1931
47- ljnkj Hkxr flag] ds-,y- xqIrk] vkxjk] ¼tCr½ 1931
48- ljnkj Hkxr flag dh ubZ dtjh% lkou ds flag ¼xhr½] xksiky xqIrk] cukjl] ¼tCr½ 1931
49- ljnkj Hkxr flag ds xkus ¼xhr½] ia- jkefoykl voLFkh] y[kuÅ] ¼tCr½ 1931
50- 'kghn Hkxr flag] ia- 'kaHkw izlkn feJ] dydÙkk] ¼tCr½ 1931
51- 'kghns uojRu ¼xhr½] 'kekZ ^fody^ dkuiqj] ¼tCr½1 931
52- 'kghns oru] izHkkdj th] dydÙkk] ¼tCr½1931
53- 'kghnksa dk lansl] xka/kh dh tax ¼dkO;½] euksgj panz] fnYyh] ¼tCr½ 1931
54- 'kghnksa dk rjkuk] 'kaHkw izlkn feJ] dydÙkk] ¼tCr½ 1931
55- 'kghnksa ds xkus] f'konÙk voLFkh] y[kuÅ ¼tCr½ 1931
56- 'kghnksa dh ;knxkj ¼dkO;½ lR;ukjk;.k /kkSfj;k] vH;qn; izsl] bykgkckn] ¼tCr½ 1931
57- lqyg vkSj jk"Vªh; iqdkj ¼dkO;½] jkekfoykl voLFkh] y[kuÅ] ¼tCr½ 1931

58- Lora=krk Hkxr flag vkSj tsyksa dh [kq'kcLrh] Qdhjk 'kekZ] eqt¶Qj iqj] ¼tCr½ 1931
59- rjkus ljnkj Hkxr flag] /keZ flag vk;Z] fnYyh] ¼tCr½ 1931
60- ohjksa ds xkus % Qk¡lh ds iqtkjh] /keZ flag vk;Z] fnYyh] ¼tCr½ 1931
61- ohjksa dk >wyk ¼dkO;½] y{e.k yky tks'kh] >k¡lh] ¼tCr½ 1931
62- ;qod xtZuk ¼dkO;½] dk'khjke frokjh] bykgkckn] ¼tCr½ 1931
63- Økafrdkjh Hkxr flag] lqjs'k] fgan ikWdsV cqDl] fnYyh
64- vej 'kghn Hkxr flag] la- ohjsanz la/kw] izdk'ku foHkkx Hkkjr ljdkj] 1974
65- esjs Økafrdkjh lkFkh Hkxr flag] la- ohjsanz la/kw] jktiky ,aM lat] fnYyh 1977
66- i= vkSj nLrkost] la- ohjsanz la/kw] jktiky ,aM lat] fnYyh 1977
67- 'kghn Hkxr flag] jkenqykjs f=kosnh] dkuiqj] 1938
68- ;qxn`"Vk Hkxr flag vkSj muds e`R;qat; iqj[ks] ohjsanz la/kw] KkuihB izdk'ku] 1968
69- Økafrdkjh Hkxr flag] 'kadj lqyrkuiqjh] fgan ikWdsV cqDl] fnYyh] 1969
70- vkt+knh ds ijokus] vkj-lgxy
71- Hkxr flag] jes'k fonzksgh] Hkkouk izdk'ku] fnYyh] 1982
72- tc T;ksfr txh] lq[knso jkt] Øafrdkjh izdk'ku] fetkZiqj] 1971
73- folyo ;K dh vkgqfr;k¡] cVqdukFk vxzoky] Økafrdkjh izdk'ku] fetkZiqj] 1971
74- ;knksa dh ijNkb;k¡] prqjlsu "'kkL=kh] jktiky ,aM lat] fnYyh
75- 'kghns vkt+e Hkxr flag] lR;'kdqu] lUekxZ izdk'ku] fnYyh
76- [kwu dh gksyh% Øafrdkfj;ksa dh jksekapd xkFkk,¡ lq[klkxj flUgk
77- rhu egku Økafrdkjh] ujsanz dqekj
78- Hkxr flag% O;fDrRo vkSj fopkj] ujs'k lwjh@jkfxuh feJk] eksfguh xqlrk] jk/kk ifCyds'kal] fnYyh
79- ^Lora=krk laxzkke vkSj Hkxr flag] MkW j?kqchj flag] jk/kk ifCyds'kal] fnYyh
80- Økafrohj Hkxr flag] lR;HkDr] dkuiqj] 1932
81- rhu Økafrdkjh 'kghn% 'kghn Hkxr flag] vkj- ,y- caly] Hkkjrh; Hkou] vkxjk] 1962
82- bUdykch ;k=kk] Nchynkl@lhrk nsoh] ,u-ch-Vh-] fnYyh] 2006
83- lwjt dk lQj ¼Hkxr flag½ nhipan fueksZgh] bfrgkl cks/k] 2007
84- Hkxr flag ls nksLrh] la- fodklukjk;.k jk;] bfrgklcks/k] 2007
85- Hkxr flag ij pquhank ys[k] la- ,e-,e- tqustk] fglkj]2007
86- Lekfjdk% v)Z'krkCnh] la- cukjlh nkl prqosZnh] vkxjk] 1981
87- Hkxr flag gksus dk eryc] eqnzkjk{kl] bfrgkl cks/k] 2008
88- Økafrohj Hkxr flag% ykycgknqj flag pkSgku] vkRekjke ,aM lat] fnYyh] 2006
89- Økafrdkjh Hkxr flag% lqHkk"k jLrksxh] lw;ZHkkjrh] fnYyh] 2000

90- Hkxr flag vkSj mudk ;qx] eUeFk ukFk xqlr] fyfi izd'ku] fnYyh] 1985

91- Hkxr flag ,d thouh] gal jkt jgcj] ok.kh izdk'ku] fnYyh] 1988

92- Hkxr flag fopkj/kkjk] galjkt jgcj] fnYyh

93- canh thou] 'kfpanzukFk lkU;ky] vkRekjke ,aM lat] fnYyh

94- laLe`fr;k¡] f'ko oekZ] fuf/k] fnYyh] 1983

95- vej 'kghnksa ds laLej.k] jktkjke 'kkL=kh] lk/kuk] dkuiqj] 1961

96- ;'k dh /kjksgj] f'ko oekZ@ekgkSj eYdkiqjdj vkRekjke ,aM lat] fnYyh] 1988

97- ,d Økafrdkjh ds laLej.k] jktsanziky flag okfj;kj 'kghn lekjd] y[kuÅ

98- esjs HkkbZ 'kghn lq[knso] eFkqjknkl Fkkij] izoh.k izdk'ku] fnYyh 1998

99- vej 'kghn Hkxr flag] fo".kq izHkkdj] fdrkc?kj] fnYyh

100- 'kghn Hkxr flag% Økafr esa ,d iz;ksx] dqynhi uk;j] Mk;eaM] fnYyh] 2001

101- eSa Hkxr flag cksy jgk gw¡ ¼rhu [kaM½ jkt'ks[kj O;kl] izoh.k izdk'ku] fnYyh] 2001

102- e`R;qat; Hkxr flag] jkt'ks[kj O;kl] xzaFk vkdkneh] ubZ fnYyh] 2007

103- Hkxr flag % Le`fr esa iszj.kk] fopkjksa esa fn'kk] la- vt; dqekj] mn~Hkkouk] fnYyh] 2008

104- flagkoyksdu] ;'kiky] yksdHkkjrh] bykgkckn] 1994

105- Økafrdkjh cSdqaB 'kqDy dk eqdnek] jktdey] fnYyh] 2002

106- vej 'kghn ljnkj Hkxr flag] ftrsanzukFk lkU;ky] us'kuy cqd VªLV] 2005

107- 'kghn&,&vkte Hkxr flag] lqjs'kpanz JhokLro] lk/kuk] fnYyh] 2005

108- 'kghn lezkV ljnkj Hkxr flag] lksguyky flaxkfj;k] lE;d~] fnYyh- 2005

109- 'kghn Hkxr flag % bUdykc dk lQj] lq/khj fo|kFkhZ] tulqyHk cjsyh] 2006

110- ysfuu vkSj Hkkjr] ys- fe=ksf[ku] izxfr] ekLdks] 1087

111- Qk¡lh ykgkSj dh ¼dkO;½] la- xqjnso flag flðw] us'kkuy cqd VªLV] fnYyh] 2006

112- Økafrdkjh Hkxr flag ¼dkO;½ 'kkafrLo:lk dqlqe] lkfgR; ohFkh] fnYyh] 1997

113- vej 'kghn Hkxr flag ¼dkO;½] 'kkafrLo:lk dqlqe] lkfgR; ohFkh] fnYyh] 1996

114- ohj Hkxr flag ¼dkO;½] ghjkizlkn Bkdqj] vkjk

115- bUdykc ¼miU;kl½ e`.kkfyuh tks'kh] izHkkr izdk'ku] fnYyh] 2005

116- 'kghn&,&vkte ¼miU;kl½] cPpu flag] vkRekjke ,aM lat] fnYyh] 2006

117- vfuR; ¼miU;kl½] e`nqyk xxZ] us'kuy fnYyh] 2004
118- jk"Vªuk;d Hkxr flag] nhiadj HkÍêkpk;Z] ledkyhu] iVuk] 2006
119- Hkxr flag] jktxq: vkSj lq[knso] tu ukV~; eap] fnYyh] 2006
120- 'kghn&,&vkte Hkxr flag] 'kghn ;knxkj lfefr] dksydkrk] 2002
121- 'kghnksa dh olh;r vkSj fojklr] Hkwisanz gwtk] t;iqj] 2002
122- 'kghns vkte Hkxr flag] lO;lkph] eFkqjk
123- vej 'kghn ljnkj Hkxr flag] jkeflag c?ksys] Xokfy;j 1982
124- 'kghns vkte Hkxr flag% ,d xaHkhj v/;srk] j?kqohj flag] mn~Hkkouk] fnYyh]2007
125- gok esa jgsxh esjs [k;ky dh fctyh] eukst 'kekZ] mn~Hkkouk] fnYyh] 2007
126- 'kghns vkte Hkxr flag] ljyk ekgs'ojh] mn~Hkkouk fnYyh]2007
127- uo mifuos'kokn ds [krjs vkSj Hkxr flag dh Økafrdkjh fojklr] peu yky] 2007] mn~Hkkouk] fnYyh
128- 'kghn Hkxr flag dh pquh gqbZ d`fr;k¡] la- f'ko oekZ] lektoknh lkfgR; lnu] dkuiqj] 1987
129- Hkxr flag vkSj muds lkfFk;ksa ds nLrkost] txeksgu flag@ peu yky] jktdey izdk'ku] fnYyh] 1986
130- Hkxr flag ds laiw.kZ nLrkost] la- peu yky] vk/kkj] iapdwyk] 2004
131- Hkxr flag ds jktuhfrd nLrkost] la- peu yky] us'kuy cqd n<sup>a</sup>LV] fnYyh] 2007
132- 'kghn Hkxr flag% nLrkostksa ds vkbZus esa] la- peu yky] izdk'kku foHkkx] Hkkjr ljdkj] ubZ fnYyh] 2007
133- Hkxr flag vkSj muds lkfFk;ksa ds laiw.kZ miyC/k nLrkost] la- lR;e] jkgqy QkmaMs'ku] y[kuÅ] 2006
134- ;qxnz`"Vk Hkxr flag] 'kghn Hkxr flag lsok lfefr] gSnjkckn]2007
135- 'kghns vkte Hkxr flag% Økafrdkjh la?k"kZ dk oSpkfjd mRd'kZ] j?kqohj flag] dU¶yq,sal izdk'ku] 2008
136- Hkxr flag% O;fDrRo vkSj fopkj&fo'oizdk'k@eksfguh xqlrk] jk/kk ifCyds'ku] ubZ fnYyh
137- vk;fj'k Lora=rk ;q) & Mku ozhu ¼vuqokn % Hkxr flag½ izrki dk;kZy;] dkuiqj] 1928
138- esjh dgkuh ¼vuqokn % Hkxr flag½ jkt'ks[kj O;kl fuf/k] fnYyh 1989
139- Hkxr flag dk jkLrk & xhrs'k 'kekZ] ekuo izdk'ku] gkoM+k]2008
140- [;kykr dh fctfy;ka ¼MkW j.kthr@vuwi diwj½ yksdHkkjrh] bykgkckn 2008
141- 'kghns vkt+e Hkxr flag& ,-ih-dey] jkt ikdsV cqDl fnYyh] 2002
142- ^eqfDr^ ¼Hkxr flag % fo'ks'kkad½ la- f=kus=k tks'kh@lqjs'k lfyy] eaxys'k Mcjky] fnYyh

143- dye vkt mudh t; cksy] txnh'k txs'k] izpkjd xzaFkekyk cukjl

144- ykgkSj "kM;a=k vFkkZr Hkxr flag] dqaoj flag] cukjl flVh ¼t+Cr½ 1930

145- 'ksj Hkxr flag & ek- ds ,y- xqlrk] ¼t+Cr½ 1931

146- enkZuk Hkxr flag] izHkqn;ky MaMsokyk] fnYyh 1931

147- 'kghn Hkxr flag] panzkorh nsoh] ykgkSj 1931

148- ykgkSj ds 'kghn] xksdqynkl fizafVx iszl] vfyx<+

149- Hkxr flag dh okrkZ] jk/ks"';ke izdk'ku dksydÙkk 1931

150- ykgkSj dh lwyh] izrki ukjk;.k feJ] cukjl] ¼t+Cr½ 1931

151- vej"'kghn ljnkj Hkxr flag] cnzh izlkn] fganh lkfgR; eafnj] eFkqjk ¼t+Cr½ 1937

152- Økafrdkfj;ksa ds laLej.k] >kj[kaMs jk;] ih-ih-,p fnYyh] 1970

153- Hkkjrh; Økaafrdkjh vkanksyu] >kj[kaMs jk;] ih-ih-,p fnYyh] 1970

## English Readings

1. Jail Notebook & Other Writings of Bhagat Singh: compiled & introduction, Chaman Lal, Leftword Delhi,2007
2. The Trial of Bhagat Singh, A.G. Noorani, O.U.P. Delhi, 2005
3. The Hanging of Bhagat Singh: Vol.-I. (Judgement) M.S. Waraich & G.S. Sidhu, Unistar Chandigarh, 2005
4. — do —— Vol.- II (Proceedings),Chandigarh, 2008
5. — do —— Vol.- III (Confessions etc.),Chandigarh 2007
6. — do —— Vol.- IV (Banned Literature),Chandigarh, 2007
7. Revolutionaries in Dialogue, M.S. Warriach, Chandigarh, 2007
8. Selected Writings of Bhagat Singh,Ed. Shiv Verma, N.B.C. Delhi- 1986.
9. A Martyr's Notebook, Ed. Bhupendra Hooja, I.B.C. Jaipur, 1994
10. The Eternal Rebel, M.S.Waraich, Publication Divi.,GOI Delhi-2007
11. Shaheed Bhagat Singh, Jatindernath Sanyal, Vishvabharti, Nagpur-1983 (Banned-1932)
12. Selected Collections on Bhagat Singh, M.M.Juneja, Modern, Hisar- 2007
13. A Revolutionary's Quest for Sacrifice, Srirajayam Sinha, Bhartiya Vidya Bhavan, Mumbai-1993
14. Bhagat Singh: Liberation's Blazing Star- PMS Grewal, Leftword, 2007
15. To Make the Deaf Hear, S. Irfan Habib, Three Essay Collections, Delhi-2007.
16. Bhagat Singh, Contemporary portrayals, KC. Yadav/Babar Singh, Hope India Gurgaon,2006
17. Shaheed Bhagat Singh: An Immortal Revolutionary- Ashok Dhawle, 2007
18. Bhagat Singh:Pages from the life of a Martyr, A.B. Bardhan, PPH, Delhi-1984
19. Why I am an Atheist,Introduction- Bipin Chandra,PPH Delhi and NBT Delhi-1993,2007
20. NBS and HSRA, Comrade Ram Chand, G-3, Anand Niketan, Delhi, 1986
21. Road to Freedom: Revealing sidelights, Com. Ram Chand, Geetanjli Prakashan,Delhi,1980
22. Ideology and Battle cries of Indian Revolutionaries, Com. Ram Chand, G-3 Anand Niketan, Delhi,1989

23. Shaheed Bhagat Singh: Balbhadra Bharti, Jaipur,1993
24. Bhagat Singh: The man &his ideology, Kamlesh Mohan, Jaipur- 1993
25. Under the shadow of Gallows, Gulab Singh, Rupchand, Delhi, 1963
26. They lived Dangerously, Manmath Nath Gupt, PPH, Delhi-1968
27. Militant Nationalism in Punjab, Kamlesh Mohan, Manohar, Delhi- 1985
28. In search of Freedom,Jogesh Chatterji, Firma K.L.,Kolkata,1967
29. Selected speeches and writings of Bhagat Singh, DN Gupta, NBT- 2007
30. Bhagat Singh Today, Ed. Dr. P.R. Kalia, Canada, 2007
31. They Died so That Country may Live, Brochure Pb. Govt. Chandigarh, 1981
32. Martyrdom of Shaheed Bhagat Singh,Koonar/Sindhra,Unistar Chandigarh, 2005
33. Without Fear,Kuldip Nayyar, Harper &Collins,Delhi,2007
34. Martyrs as Bridgeroom:A Folk Reprsentation of Bhagat Singh, Anthem Press, Delhi, 2008
35. Inqualaab Zindabad! (Banned), Lahore,1930
36. The Man & his Ideas: by Gopal Thakur,PPH, Delhi,1965
37. In Search of Revolutionary Ideology, SN Majumdar, PPH, Delhi- 1965
38. Shaheed Bhagat Singh and his ideology, SR Bakshi, Capital, Delhi- 1981
39. Shaheed Bhagat Singh, KK Khullar, Hem Delhi
40. Shaheed Bhagat Singh:Prince of Martyrs, L.P.Mathur, Avishkar, Jaipur
41. Shaheed Bhagat Singh Legendary Martyr, Omesh Sehgal,Gyan Books, Delhi, 2002
42. Shaheed Bhagat Singh, Unique Martyr, S.Ram
43. Shaheed Bhagat Singh, GS Deol, Deep Prakashan, Ludhiana, 1977
44. Bhagat Singh and his Comrades: Ajay Kr.Ghosh, Mumbai, 1945
45. Bhagat Singh, Rana Bhagwan Singh
46. Bhagat Singh(Banned) C.S.Verma, Madras,1931
47. Bhagat Singh or Roar on Scaffold, T.S. Kanakasabai, Madras (Banned) 1931
48. Life of Sardar Bhagat Singh(banned): Shrichand Ramhari Palnitkar, Akola (Maharashtra), 1931
49. Celebrating Bhagat Singh Ed. N Ram (Frontline Special Issue) November-2007, Chennai.
50. Gandhi and Bhagat Singh, V.N. Datta, Rupa, Delhi, 2008

## Urdu Readings

1. Bhagat Singh aur unki Inqlaabi Jaddojahad- Kuldeep Nayar, trans lation Fahmida Riyaz, O.U.P. Karachi.
2. Bhagat Singh aur uske saathi, SIbte Hasan, Karachi
3. Bhagat Singh Zindgii aur Khyalaat , Ahmed Salim, Karachi.
4. Irtiqa-44(2007),Bhagat Singh Khasusi Ed.Wahid Bashir etc., Karachi
5. Bhagat Singh aur Datt ki Amar Kahaani- Chamanlal Azad, Delhi, 1965.
6. Sham-E-Aazadi ke teen Parvaane- Shambhu Dayal Mishra (Banned) 1931.
7. Ghodi Bhagat Singh Shaheed- Jalandhar.
8. Shaheedan-i-Vatan urf Kurbanii Azam,Nazar Ahmad Hindi, Amritsar (Banned)
9. Naara –E-Jung, Sayyad Ali Hussain, 1932. Lyalpur(Banned)

10. Lutfe Shahadat ke teen Shaheed- Bharat Bhushan or Aflatoon, 1932, Lahore.
11. Amulle Lal- M.S. Kavi Panchhi, Sailkot, 1931
12. Qatliye-Begunah urf Shahadat e watan, Lahore, Banned.1931
13. Drama Bhagat Singh, Datt and Jatindar Das, Mahasha Ashanand Bhajnik, Rawalpindi-Banned,1930.
14. Inqlabi lahar urf Toofan e Hind-(poetry)- Bhai Shiv Prasad Seth, Banned
15. Sardar Bhagat Singh, Sukhdev Varma, Lahore, Banned, 1931
16. Watan ke Shaheedan ka Bepanah Khoon,, Ashanand Bhajnik, Rawalpindi, Banned,1931
17. Pyara Bhagat Singh, Meher Ilamuddin Hindi, Lahore, Banned, 1931

## Marathi Readings

1. Samagra Vangmayaa, Ed. Chaman Lal,translation Dr. Datta Desai. Diamond Books,Pune, 2007.
2. Shaheed Bhagat Singh Jeevan va Karya: Ashok Chouslkar, Kolhapur University,2006
3. Bhagat Singh: Tarun Manacha Krantikaari Hunkaar. By Sachin Mali, Nirmiti Vichaar Manch, Kolhapur-2006
4. Bhagat Singh, Krishna Sakhavalkar.
5. Manza krantii swapan,Ed. Girish Kasid, Kolhapur-2005
6. Bhagat Singhacha Povada, Sankar Varvarkar, Nashik 1931.
7. Bhagat Singhacha Powada,Narayan Khandekar, Mumbai, 1932 (Banned)
8. Bhagat Singhacha Povada(Ballad) Banned, 1931
9. Bhagat Singh, Rajguru Va Sukhdev (Poetry
10. Sardar Bhagat Singh,Manmohan,Mumbai,Banned, 1932
11. 'Jeevan Marg'. Ed. Prabhakar Sanjhgru,Mumbai, 2007

## Tamil Readings

1. Bhagat Singh Thuku Alankaram, K. Sundarraju Chettiyar, Tanjore, Banned, 1931
2. Bahadur Bhagat Singh Pattu, W. Natraj Pillai, Banned, 1931
3. Desiya Geetangal, T.K Durairajan, Madras, Banned,1932
4. Sardar Bhagat Singh, Manmargudi, Madras, Banned, 1932
5. Sutanandir Nadam- R.B.S. Mani, Madras, Banned, 1931
6. Santamil Mairi- K. Tutralam Pillai, Madras, Banned,1931
7. Congress Pattu- V.A. Thiagaraja Chettiyar, Madras, Banned, 1932
8. Parithapa Geetam- T.M. Thirumalai Swami, Madras, Banned, 1931
9. Congress klerthanai or Swarajya Path, K.V. Meenakhisundram Chettiyar, Madras, Banned, 1931
10. Bhagat Singh Kirtanaurtam, V.Natraj Pillai,Madras, banned, 1931
11. Tamil translation of Why I am an Atheist, P. Jeevanadam, 1934
    Latest edition-2005, Madras

## Gujrati Readings

1. Shaheed Bhagat Singh kee Jeevan Katha(Banned)- by- Chamanlal Ishwarlal Mehta, Ahmedabad, 1931.
2. Bhagat Singh Kaun ? (Biography) (Banned)-- by Chamanlal Ishwarlal Mehta, Ahmedabad, 1931.

## Telugu Readings

1. Naa Nethuru Vrudha Kadu ( Selected writings of Bhagat Singh)
2. Shaheed Bhagat Singh Jeevancharittar, C. Krishnaswamy, Madras (Banned) 1935
3. Bhagat Singh Shat Jayanti Ank,Ed.-Nirmlanand "Jan Sahiti", Hyderabad, 2000 and 2007

## Bengali Readings

1. Fansi, Mahendra Nath Das, Calcutta, (Banned), 1931.
2. Sukhdev, Bhagat Singh aur Rajguru ki faansi-, Pt. Shambhu Prasad Mishra Calcutta,(banned) 1931
3. Shaheed Bhagat Singh,Pt. Shambhu Prasad Mishra, Calcutta, (banned) 1931

## Sindhi Readings

1. Inqlaab Zindabad! (Biography of Bhagat Singh), Dwarkadaas Ruchi Ram, Hyderabad (Sindh), Banned,1931.
2. Fansi ke Geet,Hoondraj Leelaram, Larkana (Banned),1931